ਸਿੱਖ ਮਤ ਦਾ ਪਰਿਵਰਤਨ

ਗੋਕਲ ਚੰਦ ਨਾਰੰਗ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਅੰਗ੍ਰੇਜ਼ੀ ਸੰਸਕਰਣ :
ਨਿਊ ਬੁਕ ਸੋਸਾਇਟੀ ਆਫ਼ ਇੰਡੀਆ
ਪਬਲਿਸ਼ਰਜ਼, ਪੋਸਟ ਬਾਕਸ ਨੰ: 250,
ਨਵੀਂ ਦਿੱਲੀ ।

ਪੰਜਾਬੀ ਸੰਸਕਰਣ :
ਪੰਜਾਬੀ ਯੂਨੀਵਰਸਿਟੀ,
ਪਟਿਆਲਾ ।

ਲੇਖਕ : ਗੋਕਲ ਚੰਦ ਨਾਰੰਗ
ਅਨੁਵਾਦਕ : ਪ੍ਰੋਫ਼ੈਸਰ ਗੁਰਚਰਨ ਸਿੰਘ
ਸੰਸ਼ੋਧਕ : (1) ਪ੍ਰੋਫ਼ੈਸਰ ਗੁਰਬਖ਼ਸ਼ ਸਿੰਘ
(2) ਡਾ. ਕਿਰਪਾਲ ਸਿੰਘ

1990
ਦੂਜੀ ਵਾਰ : 1100
ਮੁੱਲ : 50-00

ਸਰਦਾਰ ਤੀਰਥ ਸਿੰਘ ਐਲ-ਐਲ.ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਅਤੇ ਮੈਸਰਜ਼ ਰਾਮ ਪ੍ਰਿੰਟੋਗ੍ਰਾਫ਼, ਨਵੀਂ ਦਿੱਲੀ ਦੁਆਰਾ ਮੁਦ੍ਰਿਤ ।

ਭੂਮਿਕਾ

ਕ੍ਰਿਤ ਸਵਰਗਵਾਸੀ ਸਰ ਜੋਗਿੰਦਰ ਸਿੰਘ

ਕ. ਸੀ. ਐਸ. ਆਈ.

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥
(ਮਾਰੂ ਮਹਲਾ ੫)

ਇਹ ਹੈ ਚਮਤਕਾਰ ਜਿਹੜਾ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਨੌਂ ਉੱਤਰਾਧਿਕਾਰੀਆਂ ਨੇ ਕਰ ਕੇ ਵਿਖਾਇਆ। ਸਾਰੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦੀ ਇਹ ਧੁਨੀ ਇਕਸੁਰ ਹੋ ਕੇ ਵਿਸਮਾਦਮਈ ਢੰਗ ਨਾਲ ਗੂੰਜਦੀ ਹੈ :

ਪਰਮਾਤਮਾ ਇਕ ਹੈ, ਉਸ ਦੀ ਇਕ ਮਨ ਹੋ ਕੇ ਭਗਤੀ ਕਰਨਾ ਹੀ ਮੁਕਤੀ ਦਾ ਇਕੋ ਇਕ ਮਾਰਗ ਹੈ। ਮਨੁਖ ਨੂੰ ਭੱਦਰ, ਦਇਆ ਭਰਿਆ, ਨਿਰਭੈ ਅਤੇ ਦਵੰਦਰਹਿਤ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਗੁਰੂ ਸਾਹਿਬਾਨ ਦਾ ਨਿਸ਼ਚਾ ਸੀ ਕਿ ਜਿਥੇ ਪ੍ਰੇਮ ਹੈ ਉਥੇ ਮੁਕਤੀ ਹੈ; ਜਿਨ੍ਹਾਂ ਹਿਰਦਿਆਂ ਵਿਚ ਪ੍ਰੇਮ ਦਾ ਨਿਵਾਸ ਹੈ, ਉਥੇ ਖਿਮਾ ਵਿਰਾਜਦੀ ਹੈ। ਸਾਰੇ ਕਰਮਾਂ ਦੀ ਕਸੌਟੀ ਰੱਬ ਦੀ ਭਗਤੀ ਹੈ। ਰਬ ਦੇ ਭਗਤ ਪਾਪਾਂ ਤੋਂ ਮੁਕਤ ਹੁੰਦੇ ਹਨ ਅਤੇ ਮਨਮੁਖ ਇਸ ਦੇ ਜਾਲ ਤੋਂ ਬਚ ਨਹੀਂ ਸਕਦੇ।

ਭਾਰਤ ਵਿਚ ਰੱਬ ਦਾ ਸੰਕਲਪ ਅਨੇਕ ਰੂਪਾਂ ਵਿਚ ਪੇਸ਼ ਕੀਤਾ ਗਿਆ ਹੈ। ਦਾਰਸ਼ਨਿਕ ਲਈ ਰੱਬ 'ਨਿਰਪੇਖ' ਹੈ ਅਤੇ ਅਗਿਆਨੀਆਂ ਲਈ ਅਣਗਿਣਤ ਦੇਵੀ-ਦੇਵਤੇ ਹਨ। ਵਿਦਵਾਨਾਂ ਨੇ ਰੱਬ ਦੀ ਕਈ ਤਰ੍ਹਾਂ ਵਿਆਖਿਆ ਕੀਤੀ ਅਤੇ ਨਿਸ਼ਚੇ ਨੂੰ ਅਨੁਚਿਤ ਅਤੇ ਅਸਥਿਰ ਬਣਾ ਦਿੱਤਾ। ਕੇਂਦਰੀ ਨਿਸ਼ਚੇ ਦੀ ਅਣਹੋਂਦ ਕਾਰਣ, ਮਨੁੱਖ ਦਾ ਵਿਸ਼ਵਾਸ ਅਡੋਲ ਨ ਰਿਹਾ ਜਿਸ ਕਰਕੇ ਆਤਮਿਕ ਜੀਵਨ ਵਿਸ਼ਾਦਗ੍ਰਸਤ ਹੋ ਗਿਆ। ਗੁਰੂ ਸਾਹਿਬਾਨ

ਨੇ ਦਸਿਆ, ''ਸਰਵਵਿਆਪੀ ਰੱਬ ਸਰਵੋਤਮ ਹੈ, ਜੇ ਮਨੁੱਖੀ ਹਿਰਦੇ ਵਿਚ ਉਸ ਦਾ ਸਪਸ਼ਟ ਸੰਕਲਪ ਨਹੀਂ ਤਾਂ ਸਾਰਾ ਜੀਵਨ ਹੀ ਉਲਝੇਵਾਂ ਹੈ।''

ਇਸ ਪ੍ਰਚਲਿਤ ਉਲਝੇਵੇਂ ਤੋਂ ਹੀ ਗੁਰੂ ਸਾਹਿਬਾਨ ਨੇ ਆਪਣੇ ਸ਼ਿਸ਼ਾਂ ਨੂੰ ਮੁਕਤ ਕੀਤਾ। ਗੁਰੂ ਸਾਹਿਬਾਨ ਨੇ ਸੱਚੇ ਸ਼ਬਦ ਦੀ ਦਾਤ ਬਖਸ਼ ਕੇ ਸ੍ਰਿਸ਼ਟੀ ਅਤੇ ਜੀਵ ਨੂੰ ਪਦਾਰਥ ਤੋਂ ਅਧਿਆਤਮ ਵਿਚ, ਮ੍ਰਿਤੂ ਅਤੇ ਕਲੇਸ਼ ਤੋਂ ਜੀਵਨ ਅਤੇ ਪ੍ਰੇਮ ਵਿਚ ਬਦਲ ਦਿੱਤਾ; ਗੁਰੂ ਸਾਹਿਬਾਨ ਦੇ ਸਿੱਖ ਸ਼ੰਕੇ, ਵਿਸ਼ਾਦ ਅਤੇ ਭੈ ਤੋਂ ਨਿਵਿਰਤ ਹੋ ਗਏ; ਮਾਲਕੀ ਦੇ ਵਿਸ਼ ਦੇ ਕਸ਼ਟਾਂ ਤੋਂ ਉਨ੍ਹਾਂ ਦੀ ਆਤਮਾ ਮੁਕਤ ਹੋ ਗਈ। ਸਵਾਰਥ ਦੇ ਤਿਆਗ ਨੇ ਮਨ ਦੀ ਅਡੋਲਤਾ ਬਖਸ਼ੀ। ਗੁਰੂ ਸਾਹਿਬ ਨੇ ਉਚਾਰਿਆ: ''ਮਨਿ ਜੀਤੈ ਜਗੁ ਜੀਤੁ।''

ਪੈਗੰਬਿਰ ਪ੍ਰਤੱਖ ਗਿਆਨ ਲੈ ਕੇ ਰੱਬ ਦੇ ਸੰਦੇਸ਼ਵਾਹਕ ਵਜੋਂ ਅਵਤਾਰ ਧਾਰਦੇ ਹਨ। ਇਹੀ ਕਾਰਣ ਹੈ ਕਿ ਉਨ੍ਹਾਂ ਦਾ ਸੰਦੇਸ਼ ਸਦੀਵੀ ਹੁੰਦਾ ਹੈ ਅਤੇ ਜਾਣੇ ਤੋਂ ਅਣਜਾਣੇ ਵਲ ਲੈ ਜਾਣ ਵਾਲਿਆਂ ਦਾ ਸੰਦੇਸ਼ ਮਰ ਜਾਂਦਾ ਹੈ। ਗੁਰੂ ਸਾਹਿਬ ਨੇ ਫ਼ਰਮਾਇਆ ਹੈ, ''ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ...।''

ਹਨੇਰੇ ਵਿਚ ਹੱਥ ਪੈਰ ਮਾਰਦੇ ਲੋਕਾਂ ਨੂੰ ਅਚਾਨਕ ਹੀ ਪ੍ਰਕਾਸ਼ ਨਜ਼ਰ ਆਇਆ ਅਤੇ ਉਹ ਵਹਿੰਦੇ ਸੋਮੇ ਦੇ ਦੁਆਲੇ ਤ੍ਰਿਖਾਵੰਤ ਰਾਹੀਆਂ ਦੇ ਜੁੜ ਜਾਣ ਵਾਂਗ ਗੁਰੂ ਸਾਹਿਬਾਨ ਦੁਆਲੇ ਜੁੜ ਗਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦਸਿਆ, ''ਰੱਬ ਇਕ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ।'' ਗੁਰੂ ਸਾਹਿਬਾਨ ਨੇ ਇਹ ਵੀ ਦਸਿਆ, ''ਸਰੀਰਕ ਕਲੇਸ਼ ਅਧਿਆਤਮਕ ਅਨੁਭਵ ਤੇ ਕਾਟ ਨਹੀਂ ਕਰਦੇ। ਆਪਾ ਤਿਆਗ ਅਤੇ ਪ੍ਰੇਮ ਦਾ ਨੇਮ ਸੰਨਿਆਸੀਆਂ ਦੀਆਂ ਇਕਾਂਤਵਾਸੀ ਗਾਰਾਂ ਨਾਲੋਂ ਗ੍ਰਹਿਸਤੀ ਵਿਚ ਵਧੇਰੇ ਨਿਭਦਾ ਹੈ।''

ਹਿੰਦੂਆਂ ਅਤੇ ਮੁਸਲਮਾਨਾਂ ਨੇ ਉਨ੍ਹਾਂ ਨੂੰ ਲੱਭ ਲਿਆ ਅਤੇ ਉਨ੍ਹਾਂ ਦੀ ਸਿਖਿਆ ਵਿਚ ਉਨ੍ਹਾਂ ਨੂੰ ਆਪਣੀ ਰੋਗੀ ਆਤਮਾ ਲਈ ਲੋੜੀਂਦਾ ਦਾਰੂ ਮਿਲ ਗਿਆ। ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਦਸਿਆ ਕਿ ਭੜਕ ਜਾਣ ਵਾਲੀ ਇੱਛਾ, ਨੇਕ ਨੀਤੀ ਨੂੰ ਖਤਮ ਕਰ ਦੇਣ ਵਾਲਾ ਕ੍ਰੋਧ, ਆਪਣੇ ਰਿਸ਼ਤਿਆਂ ਰਾਹੀਂ ਸੁਖ-ਦੁਖ ਦੇਣ ਵਾਲਾ ਮੋਹ ਅਤੇ ਧੋਖਾ ਅਜੇਹੀਆਂ ਬੁਰਾਈਆਂ ਹਨ ਜਿਹੜੀਆਂ ਮਨ-ਦਰਪਨ ਨੂੰ ਮੈਲਾ ਕਰ ਦੇਂਦੀਆਂ ਹਨ। ਇਨ੍ਹਾਂ ਬੁਰਾਈਆਂ ਤੇ ਕਾਬੂ ਪਾਉਣ ਨਾਲ ਧੁੰਦ ਉਡ ਜਾਂਦੀ ਹੈ ਅਤੇ ਸੱਚ ਦਾ ਪ੍ਰਕਾਸ਼ ਫੈਲ ਜਾਂਦਾ ਹੈ। ਉਨ੍ਹਾਂ ਨੇ ਸੱਚੇ ਧਰਮ ਦੀ ਥਾਂ ਲੈਣ ਵਾਲੀਆਂ ਰਸਮਾਂ-ਰੀਤਾਂ ਦਾ ਮਿੱਠੇ ਸ਼ਬਦਾਂ ਵਿਚ ਖੰਡਨ ਕੀਤਾ ਅਤੇ ਆਪਣੇ ਸ਼ਿਸ਼ਾਂ ਨੂੰ ਜਾਤ-ਪਾਤ ਦੇ ਬੰਧਨਾਂ ਵਿਚੋਂ ਮੁਕਤ ਕੀਤਾ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸੱਚੇ ਆਨੰਦ ਦੇ ਮਾਰਗ ਦੀ ਸਿਖਿਆ ਪ੍ਰਾਪਤ ਕਰ ਕੇ ਉਸ ਉਤੇ ਚੱਲੋ।

ਗਿਆਨ ਦੇ ਅਭਿਲਾਸ਼ੀਆਂ ਨੂੰ ਗੁਰੂ ਸਾਹਿਬਾਨ ਦੇ ਉਸ ਸੰਦੇਸ਼ ਦਾ ਗਿਆਨ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੁਆਰਾ ਕਰਨਾ ਚਾਹੀਦਾ ਹੈ ਜਿਸ ਨੇ ਮਨੁੱਖਾਂ ਨੂੰ ਆਨੰਦ, ਪ੍ਰਸੰਨਤਾ ਅਤੇ ਭਗਤੀ ਦੀ ਦਾਤ ਬਖਸ਼ੀ ਹੈ। ਮੈਨੂੰ ਯਕੀਨ ਹੈ ਕਿ ਸਰ ਗੋਕਲ ਚੰਦ ਨਾਰੰਗ ਜੇ ਵਿਦਵਤਾ ਦੇ ਸਿਖਰ ਤੋਂ ਉਤਰ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਤਾਂ ਉਨ੍ਹਾਂ ਨੂੰ ਇਸ ਦੇ ਹਰੇਕ ਸ਼ਬਦ ਵਿਚ ਸਤ ਦੀ ਧੁਨੀ ਗੂੰਜਦੀ ਸੁਣੇਗੀ ਅਤੇ ਉਹ ਮੰਨ ਜਾਣਗੇ ਕਿ ਗੁਰੂ ਸਾਹਿਬਾਨ ਦੀ ਬਾਣੀ ਪ੍ਰਤਿ ਸਿੱਖਾਂ ਦੀ ਪ੍ਰਗਟਾਈ ਸ਼ਰਧਾ ਭਗਤੀ ਦਾ ਸਭ ਤੋਂ ਸੱਚਾ ਰੂਪ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਇਕ ਕੇਂਦਰੀ ਪੂਜਾ ਸਥਾਨ, ਗੁਰਮੁਖੀ ਵਿਚ ਉਨ੍ਹਾਂ ਦਾ ਆਪਣਾ ਧਾਰਮਿਕ ਗ੍ਰੰਥ, ਲੰਗਰ ਵਿਚ ਸਾਰੀਆਂ ਜਾਤੀਆਂ ਦੀ ਸੰਗਤ ਅਤੇ ਸੰਗਤ-ਪੰਗਤ ਵਿਚ ਭੋਜਨ ਪ੍ਰਾਪਤ ਕਰਨ ਦੇ ਅਸੂਲ ਰਾਹੀਂ ਇਹ ਗੱਲ ਦਿੱਤੀ "ਕਿ ਅੰਨ ਪਰਮਾਤਮਾ ਦੀ ਦਾਤ ਹੈ। ਇਸ ਸੰਬੰਧੀ ਕਿਸੇ ਕਿਸਮ ਦੀ ਸੁੱਚ-ਭਿਟ ਮੂਲੋਂ ਹੀ ਗਲਤ ਹੈ।" ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ :

ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ
ਜਾ ਕਾ ਹਿਰਦਾ ਸ਼ੁਧ ਹੈ, ਖੋਜ ਸ਼ਬਦ ਮੈ ਲੇਹ

ਸਰ ਗੋਕਲ ਚੰਦ ਨਾਰੰਗ ਜਿਸ ਤਬਦੀਲੀ ਦੀ ਗਲ ਕਰਦਾ ਹੈ, ਉਹ ਅਸਲ ਵਿਚ ਸਿੱਖਾਂ ਦੀ ਨਹੀਂ ਸਗੋਂ ਜਾਤ-ਪਾਤ ਅਤੇ ਮਤ-ਮਤਾਂਤਰਾਂ ਤੋਂ ਉਪਰ ਉਠੇ ਅਜੇਹੇ ਲੋਕਾਂ ਦੀ ਹੈ ਜਿਨ੍ਹਾਂ ਨੇ ਕੋਝੀਆਂ ਗੱਲਾਂ ਦੀ ਪੂਜਾ ਕਰਨੀ ਛੱਡੀ ਅਤੇ ਗੁਰੂ ਸਾਹਿਬਾਨ ਦੀ ਸਿਖਿਆ ਵਿਚ ਉਸ ਸਤ ਦੇ ਦਰਸ਼ਨ ਕੀਤੇ ਜਿਸ ਦੀ ਉਨ੍ਹਾਂ ਨੂੰ ਭਾਲ ਸੀ ਅਤੇ ਉਹ ਸਿੱਖ ਬਣ ਗਏ। ਗੁਰੂ ਸਾਹਿਬ ਨੇ ਦਸਿਆ ਹੈ :

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮਜਾਲੇ ਰਾਮ ॥

(ਆਸਾ ਮ: 1 ਛੰਤ ਘਰ 3)

ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਅਤਿਆਚਾਰ ਦੇ ਖਾਤਮੇ ਦਾ ਰਾਹ ਦੱਸਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਹਰਗੋਬਿੰਦ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਣ ਕੀਤੀਆਂ ਅਤੇ ਸ਼ਾਹੀ ਫੌਜਾਂ ਦਾ ਸਫਲਤਾਪੂਰਵਕ ਮੁਕਾਬਲਾ ਕੀਤਾ। ਜਦੋਂ ਗੁਰੂ ਤੇਗ ਬਹਾਦਰ ਨੇ ਕੈਦ ਵਿਚੋਂ ਬਾਲ ਗੁਰੂ ਗੋਬਿੰਦ ਸਿੰਘ ਨੂੰ ਲਿਖਿਆ ਤਾਂ ਉੱਤਰ ਵਜੋਂ ਉਨ੍ਹਾਂ ਨੇ ਆਪਣੇ ਪਿਤਾ ਨੂੰ ਕਿਹਾ ਕਿ ਲੋਕਾਂ ਨੂੰ ਬਚਾਉਣ ਲਈ ਆਪਣਾ ਜੀਵਨ ਵਾਰ ਦੇਣਾ ਪਰਮਾਤਮਾ ਲਈ ਬਲੀਦਾਨ ਦੇਣਾ ਹੈ। ਗੁਰੂ ਤੇਗ ਬਹਾਦਰ ਸ਼ਹੀਦ ਹੋ ਗਏ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਿਰਜਨਾ ਕੀਤੀ। ਉਨ੍ਹਾਂ ਨੇ

ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਾਂਝਾ ਬਾਣਾ ਧਾਰਨ ਕਰਵਾਇਆ ਅਤੇ ਸਾਰੇ ਸਿੱਖਾਂ ਵਿਚ ਅਜਿੱਤ ਆਤਮਾ ਭਰ ਦਿੱਤੀ।

ਗੁਰੂ ਗੋਬਿੰਦ ਸਿੰਘ ਨੇ ਇਕ ਪਰਮਾਤਮਾ ਅਤੇ ਮਨੁੱਖੀ ਭਾਈਚਾਰੇ ਦੇ ਸੰਕਲਪ ਮੁੜ ਦ੍ਰਿੜ੍ਹਾਏ। ਉਨ੍ਹਾਂ ਨੇ ਦਸਿਆ ਕਿ ਮੰਦਰ ਅਤੇ ਮਸੀਤ ਵਿਚ ਕੋਈ ਫਰਕ ਨਹੀਂ, ਨਿਮਾਜ਼ ਅਤੇ ਪੂਜਾ ਇਕੋ ਮੰਤਵ ਪੂਰਦੇ ਹਨ ਅਤੇ ਮਨੁੱਖਾਂ ਵਿਚ ਕੇਵਲ ਵਾਤਾਵਰਣ ਅਤੇ ਪਾਲਣ-ਪੋਸਣ ਕਰਕੇ ਫਰਕ ਹੁੰਦਾ ਹੈ। ਉਨ੍ਹਾਂ ਨੇ ਅਜੇਹਾ ਵਿਸ਼ਵਾਸ ਜਿੱਤ ਲਿਆ ਸੀ ਕਿ ਜਦੋਂ ਉਹ ਸ਼ਾਹੀ ਫੌਜਾਂ ਦਾ ਟਾਕਰਾ ਕਰ ਰਹੇ ਸਨ ਤਾਂ ਉਨ੍ਹਾਂ ਦੀ ਸਹਾਇਤਾ ਲਈ ਉਨ੍ਹਾਂ ਦੇ ਮੁਸਲਮਾਨ ਮਿੱਤਰ ਮੈਦਾਨ ਵਿਚ ਨਿਤਰੇ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਚਾਰੇ ਪੁੱਤਰ ਵਾਰ ਦੇਣ ਉਪਰੰਤ ਕਿਹਾ :

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।

ਉਹ ਪੁਜਾਰੀਆਂ ਅਤੇ ਉਨ੍ਹਾਂ ਦੇ ਕਰਮਕਾਂਡਾਂ ਨੂੰ ਘ੍ਰਿਣਾ ਕਰਦੇ ਸਨ ਜਿਹੜੇ ਮਨੁੱਖਾਂ ਦੇ ਕੁਦਰਤੀ ਜੀਵਨ ਅਤੇ ਆਤਮਾ ਦੇ ਵਿਕਾਸ ਨੂੰ ਠੱਲ੍ਹ ਪਾਉਣ ਲਈ ਆਪਣੀ ਸ਼ਕਤੀ ਵਰਤਦੇ ਸਨ। ਉਹ ਉਨ੍ਹਾਂ ਦੁਆਰਾ ਪ੍ਰਚਾਰੇ ਜਾਂਦੇ ਧਰਮ ਨੂੰ ਵੀ ਘ੍ਰਿਣਾ ਕਰਦੇ ਸਨ ਜਿਹੜਾ ਪ੍ਰੇਮ ਦੀ ਥਾਂ ਵੈਰ ਪੈਦਾ ਕਰਦਾ ਸੀ। ਉਨ੍ਹਾਂ ਦਾ ਨਿਸ਼ਚਾ ਸੀ ਕਿ ਧਰਮ ਦੀ ਆਤਮਾ ਭਾਉ ਹੈ ਅਤੇ ਜਦੋਂ ਭਾਉ ਦੀ ਥਾਂ ਭਉ ਲੈ ਲੈਂਦਾ ਹੈ ਤਾਂ ਵਹਿਮਾਂ ਦਾ ਉਦੇ ਹੁੰਦਾ ਹੈ ਜਿਸ ਦਾ ਮੂਲ ਪਰਮਾਤਮਾ ਦੇ ਅਗਿਆਨ ਵਿਚ ਹੈ। ਉਨ੍ਹਾਂ ਨੇ ਦ੍ਰਿੜ ਸ਼ਬਦਾਂ ਵਿਚ ਦਸਿਆ ਕਿ ਆਤਮ-ਮੋਹ ਜੀਵਨ ਨੂੰ ਨਰਕ ਬਣਾ ਦੇਂਦਾ ਹੈ, ਇਹ ਈਰਖਾ, ਭਉ ਅਤੇ ਹਸਦ ਪੈਦਾ ਕਰਦਾ ਹੈ। ਅਜੇਹੀ ਭਾਵਨਾ ਦੀ ਮੰਗ ਹੁੰਦੀ ਹੈ, "ਸਭ ਕੁਝ ਤੇ ਮੇਰਾ ਕਬਜ਼ਾ ਹੋਵੇ।" ਸੱਚੇ-ਪ੍ਰੇਮ ਦੇ ਅਰਥ ਦੇਣਾ ਹਨ ਜੋ ਸੁਰਗ ਦੇ ਦੁਆਰ ਖੋਲ੍ਹ ਦਿੰਦਾ ਹੈ ਅਤੇ ਸੰਸਾਰ ਨੂੰ ਸੁਰਗ ਬਣਾ ਦਿੰਦਾ ਹੈ। ਪਰਮਾਤਮਾ ਦੇ ਪ੍ਰੇਮ ਦਾ ਭਾਵ ਆਪੇ ਦੀ ਚੇਤਨਾ ਤੋਂ ਮੁਕਤੀ ਹੈ। ਪਰਮਾਤਮਾ ਦੇ ਲੜ ਲੱਗੇ ਸਿੱਖ ਨਿਰਭਉ, ਨਿਰਮੋਹ ਅਤੇ ਇਕ ਹੋ ਗਏ।

ਸਿੱਖਾਂ ਦੇ ਭਵਿੱਖ ਸੰਬੰਧੀ ਲਿਖਦਾ ਹੋਇਆ ਸਰ ਗੋਕਲ ਚੰਦ ਨਾਰੰਗ ਆਪਣਾ ਧਿਆਨ ਰਾਜਨੀਤੀ, ਜਨ-ਸੰਖਿਆ ਅਤੇ ਸੰਵਿਧਾਨ ਦੀਆਂ ਵਰਤਮਾਨ ਧਾਰਾਵਾਂ ਤੇ ਰਖਦਾ ਹੈ। ਇਹ ਸੱਚ ਹੈ ਕਿ ਅੱਜ ਕਲ੍ਹ ਕੁਝ ਸਿੱਖ ਆਗੂਆਂ ਦੀਆਂ ਨਜ਼ਰਾਂ ਰਾਜਨੀਤੀ ਦੀ ਦੁਕਾਨ ਤੇ ਟਿਕੀਆਂ ਹੋਈਆਂ ਹਨ ਅਤੇ ਉਹ ਕੇਂਦਰ ਅਤੇ ਸੂਬਿਆਂ ਵਿਚ ਵੱਧ ਤੋਂ ਵੱਧ ਲਾਹਾ ਖੱਟਣਾ ਚਾਹੁੰਦੇ ਹਨ, ਕੁਝ ਇਕ ਗਲਤ ਰਾਹ ਤੇ ਪੈ ਗਏ ਹਨ, ਪਰ ਗੁਰੂ ਦਾ ਸ਼ਬਦ ਅਮਰ ਹੈ ਅਤੇ ਸਿੱਖਾਂ ਦਾ ਭਵਿੱਖ ਬਾਹਰੀ ਨਹੀਂ ਸਗੋਂ ਅੰਦਰਲੀ ਅਵਸਥਾ ਤੇ ਨਿਰਭਰ ਕਰਦਾ ਹੈ। ਇਹ ਉਨ੍ਹਾਂ ਦੇ ਗੁਰੂ ਸਾਹਿਬਾਨ ਦੇ ਦੱਸੇ ਸਿੱਧਾਂਤ ਅਨੁਸਾਰ ਜੀਵਨ ਬਿਤਾਉਣ,

ਭਾਰਤ ਅਤੇ ਵਿਦੇਸ਼ਾਂ ਵਿਚ ਗੁਰੂ ਸਾਹਿਬ ਦੇ ਸਿੱਧਾਂਤ ਦੇ ਪ੍ਰਚਾਰ, 'ਸਹਿਜਧਾਰੀਆਂ' ਨੂੰ ਉਤਸਾਹਿਤ ਕਰਨ ਅਤੇ ਗੁਰੂ ਸਾਹਿਬ ਦੇ ਦਰ ਸਾਰਿਆਂ ਲਈ ਖੋਲ੍ਹਣ ਤੇ ਨਿਰਭਰ ਕਰਦਾ ਹੈ।

ਮੇਰੇ ਮਾਨਯੋਗ ਮਿੱਤਰ ਸਰ ਗੋਕਲ ਚੰਦ ਨਾਰੰਗ ਨੇ ਦਰਸਾਇਆ ਹੈ ਕਿ ਅਧਿਆਤਮਕ ਮੁਕਤੀ ਅਤੇ ਸਹੀ ਅਗਵਾਈ ਨੇ ਕਿਵੇਂ ਖ਼ਾਲਸੇ ਨੂੰ ਇਕ ਕੌਮ ਵਿਚ ਬਦਲ ਦਿਤਾ। ਪਰ ਦੋ ਚਿੱਤਾ ਹੋਣ ਦੇ ਕਾਰਣ ਉਹ ਨਿਸ਼ਚੇ ਨਾਲ ਨਹੀਂ ਕਹਿੰਦਾ ਕਿ ਹਿੰਦੂਆਂ ਨੂੰ ਉਸ ਮਹਾਨ ਵਿਕਾਸ ਦੀ, ਜਿਸ ਦੀ ਵਿਆਖਿਆ ਉਸ ਨੇ ਬੜੇ ਸੁੰਦਰ ਸ਼ਬਦਾਂ ਵਿਚ ਕੀਤੀ ਹੈ, ਸਹਾਇਤਾ ਕਰਨੀ ਚਾਹੀਦੀ ਹੈ ਜਾਂ ਉਸ ਦੇ ਰਾਹ ਵਿਚ ਰੋੜੇ ਅਟਕਾਉਣੇ ਚਾਹੀਦੇ ਹਨ। ਇਹ ਗੱਲ ਹਿੰਦੂਆਂ ਗੋਚਰੀ ਹੈ ਕਿ ਉਹ ਆਪਣੀਆਂ ਕਮਜ਼ੋਰੀਆਂ ਨੂੰ ਵਧਾਉਣ ਜਾਂ ਅਜੇਹੀ ਸ਼ਕਤੀ ਪ੍ਰਾਪਤ ਕਰਨ ਅਤੇ ਉਸ ਆਜ਼ਾਦੀ ਦਾ ਫਲ ਪ੍ਰਾਪਤ ਕਰਨ ਜਿਸ ਦੀ ਉਨ੍ਹਾਂ ਨੂੰ ਇਤਨੀ ਤਾਂਘ ਹੈ। ਸਰ ਗੋਕਲ ਚੰਦ ਵੀ ਜਿਸ ਨੇ ਮਾਰਗ ਜੋਤੀ ਅਤੇ ਆਜ਼ਾਦੀ ਦੇ ਮਾਰਗ ਵੇਖ ਲਏ ਹਨ ਅਤੇ ਇਹ ਵੀ ਜਾਣ ਲਿਆ ਹੈ ਕਿ ਕਿਸ ਤਰ੍ਹਾਂ ਸੱਚਾ ਧਰਮ ਲਿਤਾੜੇ ਲੋਕਾਂ ਨੂੰ ਵੀ ਉਤਾਂਹ ਚੁਕ ਸਕਦਾ ਹੈ, ਉਨ੍ਹਾਂ ਨੂੰ ਪੁਰਾਣੇ ਪ੍ਰਕਾਰ ਦੇ ਟੋਟਿਆਂ ਵਿਚੋਂ ਨਿਕਲ ਕੇ ਗੁਰੂ ਸਾਹਿਬਾਨ ਦੇ ਝੰਡੇ ਥੱਲੇ ਉਚਿਆਈ ਤੇ ਪਹੁੰਚਣ ਦੀ ਪ੍ਰੇਰਣਾ ਨਹੀਂ ਦਿੰਦਾ। ਮੇਰੇ ਲਈ ਅਚੰਭੇ ਦੀ ਗੱਲ ਇਹ ਹੈ ਕਿ ਸਰ ਗੋਕਲ ਚੰਦ ਜਿਸ ਨੇ ਇਕ ਕੌਮ ਦੇ ਨਿਰਮਾਣ ਦਾ ਕਾਰਜ ਸਮਝਿਆ ਹੈ, ਜਿਹੜਾ ਭਾਰਤ ਨੂੰ ਮਹਾਨ ਬਣਾਉਣ ਦਾ ਚਾਹਵਾਨ ਹੈ, ਵੀ ਸਿੱਖ ਧਰਮ ਦੇ ਸਿੱਧਾਂਤ ਦਾ ਉਪਾਸ਼ਕ ਨਹੀਂ ਬਣਿਆ ਅਤੇ ਭਾਰਤ ਨੂੰ ਸ਼ਕਤੀ ਦੇ ਸਿਖਰ ਤੇ ਪਚਾਉਣ ਵਾਲੇ ਰਾਹ ਨੂੰ ਨਹੀਂ ਅਪਣਾਇਆ। ਉਸ ਨੂੰ ਅਤੇ ਉਸ ਦੀ ਵਿਚਾਰਧਾਰਾ ਦੇ ਹੋਰ ਲੋਕਾਂ ਨੂੰ ਮੈਂ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਕਹਾਂਗਾ ਕਿ –

ਜਿਨ੍ਹਾਂ ਗੁਰਮੁਖਾਂ ਨਾਮ ਜਪਿਆ
ਵੰਡ ਕੇ ਛਕਿਆ, ਧਰਮ ਹੇਤ ਸੀਸ ਦਿੱਤੇ
ਦੇਗ ਚਲਾਈ, ਤੇਗ ਵਾਹੀ
... '' ...
ਸਿੱਖਾਂ ਦਾ ਮਨ ਨੀਵਾਂ ਮਤਿ ਉਚੀ
ਮਤਿ ਕਾ ਰਾਖਾ ਆਪ ਵਾਹਿਗੁਰੂ
ਸਿੱਖ ਸੰਗਤਾਂ ਅਰਦਾਸ ਕਰਦੀਆਂ ਹਨ—
ਗੁਰੂ ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਕਾ ਭਲਾ ॥

ਜੋਗਿੰਦਰ ਸਿੰਘ

ਔਰਾ ਹੋਮ, ਸ਼ਿਮਲਾ, ਈਸਟ
6 ਅਗਸਤ, 1945

ਪ੍ਰਥਮ ਸੰਸਕਰਣ ਦੀ ਭੂਮਿਕਾ

ਸਿਖ ਧਰਮ ਉਤੇ ਇਹ ਛੋਟਾ ਜੇਹਾ ਨਿਬੰਧ ਲਿਖਣ ਸਮੇਂ ਲੇਖਕ ਦਾ ਮਨੋਰਥ ਸਾਧਾਰਣ ਪਾਠਕਾਂ ਨੂੰ ਉਨ੍ਹਾਂ ਪ੍ਰਕਿਰਿਆਵਾਂ ਦਾ ਸੰਖਿਪਤ ਪਰੰਤੂ ਸੰਪੂਰਣ ਗਿਆਨ ਕਰਵਾਉਣਾ ਰਿਹਾ ਹੈ ਜਿਨ੍ਹਾਂ ਦੁਆਰਾ ਸਿੱਖ ਧਰਮ ਨੇ ਇਕ ਧਾਰਮਿਕ ਸਪਰਦਾ ਤੋਂ ਬਦਲ ਕੇ ਰਾਜਨੀਤਿਕ ਜਥੇਬੰਦੀ ਦਾ ਰੂਪ ਧਾਰਣ ਕੀਤਾ। ਇਹ ਪੁਸਤਕ ਨ ਤਾਂ ਸਿੱਖ ਧਰਮ ਦਾ ਇਤਿਹਾਸ ਹੀ ਹੈ ਅਤੇ ਨ ਹੀ ਸਿੱਖ ਧਰਮ ਦੀ ਵਿਵੇਚਕਾ ਹੋਣ ਦਾ ਦਾਅਵਾ ਕਰਦੀ ਹੈ। ਇਹ ਪੁਸਤਕ ਕੇਵਲ ਸਿੱਖਾਂ ਦੇ ਪੰਜਾਬ ਵਿਚ ਪ੍ਰਭੁਸੱਤਾ ਦੇ ਅਧਿਕਾਰੀ ਬਣਨ ਤੋਂ ਪਹਿਲਾਂ ਦੇ ਉਨ੍ਹਾਂ ਵਿਭਿੰਨ ਪੜਾਵਾਂ ਜਿਨ੍ਹਾਂ ਵਿਚੋਂ ਉਨ੍ਹਾਂ ਨੂੰ ਲੰਘਣਾ ਪਿਆ ਤੇ ਉਤਰਾ-ਚੜ੍ਹਾ ਜਿਹੜੇ ਉਨ੍ਹਾਂ ਨੂੰ ਵੇਖਣੇ ਪਏ, ਦਾ ਵਿਵਰਣ ਮਾਤਰ ਹੈ। ਲੇਖਕ ਨੇ ਆਪਣੇ ਵਿਸ਼ੇ ਦਾ ਨਿਭਾ ਨ ਤਾਂ ਵਿਰੋਧੀ ਆਲੋਚਕ ਦੀ ਭਾਵਨਾ ਨਾਲ ਅਤੇ ਨ ਹੀ ਸਿੱਖ ਧਰਮ ਦੇ ਸਮਰਥਕ ਦੇ ਰੂਪ ਵਿਚ ਕੀਤਾ ਹੈ ਭਾਵੇਂ ਉਹ ਬਾਲਪਨ ਤੋਂ ਹੀ ਗੁਰੂ ਸਾਹਿਬਾਨ ਦਾ ਸ਼ਰਧਾਲੂ ਰਿਹਾ ਹੈ ਅਤੇ ਸਿਖ ਧਰਮ ਦਾ ਜੀਵਨ ਭਰ ਅਧਿਐਨ ਕਰਦਾ ਰਿਹਾ ਹੈ। ਉਸ ਨੇ ਸਾਧਾਰਣ ਪਾਠਕ ਨੂੰ ਮੁਢਲੇ ਸਿੱਖ ਇਤਿਹਾਸ ਦੇ ਆਪਣੇ ਲੰਮੇ ਅਤੇ ਗਹੁਪੂਰਣ ਅਧਿਐਨ ਦੇ ਸਿੱਟੇ ਪੇਸ਼ ਕਰਨ ਦਾ ਯਤਨ ਕੀਤਾ ਹੈ।[1] ਇਸ ਕਾਰਜ ਵਿਚ ਉਹ ਕਿੰਨਾ ਕੁ ਸਫਲ ਰਿਹਾ ਹੈ, ਇਸ ਦਾ ਨਿਰਣਾ ਪਾਠਕ ਹੀ ਕਰਨਗੇ। ਇਸ ਵਿਸ਼ੇ ਦਾ ਸੁਭਾਵ ਹੀ ਮੌਲਿਕਤਾ ਤੇ ਬੰਦਸ਼ਾਂ ਲਾ ਦੇਂਦਾ ਹੈ। ਪਰੰਤੂ ਲੇਖਕ ਆਸ ਕਰਦਾ ਹੈ ਕਿ ਉਹ ਪ੍ਰਾਪਤ ਸਾਮੱਗਰੀ ਦਾ ਮੌਲਿਕ ਵਿਸ਼ਲੇਸ਼ਣ ਪ੍ਰਸਤੁਤ ਕਰਨ ਵਿਚ ਕਾਫੀ ਹੱਦ ਤਕ ਸਫਲ ਰਿਹਾ ਹੈ। ਇਹ ਪੰਨੇ ਪੜ੍ਹਨ ਤੋਂ ਪਿੱਛੋਂ ਪਾਠਕ ਨੂੰ ਉਨ੍ਹਾਂ ਸ਼ਕਤੀਆਂ ਦਾ ਕਾਫੀ ਸਪਸ਼ਟ ਤੇ ਸਹੀ ਗਿਆਨ ਹੋ ਜਾਏਗਾ ਜਿਹੜੀਆਂ ਸਿੱਖ ਧਰਮ ਦੀ ਬਣਤਰ ਵਿਚ ਇਤਨੀਆਂ ਅਹਿਮ ਤਬਦੀਲੀਆਂ ਲੈ ਕੇ ਆਈਆਂ। ਲੇਖਕ ਨੇ ਵਿਰੋਧ ਜਾਂ ਪ੍ਰਚਾਰ ਕਰਨ ਅਥਵਾ ਉਤੇਜਿਤ ਜਾਂ ਕ੍ਰੋਧਵਾਨ ਕਰਨ ਦੀ ਬਜਾਏ ਸਮਝਾਉਣ ਅਤੇ ਵਿਆਖਿਆਉਣ ਦਾ ਯਤਨ ਕੀਤਾ ਹੈ।

1768 ਈ. ਵਿਚ ਲਾਹੌਰ ਤੇ ਸਿੱਖਾਂ ਦਾ ਕਬਜ਼ਾ ਹੋ ਜਾਣ ਨਾਲ ਪਰਿਵਰਤਨ ਦੀ

---

1. ਸਿੱਖ ਧਰਮ ਨਾਲ ਸੰਬੰਧਿਤ ਹਰੇਕ ਮਹੱਤਵਪੂਰਣ ਪੁਸਤਕ ਅਤੇ ਹੱਥਲਿਖਤ ਲੇਖਕ ਨੇ ਪੜ੍ਹੀ ਹੈ ਜੋ ਕਿ ਉਸ ਨੂੰ ਬੋਡਲੀਅਨ ਲਾਇਬ੍ਰੇਰੀ ਆਫ਼ ਆਕਸਫੋਰਡ ਅਤੇ ਇੰਡੀਆ ਆਫ਼ਿਸ ਬ੍ਰਿਟਿਸ਼ ਮਿਊਜ਼ੀਅਮ ਅਤੇ ਲੰਡਨ ਦੀ ਰਾਇਲ ਏਸ਼ੀਆਟਿਕ ਸੋਸਾਇਟੀ ਦੀਆਂ ਲਾਇਬ੍ਰੇਰੀਆਂ ਵਿਚੋਂ ਪ੍ਰਾਪਤ ਹੋ ਸਕੀ। ਅਖੀਰ ਵਿਚ ਦਿੱਤੀ ਗਈ ਪੁਸਤਕ ਸੂਚੀ ਮਹੱਤਵਪੂਰਣ ਪੁਸਤਕ ਦੀ ਸੂਚੀ ਹੈ।

ਇਹ ਪ੍ਰਕਿਰਿਆ ਸੰਪੂਰਣ ਹੋਈ। ਵਿਵਰਣ ਉਥੇ ਹੀ ਸਮਾਪਤ ਹੋ ਜਾਣਾ ਚਾਹੀਦਾ ਸੀ ਪਰੰਤੂ ਕਿਉਂਕਿ ਲੇਖਕ ਰਣਜੀਤ ਸਿਘ ਦੇ ਉਦੈ ਹੋਣ ਤੋਂ ਸਿੱਖ ਇਤਿਹਾਸ ਦੀ ਆਪਣੀ ਦੂਸਰੀ ਜਿਲਦ ਆਰੰਭ ਕਰਨ ਦਾ ਇਰਾਦਾ ਰਖਦਾ ਹੈ, ਇਸ ਲਈ ਉਸ ਨੇ ਇਹ ਉਚਿਤ ਸਮਝਿਆ ਹੈ ਕਿ ਸਿੱਖਾਂ ਦੇ ਲਾਹੌਰ ਉਤੇ ਕਬਜ਼ਾ ਕਰਨ ਅਤੇ ਰਣਜੀਤ ਸਿਘ ਦੇ ਸਿੰਘਾਸਨ ਉਤੇ ਬੈਠਣ ਵਿਚਲੇ ਖੱਪੇ ਨੂੰ ਉਨ੍ਹਾਂ ਮਿਸਲਾਂ ਦੇ ਸੰਖਿਪਤ ਵਰਣਨ ਦੁਆਰਾ ਪੂਰ ਦਿੱਤਾ ਜਾਏ ਜਿਨ੍ਹਾਂ ਨੇ ਇਕ ਸਮੇਂ ਇਸ ਸਮੇਂ ਵਿਚ ਪੰਜਾਬ ਦੇ ਵਿਭਿੰਨ ਭਾਗਾਂ ਉਤੇ ਸ਼ਾਸਨ ਕੀਤਾ।

ਆਮ ਪਾਠਕਾਂ ਨੂੰ ਸਿੱਖ ਧਰਮ-ਗ੍ਰੰਥਾਂ ਦੇ ਵਿਸ਼ੇ ਅਤੇ ਧਾਰਮਿਕ ਤੇ ਸਮਾਜਕ ਪ੍ਰਣਾਲੀ ਦੇ ਰੂਪ ਵਿਚ ਸਿੱਖ ਧਰਮ ਦੇ ਸੁਭਾਵ ਦਾ ਗਿਆਨ ਕਰਵਾਉਣ ਲਈ ਤਿੰਨ ਅੰਤਿਕਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ।

9 ਫਰਵਰੀ, 1912 ਜੀ. ਸੀ. ਨਾਰੰਗ

ਦੂਜੇ ਸੰਸਕਰਣ ਦੀ ਭੂਮਿਕਾ

ਇਸ ਪੁਸਤਕ ਦਾ ਪ੍ਰਥਮ ਸੰਸਕਰਣ ਕੋਈ ਤੇਤੀ ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋਇਆ ਸੀ। ਪ੍ਰੈਸ ਨੇ ਅਤੇ ਇਤਿਹਾਸ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨੇ ਇਸ ਦਾ ਉਤਸਾਹਜਨਕ ਅਤੇ ਹਾਰਦਿਕ ਸੁਆਗਤ ਕੀਤਾ। ਕਈ ਵਰ੍ਹੇ ਇਹ ਪੁਸਤਕ ਕਲਕੱਤਾ, ਪੰਜਾਬ ਅਤੇ ਸ਼ਾਇਦ ਭਾਰਤ ਦੀਆਂ ਕਈ ਹੋਰ ਯੂਨੀਵਰਸਿਟੀਆ ਵਿਚ ਐਮ. ਏ. (ਇਤਿਹਾਸ) ਦੀ ਪਾਠ-ਪੁਸਤਕ ਬਣੀ ਰਹੀ ਹੈ। ਪ੍ਰਥਮ ਸੰਸਕਰਣ ਦੀ ਭੂਮਿਕਾ ਵਿਚ, ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਦੇ ਉਦੈ ਤੋਂ ਸਿੱਖ ਇਤਿਹਾਸ ਦੀ ਦੂਸਰੀ ਜਿਲਦ ਲਿਖਣ ਦਾ ਇਰਾਦਾ ਪ੍ਰਗਟ ਕੀਤਾ ਸੀ, ਪਰੰਤੂ ਉਸ ਨੂੰ ਅਤਿਅੰਤ ਅਫਸੋਸ ਹੈ ਕਿ ਕਈ ਇਕ ਹੋਰ ਰੁਝੇਵਿਆਂ ਦੇ ਕਾਰਣ ਉਹ ਆਪਣੇ ਇਰਾਦੇ ਨੂੰ ਪੂਰਾ ਨਹੀਂ ਕਰ ਸਕਿਆ। ਐਪਰ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਸੰਖਿਪਤ ਜੀਵਨੀ, ਮਹਾਨ ਮਹਾਰਾਜੇ ਦੀ ਮਿਤ੍ਰੂ ਉਪਰੰਤ ਹੋਣ ਵਾਲੀਆਂ ਘਟਨਾਵਾਂ, ਅਤੇ ਸਿੱਖ ਸੰਪਰਦਾਇ ਦੀਆਂ ਪਿਛਲੇਰੀਆਂ ਤੇ ਬਹੁਤ ਹੀ ਨੇੜਲੇ ਸਮੇਂ ਦੀਆਂ ਘਟਨਾਵਾਂ ਦਾ ਵਿਵਰਣ ਦੇ ਕੇ ਇਸ ਛੋਟੀ ਜੇਹੀ ਪੁਸਤਕ ਨੂੰ ਸੰਪੂਰਣ ਕਰਨ ਦਾ ਯਤਨ ਕੀਤਾ ਹੈ।

ਆਸ ਹੈ ਕਿ ਹੁਣ ਦੇ ਰੂਪ ਵਿਚ ਇਹ ਪੁਸਤਕ ਸਾਧਾਰਣ ਪਾਠਕ ਅਤੇ ਯੂਨੀਵਰਸਿਟੀ ਦੀਆਂ ਪਰੀਖਿਆਵਾਂ ਲਈ ਅਧਿਐਨ ਕਰਨ ਵਾਲੇ ਪਾਠਕਾਂ ਨੂੰ ਸਿਖ ਸੁਭਾਵ ਅਤੇ ਸਿੱਖ ਇਤਿਹਾਸ ਦੇ ਪ੍ਰਮੁੱਖ ਲੱਛਣਾਂ ਦਾ ਕਾਫੀ ਸੰਪੂਰਣ ਗਿਆਨ ਕਰਵਾ ਸਕੇਗੀ। ਇਸ ਮਨੋਰਥ ਨੂੰ ਮੁੱਖ ਰਖਦੇ ਹੋਏ, ਮੁਗਲ ਅਤੇ ਸਿੱਖ-ਇਤਿਹਾਸ ਦੇ ਚਿਰਾਂ ਤੋਂ ਵਿਸਰੇ ਅਤੇ ਵਾਧੂ ਵੇਰਵਿਆਂ, ਜਿਹੜੇ ਇਸ ਭਾਂਤ ਦੀ ਖੋਜ ਦੇ ਵਿਸ਼ੇਸ਼ਗਾਂ ਲਈ ਛੱਡੇ ਜਾ ਸਕਦੇ ਹਨ, ਵਿਚ ਜਾ ਕੇ ਇਸ ਵਿਵਰਣ ਦੇ ਮੁੱਖ ਅੰਗਾਂ ਵਿਚ ਭਰਤੀ ਕਰਨਾ ਅਤੇ ਇਨ੍ਹਾਂ ਨੂੰ ਅਸਪਸ਼ਟ ਬਣਾਉਣਾ ਲੇਖਕ ਲਈ ਵਿਦਵਤਾ ਦੇ ਵਿਖਾਵੇ ਤੋਂ ਵੱਧ ਕੁਝ ਨ ਹੁੰਦਾ।

ਕਰਤਾ ਆਪਣੇ ਚਿਰ ਸਹਿਯੋਗੀ ਅਤੇ ਮਾਨਯੋਗ ਮਿੱਤਰ ਸਰ ਜੋਗਿੰਦਰ ਸਿੰਘ ਦੁਆਰਾ ਲਿਖੀ ਭੂਮਿਕਾ ਵਿਚ ਉਸ ਦੇ ਪ੍ਰਤਿ ਲਿਖੇ ਕੁਝ ਸ਼ਬਦਾਂ ਦੀ ਪ੍ਰਸ਼ੰਸਾ ਕਰਦਾ ਹੈ। ਨਿਰਸੰਦੇਹ ਸਰਦਾਰ ਸਾਹਿਬ ਅਨੁਭਵ ਕਰਦੇ ਹਨ ਕਿ ਵਧ ਚੜ੍ਹ ਕੇ ਕੀਤੀ ਪ੍ਰਸ਼ੰਸਾ ਤੋਂ ਮੁਕਤ ਤਰਕਸ਼ੀਲ ਵਿਆਖਿਆ ਕਿਸੇ ਉਤਸਾਹੀ ਦੇ ਪ੍ਰਸ਼ੰਸਾਤਮਕ ਸੋਹਲਿਆਂ ਜਿਤਨੀ ਹੀ ਸੁਹਿਰਦ ਅਤੇ ਮਹੱਤਵਪੂਰਣ ਹੁੰਦੀ ਹੈ। ਮੂਲ ਸ੍ਰੋਤਾਂ ਦਾ ਗਿਆਨ ਰਖਣ ਵਾਲਾ ਵਿਅਕਤੀ ਵੀ ਉਸ ਸੌਂਦਰਯ ਅਤੇ ਸ਼ਾਨ ਦੀ ਸਤਿਕਾਰ ਸਹਿਤ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ

ਸਕਦਾ ਜਿਸ ਨਾਲ ਗੁਰੂ ਸਾਹਿਬਾਨ ਨੇ ਹਿੰਦੂ ਜਨਤਾ, ਜਿਸ ਲਈ ਅੰਧਕਾਰਮਈ ਦਿਨਾਂ ਵਿਚ ਮੂਲ ਸ੍ਰੋਤਾਂ ਤੀਕ ਪਹੁੰਚਣਾ ਅਸੰਭਵ ਸੀ, ਨੂੰ ਪ੍ਰਾਚੀਨ ਸਿਖਿਆਵਾਂ ਦਿੱਤੀਆਂ। ਪੰਜਾਬ ਦੇ ਹਿੰਦੂ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਵਲੋਂ ਅਥਾਹ ਲੋੜ ਦੇ ਸਮੇਂ ਪ੍ਰਾਪਤ ਹੋਈ ਆਤਮਿਕ ਰੱਖਿਆ ਲਈ, ਆਪਣੇ ਰਿਣ ਨੂੰ ਕਦੀ ਨਹੀਂ ਵਿਸਾਰ ਸਕਦੇ। ਜਿਸ ਤਰ੍ਹਾਂ ਕਿ ਸੰਯੁਕਤ ਪ੍ਰਾਂਤ ਵਿਚ ਤੁਲਸੀਦਾਸ ਦੀ ਰਾਮਾਇਣ ਨੇ ਹਿੰਦੂਆਂ ਦੀ ਆਤਮਿਕ ਭੁਖ ਨੂੰ ਸੰਤੁਸ਼ਟ ਕੀਤਾ ਅਤੇ ਉਨ੍ਹਾਂ ਨੂੰ ਉਸ ਧਾਰਮਿਕ ਹੱਦਬੰਦੀ ਦੇ ਪਾਰ ਕਰਨ ਤੋਂ ਰੋਕਿਆ ਜਿਥੋਂ ਪਰਤਣਾ ਅਸੰਭਵ ਹੁੰਦਾ ਹੈ ਉਸੇ ਤਰਾਂ ਹੀ ਗੁਰੂ ਗ੍ਰੰਥ ਸਾਹਿਬ ਨੇ ਪੰਜਾਬ ਵਿਚ ਕੀਤਾ।

ਸਰ ਜੋਗਿੰਦਰ ਸਿੰਘ ਨੇ ਕਰਤਾ ਦੀ 'ਦੋ ਚਿੱਤੀ' ਵਲ ਸੰਕੇਤ ਕੀਤਾ ਹੈ। ਜਿਥੋਂ ਤਕ ਇਕ ਇਤਿਹਾਸਕਾਰ ਦੇ ਨਾਤੇ ਕਰਤਾ ਦੇ ਕਰਤੱਵ ਦਾ ਸੰਬੰਧ ਹੈ, ਇਹ ਇਕ ਅਨਹੋਣੀ ਜੇਹੀ ਗੱਲ ਹੈ। ਉਹ ਨ ਤਾਂ ਕਿਸੇ ਜਾਤੀ ਦਾ ਧਰਮ-ਪ੍ਰਚਾਰਕ ਬਣ ਸਕਦਾ ਹੈ ਅਤੇ ਨ ਹੀ ਕਿਸੇ ਵਿਸ਼ੇਸ਼ ਅੰਦੋਲਨ ਦੇ ਪ੍ਰਚਾਰ ਜਾਂ ਰੋਕ ਲਈ ਕਿਸੇ ਭਾਂਤ ਦੇ ਉਪਾ ਸੁਝਾ ਸਕਦਾ ਹੈ। ਤਾਂ ਵੀ, ਕਰਤਾ ਸਰ ਜੋਗਿੰਦਰ ਸਿੰਘ ਦੀ ਉਸ ਪ੍ਰਤਿ ਅਕੱਥ ਇੱਛਾ ਅਤੇ ਆਸ਼ਾ ਵਿਚ ਲੁਕੀ ਆਪਣੀ ਪ੍ਰਸੰਸਾ ਦਾ ਧੰਨਵਾਦ ਕਰਦਾ ਹੈ। ਭਾਵੇਂ ਉਹ ਪ੍ਰਚਾਰਕ ਕਦੇ ਵੀ ਨਹੀਂ ਬਣਿਆ, ਤਾਂ ਵੀ ਹਿੰਦੂ-ਸਿੱਖ ਏਕਤਾ ਦਾ ਨਿਮਾਣਾ ਜੇਹਾ ਸਮਰਥਕ ਜ਼ਰੂਰ ਰਿਹਾ ਹੈ। ਹਿੰਦੂ ਜਾਤੀ ਸੰਬੰਧੀ ਇਹ ਪ੍ਰਮਾਣਿਕ ਤੱਥ ਹੈ ਕਿ ਕੁਝ ਇਕ ਕੱਟੜਪੰਥੀਆਂ ਅਤੇ ਗੈਰਜ਼ਿੰਮੇਵਾਰ ਵਿਅਕਤੀਆਂ ਦੇ ਖਬਤ ਨੂੰ ਛੱਡ ਕੇ ਹਿੰਦੂ ਸਮੂਹਿਕ ਤੌਰ ਤੇ ਸਿੱਖਾਂ ਦੇ ਨਾਲ ਰਹੇ ਹਨ। ਪੁਰਾਣੇ ਸਮੇਂ ਦੀ ਤਰ੍ਹਾਂ ਹਾਲ ਦੀਆਂ ਸਰਗਰਮੀਆਂ ਵਿਚ ਵੀ ਸਿੱਖ ਅੰਦੋਲਨਾਂ ਵਿਚ ਹਿੰਦੂਆਂ ਦੁਆਰਾ ਪਾਇਆ ਗਿਆ ਭਾਗ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੇ ਭਵਿੱਖੀ ਸੰਬੰਧ ਦੋਹਾਂ ਜਾਤੀਆਂ ਦੇ ਨੇਤਾਵਾਂ ਦੀ ਬੁੱਧੀ ਅਤੇ ਦੂਰਦਰਸ਼ਿਤਾ ਤਥਾ ਭਾਵੀ ਪਰਿਸਥਿਤੀਆਂ ਦੀ ਸਹੀ ਸਮਝ ਤੇ ਨਿਰਭਰ ਕਰਦੇ ਹਨ।

ਮਸੂਰੀ,
22 ਅਗਸਤ, 1945

ਜੀ. ਸੀ. ਨਾਰੰਗ

ਤੀਜੇ ਸੰਸਕਰਣ ਦੀ ਭੂਮਿਕਾ

ਇਸ ਪੁਸਤਕ ਦੀ ਰਚਨਾ, ਮੇਰੇ ਲਈ, ਇਕ ਮਾਨਸਿਕ ਸੰਤੋਸ਼ ਦੀ ਗੱਲ ਰਹੀ ਹੈ। ਐਪਰ, ਇਸ ਗੱਲ ਨੇ ਮੈਨੂੰ ਬਹੁਤ ਖੁਸ਼ੀ ਦਿੱਤੀ ਹੈ ਕਿ ਮੇਰਾ ਇਹ ਨਿਗੂਣਾ ਯਤਨ ਪ੍ਰੈਸ ਅਤੇ ਬਹੁਤ ਸਾਰੇ ਪ੍ਰਸਿੱਧ ਤੇ ਸਿਰ ਕੱਢ ਵਿਅਕਤੀਆਂ ਨੇ ਭਲੀਭਾਂਤ ਸਲਾਹਿਆ ਹੈ। ਮੈਨੂੰ ਪ੍ਰਕਾਸ਼ਕਾਂ ਤੋਂ ਇਹ ਜਾਣ ਕੇ ਵੀ ਖੁਸ਼ੀ ਹੋਈ ਹੈ ਕਿ ਇਸ ਪੁਸਤਕ ਦੇ ਦੂਸਰੇ ਸੰਸਕਰਣ ਦੇ ਪ੍ਰਕਾਸ਼ਨ ਤੋਂ ਬਾਦ ਕੁਝ ਮਹੀਨਿਆਂ ਵਿਚ ਹੀ ਸਾਰਾ ਸੰਸਕਰਣ ਵਿਕ ਗਿਆ ਅਤੇ ਇਸ ਦੇ ਤੀਸਰੇ ਸੰਸਕਰਣ ਦੀ ਭਾਰੀ ਮੰਗ ਹੈ।

ਇਸ ਸੰਸਕਰਣ ਦੀ ਭੂਮਿਕਾ ਦੇ ਤੌਰ ਤੇ ਮੇਰੇ ਕੋਲ ਕਹਿਣ ਲਈ ਕੁਝ ਨਹੀਂ। ਕਿਤੇ ਕਿਤੇ ਕੁਝ ਇਕ ਪਰਿਵਰਤਨ ਅਤੇ ਸੁਧਾਰ ਕੀਤੇ ਗਏ ਹਨ ਅਤੇ ਆਸ ਹੈ ਕਿ ਇਹ ਪੁਸਤਕ ਸਿੱਖਾਂ ਦੀਆਂ ਪੁਰਾਤਨ ਅਤੇ ਵਰਤਮਾਨ ਔਕੜਾਂ, ਬਲੀਦਾਨਾਂ ਅਤੇ ਪ੍ਰਾਪਤੀਆਂ ਦਾ ਸੰਖਿਪਤ ਚਿੱਤਰ ਪ੍ਰਸਤੁਤ ਕਰੇਗੀ। ਉਨ੍ਹਾਂ ਨੇ ਮੁਸਲਮਾਨਾਂ ਕੋਲੋਂ ਭਾਰੇ ਸੰਘਰਸ਼ ਅਤੇ ਬਲੀਦਾਨ ਉਪਰੰਤ ਰਾਜ ਖੋਹਿਆ ਸੀ। ਇਸ ਲਈ ਇਹ ਗੱਲ ਕੋਈ ਹੈਰਾਨੀ ਵਾਲੀ ਨਹੀਂ ਕਿ ਕੈਬਨਿਟ ਮਿਸ਼ਨ ਦੁਆਰਾ ਪਿਛਲੀ ਮਈ ਵਿਚ ਦਿੱਤੇ 'ਪੰਚਾਟ' ਨਾਲ ਸਾਰੇ ਸਿੱਖ ਭਾਈਚਾਰੇ ਵਿਚ ਅਸ਼ਾਂਤੀ ਫੈਲ ਜਾਵੇ। ਜੇ ਇਹ ਲਾਗੂ ਹੋ ਗਿਆ ਤਾਂ ਇਹ ਸਿੱਖਾਂ ਨੂੰ ਦੋ ਸਦੀਆਂ ਉਪਰੰਤ ਇਕ ਦਮ ਮੁਸਲਮਾਨਾਂ ਅਧੀਨ ਕਰ ਦੇਵੇਗਾ। ਸੰਭਵ ਹੈ ਕਿ ਇਸ ਦੇ ਅਗਲੇ ਸੰਸਕਰਣ ਵਿਚ ਇਸ ਨਰੋਈ ਅਤੇ ਉੱਦਮੀ ਜਾਤੀ ਦੇ ਇਤਿਹਾਸ ਵਿਚ ਇਕ ਹੋਰ ਅਧਿਆਇ ਦਾ ਵਾਧਾ ਕਰਨਾ ਪਵੇ।

ਜੀ. ਸੀ. ਨਾਰੰਗ

ਮਸੂਰੀ,
7 ਜੁਲਾਈ, 1946

ਚੌਥੇ ਸੰਸਕਰਨ ਦੀ ਭੂਮਿਕਾ

ਇਸ ਪੁਸਤਕ ਦੇ ਤੀਸਰੇ ਸੰਸਕਰਣ ਦੀ ਭੂਮਿਕਾ ਵਿਚ ਮੈਂ ਕਿਹਾ ਸੀ, ''ਸੰਭਵ ਹੈ ਕਿ ਇਸ ਦੇ ਅਗਲੇ ਸੰਸਕਰਣ ਵਿਚ ਇਸ ਨਰੋਈ ਅਤੇ ਉੱਦਮੀ ਜਾਤੀ ਦੇ ਇਤਿਹਾਸ ਵਿਚ ਇਕ ਹੋਰ ਅਧਿਆਇ ਦਾ ਵਾਧਾ ਕਰਨਾ ਪਵੇ।''

ਇਹ ਪੂਰਵ ਵਿਚਾਰ ਸਹੀ ਸਿੱਧ ਹੋਇਆ ਹੈ ਅਤੇ ਇਸ ਪੁਸਤਕ ਵਿਚ ਇਕ ਨਹੀਂ ਤਿੰਨ ਅਧਿਆਵਾਂ ਦਾ ਵਾਧਾ ਕਰਨਾ ਆਵਸ਼ਕ ਹੋ ਗਿਆ ਹੈ। ਐਪਰ ਘਟਨਾਵਾਂ ਨੇ ਆਸ਼ਾ ਤੋਂ ਉੱਕਾ ਹੀ ਵਖਰਾ ਰੂਪ ਧਾਰਣ ਕੀਤਾ।

ਜਿਵੇਂ ਕਿ ਇਸ ਪੁਸਤਕ ਦੇ ਤੀਸਰੇ ਸੰਸਕਰਣ ਵਿਚ 'ਸਿੱਖਾਂ ਦਾ ਭਵਿੱਖ' ਨਾਮਕ ਅਧਿਆਇ ਵਿਚ ਸੰਕੇਤ ਕੀਤਾ ਗਿਆ ਸੀ, ਸਿੱਖ ਕੈਬਨਿਟ ਮਿਸ਼ਨ ਪੰਚਾਟ ਦਾ ਮੁਕਾਬਲਾ ਕਰਨ ਦੀ ਤਿਆਰੀ ਕਰ ਰਹੇ ਸਨ। ਦਸ ਹਜ਼ਾਰ ਵਾਲੰਟੀਅਰਾਂ ਅਤੇ ਪੰਜਾਹ ਲੱਖ ਰੁਪੈ ਦੇ ਯੁੱਧ-ਫੰਡ ਦੀ ਅਪੀਲ ਜਾਰੀ ਕੀਤੀ ਗਈ ਸੀ ਅਤੇ ਅਣਗਿਣਤ ਸਿੱਖਾਂ ਨੇ ਆਪਣੇ ਅਧਿਕਾਰਾਂ ਦੀ ਸੁਰੱਖਿਆ ਲਈ 'ਕਰੋ ਜਾਂ ਮਰੋ' ਦੀ ਸੁਗੰਧ ਤੇ ਆਪਣੇ ਲਹੂ ਨਾਲ ਹਸਤਾਖਰ ਕੀਤੇ ਸਨ। ਕਿਸੇ ਨ ਕਿਸੇ ਭਾਂਤ ਦਾ ਮੋਰਚਾ ਵਿਚਾਰਾਧੀਨ ਸੀ। ਪਰੰਤੂ ਭਾਰਤ ਉਤੇ ਇਕ ਹੋਣੀ ਵਾਪਰੀ ਅਤੇ ਸਿੱਖਾਂ ਦੀਆਂ ਬਣਾਈਆਂ ਯੋਜਨਾਵਾਂ ਬਿਖਰ ਕੇ ਰਹਿ ਗਈਆਂ।

ਇਸ ਹੋਣੀ ਨੇ ਦੇਸ-ਵੰਡ ਦਾ ਰੂਪ ਧਾਰਣ ਕੀਤਾ ਅਤੇ ਜਿਵੇਂ ਕਿ ਕਿਸਮਤ ਨੂੰ ਪ੍ਰਵਾਨ ਸੀ ਬਹੁਤ ਸਾਰੇ ਹਿੰਦੂਆਂ ਨਾਲ ਸਿੱਖਾਂ ਨੂੰ ਵੀ ਪੱਛਮੀ ਪੰਜਾਬ ਅਤੇ ਕੇਂਦਰੀ ਪੰਜਾਬ ਦਾ ਇਕ ਵਿਸ਼ੇਸ਼ ਭਾਗ ਛੱਡਣਾ ਪੈ ਗਿਆ। ਅਤੇ ਸਿੱਟੇ ਵਜੋਂ ਉਕਤ ਸੁਗੰਧ ਦਾ ਵੀ ਉਹੀ ਹਾਲ ਹੋਇਆ ਜਿਹੜਾ ਕਿ ਰੈਮਜ਼ੇ ਮੈਕਡਾਨਲਡ ਦੇ ਪੰਚਾਟ ਵਿਰੁੱਧ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਤੇ ਸਿੱਖਾਂ ਦੁਆਰਾ ਲਈ ਸੁਗੰਧ ਦਾ ਹੋਇਆ ਸੀ।

ਭਾਵੇਂ ਉਹ ਖਿੰਡ-ਪੁੰਡ ਚੁਕੇ ਸਨ ਪਰੰਤੂ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਦੀ ਉਨ੍ਹਾਂ ਦੀ ਭਾਵਨਾ ਉਸੇ ਭਾਂਤ ਕਾਇਮ ਰਹੀ। ਇਹ ਸੰਘਰਸ਼ ਵੱਖਰੀ ਭਾਂਤ ਦਾ ਸੀ ਅਤੇ ਮੋਰਚਾ ਵੀ ਲਾਇਆ ਗਿਆ ਪਰੰਤੂ ਇਹ ਮੋਰਚਾ ਬਰਤਾਨਵੀ ਸਰਕਾਰ ਅਤੇ ਮੁਸਲਿਮ ਲੀਗ ਵਿਰੁੱਧ ਹੋਣ ਦੀ ਬਜਾਏ ਉਨ੍ਹਾਂ ਦੀ ਆਪਣੀ ਸਰਕਾਰ ਵਿਰੁੱਧ ਸੀ। ਇਸ ਪੁਸਤਕ ਵਿਚ ਵਧਾਏ ਗਏ ਤਿੰਨ ਅਧਿਆਵਾਂ ਵਿਚ ਇਸ ਸੰਘਰਸ਼ ਦੇ ਵਿਭਿੰਨ ਪੜਾਵਾਂ

ਦਾ ਹੀ ਸੰਖੇਪ ਜੇਹਾ ਵਿਵਰਣ ਦਿੱਤਾ ਗਿਆ ਹੈ ।

ਸਿੱਖਾਂ ਦੇ ਪਿਛਲੇਰੇ ਇਤਿਹਾਸ ਉਤੇ ਨਜ਼ਰਸਾਨੀ ਕਰਨ ਨਾਲ ਕੋਈ ਸੰਤੋਸ਼ਜਨਕ ਚਿੱਤਰ ਨਹੀਂ ਉਭਰਦਾ । ਮਹਾਰਾਜਾ ਰਣਜੀਤ ਸਿੰਘ ਦੇ ਕਾਲਵੱਸ ਹੋ ਜਾਣ ਉਪਰੰਤ ਕਿਸਮਤ ਨੇ ਉਨ੍ਹਾਂ ਦਾ ਸਾਥ ਛੱਡ ਦਿੱਤਾ । ਉਸ ਦੀ ਮ੍ਰਿਤੂ ਉਪਰੰਤ ਆਇਆ ਹੜ੍ਹ ਉਸ ਸ਼ਾਨਦਾਰ ਮਹਿਲ ਨੂੰ ਵਹਾ ਕੇ ਲੈ ਗਿਆ ਜਿਸ ਦਾ ਨਿਰਮਾਣ ਉਸ ਨੇ ਆਪਣੀ ਪ੍ਰਤਿਭਾ ਦੁਆਰਾ ਕੀਤਾ ਸੀ । ਘਾਤਕ ਦੁਸ਼ਮਣੀਆਂ ਅਤੇ ਧ੍ਰੋਹੀ ਸਾਜ਼ਸ਼ਾਂ ਨੇ ਐਂਗਲੋ-ਸਿੱਖ ਯੁੱਧਾਂ ਨੂੰ ਜਨਮ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ 1849 ਈ: ਵਿਚ ਅੰਗ੍ਰੇਜ਼ੀ ਸਾਮਰਾਜ ਵਿਚ ਸਮਾਹਿਤ ਕਰ ਲਿਆ ਗਿਆ । ਸਿੱਖ ਆਪਣੀ ਵਿਸ਼ਿਸ਼ਟ ਸੂਰਮਤਾ ਅਤੇ ਸਾਹਸ ਨਾਲ ਲੜੇ ਪਰੰਤੂ ਬਰਤਾਨੀਆ ਦੀ ਸ਼ਕਤੀ ਅਤੇ ਯੁੱਧ-ਕਲਾ ਸਾਮ੍ਹਣੇ ਕੋਈ ਪੇਸ਼ ਨ ਗਈ ।

ਸਮਾਹਿਤ ਹੋ ਜਾਣ ਤੋਂ ਪਿੱਛੋਂ ਖਾਲਸੇ ਦੇ ਵਰਤਾਰੇ ਵਿਚ ਅਚਨਚੇਤੀ ਪਰਿਵਰਤਨ ਆਇਆ ਜਿਹੜਾ 1857 ਦੇ ਵਿਦ੍ਰੋਹ ਨੇ ਪੈਦਾ ਕੀਤਾ । ਬਰਤਾਨੀਆ ਦੇ ਕੱਟੜ ਵੈਰੀ ਹੋਣ ਦੀ ਬਜਾਏ ਉਹ ਉਨ੍ਹਾਂ ਦੇ ਪੱਕੇ ਵਫ਼ਾਦਾਰ ਮਿੱਤਰ ਅਤੇ ਸ਼ਰਧਾਲੂ ਸੇਵਕ ਬਣ ਗਏ ਅਤੇ ਉਹ ਸਾਰੇ ਲਾਭ ਪ੍ਰਾਪਤ ਕੀਤੇ ਜਿਹੜੇ ਕਿਸੇ ਜਾਤੀ ਨੂੰ ਬਰਤਾਨਵੀ ਬਾਦਸ਼ਾਹਤ ਪ੍ਰਤਿ ਵਫ਼ਾਦਾਰੀ ਅਤੇ ਭਗਤੀ ਦੇ ਬਦਲੇ ਮਿਲ ਸਕਦੇ ਸਨ ।

ਅੰਗ੍ਰੇਜ਼ਾਂ ਦੇ ਚਲੇ ਜਾਣ ਪਿੱਛੋਂ ਸਿੱਖਾਂ ਨੂੰ ਨ ਕੇਵਲ ਆਪਣਾ ਘਰ-ਘਾਟ ਹੀ ਛੱਡਣਾ ਪਿਆ, ਸਗੋਂ ਬਾਕੀ ਬਚੀਆਂ ਸਿੱਖ ਰਿਆਸਤਾਂ ਵੀ ਸਮਾਪਤ ਹੋ ਗਈਆਂ । ਅਕਾਲੀਆਂ ਦੀ ਅਗਵਾਈ ਅਧੀਨ ਹੁਣ ਜੋ ਕੁਝ ਸਿੱਖਾਂ ਨੂੰ ਪ੍ਰਾਪਤ ਹੋਇਆ ਹੈ ਉਹ ਰੀਜਨਲ ਫਾਰਮੂਲਾ ਹੈ ਜਿਸ ਅਨੁਸਾਰ ਉਨ੍ਹਾਂ ਨੂੰ ਪੰਜਾਬ ਦੇ ਜਲੰਧਰ ਡਵੀਜ਼ਨ ਵਿਚ ਕੁਝ ਇਕ ਲਾਭ ਪ੍ਰਾਪਤ ਹੋ ਗਏ ਹਨ ।

ਉਨ੍ਹਾਂ ਦੀ ਅਵਸਥਾ ਅਤੇ ਭਵਿੱਖ ਵਿਚ ਹੋਰ ਕੋਈ ਪਰਿਵਰਤਨ ਵੀ ਆਵੇਗਾ, ਇਹ ਗੱਲ ਕਲਪਣਾਤੀਤ ਹੈ । ਉਨ੍ਹਾਂ ਨੇ ਮਹਿਸੂਸ ਕਰ ਲਿਆ ਜਾਪਦਾ ਹੈ ਕਿ ਜੇ ਉਹ ਦੇਸ਼ ਵਿਚ ਕੋਈ ਰਾਜਨੀਤਿਕ ਰੁਤਬਾ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਉਹ ਅਜਿਹਾ ਕਾਂਗਰਸ ਪਾਰਟੀ ਅਧੀਨ ਹੀ ਕਰ ਸਕਦੇ ਹਨ ।

ਦਿੱਲੀ-8 ਜੀ. ਸੀ. ਨਾਰੰਗ

7 ਅਕਤੂਬਰ, 1956

ਪੰਜਵੇਂ ਸੰਸਕਰਣ ਦੀ ਭੂਮਿਕਾ

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਪੁਸਤਕ 'ਟ੍ਰਾਂਸਫਾਰਮੇਸ਼ਨ ਆਫ਼ ਸਿਖਿਜ਼ਮ' ਦਾ ਪੰਜਵਾਂ ਸੰਸਕਰਣ ਤਿਆਰ ਹੈ। ਇਹ ਗੱਲ ਮੈਨੂੰ ਹੋਰ ਵੀ ਖੁਸ਼ੀ ਪ੍ਰਦਾਨ ਕਰਦੀ ਹੈ ਕਿ ਮੇਰੇ ਪਿਆਰ ਨਾਲ ਕੀਤੇ ਇਸ ਕੰਮ ਦਾ ਨ ਕੇਵਲ ਜਨਤਾ ਵਲੋਂ ਸਗੋਂ ਬਹੁਤ ਸਾਰੇ ਸਥਾਨਾਂ ਤੇ ਯੂਨੀਵਰਸਿਟੀ ਅਧਿਕਾਰੀਆਂ ਵਲੋਂ ਇਸ ਦਾ ਨਿੱਘਾ ਸਵਾਗਤ ਕੀਤਾ ਗਿਆ ਹੈ। ਇਸ ਦੇ ਪ੍ਰਕਾਸ਼ਕਾਂ ਦਾ ਉੱਦਮ ਵੀ ਇਸ ਦੀ ਲੋਕਪ੍ਰਿਯਤਾ ਦਾ ਕਾਰਣ ਬਣਿਆ ਹੈ।

ਹਥਲਾ ਸੰਸਕਰਣ ਸੋਧਿਆ ਤੇ ਵੱਡਾ ਕੀਤਾ ਹੋਇਆ ਹੈ ਅਤੇ ਇਕ ਹੋਰ ਅਧਿਆਇ ਦਾ ਵਾਧਾ ਕਰ ਦਿੱਤਾ ਗਿਆ ਹੈ ਜਿਸ ਨਾਲ ਅਮਲੀ ਤੌਰ ਤੇ ਪੰਜਾਬੀ ਸੂਬੇ ਦੀ ਜਦੋ-ਜਹਿਦ ਦਾ ਹੁਣ ਤਕ ਦਾ ਇਤਿਹਾਸ ਇਸ ਵਿਚ ਪੂਰੀ ਤਰ੍ਹਾਂ ਆ ਗਿਆ ਹੈ। ਇਤਨੀਆਂ ਭੂਮਿਕਾਵਾਂ ਦੇ ਹੁੰਦਿਆਂ ਮੈਨੂੰ ਕੁਝ ਹੋਰ ਕਹਿਣ ਦੀ ਲੋੜ ਨਹੀਂ ਭਾਸਦੀ।

ਮਸੂਰੀ,
1 ਜੁਲਾਈ, 1960

ਜੀ. ਸੀ. ਨਾਰੰਗ

ਵਿਸ਼ੈ-ਸੂਚੀ

ਅਧਿਆਇ ੧

ਆਤਮਿਕ ਮੁਕਤੀ

ਗੁਰੂ ਨਾਨਕ ਦਾ ਉਪਦੇਸ਼ (1469-1538)

ਆਮ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੁਆਰਾ ਸਥਾਪਿਤ ਕੀਤਾ ਸਿੱਖ ਧਰਮ ਸ਼ਾਂਤਮਈ ਸਿੱਖਾਂ ਦਾ ਮਤ ਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਇਸ ਦਾ ਮੂਲ ਸੁਭਾਵ ਕਾਇਮ ਰਿਹਾ। ਉਨ੍ਹਾਂ ਸੰਬੰਧੀ ਕਿਹਾ ਜਾਂਦਾ ਹੈ ਕਿ ਉਹ ਇਕ ਮਹੱਤਵਾਕਾਂਖੀ ਪੁਰਸ਼ ਸਨ ਜਿਨ੍ਹਾਂ ਨੇ ਸ਼ਾਂਤਮਈ ਸ਼ਰਧਾਲੂਆਂ ਦੇ ਇਸ ਮਤ ਨੂੰ ਦ੍ਰਿੜ ਯੋਧਿਆਂ ਦੇ ਦਲ ਵਿਚ ਬਦਲ ਦਿੱਤਾ। ਇਹ ਨਿਰਸੰਦੇਹ ਸੱਚ ਹੈ ਕਿ ਸਿੱਖਾਂ ਦੀਆਂ ਰਾਜਸੀ ਉਮੰਗਾਂ ਦਸਵੇਂ ਗੁਰੂ ਦੀ ਅਗਵਾਈ ਵਿਚ ਵਧੇਰੇ ਉਜਾਗਰ ਹੋ ਗਈਆਂ, ਪਰੰਤੂ ਸਿੱਖ ਇਤਿਹਾਸ ਦਾ ਧਿਆਨ-ਪੂਰਵਕ ਅਧਿਐਨ ਸਿੱਧ ਕਰ ਦੇਵੇਗਾ ਕਿ ਪਰਿਵਰਤਨ-ਪ੍ਰਕਿਰਿਆ ਗੁਰੂ ਗੋਬਿੰਦ ਦੇ ਸਮੇਂ ਤੋਂ ਢੇਰ ਚਿਰ ਪਹਿਲਾਂ ਆਰੰਭ ਹੋ ਗਈ ਸੀ। ਵਾਸਤਵ ਵਿਚ ਗੁਰੂ ਗੋਬਿੰਦ ਸਿੰਘ ਆਪ ਅਤੇ ਉਨ੍ਹਾਂ ਦਾ ਕਰਮ ਉਸ ਵਿਕਾਸ-ਪ੍ਰਕਿਰਿਆ ਦੇ ਮੁਤਾਬਿਕ ਸਿੱਟੇ ਸਨ ਜਿਹੜੀ ਸਿੱਖ ਭਾਈਚਾਰੇ ਵਿਚ ਆਰੰਭਿਕ ਕਾਲ ਤੋਂ ਹੀ ਚਲ ਪਈ ਸੀ। ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਵਿਗਸਣ ਵਾਲਾ ਬੀਜ ਗੁਰੂ ਨਾਨਕ ਨੇ ਬੀਜਿਆ ਸੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਿੰਜਿਆ ਸੀ। ਉਹ ਤੇਗ ਜਿਸ ਨੇ ਖਾਲਸੇ ਦੀ ਪ੍ਰਤਿਸ਼ਠਾ ਦਾ ਮਾਰਗ ਬਣਾਇਆ, ਨਿਰਸੰਦੇਹ ਗੁਰੂ ਗੋਬਿੰਦ ਨੇ ਢਾਲੀ ਸੀ ਪਰੰਤੂ ਉਸ ਦਾ ਫੌਲਾਦ ਗੁਰੂ ਨਾਨਕ ਨੇ ਪ੍ਰਦਾਨ ਕੀਤਾ ਸੀ ਜਿਹੜਾ ਕਿ ਮਾਨੋਂ ਉਨ੍ਹਾਂ ਨੇ ਹਿੰਦੂ ਖਣਿਜ ਨੂੰ ਢਾਲ ਕੇ ਲੋਕਾਂ ਵਿਚੋਂ ਜੜ੍ਹਤਾ ਅਤੇ ਵਹਿਮ-ਪ੍ਰਸਤੀ ਤਥਾ ਪੁਜਾਰੀਆਂ ਦੇ ਦੰਭ ਤੇ ਪਖੰਡ ਦੀ ਮੈਲ ਨੂੰ ਕੱਢ ਕੇ ਤਿਆਰ ਕੀਤਾ ਸੀ।

ਜਰਮਨ ਬਾਦਸ਼ਾਹ ਕੈਸਰ ਵਿਲਹਮ (Kaiser Wilhelm) ਨੇ ਇਕ ਵਾਰੀ ਕਿਹਾ ਸੀ, "ਸਾਰੇ ਧਾਰਮਿਕ ਅੰਦੋਲਨ ਵਾਸਤਵ ਵਿਚ ਰਾਜਨੀਤਿਕ ਅੰਦੋਲਨ ਹੁੰਦੇ ਹਨ।" ਇਹ ਗੱਲ ਉਥੋਂ ਤਕ ਸੱਚੀ ਹੈ ਜਿਥੋਂ ਤਕ ਕਿ ਸਾਰੇ ਮਹਾਨ ਅੰਦੋਲਨ ਧਰਮ ਦੁਆਰਾ ਉਤਸਾਹਿਤ ਹੁੰਦੇ ਹਨ। ਮਹਾਤਮਾ ਬੁੱਧ ਦੇ ਨਰਮ ਅਤੇ ਕੋਮਲ-ਭਾਵੀ ਧਰਮ ਨੇ ਵੀ ਉਸ ਮਹਾਨ ਸਾਮਰਾਜ ਨੂੰ ਸਥਾਪਿਤ ਕਰ ਕੇ ਬਲਵਾਨ ਬਣਾਇਆ ਜਿਹੜਾ ਕਿ ਬਰਤਾਨਵੀ ਸਾਮਰਾਜ ਦੀ ਸਥਾਪਨਾ ਤੋਂ ਪਹਿਲਾਂ ਭਾਰਤ ਵਿਚ ਇਕੋ ਇਕ ਉਦਾਹਰਣ ਹੈ। ਹਜ਼ਰਤ

ਮੁਹੰਮਦ ਦੀਆਂ ਸਿਖਿਆਵਾਂ ਤੋਂ ਉਤਸਾਹਿਤ ਹੋ ਕੇ ਅਨਪੜ੍ਹ ਅਰਬਾਂ ਨੇ ਇਕ ਪਾਸੇ ਬੰਗਾਲ ਅਤੇ ਦੂਸਰੇ ਪਾਸੇ ਸਪੇਨ ਤਕ ਜਿੱਤ ਦਾ ਝੰਡਾ ਲਹਿਰਾਇਆ। ਯੂਰਪ ਆਪਣੇ ਵਰਤਮਾਨ ਰੂਪ ਨੂੰ ਉਦੋਂ ਹੀ ਗ੍ਰਹਿਣ ਕਰ ਸਕਿਆ ਜਦੋਂ ਲੂਥਰ ਨੇ ਉਸ ਦੇ ਚਿੰਤਨ ਨੂੰ ਬੰਧਨਾਂ ਤੋਂ ਮੁਕਤ ਕੀਤਾ, ਧਰਮ ਨੂੰ ਪਵਿੱਤਰ ਕੀਤਾ ਅਤੇ ਪੋਪ ਦੀ ਪ੍ਰਤਿਸ਼ਠਾ ਨਾਲ ਬੰਨ੍ਹਣ ਵਾਲੀਆਂ ਜ਼ੰਜੀਰਾਂ ਤੋੜ ਕੇ ਤੇ ਉਸ ਨੂੰ ਖੁਸ਼ਾਮਦੀ ਅਵਸਥਾ ਤੋਂ ਉਠਾ ਕੇ ਸੁਤੰਤਰਤਾ, ਸਵੈਮਾਨ ਅਤੇ ਸਵੈ-ਪ੍ਰਗਟਾਵੇ ਦੀ ਅਵਸਥਾ ਤਕ ਪਹੁੰਚਾ ਦਿੱਤਾ। ਪਿਊਰਿਟਨ ਧਰਮ ਨੇ ਇੰਗਲੈਂਡ ਵਿਚ ਵਾਸਤਵਿਕ ਸੁਤੰਤਰਤਾ ਦੀ ਸਥਾਪਨਾ ਕੀਤੀ, ਇਸ ਨੇ ਨਵ-ਵਿਸ਼ਵ ਦੀ ਨੀਂਹ ਰੱਖੀ ਅਤੇ ਇਹ ਪਿਊਰਿਟਨ ਧਰਮ ਹੀ ਸੀ ਜਿਸ ਨੇ ਅਮਰੀਕੀ ਸੁਤੰਤਰਤਾ ਦਾ ਯੁੱਧ ਛੇੜ ਕੇ, ਜਿੱਤ ਪ੍ਰਾਪਤ ਕੀਤੀ। ਸਮੁੱਚੀ ਰਾਜਸੀ ਪ੍ਰਗਤੀ ਲਈ ਉੱਚੇ ਵਿਚਾਰਾਂ, ਸਾਹਸਪੂਰਣ ਭਾਵਨਾ, "ਕਰਮ-ਇੱਛਾ ਅਤੇ ਸਾਹਸ", ਨਿਜੀ ਅਤੇ ਸਮੂਹੀ ਜੀਵਨ ਦੀ 'ਸ਼ੁੱਧਤਾ ਅਤੇ ਦਿਆਨਤਦਾਰੀ ਦੀ ਲੋੜ ਹੁੰਦੀ ਹੈ। ਕਿਸੇ ਜਾਤੀ ਵਿਚ ਜਿਹੜਾ ਅੰਦੋਲਨ ਉਕਤ ਗੁਣ ਪੈਦਾ ਕਰਦਾ ਹੈ, ਉਹ ਉਨ੍ਹਾਂ ਨੂੰ ਰਾਜਸੀ ਪ੍ਰਯਤਨ ਕਰਨ ਅਤੇ ਰਾਜਨੀਤਿਕ ਪ੍ਰਤਿਸ਼ਠਾ ਦੇ ਮਾਰਗ ਉਤੇ ਅੱਗੇ ਵਧਣ ਦੀ ਯੋਗਿਤਾ ਪ੍ਰਦਾਨ ਕਰਦਾ ਹੈ।

ਇਹ ਪ੍ਰੇਰਣਾ ਕਈ ਵਾਰੀ ਸਾਹਿਤ ਤੋਂ ਮਿਲਦੀ ਹੈ ਜਾਂ ਫਿਰ ਕਿਸੇ ਜਾਤੀ ਦੀਆਂ ਵਿਸ਼ੇਸ਼ ਪਰਿਸਥਿਤੀਆਂ ਅਰਥਾਤ ਕਿਸੇ ਰਾਸ਼ਟਰ ਨੂੰ ਰੜਕਣ ਵਾਲੇ ਅਤਿਆਚਾਰ ਅਤੇ ਅਨਿਆਇ ਦੇ ਦਮਨਕਾਰੀ ਵਾਤਾਵਰਣ ਵਿਰੁੱਧ ਸੁਭਾਵਿਕ ਪ੍ਰਤਿਕਿਰਿਆ ਵਿਚੋਂ ਪ੍ਰਗਟ ਹੁੰਦੀ ਹੈ। ਪਰ ਵਧੇਰੇ ਕਰਕੇ ਇਹ ਗੁਣ ਧਰਮ ਵਿਚੋਂ ਹੀ ਪੈਦਾ ਹੁੰਦੇ ਰਹੇ ਹਨ। ਸੰਸਾਰ ਵਿਚ ਹੋਰ ਕਿਤੇ ਵੀ ਰਾਜਨੀਤਿਕ ਅੰਦੋਲਨਾਂ ਦਾ ਧਰਮ ਨਾਲ ਇਤਨਾ ਨੇੜੇ ਦਾ ਸੰਬੰਧ ਨਹੀਂ ਰਿਹਾ ਜਿਤਨਾ ਕਿ ਭਾਰਤ ਵਿਚ। 1857 ਦਾ ਵਿਦਰੋਹ ਮੁੱਖ ਤੌਰ ਤੇ ਹਿੰਦੂ ਅਤੇ ਮੁਸਲਮਾਨ ਸੈਨਿਕਾਂ ਦੀਆਂ ਉਨ੍ਹਾਂ ਧਾਰਮਿਕ ਭਾਵਨਾਵਾਂ ਦਾ ਪਰਿਣਾਮ ਸੀ ਜਿਨ੍ਹਾਂ ਉਤੇ ਚਰਬੀ ਵਾਲੇ ਕਾਰਤੂਸਾਂ ਦੁਆਰਾ ਭਾਰੀ ਸੱਟ ਵੱਜੀ ਸੀ। ਵਹਾਬੀ ਅੰਦੋਲਨ, ਜਿਸ ਨੇ ਇਕ ਸਮੇਂ, ਭਾਰਤ ਲਈ ਸਰਹੱਦੀ ਯੁੱਧ ਵਿਚ ਉਲਝ ਜਾਣ ਦਾ ਖਤਰਾ ਖੜਾ ਕਰ ਦਿੱਤਾ ਸੀ, ਅਖੌਤੀ ਰੂਪ ਵਿਚ ਇਕ ਅਜੇਹਾ ਧਾਰਮਿਕ ਅੰਦੋਲਨ ਸੀ, ਜਿਹੜਾ ਕਾਫਰਾਂ ਵਿਰੁੱਧ ਜਹਾਦ ਸੀ। ਕੂਕਾ ਵਿਦਰੋਹ, ਜਿਸ ਦੇ ਸਿੱਟੇ ਵਜੋਂ ਬਾਬਾ ਰਾਮ ਸਿੰਘ ਨੂੰ ਦੇਸ਼-ਨਿਕਾਲੇ ਦੀ ਸਜ਼ਾ ਹੋਈ ਅਤੇ ਉਸ ਦੇ ਬਹੁਤ ਸਾਰੇ ਅਨੁਯਾਈ ਤੋਪਾਂ ਨਾਲ ਉਡਾ ਦਿੱਤੇ ਗਏ, ਦਾ ਮੁੱਖ ਕਾਰਣ ਵੀ ਹਠਧਰਮੀ ਸੀ। ਅਤੇ ਅਖੀਰਲੀ ਪਰ ਉਤਨੀ ਹੀ ਮਹੱਤਵਪੂਰਣ ਘਟਨਾ ਬੰਗਾਲ ਵਿਚ ਪਿੱਛੇ ਜੇਹੇ ਹੋਈ ਗੜਬੜ[1] ਵੀ ਇਸ ਸਚਾਈ ਨੂੰ ਸਿੱਧ ਕਰਦੀ ਹੈ। ਇਸ ਨਾਟਕ ਦੇ ਸਾਰੇ ਅਭਿਨੇਤਾ ਧਾਰਮਿਕ ਪੁਰਸ਼ ਸਨ ਅਤੇ ਇਨ੍ਹਾਂ ਵਿਚ ਅਜੇਹੇ ਲੋਕ ਵੀ ਸਨ ਜਿਨ੍ਹਾਂ ਦੇ ਇਕ ਹੱਥ ਵਿਚ ਬੰਬ ਹੁੰਦਾ ਸੀ ਅਤੇ ਦੂਸਰੇ ਹੱਥ ਵਿਚ ਭਾਗਵਤ ਗੀਤਾ। ਜੇ ਅਸੀਂ

1. 1908 ਵਿਚ

ਭਾਰਤ ਦਾ ਹੋਰ ਪੁਰਾਣਾ ਇਤਿਹਾਸ ਫੋਲੀਏ ਤਾਂ ਉਥੇ ਵੀ ਸਾਨੂੰ ਇਹੀ ਪ੍ਰਕਿਰਿਆ ਨਜ਼ਰ ਆਉਂਦੀ ਹੈ। ਸ਼ਿਵਾ ਜੀ ਨੇ ਕੋਈ ਨਵਾਂ ਮਤ ਨਹੀਂ ਚਲਾਇਆ ਸੀ ਪਰੰਤੂ ਉਨ੍ਹਾਂ ਨੇ ਮਹਾਰਾਸ਼ਟਰ ਦੇ ਨਾਨਕ, ਰਾਮ ਦਾਸ,[1] ਤੋਂ ਪ੍ਰੇਰਣਾ ਲਈ ਅਤੇ ਲੋਕਾਂ ਦੀ ਧਾਰਮਿਕ ਭਾਵਨਾ ਉੱਤੇਜਿਤ ਕਰ ਕੇ ਅਤੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਸਮਰਥਕ ਅਤੇ ਬ੍ਰਾਹਮਣ ਤੇ ਗਊ ਦਾ ਰੱਖਿਅਕ ਘੋਸ਼ਿਤ ਕਰ ਕੇ, ਸਾਮਰਾਜ ਦੀ ਸਥਾਪਨਾ ਕੀਤੀ। ਭਾਰਤ ਦੇ ਲੋਕਾਂ ਵਿਚ ਰਾਜਨੀਤਿਕ ਚੇਤਨਾ ਦੀ ਘਾਟ ਹੈ ਅਤੇ ਨਾਗਰਿਕ ਜੀਵਨ ਦੇ ਅਧਿਕਾਰਾਂ ਤੇ ਕਰਤੱਵਾਂ ਤੋਂ ਉਹ ਚਿਰਾਂ ਤੋਂ ਅਪਰਿਚਿਤ ਰਹੇ ਹਨ। ਉਹ ਪ੍ਰਾਚੀਨ ਕਾਲ ਤੋਂ ਕੱਟੜ ਧਾਰਮਿਕ ਵਿਅਕਤੀ ਰਹੇ ਹਨ ਅਤੇ ਇਸੇ ਲਈ ਉਨ੍ਹਾਂ ਦੇ ਮਹਾਨ ਕਾਰਜਾਂ ਅਤੇ ਪ੍ਰਾਪਤੀਆਂ ਦੀ ਮੁੱਖ ਸੰਚਾਲਕ ਸ਼ਕਤੀ ਧਰਮ ਰਿਹਾ ਹੈ।[2]

ਗੁਰੂ ਨਾਨਕ ਦੇਵ, ਆਪਣੇ ਸਮੇਂ ਦੀ ਹਿੰਦੂ ਜਾਤੀ ਦਾ ਸੰਪੂਰਣ ਵਿਸ਼ਲੇਸ਼ਣ ਕਰ ਕੇ ਇਸ ਸਿੱਟੇ ਤੇ ਪਹੁੰਚੇ ਲਗਦੇ ਹਨ ਕਿ ਧਾਰਮਿਕ ਸੁਰਜੀਤੀ ਹੀ ਇਕੋ ਇਕ ਉਪਾਉ ਹੈ। ਜੇ ਗੁਰੂ ਸਾਹਿਬ ਦੀਆਂ ਰੁਚੀਆਂ ਰਾਜਸੀ ਵੀ ਹੁੰਦੀਆਂ ਤਾਂ ਵੀ ਉਹ ਰਾਜਨੀਤਿਕ ਸਰਗਰਮੀਆਂ ਦੀਆਂ ਦੋਵੇਂ ਵਿਧੀਆਂ ਵਰਤ ਕੇ ਹਿੰਦੂਆਂ ਦੀ ਹਾਲਤ ਵਿਚ ਕੋਈ ਸੁਧਾਰ ਨ ਲਿਆ ਸਕਦੇ। ਸੰਵਿਧਾਨਿਕ (ਦਸਤੂਰੀ) ਵਿਰੋਧ ਅਸਫਲ ਹੋ ਗਿਆ ਹੁੰਦਾ ਕਿਉਂਕਿ ਉਨ੍ਹਾਂ ਦਿਨਾਂ ਵਿਚ ਭਾਰਤ ਦਾ ਕੋਈ ਸੰਵਿਧਾਨ ਹੀ ਨਹੀਂ ਸੀ। ਸ਼ਾਸਕ ਨਿਰੰਕੁਸ਼ਵਾਦ ਦੇ ਸਰਗਰਮ ਵਿਦਰੋਹ ਦਾ ਪ੍ਰਸ਼ਨ ਹੀ ਨਹੀਂ ਸੀ ਉਠਦਾ ਕਿਉਂਕਿ ਹਿੰਦੂ ਇਤਨੇ ਨਿਰਬਲ ਹੋ ਚੁੱਕੇ ਸਨ ਕਿ ਕੋਈ ਸਫਲ ਵਿਰੋਧ ਨਹੀਂ ਕਰ ਸਕਦੇ ਸਨ। ਪੰਜਾਬ ਵਿਚ ਹਿੰਦੂਆਂ ਦੀ ਅਵਸਥਾ ਨਿਰਸੰਦੇਹ ਸਭ ਤੋਂ ਵੱਧ ਸ਼ੋਕਮਈ ਸੀ। ਇਸ ਸੂਬੇ ਨੂੰ ਮੁਸਲਮਾਨਾਂ ਨੇ ਸਭ ਤੋਂ ਪਹਿਲਾਂ ਫਤਿਹ ਕੀਤਾ ਸੀ। ਇਹ ਦੋ ਮੁਸਲਮਾਨੀ ਰਾਜਧਾਨੀਆਂ ਦਿੱਲੀ ਅਤੇ ਕਾਬੁਲ ਵਿਚਕਾਰ ਸਥਿਤ ਸੀ। ਇਥੇ ਮੁਸਲਮਾਨੀ ਸਰਕਾਰ ਦੇ ਪੈਰ ਪੱਕੀ ਤਰ੍ਹਾਂ ਜੰਮ ਚੁੱਕੇ ਸਨ। ਧਰਮ ਬਦਲੀ ਦੀ ਲਹਿਰ ਇਸੇ ਸੂਬੇ ਵਿਚ ਪੂਰੀ ਤਾਕਤ ਨਾਲ ਫੈਲਾਈ ਜਾ ਚੁੱਕੀ ਸੀ ਅਤੇ ਪੰਜਾਬ ਵਿਚ ਇਸਲਾਮ ਗ੍ਰਹਿਣ ਕਰਨ ਵਾਲੇ ਲੋਕਾਂ ਦੀ ਸੰਖਿਆ ਸਭ ਤੋਂ ਵੱਧ ਸੀ। ਹਿੰਦੂ ਮੰਦਰ ਢਾਹ ਦਿੱਤੇ ਗਏ ਸਨ। ਹਿੰਦੂ ਪਾਠਸ਼ਾਲਾਂ ਅਤੇ ਵਿਦਿਆਲਿਆਂ ਨੂੰ ਮਸਜਿਦਾਂ ਵਿਚ ਬਦਲ ਦਿੱਤਾ ਗਿਆ ਸੀ। ਹਿੰਦੂ ਧਰਮ ਦੀ ਮਹਾਨਤਾ ਦੇ ਸਾਰੇ ਚਿੰਨ੍ਹ ਮਲੀਆਮੇਟ ਕਰ ਦਿੱਤੇ ਗਏ ਸਨ। ਅਨੰਗਪਾਲ[3] ਦੀ ਹਾਰ ਅਤੇ ਗੁਰੂ ਨਾਨਕ ਦੇ ਜਨਮ ਦੇ ਵਿਚਕਾਰ ਕੋਈ ਸਾਢੇ ਚਾਰ ਸੌ ਸਾਲ ਦੇ ਸਮੇਂ ਵਿਚ ਇਤਿਹਾਸ

---

1. ਉਨ੍ਹਾਂ ਦੀ ਯਾਦ ਸਾਰੇ ਮਹਾਰਾਸ਼ਟਰ ਵਿਚ ਮਨਾਈ ਜਾਂਦੀ ਹੈ ਅਤੇ ਸਤਾਰਾ ਦੇ ਨੇੜੇ ਪਰਾਲੀ ਵਿਖੇ ਉਨ੍ਹਾਂ ਦੀ ਸਮਾਧੀ ਦੀ ਹਜ਼ਾਰਾਂ ਲੋਕ ਯਾਤਰਾ ਕਰਦੇ ਹਨ।
2. ਮਹਾਤਮਾ ਗਾਂਧੀ ਦੀ ਸ਼ਕਤੀ ਅਤੇ ਉਨ੍ਹਾਂ ਦੇ ਹਰਮਨ ਪਿਆਰਾ ਹੋਣ ਦਾ ਰਾਜ਼ ਉਨ੍ਹਾਂ ਦੀ ਰਾਜਨੀਤੀ ਨਾਲੋਂ ਵਧੇਰੇ ਉਨ੍ਹਾਂ ਦੀ ਧਰਮਗਤਾ ਅਤੇ ਤਿਆਗ-ਬਿਰਤੀ ਵਿਚ ਸੀ।
3. ਪੰਜਾਬ ਦਾ ਰਾਜਾ, 1001-1021 ਈ.। ਕੁਝ ਇਤਿਹਾਸਕਾਰ ਇਸ ਦਾ ਨਾਂ ਅਨੰਦਪਾਲ ਲਿਖਦੇ ਹਨ।

ਪੰਜਾਬ ਦੇ ਕਿਸੇ ਹਿੰਦੂ ਦਾ ਨਾਂ ਨਹੀਂ ਦਸਦਾ। ਜਿਹੜੇ ਧਰਮ-ਪਰਿਵਰਤਨ ਤੋਂ ਬਚ ਗਏ ਸਨ, ਉਨ੍ਹਾਂ ਕੋਲੋਂ ਜੀਵਨ ਨੂੰ ਮਹਾਨ ਅਤੇ ਗੌਰਵਪੂਰਣ ਬਣਾਉਣ ਅਤੇ ਧਰਮ ਨੂੰ ਵਹਿਮਪ੍ਰਸਤੀ ਜਾਂ ਵਿਵਰਜਨਾਵਾਂ ਤੋਂ ਵਖਰਿਆਉਣ ਵਾਲਾ ਸਭ ਕੁਝ ਖੁਸ ਚੁੱਕਾ ਸੀ।

ਹਿਦੂ ਧਰਮ ਬੁੱਧ ਮਤ ਅਤੇ ਜੈਨ ਮਤ ਤੋਂ ਵਿਰਾਸਤ ਵਿਚ ਪ੍ਰਾਪਤ ਹੋਣ ਵਾਲੀਆਂ ਕੁਰੀਤੀਆਂ ਨੂੰ ਛੱਡ ਨਹੀਂ ਸਕਿਆ ਸੀ। ਇਸਲਾਮ ਦੇ ਆਗਮਨ ਤੋਂ ਪਹਿਲਾਂ ਇਹ ਬੁੱਤ-ਪ੍ਰਸਤ ਬਣ ਗਿਆ ਸੀ। ਜੈਨ ਧਰਮ ਤੋਂ ਇਸ ਨੇ ਅਵਤਾਰਵਾਦ ਦਾ ਸਿਧਾਂਤ ਗ੍ਰਹਿਣ ਕਰ ਲਿਆ ਸੀ। ਪਰੰਤੂ ਇਸਲਾਮ ਦੇ ਧਾਵੇ ਨੇ ਹਿੰਦੂ ਨੇਤਾਵਾਂ ਵਿਚ ਇਤਨੀ ਗੜਬੜੀ ਅਤੇ ਘਬਰਾਹਟ ਫੈਲਾ ਦਿੱਤੀ ਸੀ ਕਿ ਪੁਨਰ ਵਿਚਾਰ ਅਤੇ ਸੁਧਾਰ ਦੇ ਸਾਰੇ ਅਵਸਰ ਸਮਾਪਤ ਹੋ ਗਏ ਸਨ। ਹਰ ਕੁਰਬਾਨੀ ਦੇ ਕੇ ਕਿਸੇ ਨ ਕਿਸੇ ਰੂਪ ਵਿਚ ਆਤਮ-ਸੁਰੱਖਿਆ ਦੀ ਭਾਵਨਾ ਨੂੰ ਕਾਇਮ ਰੱਖਣਾ ਪ੍ਰਮੁੱਖ ਅਤੇ ਸਰਵ ਪ੍ਰਧਾਨ ਉੱਦੇਸ਼ ਬਣ ਗਿਆ ਸੀ। ਇਸ ਝੱਖੜ ਵਿਚ ਹਰੇਕ ਵਸਤੂ ਦੇ ਉਡ ਜਾਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਹਾਲਤ ਵਿਚ ਹਿੰਦੂਆਂ ਨੇ ਕਣਕ ਅਤੇ ਤੂੜੀ ਨੂੰ ਅਲੱਗ ਕਰਨ ਦੀ ਕੋਸ਼ਿਸ਼ ਵਿਚ ਦੋਹਾਂ ਨੂੰ ਗੁਆ ਬੈਠਣ ਦੇ ਡਰੋਂ, ਦੋਹਾਂ ਨੂੰ ਅਣਵੰਡੇ ਰੂਪ ਵਿਚ ਰੱਖ ਲੈਣਾ ਵਧੇਰੇ ਚੰਗਾ ਸਮਝਿਆ। ਰੱਖਿਅਕ ਪੁਜਾਰੀ ਜਿਹੜੇ ਕਿ ਉੱਚ ਪਦਾਧਿਕਾਰੀਆਂ ਦੀ ਤਰ੍ਹਾਂ ਆਲਸੀ ਅਤੇ ਨਿਕੰਮੇ ਹੋ ਚੁੱਕੇ ਸਨ, ਸਾਰੇ ਹਿੰਦੂਆਂ ਨੂੰ ਇਕ ਲੜੀ ਵਿਚ ਪਰੋ ਦੇਣ ਦੇ ਯੋਗ ਨਹੀਂ ਸਨ ਤਾਂ ਜੋ ਏਕਤਾ ਭਰੇ ਉਦਮ ਦੁਆਰਾ ਆਕ੍ਰਮਣ ਦਾ ਮੂੰਹ ਭੁਆਇਆ ਜਾ ਸਕਦਾ। ਚਾਰਲਸ ਮਾਰਟਿਲ ਜਾਂ ਹਰਮਿਟ ਪੀਟਰ ਦਾ ਕਰਮ ਕਰਨ ਦੇ ਅਯੋਗ ਹੋਣ ਕਾਰਣ ਉਨ੍ਹਾਂ ਨੇ ਆਪਣੇ ਆਪ ਨੂੰ ਜਾਤ-ਪਾਤ ਦੇ ਮਜ਼ਬੂਤ ਕਿਲ੍ਹੇ ਅੰਦਰ ਡੱਕ ਲਿਆ। ਉਚੇਰੀਆਂ ਜਾਤੀਆਂ ਨੂੰ ਇਸ ਦੇ ਅੰਦਰ ਦਾਖਲ ਕਰ ਕੇ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੀ ਕਿਸਮਤ ਦੇ ਸਹਾਰੇ ਛੱਡ ਦਿੱਤਾ।[1]

ਪੁਜਾਰੀ ਸ਼੍ਰੇਣੀ ਨੇ ਇਸ ਕਿਲ੍ਹੇ ਦੇ ਕਮਾਂਡਰ ਦਾ ਕਰਤੱਵ ਨਿਭਾਇਆ ਅਤੇ ਅਨੁ-ਸ਼ਾਸਨ ਤੋਂ ਥੋੜਾ ਜੇਹਾ ਵੀ ਡੋਲ ਜਾਣ ਵਾਲੇ ਵਿਅਕਤੀ ਨੂੰ ਕਠੋਰ ਦੰਡ ਦਿੱਤਾ। ਕਈ ਵਾਰੀ ਤਾਂ ਉਸ ਨੂੰ ਇਸ ਘੇਰੇ ਵਿਚੋਂ ਹੀ ਬਾਹਰ ਕੱਢ ਦਿੱਤਾ ਗਿਆ।[2]

ਗੁਰੂ ਨਾਨਕ ਦੇ ਜਨਮ ਸਮੇਂ ਲੋਕ-ਧਰਮ ਖਾਣ-ਪੀਣ ਦੀਆਂ ਵਿਸ਼ੇਸ਼ ਰਸਮਾਂ, ਇਸ਼ਨਾਨ ਦੀਆਂ ਵਿਸ਼ੇਸ਼ ਵਿਧੀਆਂ, ਮਸਤਕ ਤੇ ਟਿੱਕੇ ਲਾਉਣ ਅਤੇ ਇਹੋ ਜੇਹੀਆਂ ਹੋਰ ਰੀਤਾਂ ਦੇ

---

1. ਸਿੱਟੇ ਵਜੋਂ ਬਹੁਤੇ ਦੁਜਨਮੇ ਹਿੰਦੂ ਤਾਂ ਬਚ ਗਏ ਪਰ ਦੂਜੀਆਂ ਜਾਤੀਆਂ ਦੀ ਬਹੁਸੰਖਿਆ ਇਸਲਾਮ ਦੀ ਧਰਮ ਬਦਲੀ ਦੀ ਭਾਵਨਾ ਦੀ ਸ਼ਿਕਾਰ ਹੋ ਗਈ।
2. ਇਹ ਬੁਰਾਈ ਨਸ਼ਰ ਹੋ ਚੁੱਕੀ ਹੈ ਕਿ ਹੁਣ ਵੀ ਜਿਨ੍ਹਾਂ ਥਾਵਾਂ ਤੇ ਕੱਟੜਪਣੇ ਦਾ ਜ਼ੋਰ ਹੈ ਉਥੇ ਜਾਤੀ ਨਿਯਮਾਂ ਦੀ ਮਾੜੀ ਜੇਹੀ ਉਲੰਘਣਾ ਕਰਨ ਨਾਲ ਬਰਾਦਰੀ ਵਿਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਬਹੁਤੀਆਂ ਹਾਲਤਾਂ ਵਿਚ ਤਾਂ ਉਲੰਘਣਾ ਕਰਨ ਵਾਲਾ ਮਜਬੂਰ ਹੋ ਕੇ ਬਦੋ-ਬਦੀ ਇਸਲਾਮ ਜਾਂ ਈਸਾਈ ਧਰਮ ਗ੍ਰਹਿਣ ਕਰ ਲੈਂਦਾ ਹੈ।

ਪਾਲਣ ਤਕ ਸੀਮਿਤ ਹੋ ਗਿਆ ਸੀ। ਜਿਥੇ ਕਿਤੇ ਬੁੱਤ ਬਚ ਗਏ ਸਨ ਉਥੇ ਬੁੱਤ-ਪੂਜਾ, ਜਿਥੇ ਕਿਤੇ ਆਗਿਆ ਹੁੰਦੀ ਉਥੇ ਗੰਗਾ ਅਤੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ, ਵਿਆਹ-ਸ਼ਾਦੀਆਂ ਅਤੇ ਮਰਨ ਸੰਬੰਧੀ ਕੁਝ ਇਕ ਰਸਮਾਂ ਦਾ ਪਾਲਣ, ਬ੍ਰਾਹਮਣਾਂ ਦੇ ਕਥਨਾਂ ਦਾ ਪਾਲਣ ਅਤੇ ਉਨ੍ਹਾਂ ਨੂੰ ਵੱਡੇ ਵੱਡੇ ਦਾਨ ਦੇਣਾ ਹੀ ਹਿੰਦੂ ਧਰਮ ਰਹਿ ਗਿਆ ਸੀ ਜਿਵੇਂ ਕਿ ਇਹ ਉਸ ਵੇਲੇ ਦੇ ਲੋਕਾਂ ਵਿਚ ਪ੍ਰਚਲਿਤ ਸੀ।

ਕੇਵਲ ਪੁਜਾਰੀ ਹੀ ਧਰਮ ਗ੍ਰੰਥਾਂ ਦਾ ਪਾਠ ਕਰ ਸਕਦੇ ਸਨ ਅਤੇ ਕੇਵਲ ਉਹੀ ਹਿੰਦੂ ਦਰਸ਼ਨ ਦੇ ਉਚੇਰੇ ਸੱਤ ਅਤੇ ਮਿਹਰ ਦੀ ਪ੍ਰਾਪਤੀ ਕਰ ਸਕਦੇ ਸਨ। ਔਪਰ, ਉਹ ਆਪ ਦੰਭੀ ਅਤੇ ਪਖੰਡੀ ਬਣ ਚੁੱਕੇ ਸਨ। ਉਨ੍ਹਾਂ ਵਿਚੋਂ ਕੁਝ ਇਕ ਨੂੰ ਅਜੇ ਵੀ ਆਪਣੇ ਧਰਮ ਗ੍ਰੰਥ ਜ਼ਬਾਨੀ ਯਾਦ ਸਨ ਪਰੰਤੂ ਅਮਲੀ ਜੀਵਨ ਵਿਚ ਉਹ ਧਰਮ ਗ੍ਰੰਥਾਂ ਦੁਆਰਾ ਦੱਸੇ ਮਾਰਗ ਤੋਂ ਉਲਟ ਰਾਹ ਤੇ ਚੱਲਣ ਲੱਗ ਪਏ ਸਨ। ਆਪਣੇ ਇੱਜੜ ਦੇ ਚੰਗੇ ਚਰਵਾਹੇ ਬਣਨਾ ਉਨ੍ਹਾਂ ਦਾ ਕਰਤੱਵ ਸੀ ਪਰੰਤੂ ਆਪਣੀਆਂ ਭੇਡਾਂ ਦੀ ਉੱਨ ਲਾਹੁਣਾ ਹੀ ਉਨ੍ਹਾਂ ਦਾ ਇਕੋ ਇਕ ਕੰਮ ਰਹਿ ਗਿਆ ਸੀ। ਜਿਥੋਂ ਤਕ ਉਨ੍ਹਾਂ ਦੀਆਂ ਆਤਮਿਕ ਲੋੜਾਂ ਦਾ ਪ੍ਰਸ਼ਨ ਸੀ :

'ਭੁੱਖੀਆਂ ਭੇਡਾਂ ਉਨ੍ਹਾਂ ਵਲ ਝਾਕਦੀਆਂ ਸਨ ਪਰ ਉਨ੍ਹਾਂ ਨੂੰ ਚਾਰਾ ਨਹੀਂ ਮਿਲਦਾ ਸੀ।'

ਸੱਚੇ ਧਰਮ ਦੇ ਸੋਤਿਆਂ ਵਿਚ ਨਿਰਾਰਥਕ ਰਸਮਾਂ, ਕੋਝੇ ਵਹਿਮਾਂ, ਪੁਜਾਰੀਆਂ ਦੇ ਸੁਆਰਥ ਅਤੇ ਲੋਕਾਂ ਦੇ ਆਲਸ ਦੇ ਕੱਖਾਂ-ਕੰਡਿਆਂ ਨੇ ਰੋਕ ਪਾ ਦਿੱਤੀ ਸੀ। ਭੇਖਾਂ ਨੇ ਸਭ ਦੀ ਥਾਂ ਮੱਲ ਕੇ ਹਿੰਦੂ ਧਰਮ ਦੇ ਉੱਚੇ ਅਧਿਆਤਮਿਕ ਕਿਰਦਾਰ ਨੂੰ ਵਿਭਿੰਨ ਮਤਾਂ ਦੇ ਵਿਖਾਵੇ ਭਰੇ ਅਡੰਬਰ ਹੇਠ ਦਬਾ ਲਿਆ ਸੀ। ਸਦੀਆਂ ਦੇ ਹਮਲਿਆਂ, ਵਿਦੇਸ਼ੀ ਕੁਸ਼ਾਸਨ ਅਤੇ ਅਤਿਆਚਾਰ ਨੇ ਸਾਹਸਹੀਣਤਾ ਫੈਲਾਈ ਅਤੇ ਆਤਮਿਕ ਅਧੀਨਤਾ ਅਤੇ ਸੜ੍ਹਾਂਦ ਨੇ ਇਸ ਗਿਰਾਵਟ ਵਿਚ ਬੇਅੰਤ ਵਾਧਾ ਕਰ ਦਿੱਤਾ ਸੀ।

ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ ਨੂੰ ਅਜੇਹੀ ਪਰਿਸਥਿਤੀ ਦਾ ਸ਼ਿਕਾਰ ਹੋਏ ਵੇਖਿਆ। ਅਜੇ ਉਹ ਬਾਲਕ ਹੀ ਸਨ ਕਿ ਉਨ੍ਹਾਂ ਦੇ ਮਨ ਵਿਚ ਸਾਰੇ ਪੰਜਾਬ ਵਿਚ ਪਸਰੇ ਦੰਭ ਅਤੇ ਨਿਸ਼ੇਧ ਨੇ ਘ੍ਰਿਣਾ ਭਰ ਦਿੱਤੀ। ਉਨ੍ਹਾਂ ਨੇ ਆਪਣੇ ਰਾਸ਼ਟਰ ਦੀ ਸੇਵਾ ਕਰਨ ਲਈ ਆਪਣਾ ਜੀਵਨ ਸਮਰਪਣ ਕਰ ਕੇ ਸਿੱਧਾਂਤ ਅਤੇ ਅਮਲ ਦੁਆਰਾ ਲੋਕਾਂ ਨੂੰ ਸਾਦੇ ਅਤੇ ਸੱਚੇ ਧਰਮ ਵਲ ਮੋੜਨ ਦਾ, ਹਰੇਕ ਚੀਜ਼ ਅਤੇ ਜਣੇ-ਖਣੇ ਦੀ ਪੂਜਾ ਕਰਨ ਤੋਂ ਵਰਜਣ ਦਾ, ਉਨ੍ਹਾਂ ਦੇ ਪ੍ਰਾਚੀਨ ਪੂਰਵਜਾਂ ਦੀ ਸ਼ੁੱਧ ਪੂਜਾ ਵਲ ਉਨ੍ਹਾਂ ਨੂੰ ਲਾਉਣ ਦਾ ਅਤੇ ਇਕ ਵਾਰੀ ਮੁੜ ਕੇ ਉਨ੍ਹਾਂ ਨੂੰ ਰਾਸ਼ਟਰ ਦੇ ਤੌਰ ਤੇ ਖੜੇ ਕਰਨ ਦਾ ਤੁਰੰਤ ਨਿਸ਼ਚਾ ਕਰ ਲਿਆ।

ਗੁਰੂ ਨਾਨਕ ਤੋਂ ਪਹਿਲਾਂ ਹੋਏ ਕੁਝ ਇਕ ਹਿੰਦੂ ਸੁਧਾਰਕਾਂ ਨੇ ਹਿੰਦੂਆਂ ਦੇ ਵਿਸ਼ਵਾਸਾਂ ਅਤੇ ਪੂਜਾ ਦੀ ਵਿਧੀ ਨੂੰ ਸ਼ੁੱਧ ਕਰਨ ਦਾ ਯਤਨ ਕੀਤਾ ਸੀ ਪਰੰਤੂ ਹੇਠ ਲਿਖੇ ਕਾਰਣਾਂ ਕਰਕੇ ਉਹ ਜਨ-ਸਾਧਾਰਣ ਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪਾ ਸਕੇ ਸਨ :–

(ੳ) ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਤੋਂ ਪਹਿਲਾਂ ਚੱਲੀਆਂ ਸੁਧਾਰਾਤਮਕ ਲਹਿਰਾਂ ਅਤਿਅੰਤ ਸੰਪਰਦਾਇਕ ਸਨ ਅਤੇ ਕਈ ਸੂਰਤਾਂ ਵਿਚ ਤਾਂ ਉਲਝੀ ਤਾਣੀ ਨੂੰ ਹੋਰ ਵੀ ਉਲਝਾ ਦਿੰਦੀਆਂ ਸਨ। ਉਦਾਹਰਣ ਵਜੋਂ ਰਾਮਾਨੰਦ, ਜਿਸ ਦੁਆਰਾ ਚਲਾਈ ਲਹਿਰ ਨੇ ਬਨਾਰਸ ਵਿਚ ਹਿੰਦੂ ਪੁਨਰ-ਉੱਥਾਨ ਨੂੰ ਅਤਿਅੰਤ ਉੱਤੇਜਿਤ ਕੀਤਾ ਸੀ, ਅਵਤਾਰਵਾਦ ਦੇ ਸਿੱਧਾਂਤ ਨੂੰ ਨ ਛੱਡ ਸਕਿਆ ਅਤੇ ਗੁਰੂ ਨਾਨਕ ਦੀ ਤਰ੍ਹਾਂ ਇਕ ਪਰਮਾਤਮਾ, ਜੋ ਅਨਾਦਿ, ਅਨੰਤ ਹੈ ਦੀ ਪੂਜਾ ਕਰਨ ਦਾ ਪ੍ਰਚਾਰ ਕਰਨ ਦੀ ਬਜਾਏ, ਉਸ ਨੇ ਰਾਮ-ਭਗਤੀ ਤਕ ਆਪਣੇ ਆਪ ਨੂੰ ਸੀਮਿਤ ਕਰ ਕੇ ਵਿਦਮਾਨ ਸੰਪਰਦਾਵਾਂ ਵਿਚ ਵਾਧਾ ਹੀ ਕੀਤਾ। ਉਸ ਦੇ ਅਨੁਯਾਈ ਬਾਹਰੀ ਭੇਖਾਂ ਤੋਂ ਵੀ ਮੁਕਤ ਨ ਹੋ ਸਕੇ। ਉਨ੍ਹਾਂ ਨੂੰ ਵਿਸ਼ੇਸ਼ ਕਿਸਮ ਦੇ ਬਸਤਰ ਧਾਰਨ ਕਰਨੇ ਪੈਂਦੇ ਸਨ, ਵਿਸ਼ੇਸ਼ ਭਾਂਤ ਦੀ ਮਾਲਾ ਪਾਉਣੀ ਪੈਂਦੀ ਸੀ ਅਤੇ ਦੂਸਰੇ ਮਤਾਂ ਨਾਲੋਂ ਵੱਖਰੀ ਭਾਂਤ ਦਾ ਖਾਣ-ਪੀਣ ਰੱਖਣਾ ਪੈਂਦਾ ਸੀ।

ਗੋਰਖ ਨਾਥ ਨੇ ਰਹੱਸਮਈ ਯੋਗ-ਮਤ[1] ਦਾ ਪ੍ਰਚਾਰ ਕਰ ਕੇ ਬਾਹਰੀ ਭੇਖਾਂ ਅਤੇ ਰਸਮਾਂ ਦਾ ਖੰਡਨ ਕਰਨ ਦਾ ਯਤਨ ਕੀਤਾ ਸੀ। ਐਪਰ ਉਹ ਵੀ ਸੰਪਰਦਾਇਕਤਾ ਦੀਆਂ ਸੌੜੀਆਂ ਵਲਗਣਾਂ ਵਿਚੋਂ ਨ ਨਿਕਲ ਸਕਿਆ। ਉਸ ਦੁਆਰਾ ਪ੍ਰਚਾਰਿਤ ਮਤ ਦਾ ਆਪਣਾ ਸੁਭਾਉ ਹੀ ਇਸ ਨੂੰ ਜਨ-ਪ੍ਰਿਯ ਮਤ ਨਹੀਂ ਬਣਨ ਦਿੰਦਾ ਸੀ। ਦੂਸਰੇ ਪਾਸੇ, ਯੋਗੀਆਂ ਦੀ ਪ੍ਰਤਿਸ਼ਠਾ ਅਤੇ ਉਨ੍ਹਾਂ ਦੇ ਰਹੱਸ-ਗਿਆਨ ਦੇ ਮੰਨਣ ਵਾਲਿਆਂ ਦੇ ਭਾਰੀ ਆਦਰ, ਅਤੇ ਸੰਪਰਦਾਇਕ ਚਿੰਨ੍ਹਾਂ ਲਈ ਗੋਰਖ ਦੁਆਰਾ ਨਿਯਤ ਕੀਤੀਆਂ ਗੱਲਾਂ ਨੇ ਪਖੰਡੀਆਂ ਨੂੰ ਅਨੇਕ ਲਾਲਚ ਅਤੇ ਸੁਵਿਧਾਵਾਂ ਦਿੱਤੀਆਂ। ਪਰਿਣਾਮ ਵਜੋਂ ਸੂਚੀ ਵਿਚ ਇਕ ਹੋਰ ਮਤ ਦਾ ਵਾਧਾ ਹੋ ਗਿਆ। ਗੇਰੂਏ ਬਸਤਰ ਪਹਿਨੇ, ਕੰਨਾਂ ਵਿਚ ਕੱਚ ਦੀਆਂ ਵੱਡੀਆਂ ਵੱਡੀਆਂ ਮੁੰਦਰਾਂ ਪਾਈ, ਆਪਣੀਆਂ ਬਾਹਾਂ ਹੇਠਾਂ ਲੰਮੇ ਲੰਮੇ ਪੋਲੇ ਸਿੰਗ ਦਬਾਈ ਅਤੇ ਆਪਣੇ ਹੱਥਾਂ ਵਿਚ ਤਿੱਖੇ ਅਤੇ ਚਮਕਦੇ ਚਿਮਟੇ ਫੜੀ ਸੈਂਕੜੇ ਸਾਧੂ ਤੀਰਥਾਂ ਅਤੇ ਮਾਰਗਾਂ ਤੇ ਫਿਰਦੇ ਦਿਖਾਈ ਦਿੰਦੇ ਸਨ। ਜਨ-ਸਾਧਾਰਣ ਉਤੇ ਉਨ੍ਹਾਂ ਦੇ ਨਰਸਿੰਗਿਆਂ

---

1. ਗੋਰਖ ਦਾ ਸਮਾਂ ਨਿਸ਼ਚਿਤ ਨਹੀਂ ਹੈ ਭਾਵੇਂ ਕਨਿੰਘਮ ਉਸ ਨੂੰ 15ਵੀਂ ਸਦੀ ਦਾ ਦਸਦਾ ਹੈ। ਹਾਪਕਿਨ ਨਾਲ ਸਹਿਮਤ ਹੁੰਦਾ ਹੋਇਆ ਬਾਰਥ ਉਸ ਨੂੰ ਬੁੱਧ ਧਰਮ ਨਾਲ ਜੋੜਦਾ ਹੈ। ਉਸ ਦੇ ਅਨੁਯਾਈ ਭਾਰਤ ਭਰ ਵਿਚ ਮਿਲਦੇ ਹਨ ਪੰਜਾਬ ਵਿਚ ਜਿਹਲਮ ਜ਼ਿਲ੍ਹੇ ਵਿਚ ਟਿੱਲਾ ਨਾਮਕ ਉਨ੍ਹਾਂ ਦਾ ਪ੍ਰਸਿੱਧ ਕੇਂਦਰ ਹੈ।

ਦੀ ਧੁਨੀ ਦਾ ਉੱਨਾ ਹੀ ਘੱਟ ਪ੍ਰਭਾਵ ਪੈਂਦਾ ਸੀ ਜਿੰਨਾ ਕਿ ਉਨ੍ਹਾਂ ਦੇ ਪਿੰਡਿਆਂ ਤੇ ਮਲੀ ਭਬੂਤ ਅਤੇ ਕੰਨਾਂ ਵਿਚਲੇ ਕਚਕੜਿਆਂ ਦਾ ਉਨ੍ਹਾਂ ਦੀ ਆਪਣੀ ਸ਼ੁੱਧਤਾ ਤੇ ਪੈ ਸਕਦਾ ਸੀ। ਗੁਰੂ ਨਾਨਕ ਤੋਂ ਪੂਰਵ ਚੱਲੇ ਸਾਰੇ ਧਾਰਮਿਕ ਮਤਾਂ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ। ਲਗਭਗ ਅਜੇਹੇ ਸਾਰੇ ਮਤ ਸੰਪਰਦਾਇਕ, ਕਰਮਕਾਂਡੀ, ਤੰਗਦਿਲ ਅਤੇ ਕੱਟੜਪੰਥੀ ਸਨ।

(ਅ) ਰਾਸ਼ਟਰੀ ਪ੍ਰਗਤੀ ਵਿਚ ਇਨ੍ਹਾਂ ਅੰਦੋਲਨਾਂ ਦੇ ਘੱਟ ਹਿੱਸਾ ਪਾਉਣ ਦਾ ਦੂਸਰਾ ਕਾਰਣ ਇਨ੍ਹਾਂ ਦੇ ਪਰਲੋਕ ਪ੍ਰਤਿ ਵਿਸ਼ਵਾਸ ਵਿਚ ਲੱਭਿਆ ਜਾ ਸਕਦਾ ਹੈ। ਵੱਲਭਾਚਾਰੀਆਂ[1] ਤੋਂ ਛੁੱਟ, ਹਰੇਕ ਨੇਤਾ ਸੰਸਾਰ-ਤਿਆਗ ਨੂੰ ਸਭ ਤੋਂ ਵੱਡਾ ਗੁਣ ਖਿਆਲ ਕਰਦਾ ਸੀ। ਜਿਵੇਂ ਕਿ ਰਾਮਾਨੰਦ ਦੇ ਪੈਰੋਕਾਰ ਵੈਰਾਗੀਆਂ ਦੇ ਨਾਂ ਤੋਂ ਹੀ ਪ੍ਰਤੱਖ ਹੈ, ਉਨ੍ਹਾਂ ਨੂੰ ਤਿਆਗ ਦੇ ਪੁੰਜ ਸਮਝਿਆ ਜਾਂਦਾ ਸੀ। ਗੋਰਖ ਦੇ ਜੋਗੀਆਂ ਲਈ ਬ੍ਰਹਮਚਾਰੀ ਜੀਵਨ ਬਤੀਤ ਕਰਨਾ ਅਨਿਵਾਰੀ ਸੀ। ਭਾਵੇਂ ਕਬੀਰ ਆਪ ਇਕ ਗ੍ਰਹਿਸਤੀ ਸੀ ਪਰ ਉਹ ਸੰਸਾਰ ਅਤੇ ਸੰਸਾਰਕ ਵਸਤਾਂ ਨੂੰ ਦਿਲੋਂ ਇੰਨੀ ਘ੍ਰਿਣਾ ਕਰਦਾ ਸੀ ਕਿ ਉਹ ਬਾਕੀਆਂ ਨੂੰ ਵੀ ਮਾਤ ਪਾ ਦਿੰਦਾ ਹੈ। "ਮੇਰੀ ਮੰਦ ਭਾਗੀ ਹੈ," ਉਹ ਵਿਲਕ ਕੇ ਕਹਿੰਦਾ ਹੈ, "ਕਿ ਮੇਰੇ ਘਰ ਕਮਾਲ ਵਰਗਾ ਅਜੇਹਾ ਪੁੱਤਰ ਜੰਮਿਆ ਹੈ ਜੋ ਪਰਮਾਤਮਾ ਦੇ ਨਾਮ ਦੀ ਬਜਾਏ ਘਰ ਵਿਚ ਮਾਇਆ ਲਿਆਉਂਦਾ ਹੈ।" ਦੂਸਰਿਆਂ ਦੇ ਉਲਟ ਕਬੀਰ ਸੰਪਰਦਾਇਕਤਾ ਤੋਂ ਮੁਕਤ ਸੀ ਪਰ ਉਸ ਦੀ ਸਿਖਿਆ ਦੇ ਪਰਲੋਕੀ ਸੁਭਾਉ, ਜਿਸ ਨਾਲ ਇਹ ਤੱਥ ਵੀ ਮਿਲਿਆ ਹੋਇਆ ਸੀ ਕਿ ਉਹ ਨੀਵੀਂ ਜਾਤ ਦਾ ਸੀ ਅਤੇ ਇਹ ਕਿ ਉਹ ਪੁਰਾਤਨਤਾ ਅਤੇ ਜਾਤ-ਪਾਤ ਦੇ ਸਭ ਤੋਂ ਵੱਡੇ ਗੜ੍ਹ ਬਨਾਰਸ ਵਿਚ ਜੰਮਿਆ ਸੀ, ਨੇ ਉਸ ਦੇ ਉੱਦੇਸ਼ ਨੂੰ ਬਹੁਤਾ ਸਫਲ ਨ ਹੋਣ ਦਿੱਤਾ। ਰਾਮਾਨੰਦ, ਕਬੀਰ, ਗੋਰਖ, ਇਥੋਂ ਤਕ ਕਿ ਚੈਤਨਜ ਵੀ ਇਸ ਜੀਵਨ ਦੀ ਅਸਾਰਤਾ ਤੋਂ ਪ੍ਰਭਾਵਿਤ ਸਨ। "ਉਨ੍ਹਾਂ ਦਾ ਮੁੱਖ ਉੱਦੇਸ਼ ਪੁਜਾਰੀਵਾਦ ਜਾਂ ਬੁੱਤ ਪੂਜਾ ਅਤੇ ਬਹੁਦੇਵਵਾਦ ਦੇ ਗੋਰਖ ਧੰਦੇ ਤੋਂ ਮੁਕਤੀ ਪ੍ਰਾਪਤ ਕਰਨਾ ਸੀ। ਉਨ੍ਹਾਂ ਨੇ ਰਾਸ਼ਟਰੀਅਤਾ ਦਾ ਬੀਜ ਬੀਜਣ ਦੀ ਬਜਾਏ ਵਿਰੋਧ ਦੀ ਵਿਧੀ ਨੂੰ ਪਕੇਰਾ ਕੀਤਾ ਅਤੇ ਉਨ੍ਹਾਂ ਦੇ ਮਤ ਅੱਜ ਤਕ ਉਥੇ ਹੀ ਖਲੋਤੇ ਹਨ ਜਿਥੇ ਉਹ ਛੱਡ ਗਏ ਸਨ।"[2] ਇਹ ਗੱਲ ਕੇਵਲ ਗੁਰੂ ਨਾਨਕ ਦੇ

---

1. ਇਕ ਬ੍ਰਾਹਮਣ ਜਿਸ ਨੇ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਵੈਸ਼ਨਵ ਸੰਪ੍ਰਦਾਇ ਚਲਾਈ। ਉਸ ਨੇ ਤਿਆਗ ਆਦਿ ਦੇ ਆਮ ਖੰਡਨ ਵਿਚ ਬੌਧਿਕ ਸ਼ਕਤੀ ਅਤੇ ਸਾਹਸ ਦਾ ਪ੍ਰਮਾਣ ਦਿੱਤਾ। 'ਰਿਲਿਜਨਜ਼ ਆਫ਼ ਇੰਡੀਆ' ਕ੍ਰਿਤ ਬਾਰਥ, ਪੰਨਾ 234।

2. ਕਨਿੰਘਮ ਕ੍ਰਿਤ 'ਹਿਸਟਰੀ ਆਫ਼ ਦਿ ਸਿਖਸ', ਪੰਨਾ 36। ਇਸ ਤੋਂ ਇਲਾਵਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਵਿਚ ਕਿਸੇ ਵੀ ਮਹਾਨ ਸੁਧਾਰਕ ਦਾ ਜਨਮ ਨਹੀਂ ਹੋਇਆ ਸੀ ਅਤੇ ਦੂਸਰੇ ਸੁਧਾਰਕਾਂ ਦੀ ਸਰਗਰਮੀ ਵੱਧ-ਘੱਟ ਰੂਪ ਵਿਚ ਭਾਰਤ ਦੇ ਦੂਸਰੇ ਭਾਗਾਂ ਤਕ ਹੀ ਸੀਮਿਤ ਰਹੀ ਸੀ।

ਹਿੱਸੇ ਹੀ ਆਈ ਜਿਨ੍ਹਾਂ ਨੇ ਸੁਧਾਰ ਦੇ ਸੱਚੇ ਨਿਯਮਾਂ ਦੀ ਕਲਪਨਾ ਕਰ ਕੇ ਅਜੇਹੀਆਂ ਨੀਹਾਂ ਭਰੀਆਂ ਜਿਨ੍ਹਾਂ ਉੱਤੇ ਗੁਰੂ ਗੋਬਿੰਦ ਨੇ ਨਵੀਂ ਜਾਤੀ ਦਾ ਨਿਰਮਾਣ ਕੀਤਾ ਅਤੇ "ਇਸ ਸਿੱਧਾਂਤ ਨੂੰ ਅਮਲੀ ਰੂਪ ਦਿੱਤਾ ਕਿ ਨਿਮਨਤਮ ਵਿਅਕਤੀ ਵੀ ਨਸਲ ਅਤੇ ਧਰਮ ਵਿਚ, ਰਾਜਨੀਤਿਕ ਅਧਿਕਾਰਾਂ ਅਤੇ ਧਾਰਮਿਕ ਹੱਕਾਂ ਵਿਚ ਉੱਚਤਮ ਵਿਅਕਤੀ ਦੇ ਸਮਾਨ ਹੁੰਦਾ ਹੈ।"[1]

ਕਿਸੇ ਦਲਿਤ, ਸਾਹਸਹੀਣ, ਵਹਿਮਗ੍ਰਸਤ ਅਤੇ ਪੁਜਾਰੀਆਂ ਦੇ ਵਸ ਪਈ ਜਨਤਾ ਨੂੰ ਜਾਗ੍ਰਿਤ ਕਰਨ ਦੇ ਭਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਗੁਰੂ ਨਾਨਕ ਨੂੰ ਉਨ੍ਹਾਂ ਯੋਗਿਤਾਵਾਂ ਦੀ ਲੋੜ ਨਹੀਂ ਸੀ ਜੋ ਅਜੋਕੇ ਸੁਧਾਰਕ ਲਈ ਜ਼ਰੂਰੀ ਹਨ। ਗੁਰੂ ਨਾਨਕ ਨੂੰ ਪੜ੍ਹਨੇ ਪਾਇਆ ਗਿਆ ਪਰ ਸਾਧਾਰਣ ਅਰਥਾਂ ਵਿਚ ਉਨ੍ਹਾਂ ਨੇ ਕੋਈ ਵਿਦਿਆ ਗ੍ਰਹਿਣ ਨ ਕੀਤੀ। ਕਨਿੰਘਮ ਲਿਖਦਾ ਹੈ, "ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਮੁੱਢਲੇ ਜੀਵਨ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੇ ਪ੍ਰਚਲਿਤ ਮਤਾਂ ਦਾ ਗਿਆਨ ਪ੍ਰਾਪਤ ਕੀਤਾ ਹੋਵੇ ਅਤੇ ਉਨ੍ਹਾਂ ਨੇ ਕੁਰਾਨ ਤਥਾ ਹਿੰਦੂ ਸ਼ਾਸਤ੍ਰਾਂ ਦਾ ਵੀ ਸਾਧਾਰਣ ਗਿਆਨ ਪ੍ਰਾਪਤ ਕੀਤਾ[2] ਪਰ ਗੁਰੂ ਨਾਨਕ ਨੂੰ ਆਪਣੀ ਜਾਤੀ ਦਾ ਪੁਨਰ-ਉਧਾਰ ਕਰਨ ਦੇ ਯੋਗ ਹੋਣ ਵਾਸਤੇ ਉਸ ਖਿੰਡੇ-ਪੁੰਡੇ ਗਿਆਨ ਦੀ ਲੋੜ ਨਹੀਂ ਸੀ ਜਿਹੜਾ ਉਹ ਕਿਸੇ ਪਾਠਸ਼ਾਲਾ ਜਾਂ ਮਸਜਿਦ ਵਿਚੋਂ ਪ੍ਰਾਪਤ ਕਰਦੇ।[3] ਉਹ ਤਾਂ ਜਮਾਂਦਰੂ ਮਹਾਨ ਵਿਅਕਤੀ ਸਨ ਅਤੇ ਭਾਵੇਂ ਉਹ ਨਿਰਾਖਰ ਰਹੇ ਤਾਂ

---

1. ਕਨਿੰਘਮ ਕ੍ਰਿਤ 'ਹਿਸਟਰੀ ਆਫ ਦਿ ਸਿਖਸ', ਪੰਨਾ 37।
2. ਇਸ ਗਿਆਨ ਦੀ ਪ੍ਰਾਪਤੀ ਪੁਸਤਕਾਂ ਦੇ ਬਾਕਾਇਦਾ ਅਧਿਐਨ ਨਾਲ ਨਹੀਂ ਹੋ ਸਕਦੀ। 'ਆਦਿ ਗ੍ਰੰਥ' ਵਿਚ ਕਿਸੇ ਧਰਮ ਦੇ ਧਾਰਮਿਕ ਗ੍ਰੰਥਾਂ ਦੇ ਵਿਸ਼ੇ ਸੰਬੰਧੀ ਸਾਨੂੰ ਬੜੇ ਘੱਟ ਪ੍ਰਸੰਗ ਮਿਲਦੇ ਹਨ ਜਿਵੇਂ ਕਿ ਦਸਮ ਗ੍ਰੰਥ ਅਜੇਹੇ ਪ੍ਰਸੰਗਾਂ ਨਾਲ ਭਰਿਆ ਪਿਆ ਹੈ। ਇਸ ਤੋਂ ਇਲਾਵਾ ਦੂਸਰੇ ਧਰਮਾਂ ਦੀ ਗੁਰੂ ਨਾਨਕ ਦੁਆਰਾ ਕੀਤੀ ਆਲੋਚਨਾ ਅਕਾਦਮਿਕ ਨਹੀਂ ਹੈ, ਵਿਦਮਾਨ ਮਤਾਂ ਦਾ ਖੰਡਨ ਉਨ੍ਹਾਂ ਨੇ ਸਿੱਧਾਂਤ ਦੀ ਬਜਾਏ ਵਿਵਹਾਰ ਦੁਆਰਾ ਕੀਤਾ ਹੈ। ਕਨਿੰਘਮ ਕਿਸੇ ਫਾਰਸੀ ਦੇ ਧਰਮ ਗ੍ਰੰਥ ਦਾ ਹਵਾਲਾ ਦੇ ਕੇ ਇਹ ਵੀ ਲਿਖਦਾ ਹੈ ਕਿ ਗੁਰੂ ਨਾਨਕ ਦਾ ਪ੍ਰਥਮ ਗੁਰੂ ਮੁਸਲਮਾਨ ਸੀ। ਇਹ ਗੱਲ ਇਕ ਮੁਸਲਮਾਨ ਲਿਖਾਰੀ ਦਾ ਇਸਲਾਮ ਦੀ ਸਿਖਿਆ ਨੂੰ ਗੁਰੂ ਨਾਨਕ ਦੀ ਭਾਵੀ ਮਹਾਨਤਾ ਦਾ ਜਸ ਦੇਣ ਦਾ ਯਤਨ ਜਾਪਦੀ ਹੈ। ਗੁਰੂ ਨਾਨਕ ਦਾ ਪਿਤਾ ਪਟਵਾਰੀ ਜਾਂ ਪਿੰਡ ਦਾ ਲੇਖਾਕਾਰ ਸੀ ਅਤੇ ਸੁਭਾਵਿਕ ਹੀ ਕਾਲੂ ਦੀ ਇਹ ਇੱਛਾ ਰਹੀ ਹੋਵੇਗੀ ਕਿ ਉਹ ਆਪਣੇ ਪੁੱਤਰ ਨੂੰ ਉਹ ਭਾਸ਼ਾ ਸਿਖਾਵੇ ਜਿਹੜੀ ਉਸ ਨੂੰ ਉਸ ਦੀ ਮ੍ਰਿਤੂ ਤੋਂ ਪਿੱਛੋਂ ਉਸ ਦੀ ਥਾਂ ਲੈਣ ਦੇ ਯੋਗ ਬਣਾ ਸਕੇ। ਇਹ ਭਾਸ਼ਾ ਵਾਸਤਵ ਵਿਚ ਹਿੰਦੀ ਹੀ ਸੀ ਕਿਉਂਕਿ ਰਾਜ ਭਾਸ਼ਾ ਦੇ ਤੌਰ ਤੇ ਫਾਰਸੀ ਦਾ ਪ੍ਰਚਲਨ ਟੋਡਰ ਮੱਲ ਦੇ ਸਮੇਂ ਤੋਂ ਪਹਿਲਾਂ ਨਹੀਂ ਹੋਇਆ ਸੀ ਜਿਹੜਾ ਕਿ ਅਕਬਰ ਦਾ ਮਹਾਨ ਵਿੱਤ ਮੰਤਰੀ ਸੀ। 'ਪੰਥ ਪ੍ਰਕਾਸ਼' ਦਾ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਜਦੋਂ ਸੱਤਾਂ ਵਰ੍ਹਿਆਂ ਦੇ ਸਨ, ਹਿੰਦੀ ਵਿਚ ਮੁਨੀਮੀ ਸਿੱਖਣ ਲਈ ਗੋਪਾਲ ਪਾਧੇ ਦੀ ਪਾਠਸ਼ਾਲਾ ਵਿਚ ਦਾਖਲ ਹੋਏ ਅਤੇ ਨੌਂ ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੇ ਸੰਸਕ੍ਰਿਤ ਪੜ੍ਹਨੀ ਆਰੰਭ ਕੀਤੀ।
3. 'ਸੀਅਰ-ਉਲ-ਮੁਤਾਖਰੀਨ' ਦਾ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਨੂੰ ਉਸ ਦੇ ਪਿਤਾ ਦੇ ਇਕ

(ਬਾਕੀ ਦੇਖੋ ਪੰਨਾ 9 ਤੇ)

ਵੀ ਹਜ਼ਰਤ ਮੁਹੰਮਦ ਦੀ ਤਰ੍ਹਾਂ ਕੁਦਰਤ ਵਲੋਂ ਉਨ੍ਹਾਂ ਨੂੰ ਪ੍ਰਬਲ ਬੌਧਿਕ ਸ਼ਕਤੀ ਅਤੇ ਬਲਵਾਨ ਸੋਝੀ ਪ੍ਰਾਪਤ ਹੋਈਆਂ ਸਨ। ਉਨ੍ਹਾਂ ਨੇ ਕਿਸੇ ਨਵੀਂ ਗੱਲ ਦੀ ਸਿਖਿਆ ਨਹੀਂ ਦਿੱਤੀ, ਫੇਰ ਵੀ ਉਨ੍ਹਾਂ ਦੇ ਹਰੇਕ ਕਥਨ ਉਤੇ ਮੌਲਿਕਤਾ ਦੀ ਮੋਹਰ-ਛਾਪ ਲੱਗੀ ਹੋਈ ਸੀ ਅਤੇ ਪ੍ਰਤਿਭਾ ਝਲਕਦੀ ਸੀ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਸਥਾਪਨਾ ਲਈ ਜਾਂ ਵਿਰੋਧੀਆਂ ਦੇ ਖੰਡਨ ਲਈ ਭਾਰੇ ਭਾਰੇ ਗ੍ਰੰਥ ਨਹੀਂ ਲਿਖੇ ਅਤੇ ਨ ਹੀ ਉਨ੍ਹਾਂ ਨੇ ਮੰਨੂ ਅਤੇ ਵਿਆਸ ਜਾਂ ਕੁਰਾਨ ਅਤੇ ਹਦੀਸਾਂ ਦੇ ਕਥਨਾਂ ਦੇ ਉਦਾਹਰਣ ਦਿੱਤੇ, ਪਰੰਤੂ ਜਿਸ ਨੁਕਤੇ ਤੇ ਵੀ ਉਨ੍ਹਾਂ ਨੇ ਚਰਚਾ ਕੀਤੀ; ਉਨ੍ਹਾਂ ਦੀ ਵਿਵਹਾਰ-ਕੁਸ਼ਲਤਾ ਅਤੇ ਬਲਵਾਨ ਸੋਝੀ ਵਿਰੋਧੀਆਂ ਦੇ ਨਿਆਇ ਅਤੇ ਧਾਰਮਿਕ ਗਿਆਨ ਉਤੇ ਹਾਵੀ ਹੋ ਗਈ। ਸੁਲਤਾਨ ਦਾ ਨਵਾਬ,[1] ਮੱਕੇ ਦਾ ਕਾਜ਼ੀ,[2] ਹਰਦਵਾਰ ਦੇ ਪੰਡਿਤ[3] ਅਤੇ ਕੁਰੁਕਸ਼ੇਤਰ ਦੇ ਪਾਂਡੇ ਸਭ[4] ਉਨ੍ਹਾਂ

(ਸਫ਼ਾ 8 ਦੀ ਬਾਕੀ)

ਗੁਆਂਢੀ ਮੁਹੰਮਦ ਹਸਨ ਨੇ ਪੜ੍ਹਾਇਆ ਜਿਸ ਦੇ ਕੋਈ ਬੱਚਾ ਨਹੀਂ ਸੀ ਅਤੇ ਉਹ ਗੁਰੂ ਨਾਨਕ ਨੂੰ ਪਿਆਰ ਕਰਦਾ ਸੀ, ਪਰੰਤੂ ਇਹ ਲੇਖਕ ਕਿਉਂਕਿ ਕੱਟੜ ਵਿਅਕਤੀ ਹੈ ਇਸ ਲਈ ਇਸ ਦੇ ਕਥਨ ਉਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

ਗੁਰੂ ਨਾਨਕ ਦੀ ਗੋਪਾਲ ਅਤੇ ਮੁਹੰਮਦ ਹਸਨ ਦੋਹਾਂ ਤੋਂ ਸਿਖਿਆ ਲੈਣ ਦੀ ਸੰਭਾਵਨਾ ਸਵੀਕਾਰ ਕਰਦੇ ਹੋਏ ਵੀ, ਮੈਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਗੁਰੂ ਸਾਹਿਬ ਨੇ ਸੰਸਕ੍ਰਿਤ ਜਾਂ ਫਾਰਸੀ ਵਿਚ ਕੋਈ ਵਿਸ਼ੇਸ਼ ਯੋਗਿਤਾ ਪ੍ਰਾਪਤ ਕੀਤੀ ਹੋਵੇ। ਮੇਰਾ ਵਿਸ਼ਵਾਸ ਹੈ ਕਿ ਉਨ੍ਹਾਂ ਦੀਆਂ ਹਿੰਦੀ ਰਚਨਾਵਾਂ ਅਤੇ ਉਨ੍ਹਾਂ ਦੇ ਫਾਰਸੀ ਵਿਚ ਇਕ ਦੋ ਪਦ ਮੇਰੇ ਕਥਨ ਦੀ ਪ੍ਰੋੜ੍ਹਤਾ ਕਰਨਗੇ।

1. ਇਕ ਵਾਰੀ ਨਵਾਬ ਨੇ ਗੁਰੂ ਸਾਹਿਬ ਨੂੰ ਸਦਿਆ ਅਤੇ ਨਿਮਾਜ਼ ਵਿਚ ਸ਼ਾਮਿਲ ਹੋਣ ਲਈ ਕਿਹਾ। ਗੁਰੂ ਨਾਨਕ ਮੰਨ ਗਏ, ਪਰੰਤੂ ਜਦੋਂ ਨਵਾਬ ਨਿਮਾਜ਼ ਪੜ੍ਹਨ ਵਿਚ ਲੀਨ ਸੀ ਤਾਂ ਗੁਰੂ ਨਾਨਕ ਸਾਹਿਬ ਖੜ੍ਹੇ ਵੇਖਦੇ ਰਹੇ। ਜਦੋਂ ਉਨ੍ਹਾਂ ਤੋਂ ਪੁਛਿਆ ਗਿਆ ਕਿ ਉਹ ਨਿਮਾਜ਼ ਵਿਚ ਕਿਉਂ ਨਹੀਂ ਸ਼ਾਮਿਲ ਹੋਏ ਤਾਂ ਉਨ੍ਹਾਂ ਨੇ ਤੁਰੰਤ ਉੱਤਰ ਦਿੱਤਾ, "ਮੈਂ ਤੁਹਾਡੇ ਨਾਲ ਕਿਵੇਂ ਸ਼ਾਮਿਲ ਹੋ ਸਕਦਾ ਸਾਂ ਜਦ ਕਿ ਤੁਸੀਂ ਘੋੜਿਆਂ ਦਾ ਵਪਾਰ ਕਰਦੇ ਕਾਬੁਲ ਫਿਰ ਰਹੇ ਸੋ ਅਤੇ ਕਾਜ਼ੀ ਸਾਰਾ ਸਮਾਂ ਆਪਣੇ ਲਵੇਰੇ ਦ ਫਿਕਰ ਕਰਦਾ ਰਿਹਾ ਸੀ ਕਿਤੇ ਉਹ ਖੂਹ ਵਿਚ ਹੀ ਨ ਗਿਰ ਜਾਵੇ।" ਇਹ ਸਪਸ਼ਟ ਹੈ ਕਿ ਇਹ ਸਿੱਧਾ ਤੇ ਭੈ-ਰਹਿਤ ਉੱਤਰ ਸੁਣ ਕੇ ਨਵਾਬ ਅਤੇ ਕਾਜ਼ੀ ਲਾ-ਜਵਾਬ ਹੋ ਗਏ।

2. ਗੁਰੂ ਨਾਨਕ ਦੀਆਂ ਸਾਰੀਆਂ ਜਨਮਸਾਖੀਆਂ ਵਿਚ ਦਰਜ ਹੈ ਕਿ ਉਹ ਮੱਕੇ ਜਾ ਕੇ ਕਾਬੇ ਵਲ ਪੈਰ ਪਸਾਰ ਕੇ ਲੇਟ ਗਏ। ਜਦੋਂ ਕਾਜ਼ੀ ਨੇ ਉਨ੍ਹਾਂ ਨੂੰ ਕੋਸਿਆ ਤਾਂ ਉਨ੍ਹਾਂ ਨੇ ਉਸ ਤੋਂ ਆਪਣਾ ਦੋਸ਼ ਪੁਛਿਆ। ਕਾਜ਼ੀ ਨੇ ਕਿਹਾ, "ਤੂੰ ਰੱਬ ਦੇ ਘਰ ਵਲ ਪੈਰ ਕਰ ਕੇ ਸੁੱਤਾ ਪਿਆ ਹੈਂ ਅਤੇ ਪੁਛਦਾ ਹੈਂ ਕੀ ਕਸੂਰ ਕੀਤਾ ਹੈ।" "ਮਾਫ ਕਰਨਾ", ਨਾਨਕ ਨੇ ਕਿਹਾ, "ਤੁਸੀਂ ਮੇਰੇ ਪੈਰ ਉਸ ਪਾਸੇ ਵਲ ਕਰ ਦਿਓ ਜਿਧਰ ਤੁਸੀਂ ਸਮਝਦੇ ਹੋ ਰੱਬ ਦਾ ਘਰ ਨਹੀਂ ਹੈ।" ਸੋਹਨ ਲਾਲ ਲਿਖਦਾ ਹੈ ਕਿ ਇਹ ਘਟਨਾ ਮਦੀਨੇ ਵਿਖੇ ਵਾਪਰੀ। ਇਸ ਮਾਮਲੇ ਵਿਚ ਹੋਰ ਡੂੰਘੇਰੇ ਜਾਣ ਦੀ ਲੋੜ ਨਹੀਂ ਕਿਉਂਕਿ ਸਾਡੇ ਮੰਤਵ ਉਤੇ ਸਮੇਂ-ਸਥਾਨ ਦੇ ਫਰਕ ਦਾ ਅਸਰ ਨਹੀਂ ਪੈਂਦਾ।

3. ਕੁਝ ਬ੍ਰਾਹਮਣਾਂ ਨੂੰ ਸੂਰਜ ਨੂੰ ਪਾਣੀ ਦਿੰਦਿਆਂ ਵੇਖ ਕੇ, ਗੁਰੂ ਨਾਨਕ ਗੰਗਾ ਵਿਚ ਚਲੇ ਗਏ ਅਤੇ ਆਪਣੇ ਹੱਥਾਂ ਨਾਲ ਪੱਛਮ ਦਿਸ਼ਾ ਵਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਪੰਡਿਤਾਂ ਨੇ ਉਨ੍ਹਾਂ ਨੂੰ

(ਬਾਕੀ ਸਫ਼ਾ 10 ਤੇ)

ਦੀ ਸਾਹਸਮਈ ਦਲੇਰੀ ਅਤੇ ਭੈ-ਰਹਿਤ ਤਰਕ ਅਤੇ ਤੱਥਾਂ ਅੱਗੇ ਝੁਕ ਗਏ।

ਸੁਭਾਵ ਤੋਂ ਚਿੰਤਨਸ਼ੀਲ ਅਤੇ ਵਿਚਾਰਸ਼ੀਲ ਹੋਣ ਕਰਕੇ, ਉਨ੍ਹਾਂ ਦੀ ਬੁੱਧੀ ਅਤੇ ਗਿਆਨ ਵਿਚ ਉਨ੍ਹਾਂ ਦੀਆਂ ਉਦਾਸੀਆਂ ਅਤੇ ਹਿੰਦੂ-ਮੁਸਲਮ ਧਾਰਮਿਕ ਵਿਦਵਾਨਾਂ ਤੇ ਸਾਧੂਆਂ ਨਾਲ ਕੀਤੀਆਂ ਗੋਸ਼ਟੀਆਂ ਰਾਹੀਂ ਅਥਾਹ ਵਾਧਾ ਹੋਇਆ।

ਗੁਰੂ ਨਾਨਕ ਦੇ ਕਾਰਜ ਦੇ ਵਿਸ਼ੇਸ਼ ਲੱਛਣ ਨਿਮਨ ਲਿਖਿਤ ਕਹੇ ਜਾ ਸਕਦੇ ਹਨ :-

(ੳ) ਆਧੁਨਿਕ ਸਮੇਂ ਦੇ ਉਹ ਪ੍ਰਥਮ ਹਿੰਦੂ ਸੁਧਾਰਕ ਸਨ ਜਿਨ੍ਹਾਂ ਨੇ ਹਿੰਦੂਆਂ ਦੇ ਮਨ ਨੂੰ ਮਿਥਿਹਾਸ ਦੇ ਬੰਧਨਾਂ ਤੋਂ ਪੂਰਣ ਭਾਂਤ ਮੁਕਤ ਕਰਨ ਦਾ ਯਤਨ ਕੀਤਾ। ਲੱਖਾਂ ਵਰ੍ਹਿਆਂ ਪਿੱਛੋਂ ਉਨ੍ਹਾਂ ਨੇ ਹੀ ਹਿੰਦੂਆਂ ਨੂੰ ਸਿਖਿਆ ਦਿੱਤੀ ਕਿ ਪਰਮਾਤਮਾ ਕੇਵਲ ਇਕ ਹੀ ਨਹੀਂ ਸਗੋਂ ਉਹ ਜਨਮ-ਮਰਨ ਦੇ ਚੱਕਰ ਤੋਂ ਵੀ ਮੁਕਤ ਹੈ, ਅਤੇ ਉਹ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤੋਂ ਉਚੇਰਾ ਹੈ ਤਥਾ ਰਾਮ ਅਤੇ ਕ੍ਰਿਸ਼ਨ ਦਾ ਰਚਨਹਾਰਾ ਹੈ।

(ਅ) ਉਨ੍ਹਾਂ ਨੇ ਦਸਿਆ ਕਿ ਇਕੋ ਪਰਮਾਤਮਾ ਦੀ ਪੂਜਾ ਕੀਤੀ ਜਾਏ ਅਤੇ ਉਸ ਦੇ ਬੁੱਤ ਬਣਾ ਕੇ ਤਥਾ ਬੁੱਤਾਂ ਦੀ ਪੂਜਾ ਕਰ ਕੇ ਉਸ ਦਾ ਨਿਰਾਦਰ ਨ ਕੀਤਾ ਜਾਏ। ਉਸ ਦੇ ਨਾਮ ਤੇ ਨਿਰੰਤਰ ਧਿਆਨ ਰਖਦੇ ਹੋਏ, ਅਤੇ ਹਰ ਸਥਾਨ ਤੇ ਹਰ ਸਮੇਂ ਉਸ ਦੀ ਮੌਜੂਦਗੀ ਨੂੰ ਮਹਿਸੂਸ ਕਰਦੇ ਹੋਏ, ਸ਼ੁੱਧ ਆਤਮਾ ਨਾਲ ਉਸ ਦੀ ਪੂਜਾ ਕੀਤੀ ਜਾਏ।

(ੲ) ਉਨ੍ਹਾਂ ਨੇ ਦਸਿਆ ਕਿ ਸੱਚ ਸਾਰੇ ਬਲੀਦਾਨਾਂ ਅਤੇ ਤੀਰਥਾਂ ਨਾਲੋਂ ਵੱਡਾ ਹੈ ਅਤੇ

(ਸਫਾ 9 ਦੀ ਬਾਕੀ)

ਗੰਵਾਰ ਸਮਝ ਕੇ ਪੁਛਿਆ ਕਿ ਉਹ ਅਜੇਹੀ ਮੂਰਖਤਾ ਕਿਉਂ ਕਰਦਾ ਹੈ। ਗੁਰੂ ਨਾਨਕ ਨੇ ਕਿਹਾ, "ਮੈਂ ਕਰਤਾਰਪੁਰ (ਪੰਜਾਬ) ਵਿਖੇ ਆਪਣੇ ਇਕ ਛੋਟੇ ਜੇਹੇ ਖੇਤ ਨੂੰ ਪਾਣੀ ਦੇ ਰਿਹਾ ਹਾਂ।" "ਮੂਰਖ", ਪੰਡਿਤਾਂ ਨੇ ਕਿਹਾ, "ਕੀ ਤੇਰਾ ਖਿਆਲ ਹੈ ਕਿ ਤੇਰੇ ਖੇਤ ਲਈ ਪਾਣੀ ਦੋ ਸੌ ਮੀਲ ਦੀ ਵਿੱਥ ਤੇ ਪਹੁੰਚ ਜਾਏਗਾ?" ਗੁਰੂ ਸਾਹਿਬ ਨੇ ਪ੍ਰਤਿ ਉੱਤਰ ਦਿੱਤਾ, "ਜੇ ਮੇਰੇ ਦੋਹਾਂ ਹੱਥਾਂ ਦੁਆਰਾ ਸੁਟਿਆ ਪਾਣੀ ਕੇਵਲ ਦੋ ਸੌ ਮੀਲ ਦੇ ਫਾਸਲੇ ਤੇ ਨਹੀਂ ਪਹੁੰਚ ਸਕਦਾ, ਤਾਂ ਤੁਸੀਂ ਕਿਵੇਂ ਆਸ ਕਰ ਸਕਦੇ ਹੋ ਕਿ ਤੁਹਾਡਾ ਬੁੱਕ ਭਰ ਪਾਣੀ ਸੂਰਜ ਤਕ ਪਹੁੰਚ ਜਾਏਗਾ?"

4. ਇਕ ਵਾਰੀ ਗੁਰੂ ਸਾਹਿਬ ਸੂਰਜ ਗ੍ਰਹਿਣ ਦੇ ਮੇਲੇ ਤੇ ਕੁਰਕਸ਼ੇਤਰ ਗਏ। ਇਸ ਅਮਲ ਬਾਰੇ ਕੁਝ ਹਿੰਦੂਆਂ ਦਾ ਇਹ ਵਿਚਾਰ ਹੈ ਕਿ ਸੂਰਜ ਨੂੰ ਉਸ ਦੇ ਸ਼ਹਿਰੇਦਾਰਾਂ ਰਾਹੂ ਅਤੇ ਕੇਤੂ ਨੇ ਗ੍ਰਸ ਲਿਆ ਹੈ। ਗ੍ਰਹਿਣ ਦੇ ਸਮੇਂ ਦਾਨ ਦਿੱਤਾ ਜਾਂਦਾ ਹੈ ਅਤੇ ਸੰਪੂਰਨ ਵਰਤ ਰਖਿਆ ਜਾਂਦਾ ਹੈ। ਗੁਰੂ ਨਾਨਕ ਨੇ ਅੱਗ ਬਾਲ ਕੇ ਭਾਂਡੇ ਵਿਚ ਮਾਸ ਰਿੱਝਣਾ ਰੱਖ ਦਿੱਤਾ। ਪਾਂਡੇ ਤੁਰੰਤ ਉਨ੍ਹਾਂ ਦੇ ਦੁਆਲੇ ਹੋ ਗਏ ਅਤੇ ਬੁਰਾ-ਭਲਾ ਕਹਿਣ ਲੱਗੇ। ਉਨ੍ਹਾਂ ਨੇ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ ਅਤੇ ਯਕੀਨ ਕਰਵਾ ਦਿੱਤਾ ਕਿ ਆਕਾਸ਼ੀ ਅਮਲਾਂ ਦਾ ਧਰਤੀ ਤੇ ਵਸਦੇ ਮਨੁੱਖ ਦੇ ਕਰਮਾਂ ਨਾਲ ਕੋਈ ਸੰਬੰਧ ਨਹੀਂ।

ਪਰਮਾਤਮਾ ਦਾ ਪਿਆਰ ਸਾਰੇ ਕਰਮਕਾਂਡਾਂ ਨਾਲੋਂ ਉਚੇਰਾ ਹੈ।

(ਸ) ਮੁਕਤੀ ਦਾ ਇਕੋ ਇਕ ਮਾਰਗ ਪਰਮਾਤਮਾ ਦੀ ਭਗਤੀ ਅਤੇ ਸ਼ੁਭ ਕਰਮ ਹਨ। ਬ੍ਰਾਹਮਣਾਂ ਨੂੰ ਨਿਉਂਦਾ, ਗਊ-ਦਾਨ, ਵੇਦਾਂ ਜਾਂ ਕੁਰਾਨ ਦਾ ਪਾਠ, ਸੰਧਿਆ ਜਾਂ ਨਿਮਾਜ਼ ਦੀ ਅਦਾਇਗੀ, ਮੁਕਤੀ ਦੀ ਪ੍ਰਾਪਤੀ ਲਈ ਨਿਹਫਲ ਹਨ ।

(ਹ) ਉਨ੍ਹਾਂ ਨੇ ਜ਼ੋਰਦਾਰ ਸ਼ਬਦਾਂ ਵਿਚ ਦਸਿਆ ਕਿ ਬ੍ਰਾਹਮਣ ਅਤੇ ਮੁੱਲਾਂ ਜਿਨ੍ਹਾਂ ਨੇ ਧਰਮ ਨੂੰ ਧੰਦਾ ਬਣਾ ਲਿਆ ਹੈ, ਸੱਚ ਦੇ ਸੱਚੇ ਮਾਰਗ-ਦਰਸ਼ਕ ਨਹੀਂ, ਉਹ ਅੰਨ੍ਹੇ ਨੂੰ ਰਾਹ ਦਿਖਾਉਣ ਵਾਲੇ ਅੰਨ੍ਹੇ ਹਨ, ਅਤੇ ਮੁਕਤੀ ਦਾ ਰਾਹ, ਪਰਮਾਤਮਾ ਪ੍ਰਤਿ ਆਪਾ ਸਮਰਪਣ, ਉਹੀ ਸਤਿਗੁਰੂ ਸਿਖਾ ਸਕਦਾ ਹੈ ਜਿਹੜਾ ਇਸ ਰਾਹ ਤੇ ਚੱਲ ਚੁਕਿਆ ਹੈ ।

(ਕ) ਉਨ੍ਹਾਂ ਨੇ ਦੋਹਾਂ ਧਰਮਾਂ ਦੀਆਂ ਪੁਜਾਰੀ ਸ਼੍ਰੇਣੀਆਂ ਦੀ ਸਖਤ ਨਿਖੇਧੀ ਕੀਤੀ ਅਤੇ ਦਸਿਆ ਕਿ ਪਰਮਾਤਮਾ ਦੀਆਂ ਨਜ਼ਰਾਂ ਵਿਚ ਸਭ ਮਨੁੱਖ ਬਰਾਬਰ ਹਨ। ਉਨ੍ਹਾਂ ਦਸਿਆ ਕਿ ਪਰਮਾਤਮਾ ਸਾਰਿਆਂ ਦਾ ਸਾਂਝਾ ਪਿਤਾ ਹੈ। ਮਨੁੱਖ ਸਾਰੇ ਭਰਾ ਹਨ। ਉਨ੍ਹਾਂ ਨੂੰ ਭਰਾਵਾਂ ਵਾਂਗ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਕਰਮ ਨਿਆਂ ਅਤੇ ਪ੍ਰੇਮ-ਪਿਆਰ ਤੇ ਆਧਾਰਿਤ ਹੋਣੇ ਚਾਹੀਦੇ ਹਨ।

(ਖ) ਸਦੀਆਂ ਦੀ ਅਧੀਨਤਾ ਉਪਰੰਤ, ਹਿੰਦੂਆਂ ਵਿਚੋਂ ਗੁਰੂ ਸਾਹਿਬ ਪ੍ਰਥਮ ਪੁਰਸ਼ ਸਨ ਜਿਨ੍ਹਾਂ ਨੇ ਅਤਿਆਚਾਰ ਅਤੇ ਜ਼ੁਲਮ ਵਿਰੁੱਧ ਆਵਾਜ਼ ਉਠਾਈ।[1]

(ਗ) ਗੁਰੂ ਨਾਨਕ ਨੇ ਇਕ ਪਾਸੇ ਤਾਂ ਸੁਆਰਥ, ਲੋਭ ਅਤੇ ਦੁਨੀਆਦਾਰੀ ਦੀ ਨਿਖੇਧੀ ਕੀਤੀ ਅਤੇ ਦੂਸਰੇ ਪਾਸੇ ਉਨ੍ਹਾਂ ਲੋਕਾਂ ਦੇ ਕਰਮ ਨੂੰ ਵੀ ਨਿੰਦਿਆ ਜਿਹੜੇ ਜੀਵਨ ਦੇ ਸੰਘਰਸ਼ ਤੋਂ ਬਚਣ ਲਈ ਆਤਮਿਕ ਉੱਚਤਾ ਦੀ ਪ੍ਰਾਪਤੀ ਦਾ ਬਹਾਨਾ ਕਰ ਕੇ ਦੁਨੀਆ ਨੂੰ ਹੀ ਤਿਆਗ ਦਿੰਦੇ ਸਨ। ਉਨ੍ਹਾਂ ਦੇ ਸਭ ਤੋਂ ਵੱਧ ਸਖਤ

---

1. ਗੁਰੂ ਨਾਨਕ ਨੇ ਇਸਲਾਮ ਦੀ ਕੱਟੜਤਾ ਦੀ ਕਈ ਥਾਵਾਂ ਤੇ ਭਾਰੀ ਨਿਖੇਧੀ ਕੀਤੀ ਹੈ ਅਤੇ ਹਿੰਦੂਆਂ ਦੇ ਦੁੱਖਾਂ ਦਾ ਸੰਵੇਦਨਾ-ਮਈ ਵਰਣਨ ਕੀਤਾ ਹੈ। ਉਹ ਕਹਿੰਦੇ ਹਨ :-

    ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
    ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

    ਏਮਨਾਬਾਦ ਵਿਖੇ ਭਾਈ ਲਾਲੋ ਨੂੰ ਸੰਬੋਧਨ ਕੀਤੇ ਪਦਾਂ ਨੂੰ ਵੀ ਇਸ ਪ੍ਰਸੰਗ ਵਿਚ ਵਾਚ ਲੈਣਾ ਚਾਹੀਦਾ ਹੈ। 'ਪੰਥ ਪ੍ਰਕਾਸ਼' ਦਾ ਲੇਖਕ ਲਿਖਦਾ ਹੈ ਕਿ ਇਕ ਵਾਰੀ ਗੁਰੂ ਨਾਨਕ ਨੂੰ ਸਿਕੰਦਰ ਲੋਧੀ ਨੇ ਕਰਾਮਾਤ ਨ ਵਿਖਾਉਣ ਕਰਕੇ ਕੈਦ ਕਰ ਦਿੱਤਾ ਸੀ। ਇਉਂ ਕਹਿਣਾ ਵਧੇਰੇ ਠੀਕ ਜਾਪਦਾ ਹੈ ਕਿ ਅਸਲੀ ਕਾਰਣ ਗੁਰੂ ਨਾਨਕ ਦੀ ਸਪਸ਼ਟ ਆਲੋਚਨਾ ਸੀ ਜਿਸ ਨੂੰ ਅੱਜ ਕੱਲ ਦੀ ਭਾਸ਼ਾ ਵਿਚ ਵਿਦਰੋਹ ਜਾਂ ਕੁਫ਼ਰ ਕਿਹਾ ਜਾਏਗਾ ।

ਹਮਲੇ ਦਾ ਸ਼ਿਕਾਰ ਅਜੇਹੇ ਸਾਧੂ ਹੋਏ ਜਿਹੜੇ ਭਗਵੇ ਕਪੜੇ ਪਾ ਕੇ, ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਪੱਲਾ ਛੁਡਾ, ਤਿਆਗੀ ਬਣ ਜਾਂਦੇ ਸਨ ਅਤੇ ਏਧਰ ਉਧਰ ਬੇਅਰਥ ਭਉਂਦੇ ਫਿਰਦੇ ਸਨ। ਗੁਰੂ ਸਾਹਿਬ ਨੇ ਆਪ ਵਿਆਹ ਕੀਤਾ ਅਤੇ ਉਨ੍ਹਾਂ ਦੇ ਘਰ ਸੰਤਾਨ ਵੀ ਹੋਈ। ਉਹ ਆਪਣੇ ਜੀਵਨ ਦਾ ਕਾਫ਼ੀ ਸਮਾਂ ਵਪਾਰ ਕਰਦੇ ਰਹੇ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਉਦਾਹਰਣ ਪੇਸ਼ ਕਰ ਦਿੱਤੀ ਕਿ ਮਨੁੱਖ ਦੁਨੀਆ ਵਿਚ ਰਹਿੰਦਾ ਹੋਇਆ ਵੀ, ਦੁਨੀਆ ਤੋਂ ਕਿਵੇਂ ਨਿਰਲੇਪ ਰਹਿ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਗੀਤਾ ਦੇ ਇਸ ਉਪਦੇਸ਼ ਤੇ ਅਮਲ ਕੀਤਾ ਹੈ, "ਜੋ ਨਿਰਲੇਪ ਹੋ ਕੇ ਆਪਣਾ ਕਰਮ ਕਰਦਾ ਹੈ, ਆਪਣੇ ਕਰਮ ਪਰਮਾਤਮਾ ਨੂੰ ਸਮਰਪਣ ਕਰ ਦਿੰਦਾ ਹੈ, ਉਸ ਨੂੰ ਪਾਪ ਨਹੀਂ ਲਗਦਾ, ਜਿਵੇਂ ਕਿ ਕਮਲ ਦਾ ਫੁੱਲ ਜਲ ਵਿਚ ਹੁੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ"।[1]

ਇਉਂ ਗੁਰੂ ਨਾਨਕ ਦਾ ਮਤ ਦੂਸਰੀਆਂ ਸੁਧਾਰਾਤਮਕ ਲਹਿਰਾਂ ਨਾਲੋਂ ਆਪਣੀਆਂ ਦੋ ਮਹੱਤਵਪੂਰਣ ਵਿਸ਼ੇਸ਼ਤਾਵਾਂ ਕਰਕੇ ਵੱਖਰਾ ਹੈ; ਆਪਣੇ ਅਸੰਪਰਦਾਇਕ ਕਿਰਦਾਰ ਕਰਕੇ ਅਤੇ ਸੰਸਾਰਕ ਜੀਵਨ ਨਾਲ ਸਮਝੌਤੇ ਕਰਕੇ। ਇਸ ਲਈ ਇਸ ਦੇ ਹੇਠ ਲਿਖੇ ਦੋ ਪ੍ਰਭਾਵ ਲਾਜ਼ਮੀ ਤੌਰ ਤੇ ਪਏ :-

1. ਇਸ ਨੇ ਪੰਜਾਬ ਦੀ ਸਮੁੱਚੀ ਹਿੰਦੂ ਧਾਰਾ ਨੂੰ ਬਦਲ ਕੇ ਰੱਖ ਦਿੱਤਾ ਅਤੇ ਸਾਰੇ ਲੋਕਾਂ ਦੀ ਸਦਾਚਾਰਕ ਅਤੇ ਅਧਿਆਤਮਕ ਭਾਵਨਾ ਨੂੰ ਉੱਚਿਆਂ ਕਰ ਦਿੱਤਾ। ਸਦੀਆਂ ਦੇ ਵਿਤਕਰਿਆਂ ਤੋਂ ਪਿੱਛੋਂ ਗੁਰੂ ਨਾਨਕ ਅਜੇਹੇ ਨਾਇਕ ਸਨ ਜਿਨ੍ਹਾਂ ਨੂੰ ਹਰੇਕ ਹਿੰਦੂ[2] ਆਪਣਾ ਕਹਿ ਸਕਦਾ ਸੀ ਅਤੇ ਉਨ੍ਹਾਂ ਉਤੇ ਗੌਰਵ ਕਰ ਸਕਦਾ ਸੀ। ਸਾਂਝੀ ਰਾਸ਼ਟਰੀਅਤਾ ਦੀ ਚੇਤਨਾ ਪੈਦਾ ਕਰਨ ਵਲ ਗੁਰੂ ਨਾਨਕ ਦਾ ਆਗਮਨ ਇਕ ਮਹਾਨ ਕਦਮ ਸੀ। ਹਿੰਦੂ ਰਾਜੇ ਨਸ਼ਟ ਹੋ ਚੁੱਕੇ ਸਨ ਕਿਉਂਕਿ ਗੁਰੂ ਨਾਨਕ ਪਹਿਲੇ ਹਿੰਦੂ ਨਾਇਕ ਸਨ ਜਿਨ੍ਹਾਂ ਨੂੰ ਸਾਰੇ ਦਲਾਂ ਦੀ ਵਫ਼ਾਦਾਰੀ ਪ੍ਰਾਪਤ ਹੋਈ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਦਲ ਨਾਲ ਨਹੀਂ ਜੋੜਿਆ। ਭਾਵੇਂ ਉਨ੍ਹਾਂ ਨੇ ਸਾਰੇ ਦਲਾਂ ਦਾ ਖੰਡਨ ਕੀਤਾ ਅਤੇ ਉਨ੍ਹਾਂ ਦੇ ਪਿਆਰੇ ਮਤਾਂ ਮਤਾਂਤਰਾਂ ਨੂੰ ਲੀਰੋ-ਲੀਰ ਕਰ ਦਿੱਤਾ, ਤਾਂ ਵੀ ਉਹ ਹਰਮਨ-ਪਿਆਰੇ ਨਾਇਕ ਬਣ ਗਏ ਕਿਉਂਕਿ ਇਹ ਗੱਲ ਛੇਤੀ ਹੀ ਪਤਾ ਲੱਗ ਗਈ ਕਿ ਉਹ ਅਜੇਹੀਆਂ ਗੱਲਾਂ ਨਸ਼ਟ ਕਰ ਰਹੇ ਹਨ ਜਿਹੜੀਆਂ ਠੀਕ ਨਹੀਂ ਸਗੋਂ ਉਨ੍ਹਾਂ ਦੇ ਧਰਮ ਨਾਲ ਬਲਾ ਬਣ ਕੇ ਚੰਬੜੀਆਂ ਹੋਈਆਂ ਹਨ।

---

1. ਭਾਗਵਤ ਗੀਤਾ, 10
2. ਪਰ ਪੁਜਾਰੀ ਸ਼੍ਰੇਣੀ ਨੂੰ ਛੱਡ ਕੇ ਜਿਨ੍ਹਾਂ ਦੀ ਮਾਨਤਾ ਅਤੇ ਆਮਦਨ ਨੂੰ ਨਵੇਂ ਸੁਧਾਰਕ ਦੀ ਸ਼ੁਹਰਤ ਨੇ ਖਤਰੇ ਵਿਚ ਪਾ ਦਿੱਤਾ ਸੀ।

2. ਗੁਰੂ ਨਾਨਕ ਦੀ ਸਿਖਿਆ ਦਾ ਦੂਸਰਾ ਪ੍ਰਭਾਵ ਇਹ ਪਿਆ ਕਿ ਉਨ੍ਹਾਂ ਨੇ ਹਿੰਦੂਆਂ ਨੂੰ ਦੱਸ ਦਿੱਤਾ ਕਿ ਉੱਚੀ ਤੋਂ ਉੱਚੀ ਸੰਸਾਰਕ ਇੱਛਾ ਵੀ ਸ਼ੁੱਧ ਤੋਂ ਸ਼ੁੱਧ ਅਤੇ ਰੱਬੀ ਜੀਵਨ ਦੇ ਵਿਰੁੱਧ ਨਹੀਂ। ਬੁੱਧ ਮਤ, ਜੈਨ ਮਤ ਅਤੇ ਦੋਹਾਂ ਤੋਂ ਪ੍ਰਭਾਵਿਤ ਛੋਕੜਲੇ ਹਿੰਦੂ ਧਰਮ ਨੇ ਸਦਾ ਸੰਸਾਰ-ਤਿਆਗ ਨੂੰ ਸਭ ਤੋਂ ਵੱਡਾ ਗੁਣ ਸਮਝਿਆ ਅਤੇ ਸੰਸਾਰਕ ਸੱਤਾ ਅਤੇ ਖੁਸ਼ਹਾਲੀ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ ਵੇਖਿਆ। ਇਸ ਨੂੰ ਕੁਝ ਹਾਲਤਾਂ ਵਿਚ ਲਾਜ਼ਮੀ ਗੁਨਾਹ ਦੇ ਤੌਰ ਤੇ ਅਪਣਾਇਆ ਗਿਆ। ਗੁਰੂ ਨਾਨਕ ਨੇ ਇਹ ਸਭ ਕੁਝ ਬਦਲ ਦਿਤਾ। ਉਨ੍ਹਾਂ ਨੇ ਸੰਸਾਰਕ ਕਾਰ-ਵਿਹਾਰਾਂ ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਜੇ ਕਰ ਲੋਕ ਸਚਾਈ ਅਤੇ ਦਿਆਨਤਦਾਰੀ ਛੱਡ ਕੇ ਇਨ੍ਹਾਂ ਵਿਚ ਖਚਿਤ ਨ ਹੋਣ।

ਪ੍ਰਤੱਖ ਹੀ ਇਹ ਅਜੇਹਾ ਬੀਜ ਸੀ ਜੋ ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਦੀ ਪਾਲਕ ਨਿਗਰਾਨੀ ਅਧੀਨ ਖਾਲਸਾ-ਸੱਤਾ ਦਾ ਇਕ ਵਿਸ਼ਾਲ ਰੁੱਖ ਬਣ ਗਿਆ।

ਅਧਿਆਇ ੨

ਸਿੱਖ ਮਤ ਦਾ ਸੰਗਠਨ

ਸੰਗਠਨ ਦੇ ਮੁੱਢਲੇ ਕਦਮ (1538–1575)

ਗੁਰੂ ਨਾਨਕ ਨੇ ਕੋਈ ਸੱਤਰ ਵਰ੍ਹਿਆਂ ਦੀ ਆਯੂ ਭੋਗੀ ਅਤੇ ਆਪਣੀ ਉਮਰ ਦੇ ਅੰਤਿਮ ਦਿਨਾਂ ਵਿਚ, ਸਮੁੱਚੇ ਭਾਰਤ ਅਤੇ ਕੁਝ ਇਕ ਵਿਦੇਸ਼ੀ ਮੁਲਕਾਂ ਦਾ ਭ੍ਰਮਣ ਕਰਨ ਉਪਰੰਤ, ਉਹ ਕਰਤਾਰਪੁਰ ਜਿਸ ਨੂੰ ਕਿ ਉਨ੍ਹਾਂ ਨੇ ਆਪ ਵਸਾਇਆ ਸੀ, ਵਿਖੇ ਆ ਕੇ ਰਹਿਣ ਲੱਗ ਪਏ। ਇਥੇ ਉਨ੍ਹਾਂ ਨੇ ਇਕ ਧਰਮਸ਼ਾਲਾ ਬਣਾਈ ਅਤੇ ਪੰਜਾਬ ਦੇ ਸਾਰੇ ਭਾਗਾਂ ਵਿਚੋਂ ਆਉਣ ਵਾਲੇ ਅਣਗਿਣਤ ਲੋਕਾਂ ਨੂੰ ਸਿਖਿਆ ਦੇਣ ਲੱਗੇ। ਜਦੋਂ 1538 ਈ: ਵਿਚ ਉਹ ਜੋਤੀ ਜੋਤ ਸਮਾਏ ਤਾਂ ਉਹ ਆਪਣੇ ਸੰਪਰਕ ਵਿਚ ਆਉਣ ਵਾਲੇ ਹਜ਼ਾਰਾਂ ਹਿੰਦੂਆਂ ਦਾ ਕਾਇਆ ਕਲਪ ਕਰ ਚੁੱਕੇ ਸਨ। ਆਪਣੇ ਨੇਕ ਜੀਵਨ ਅਤੇ ਉਤਸਾਹਜਨਕ ਸਿਖਿਆ ਦੁਆਰਾ ਉਨ੍ਹਾਂ ਨੇ ਦੇਸ਼ ਵਿਚ ਇਕ ਨਵਾਂ ਵਾਤਾਵਰਣ ਪੈਦਾ ਕਰ ਦਿੱਤਾ ਜਿਸ ਵਿਚ ਕਿ ਸਵਸਥ ਅਤੇ ਸਬਲ ਆਤਮਾ ਤੋਂ ਬਿਨਾਂ ਕੋਈ ਸਾਹ ਤਕ ਨਹੀਂ ਲੈ ਸਕਦਾ ਸੀ। ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ ਨੂੰ ਪਹਿਲਾਂ ਨਾਲੋਂ ਕਿਤੇ ਚੰਗੇਰੀ ਸਥਿਤੀ ਵਿਚ ਲੈ ਆਂਦਾ ਸੀ। ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਸ਼ੁੱਧ ਹੋ ਗਏ ਸਨ, ਉਨ੍ਹਾਂ ਦੀ ਪੂਜਾ ਵਿਚ ਨਿਰਮਲਤਾ ਆ ਗਈ ਸੀ, ਜਾਤ-ਪਾਤ ਦੀ ਕੱਟੜਤਾ ਕਾਫ਼ੀ ਢਿੱਲੀ ਪੈ ਗਈ ਸੀ, ਉਨ੍ਹਾਂ ਦੇ ਮਨ ਕਾਫ਼ੀ ਹੱਦ ਤਕ ਮੁਕਤ ਹੋ ਗਏ ਸਨ ਅਤੇ ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਨੇ ਜਿਸ ਰਾਸ਼ਟਰੀ ਪ੍ਰਗਤੀ ਵਲ ਉਨ੍ਹਾਂ ਨੂੰ ਲੈ ਜਾਣਾ ਸੀ, ਉਸ ਵਿਚ ਪ੍ਰਵੇਸ਼ ਕਰਨ ਦੇ ਉਹ ਵਧੇਰੇ ਯੋਗ ਹੋ ਗਏ ਸਨ। ਬੀਜ ਪੈ ਚੁਕਿਆ ਸੀ। ਇਹ ਚੰਗੀ ਧਰਤੀ ਵਿਚ ਡਿਗਿਆ ਸੀ ਅਤੇ ਸਾਵਧਾਨੀ ਨਾਲ ਇਸ ਦੀ ਰਖਿਆ ਕਰਨ ਦੇ ਸਿੱਟੇ ਵਜੋਂ, ਸਮਾਂ ਆਉਣ ਤੇ ਇਸ ਦਾ ਤਕੜੀ ਫ਼ਸਲ ਦੇਣਾ ਆਵਸ਼ਕ ਸੀ।

ਭਾਵੇਂ ਗੁਰੂ ਸਾਹਿਬ ਦਾ ਮੰਤਵ ਹਿੰਦੂਆਂ ਦੇ ਸਮਾਜਕ ਅਤੇ ਧਾਰਮਿਕ ਜੀਵਨ ਵਿਚ ਖਮੀਰ ਪੈਦਾ ਕਰਨਾ ਅਤੇ ਉਨ੍ਹਾਂ ਦੇ ਨੈਤਿਕ ਤੇ ਅਧਿਆਤਮਿਕ ਜੀਵਨ ਦੀ ਸਾਮਾਨਜ ਅਵਸਥਾ ਨੂੰ ਸੁਧਾਰਨਾ ਸੀ ਅਤੇ ਉਨ੍ਹਾਂ ਨੇ ਨਵੇਂ ਮਤ ਦੀ ਸਥਾਪਤੀ ਬਾਰੇ ਸੋਚਿਆ ਵੀ ਨਹੀਂ

ਸੀ, ਤਾਂ ਵੀ ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਉਨ੍ਹਾਂ ਦਾ ਕਾਰਜ ਚਲਦਾ ਰਹੇ ।[1] ਇਸ ਉੱਦੇਸ਼ ਨਾਲ ਉਨ੍ਹਾਂ ਨੇ ਆਪਣੇ ਅਨੁਯਾਈਆਂ ਵਿਚੋਂ ਲਹਿਣੇ ਨਾਮਕ ਇਕ ਖੱਤਰੀ, ਜਿਸ ਨੂੰ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨਾਲੋਂ ਚੰਗੇਰਾ ਸਮਝਿਆ ਸੀ ਅਤੇ ਜਿਸ ਨੇ ਕਿ ਆਪਣੇ ਅਦੁੱਤੀ ਚਰਿੱਤਰ ਰਾਹੀਂ ਅਸਾਧਾਰਣ ਪਵਿੱਤਰਤਾ ਅਤੇ ਦ੍ਰਿੜ ਭਗਤੀ[2] ਦੁਆਰਾ ਗੁਰੂ ਨਾਨਕ ਦੀ ਪਦਵੀ ਸਭਾਲਣ ਦੀ ਯੋਗਿਤਾ ਦਾ ਪ੍ਰਮਾਣ ਦੇ ਦਿੱਤਾ ਸੀ, ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ ।

ਲਹਿਣੇ ਨੇ, ਜਿਸ ਨੂੰ ਕਿ ਹੁਣ ਅੰਗਦ ਦੇ ਨਾਂ ਨਾਲ ਸੱਦਿਆ ਜਾਣ ਲੱਗਾ ਅਤੇ ਜੋ ਕਿ ਆਪਣੇ ਗੁਰੂ ਦਾ ਹੀ ਇਕ ਅਟੁੱਟ ਅੰਗ ਸੀ, ਗੱਦੀ ਉਤੇ ਬੈਠਦੇ ਹੀ ਸਿੱਖ ਮਤ ਨੂੰ ਹੋਣ ਵਾਲੇ ਖਤਰੇ ਦਾ ਅਨੁਭਵ ਕਰ ਲਿਆ । ਵਿਵਹਾਰਿਕ ਜੀਵਨ ਵਿਚ ਲੋਕ ਗੁਰੂ ਸਾਹਿਬ ਦੇ ਸਮੇਂ ਜਿੰਨੇ ਹੀ ਪੁਰਾਤਨਵਾਦੀ ਸਨ । ਹਿੰਦੂ ਧਰਮ ਦੀਆਂ ਧਾਰਮਿਕ ਰੀਤਾਂ ਵਿਚ ਗੁਰੂ ਨਾਨਕ ਨੇ ਕੋਈ ਦਖਲ ਨਹੀਂ ਦਿੱਤਾ ਸੀ । ਸਾਰੀਆਂ ਰਸਮਾਂ-ਰੀਤਾਂ, ਉਹੀ ਪੁਜਾਰੀ, ਪੁਰਾਣੀਆਂ ਵਿਧੀਆਂ ਅਨੁਸਾਰ ਹੀ ਕਰਦੇ ਸਨ । ਭਾਵੇਂ ਗੁਰੂ ਸਾਹਿਬ ਦੇ ਸੰਪਰਕ ਵਿਚ ਆਏ ਲੋਕਾਂ ਵਿਚ ਉਨ੍ਹਾਂ ਦਾ ਮਹੱਤਵ ਕਾਫੀ ਘਟ ਗਿਆ ਸੀ, ਤਾਂ ਵੀ ਉਹ ਉਨ੍ਹਾਂ ਨਾਲ ਬੱਝੇ ਹੋਏ ਸਨ ।

ਗੁਰੂ ਨਾਨਕ ਦੇ ਵਿਅਕਤਿਤਵ ਦਾ ਆਕਰਸ਼ਣ ਇਤਨਾ ਅਧਿਕ ਸੀ ਕਿ ਉਨ੍ਹਾਂ ਨੇ ਆਪਣੇ ਸਿੱਧੇ ਪ੍ਰਭਾਵ ਹੇਠਾਂ ਆਉਣ ਵਾਲੇ ਹਜ਼ਾਰਾਂ ਲੋਕਾਂ ਦਾ ਪ੍ਰੇਮ ਅਤੇ ਵਫ਼ਾਦਾਰੀ ਪ੍ਰਾਪਤ ਕਰ ਲਏ ਸਨ । ਇਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਉਨ੍ਹਾਂ ਦਾ ਵਿਚਾਰ ਹੁੰਦਾ ਤਾਂ ਉਹ ਆਪਣਾ ਪੰਥ ਆਸਾਨੀ ਨਾਲ ਸਥਾਪਿਤ ਕਰ ਸਕਦੇ ਸਨ, ਆਪਣੇ ਸਮਾਜਕ ਅਤੇ ਧਾਰਮਿਕ ਨਿਯਮ ਚਾਲੂ ਕਰ ਸਕਦੇ ਸਨ ਅਤੇ ਜਾਤ-ਪਾਤ ਦੇ ਬੰਧਨਾਂ ਤਥਾ ਹਿੰਦੂ ਪੁਜਾਰੀਆਂ ਦੇ

---

1. ਗੁਰੂ ਨਾਨਕ, ਨਿਰਸੰਦੇਹ, ਮਰ ਰਹੇ ਹਿੰਦੂ ਸਮਾਜ ਨੂੰ ਸੁਰਜੀਤ ਕਰਨ ਵਿਚ ਕਾਫੀ ਸਫਲ ਹੋਏ । ਉਹ ਧਰਮ ਹੁਣ ਸਵਸਥ ਹੋਣ ਲੱਗ ਪਿਆ ਸੀ, ਪਰੰਤੂ ਪਰਿਸਥਿਤੀਆਂ ਅਜੇ ਤਕ ਇਤਨੀਆਂ ਵਿਰੋਧੀ ਸਨ, ਅਤੇ ਪੁਰਾਤਨ ਭਾਂਤ ਦਾ ਪੁਜਾਰੀਵਾਦ ਅਜੇ ਵੀ ਕਾਫ਼ੀ ਪ੍ਰਬਲ ਸੀ, ਕਿ ਉਨ੍ਹਾਂ ਨੂੰ ਰੋਗੀ ਦੇ ਮੁੜ ਰੋਗ-ਗ੍ਰਸਤ ਹੋ ਜਾਣ ਦਾ ਖਤਰਾ ਸੀ, ਜੇਕਰ ਉਸ ਦੀ ਦੇਖ ਭਾਲ ਲਈ ਕਿਸੇ ਵਿਅਕਤੀ ਨੂੰ ਨਿਯਤ ਨਾ ਕੀਤਾ ਜਾਏ । ਜੇ ਗੁਰੂ ਸਾਹਿਬ ਉੱਤਰਾਧਿਕਾਰੀ ਛੱਡੇ ਬਿਨਾਂ ਜੋਤੀ ਜੋਤ ਸਮਾ ਜਾਂਦੇ ਤਾਂ ਅੱਜ ਸਿੱਖ ਧਰਮ ਨ ਹੁੰਦਾ, ਵੱਧ ਤੋਂ ਵੱਧ ਕਬੀਰ ਪੰਥ ਹੀ ਹੁੰਦਾ ।

2. 'ਪੰਥ ਪ੍ਰਕਾਸ਼' ਅਤੇ ਹੋਰ ਗ੍ਰੰਥਾਂ ਵਿਚ ਲਹਿਣੇ ਦੀ ਭਗਤੀ ਦੀਆਂ ਕਈ ਕਥਾਵਾਂ ਦਾ ਵਰਣਨ ਹੈ । ਜਿਵੇਂ ਗੁਰੂ ਨਾਨਕ ਦੀ ਆਗਿਆ ਪਾ ਕੇ ਪਿਆਲਾ ਕੱਢਣ ਲਈ ਇਕ ਚਿੱਕੜ ਵਿਚ ਕੁੱਦ ਪੈਣਾ, ਆਪਣੇ ਗੁਰੂ ਦੀ ਆਗਿਆ ਪਾ ਕੇ ਲੋਥ ਖਾਣ ਲਈ ਵੀ ਤਿਆਰ ਹੋ ਜਾਣਾ, ਗੁਰੂ ਸਾਹਿਬ ਦੇ ਬਣਾਉਟੀ ਪਾਗਲਪਣ ਦੇ ਦੌਰਾਨ ਉਨ੍ਹਾਂ ਨਾਲ ਜੁੜਿਆ ਰਹਿਣਾ, ਜਦ ਕਿ ਉਨ੍ਹਾਂ ਦੇ ਆਪਣੇ ਪੁੱਤਰ ਵੀ ਸਾਥ ਛੱਡ ਗਏ ਸਨ, ਇਤਿਆਦਿ ।

ਨਿਯੰਤ੍ਰਣ ਤੋਂ ਪੂਰਣ ਭਾਂਤ ਮੁਕਤ, ਵੱਖਰਾ ਭਾਈਚਾਰਾ ਬਣਾ ਸਕਦੇ ਸਨ। ਔਪਰ, ਉਨ੍ਹਾਂ ਦਾ ਉੱਦੇਸ਼ ਅਜੇਹਾ ਨਹੀਂ ਸੀ। ਉਹ ਹਿੰਦੂ ਜਾਤੀ ਤੋਂ ਆਪਣੇ ਆਪ ਨੂੰ ਅੱਲਗ ਕਰਨ ਦੇ ਇੱਛਕ ਨਹੀਂ ਸਨ। ਉਹ ਇਸ ਵਿਚ ਹੀ ਰਹਿਣਾ ਚਾਹੁੰਦੇ ਸਨ, ਇਸ ਨਾਲ ਮਿਲ ਕੇ ਕੰਮ ਕਰਨ ਦੇ ਅਭਿਲਾਸ਼ੀ ਸਨ ਅਤੇ ਆਪਣੇ ਪਵਿਤਰ ਜੀਵਨ ਤੇ ਉੱਚੀ ਸਿਖਿਆ ਨਾਲ ਇਸ ਨੂੰ ਸਮਾਜਕ ਤੇ ਧਾਰਮਿਕ ਜੀਵਨ ਦੀ ਉਚੇਰੀ ਅਵਸਥਾ ਤੇ ਪਹੁੰਚਾਉਣਾ ਚਾਹੁੰਦੇ ਸਨ। ਉਨ੍ਹਾਂ ਦੇ ਉੱਤਰਾਧਿਕਾਰੀ ਨੇ ਵੀ ਇਸੇ ਨੀਤੀ ਤੇ ਅਮਲ ਕੀਤਾ। ਪਰੰਤੂ ਉਨ੍ਹਾਂ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਦੇ ਮਿਸ਼ਨ ਦਾ ਕੋਈ ਵੱਖਰਾ ਸੁਭਾਵ ਹੋਣਾ ਚਾਹੀਦਾ ਹੈ ਅਤੇ, ਉਨ੍ਹਾਂ ਦੇ ਅਨੁਯਾਈ, ਮੁੱਖ ਦਾ ਭਾਗ ਹੁੰਦੇ ਹੋਏ ਵੀ, ਨਿਜੀ ਵਿਅਕਤਿਤਵ ਦੇ ਮਾਲਕ ਹੋਣੇ ਚਾਹੀਦੇ ਹਨ। ਉਸ ਨੇ ਹਿੰਦੂ ਜਨਤਾ ਵਿਚ ਉਨ੍ਹਾਂ ਨੂੰ ਪੂਰਣ ਭਾਂਤ ਵਿਲੀਨ ਹੋ ਜਾਣ ਤੋਂ ਬਚਾਉਣ ਦੀ ਲੋੜ ਦਾ ਅਨੁਭਵ ਕੀਤਾ। ਗੁਰੂ ਨਾਨਕ ਦੁਆਰਾ ਪਏ ਪ੍ਰਭਾਵ ਨੂੰ ਕਾਇਮ ਰੱਖਣ ਲਈ, ਇਹ ਆਵਸ਼ਕ ਸੀ ਕਿ ਅਜੇਹੇ ਪ੍ਰਭਾਵਾਂ ਨੂੰ ਜਾਰੀ ਰਖਿਆ ਜਾਵੇ ਅਤੇ ਇਕ ਭਾਈਚਾਰਾ ਸਾਜਿਆ ਜਾਏ, ਜਿਹੜਾ ਕਿ ਉਸੇ ਸਮਾਜ ਦਾ ਭਾਗ ਹੁੰਦੇ ਹੋਏ ਵੀ, ਮੋਹਰੀ ਦੇ ਤੌਰ ਤੇ, ਇਸ ਤੋਂ ਥੋੜ੍ਹਾ ਵੱਖਰਾ ਹੋਵੇ।[1]

ਗੁਰੂ ਅੰਗਦ ਨੇ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਗੁਰੂ ਨਾਨਕ ਦੇ ਮਿਸ਼ਨ ਨੂੰ ਸਵੀਕਾਰ ਕਰ ਲਿਆ ਸੀ, ਦੇ ਨਿਜੀ ਵਿਅਕਤਿਤਵ ਦੀ ਹੋਂਦ ਲਈ ਨਿਮਨ ਤਿੰਨ ਢੰਗ ਵਰਤੇ।

1. ਸਭ ਤੋਂ ਪਹਿਲਾ ਅਤੇ ਮਹੱਤਵਪੂਰਣ ਢੰਗ ਗੁਰਮੁਖੀ ਲਿਪੀ[2] ਦਾ ਪ੍ਰਚਾਲਨ

---

1. ਹਿੰਦੂ ਧਰਮ ਦੇ ਇਨ੍ਹਾਂ ਸਾਧਾਰਣ ਲੋਕਾਂ ਨੂੰ ਮੋਹਰੀ ਆਖਣਾ ਅਜੀਬ ਲੱਗ ਸਕਦਾ ਹੈ, ਪਰੰਤੂ ਤੱਥ ਇਹੋ ਹੈ ਕਿ ਉਨ੍ਹਾਂ ਭੈੜੇ ਦਿਨਾਂ ਵਿਚ ਹਿੰਦੂਆਂ ਕੋਲ ਗਿਆਨ, ਦ੍ਵੰਦਾਤਮਕ ਧਰਮ-ਗਿਆਨ ਅਤੇ ਦਰਸ਼ਨ ਕਾਫੀ ਸੀ। ਉਨ੍ਹਾਂ ਵਿਚ ਵਿਸ਼ਵਾਸ, ਭਗਤੀ ਅਤੇ ਸਚਾਈ ਦੀ ਘਾਟ ਸੀ ਅਤੇ ਮੁਢਲੇ ਸਿੱਖਾਂ ਵਿਚ ਬਹੁਤੇ ਭਾਵੇਂ ਅਨਪੜ੍ਹ ਸਨ, ਉਕਤ ਗੁਣ ਦੇ ਕਾਰਣ ਉਹ ਮਾਰਗ-ਦਰਸ਼ਕ ਬਣ ਗਏ ਅਤੇ ਸਾਰੇ ਪੰਜਾਬ ਦੇ ਹਿੰਦੂਆਂ ਨੂੰ ਆਪਣੇ ਮਗਰ ਲਾ ਲਿਆ।
2. ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਇਹ ਕਿੰਤੂ ਕੀਤਾ ਜਾ ਸਕਦਾ ਹੈ ਕਿ ਨਵੀਨ ਲਿਪੀ ਨੇ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਝਗੜੇ ਦਾ ਇਕ ਨਵਾਂ ਕਾਰਣ ਖੜਾ ਕਰ ਦਿੱਤਾ ਅਤੇ ਭਾਵੀ ਹਿੰਦੂ ਸੁਧਾਰਕਾਂ ਦੇ ਰਾਹ ਵਿਚ ਸਮੁੱਚੀ ਹਿੰਦੂ ਜਾਤੀ ਦੇ ਸੰਗਠਨ ਲਈ ਇਕ ਨਵੀਂ ਸਮਸਿਆ ਪੈਦਾ ਕਰ ਦਿੱਤੀ। ਇਹ ਕਿੰਤੂ ਵੀ ਕੀਤਾ ਜਾ ਸਕਦਾ ਹੈ ਕਿ ਗੁਰਮੁਖੀ ਲਿਪੀ ਅਣਘੜ ਅਤੇ ਅਪੂਰਣ ਹੈ ਤਥਾ ਇਸ ਦੀ ਕੋਈ ਲੋੜ ਨਹੀਂ ਸੀ।

   ਦੂਸਰੇ ਪਾਸੇ ਇਹ ਵੀ ਸਵੀਕਾਰ ਕਰਨਾ ਪਵੇਗਾ ਕਿ ਇਹ ਕਿਸੇ ਹੋਰ ਲਿਪੀ ਨਾਲੋਂ ਵਧੇਰੇ ਸੌਖ ਨਾਲ ਸਿੱਖੀ ਜਾ ਸਕਦੀ ਹੈ ਅਤੇ ਸਿੱਖ ਵਿਅਕਤਿਤਵ ਦੇ ਪ੍ਰਦਰਸ਼ਨ ਲਈ ਇਸ ਦੇ ਮਹੱਤਵ ਨੂੰ ਅਤਿਕਥਨੀ ਨਹੀਂ ਕਿਹਾ ਜਾ ਸਕਦਾ। ਬ੍ਰਾਹਮਣ ਦੇ ਚਿਰ-ਨਿਯੰਤ੍ਰਣ ਉਤੇ ਇਸ ਤੋਂ ਵੱਡੀ ਕੋਈ ਹੋਰ ਸੱਟ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਸੀ ਅਤੇ ਜੇ ਬ੍ਰਾਹਮਣ ਅਜੇ ਵੀ ਆਪਣੀ ਹੋਂਦ ਬਣਾਈ ਬੈਠੇ ਹਨ ਤਾਂ ਇਸ ਦਾ ਮੁੱਖ ਕਾਰਣ ਉਨ੍ਹਾਂ ਦੀ ਬੌਧਿਕ ਉਚੱਤਾ ਹੈ।

ਸੀ ਜੋ ਕਿ ਸਿੱਖਾਂ ਦੀ ਵਿਸ਼ੇਸ਼ ਲਿਪੀ ਬਣ ਗਈ ਅਤੇ ਜਿਸ ਵਿਚ ਉਨ੍ਹਾਂ ਦੇ ਸਾਰੇ ਧਾਰਮਿਕ ਗ੍ਰੰਥ ਲਿਖੇ ਗਏ। ਆਦਿ ਗ੍ਰੰਥ ਵਿਚ ਅਤੇ ਆਮ ਤੌਰ ਤੇ ਪੰਜਾਬ ਵਿਚ, ਮਨਮੁਖ ਦੇ ਉਲਟ ਜੋ ਕਿ ਆਸਰੇ ਅਤੇ ਅਗਵਾਈ ਲਈ ਆਪਣੇ ਮਨ ਦੀ ਕਰਦਾ ਹੈ, ਗੁਰਮੁਖ ਉਹ ਸਮਝੇ ਜਾਂਦੇ ਹਨ ਜੋ ਆਪਣੇ ਗੁਰੂ ਦਾ ਹੁਕਮ ਮੰਨਦੇ ਹਨ। ਇਸ ਲਈ ਲਿਪੀ ਦਾ ਨਾਂ ਹੀ ਇਸ ਦੇ ਵਰਤਣ ਵਾਲਿਆਂ ਨੂੰ ਆਪਣੇ ਗੁਰੂ ਪ੍ਰਤਿ ਕਰਤੱਵ ਦਾ ਸੁਝਾ ਦਿੰਦਾ ਹੈ ਅਤੇ ਉਨ੍ਹਾਂ ਦੀ ਚੇਤਨਾ ਵਿਚ ਇਹ ਭਾਵ ਲਗਾਤਾਰ ਜਗਾਉਂਦਾ ਰਹਿੰਦਾ ਹੈ ਕਿ ਉਹ ਸਾਧਾਰਣ ਹਿੰਦੂ ਜਨਤਾ ਨਾਲੋਂ ਕੁਝ ਵੱਖਰੇ ਹਨ ਅਤੇ ਉਹ ਉਧਾਰ-ਪ੍ਰਾਪਤ, ਸੁਤੰਤਰ ਅਤੇ ਮੁਕਤ ਹਨ। ਇਸ ਨੇ ਪੁਜਾਰੀ ਸ਼੍ਰੇਣੀ ਦੇ ਨਿਯੰਤ੍ਰਣ ਉਤੇ ਵੀ ਕਰੜੀ ਸੱਟ ਮਾਰੀ। ਬ੍ਰਾਹਮਣ ਦੇ ਮਹੱਤਵ ਦਾ ਇਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁਖੀ ਅੱਖਰਾਂ ਵਿਚ ਲਿਖੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਜਿਹੜੀ ਕਿ ਇਸ ਨੂੰ ਛੇਤੀ ਪਿੱਛੋਂ ਮਿਲ ਗਈ ਸੀ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਅਨਿਵਾਰੀ ਸੀ। ਇਸ ਨਵੀਨ ਲਿਪੀ ਦੇ ਪ੍ਰਚਾਲਨ ਦਾ ਤੀਸਰਾ ਪ੍ਰਭਾਵ ਇਹ ਪਿਆ ਕਿ ਸਾਖਰ ਵਿਅਕਤੀਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਅਤੇ ਜਨਤਾ ਤਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।

2. ਗੁਰੂ ਅੰਗਦ ਨੇ ਦੂਸਰਾ ਕਦਮ ਗੁਰੂ ਨਾਨਕ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਨੇ ਇਸ ਨੂੰ ਲਿਪੀ ਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਪ੍ਰਥਮ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ[1] ਦੀ ਪ੍ਰਥਮ ਗੱਦ-ਰਚਨਾ ਬਣੀ। ਗੁਰੂ ਨਾਨਕ ਦੇ ਸਿੱਖਾਂ ਵਿਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿਚ ਗੁਰੂ ਸਾਹਿਬ ਦੀ ਸਿਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ[2], ਅਤੇ ਰਾਮਾਇਣ ਅਤੇ ਮਹਾਭਾਰਤ ਉਨ੍ਹਾਂ

---

1. ਪੰਜਾਬੀ ਸਾਹਿਤ ਦੀ ਇਹ ਪ੍ਰਥਮ ਗੱਦ-ਕਿਰਤ ਹੀ ਨਹੀਂ ਸੀ, ਸਗੋਂ, ਜਿਥੋਂ ਤਕ ਮੈਨੂੰ ਪਤਾ ਹੈ, ਸੂਬੇ ਵਿਚ ਪ੍ਰਚਲਿਤ ਉਪਭਾਖਾ ਦਾ ਇਹ ਪ੍ਰਥਮ ਧਾਰਮਿਕ ਗ੍ਰੰਥ ਸੀ।
2. ਇਸ ਪੱਖੋਂ ਇਹ ਗਾਥਾਵਾਂ ਅਤੇ ਕੌਤਕਾਂ ਸਮੇਤ ਹਿੰਦੂਆਂ ਦੇ ਕਿਸੇ ਵੀ ਧਾਰਮਿਕ ਗ੍ਰੰਥ ਨਾਲੋਂ ਵੱਧ ਨਿਊ ਟੈਸਟਾਮੈਂਟ ਦੇ ਵਧੇਰੇ ਨੇੜੇ ਸਨ।

ਦੀ ਪਹੁੰਚ ਤੋਂ ਬਾਹਰ ਹੋਣ ਕਰਕੇ, ਇਹ ਪੁਸਤਕ ਅਜੇਹੇ ਹਜ਼ਾਰਾਂ ਲੋਕਾਂ ਲਈ ਨੈਤਿਕ ਅਤੇ ਧਾਰਮਿਕ ਸਿਖਿਆ ਦਾ ਸ੍ਰੋਤ ਬਣ ਗਈ ਜਿਨ੍ਹਾਂ ਨੂੰ ਸੰਸਕ੍ਰਿਤ ਦਾ ਇਕ ਸ਼ਬਦ ਵੀ ਨਹੀਂ ਆਉਂਦਾ ਸੀ ਅਤੇ ਬ੍ਰਾਹਮਣਾਂ ਦੀ ਦੀਖਿਆ ਲੈਣ ਲਈ ਕੁਝ ਦੇਣਾ ਨਹੀਂ ਚਾਹੁੰਦੇ ਸਨ ਜਾਂ ਦੇ ਨਹੀਂ ਸਕਦੇ ਸਨ।

3. ਗੁਰੂ ਨਾਨਕ ਦੇ ਮਿਸ਼ਨ ਨੂੰ ਲੋਕ-ਪ੍ਰਿਯ ਬਣਾਉਣ ਅਤੇ ਉਸ ਦੇ ਅਨੁਯਾਈਆਂ ਦੇ ਉਤਸ਼ਾਹ ਨੂੰ ਸਥਿਰ ਰੱਖਣ ਲਈ ਗੁਰੂ ਅੰਗਦ ਨੇ ਲੰਗਰ ਚਲਾਉਣ ਦਾ ਤੀਸਰਾ ਕਦਮ ਚੁਕਿਆ। ਇਹ ਪ੍ਰਣਾਲੀ ਗੁਰੂ ਨਾਨਕ ਨੇ ਹੀ ਚਾਲੂ ਕਰ ਦਿੱਤੀ ਸੀ ਅਤੇ ਗੁਰੂ ਅੰਗਦ ਨੇ ਤਾਂ ਇਸ ਦੀ ਵ੍ਰਿਧੀ ਅਤੇ ਵਿਸਥਾਰ ਹੀ ਕੀਤਾ। ਪ੍ਰਚਾਰਾਤਮਕ ਕਾਰਜ ਵਿਚ ਇਹ ਸੰਸਥਾ ਭਾਰੀ ਸਹਾਇਕ ਸਿੱਧ ਹੋਈ। ਪਹਿਲੀ ਗੱਲ ਤਾਂ ਇਹ ਹੋਈ ਕਿ ਇਸ ਨੇ ਈਸਾਈ ਮਿਸ਼ਨਰੀਆਂ ਦੁਆਰਾ ਚਲਾਏ ਯਤੀਮਖਾਨਿਆਂ, ਹਸਪਤਾਲਾਂ, ਆਸ਼ਰਮਾਂ ਅਤੇ ਹੋਰ ਖੈਰਾਤੀ ਸੰਸਥਾਵਾਂ ਦਾ ਕਰਤੱਵ ਨਿਭਾਇਆ। ਇਸ ਨੇ ਕੇਵਲ ਨਿਰਆਸਰਾ ਅਤੇ ਲੋੜਵੰਦਾਂ ਦੇ ਆਰਾਮ ਦਾ ਹੀ ਨਹੀਂ ਸਗੋਂ ਪ੍ਰਚਾਰ ਅਤੇ ਲੋਕ-ਪ੍ਰਿਯਤਾ ਦੀ ਸਭ ਤੋਂ ਵੱਧ ਯੋਗ ਵਿਧੀ ਦਾ ਕਰਤੱਵ ਵੀ ਪੂਰਾ ਕੀਤਾ। ਦੂਸਰੇ, ਗੁਰੂ ਸਾਹਿਬ ਦੇ ਅਨੁਯਾਈਆਂ ਦੇ ਦਾਨ ਨੂੰ ਇਸ ਨੇ ਇਕ ਨਵੀਂ ਦਿਸ਼ਾ ਦੇ ਦਿੱਤੀ। ਹਿੰਦੂ ਵਿਅਕਤੀਆਂ ਦੁਆਰਾ ਚਲਾਏ ਖੈਰਾਤੀ ਆਸ਼ਰਮਾਂ ਦੀ ਕੋਈ ਥੁੜ ਨਹੀਂ ਰਹੀ ਹੈ, ਪਰੰਤੂ ਸਮੂਹ ਜਾਤੀ ਦੇ ਮਿਲਵੇਂ ਦਾਨ ਦੁਆਰਾ ਚਲਾਇਆ ਜਾਣ ਵਾਲਾ ਲੰਗਰ ਇਸ ਕਿਸਮ ਦੀ ਪਹਿਲੀ ਸੰਸਥਾ ਸੀ ਅਤੇ ਸਿੱਖਾਂ ਨੂੰ ਇਸ ਨੇ ਸਾਂਝੇ ਭੰਡਾਰੇ ਲਈ ਦਾਨ ਦੇਣ ਦੀ ਪਹਿਲੀ ਸਿਖਿਆ ਪ੍ਰਦਾਨ ਕੀਤੀ। ਤੀਸਰੇ, ਦਾਨ ਕਿਉਂਕਿ ਧਰਮ ਦਾ ਮੂਲ ਹੈ ਅਤੇ ਸਿੱਖਾਂ ਦਾ ਦਾਨ ਗੁਰੂ ਦੇ ਭੰਡਾਰੇ ਵਿਚ ਜਮ੍ਹਾਂ ਹੁੰਦਾ ਸੀ, ਇਸ ਲਈ ਉਨ੍ਹਾਂ ਦੀ ਧਾਰਮਿਕ ਭਾਵਨਾ ਹੋਰ ਕਿਸੇ ਦਿਸ਼ਾ ਵਿਚ ਨਹੀਂ ਜਾ ਸਕਦੀ ਸੀ। ਸਿੱਟੇ ਵਜੋਂ ਲੰਗਰ ਲਈ ਦਾਨ ਦੇਣ ਦੇ ਕਰਤੱਵ ਨੇ ਗੁਰੂ ਉਤੇ ਸਿੱਖਾਂ ਦਾ ਧਿਆਨ ਹੀ ਕੇਂਦਰਿਤ ਨਹੀਂ ਕੀਤਾ, ਸਗੋਂ ਸਾਂਝੀ ਸਰਪ੍ਰਸਤੀ ਅਤੇ ਸਹਾਇਤਾ ਦਾ ਵਿਸ਼ਾ ਹੋਣ ਕਰਕੇ ਇਸ ਨੇ ਨਵੀਨ ਭਾਈਚਾਰੇ ਦੇ ਸੰਗਠਨ ਵਿਚ ਮਜ਼ਬੂਤ ਕੜੀ ਦਾ ਕੰਮ ਕੀਤਾ। ਚੌਥੇ, ਇਹ ਸੰਸਥਾ ਜਾਤ-ਪਾਤ ਦੇ ਬੰਧਨ ਤੋੜਨ ਵਿਚ ਪ੍ਰਬਲ ਹਥਿਆਰ ਸਿੱਧ ਹੋਈ ਕਿਉਂਕਿ ਅਮੀਰ ਅਤੇ ਗਰੀਬ, ਬ੍ਰਾਹਮਣ ਅਤੇ ਸ਼ੂਦਰ, ਸਾਰੇ ਸਿੱਖ[1] ਬਿਨਾਂ ਕਿਸੇ ਭਿੰਨ-ਭੇਦ ਤੋਂ ਇਕ ਪੰਗਤ ਵਿਚ ਖਾਂਦੇ ਸਨ।

ਇਨ੍ਹਾਂ ਉਪਾਵਾਂ ਅਤੇ ਸਰਗਰਮ ਪ੍ਰਚਾਰ-ਕਾਰਜ ਦੁਆਰਾ, ਗੁਰੂ ਅੰਗਦ ਸਾਹਿਬ ਗੁਰੂ

---

1. ਭਾਵੇਂ ਲੰਗਰ ਮੁੱਖ ਤੌਰ ਤੇ ਗਰੀਬਾਂ ਲਈ ਸੀ, ਤਾਂ ਵੀ ਇਸ ਵਿਚ ਗੁਰੂ ਦੇ ਦਰਸ਼ਨਾਂ ਨੂੰ ਗਏ ਸਿੱਖਾਂ ਨੂੰ ਵੀ ਭੋਜਨ ਵਰਤਾਇਆ ਜਾਂਦਾ ਸੀ ਅਤੇ ਰਾਜਕੁਮਾਰ ਤਕ ਵੀ ਲੰਗਰ ਵਿਚ ਉਪਸਥਿਤ ਸਾਰੀਆਂ ਜਾਤੀਆਂ ਅਤੇ ਸ਼੍ਰੇਣੀਆਂ ਨਾਲ ਭੋਜਨ ਕਰਨਾ ਆਪਣਾ ਕਰਤੱਵ ਅਤੇ ਲਾਹੇਵੰਦਾ ਕੰਮ ਸਮਝਦੇ ਸਨ।

ਨਾਨਕ ਦੇ ਮਿਸ਼ਨ ਨੂੰ ਸਥਾਨਕ ਤੌਰ ਤੇ ਸਥਾਪਿਤ ਕਰਨ ਅਤੇ ਇਸ ਨੂੰ ਨਾਮ ਦੇਣ ਵਿਚ ਸਫਲ ਹੋ ਗਏ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ ਹੌਲੀ ਦੂਰ ਹੋਣ ਲੱਗੇ ਅਤੇ ਇਕ ਨਵੀਂ ਸ਼੍ਰੇਣੀ ਅਥਵਾ ਇਕ ਕਿਸਮ ਦੇ ਨਵੇਂ ਭਾਈਚਾਰੇ ਵਿਚ ਬੱਝਣ ਲੱਗੇ। ਧਾਰਮਿਕ ਰਸਮਾਂ ਨਿਭਾਉਣ ਵਿਚ ਉਹ ਦੂਸਰੇ ਹਿੰਦੂਆਂ ਨਾਲ ਮਿਲਦੇ-ਜੁਲਦੇ ਸਨ ਅਤੇ ਬਹੁਤ ਸਾਰੇ ਹਿੰਦੂ ਵਹਿਮਾਂ ਦਾ ਅਜੇ ਤਕ ਸ਼ਿਕਾਰ ਸਨ, ਪਰੰਤੂ ਆਪਣੇ ਧਰਮ ਦੀ ਸਾਦਗੀ, ਅਤੇ ਆਪਣੀ ਲਗਨ ਤੇ ਸੁਹਿਰਦਤਾ ਵਿਚ ਉਹ ਆਪਣੇ ਆਰੀਆ ਪੂਰਵਜਾਂ ਨਾਲ ਵਧੇਰੇ ਰਲਦੇ ਸਨ ਜੋ ਕਿ ਵਿਖਾਵੇ ਤੋਂ ਮੁਕਤ ਅਤੇ ਜਾਤ-ਪਾਤ ਤੋਂ ਸੁਤੰਤਰ ਸਨ ਅਤੇ ਆਪਣੇ ਸ਼ੁੱਧ ਅਤੇ ਪ੍ਰਾਚੀਨ ਧਰਮ ਵਿਚ ਸਾਦਾ, ਦ੍ਰਿੜ ਅਤੇ ਉਤਸ਼ਾਹੀ ਹੁੰਦੇ ਸਨ।

ਨਵੀਨ ਜਾਤੀ ਦੀ ਸਥਾਪਨਾ ਵਿਚ ਗੁਰੂ ਅੰਗਦ ਦੁਆਰਾ ਅਪਣਾਏ ਗਏ ਉਪਾਵਾਂ ਦੀ ਕਾਫ਼ੀ ਯੋਗਦਾਨ ਸੀ ਜਿਨ੍ਹਾਂ ਨੇ ਸਿੱਖਾਂ ਵਿਚਕਾਰ ਕਿਸੇ ਨ ਕਿਸੇ ਭਾਂਤ ਦੇ ਸੰਗਠਨ ਦੇ ਬੀਜ ਬੋ ਦਿੱਤੇ ਸਨ। ਪਰ ਤਦ ਤੀਕ ਸਿੱਖ ਕੇਵਲ ਧਾਰਮਿਕ ਸਮੁਦਾਇ ਹੀ ਸਨ ਅਤੇ ਉਨ੍ਹਾਂ ਵਿਚ ਕੋਈ ਅਜੇਹੇ ਚਿੰਨ ਨਹੀਂ ਉਭਰੇ ਸਨ ਜਿਨ੍ਹਾਂ ਦੁਆਰਾ ਉਹ ਦੂਸਰੇ ਧਾਰਮਿਕ ਮਤਾਂ, ਜਿਨ੍ਹਾਂ ਵਿਚ ਉਸ ਵੇਲੇ ਦਾ ਹਿੰਦੂ ਧਰਮ 'ਵੰਡਿਆ ਪਿਆ ਸੀ, ਤੋਂ ਵੱਖਰੇ ਨਜ਼ਰ ਆ ਸਕਦੇ। ਹਿੰਦੂ ਧਰਮ ਅਵੱਸ਼ ਹੀ ਪਰਲੋਕਵਾਦੀ ਹੈ ਅਤੇ ਜਦ ਕਿ ਧਾਰਮਿਕ ਉਤਸ਼ਾਹ ਮੁਸਲਮਾਨਾਂ ਨੂੰ ਰਣ-ਖੇਤਰ ਵਿਚ ਅਤੇ ਈਸਾਈ ਨੂੰ ਧਰਮ-ਪ੍ਰਚਾਰ ਲਈ ਅਫ਼ਰੀਕਾ ਦੇ ਮਾਰੂਥਲਾਂ ਵਿਚ ਜਾਣ ਦੀ ਪ੍ਰੇਰਣਾ ਦਿੰਦਾ ਹੈ; ਤੀਬਰ ਧਾਰਮਿਕ ਭਾਵਨਾ ਨਾਲ ਉੱਤੇਜਿਤ ਹਿੰਦੂ ਅੰਤਰਾਤਮੇ ਪ੍ਰਵੇਸ਼ ਕਰ ਜਾਂਦਾ ਹੈ ਅਤੇ ਅਜੇਹੀ ਚੇਤਨਾ ਵਿਚ ਗੁਸਿਆ ਜਾਂਦਾ ਹੈ ਜਿਸ ਦੇ ਪ੍ਰਭਾਵ ਵਜੋਂ ਉਹ ਇਸ ਸੰਸਾਰ ਨੂੰ ਮਿਥਿਆ ਅਤੇ ਮਨੁੱਖੀ ਇੱਛਾਵਾਂ ਨੂੰ ਮੂਰਖਤਾ ਅਤੇ ਖੋਖਲੇਪਨ ਦਾ ਪ੍ਰਗਟਾ ਸਮਝਣ ਲੱਗ ਪੈਂਦਾ ਹੈ। ਵੈਦਿਕ ਹਿੰਦੂ ਨਿਰਸੰਦੇਹ ਵੱਖਰੀ ਭਾਂਤ ਦਾ ਸੀ ਅਤੇ ਸੰਤਾਨ, ਧਨ, ਸਾਹਸ, ਸੁਤੰਤਰਤਾ, ਸਾਮਰਾਜ, ਵਿਜੈ ਅਤੇ ਪ੍ਰਸਿੱਧੀ, ਅਤੇ ਅਖੀਰਲੀ ਪਰ ਉਤਨੀ ਹੀ ਮਹੱਤਵਪੂਰਣ, ਸ਼ਤਰੂ-ਨਾਸ਼ ਵਰਗੀਆਂ ਸੰਸਾਰਕ ਦਾਤਾਂ ਪ੍ਰਾਪਤ ਕਰਨ ਤੋਂ ਸੰਗਦਾ ਨਹੀਂ ਸੀ। ਸਦੀਆਂ ਦੇ ਸੱਤਾ-ਨਾਸ਼ਕ ਪ੍ਰਭਾਵਾਂ ਅਤੇ ਸਾਹਸ ਤੋੜ ਵਿਦੇਸ਼ੀ ਅਧੀਨਤਾ ਵਿਚ ਰਹਿੰਦਾ ਆਧੁਨਿਕ ਸਮੇਂ ਦਾ ਹਿੰਦੂ ਆਪਣੇ ਆਰੀਆ ਪੂਰਵਜਾਂ ਤੋਂ ਬਿਲਕੁਲ ਵੱਖਰਾ ਹੈ। ਧਰਮ ਦੇ ਪ੍ਰਭਾਵ ਅਧੀਨ ਉਸ ਵਿਚ ਆਮ ਤੌਰ ਤੇ ਕਰੁਣਾ, ਸੰਤੋਸ਼ ਅਤੇ ਅਸੰਸਾਰਕਤਾ ਦੀਆਂ ਭਾਵਨਾਵਾਂ, ਸਾਹਸ, ਉਤਸ਼ਾਹ, ਪਰੋਪਕਾਰ ਅਤੇ ਮਿਸ਼ਨਰੀ ਭਾਵਨਾ ਨਾਲੋਂ ਵਧੇਰੇ ਉਜਾਗਰ ਹੁੰਦੀਆਂ ਹਨ।

ਇਸ ਲਈ ਆਪਣੇ ਮੁਢਲੇ ਪੜਾਵਾਂ ਵਿਚ ਸਿੱਖ ਧਰਮ ਨੂੰ ਗੰਭੀਰ ਖਤਰੇ ਦਾ ਮੁਕਾਬਲਾ ਕਰਨਾ ਪੈਣਾ ਸੀ। ਇਸ ਨੂੰ ਕੇਵਲ ਪੁਰਾਤਨਤਾ ਦਾ ਸ਼ਿਕਾਰ ਹੋਣ ਦਾ ਖਤਰਾ ਹੀ ਨਹੀਂ ਸੀ ਜਿਸ ਤੋਂ ਬਚਾਉਣ ਲਈ ਗੁਰੂ ਅੰਗਦ ਨੇ ਭਾਰੀ ਯਤਨ ਕੀਤੇ ਸਨ, ਸਗੋਂ ਇਸ

ਦੇ ਵਿਰਕਤ ਉਤਸ਼ਾਹੀਆਂ ਅਤੇ ਹਠਧਰਮੀਆਂ ਦਾ ਸੰਕੁਚਿਤ ਜੇਹਾ ਪੰਥ ਬਣ ਜਾਣ ਦਾ ਖਤਰਾ ਬਹੁਤਾ ਸੀ। ਇਸ ਵਿਚ ਸੰਦੇਹ ਨਹੀਂ ਕਿ ਗੁਰੂ ਨਾਨਕ ਆਪ ਗ੍ਰਿਹਸਤੀ ਸਨ ਅਤੇ ਵਿਵਾਹਿਤ ਜੀਵਨ ਬਾਰੇ ਉਹ ਘ੍ਰਿਣਾਤਮਕ ਜਾਂ ਨਿਖੇਧਾਤਮਕ ਸ਼ਬਦਾਂ ਵਿਚ ਨਹੀਂ ਬੋਲੇ ਸਨ। ਪਰੰਤੂ ਸੰਸਾਰਕ ਖੁਸ਼ੀਆਂ ਅਤੇ ਵਸਤਾਂ ਦੇ ਬਦਲਵੇਂ ਸੁਭਾਵ ਬਾਰੇ ਅਤੇ ਸੰਸਾਰਕ ਪ੍ਰੇਮ ਅਤੇ ਮੋਹ[1] ਦੇ ਪੱਲ ਬਾਰੇ ਉਨ੍ਹਾਂ ਦੁਆਰਾ ਵੀ ਇਤਨਾ ਕੁਝ ਕਿਹਾ ਜਾ ਚੁਕਿਆ ਸੀ ਕਿ ਸੰਸਾਰਕ ਪੰਧਿਆਂ ਲਈ ਸਰਗਰਮ ਉਤਸ਼ਾਹ ਹਿੰਦੂਆਂ ਤੋਂ ਉਤਨਾ ਹੀ ਦੂਰ ਰਿਹਾ ਸੀ ਜਿਤਨਾ ਕਿ ਗੁਰੂ ਸਾਹਿਬ ਦੇ ਆਗਮਨ ਤੋਂ ਪਹਿਲਾਂ ਸੀ। ਉਨ੍ਹਾਂ ਦੇ ਅਨੁਯਾਈਆਂ ਦਾ ਅਜੇ ਵੀ ਵਿਸ਼ਵਾਸ ਸੀ ਕਿ ਇਹ ਸੰਸਾਰ ਮਿਥਿਆ ਹੈ, ਇਹ ਸਭ ਮਾਇਆ, ਭਰਮ ਅਤੇ ਮ੍ਰਿਗ ਤ੍ਰਿਸ਼ਨਾ ਹੈ।

ਇਸ ਖਤਰੇ ਵਿਚ ਇਕ ਹੋਰ ਵਿਰੋਧੀ ਮਤ ਦੀ ਹੋਂਦ ਨੇ ਵਾਧਾ ਕਰ ਦਿੱਤਾ ਜਿਹੜਾ ਕਿ ਪ੍ਰਗਟ ਤੌਰ ਤੇ ਉਸੇ ਭਾਂਤ ਦੇ ਪ੍ਰਮਾਣ-ਚਿੰਨ੍ਹ ਰਖਦਾ ਸੀ ਅਤੇ ਗੁਰੂ ਨਾਨਕ ਦੇ ਮਿਸ਼ਨ ਜਿਤਨੀ ਪਵਿਤਰਤਾ ਦਾ ਹੀ ਦਾਅਵਾ ਕਰਦਾ ਸੀ। ਗੁਰੂ ਨਾਨਕ ਦੇਵ ਦੇ ਸ੍ਰੀ ਚੰਦ ਅਤੇ ਲਕਸ਼ਮੀ ਚੰਦ, ਦੋ ਪੁੱਤਰ ਸਨ। ਲਕਸ਼ਮੀ ਚੰਦ ਵਿਵਾਹ ਕਰ ਕੇ ਗ੍ਰਿਹਸਤੀ ਜੀਵਨ ਬਤੀਤ ਕਰਨ ਲੱਗ ਪਿਆ ਪਰੰਤੂ ਸ੍ਰੀ ਚੰਦ ਨੇ ਸੰਸਾਰ ਦਾ ਤਿਆਗ ਕਰ ਦਿੱਤਾ ਅਤੇ ਵਿਰਤਕ ਸਾਧੂ ਬਣ ਗਿਆ। ਉਸ ਨੇ ਉਦਾਸੀ ਪੰਥ ਚਲਾਇਆ ਅਤੇ ਆਪਣੇ ਅਨੁਯਾਈਆ ਨੂੰ ਅਵਿਵਾਹਿਤ ਰਹਿਣ ਅਤੇ ਸਥਿਰ ਨਿਵਾਸ ਅਤੇ ਸੰਪੱਤੀ ਨ ਰੱਖਣ ਦੀ ਸਿਖਿਆ ਦਿੱਤੀ। ਇਸ ਪੰਥ ਦੀਆਂ ਬਾਕੀ ਦੀਆਂ ਸਿਖਿਆਵਾਂ ਗੁਰੂ ਨਾਨਕ ਦੇ ਪੰਥ ਵਾਲੀਆਂ ਹੀ ਸਨ। ਅਤੇ ਇਹ ਹੋਰ ਸਿੱਖਾਂ ਵਾਂਗ ਹੀ ਗੁਰੂ ਸਾਹਿਬ ਪ੍ਰਤਿ ਸ਼ਰਧਾ ਰਖਦਾ ਸੀ। ਸ੍ਰੀ ਚੰਦ ਨੇ ਲੰਮੀ ਉਮਰ ਭੋਗੀ ਅਤੇ ਜਦੋਂ ਸਿੱਖ ਧਰਮ ਆਪਣੇ ਸੰਚਾਲਕ ਤੋਂ ਵੰਚਿਤ ਹੋ ਗਿਆ ਤਾਂ ਉਦਾਸੀ ਪੰਥ ਆਪਣੇ ਸੰਚਾਲਕ ਦੇ ਨਿਜੀ ਧਿਆਨ ਅਤੇ ਅਗਵਾਈ ਅਧੀਨ ਖੂਬ ਵਧਿਆ ਫੁਲਿਆ। ਕਿਉਂਕਿ ਭਾਰਤ ਵਿਚ ਕਿਸੇ ਪੰਥ ਪ੍ਰਤਿ ਸ਼ਰਧਾ ਅਤੇ ਉਸ ਨਾਲ ਜੁੜੇ ਰਹਿਣ ਦੀ ਭਾਵਨਾ ਇਸ ਦੇ ਸੰਚਾਲਕ ਅਤੇ ਅਨੁਯਾਈਆਂ ਦੇ ਆਤਮ ਤਿਆਗ ਤੇ ਵਿਰਤਕ ਭਾਵਨਾ ਦੇ ਅਨੁਪਾਤ ਵਿਚ ਹੁੰਦੀ ਹੈ, ਇਸ ਲਈ ਉਦਾਸੀ ਪੰਥ ਪ੍ਰਤਿ ਦਿਨ ਫੈਲਦਾ ਜਾ ਰਿਹਾ ਸੀ। ਫੇਰ ਜਦੋਂ ਤੀਸਰੀ ਪਾਤਸ਼ਾਹੀ ਦਾ ਸਮਾਂ ਆਇਆ, ਇਕ ਹੋਰ ਪਰਿਸਥਿਤੀ ਪੈਦਾ ਹੋ ਗਈ ਜਿਸ ਨੇ ਮਸਲੇ ਨੂੰ ਜਾਤੀ ਰੂਪ ਦੇ ਦਿੱਤਾ। ਤੀਸਰੇ ਗੁਰੂ ਅਮਰ ਦਾਸ ਨੂੰ ਗੁਰ-ਗੱਦੀ ਗੁਰੂ ਅੰਗਦ ਨੇ ਦਿੱਤੀ ਸੀ ਤੇ ਹੁਣ ਪ੍ਰਸ਼ਨ ਇਹ ਪੈਦਾ ਹੋ ਗਿਆ ਸੀ ਕਿ ਗੁਰੂ

---

1. 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੇ ਸ਼ਿਸ਼ਾਂ ਦੇ ਮਨ ਵਿਚ ਇਹ ਗੱਲ ਬਿਠਾਈ ਕਿ ਸੰਸਾਰ ਇਕ ਸੋਹਣੀ ਮੁਟਿਆਰ ਹੈ ਜਿਹੜੀ ਆਪਣੀਆਂ ਅਦਾਵਾਂ ਨਾਲ ਮਨੁੱਖ ਨੂੰ ਭਰਮਾਉਂਦੀ ਰਹਿੰਦੀ ਹੈ। ਕੇਵਲ ਨੇਕ ਅਤੇ ਬਲਵਾਨ ਆਤਮਾ ਵਾਲੇ ਮਨੁੱਖ ਹੀ ਇਸ ਦੇ ਜਾਦੂ ਤੋਂ ਬਚ ਸਕਦੇ ਹਨ।

ਨਾਨਕ ਦੇ ਆਪਣੇ ਪੁੱਤਰ ਨੂੰ ਜਾਂ ਗੁਰੂ ਨਾਨਕ ਦੁਆਰਾ ਨਾਮਿਤ ਗੁਰੂ ਦੇ ਨਾਮਿਤ ਵਿਅਕਤੀ ਨੂੰ ਸਮਰਥਨ ਅਤੇ ਮਾਣਤਾ ਦਿੱਤੀ ਜਾਏ। ਗੁਰੂ ਅਮਰ ਦਾਸ ਭਾਵੇਂ ਨਿਰਸੰਦੇਹ ਸ਼ੁੱਧ ਆਤਮਾ ਵਾਲੇ ਵਿਅਕਤੀ ਸਨ ਪਰੰਤੂ ਉਨ੍ਹਾਂ ਦਾ ਵਿਰੋਧੀ ਵੈਰਾਗੀ ਅਤੇ ਵਿਰਕਤ ਹੋਣ ਕਰਕੇ ਚੰਗੇਰੀ ਸਥਿਤੀ ਵਿਚ ਸੀ ਅਤੇ ਇਸੇ ਲਈ ਪ੍ਰਗਟ ਤੌਰ ਤੇ ਅਧਿਆਤਮਿਕ ਆਗੂ ਦੇ ਤੌਰ ਤੇ ਉਚੇਰਾ ਵੀ ਸੀ। ਲਹਿਰ ਉਨ੍ਹਾਂ ਦੇ ਵਿਰੋਧੀ ਦੇ ਪੱਖ ਵਿਚ ਜਾ ਰਹੀ ਸੀ ਅਤੇ ਬਾਲਕ ਪੰਥ ਨੂੰ ਮੌਤ ਤੋਂ ਬਚਾਉਣ ਲਈ ਗੁਰੂ ਉਨ੍ਹਾਂ ਦੀ ਸਾਰੀ ਸ਼ਕਤੀ ਅਤੇ ਨੀਤੀ ਦੀ ਆਵਸ਼ਕਤਾ ਸੀ। ਖਾਲਸੇ ਦੇ ਸੁਭਾਗ ਨੂੰ ਬਿਰਧ ਗੁਰੂ ਸਾਹਿਬ ਲੋੜ ਅਨੁਸਾਰ ਪੂਰੇ ਉਤਰੇ ਅਤੇ ਇਸ ਨੂੰ ਸਮੇਂ ਤੋਂ ਪਹਿਲਾਂ ਦੀ ਮੌਤ ਤੋਂ ਬਚਾਉਣ ਵਿਚ ਸਫਲ ਹੋ ਗਏ। ਗੁਰੂ ਸਾਹਿਬ ਨੇ ਗੁਰੂ ਨਾਨਕ ਦਾ ਦ੍ਰਿਸ਼ਟਾਂਤ ਦਿੰਦਿਆਂ ਹੋਇਆਂ ਲੋਕਾਂ ਨੂੰ ਅਪੀਲ ਕੀਤੀ ਕਿ ਸੰਸਾਰ ਵਿਚ ਰਹਿੰਦੇ ਹੋਏ ਵੀ ਕੋਈ ਮਨੁੱਖ ਸੰਸਾਰ ਤੋਂ ਨਿਰਲੇਪ ਰਹਿ ਸਕਦਾ ਹੈ।[1] ਉਨ੍ਹਾਂ ਨੇ ਦਸਿਆ ਕਿ ਗੁਰੂ ਨਾਨਕ ਨੇ ਤਿਆਗਵਾਦ ਅਤੇ ਗ੍ਰਿਹਸਤ ਵਿਚਕਾਰ ਇਕ ਮੱਧ-ਮਾਰਗ ਦਿਖਾਇਆ ਹੈ ਜਿਹੜਾ ਕਿ ਇਸ ਤੱਥ ਤੋਂ ਸਪਸ਼ਟ ਭਾਂਤ ਸਿੱਧ ਹੁੰਦਾ ਹੈ ਕਿ ਆਪਣੇ ਉੱਤਰਾਧਿਕਾਰੀ ਦੀ ਚੋਣ ਕਰਦੇ ਸਮੇਂ ਉਨ੍ਹਾਂ ਨੇ ਆਪਣੇ ਦੋਹਾਂ ਪੁੱਤਰਾਂ ਨੂੰ, ਇਕ ਨੂੰ ਵਧੇਰੇ ਸੰਸਾਰਕਤਾ ਅਤੇ ਦੂਸਰੇ ਨੂੰ, ਜਿਹੜਾ ਕਿ ਉਦਾਸੀ ਪੰਥ ਦਾ ਸੰਚਾਲਕ ਸੀ, ਤਿਆਗਵਾਦ ਕਰਕੇ, ਛੱਡ ਦਿਤਾ।[2] ਦੂਸਰੇ ਪਾਸੇ, ਅਮਰ ਦਾਸ ਦੇ ਸੁਭਾਗ ਨੂੰ, ਸ੍ਰੀ ਚੰਦ ਸੱਚਾ ਸਾਧੂ ਸੀ ਅਤੇ ਆਪਣੇ ਪੰਥ ਦੇ ਇਕ ਲੱਛਣ, ਸਨਕ ਦੀ ਹੱਦ ਤਕ ਪਹੁੰਚੀ ਉਦਾਸੀਨਤਾ ਕਰਕੇ ਉਹ ਨਵ-ਜਨਮੇ ਪੰਥ ਦੀ ਅਗਵਾਈ ਲਈ ਯਤਨ ਕਰਨ ਵਲ ਧਿਆਨ ਨਹੀਂ ਦਿੰਦਾ ਸੀ। ਇਸ ਦਾ ਸ਼ਾਇਦ ਇਹ ਕਾਰਣ ਵੀ ਹੋਵੇ ਕਿ ਅਜੇ ਤਕ ਨੇਤਾਵਾਂ ਨੂੰ ਕੋਈ ਸੱਤਾ ਜਾਂ ਪ੍ਰਤਿਸ਼ਠਾ ਪ੍ਰਾਪਤ ਨਹੀਂ ਹੋਈ ਸੀ ਜਿਹੜੀ ਇਸ ਮਹਾਨ ਸਾਧੂ ਦੀਆਂ ਅੱਧਮ ਭਾਵਨਾਵਾਂ ਨੂੰ ਜਗਾ ਸਕਦੀ।

ਕਿਸੇ ਸਰਗਰਮ ਵਿਰੋਧ ਦੀ ਅਣਹੋਂਦ ਕਾਰਣ, ਗੁਰੂ ਅਮਰ ਦਾਸ ਨੂੰ ਆਪਣੇ ਬਲਵਾਨ ਵਿਰੋਧੀ ਉਤੇ ਸਹਿਜੇ ਹੀ ਸੰਪੂਰਣ ਵਿਜੈ ਪ੍ਰਾਪਤ ਹੋ ਗਈ ਅਤੇ ਭਾਵੇਂ ਉਦਾਸੀ ਅਜੇ ਵੀ ਪੰਜਾਬ ਦੇ ਸਾਰੇ ਭਾਗਾਂ ਵਿਚ ਮੌਜੂਦ ਸਨ, ਸਿੱਖ ਹਮੇਸ਼ਾ ਲਈ ਉਨ੍ਹਾਂ ਤੋਂ ਵੱਖ ਹੋ ਗਏ ਅਤੇ ਤਿਆਗਵਾਦ ਤੋਂ ਉਤੇ ਉਠ ਕੇ ਸੁਤੰਤਰ ਹੋ ਗਏ ਅਤੇ ਆਪਣੀ ਰਾਸ਼ਟਰੀ ਉੱਨਤੀ ਦੇ ਰਾਹ ਤੇ ਚੱਲਣ ਦੇ ਯੋਗ ਹੋ ਗਏ।

ਸਿੱਖਾਂ ਦੇ ਸੰਗਠਨ ਲਈ ਪਹਿਲੇ ਕਦਮ ਚੁੱਕੇ ਜਾਣ ਦਾ ਯਸ਼ ਵੀ ਇਨ੍ਹਾਂ ਗੁਰੂ

---

1. 'ਗ੍ਰਿਹਸਥ ਮਾਂਹ ਉਦਾਸ' ਅਰਥਾਤ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਵਿਰਕਤਤਾ। ਇਹ ਅਸੂਲ ਗੁਰੂ ਸਾਹਿਬ ਨੇ ਆਪਣੇ ਸ਼ਿਸ਼ਾਂ ਅੱਗੇ ਰਖਿਆ।
2. ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਭਾਵੇਂ ਗੁਰੂ ਨਾਨਕ ਦਾ ਮਿਸ਼ਨ ਮੁੱਖ ਤੌਰ ਤੇ ਹਿੰਦੂਆਂ ਦੀ ਆਤਮਿਕ ਮੁਕਤੀ ਸੀ, ਤਾਂ ਵੀ ਉਹ ਉਨ੍ਹਾਂ ਦੀ ਸੰਸਾਰਕ ਭਲਾਈ ਤੋਂ ਅਭਿੱਜ ਨਹੀਂ ਸਨ।

ਸਾਹਿਬ ਨੂੰ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਸੰਖਿਆ ਵਧ ਗਈ ਸੀ ਅਤੇ ਉਹ ਸਮੁੱਚੇ ਪੰਜਾਬ ਵਿਚ ਫੈਲ ਗਏ ਸਨ। ਇਸ ਲਈ, ਉਨ੍ਹਾਂ ਨੂੰ ਸਿਖਿਆ ਦੇਣ, ਪ੍ਰਚਾਰ ਕਰਨ, ਅਤੇ ਉਨ੍ਹਾਂ ਦੀਆਂ ਅਧਿਆਤਮਿਕ ਲੋੜਾਂ ਦਾ ਪ੍ਰਬੰਧ ਕਰਨ ਦਾ ਕਾਰਜ ਠੀਕ ਢੰਗ ਨਾਲ ਨਹੀਂ ਨਿਭਦਾ ਸੀ। ਸਿੱਟੇ ਵਜੋਂ, ਗੁਰੂ ਅਮਰ ਦਾਸ ਨੇ ਆਪਣੇ ਅਨੁਯਾਈਆਂ ਨਾਲ ਭਰੇ ਸਾਰੇ ਦੇਸ਼ ਨੂੰ 22 ਪਰਗਣਿਆਂ, ਜਿਨ੍ਹਾਂ ਨੂੰ ਮੰਜੇ[1] ਕਿਹਾ ਜਾਂਦਾ ਸੀ, ਵਿਚ ਵੰਡ ਦਿੱਤਾ। ਇਕ ਨੇਕ ਅਤੇ ਪ੍ਰਭਾਵਸ਼ਾਲੀ ਸਿੱਖ ਨੂੰ ਪ੍ਰਾਂਤ ਦਾ ਮੁਖੀ ਨਿਯੁਕਤ ਕਰ ਦਿੱਤਾ ਜਾਂਦਾ ਸੀ ਜੋ ਧਾਰਮਿਕ ਆਗੂ ਅਤੇ ਗੁਰੂ ਦੇ ਪ੍ਰਤਿਨਿਧ ਦੇ ਤੌਰ ਤੇ ਕੰਮ ਕਰਦਾ ਸੀ ਅਤੇ ਆਪਣੇ ਪਰਗਣੇ ਵਿਚ ਧਾਰਮਿਕ ਕੰਮ ਤੋਰਦਾ ਸੀ।

ਮੈਨੂੰ ਇਨ੍ਹਾਂ ਪਰਗਣਿਆਂ ਅਤੇ ਇਨ੍ਹਾਂ ਦੇ ਪਦਧਾਰੀਆਂ ਦੇ ਨਾਂ ਨਹੀਂ ਲੱਭ ਸਕੇ। 'ਸੂਰਜ ਪ੍ਰਕਾਸ਼' ਵਿਚ ਗੁਰੂ ਸਾਹਿਬਾਨ ਦਾ ਇਤਿਹਾਸ ਛੋਟੇ ਛਾਪੇ ਦੇ ਕੋਈ 3000 ਪੰਨਿਆਂ ਵਿਚ ਛਪਿਆ ਹੋਇਆ ਹੈ ਪਰੰਤੂ ਇਸ ਵਿਚ ਇਨ੍ਹਾਂ ਮੰਜਿਆਂ ਬਾਰੇ ਕੋਈ ਟੂਕ ਨਹੀਂ ਮਿਲਦੀ। 'ਪੰਥ ਪ੍ਰਕਾਸ਼' ਇਨ੍ਹਾਂ ਪਰਗਣਿਆਂ ਦੀ ਅਕਬਰ ਦੇ ਬਾਈ ਸੂਬਿਆਂ ਅਤੇ ਸ਼ਾਹੂਕਾਰਾਂ ਅਤੇ ਸੁਦਾਗਰਾਂ ਦੀਆਂ ਸ਼ਾਖਾਵਾਂ ਨਾਲ ਕੇਵਲ ਸਮਰੂਪਤਾ ਦਾ ਜ਼ਿਕਰ ਕਰਦਾ ਹੈ ਅਤੇ ਲਿਖਦਾ ਹੈ ਕਿ ਸਿੱਖਾਂ ਦੀਆਂ ਧਾਰਮਿਕ ਲੋੜਾਂ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਵੀ ਬਾਈ ਸ਼ਾਖਾਂ, ਗੱਦੀਆਂ ਅਥਵਾ ਕੇਂਦਰ ਸਥਾਪਿਤ ਕੀਤੇ ਸਨ।

ਇਹ ਸਪਸ਼ਟ ਹੈ ਕਿ ਤੀਸਰੇ ਗੁਰੂ ਸਾਹਿਬ ਦੇ ਇਸ ਉਪਾ ਨੇ ਪੰਥ ਦੀਆਂ ਨੀਹਾਂ ਨੂੰ ਕਾਫੀ ਮਜ਼ਬੂਤ ਕੀਤਾ ਹੋਵੇਗਾ ਅਤੇ ਇਹ ਦੇਸ਼ ਦੇ ਸਾਰੇ ਭਾਗਾਂ ਵਿਚ ਧਰਮ-ਪ੍ਰਚਾਰ ਵਿਚ ਸਹਾਈ ਹੋਇਆ ਹੋਵੇਗਾ। ਅੱਗੇ ਜਾ ਕੇ ਅਸੀਂ ਵੇਖਾਂਗੇ ਕਿ ਕਿਸ ਤਰ੍ਹਾਂ ਪੰਜਵੇਂ ਗੁਰੂ ਸਾਹਿਬ ਨੇ ਮੁਗਲ ਸਾਮਰਾਜ ਦੇ ਸਿਖਰ ਦੇ ਸਮੇਂ ਸਿੱਖਾਂ ਦੇ ਸਵੈ-ਸ਼ਾਸਨ ਦਾ ਸੁੰਦਰ ਮਹੱਲ ਖੜਾ ਕੀਤਾ।

---

1. ਮੰਜਾ ਮੰਜੀ ਦਾ ਪੁਲਿੰਗ ਹੈ ਜਿਸ ਦਾ ਅਰਥ ਚਾਰਪਾਈ ਹੈ, ਜਿਹੜੀ ਕਿ ਭਾਰਤ ਵਿਚ ਵਰਤੀ ਜਾਂਦੀ ਹੈ। ਇਹ ਪਰਗਣੇ ਦੀ ਗੱਦੀ ਦੀ ਥਾਂ ਵਰਤੀ ਜਾਂਦੀ ਸੀ ਜਿਸ ਉਤੇ ਗੁਰੂ ਦੇ ਪ੍ਰਤੀਨਿਧ ਬਹਿੰਦੇ ਸਨ।

ਗੁਰੂ ਸਾਹਿਬਾਨ ਦੀ ਵਧਦੀ ਸ਼ਕਤੀ ਅਤੇ ਪ੍ਰਭਾਵ

ਗੁਰੂ ਰਾਮ ਦਾਸ ਦੀਆਂ ਪ੍ਰਾਪਤੀਆਂ (1575–1582)

ਸਿੱਖਾਂ ਨੇ ਹੁਣ ਇਕ ਜਾਤੀ ਦਾ ਰੂਪ ਗ੍ਰਹਿਣ ਕਰ ਲਿਆ ਸੀ। ਉਨ੍ਹਾਂ ਦੀ ਸੰਖਿਆ ਹਜ਼ਾਰਾਂ ਤਕ ਪਹੁੰਚ ਗਈ ਸੀ ਅਤੇ ਗੁਰੂ ਅਮਰ ਦਾਸ ਨੇ ਉਨ੍ਹਾਂ ਨੂੰ 22 ਮੰਜੀਆਂ ਵਿਚ ਸੰਗਠਿਤ ਕਰ ਕੇ ਮੰਜੀਦਾਰਾਂ ਅਧੀਨ ਕਰ ਦਿੱਤਾ ਸੀ। ਨਵੀਨ ਪੰਥ ਦਾ ਪ੍ਰਭਾਵ ਦਿਨ ਪ੍ਰਤਿ ਦਿਨ ਵਧ ਰਿਹਾ ਸੀ। ਹੋਰ ਕਾਰਣਾਂ ਤੋਂ ਇਲਾਵਾ ਨਿਮਨ ਲਿਖਿਤ ਉਪਾਵਾਂ ਨੇ ਗੁਰੂ ਸਾਹਿਬ ਦੀ ਵਧਦੀ ਸੱਤਾ ਅਤੇ ਪ੍ਰਭਾਵ ਵਿਚ ਸਥੂਲ ਤੌਰ ਤੇ ਯੋਗਦਾਨ ਦਿੱਤਾ।

1. ਲੋਕ-ਭਾਵਨਾ ਅਤੇ ਨਗਰਾਂ ਦਾ ਨਿਰਮਾਣ

(ੳ) ਗੁਰੂ ਨਾਨਕ ਨੇ ਕਰਤਾਰਪੁਰ ਦਾ ਕਸਬਾ ਆਪ ਵਸਾਇਆ ਸੀ ਜਿਥੇ ਉਨ੍ਹਾਂ ਨੇ ਪ੍ਰਥਮ ਧਰਮਸ਼ਾਲਾ ਜਾਂ ਸਿੱਖਾਂ ਦਾ ਗੁਰਦੁਆਰਾ ਬਣਾਇਆ। ਉਨ੍ਹਾਂ ਨੇ ਇਸ ਧਰਮਸ਼ਾਲਾ ਨਾਲ ਸੰਬੰਧਿਤ ਇਕ ਲੰਗਰ ਵੀ ਚਲਾ ਦਿੱਤਾ ਸੀ। ਇਥੇ ਉਹ ਆਪਣੇ ਅਨੁਯਾਈਆਂ ਨੂੰ ਆਪਣੀ ਅੰਤਿਮ ਆਯੂ ਵਿਚ, ਜਦ ਕਿ ਉਹ ਭਾਰਤ ਅਤੇ ਹੋਰ ਦੇਸ਼ਾਂ ਦੀਆਂ ਲੰਮੀਆਂ ਉਦਾਸੀਆਂ ਉਪਰੰਤ ਆਪਣੇ ਪਰਿਵਾਰ ਨਾਲ ਰਹਿਣ ਲੱਗ ਪਏ ਸਨ, ਸਿਖਿਆ ਦਿੰਦੇ ਸਨ।

(ਅ) ਗੁਰੂ ਅਮਰ ਦਾਸ ਨੇ ਗੁਰੂ ਅੰਗਦ ਦੇਵ ਦੇ ਹੁਕਮ ਨਾਲ 1546 ਈ: ਵਿਚ ਬਿਆਸ ਦੇ ਕੰਢੇ ਉਤੇ ਗੋਇੰਦਵਾਲ[1] ਨਾਮਕ ਨਗਰ ਵਸਾਇਆ ਅਤੇ ਬਾਦ ਵਿਚ ਇਕ ਉੱਤਮ ਬਾਉਲੀ (ਜਾਂ ਪੌੜੀਆਂ ਵਾਲਾ ਖੂਹ) ਬਣਵਾਈ ਜਿਹੜੀ ਸਿੱਖਾਂ ਦਾ ਪਹਿਲਾ ਮਹੱਤਵ-

---

1. ਨਗਰ ਦੀ ਥਾਂ ਦਾ ਅਸਲੀ ਮਾਲਿਕ ਮਰਵਾਹਾ ਗੋਤ ਦਾ ਗੋਇੰਦਾ ਖੱਤਰੀ ਸੀ ਅਤੇ ਉਸ ਨੇ ਉਥੇ ਇਕ ਨਗਰ ਵਸਾਉਣ ਦਾ ਯਤਨ ਕੀਤਾ ਸੀ ਪਰੰਤੂ ਇਸ ਥਾਂ ਨੂੰ ਭੂਤਾਂ ਦਾ ਵਾਸਾ ਦਸਿਆ ਜਾਂਦਾ ਸੀ ਅਤੇ ਥੋੜੇ ਜੇਹੇ ਦਲੇਰ ਵਸਨੀਕਾਂ ਨੂੰ ਠੱਗਾਂ ਅਤੇ ਡਾਕੂਆਂ ਨੇ ਭਜਾ ਦਿੱਤਾ ਸੀ। ਗੁਰੂ ਸਾਹਿਬ ਦੀ ਅਧਿਆਤਮ ਸ਼ਕਤੀ ਨੇ ਭੂਤਾਂ ਦਾ ਨਾਸ਼ ਕਰ ਦਿੱਤਾ ਅਤੇ ਠੱਗਾਂ ਨੂੰ ਰੋਕ ਦਿੱਤਾ ਜਿਸ ਪਿਛੋਂ ਇਥੇ ਇਕ ਖੁਸ਼ਹਾਲ ਨਗਰ ਛੇਤੀ ਹੀ ਵਸ ਗਿਆ।

ਪੂਰਨ ਤੀਰਥ ਸਥਾਨ ਬਣੀ ।[1]

(ੲ) ਇਸ ਕਿਸਮ ਦੀ ਸਭ ਤੋਂ ਵੱਡੀ ਪ੍ਰਾਪਤੀ ਗੁਰੂ ਰਾਮ ਦਾਸ, ਜੋ ਚੌਥੀ ਪਾਤਸ਼ਾਹੀ ਦੇ ਤੌਰ ਤੇ ਗੁਰ-ਗੱਦੀ ਤੇ ਬੈਠੇ, ਦਾ ਅੰਮ੍ਰਿਤਸਰ ਵਸਾਉਣਾ ਹੈ। ਇਸ ਨਗਰ ਦੇ ਸਥਾਨ ਤੇ ਕੁਦਰਤੀ ਜਲ ਦਾ ਇਕ ਛੱਪੜ ਸੀ ਜਿਸ ਨੂੰ ਰਵਾਇਤ ਅਨੁਸਾਰ ਗੁਰੂ ਨਾਨਕ ਦਾ ਮਨ-ਪਸੰਦ ਸ਼ਾਂਤੀ-ਸਥਾਨ ਸਮਝਿਆ ਜਾਂਦਾ ਸੀ। ਇਸ ਨਾਲੇ ਦੇ ਕੰਢੇ ਉਤੇ ਗੁਰੂ ਰਾਮ ਦਾਸ ਨੇ ਆਪਣੀ ਕੁਟੀਆ ਬਣਾ ਲਈ। ਕੁਝ ਸਮੇਂ ਉਪਰੰਤ 1577 ਈ: ਵਿਚ ਗੁਰੂ ਸਾਹਿਬ ਨੇ ਜ਼ਮੀਨ ਦੇ ਮਾਲਕਾਂ ਤੁੰਗ (Tung) ਦੇ ਜ਼ਿਮੀਂਦਾਰਾਂ ਨੂੰ 700 ਅਕਬਰੀ ਰੁਪਏ ਅਦਾ ਕਰ ਕੇ ਅਕਬਰ ਬਾਦਸ਼ਾਹ ਤੋਂ 500 ਵਿਘੇ ਭੂਮੀ ਸਮੇਤ ਇਹ ਸਥਾਨ ਪ੍ਰਾਪਤ ਕਰ ਲਿਆ। ਇਸ ਛੱਪੜ ਨੂੰ ਛੇਤੀ ਹੀ ਆਪਣੀ ਪਵਿਤਰਤਾ ਲਈ ਪ੍ਰਸਿੱਧੀ ਪ੍ਰਾਪਤ ਹੋ ਗਈ ਅਤੇ ਇਸ ਸਥਾਨ ਤੇ ਆ ਕੇ ਵਸਣ ਵਾਲੇ ਗੁਰੂ ਦੇ ਅਨੁਯਾਈਆਂ ਨਾਲ ਛੇਤੀ ਹੀ ਛੋਟਾ ਜੇਹਾ ਨਗਰ ਵਸ ਗਿਆ ਜਿਸ ਦਾ ਨਾਂ ਸ਼ੁਰੂ ਵਿਚ ਰਾਮਦਾਸਪੁਰ ਜਾਂ ਗੁਰੂ ਕਾ ਚੱਕ ਪਿਆ। ਇਹ ਛੱਪੜ ਵਧ ਕੇ ਇਕ ਸਰੋਵਰ ਦਾ ਰੂਪ ਧਾਰਨ ਕਰ ਗਿਆ ਅਤੇ ਇਸ ਦਾ ਨਾਂ ਅੰਮ੍ਰਿਤਸਰ "ਅੰਮ੍ਰਿਤ ਜਾਂ ਅਮਰਤ ਦਾ ਸਰੋਵਰ" ਪੈ ਗਿਆ ਜਿਸ ਤੋਂ ਵਰਤਮਾਨ ਨਗਰ ਦਾ ਨਾਂ ਟਿਕਿਆ।[2]

ਅੰਮ੍ਰਿਤਸਰ ਦਾ ਨਗਰ ਵਸਣ ਨਾਲ ਗੁਰੂ ਸਾਹਿਬਾਨ ਦੇ ਉੱਦੇਸ਼ ਨੂੰ ਦੋ ਢੰਗਾਂ ਨਾਲ ਸਹਾਇਤਾ ਮਿਲੀ :-

(1) ਬਲਵਾਨ ਹਿੰਦੂ ਕਿਰਸਾਣੀ ਦੇ ਗੜ੍ਹ ਵਿਚ ਸਥਿਤ ਹੋਣ ਕਰਕੇ, ਗੁਰੂ ਸਾਹਿਬਾਨ ਨੂੰ ਉਨ੍ਹਾਂ ਦੀਆਂ ਸਫ਼ਾਂ ਵਿਚੋਂ ਅਜੇਹੇ ਅਨੁਯਾਈ ਪ੍ਰਾਪਤ ਹੋਏ ਜਿਹੜੇ ਅੰਤ ਵਿਚ ਉਨ੍ਹਾਂ ਦੇ ਧੰਧੇ ਉਤੱਰਾਧਿਕਾਰੀਆਂ ਦਾ ਸਹਾਰਾ ਬਣੇ ਜਿਵੇਂ ਕਿ ਕੁਝ ਚਿਰ ਪਹਿਲਾਂ ਇਸ

---

1. ਇਹ ਇਕ ਵਧੀਆ ਇਮਾਰਤ ਹੈ ਅਤੇ ਇਸ ਦੀਆਂ ਕੁਲ 84 ਪੌੜੀਆਂ ਹਨ ਜਿਹੜੀਆਂ ਪਾਣੀ ਦੇ ਤਲ ਤਕ ਜਾਂਦੀਆਂ ਹਨ। 84 ਪੌੜੀਆਂ ਪਰੰਪਰਾਤਮਕ ਚੌਰਾਸੀ ਦਾ ਚਿੰਨ੍ਹ ਹਨ ਜਾਂ ਚੌਰਾਸੀ ਲੱਖ ਜੂਨੀਆਂ ਦੇ ਗੇੜ ਦਾ ਚਿੰਨ੍ਹ ਜਿਹੜੀਆਂ ਮੁਕਤੀ ਤੋਂ ਪਹਿਲਾਂ ਜੀਵ-ਆਤਮਾ ਨੂੰ ਭੋਗਣੀਆਂ ਪੈਂਦੀਆਂ ਹਨ। ਕੁਝ ਸਿੱਖਾਂ ਦਾ ਵਿਸ਼ਵਾਸ ਹੈ ਕਿ ਇਸ ਵਿਚ ਇਸ਼ਨਾਨ ਕਰਨ ਅਤੇ ਹਰੇਕ ਪੌੜੀ ਤੇ ਸਾਰੇ ਜਪੁਜੀ ਦਾ ਪਾਠ ਕਰਨ ਨਾਲ ਆਵਾਗਵਨ ਦੇ ਬੰਧਨ ਕੱਟੇ ਜਾਂਦੇ ਹਨ। ਇਸ ਸਥਾਨ ਤੇ, ਹਿੰਦੂਆਂ ਦੇ ਨਵੇਂ ਸਾਲ ਦੇ ਦਿਨ ਅਤੇ ਗੁਰੂ ਅਮਰ ਦਾਸ ਦੀ ਬਰਸੀ ਵਾਲੇ ਦਿਨ ਅਣਗਿਣਤ ਯਾਤਰੀ ਹੁਣ ਵੀ ਆਉਂਦੇ ਹਨ ਜਦੋਂ ਕਿ ਭਾਰੀ ਮੇਲੇ ਲਗਦੇ ਹਨ ਅਤੇ ਹਜ਼ਾਰਾਂ ਗਰੀਬਾਂ ਨੂੰ ਭੋਜਨ ਛਕਾਇਆ ਜਾਂਦਾ ਹੈ।
2. ਅੰਮ੍ਰਿਤਸਰ ਜ਼ਿਲੇ ਦਾ ਗਜ਼ਟੀਅਰ, 1883-84

ਇਲਾਕੇ ਦੇ ਵਸਨੀਕ ਭਾਰਤ ਵਿਚ ਬਰਤਾਨਵੀ ਸਾਮਰਾਜ ਦਾ ਆਸਰਾ ਸਿੱਧ ਹੋਏ ਸਨ।

(2) ਅੰਮ੍ਰਿਤਸਰ ਸਦਾ ਸੂਬੇ ਦੇ ਸਾਰੇ ਨਗਰਾਂ ਵਿਚੋਂ ਵਪਾਰ ਦਾ ਮੁੱਖ ਕੇਂਦਰ ਬਣਿਆ ਰਿਹਾ ਹੈ। ਇਸ ਦੇ ਵਪਾਰੀਆਂ ਦੇ ਸੰਬੰਧ ਕੇਵਲ ਹਿੰਦੁਸਤਾਨ ਤਕ ਹੀ ਸੀਮਿਤ ਨਹੀਂ ਰਹੇ ਸਗੋਂ ਬੁਖਾਰਾ, ਕਾਬੁਲ ਅਤੇ ਕਸ਼ਮੀਰ ਤਕ ਫੈਲੇ ਹੋਏ ਹਨ ਅਤੇ ਪੰਜਾਬ ਵਿਚ ਅੰਗ੍ਰੇਜ਼ ਸ਼ਾਸਨ ਦੇ ਆਰੰਭ ਤੋਂ ਵੀ ਪਹਿਲਾਂ, ਢੇਰ ਚਿਰ ਪੁਰਾਣੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਕੇਵਲ ਸੀਮਾ-ਚੁੰਗੀ ਤੋਂ ਹੀ ਅੰਮ੍ਰਿਤਸਰ ਦੀ ਆਮਦਨੀ ਕੋਈ ਨੌ ਲੱਖ ਰੁਪਏ ਵਾਰਸ਼ਿਕ ਹੁੰਦੀ ਸੀ।

ਅੰਮ੍ਰਿਤਸਰ ਦਾ ਇਹ ਵਪਾਰਕ ਮਹੱਤਵ ਗੁਰੂ ਸਾਹਿਬਾਨ ਦੀ ਭਾਰੀ ਆਮਦਨੀ ਦਾ ਵਸੀਲਾ ਬਣਿਆ। ਲੋਕ ਜਦੋਂ ਇਸ ਦੀ ਪਵਿਤਰਤਾ ਕਰਕੇ ਇਸ ਨਗਰ ਵਲ ਆਕਰਸ਼ਿਤ ਹੋਏ, ਤਾਂ ਇਹ ਨਗਰ ਪੰਜਵੇਂ ਗੁਰੂ ਅਰਜਨ ਦੇਵ ਦੇ ਸਮੇਂ ਮਾਨੋਂ ਸਿਖਾਂ ਦਾ ਮੱਕਾ ਬਣ ਗਿਆ।

ਦੂਸਰੀ ਪਰਿਸਥਿਤੀ, ਜਿਸ ਨੇ ਗੁਰੂ ਸਾਹਿਬਾਨ ਦੀ ਪ੍ਰਤਿਸ਼ਠਾ ਅਤੇ ਪ੍ਰਭਾਵ ਵਿਚ ਵਾਧਾ ਕੀਤਾ, ਅਕਬਰ ਦੀ ਮਿੱਤਰਤਾ ਕਾਰਣ ਪੈਦਾ ਹੋਈ। ਇਹ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਗੁਰੂ ਸਾਹਿਬਾਨ ਨੇ ਸ਼ਾਸਕ ਵੰਸ਼ ਦੀ ਮਿੱਤਰਤਾ ਪ੍ਰਾਪਤ ਕਰਨ ਦਾ ਕਦੇ ਵੀ ਯਤਨ ਨਹੀਂ ਕੀਤਾ, ਉਸ ਦੀ ਸਰਪ੍ਰਸਤੀ ਪ੍ਰਵਾਨ ਕਰਨ ਦਾ ਤਾਂ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਦੀ ਪਵਿਤਰਤਾ ਅਤੇ ਪਰੋਪਕਾਰੀ ਨਿਯਮਾਂ ਦੁਆਰਾ ਛੋਟੇ-ਵੱਡੇ ਹਰ ਭਾਂਤ ਦੇ ਲੋਕ ਆਕਰਸ਼ਿਤ ਹੋਏ। ਜਦੋਂ ਕਿ ਗੁਰੂ ਸਾਹਿਬਾਨ ਅਤਿ ਨਿਮਨ ਅਤੇ ਘ੍ਰਿਣਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਪੰਥ ਵਿਚ ਸ਼ਾਮਿਲ ਕਰਨ ਲਈ ਤਿਆਰ ਸਨ, ਉਹ ਪਤਵੰਤੇ ਅਤੇ ਸ਼ਕਤੀਸ਼ਾਲੀ ਵਿਅਕਤੀਆਂ ਪ੍ਰਤਿ ਸਨਕੀ ਜਾਂ ਗਰਵਭਰਪੂਰ ਰਵਈਏ ਨਾਲ ਉਨ੍ਹਾਂ ਨੂੰ ਨਾਰਾਜ਼ ਨਹੀਂ ਕਰਦੇ ਸਨ ਜਿਵੇਂ ਕਿ ਭਾਰਤੀ ਮਹੰਤ, ਵਰਤਮਾਨ ਸਮੇਂ ਵਿਚ ਵੀ, ਧਨ ਅਤੇ ਸੱਤਾ ਨੂੰ ਇਤਨੀ ਮੰਦੀ ਸਮਝ ਕੇ ਕਿ ਇਹ ਕਿਸੇ ਭਾਂਤ ਦੇ ਆਦਰ ਦੀ ਅਧਿਕਾਰੀ ਨਹੀਂ, ਘ੍ਰਿਣਾ ਕਰਦੇ ਹਨ।

ਗੁਰੂ ਅਮਰ ਦਾਸ ਨੇ ਹਜ਼ਾਰਾਂ ਪਹਾੜੀ ਸਰਦਾਰ ਆਪਣੇ ਅਨੁਯਾਈ ਬਣਾ ਲਏ ਸਨ, ਜਿਨ੍ਹਾਂ ਨੇ ਪੰਥ ਦੇ ਭੰਡਾਰੇ ਵਿਚ ਹਜ਼ਾਰਾਂ ਰੁਪਏ ਦਾਨ ਦਿੱਤੇ, ਪਰੰਤੂ, ਲੋਕਾਂ ਦੀਆਂ ਨਜ਼ਰਾਂ ਵਿਚ, ਪੰਥ ਨੂੰ ਸਭ ਤੋਂ ਵੱਡੀ ਜਿੱਤ[1] ਉਦੋਂ ਪ੍ਰਾਪਤ ਹੋਈ ਜਦੋਂ ਗੁਰੂਆਂ ਦੀ ਪ੍ਰਸਿੱਧੀ, ਅਕਬਰ ਨੂੰ ਉਨ੍ਹਾਂ ਦੇ ਦਰਬਾਰ ਵਿਚ ਖਿੱਚ ਲਿਆਈ।

---

1. ਇਹ ਕਿਹਾ ਜਾ ਸਕਦਾ ਹੈ ਕਿ ਅਜੇਹੇ ਪੰਥ ਲਈ ਜਿਸ ਨੇ ਕਿ ਅਕਬਰ ਦੁਆਰਾ ਦਬਾਏ ਸਾਮਰਾਜ

(ਬਾਕੀ ਦੇਖੋ ਸਫ਼ਾ 26 ਤੇ)

ਲਾਹੌਰ ਦੇ ਸੂਬੇਦਾਰ ਮਿਰਜ਼ਾ ਜਾਫਰ ਬੇਗ ਉਤੇ ਗੁਰੂ ਸਾਹਿਬ ਦੀ ਪਵਿੱਤਰਤਾ ਅਤੇ ਨੇਕ ਚਰਿਤਰ ਦਾ ਡੂੰਘਾ ਪ੍ਰਭਾਵ ਪਿਆ ਸੀ। ਜਦੋਂ ਉਸ ਦਾ ਪੁੱਤਰ, ਤਾਹਰ ਬੇਗ, ਚਿਤੌੜ ਜਿਸ ਨੂੰ ਫਤਿਹ ਕਰਨਾ ਅਕਬਰ ਲਈ ਵੀ ਅਤਿ ਔਖਾ ਸਿੱਧ ਹੋਇਆ ਅਤੇ ਅਕਬਰ ਨੂੰ ਵੀ ਰੱਬੀ ਮਿਹਰ[1] ਦੀ ਲੋੜ ਅਨੁਭਵ ਹੋਈ, ਦੇ ਘੇਰੇ ਦੇ ਦੌਰਾਨ, ਅਕਬਰ ਦੀ ਸੈਨਾ ਨੂੰ ਮਿਲ ਗਿਆ ਤਾਂ ਤਾਹਰ ਨੇ ਗੁਰੂ ਅਮਰ ਦਾਸ ਦੀ ਪਵਿੱਤਰਤਾ ਅਤੇ ਆਤਮਿਕ ਸ਼ਕਤੀ ਦਾ ਅਤਿ ਪ੍ਰਸੰਸਾਤਮਕ ਸ਼ਬਦਾਂ ਵਿਚ ਜ਼ਿਕਰ ਕੀਤਾ। ਅਕਬਰ ਨੇ ਇਕ ਭਰੋਸੇਯੋਗ ਅਧਿਕਾਰੀ, ਸਰਹਿੰਦ ਦੇ ਭਗਵਾਨ ਦਾਸ ਖੱਤਰੀ, ਨੂੰ ਗੁਰੂ ਸਾਹਿਬ ਕੋਲ ਇਹ ਪ੍ਰਾਰਥਨਾ ਕਰਨ ਲਈ ਭੇਜਿਆ ਕਿ ਉਹ ਅਕਬਰ ਦੇ ਹੱਕ ਵਿਚ ਦੁਆ ਕਰਨ। ਉਨ੍ਹਾਂ ਦਿਨਾਂ ਵਿਚ ਗੁਰੂ ਸਾਹਿਬ ਬਾਉਲੀ ਦੀ ਉਸਾਰੀ ਵਿਚ ਰੁੱਝੇ ਹੋਏ ਸਨ ਅਤੇ ਦਸਿਆ ਜਾਂਦਾ ਹੈ[2] ਕਿ ਗੁਰੂ ਸਾਹਿਬ ਨੇ ਕਿਹਾ ਕਿ ਜਿਉਂ ਹੀ ਬਾਉਲੀ ਦਾ ਚੱਕ[3] ਆਪਣੀ ਥਾਂ ਤੇ ਟਿਕੇਗਾ, ਚਿਤੌੜ ਦਾ ਕਿਲ੍ਹਾ ਫਤਿਹ ਹੋ ਜਾਵੇਗਾ। ਇਸ ਤੋਂ ਪਿੱਛੋਂ ਅਕਬਰ ਗੁਰੂ ਅਮਰ ਦਾਸ ਦੇ ਦਰਸ਼ਨਾਂ ਨੂੰ ਗਿਆ ਅਤੇ ਦੋਹਾਂ ਮਹਾਨ ਪੁਰਸ਼ਾਂ ਵਿਚ ਡੂੰਘੀ ਮਿੱਤਰਤਾ ਪੈਦਾ ਹੋ ਗਈ। ਗੁਰੂ ਅਮਰ ਦਾਸ ਦੇ ਜੋਤੀ ਜੋਤ ਸਮਾਉਣ ਉਪਰੰਤ, ਅਕਬਰ ਉਨ੍ਹਾਂ ਦੇ ਉੱਤਰਾਧਿਕਾਰੀ ਦਾ ਉਸੇ ਤਰ੍ਹਾਂ ਆਦਰ ਕਰਦਾ ਰਿਹਾ ਅਤੇ ਸਮੇਂ ਦੇ ਬੀਤਣ ਨਾਲ ਗੁਰੂ ਰਾਮ ਦਾਸ ਅਤੇ ਅਕਬਰ ਦੇ ਸੰਬੰਧ ਹੋਰ

(ਸਫਾ 25 ਦੀ ਬਾਕੀ)

ਨੂੰ ਵਾਧੂਣ ਵਿਚ ਇਕ ਦਿਨ ਮਹੱਤਵਪੂਰਣ ਯੋਗਦਾਨ ਦੇਣਾ ਸੀ, ਸਰਕਾਰੀ ਸਰਪ੍ਰਸਤੀ ਹਾਨੀਕਾਰਕ ਸਿੱਧ ਹੋਈ ਹੋਵੇਗੀ, ਐਪਰ ਗੁਰੂ ਸਾਹਿਬ ਨੇ ਜਾਗੀਰਾਂ ਅਤੇ ਸਰਪ੍ਰਸਤੀ ਦੀਆਂ ਹੋਰ ਸਾਰੀਆਂ ਚੀਜ਼ਾਂ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸਮੇਂ ਦੀ ਸਰਕਾਰ ਨਾਲ ਮੱਿਤਰਤਾ ਦੇ ਸੰਬੰਧਾਂ ਦੀ ਹੋਂਦ, ਇਸ ਦੀ ਕਿਰਪਾ ਉਤੇ ਨਿਰਭਰਤਾ ਤੋਂ ਬਿਨਾਂ, ਪੁੰਗਰ ਰਹੇ ਪੰਥ ਨੂੰ ਕੋਈ ਹਾਨੀ ਨਹੀਂ ਪੁਚਾ ਸਕਦੀ ਸੀ।

1. ਅਕਬਰ ਨਿਰਸੰਦੇਹ ਸਭ਼ਜ ਸ਼ਾਸਕ ਸੀ ਪਰੰਤੂ ਉਸ ਸਮੇਂ ਦੇ ਕੁਝ ਇਕ ਵਹਿਮਾਂ ਤੋਂ ਉਹ ਆਪਣੇ ਆਪ ਨੂੰ ਬਚਾ ਨ ਸਕਿਆ। ਭਾਵੇਂ ਉਸ ਦੇ ਦਿਮਾਗ ਤੇ ਲੂਈ ਗਿਆਰ੍ਹਵੇਂ ਦੀ ਤਰ੍ਹਾਂ ਸਾਰੇ ਸੰਤਾਂ ਦੀਆਂ ਮੂਰਤੀਆਂ ਦਾ ਭਾਰ ਨਹੀਂ ਸੀ ਪਰੰਤੂ ਇਹ ਯਕੀਨੀ ਹੈ ਕਿ ਅੰਕੜ ਦੇ ਸਮੇਂ ਉਹ ਪਵਿਤਰ ਆਤਮਾਵਾਂ ਅਤੇ ਸਥਾਨਾਂ ਦੀ ਸ਼ਰਨ ਲੈ ਲਿਆ ਕਰਦਾ ਸੀ। ਉਸ ਦੀ ਜਵਾਲਾ-ਮੁਖੀ ਦੇ ਮੰਦਰ ਦੀ ਯਾਤਰਾ ਹਿੰਦੂ ਵਹਿਮਾਂ ਲਈ ਨਿਪਟ ਛੇੜ ਅਤੇ ਸਮਝੌਤੇ ਦੀ ਕੋਸ਼ਿਸ਼ ਰਹੀ ਹੋਵੇਗੀ ਪਰੰਤੂ ਇਸ ਵਿਚ ਕੋਈ ਸੰਦੇਹ ਨਹੀਂ ਕਿ ਦਰਵੇਸ਼ਾਂ ਅਤੇ ਪਵਿਤਰ ਸਥਾਨਾਂ ਵਿਚ ਉਸ ਦਾ ਵਿਸ਼ਵਾਸ ਕੇਵਲ ਮਸ-ਲਿਹਤ ਲਈ ਹੀ ਨਹੀਂ ਸੀ। ਇਹ ਗੱਲ ਪ੍ਰਮਾਣਿਕ ਹੈ ਕਿ ਉਸ ਨੇ ਨਿਜ਼ਾਮ-ਉਦ-ਦੀਨ ਔਲੀਆ ਅਤੇ ਮੁਈਨ-ਉਦ-ਦੀਨ ਚਿਸ਼ਤੀ ਦੀਆਂ ਦਰਗਾਹਾਂ ਦੀ ਕਈ ਵਾਰ ਪੈਦਲ ਜ਼ਿਆਰਤ ਕੀਤੀ। (ਵੇਖੋ ਫਰਿਸ਼ਤਾ ਦੀ ਰਚਨਾ, ਪੰਨਾ 490)।
2. ਗਿਆਨ ਸਿੰਘ ਗਿਆਨੀ ਕ੍ਰਿਤ 'ਪੰਥ ਪ੍ਰਕਾਸ਼'। ਗੁਰੂ ਸਾਹਿਬ ਨੂੰ ਸ਼ਾਇਦ ਚਿਤੌੜ ਅਤੇ ਰਾਣਾ ਪ੍ਰਤਾਪ ਦੇ ਇਤਿਹਾਸ ਦਾ ਕੋਈ ਗਿਆਨ ਨਹੀਂ ਸੀ।
3. ਉਹ ਚੱਕ ਜਿਸ ਉਤੇ ਖੂਹ ਉਸਾਰਿਆ ਜਾਂਦਾ ਹੈ।

ਵੀ ਮਿੱਤਰਾਂ ਵਾਲੇ ਹੁੰਦੇ ਗਏ।

ਗੁਰੂ ਸਾਹਿਬਾਨ ਨਾਲ ਅਕਬਰ ਦੀ ਮਿਤੱਰਤਾ ਦਾ ਪੰਥ ਨੂੰ ਦੋ ਪ੍ਰਕਾਰ ਦਾ ਲਾਭ ਹੋਇਆ। ਪ੍ਰਥਮ ਇਹ ਕਿ ਇਸ ਨਾਲ ਗੁਰੂ ਸਾਹਿਬਾਨ ਦੀ ਪ੍ਰਤਿਸ਼ਠਾ ਵਧ ਗਈ ਅਤੇ ਇਨ੍ਹਾਂ ਦਾ ਮਿਸ਼ਨ ਸਮਾਜ ਦੀਆਂ ਉਚੇਰੀਆਂ ਸ਼੍ਰੇਣੀਆਂ ਵਿਚ ਪ੍ਰਿਯ ਹੋ ਗਿਆ। 'ਯਥਾ ਰਾਜਾ ਤਥਾ ਪਰਜਾ'—ਪਰਜਾ ਰਾਜੇ ਦੇ ਮਗਰ ਜਾਂਦੀ ਹੈ। ਇਸ ਅਖੌਤ ਦੀ ਸਚਾਈ, ਅਖੌਤ ਦੀ ਜਨਮ-ਭੂਮੀ ਭਾਰਤ ਵਿਚ ਸਭ ਤੋਂ ਵੱਧ ਸਿੱਧ ਹੋਈ ਹੈ। ਨਵੇਂ ਪੰਥਾਂ ਦੇ ਮੁੱਢਲੇ ਅਨੁਯਾਈ ਸਥਾਪਿਤ ਸੰਗਠਨਾਂ ਵਿਚੋਂ ਛੇਕੇ ਹੋਏ ਲੋਕ ਬਣਦੇ ਹਨ। ਮੁਢਲੇ ਸਿੱਖ ਵੀ ਬਹੁਤੇ ਉਹੀ ਸਨ ਜਿਨ੍ਹਾਂ ਦਾ ਹਿੰਦੂ ਸਮਾਜ ਵਿਚ ਕੋਈ ਉੱਚ-ਸਥਾਨ ਨਹੀਂ ਸੀ। ਸੱਤਾਧਾਰੀ ਦੀ ਰੁਚੀ, ਸੁਭਾਵ ਵਜੋਂ ਉਹ ਕਿੰਨਾ ਵੀ ਸਹਿਨਸ਼ੀਲ ਅਤੇ ਖੁਲ੍ਹ-ਦਿਲਾ ਕਿਉਂ ਨ ਹੋਵੇ, ਉਸ ਦੀ ਰੁਚੀ ਦੇ ਵਿਸ਼ੇ ਦੇ ਹਕ ਵਿਚ ਜਾਇਆ ਕਰਦੀ ਹੈ ਅਤੇ 'ਪੰਥ ਪ੍ਰਕਾਸ਼' ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਪ੍ਰਤਿ ਅਕਬਰ ਦਾ ਆਦਰ ਸਿੱਖ ਧਰਮ ਵਿਚ ਅਣਗਿਣਤ ਲੋਕਾਂ ਦੇ ਪ੍ਰਵੇਸ਼ ਦਾ ਕਾਰਣ ਬਣਿਆ।

ਦੂਸਰਾ ਢੰਗ ਜਿਸ ਨੂੰ ਵਰਤ ਕੇ ਗੁਰੂ ਸਾਹਿਬਾਨ ਨੇ ਅਕਬਰ ਦੀ ਮਿਤੱਰਤਾ ਦਾ ਲਾਭ ਉਠਾਇਆ, ਜਨਤਕ ਦਮਨ ਅਤੇ ਦੁੱਖਾਂ ਦਾ ਨਿਵਾਰਣ ਕਰਨਾ ਸੀ।

'ਪੰਥ ਪ੍ਰਕਾਸ਼' ਅਤੇ ਹੋਰ ਕਈ ਗ੍ਰੰਥਾਂ ਵਿਚ ਇਸ ਦੀਆਂ ਦੋ ਉਘੜਵੀਆਂ ਮਿਸਾਲਾਂ ਦਰਜ ਹਨ।

(1) ਜਦੋਂ ਗੁਰੂ ਅਮਰ ਦਾਸ ਬਹੁਤ ਸਾਰੇ ਯਾਤਰੀਆਂ ਨਾਲ ਹਰਦਵਾਰ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰੋਕ ਕੇ ਪ੍ਰਤਿ ਮਨੁੱਖ ਸਵਾ ਰੁਪਿਆ ਕਰ ਅਦਾ ਕਰਨ ਲਈ ਕਿਹਾ ਗਿਆ। ਗੁਰੂ ਸਾਹਿਬ, ਜਿਨ੍ਹਾਂ ਨਾਲ ਬਹੁਤ ਸਾਰੇ ਯਾਤਰੀ ਸਨ, ਨੇ ਅਦਾਇਗੀ ਤੋਂ ਇਨਕਾਰ ਕਰ ਦਿੱਤਾ। ਮਾਮਲਾ ਅਧਿਕਾਰੀਆਂ ਕੋਲ ਪਹੁੰਚ ਗਿਆ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਪੱਖ ਵਿਚ ਫ਼ੈਸਲਾ ਦੇ ਦਿੱਤਾ। ਸਿੱਟੇ ਵਜੋਂ ਸਾਰੇ ਯਾਤਰੀਆਂ ਨੂੰ ਬਿਨਾਂ ਕਿਸੇ ਪ੍ਰਕਾਰ ਦੀ ਅਦਾਇਗੀ ਦੇ ਜਾਣ ਦੀ ਆਗਿਆ ਮਿਲ ਗਈ।

(2) ਦੂਸਰੀ ਉਦਾਹਰਣ ਇਸ ਤੋਂ ਵੀ ਮਹੱਤਵਪੂਰਣ ਹੈ ਜਿਸ ਦਾ ਜ਼ਿਕਰ 'ਪੰਥ ਪ੍ਰਕਾਸ਼' ਵਿਚ ਨਹੀਂ ਹੈ। ਪਰ ਇਹ ਲਤੀਫ਼ ਦੀ ਪੁਸਤਕ 'ਪੰਜਾਬ ਦਾ ਇਤਿਹਾਸ' ਦੇ ਪੰਨਾ 252 ਤੇ ਦਰਜ ਹੈ। ਅਕਬਰ ਭਾਰੀ ਸੈਨਾ ਨਾਲ ਲਾਹੌਰ ਵਿਖੇ ਕੋਈ ਇਕ ਵਰ੍ਹਾ ਟਿਕਿਆ ਰਿਹਾ ਸੀ। ਸਿੱਟੇ ਵਜੋਂ ਕੀਮਤਾਂ ਬਹੁਤ ਚੜ੍ਹ ਗਈਆਂ ਸਨ ਅਤੇ ਪੰਜਾਬ ਦੀ ਗਰੀਬ ਕਿਰਸਾਣੀ ਨੂੰ ਅਨਾਜ ਦੀ ਥੁੜ ਕਾਰਣ ਭਾਰੀ ਕਸ਼ਟ ਸਹਿਣਾ ਪੈ ਰਿਹਾ ਸੀ। ਜਦੋਂ ਅਕਬਰ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਫ਼ਸਲਾਂ ਦਾ ਸਮਾਂ ਨੇੜੇ ਸੀ। ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਕੀਮਤਾਂ ਅਚਾਨਕ ਹੀ ਡਿਗ ਜਾਣਗੀਆਂ ਅਤੇ ਕਿਰਸਾਣੀ

ਜਿਸ ਦੇ ਸ਼ਿਰ ਉੱਤੇ ਉਸ ਸਾਲ ਦੀ ਬੁੜ ਨੇ ਕਰਜ਼ਾ ਚੜ੍ਹਾ ਦਿੱਤਾ ਸੀ, ਬਿਲਕੁਲ ਹੀ ਤਬਾਹ ਹੋ ਜਾਏਗੀ। ਇਸ ਲਈ, ਜਦੋਂ ਅਕਬਰ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਮਿਲਿਆ ਅਤੇ ਪੂਰਬੀ ਮਰਿਆਦਾ ਅਨੁਸਾਰ ਗੁਰੂ ਸਾਹਿਬ ਤੋਂ ਆਪਣੇ ਲਾਇਕ ਕੋਈ ਸੇਵਾ ਪੁੱਛੀ ਤਾਂ ਗੁਰੂ ਸਾਹਿਬ ਨੇ ਕਿਰਸਾਣੀ ਦਾ ਮਾਮਲਾ ਬਾਦਸ਼ਾਹ ਅੱਗੇ ਰੱਖ ਦਿੱਤਾ ਅਤੇ ਸਾਰੇ ਸਾਲ ਦਾ ਮਾਲੀਆ ਮਾਫ਼ ਕਰ ਦੇਣ ਦੀ ਸਿਫ਼ਾਰਸ਼ ਕੀਤੀ। ਅਕਬਰ ਤੁਰੰਤ ਮੰਨ ਗਿਆ ਅਤੇ ਆ ਰਹੀ ਬਿਪਤਾ ਟਲ ਗਈ। ਵੇਲੇ ਸਿਰ ਦੀ ਇਸ ਸਹਾਇਤਾ ਨੇ ਗੁਰੂ ਸਾਹਿਬ ਦੀ ਲੋਕ-ਪ੍ਰਿਯਤਾ ਵਿਚ ਭਾਰੀ ਵਾਧਾ ਕੀਤਾ ਅਤੇ ਉਨ੍ਹਾਂ ਨੂੰ ਮਾਝੇ ਅਤੇ ਮਾਲਵੇ ਦੀ ਕਿਰਸਾਣੀ ਦਾ ਪੂਜ ਬਣਾ ਦਿੱਤਾ। ਇਹ ਲੋਕ, ਸਮਾਂ ਪਾ ਕੇ, ਗੁਰੂ ਗੋਬਿੰਦ ਸਿੰਘ ਦੀ ਸੈਨਾ ਦਾ ਮੁੱਖ ਭਾਗ ਬਣੇ ਅਤੇ ਅੰਤ ਵਿਚ ਸਿੱਖ ਧਰਮ ਨੂੰ ਸੈਨਿਕ ਸ਼ਕਤੀ ਵਿਚ ਬਦਲਣ ਦਾ ਸਬੱਬ ਸਿੱਧ ਹੋਏ।

(3) ਤੀਸਰੀ ਪਰਿਸਥਿਤੀ ਜਿਸ ਨੇ ਗੁਰੂ ਸਾਹਿਬਾਨ ਦੀ ਪ੍ਰਤਿਸ਼ਠਾ ਅਤੇ ਸ਼ਕਤੀ ਵਿਚ ਵਾਧਾ ਕੀਤਾ ਗੁਰੂ ਸਾਹਿਬਾਨ ਦੀ ਉੱਤਰਾਧਿਕਾਰੀ ਦੇ ਸੰਬੰਧ ਵਿਚ ਨੀਤੀ ਦੇ ਪਰਿਵਰਤਨ ਵਿਚੋਂ ਪੈਦਾ ਹੋਈ। ਸਿੱਖ ਧਰਮ ਦੇ ਬਾਨੀ ਦਾ ਮੰਤਵ ਗੁਰ-ਗੱਦੀ ਨੂੰ ਕਿਸੇ ਗੁਰੂ ਦੇ ਪਰਿਵਾਰ ਦੀ ਵਿਰਾਸਤ ਬਣਾਉਣਾ ਨਹੀਂ ਸੀ। ਪਰੰਤੂ ਇਸ ਨਿਯਮ ਨੂੰ ਬੜੇ ਹੀ ਅਜੀਬ ਢੰਗ ਨਾਲ ਭੰਗ ਕਰ ਦਿੱਤਾ ਗਿਆ। ਤੀਸਰੇ ਗੁਰੂ ਸਾਹਿਬ ਦਾ ਇਕ ਪੁੱਤਰ ਸੀ ਪਰੰਤੂ ਉਹ ਆਪਣੀ ਧੀ ਅਤੇ ਜਵਾਈ ਜਿਸ ਨੇ ਆਪਣੇ ਆਪ ਨੂੰ ਇਤਨਾ ਕਰਤੱਵ-ਪਾਲਕ, ਪਵਿਤਰ ਅਤੇ ਸਿਆਣਾ ਸਿੱਧ ਕੀਤਾ ਸੀ, ਨੂੰ ਇਤਨਾ ਸਨੇਹ ਕਰਦੇ ਸਨ ਕਿ ਗੁਰੂ ਸਾਹਿਬ ਨੇ ਆਪਣੀ ਪੁੱਤਰੀ ਦੇ ਪਿਆਰ ਅਤੇ ਆਪਣੇ ਜਵਾਈ ਦੀ ਭਗਤੀ ਅਤੇ ਯੋਗਿਤਾ ਦੇ ਇਵਜ਼ਾਨੇ ਵਜੋਂ, ਆਪਣੇ ਪੁੱਤਰ[1] ਦੀ ਬਜਾਏ ਜਵਾਈ ਨੂੰ ਗੁਰ-ਗੱਦੀ ਸੰਭਾਲ ਦਿੱਤੀ। ਐਪਰ, ਇਉਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੀ ਪੁੱਤਰੀ ਇਸ ਮਿਹਰ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ।

ਗੁਰੂ ਸਾਹਿਬ ਕਾਫ਼ੀ ਬਿਰਧ ਹੋ ਗਏ ਸਨ ਅਤੇ ਇਉਂ ਲਗਦਾ ਸੀ ਕਿ ਉਨ੍ਹਾਂ ਦੀ ਪੁੱਤਰੀ ਹੀ, ਜੋ ਕਿ ਉਨ੍ਹਾਂ ਦੀ ਅਨਿਨ ਸ਼ਰਧਾਲੂ ਸੀ, ਉਨ੍ਹਾਂ ਲਈ ਸ਼ਾਂਤੀ ਦਾ ਇਕੋ ਇਕ ਸੋਮਾ ਸੀ। ਉਹ ਗੁਰੂ ਸਾਹਿਬ ਦੀਆਂ ਨਿਜੀ ਲੋੜਾਂ ਦਾ ਧਿਆਨ ਰਖਦੀ ਸੀ ਅਤੇ ਅਤਿ ਕੋਮਲ ਭਾਵਨਾ ਨਾਲ ਉਨ੍ਹਾਂ ਦੀ ਸੇਵਾ ਕਰਦੀ ਸੀ। ਕਿਹਾ ਜਾਂਦਾ ਹੈ ਕਿ ਇਕ ਦਿਨ ਜਦੋਂ ਗੁਰੂ ਸਾਹਿਬ ਇਸ਼ਨਾਨ ਕਰ ਰਹੇ ਸਨ ਤਾਂ ਚੌਕੀ ਦੀ ਇਕ ਲੱਤ ਟੁੱਟ ਗਈ[2] ਜਿਸ ਕਰਕੇ

1. ਮੋਹਨ ਨਾਂ ਦਾ ਇਹ ਯੁਵਕ ਉਂਜ ਵੀ ਇਕ ਤਾਂ ਅਤਿ ਅਸੰਸਾਰਕ ਹੋਣ ਕਾਰਣ ਗੁਰੂ ਸਾਹਿਬਾਨ ਦਾ ਉੱਤਰਾਧਿਕਾਰੀ ਬਣਨ ਲਈ ਲੋੜੀਂਦੇ ਗੁਣਾਂ ਤੇ ਪੂਰਾ ਨਹੀਂ ਉਤਰਦਾ ਸੀ ਅਤੇ ਦੂਸਰਾ ਯੋਗ ਸਾਧਨਾ ਕਰਨ ਲਈ ਦਿਨ ਰਾਤ ਇਕਾਂਤ ਵਿਚ ਬਤੀਤ ਕਰ ਦਿੰਦਾ ਸੀ।

2. 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਸਾਧਨਾ ਲਈ ਚੌਕੀ ਉੱਤੇ ਬੈਠਣ ਲੱਗੇ

(ਬਾਕੀ ਦੇਖੋ ਸਫ਼ਾ 29 ਤੇ)

ਗੁਰੂ ਸਾਹਿਬ ਦੀ ਪੁੱਤਰੀ, ਜੋ ਕਿ ਉਨ੍ਹਾਂ ਦੀ ਸਹਾਇਤਾ ਕਰ ਰਹੀ ਸੀ, ਦਾ ਹੱਥ ਮਿਧਿਆ ਗਿਆ। ਉਸ ਦੇ ਕੋਮਲ ਹੱਥ ਵਿਚ ਇਕ ਮੇਖ ਚੁਭ ਗਈ ਅਤੇ ਹੱਥ ਵਿਚੋਂ ਤੇਜ਼ੀ ਨਾਲ ਖੂਨ ਵਗਣ ਲੱਗ ਪਿਆ। ਗੁਰੂ ਸਾਹਿਬ ਨੇ ਪਾਣੀ ਦਾ ਰੰਗ ਲਾਲ ਹੋਇਆ ਤੱਕਿਆ ਅਤੇ ਉਸ ਤੋਂ ਉਸ ਦਾ ਕਾਰਣ ਪੁਛਿਆ। "ਕੋਈ ਗੱਲ ਨਹੀਂ ਜੀ", ਉਨ੍ਹਾਂ ਦੀ ਪੁੱਤਰੀ ਨੇ ਸ਼ਾਂਤੀ ਪੂਰਵਕ ਉੱਤਰ ਦਿੱਤਾ ਅਤੇ ਆਪਣੇ ਪਿਤਾ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਗੁਰੂ ਸਾਹਿਬ ਪਿਆਰ ਵਿਚ ਵਹਿ ਗਏ ਅਤੇ ਕ੍ਰਿਤਗਤਾ ਅਤੇ ਸਨੇਹ ਦੇ ਇਹਸਾਸ ਵਿਚ ਗੜੂੰਦ ਉਨ੍ਹਾਂ ਨੇ ਪੁਛਿਆ ਕਿ ਸੰਸਾਰ ਵਿਚ ਕਿਹੜੀ ਗੱਲ ਹੈ ਜਿਹੜੀ ਉਹ ਉਸ ਲਈ ਕਰ ਸਕਦੇ ਹਨ। ਬੀਬੀ ਭਾਨੀ ਨੇ ਕਿਹਾ ਕਿ ਜੇਕਰ ਗੁਰ-ਗੱਦੀ ਉਸ ਦੇ ਪਰਿਵਾਰ ਨੂੰ ਬਖਸ਼ ਦਿੱਤੀ ਜਾਵੇ ਤਾਂ ਉਸ ਨੂੰ ਸਭ ਕੁਝ ਮਿਲ ਜਾਵੇਗਾ। ਗੁਰੂ ਸਾਹਿਬ ਇਹ ਅਚਾਨਕ ਬੇਨਤੀ ਜਿਸ ਦਾ ਉਨ੍ਹਾਂ ਨੂੰ ਗੁਮਾਨ ਤਕ ਨਹੀਂ ਸੀ, ਸੁਣ ਕੇ ਚੌਂਕ ਜੇਹੇ ਗਏ। ਪਰ ਦਿੱਤੇ ਜਾ ਚੁੱਕੇ ਬਚਨ ਤੋਂ ਫਿਰ ਜਾਣਾ ਅਸੰਭਵ ਸੀ।[1] ਵਰ ਦਿੱਤਾ ਜਾ ਚੁਕਿਆ ਸੀ ਤੇ ਇਸ ਦੇ ਪਿੱਛੋਂ ਗੁਰ-ਗੱਦੀ ਗੁਰੂ ਰਾਮ ਦਾਸ ਦੇ ਪਰਿਵਾਰ ਦੀ ਵਰਾਸਤ ਬਣ ਗਈ। ਇਸ ਨੇ ਗੁਰਿਆਈ ਦਾ ਸੁਭਾਵ ਬਦਲ ਕੇ ਸਿੱਖ-ਸੱਤਾ ਦੇ ਵਾਧੇ ਵਿਚ ਭਾਰੀ ਹਿੱਸਾ ਪਾਇਆ। ਇਸ ਤੋਂ ਪਿੱਛੋਂ ਗੁਰੂ ਸਾਹਿਬ ਅਧਿਆਤਮਿਕ, ਸੰਸਾਰਕ ਅਤੇ ਰਾਜ-ਸ਼ਕਤੀ ਦਾ ਸਾਕਾਰ ਰੂਪ ਬਣ ਗਏ।[2] ਗੁਰੂ ਸਾਹਿਬ, ਗੁਰੂ ਤੋਂ ਸੱਚੇ ਪਾਤਸ਼ਾਹ ਬਣ ਗਏ।

(ਸਫ਼ਾ 28 ਦੀ ਬਾਕੀ)

ਸਨ ਜਦੋਂ ਗੁਰੂ ਸਾਹਿਬ ਦੀ ਪੁੱਤਰੀ ਭਾਨੀ ਨੇ ਚੌਂਕੀ ਦੀ ਇਕ ਲੱਤ ਟੁੱਟੀ ਵੇਖ ਕੇ ਆਪਣੀ ਬਾਂਹ ਉਸ ਹੇਠਾਂ ਦੇ ਦਿੱਤੀ। ਬਾਂਹ ਫੱਟੜ ਹੋ ਗਈ। ਜਦੋਂ ਗੁਰੂ ਸਾਹਿਬ ਨੇ ਵੇਖਿਆ ਤਾਂ ਉਹ ਬਹੁਤ ਪ੍ਰਭਾਵਿਤ ਹੋਏ। ਇਹ ਵੀ ਕਿਹਾ ਜਾਂਦਾ ਹੈ ਕਿ ਭਾਨੀ ਨੇ ਗੱਦੀ ਦੀ ਮੰਗ ਨਹੀਂ ਕੀਤੀ ਪਰ ਇਕ ਦਿਨ ਇਉਂ ਹੋਇਆ ਕਿ ਉਸ ਦਾ ਬੱਚਾ ਅਰਜਨ ਰਿੜ੍ਹਦਾ ਰਿੜ੍ਹਦਾ ਆਪਣੇ ਬਾਬੇ ਦੀ ਗੱਦੀ ਤੇ ਚੜ੍ਹ ਗਿਆ ਅਤੇ ਉਥੇ ਬੈਠ ਗਿਆ। "ਪੁੱਤਰ, ਸਬਰ ਕਰ", ਗੁਰੂ ਸਾਹਿਬ ਨੇ ਫੁਰਮਾਇਆ, "ਤੂੰ ਆਪਣੇ ਪਿਤਾ ਤੋਂ ਇਹ ਗ੍ਰਹਿਣ ਕਰੇਂਗਾ।" ਇਸ ਦਾ ਸਪਸ਼ਟ ਭਾਵ ਸੀ ਕਿ ਗੁਰੂ ਸਾਹਿਬ ਤੋਂ ਪਿੱਛੋਂ ਗੁਰੂ ਰਾਮ ਦਾਸ ਗੱਦੀ ਉਤੇ ਬੈਠੇਗਾ ਅਤੇ ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦਾ ਪੁੱਤਰ ਵਾਰਸ ਬਣੇਗਾ। ਪੁਸਤਕ ਵਿਚ ਦਿੱਤੀ ਟੂਕ ਪਰੰਪਰਾਤਮਕ ਹੈ ਅਤੇ ਕਨਿੰਘਮ ਨੇ ਇਸੇ ਨੂੰ ਆਪਣਾ ਆਧਾਰ ਬਣਾਇਆ ਹੈ। 'ਹਿਸਟਰੀ ਆਫ ਦਿ ਸਿਖਸ' ਪੰਨਾ 47।

1. ਹਰੇਕ ਗੁਰੂ ਸਾਹਿਬ ਨੂੰ ਆਪਣੀ ਇੱਛਾ ਅਨੁਸਾਰ ਗੁਰ-ਗੱਦੀ ਦਾ ਵਾਰਸ ਬਣਾਣ ਦਾ ਅਧਿਕਾਰ ਸੀ। ਇਸ ਲਈ ਗੁਰੂ ਰਾਮ ਦਾਸ, ਜੇ ਚਾਹੁੰਦੇ, ਤਾਂ ਉਸ ਨੂੰ ਆਪਣੇ ਕੁਲ ਦੀ ਵਰਾਸਤ ਬਣਾ ਸਕਦੇ ਸਨ। ਐਪਰ ਇਹ ਧਾਰਮਿਕ ਪਵਿਤਰਤਾ ਦੇ ਨਿਯਮਾਂ ਦੇ ਵਿਰੁੱਧ ਹੁੰਦਾ ਅਤੇ ਰਿਵਾਜ ਦੇ ਉਲਟ। ਇਸ ਲਈ ਸ਼ਿਸ਼ਟਾਚਾਰ ਅਤੇ ਨੀਤੀ ਦੀ ਲੋੜ ਅਨੁਸਾਰ ਦਾਤੇ ਦੀ ਆਗਿਆ ਲੈਣੀ ਚਾਹੀਦੀ ਸੀ।
2. ਮੁਹੰਮਦ ਲਤੀਫ਼, 'ਹਿਸਟਰੀ ਆਫ਼ ਦਿ ਪੰਜਾਬ' ਪੰਨਾ 253।

ਅਧਿਆਇ ੪

ਸਿੱਖ ਧਰਮਤੰਤਰ ਦਾ ਮੱਢ

ਗੁਰੂ ਅਰਜਨ ਦੁਆਰਾ ਸੰਗਠਨ(1582-1607)

ਹੁਣ ਸਿੱਖਾਂ ਨੇ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਲਈ ਸੀ। ਉਨ੍ਹਾਂ ਦੀਆਂ ਸਧਰਾਂ ਵਿਚ ਇਕ ਨਿਸ਼ਚਿਤ ਪ੍ਰਕਾਰ ਦਾ ਅਸੰਪ੍ਰਦਾਇਕ ਮੋੜ ਆ ਗਿਆ ਸੀ। ਗੁਰੂ ਅਮਰ ਦਾਸ ਅਧੀਨ ਬਾਈ ਮੰਜੀਆਂ ਦੀ ਸਥਾਪਨਾ ਨਾਲ ਸੰਗਠਨ ਦਾ ਮੁੱਢ ਬੱਝ ਗਿਆ ਸੀ ਅਤੇ ਗੁਰੂ ਸਾਹਿਬ ਤੇ ਇਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਸੰਚਾਲਿਤ ਜਨਤਕ ਸੰਸਥਾਵਾਂ ਅਤੇ ਬਾਦਸ਼ਾਹ ਨਾਲ ਮਿੱਤਰਤਾ ਕਾਰਣ ਪ੍ਰਾਪਤ ਪ੍ਰਤਿਸ਼ਠਾ ਨੇ ਸਿੱਖ ਪੰਥ ਦੀਆਂ ਨੀਹਾਂ ਨੂੰ ਮਜ਼ਬੂਤ ਕਰ ਦਿੱਤਾ ਸੀ। ਹੁਣ ਇਕ ਅਜੇਹੇ ਵਿਅਕਤੀ ਦਾ ਆਗਮਨ ਹੋਇਆ ਜਿਹੜਾ ਜਮਾਂਦਰੂ ਕਵੀ, ਵਿਵਹਾਰਿਕ ਦਾਰਸ਼ਨਿਕ, ਸ਼ਕਤੀਸ਼ਾਲੀ ਸੰਗਠਨਕਰਤਾ ਅਤੇ ਮਹਾਨ ਰਾਜਨੀਤਿੱਗ ਸੀ। ਪੰਜਵੇਂ ਗੁਰੂ, ਗੁਰੂ ਅਰਜਨ ਪਵਿਤਰਤਾ ਅਤੇ ਆਤਮਿਕ ਉੱਚਤਾ ਵਿਚ ਆਪਣੇ ਕਿਸੇ ਪੂਰਵਜ ਨਾਲੋਂ ਘੱਟ ਨਹੀਂ ਸਨ, ਪਰ ਉਹ ਉਨ੍ਹਾਂ ਨਾਲੋਂ ਰਾਜ ਦੀ ਸਥਾਪਨਾ ਲਈ ਲੋੜੀਂਦੇ ਗੁਣਾਂ ਵਿਚ ਕਿਤੇ ਵੱਧ ਸਨ, ਸੈਨਿਕ ਵਿਰੋਧ ਦਾ ਸਮਾਂ ਅਜੇ ਨਹੀਂ ਆਇਆ ਸੀ। ਅਕਬਰ ਦੀ ਸਹਿਨਸ਼ੀਲਤਾ ਅਤੇ ਉਸ ਦੇ ਪੁੱਤਰ ਦੀ ਮਿਲਣਸਾਰੀ ਨੇ ਮੁਗਲ ਨਿਰੰਕੁਸ਼ਤਾ ਨੂੰ ਦੁਖਦਾਈ ਬੰਧਨ ਨਹੀਂ ਬਣਨ ਦਿੱਤਾ ਸੀ। ਇਸ ਲਈ, ਸਰਗਰਮ ਵਿਰੋਧ ਦੀ ਲੋੜ ਨੂੰ ਇਤਨੇ ਪ੍ਰਬਲ ਰੂਪ ਵਿਚ ਅਨੁਭਵ ਨਹੀਂ ਕੀਤਾ ਗਿਆ ਸੀ ਅਤੇ ਅਕਬਰ ਅਤੇ ਜਹਾਂਗੀਰ ਦੀ ਸ਼ਕਤੀ ਇਤਨੀ ਅਧਿਕ ਸੀ ਕਿ ਕਿਸੇ ਲੋਕਰਾਜੀ ਨੇਤਾ ਦੀ ਇੱਛਾ ਖੁਲ੍ਹ ਕੇ ਵਿਕਾਸ ਨਹੀਂ ਕਰ ਸਕਦੀ ਸੀ। ਜੇ ਗੁਰੂ ਅਰਜਨ ਦੇ ਮਨ ਵਿਚ ਰਾਜਨੀਤਿਕ ਸੱਤਾ ਪ੍ਰਾਪਤ ਕਰਨ ਦੀ ਕੋਈ ਇੱਛਾ ਹੁੰਦੀ ਵੀ, ਤਾਂ ਵੀ ਉਨ੍ਹਾਂ ਨੇ ਅਨੁਭਵ ਕਰ ਲੈਣਾ ਸੀ ਕਿ ਇਸ ਦੀ ਪ੍ਰਾਪਤੀ ਦਾ ਹਾਲੀ ਸਮਾਂ ਨਹੀਂ ਆਇਆ। ਸਿੱਟੇ ਵਜੋਂ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਸ਼ਾਂਤਮਈ ਢੰਗ ਨਾਲ ਸੰਗਠਿਤ ਕਰਨ ਵਿਚ ਦੂਰ-ਦਰਸ਼ਿਤਾ ਅਤੇ ਧੀਰਜ ਤੋਂ ਕੰਮ ਲਿਆ।

ਗੁਰੂ ਸਾਹਿਬ ਨੇ ਇਸ ਮੰਤਵ ਦੀ ਪੂਰਤੀ ਲਈ ਜਿਹੜੇ ਕਦਮ ਚੁੱਕੇ ਉਨ੍ਹਾਂ ਦਾ ਵਿਵਰਣ ਨਿਮਨ ਭਾਂਤ ਦਿੱਤਾ ਜਾ ਸਕਦਾ ਹੈ :-

(1) ਆਦਿ ਗ੍ਰੰਥ ਦਾ ਸੰਪਾਦਨ : ਗੁਰੂ ਅਰਜਨ ਦੇ ਸਮੇਂ ਤਕ ਸਿੱਖਾਂ ਕੋਲ ਇਕੋ ਇਕ ਧਰਮ-ਪੁਸਤਕ ਜਨਮ-ਸਾਖੀ ਸੀ ਜਿਸ ਦਾ ਸੰਪਾਦਨ ਦੂਸਰੇ ਗੁਰੂ ਸਾਹਿਬ ਨੇ ਬਾਲੇ ਤੋਂ ਸੁਣੀਆਂ ਗੱਲਾਂ ਦੇ ਆਧਾਰ ਤੇ ਕੀਤਾ ਸੀ । ਗੁਰੂ ਅਰਜਨ ਨੇ ਗੁਰ-ਗੱਦੀ ਸੰਭਾਲਦਿਆਂ ਹੀ ਆਪਣੇ ਅਨੁਯਾਈਆਂ ਨੂੰ ਕੋਈ ਧਾਰਮਿਕ ਗ੍ਰੰਥ ਦੇਣ ਦੀ ਲੋੜ ਅਨੁਭਵ ਕਰ ਲਈ ਅਤੇ ਸਭ ਤੋਂ ਪਹਿਲਾਂ ਇਸ ਉੱਦੇਸ਼ ਦੀ ਪੂਰਤੀ ਵਲ ਆਪਣਾ ਧਿਆਨ ਦਿੱਤਾ । ਪਹਿਲੇ ਤਿੰਨ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਦੀਆਂ ਨਕਲਾਂ ਤੀਸਰੇ ਗੁਰੂ ਸਾਹਿਬ ਦੇ ਪੁੱਤਰ ਮੋਹਨ ਤੋਂ ਪ੍ਰਾਪਤ ਕੀਤੀਆਂ ਗਈਆਂ । ਗੁਰੂ ਰਾਮ ਦਾਸ ਦੀ ਬਾਣੀ ਗੁਰੂ ਅਰਜਨ ਕੋਲ ਮੌਜੂਦ ਸੀ[1] । ਇਨ੍ਹਾਂ ਵਿਚ ਉਨ੍ਹਾਂ ਦੀ ਆਪਣੀ ਬਾਣੀ, ਕੁਝ ਪ੍ਰਤਿਸ਼ਠਿਤ ਭਗਤਾਂ ਦੀ ਚੁਣੀ ਹੋਈ ਬਾਣੀ ਅਤੇ ਗੁਰੂ ਸਾਹਿਬਾਨ ਦੀ ਸ਼ਲਾਘਾ ਵਿਚ ਕੁਝ ਕਵੀਆਂ ਅਤੇ ਭੱਟਾਂ ਦੀਆਂ ਵਾਰਾਂ ਸ਼ਾਮਿਲ ਕੀਤੀਆਂ ਗਈਆਂ । ਇਸ ਸੰਪਾਦਨ ਉੱਤੇ ਗੁਰੂ ਅਰਜਨ ਦੇ ਕਈ ਵਰ੍ਹੇ ਲੱਗੇ ਅਤੇ ਜਦੋਂ ਇਹ ਸੰਪੂਰਣ ਹੋ ਗਿਆ ਤਾਂ ਇਸ ਨੇ ਸਿੱਖਾਂ ਦੀ ਸ਼ਰਧਾ ਪ੍ਰਾਪਤ ਕਰ ਲਈ ਜਿਤਨੀ ਕਿ ਵੇਦਾਂ, ਅੰਜੀਲ ਜਾਂ ਕੁਰਾਨ ਨੂੰ ਪ੍ਰਾਪਤ ਸੀ ।[2]

(2) ਆਦਿ ਗ੍ਰੰਥ ਦੇ ਸੰਪਾਦਨ ਦੇ ਨਾਲ ਹੀ, ਗੁਰੂ ਅਰਜਨ ਨੇ ਸਿੱਖਾਂ ਲਈ ਮੱਕੇ ਜਿਤਨਾ ਹੀ ਮਹੱਤਵਪੂਰਣ ਯਾਤਰਾ-ਸਥਾਨ ਬਣਾਉਣ ਦਾ ਯਤਨ ਕੀਤਾ । ਅੰਮ੍ਰਿਤਸਰ ਜਿਸ ਦੀ ਨੀਂਹ ਗੁਰੂ ਰਾਮ ਦਾਸ ਨੇ ਰੱਖੀ ਸੀ, ਪੰਜਾਬ ਵਿਚ ਕੇਂਦਰੀ ਸਥਾਨ ਹੈ ਅਤੇ ਮਾਝਾ ਪ੍ਰਦੇਸ਼ ਦੇ ਐਨ ਸਿਰੇ ਤੇ ਵਾਕਿਆ ਹੈ ਜਿਹੜਾ ਕਿ ਅੱਜ ਕੱਲ ਸਿੱਖਾਂ ਦਾ ਗੜ੍ਹ ਹੈ। ਗੁਰੂ ਅਰਜਨ ਨੇ ਇਸ ਮਹੱਤਵਪੂਰਣ ਸਥਾਨ ਤੇ ਇਕ ਖੁਸ਼ਹਾਲ ਨਗਰ ਵਸਾਉਣ ਦੇ ਮਹੱਤਵ ਨੂੰ ਸਮਝਿਆ ਅਤੇ ਉਹ ਰਾਮਦਾਸਪੁਰ ਦੇ ਛੋਟੇ ਜੇਹੇ ਪਿੰਡ, ਜਿਸ ਦਾ ਨਾਂ ਇਸ ਨੂੰ ਵਸਾਉਣ ਵਾਲੇ ਦੇ ਨਾਂ ਤੇ ਪਿਆ ਸੀ, ਨੂੰ ਇਕ ਮਹੱਤਵਪੂਰਣ ਨਗਰ ਵਿਚ ਬਦਲਣ ਲਈ ਜੁਟ ਗਏ । ਗੁਰੂ ਰਾਮ ਦਾਸ ਨੇ ਅੰਮ੍ਰਿਤਸਰ ਬਣਵਾਇਆ ਸੀ ਜਿਹੜਾ ਸਿੱਖਾਂ ਵਿਚ ਗੰਗਾ ਜਿਤਨੀ ਸ਼ਰਧਾ ਦਾ ਪਾਤਰ ਬਣ ਗਿਆ ਸੀ ।[3] ਗੁਰੂ ਅਰਜਨ ਨੇ ਉਸ ਮਹਾਨ

---

1. ਇਹ ਗੱਲ ਅਤਿ ਮਹੱਤਵਪੂਰਣ ਹੈ ਕਿ ਤਿੰਨ ਗੁਰੂਆਂ, ਜਿਨ੍ਹਾਂ ਵਿਚੋਂ ਇਕ ਬਾਲ-ਆਯੂ ਵਿਚ ਹੀ ਜੋਤੀ ਜੋਤ ਸਮਾ ਗਏ, ਤੋਂ ਸਿਵਾ, ਬਾਕੀ ਸਾਰੇ ਕਵੀ ਸਨ ਅਤੇ ਕੁਝ ਤਾਂ ਉੱਚ ਕੋਟੀ ਦੇ ਕਵੀ ਸਨ । ਇਸ ਦਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਜਿਹੜੀ ਬਾਣੀ ਜਿਨ੍ਹਾਂ ਗੁਰੂਆਂ ਦੇ ਨਾਂ ਤੇ ਚੜ੍ਹਾਈ ਗਈ, ਉਹ ਉਹਨਾਂ ਦੀ ਹੀ ਰਚਨਾ ਹੈ। 'ਪੰਥ ਪ੍ਰਕਾਸ਼' ਵਿਚ ਇਕ ਸੰਕੇਤ ਮਿਲਦਾ ਹੈ ਕਿ ਗੁਰੂ ਅਰਜਨ ਨੇ ਆਪਣੀ ਕੁਝ ਬਾਣੀ ਭਗਤਾਂ ਦੇ ਨਾਂ ਤੇ ਚੜ੍ਹਾ ਦਿੱਤੀ ਜਿਨ੍ਹਾਂ ਦਾ ਜ਼ਿਕਰ ਲੇਖਕਾਂ ਵਿਚ ਆਉਂਦਾ ਹੈ । ਪਰੰਤੂ ਇਸ ਬਾਣੀ ਦੀ ਭਾਸ਼ਾ ਇਸ ਸਿੱਧਾਂਤ ਨੂੰ ਝੂਠਾ ਕਰ ਦਿੰਦੀ ਹੈ ।

ਇਸ ਗ੍ਰੰਥ ਦੇ ਹੋਰ ਗਿਆਨ ਲਈ ਵੇਖੋ ਅੰਤਿਕਾ 1 ਸਿੱਖ ਧਾਰਮਿਕ ਗ੍ਰੰਥ ।

3. ਭਾਵੇਂ ਬਹੁਤ ਸਾਰੇ ਸਿੱਖ ਹੁਣ ਵੀ ਆਪਣੇ ਰਿਸ਼ਤੇਦਾਰਾਂ ਦੀਆਂ ਅਸਥੀਆਂ ਹਰਦਵਾਰ ਲਿਜਾਂਦੇ ਹਨ, ਪਰ ਅੰਮ੍ਰਿਤਸਰ ਉਨ੍ਹਾਂ ਦਾ ਸਭ ਤੋਂ ਵੱਡਾ ਯਾਤਰਾ-ਸਥਾਨ ਹੈ ਅਤੇ ਅੱਜ ਕੱਲ ਕੇਵਲ ਅਸਥੀ ਪ੍ਰਵਾਹ ਲਈ ਹੀ ਬਹੁਤੇ ਸਿੱਖ ਗੰਗਾ ਤੇ ਜਾਂਦੇ ਹਨ ।

ਸਰੋਵਰ ਦੇ ਵਿਚਕਾਰ ਹਰਿਮੰਦਰ (ਪਰਮਾਤਮਾ ਦਾ ਘਰ) ਬਣਵਾ ਕੇ ਇਸ ਸਥਾਨ ਦੀ ਪਵਿੱਤਰਤਾ ਅਤੇ ਸ਼ਾਨ ਵਿਚ ਵਾਧਾ ਕੀਤਾ। ਇਹੀ ਮੰਦਰ ਹੈ ਜਿਹੜਾ ਅੰਮ੍ਰਿਤਸਰ ਦੇ ਸਵਰਨ-ਮੰਦਰ ਦੇ ਆਧੁਨਿਕ ਰੂਪ ਵਿਚ ਭਾਰਤ ਅਤੇ ਸੰਸਾਰ ਦਾ ਇਕ ਅਜੂਬਾ ਬਣ ਗਿਆ ਹੈ।

(3) ਗੁਰੂ ਅਰਜਨ ਨੇ ਨਵੀਨ ਨਗਰ ਦਾ ਮਹੱਤਵ ਕੇਵਲ ਸਿੱਖਾਂ ਦੇ ਯਾਤਰਾ-ਸਥਾਨ ਦੇ ਰੂਪ ਵਿਚ ਹੀ ਨਹੀਂ ਵਧਾਇਆ, ਸਗੋਂ ਆਪਣੀ ਗੱਦੀ ਇਸ ਸਥਾਨ ਤੇ ਲਿਆ ਕੇ, ਉਨ੍ਹਾਂ ਨੇ ਇਸ ਨੂੰ ਸਿੱਖ-ਗਰਮੀਆਂ ਦਾ ਕੇਂਦਰ ਬਣਾ ਦਿੱਤਾ। ਵਾਸਤਵ ਵਿਚ ਇਹ ਉਸ ਪੁੰਗਰਦੀ ਕਾਮਨਵੈਲਥ ਦੀ ਰਾਜਧਾਨੀ ਅਤੇ ਮਹਾਨਗਰ ਬਣ ਗਿਆ ਜਿਸ ਦਾ ਨਿਰਮਾਣ ਗੁਰੂ ਅਰਜਨ ਸਹਿਜੇ ਸਹਿਜੇ ਅਤੇ ਸ਼ਾਂਤੀ ਪੂਰਵਕ ਕਰ ਰਹੇ ਸਨ। 'ਪੰਥ ਪ੍ਰਕਾਸ਼' ਅਨੁਸਾਰ ਗੁਰੂ ਸਾਹਿਬ ਨੇ ਆਪਣੇ ਮੋਹਰੀ ਸਿੱਖਾਂ ਨੂੰ ਅੰਮ੍ਰਿਤਸਰ ਵਿਚ ਆ ਕੇ ਵਸਣ ਦੀ ਪ੍ਰੇਰਣਾ ਦਿੱਤੀ। ਭਾਈ ਸ਼ਾਲੋ ਵਸੇਵਾ-ਆਗੂਕਤਾਂ ਵਿਚੋਂ ਇਕ ਸੀ ਅਤੇ ਅੰਮ੍ਰਿਤਸਰ ਦਾ ਇਕ ਮਹੱਤਵਪੂਰਣ ਭਾਗ ਹੁਣ ਵੀ ਉਸ ਦੇ ਨਾਂ ਨਾਲ ਸੰਬੰਧਿਤ ਹੈ।

(4) ਗੁਰੂ ਰਾਮ ਦਾਸ ਦੀ ਸਿਫ਼ਾਰਸ਼ ਤੇ ਅਕਬਰ ਦੁਆਰਾ ਸਾਲ ਭਰ ਦੇ ਮਾਮਲੇ ਦੀ ਮੁਆਫ਼ੀ ਨੇ, ਸਿੱਖ ਪੰਥ ਨੂੰ ਪੰਜਾਬ ਦੀ ਕਿਰਸਾਣੀ ਵਿਚ ਬਹੁਤ ਪ੍ਰਿਯ ਬਣਾ ਦਿੱਤਾ ਸੀ। ਐਪਰ, ਚਨਾਬ ਦੇ ਉੱਤਰ ਵਿਚ ਵਸਦੀ ਲਗਭਗ ਸਾਰੀ ਦੀ ਸਾਰੀ ਕਿਰਸਾਣੀ ਮੁਸਲਮਾਨ ਸੀ ਅਤੇ ਚਨਾਬ ਅਤੇ ਰਾਵੀ ਦੇ ਵਿਚਕਾਰਲੀ ਕਿਰਸਾਣੀ ਵਸੋਂ ਬਰਾਬਰ ਦੀ ਹਿੰਦੂ ਅਤੇ ਮੁਸਲਮਾਨ ਸੀ ਪਰੰਤੂ ਲਾਹੌਰ ਦੀ ਸਮੀਪਤਾ ਕਾਰਣ ਦੋਹਾਂ ਦਰਿਆਵਾਂ ਵਿਚਕਾਰ ਸਰਕਾਰੀ ਪ੍ਰਭਾਵ ਬਹੁਤ ਜ਼ਿਆਦਾ ਸੀ। ਇਸ ਲਈ ਗੁਰੂ ਸਾਹਿਬਾਨ ਨੇ ਆਪਣਾ ਧਿਆਨ ਬਾਰੀ ਦੁਆਬ ਵਲ ਦਿੱਤਾ[1] ਜਿਥੋਂ ਦੀ ਲਗਭਗ ਸਾਰੀ ਦੀ ਸਾਰੀ ਕਿਰਸਾਣੀ ਹਿੰਦੂ ਸੀ ਜਿਵੇਂ ਕਿ ਅੱਜ ਕੱਲ ਵੀ ਹੈ। ਉਨ੍ਹਾਂ ਨੇ ਅਜੇਹਾ ਇਸ ਲਈ ਵੀ ਕੀਤਾ ਕਿਉਂਕਿ ਪੰਜਾਬ ਦੇ ਇਸ ਖੰਡ ਨਾਲ ਗੁਰੂ ਸਾਹਿਬਾਨ ਦੀ ਸਭ ਤੋਂ ਵੱਧ ਜਾਣ-ਪਛਾਣ ਸੀ ਅਤੇ ਇਹ ਇਲਾਕਾ ਪੇਂਡੂ ਹੋਣ ਕਰਕੇ ਮੁਸਲਮਾਨ ਅਧਿਕਾਰੀਆਂ ਦੇ ਸਿੱਧੇ ਨਿਯੰਤ੍ਰਣ ਅਤੇ ਪ੍ਰਸ਼ਾਸਨ ਤੋਂ ਵਧੇਰੇ ਮੁਕਤ ਸੀ।[2] ਅੰਮ੍ਰਿਤਸਰ ਨਗਰ ਦੇ ਵਸਣ ਅਤੇ ਗੁਰੂ ਅਰਜਨ ਦੁਆਰਾ ਇਸ ਨੂੰ ਸਰਗਰਮੀ ਦਾ ਅੱਡਾ ਬਣਾਉਣ ਨੇ ਮਾਝੇ ਦੇ ਜੱਟਾਂ ਵਿਚ ਸਿੱਖੀ ਦੇ ਪ੍ਰਚਾਰ ਅੰਦਰ ਕਾਫ਼ੀ ਯੋਗਦਾਨ ਦਿੱਤਾ ਸੀ ਅਤੇ ਹੁਣ ਗੁਰੂ ਸਾਹਿਬ ਵਸੋਂ ਦੇ ਬਿਲਕੁਲ ਵਿਚਕਾਰ ਇਕ ਮਹੱਤਵਪੂਰਣ ਕੇਂਦਰ ਸਥਾਪਿਤ ਕਰ ਕੇ, ਨਵੇਂ ਮਤ ਅਤੇ ਵਿਚਾਰਧਾਰਾ ਨੂੰ ਉਨ੍ਹਾਂ ਦੇ

1. ਪੰਜਾਬ ਵਿਚ ਰਾਵੀ ਅਤੇ ਬਿਆਸ ਦਰਿਆਵਾਂ ਦੇ ਵਿਚਕਾਰਲਾ ਪ੍ਰਦੇਸ਼।

2. ਮਾਝਾ ਪ੍ਰਦੇਸ਼ ਦੇ ਸਾਰੇ ਪ੍ਰਸਿੱਧ ਨਗਰ ਅੰਮ੍ਰਿਤਸਰ, ਅਟਾਰੀ, ਤਰਨਤਾਰਨ, ਜੰਡਿਆਲਾ, ਅਜਨਾਲਾ, ਰਾਮਦਾਸ, ਮਜੀਠਾ, ਰਾਜਾ ਸਾਂਸੀ, ਜਾਂ ਤਾਂ ਗੁਰੂ ਸਾਹਿਬਾਨ ਨੇ ਆਪ ਵਸਾਏ ਅਤੇ ਜਾਂ ਉਨ੍ਹਾਂ ਦੇ ਸਮੇਂ ਦੇ ਨੇੜੇ-ਤੇੜੇ ਹੋਰਾਂ ਨੇ। ਵੇਖੋ ਅੰਮ੍ਰਿਤਸਰ ਜ਼ਿਲ੍ਹੇ ਦਾ ਗਜ਼ਟੀਅਰ।

ਘਰਾਂ ਤਕ ਲੈ ਗਏ। ਤਰਨਤਾਰਨ ਦਾ ਕਸਬਾ ਵਸਾਇਆ ਗਿਆ ਅਤੇ ਇਕ ਵਿਸ਼ਾਲ ਸਰੋਵਰ ਬਣਵਾਇਆ ਗਿਆ।[1] ਤਰਨਤਾਰਨ ਮਾਝੇ ਜਾਂ ਮੱਧ ਪ੍ਰਦੇਸ਼ ਕਹੇ ਜਾਣ ਵਾਲੇ ਖੰਡ ਦਾ ਕੇਂਦਰੀ ਸਥਾਨ ਹੈ ਜਿਹੜਾ ਰਾਵੀ ਤੋਂ ਬਿਆਸ ਤਕ ਫੈਲਿਆ ਹੋਇਆ ਹੈ ਅਤੇ ਭਾਰਤੀ ਸੈਨਾ ਦੀ ਸੂਰਬੀਰਤਾ ਦੀ ਜਨਮਭੂਮੀ ਅਤੇ ਕਾਸ਼ਤਕਾਰਾਂ ਦੀ ਸਖਤਜਾਨ ਅਤੇ ਬਲਵਾਨ ਨਸਲ ਦਾ ਘਰ ਹੈ।[2] ਅੰਮ੍ਰਿਤਸਰ ਅਤੇ ਤਰਨਤਾਰਨ ਤੋਂ ਫੈਲਣ ਵਾਲੀ ਜੋਤੀ ਨੇ ਕਿਰਸਾਣੀ ਨੂੰ ਆਪਣੀ ਸ਼ਕਤੀ ਦੀ ਚੇਤਨਾ ਪ੍ਰਦਾਨ ਕੀਤੀ ਜਿਸ ਨੇ ਸ਼ਾਂਤੀਮਈ ਤੇ ਮਿਹਨਤਕਸ਼ ਕਾਸ਼ਤਕਾਰਾਂ ਤੋਂ ਬਦਲ ਕੇ ਉਨ੍ਹਾਂ ਨੂੰ ਉਸ ਧਰਤੀ ਦੇ ਜੋਸ਼ੀਲੇ ਸੈਨਿਕ ਅਤੇ ਸ਼ਾਸਕ ਬਣਾ ਦਿੱਤਾ ਜਿਸ ਨੂੰ ਉਨ੍ਹਾਂ ਦੇ ਪੂਰਵਜ ਕਈ ਪੀੜ੍ਹੀਆਂ ਵਾਹੁੰਦੇ ਰਹੇ ਸਨ।

(5) ਗੁਰੂ ਅਮਰ ਦਾਸ ਦੁਆਰਾ ਸਿੱਖ ਧਰਮ ਦੇ ਅਸਰ ਅਧੀਨ ਇਲਾਕੇ ਦੀ 22 ਮੰਜੀਆਂ ਵਿਚ ਵੰਡ, ਰਾਮ ਦਾਸ ਦੁਆਰਾ ਪਰਿਚਾਲਿਤ ਜੱਦੀ ਉੱਤਰਾਧਿਕਾਰ ਦੇ ਅਸੂਲ, ਅੰਮ੍ਰਿਤਸਰ ਦੇ ਵਸਣ ਜਿਹੜਾ ਕਿ ਸਿੱਖ ਸਰਗਰਮੀਆਂ ਦਾ ਮੁੱਖ ਕੇਂਦਰ ਅਤੇ ਇਕ ਭਾਂਤ ਦੀ ਸਿੱਖ ਰਾਜਧਾਨੀ ਬਣ ਗਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ, ਜਿਹੜਾ ਧਾਰਮਿਕ ਅਤੇ ਸੰਸਾਰਕ ਕਾਨੂੰਨ ਦੀ ਸੰਘਤਾ ਸੀ, ਨੇ ਸਿੱਖ ਸਮੁਦਾਇ ਦੇ ਸੰਵਿਧਾਨ ਵਿਚ ਪੁੰਗਰਦੇ ਧਰਮ-ਤੰਤਰ ਦੇ ਮੁੱਢਲੇ ਤੱਤਾਂ ਦਾ ਸੰਚਾਰ ਕਰ ਦਿੱਤਾ ਜਿਸ ਦਾ ਸੱਚਾ ਪਾਤਸ਼ਾਹ ਗੁਰੂ ਆਪ ਸੀ। ਗੁਰੂ ਅਰਜਨ ਨੇ ਆਮਦਨੀ ਦੀ ਪ੍ਰਣਾਲੀ ਨੂੰ ਵਧੇਰੇ ਪੱਕੇ ਅਤੇ ਸਥਿਰ ਆਧਾਰ ਤੇ ਸਥਾਪਿਤ ਕਰ ਕੇ ਰਾਜਨੀਤਿਕ ਸੰਗਠਨ ਵਿਚ ਇਕ ਹੋਰ ਕਿਤੇ ਬਹੁਤੇ ਮਹੱਤਵ-ਪੂਰਣ ਤੱਤ ਦਾ ਵਾਧਾ ਕਰ ਦਿੱਤਾ। ਹੁਣ ਤਕ ਪੰਥ ਦੀ ਆਮਦਨੀ ਸੰਗਤ ਦੇ ਇੱਛਿਤ ਦਾਨ ਉਤੇ ਨਿਰਭਰ ਰਹੀ ਸੀ। ਸਿੱਖਾਂ ਦੀ ਗਿਣਤੀ ਵਿਚ ਅਤਿਅਧਿਕ ਵਾਧਾ ਹੋਇਆ ਸੀ ਅਤੇ ਕਿਉਂਕਿ ਉਹ ਪਿਸ਼ਾਵਰ ਤੋਂ ਲੈ ਕੇ ਦਿੱਲੀ ਤਕ ਸਾਰੇ ਪੰਜਾਬ ਵਿਚ ਖਿਲਰੇ ਹੋਏ ਸਨ, ਇਸ ਲਈ ਭੇਟਾ ਇਕੱਠਾ ਕਰਨ ਦਾ ਕੰਮ ਕਾਫੀ ਕਠਿਨ ਸੀ ਅਤੇ ਕਈ ਵਾਰੀ ਤਾਂ ਭੇਟਾ ਗੁਰੂਆਂ ਦੀ ਗੋਲਕ ਵਿਚ ਵੀ ਜਮ੍ਹਾਂ ਨਹੀਂ ਹੁੰਦੀ ਸੀ। ਗੁਰੂ ਅਰਜਨ ਨੇ ਇਸ ਕਠਿਨਾਈ ਉਤੇ ਦੋ ਤਰੀਕਿਆਂ ਨਾਲ ਕਾਬੂ ਪਾਇਆ :

(ੳ) ਪਹਿਲੀ ਗੱਲ ਤਾਂ ਇਹ ਕੀਤੀ ਕਿ ਭੇਟਾ ਦੀ ਰਕਮ ਭੇਟਾ ਦੇਣ ਵਾਲਿਆਂ ਦੀ ਇੱਛਾ ਅਨੁਸਾਰ ਨਿਸਚਿਤ ਕਰ ਦਿੱਤੀ ਗਈ। ਸੋ ਹੁਣ ਗੁਰੂ ਸਾਹਿਬ ਆਪਣਾ ਬਜਟ

---

1. ਕਸਬੇ ਦਾ ਨਾਂ ਸਰੋਵਰ ਕਰਕੇ ਪਿਆ ਜਿਸ ਦਾ ਮਤਲਬ ਹੈ 'ਪਾਰ ਉਤਾਰਨ ਵਾਲਾ' ਜਾਂ 'ਪਾਰ ਉਤਾਰਾ' ਜਾਂ 'ਪਾਪਾਂ ਤੋਂ ਮੁਕਤ ਕਰਨ ਵਾਲਾ' ਜਲ। ਸਿੱਖਾਂ ਵਿਚ ਇਹ ਆਮ ਵਿਸ਼ਵਾਸ ਹੈ ਕਿ ਇਸ ਦੇ ਪਾਣੀ ਵਿਚ ਕੋਹੜ ਦੂਰ ਕਰਨ ਦੀ ਤਾਸੀਰ ਹੈ। ਇਸੇ ਲਈ ਕੋਹੜੀਆਂ ਦੀ ਇਕ ਭਾਰੀ ਬਸਤੀ ਇਥੇ ਵਸ ਗਈ ਹੈ।

2. ਅੰਮ੍ਰਿਤਸਰ ਜ਼ਿਲ੍ਹੇ ਦਾ ਗਜ਼ਟੀਅਰ (1883-84)

ਵਧੇਰੇ ਨਿਸ਼ਚਿਤਤਾ ਨਾਲ ਬਣਾ ਸਕਦੇ ਸਨ ਕਿਉਂਕਿ ਗੁਰੂ ਸਾਹਿਬਾਨ ਨੂੰ ਅਦਾਇਗੀ ਮੁਗਲਾਂ ਦੀ ਆਮਦਨੀ ਦੀ ਅਦਾਇਗੀ ਨਾਲੋਂ ਵੀ ਵੱਧ ਬਾਕਾਇਦਗੀ ਨਾਲ ਹੁੰਦੀ ਸੀ ।

(ਅ) ਦੂਸਰੇ, ਸਿੱਖ ਧਰਮ ਦੀਆਂ ਬਾਈ ਮੰਜੀਆਂ ਵਿਚੋਂ ਹਰੇਕ ਲਈ ਮਸੰਦ ਅਥਵਾ ਉਗਰਾਹਕ ਨਿਯੁਕਤ ਕਰ ਕੇ ਉਗਰਾਹੀ ਦੀ ਸਮੱਸਿਆ ਹੱਲ ਕੀਤੀ ਗਈ । ਹਰੇਕ ਮਸੰਦ[1] ਦਾ ਕਰਤੱਵ ਸੀ ਕਿ ਉਹ ਗੁਰੂ ਦੀਆਂ ਭੇਟਾਵਾਂ ਉਗਰਾਹ ਕੇ ਵਿਸਾਖੀ ਦੇ ਦਿਵਸ ਤੇ ਅੰਮ੍ਰਿਤਸਰ ਵਿਖੇ ਗੁਰੂ ਸਾਹਿਬ ਨੂੰ ਭੇਟਾ ਕਰੇ ਜਦੋਂ ਕਿ ਗੁਰੂ ਸਾਹਿਬ ਇਕ ਭਾਰੀ ਦਰਬਾਰ ਕਰਦੇ ਸਨ ਜਿਸ ਵਿਚ ਸਾਰੇ ਪੱਕੇ ਅਤੇ ਪਤਵੰਤੇ ਸਿੱਖ ਸ਼ਾਮਿਲ ਹੁੰਦੇ ਸਨ ।

(6) ਗੁਰੂ ਅਰਜਨ ਨੇ ਅਗਲਾ ਕਦਮ ਆਪਣੇ ਅਨੁਯਾਈਆਂ ਵਿਚਕਾਰ ਸਾਹਸੀ ਕਰਮ ਕਰਨ ਅਤੇ ਵਪਾਰ ਕਰਨ ਦੀ ਭਾਵਨਾ ਪੈਦਾ ਕਰਨ ਸੰਬੰਧੀ ਚੁਕਿਆ । ਇਸ ਮੰਤਵ ਨੂੰ ਮੁੱਖ ਰੱਖ ਕੇ ਉਨ੍ਹਾਂ ਆਪਣੇ ਬਹੁਤ ਸਾਰੇ ਅਨੁਯਾਈ ਤੁਰਕਿਸਤਾਨ ਵਿਚੋਂ ਘੋੜੇ ਖਰੀਦ ਕੇ ਭਾਰਤ ਵਿਚ ਵੇਚਣ ਲਈ ਭੇਜੇ ।

ਇਹ ਕਦਮ ਭਾਵੇਂ ਉਪਰੋਂ ਬੜਾ ਸਾਧਾਰਣ ਜੇਹਾ[2] ਦਿਸਦਾ ਸੀ ਪਰ ਸਿੱਖ

---

1. ਇਹ ਮਸੰਦ, ਆਰੰਭ ਵਿਚ, ਪਵਿਤਰਤਾ, ਵਫ਼ਾਦਾਰੀ ਅਤੇ ਉੱਚੀ ਪਦਵੀ ਦੇ ਆਧਾਰ ਤੇ ਚੁਣੇ ਜਾਂਦੇ ਸਨ ਅਤੇ ਸ਼ਾਇਦ ਆਨਰੇਰੀ ਹੁੰਦੇ ਸਨ । ਐਪਰ, ਇਹ ਪਦਵੀ ਛੇਤੀ ਹੀ ਪਹਿਲੇ ਪਦਧਾਰੀਆਂ ਦਾ ਜੱਦੀ ਪਦ ਬਣ ਗਿਆ ਅਤੇ ਹੌਲੀ ਹੌਲੀ ਅਯੋਗ ਵਿਅਕਤੀਆਂ ਦੇ ਹੱਥਾਂ ਵਿਚ ਚਲਾ ਜਾਣ ਕਰਕੇ ਚਿੰਤਾ-ਪ੍ਰਾਪਤੀ ਅਤੇ ਦੁਖ ਦਾ ਵਸੀਲਾ ਬਣ ਗਿਆ । ਅਖੀਰ ਮਸੰਦਾਂ ਵਿਰੁੱਧ ਸ਼ਿਕਾਇਤਾਂ ਇਤਨੀਆਂ ਵਧ ਗਈਆਂ ਕਿ ਗੁਰੂ ਗੋਬਿੰਦ ਸਿੰਘ ਨੂੰ ਇਹ ਪਦ ਹੀ ਖਤਮ ਕਰਨਾ ਪਿਆ । ਇਸ ਲਈ ਅੱਜ ਕੱਲ ਸਿੱਖਾਂ ਵਿਚ ਮਸੰਦ ਨਹੀਂ ਹਨ ਭਾਵੇਂ ਇਹ ਪ੍ਰਣਾਲੀ ਬੰਦੇ ਦੁਆਰਾ ਪਰਿਚਾਲਿਤ ਧਰਮ ਵਿਚ ਅਜੇ ਤਕ ਚਾਲੂ ਹੈ ਅਤੇ ਮਸੰਦ ਭਾਈਆਂ ਦੇ ਰੂਪ ਵਿਚ ਮੌਜੂਦ ਹਨ (ਬੰਦੇ ਦਾ ਜੀਵਨ, ਖਾਲਸਾ ਦੀਵਾਨ) । ਮਸੰਦ, ਮੰਸਨਦ ਦਾ ਵਿਗੜਿਆ ਰੂਪ ਪ੍ਰਤੀਤ ਹੁੰਦਾ ਹੈ, ਮਸਨਦੇਆਲੀ ਦਾ ਸੰਖਿਪਤ ਰੂਪ ਜਿਹੜਾ ਕਿ ਮੁਗਲ ਸੂਬੇਦਾਰਾਂ ਦੀ ਉਪਾਧੀ ਹੁੰਦਾ ਸੀ । ਸਿੱਖਾਂ ਦੀ ਵਧਦੀ ਸ਼ਕਤੀ ਦਾ ਇਹ ਇਕ ਹੋਰ ਰੂਪ ਹੈ । ਜਦੋਂ ਗੁਰੂ ਸਾਹਿਬ ਸੱਚੇ ਪਾਤਸ਼ਾਹ ਬਣ ਗਏ ਤਾਂ ਉਨ੍ਹਾਂ ਦੇ ਪ੍ਰਤਿਨਿਧ (ਵਾਇਸਰਾਇ) ਮਸਨਦੇਆਲੀ ਬਣ ਗਏ ।

2. ਇਸ ਨੁਕਤੇ ਤੇ ਇਕ ਵਿਦਵਾਨ ਸਿੱਖ ਨਾਲ ਵਾਰਤਾਲਾਪ ਕਰਦੇ ਹੋਇਆਂ ਮੈਂ ਉਸ ਰਾਜਨੀਤਿਕ ਮੰਤਵ ਦਾ ਸਵਾਲ ਉਠਾਇਆ ਜਿਹੜਾ ਕਿ ਗੁਰੂ ਸਾਹਿਬ ਦੇ ਦਿਮਾਗ ਵਿਚ ਘੋੜਿਆਂ ਦਾ ਵਪਾਰ ਆਰੰਭ ਕਰਦੇ ਹੋਏ ਹੋ ਸਕਦਾ ਸੀ । ਉਹ ਹੈਰਾਨ ਰਹਿ ਗਿਆ ਕਿਉਂਕਿ ਬਹੁਤ ਸਾਰੇ ਸਿੱਖਾਂ ਵੀ ਤਰ੍ਹਾਂ ਉਸ ਨੇ ਵੀ ਨਹੀਂ ਸੋਚਿਆ ਸੀ ਕਿ ਗੁਰੂ ਅਰਜਨ ਨੇ ਜੋ ਕੰਮ ਵੀ ਹੱਥੀਂ ਲਿਆ ਅਥਵਾ ਸਿਰੇ ਚੜ੍ਹਾਇਆ, ਉਸ ਵਿਚ ਕਿਸੇ ਕਿਸਮ ਦਾ ਰਾਜਨੀਤਿਕ ਮੰਤਵ ਵੀ ਹੋ ਸਕਦਾ ਸੀ । ਐਪਰ ਇਸ ਗੱਲ ਤੇ ਵਿਚਾਰ ਕਰਦਿਆਂ ਕਿ ਗੁਰੂ ਅਰਜਨ ਸਿੱਖ ਗੁਰੂਆਂ ਵਿਚੋਂ ਪਹਿਲੇ ਮਹਾਨ ਸੰਗਠਨ ਕਰਤਾ ਸਨ ਅਤੇ ਉਹ ਵਾਸਤਵ ਵਿਚ ਸਿੱਖ ਧਰਮ-ਤੰਤਰ ਦੇ ਮੋਢੀ ਸਨ, ਇਹ ਗੱਲ ਫਰਜ਼ ਕਰ ਲੈਣੀ

(ਬਾਕੀ ਦੇਖੋ ਸਫ਼ਾ 35 ਤੇ)

ਧਰਮ-ਤੰਤਰ ਦੀ ਵਧਦੀ ਸ਼ਕਤੀ ਵਿਚ ਇਹ ਕਈ ਤਰ੍ਹਾਂ ਲਾਭਦਾਇਕ ਸਿੱਧ ਹੋਇਆ ।

(ੳ) ਪਹਿਲੀ ਗੱਲ ਤਾਂ ਇਹ ਹੋਈ ਕਿ ਇਸ ਨੇ ਹਿੰਦੂਆਂ ਦੀ ਸਿੰਧ ਦਰਿਆ ਪਾਰ ਕਰਨ ਦੀ ਪਾਬੰਦੀ ਨੂੰ ਤੋੜ ਕੇ, ਜਾਤ ਪਾਤ ਅਤੇ ਹਿੰਦੂ ਵਹਿਮ-ਪ੍ਰਸਤੀ ਦੀ ਕਰੜਾਈ ਤੇ ਕਰਾਰੀ ਸੱਟ ਮਾਰੀ । ਇਹ ਸਿੱਖਾਂ ਦੇ ਵਿਸ਼ਵਾਸ ਦੀ ਕਸੌਟੀ ਵੀ ਬਣਿਆ ਅਤੇ ਉਸ ਨੂੰ ਮਜ਼ਬੂਤ ਵੀ ਕੀਤਾ ਕਿਉਂਕਿ ਅਜੇਹਾ ਕਰਨ ਲਈ ਸਿੰਧ ਪਾਰ ਪ੍ਰਦੇਸ਼ਾਂ ਵਿਚ ਵਸਦੀ ਕੱਟੜਪੰਥੀ ਅਤੇ ਲੜਾਕੀ ਮੁਸਲਮਾਨ ਵਸੋਂ ਤੋਂ ਬਚ ਕੇ ਆਉਣ ਵਾਸਤੇ ਦ੍ਰਿੜ ਵਿਸ਼ਵਾਸ ਅਤੇ ਉੱਚੇ ਚਰਿੱਤਰ ਦੀ ਲੋੜ ਸੀ ।

(ਅ) ਘੋੜਿਆਂ ਦੇ ਵਪਾਰ, ਜੋ ਉਨ੍ਹਾਂ ਦਿਨਾਂ ਵਿਚ ਲਾਭਦਾਇਕ ਵਪਾਰ ਸੀ, ਨੇ ਸਿੱਖ ਵਪਾਰੀਆਂ ਨੂੰ ਮਾਲਦਾਰ ਬਣਾ ਦਿੱਤਾ ਅਤੇ ਗੁਰੂ ਦੀ ਗੋਲਕ ਲਈ ਭਾਰੀ ਭੇਟਾ ਲਿਆਂਦੀਆਂ ।[1]

(ੲ) ਸਿੱਖਾਂ ਵਿਚ ਘੋੜ-ਸਵਾਰੀ ਦੀ ਰੁਚੀ ਪੈਦਾ ਕਰ ਕੇ ਇਸ ਨੇ ਖਾਲਸੇ ਦੀਆਂ ਭਵਿੱਖੀ ਸੈਨਾਵਾਂ ਦਾ ਰਾਹ ਖੋਲ੍ਹਿਆ ਅਤੇ ਉਹ ਹੌਲੀ ਹੌਲੀ ਉੱਤਰੀ ਭਾਰਤ ਦੇ ਸਰਬੋਤਮ ਘੋੜ-ਸਵਾਰ ਬਣ ਗਏ ।[2]

(7) ਜੱਦੀ ਉੱਤਰਾਧਿਕਾਰ ਨੇ ਗੁਰਿਆਈ ਦੀ ਰੂਪ-ਰੇਖਾ ਪਹਿਲੋਂ ਹੀ ਬਦਲ ਦਿੱਤੀ ਸੀ । ਹੁਣ ਅਨੁਯਾਈਆਂ ਦੀ ਸੰਖਿਆ ਵਧਣ ਨਾਲ ਅਤੇ ਵਧੇਰੇ ਵਸੀਲੇ ਹੋਣ ਕਰਕੇ ਪੰਥ ਇਕ ਪ੍ਰਕਾਰ ਦੀ ਸਰਕਾਰ ਦਾ ਰੂਪ ਧਾਰਨ ਕਰ ਗਿਆ । ਗੁਰੂ ਅਰਜਨ ਨੇ ਆਪਣਾ ਰਹਿਣ-ਸਹਿਣ ਪੰਥ ਦੇ ਨਵੇਂ ਸਰੂਪ ਅਨੁਕੂਲ ਬਦਲ ਲਿਆ ।[3]

(ਸਫ਼ਾ 34 ਦੀ ਬਾਕੀ)

ਉਨ੍ਹਾਂ ਦੀ ਸਿਆਣਪ ਦਾ ਨਿਰਾਦਰ ਕਰਨਾ ਹੋਵੇਗਾ ਕਿ ਉਨ੍ਹਾਂ ਦੁਆਰਾ ਬਣਾਏ ਗਏ ਛੋਟੇ ਜੇਹੇ ਰਾਜ ਦੀ ਭਾਰੀ ਸੰਭਾਵਨਾ ਵਿਚ ਉਨ੍ਹਾਂ ਦਾ ਕੋਈ ਵਿਸ਼ਵਾਸ ਨਹੀਂ ਸੀ । ਸਿੰਧ ਪਾਰ ਘੋੜਿਆਂ ਦੇ ਵਪਾਰ ਸੰਬੰਧੀ, ਇਹੀ ਤੱਥ ਕਿ ਹਰੇਕ ਇਤਿਹਾਸਕਾਰ ਨੇ ਇਸ ਦਾ ਜ਼ਿਕਰ ਕੀਤਾ ਹੈ, ਇਸ ਦੇ ਮਹੱਤਵ ਦੀ ਸਿੱਧੀ ਲਈ ਕਾਫ਼ੀ ਹੈ ਅਤੇ ਗੁਰੂ ਸਾਹਿਬ ਦਾ ਇਸ ਦੇ ਪਿੱਛੇ ਕੋਈ ਗੁੱਝਾ ਮੰਤਵ ਸੀ ।

1. ਸੰਪਰਦਾਇ ਦੇ ਖਜ਼ਾਨੇ ਲਈ ਹਰੇਕ ਪਵਿਤਰ ਸਿੱਖ ਦੁਆਰਾ ਵੱਖਰਾ ਰਖਿਆ ਦਸਵੰਧ ਅਥਵਾ ਲਾਭ ਦਾ ਦਸਵਾਂ ਭਾਗ ਗੁਰੂ ਸਾਹਿਬ ਦੀ ਆਮਦਨੀ ਵਿਚ ਆਪਣੇ ਆਪ ਹੀ ਇਕ ਮੁੱਲਵਾਨ ਵਾਧਾ ਸੀ, ਪਰੰਤੂ ਇਹ ਵੀ ਸੰਭਵ ਹੈ ਕਿ ਵਪਾਰ, ਜਾਂ ਹਰ ਹਾਲਤ ਵਿਚ ਵਪਾਰ ਦਾ ਕੁਝ ਭਾਗ ਪੰਥ ਦੇ ਸਾਂਝੇ ਪੈਸੇ ਨਾਲ ਕੀਤਾ ਜਾਂਦਾ ਸੀ ਅਤੇ ਇਸੇ ਲਈ, ਲਾਭ ਦਾ ਵੱਡਾ ਹਿੱਸਾ ਪੰਥ ਦੇ ਖਜ਼ਾਨੇ ਵਿਚ ਜਮ੍ਹਾਂ ਹੁੰਦਾ ਸੀ ।
2. ਰਣਜੀਤ ਸਿੰਘ ਦੇ ਸਮੇਂ ਤੋਂ ਪਹਿਲਾਂ ਸਾਰੀਆਂ ਸਿੱਖ ਸੈਨਾਵਾਂ ਘੋੜ-ਸਵਾਰ ਹੁੰਦੀਆਂ ਸਨ ।
3. 'ਪੰਥ ਪ੍ਰਕਾਸ਼' ਦਾ ਕਰਤਾ ਗੁਰੂ ਅਰਜਨ ਦੀ ਅਮੀਰੀ ਸੰਬੰਧੀ ਇਕ ਲੋਕ ਪ੍ਰਿਯ ਰਵਾਇਤ ਦਾ ਜ਼ਿਕਰ ਕਰਦਾ ਹੈ। ਕਿਹਾ ਜਾਂਦਾ ਹੈ ਕਿ ਸੰਸਾਰਕ ਸ਼ਕਤੀ ਅਤੇ ਧਨ ਗੁਰੂ ਨਾਨਕ ਤੋਂ ਬਾਰਾਂ ਕੋਹ ਦੀ ਅਤੇ

(ਬਾਕੀ ਦੇਖੋ ਸਫ਼ਾ 36 ਤੇ)

ਗੁਰੂ ਅਰਜਨ ਦੇ, ਗੁਰੂ ਨਾਨਕ ਤੋਂ ਲੈ ਕੇ ਗੁਰੂ ਰਾਮ ਦਾਸ ਤਕ ਸਾਰੇ ਪੂਰਵਾਧਿਕਾਰੀਆਂ ਨੇ ਸਾਦਗੀ ਦਾ ਇਥੋਂ ਤਕ ਕਿ ਸਾਧੂਆਂ ਦਾ ਜੀਵਨ ਬਤੀਤ ਕੀਤਾ ਸੀ ਪਰੰਤੂ ਗੁਰੂ ਅਰਜਨ ਨੇ ਗੁਰਿਆਈ ਦਾ ਸੁਭਾਵ ਹੀ ਬਦਲ ਦਿੱਤਾ। ਭਾਵੇਂ ਉਨ੍ਹਾਂ ਦਾ ਆਪਣਾ ਜੀਵਨ ਸਾਦਗੀ ਅਤੇ ਨਿਮ੍ਰਤਾ[1] ਵਾਲਾ ਸੀ, ਉਨ੍ਹਾਂ ਦਾ ਦਰਬਾਰ ਸ਼ਾਨ-ਸ਼ੌਕਤ ਦਾ ਕੇਂਦਰ ਬਣ ਗਿਆ ਸੀ ਅਤੇ ਮਹਿਲਨੁਮਾ ਭਵਨ, ਤੰਬੂ, ਘੋੜੇ ਅਤੇ ਖਜ਼ਾਨੇ ਨੇ ਇਸ ਨੂੰ ਮਾਨੋ ਸ਼ਾਹੀ ਦਰਬਾਰ ਬਣਾ ਦਿੱਤਾ ਸੀ।

ਵਾਸਤਵ ਵਿਚ, ਗੁਰੂ ਅਰਜਨ ਦੀ ਗੁਰਿਆਈ ਦੌਰਾਨ ਸਿੱਖਾਂ ਨੇ ਭਾਰੀ ਉੱਨਤੀ ਕਰ ਲਈ ਸੀ। ਇਕ ਸ਼ਾਂਤਮਈ ਅਤੇ ਦਖ਼ਲ ਤੋਂ ਮੁਕਤ ਰਾਜ ਦਾ ਜਨਮ ਹੋ ਗਿਆ ਸੀ, ਅਤੇ ਗੁਰੂ ਸਾਹਿਬ ਦੇ ਸੱਚਾ ਪਾਤਸ਼ਾਹ ਦੇ ਤੌਰ ਤੇ ਇਸ ਦਾ ਮੁੱਖੀ ਹੋਣ ਨਾਲ, ਸਿੱਖਾਂ ਨੂੰ "ਮੁਗ਼ਲ ਸਾਮਰਾਜ ਅਧੀਨ ਰਹਿੰਦੇ ਹੋਏ ਸਵੈ-ਸ਼ਾਸਨ ਦੀ ਜਾਚ ਆ ਗਈ ਸੀ।"[2] ਉਨ੍ਹਾਂ ਦੀ ਸ਼ਕਤੀ ਅਤੇ ਪ੍ਰਤਿਸ਼ਠਾ ਵਧ ਗਏ ਸਨ ਅਤੇ ਉਹ ਸੂਬੇ ਦੇ ਰਾਜਨੀਤਿਕ ਜੀਵਨ ਦਾ ਇਕ ਮਹੱਤਵਪੂਰਣ ਅੰਗ ਬਣ ਗਏ ਸਨ। ਇਥੇ ਦੋ ਅਜੇਹੀਆਂ ਪਰਿਸਥਿਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਦੁਆਰਾ ਗੁਰੂ ਅਰਜਨ ਦੇ ਸਮੇਂ ਸਿੱਖਾਂ ਨੇ ਜੋ ਪਦਵੀ ਪ੍ਰਾਪਤ ਕੀਤੀ, ਦਾ ਸੰਕੇਤ ਮਿਲ ਸਕਦਾ ਹੈ।

ਪ੍ਰਥਮ ਪਰਿਸਥਿਤੀ ਇਹ ਹੈ। ਜਦੋਂ ਸ਼ਹਿਜ਼ਾਦਾ ਖੁਸਰੋ, ਜਿਸ ਨੇ ਆਪਣੇ ਬਾਪ ਵਿਰੁੱਧ ਵਿਦਰੋਹ ਕਰ ਦਿੱਤਾ ਸੀ, ਪੰਜਾਬ[3] ਭੱਜ ਕੇ ਆਇਆ ਅਤੇ ਉਥੇ ਆਸਰਾ ਲਿਆ ਤਾਂ ਉਸ ਨੇ ਸਹਾਇਤਾ ਲਈ ਗੁਰੂ ਸਾਹਿਬ ਦੀ ਸ਼ਰਨ ਲਈ। ਗੁਰੂ ਸਾਹਿਬ ਨੇ ਅਜੇ ਤਕ ਸੈਨਿਕ ਸੰਗਠਨ ਦੀ ਯੋਜਨਾ ਚਾਲੂ ਨਹੀਂ ਕੀਤੀ ਸੀ। ਪਰ ਉਨ੍ਹਾਂ ਨੇ ਸ਼ਹਿਜ਼ਾਦੇ ਨੂੰ ਭਾਰੀ ਰਕਮ

(ਸਫ਼ਾ 35 ਦੀ ਬਾਕੀ)

ਗੁਰੂ ਅੰਗਦ ਤੋਂ ਛੇ ਕੋਹ ਦੀ ਵਿੱਥ ਤੇ ਰਹੇ ਸਨ। ਇਨ੍ਹਾਂ ਨੇ ਗੁਰੂ ਅਮਰ ਦਾਸ ਦਾ ਦਰਵਾਜ਼ਾ ਖੜਖੜਾਇਆ ਅਤੇ ਗੁਰੂ ਰਾਮ ਦਾਸ ਦੇ ਚਰਨ ਜਾ ਫੜੇ। ਗੁਰੂ ਅਰਜਨ ਦੇ ਸਮੇਂ ਵਿਚ ਇਨ੍ਹਾਂ ਨੂੰ ਗ੍ਰਹਿ-ਪ੍ਰਵੇਸ਼ ਦੀ ਆਗਿਆ ਮਿਲ ਗਈ। ਇਹ ਕਥਾ ਸਿੱਖਾਂ ਦੀ ਸਮਾਜਕ ਤੇ ਰਾਜਨੀਤਿਕ ਸ਼ਕਤੀ ਵਿਚ ਹੌਲੀ ਹੌਲੀ ਵਾਧੇ ਦਾ ਬੜਾ ਸੁੰਦਰ ਵਿਵਰਣ ਹੈ।

1. ਗੁਰੂ ਅਰਜਨ ਦੇ ਬੜੀ ਲੰਮੀ ਦਾੜ੍ਹੀ ਸੀ। ਜਦ ਉਹ ਸ੍ਰੀ ਚੰਦ ਨੂੰ ਮਿਲਣ ਗਏ ਤਾਂ ਗੁਰੂ ਨਾਨਕ ਦਾ ਵੈਰਾਗੀ ਪੁੱਤਰ ਜੀਉਂਦਾ ਸੀ ਅਤੇ ਸੌ ਵਰ੍ਹਿਆਂ ਦਾ ਹੋ ਗਿਆ ਸੀ। ਬਿਰਧ ਸਾਧੂ ਨੇ ਉਨ੍ਹਾਂ ਤੋਂ ਪੁਛਿਆ ਸੀ ਕਿ ਉਨ੍ਹਾਂ ਨੇ ਇਤਨੀ ਲੰਮੀ ਦਾੜ੍ਹੀ ਕਾਹਦੇ ਲਈ ਰੱਖੀ ਹੈ। "ਤੁਹਾਡੇ ਜੇਹੀਆਂ ਪਵਿੱਤਰ ਆਤਮਾਵਾਂ ਦੇ ਚਰਨ ਝਾੜਨ ਲਈ," ਗੁਰੂ ਅਰਜਨ ਨੇ ਉੱਤਰ ਦਿੱਤਾ। "ਤੁਹਾਡੀ ਇਹ ਨਿਮ੍ਰਤਾ ਹੀ ਹੈ," ਸ੍ਰੀ ਚੰਦ ਨੇ ਕਿਹਾ, "ਜਿਸ ਨੇ ਤੁਹਾਨੂੰ ਗੁਰੂ ਨਾਨਕ ਦੀ ਗੱਦੀ ਦਾ ਮਾਲਿਕ ਬਣਾ ਦਿੱਤਾ ਹੈ।

2. ਮੋਹਸਿਨ ਫ਼ਾਨੀ, ਦਬਿਸਤਾਨ।

3. 1606 ਈ: ਵਿਚ।

ਦਿੱਤੀ ਅਤੇ ਗ੍ਰਹਿ ਯੁੱਧ ਵਿਚ ਉਸ ਦੀ ਵਿਜੈ ਦੇ ਹਕ ਵਿਚ ਪ੍ਰਾਰਥਨਾ ਕਰ ਕੇ ਉਸ ਨੂੰ ਨੈਤਿਕ ਸਹਾਇਤਾ ਦਿੱਤੀ। ਗੁਰੂ ਸਾਹਿਬ ਦੀ ਮਹੱਤਤਾ ਸਿੱਧ ਕਰਨ ਵਾਲਾ ਦੂਸਰਾ ਤੱਥ ਇਹ ਹੈ ਕਿ ਉਨ੍ਹਾਂ ਦਾ ਪੁੱਤਰ ਲਾਹੌਰ ਦੇ ਦੀਵਾਨ ਚੰਦੂ ਸ਼ਾਹ ਨੇ ਆਪਣੀ ਧੀ ਦੇ ਵਰ ਲਈ ਚੁਣਿਆ।

ਸਿੱਖ ਇਤਿਹਾਸ ਵਿਚ ਇਹ ਦੋਵੇਂ ਪਰਿਸਥਿਤੀਆਂ ਅਤਿ ਮਹੱਤਵਪੂਰਣ ਹਨ ਕਿਉਂਕਿ ਇਨ੍ਹਾਂ ਵਿਚੋਂ ਪੈਦਾ ਹੋਈਆਂ ਪ੍ਰਤੱਖ ਜਾਂ ਪਰੋਖ ਜਟਿਲਤਾਵਾਂ ਨੇ ਸਿੱਖ-ਸ਼ਕਤੀ ਦੇ ਵਾਧੇ ਵਿਚ ਯੋਗਦਾਨ ਦਿੱਤਾ ਅਤੇ ਉਨ੍ਹਾਂ ਦੇ ਸੈਨਿਕ ਸੰਗਠਨ ਦਾ ਪ੍ਰਥਮ ਕਦਮ ਸਿੱਧ ਹੋਈਆਂ।

ਅਧਿਆਇ ੫

ਜ਼ੁਲਮ ਦੇ ਵਿਰੁੱਧ ਸਿੱਖਾਂ ਦਾ ਮਜਬੂਰ ਹੋ ਕੇ ਹਥਿਆਰਬੰਦ ਹੋਣਾ

ਅਗਲਾ ਵੱਡਾ ਤਥ ਜਿਸ ਨੇ ਕਿ ਸਿੱਖ ਸੱਤਾ ਦੇ ਵਿਕਾਸ ਦੀ ਚਾਲ ਨੂੰ ਤੇਜ਼ ਕੀਤਾ ਅਤੇ ਜਿਹੜਾ ਉਨ੍ਹਾਂ ਦੇ ਰਾਜਨੀਤਿਕ ਜਥੇਬੰਦੀ ਵਿਚ ਬੱਝ ਜਾਣ ਦਾ ਤਤਕਾਲ ਕਾਰਣ ਬਣਿਆ, ਉਸ ਸਮੇਂ ਦੀ ਮੁਸਲਮਾਨ ਸਰਕਾਰ ਦੁਆਰਾ ਉਨ੍ਹਾਂ ਉਤੇ ਲਗਾਤਾਰ ਜ਼ੁਲਮ ਢਾਹਿਆ ਜਾਣਾ ਸੀ। ਇਨ੍ਹਾਂ ਜ਼ੁਲਮਾਂ ਦਾ ਇਤਿਹਾਸ ਉਨ੍ਹਾਂ ਸਾਰੇ ਹੀਲਿਆਂ ਦਾ ਇਤਿਹਾਸ ਹੈ ਜਿਹੜੇ ਕਿਸੇ ਖਤਰਨਾਕ ਜਥੇਬੰਦੀ ਨੂੰ ਰੋਕਣ ਲਈ ਕਿਸੇ ਆਪਹੁਦਰੀ ਸਰਕਾਰ ਨੂੰ ਵਰਤਣੇ ਪੈਂਦੇ ਹਨ। ਧਮਕੀਆਂ, ਜ਼ੁਲਮ, ਦੰਡ, ਕੈਦਾਂ, ਦੇਸ਼-ਨਿਕਾਲੇ, ਤਸੀਹੇ, ਸੂਲੀਆਂ ਅਤੇ ਕਤਲੇਆਮ—ਇਹ ਸਾਰੇ ਦੇ ਸਾਰੇ ਹਰਬੇ ਇਕ ਇਕ ਕਰ ਕੇ ਕੌਮ ਦੇ ਉਨ੍ਹਾਂ ਸਿਰਜਕਾਂ ਵਿਰੁੱਧ ਵਰਤੇ ਗਏ ਜਿਨ੍ਹਾਂ ਨੇ ਮੁਗਲਾਂ ਦੇ ਹੱਥੋਂ ਪੰਜਾਬ ਦੀ ਵਾਗ-ਡੋਰ ਇਕ ਦਿਨ ਖੋਹਣੀ ਸੀ। ਗੁਰੂ ਸਾਹਿਬਾਨ ਦੇ ਸਿੱਖਾਂ ਨੇ ਹਰੇਕ ਮੁਸ਼ਕਲ ਨੂੰ ਧੀਰਜ ਅਤੇ ਹੌਂਸਲੇ ਨਾਲ ਝੱਲਿਆ ਅਤੇ ਹਰੇਕ ਪਰੀਖਿਆ ਵਿਚੋਂ ਹੁਕਮਰਾਨਾਂ ਵਿਰੁੱਧ ਦੂਗਣੇ ਉਤਸ਼ਾਹ ਅਤੇ ਅਮਿਟ ਘ੍ਰਿਣਾ ਦੇ ਪਕੇਰੇ ਨਿਸ਼ਚੇ ਨਾਲ ਵਧੇਰੇ ਸ਼ੁੱਧ ਅਤੇ ਬਲਵਾਨ ਬਣ ਕੇ ਨਿਕਲੇ। ਉਨ੍ਹਾਂ ਨੇ ਇਸ ਨਿਸ਼ਚੇ ਤੇ ਅਮਲ ਕੀਤਾ ਕਿ ''ਸ਼ਹੀਦਾਂ ਦਾ ਖੂਨ ਧਰਮ ਦੀ ਨੀਂਹ ਹੁੰਦਾ ਹੈ'', ਅਤੇ ਅਖੀਰ ਵਿਚ ਆਪਣੀ ਜਿੱਤ ਨਾਲ ਇਸ ਦੀ ਸਚਾਈ ਨੂੰ ਸਿੱਧ ਕਰ ਦਿੱਤਾ। ਉਨ੍ਹਾਂ ਨੇ ਕੇਵਲ ਅਜੇਹੇ ਪੰਥ ਦੀ ਨੀਂਹ ਹੀ ਨਹੀਂ ਰੱਖੀ ਜਿਸ ਨੂੰ ਪੰਜਾਬ ਦੇ ਬਹੁਤ ਸਾਰੇ ਹਿੰਦੂਆਂ ਨੇ ਅਪਣਾਇਆ ਸਗੋਂ ਇਕ ਅਜੇਹੇ ਰਾਜ ਦੀ ਸਥਾਪਨਾ ਵੀ ਕੀਤੀ ਜਿਸ ਨੇ ਹਿੰਦੂਆਂ ਦੀ ਅਸਤ ਹੋ ਰਹੀ ਪ੍ਰਤਿਸ਼ਠਾ ਨੂੰ ਠੱਲ੍ਹ ਪਾ ਦਿੱਤੀ।

ਪ੍ਰਥਮ ਜ਼ੁਲਮ

ਅਤਿਆਚਾਰਾਂ ਦਾ ਆਰੰਭ ਗੁਰੂ ਅਰਜਨ ਦੇ ਜੀਵਨ ਵਿਚ ਹੀ ਹੋ ਗਿਆ। ਉਹ ਸਿੱਖ ਕੌਮ ਦੇ ਪਹਿਲੇ ਮਹਾਨ ਪ੍ਰਬੰਧਕ ਹੀ ਨਹੀਂ ਸਨ ਸਗੋਂ ਸ਼ਹੀਦੀ ਦਾ ਪਹਿਲਾ ਤਿਲਕ ਉਨ੍ਹਾਂ ਦੇ ਮਸਤਕ ਤੇ ਹੀ ਲਗਿਆ। ਕਿਸੇ ਕਿਸਮ ਦੀ ਜਥੇਬੰਦੀ ਆਪਣੇ ਆਪ ਵਿਚ ਹੀ ਇਕ ਪੁਰਖੀ ਰਾਜ ਲਈ ਖਤਰਾ ਹੁੰਦੀ ਹੈ। ਗੁਰੂ ਅਰਜਨ ਦੀ ਅਗਵਾਈ ਵਿਚ ਸਿੱਖਾਂ ਦੀ

ਉਭਰਦੀ ਕੌਮ ਦਾ ਸੰਘਣਾਪਣ ਆਪਣੇ ਆਪ ਵਿਚ ਹੀ ਗੁਰੂ ਸਾਹਿਬ ਤੇ ਸ਼ਾਹੀ ਕਹਿਰ ਟੁੱਟਣ ਲਈ ਕਾਫੀ ਸੀ ਪਰੰਤੂ ਦੋ ਪਰਿਸਥਿਤੀਆਂ ਜਿਨ੍ਹਾਂ ਵਿਚੋਂ ਇਕ ਨਿਰੋਲ ਅਚਨਚੇਤੀ ਸੀ, ਨੇ ਇਸ ਦੁਰਘਟਨਾ ਨੂੰ ਨੇੜੇ ਲੈ ਆਂਦਾ । ਜਿਵੇਂ ਕਿ ਪਿਛਲੇ ਅਧਿਆਇ ਵਿਚ ਦਸਿਆ ਗਿਆ ਹੈ, ਗੁਰੂ ਸਾਹਿਬ ਨੇ ਬਾਗੀ ਸ਼ਹਿਜ਼ਾਦੇ ਖ਼ੁਸਰੋ ਦੇ ਮਨੋਰਥ ਦੀ ਖੁੱਲ੍ਹੇ ਆਮ ਹਮਾਇਤ ਕੀਤੀ ਸੀ ਅਤੇ ਉਸ ਦੀ ਕਾਫੀ ਸਾਰੇ ਧਨ ਨਾਲ ਮਦਦ ਵੀ ਕੀਤੀ ਸੀ । ਦੂਸਰਾ ਕਾਰਣ ਗੁਰੂ ਸਾਹਿਬ ਦਾ ਆਪਣੇ ਪੁੱਤਰ ਲਈ ਲਾਹੌਰ ਦੇ ਦੀਵਾਨ ਚੰਦੂ ਸ਼ਾਹ ਦੀ ਧੀ ਦਾ ਰਿਸ਼ਤਾ ਠੁਕਰਾ ਦੇਣਾ ਸੀ ।[1] ਇਹ ਅਜੇਹਾ ਨਿਰਾਦਰ ਸੀ ਜਿਸ ਨੂੰ ਲਾਹੌਰ ਦਾ ਦੀਵਾਨ ਸਹਿ ਨ ਸਕਿਆ । ਉਸ ਨੇ ਇਹ ਪੇਸ਼ਕਸ਼ ਕਈ ਵਾਰ ਕੀਤੀ, ਪਰੰਤੂ ਇਹ ਹਰ ਵਾਰ ਠੁਕਰਾ ਦਿੱਤੀ ਗਈ ।[2] ਦੀਵਾਨ ਨੇ ਆਪੇ ਤੋਂ ਬਾਹਰ ਹੋ ਕੇ ਗੁਰੂ ਸਾਹਿਬ ਦੀ ਹੈਂਕੜ ਨੂੰ ਤੋੜਨ ਦਾ ਨਿਸ਼ਚਾ ਕਰ ਲਿਆ । ਇਸ ਮਨੋਰਥ ਨਾਲ ਉਸ ਨੇ ਬਾਦਸ਼ਾਹ ਕੋਲ ਸ਼ਕਾਇਤ ਕੀਤੀ ਕਿ ਗੁਰੂ ਅਰਜਨ ਦੁਆਰਾ ਸੰਪਾਦਿਤ ਆਦਿ ਗ੍ਰੰਥ ਬਾਗ਼ਿਆਨਾ ਹੈ ਅਤੇ ਉਸ ਵਿਚ ਇਸਲਾਮ ਅਤੇ ਹਿੰਦੂ ਧਰਮਾਂ ਉਤੇ ਘ੍ਰਿਣਾ ਭਰੇ ਵਾਰ ਕੀਤੇ ਗਏ ਹਨ । ਐਪਰ ਜਦੋਂ ਆਦਿ ਗ੍ਰੰਥ ਵਾਚਿਆ ਗਿਆ ਤਾਂ ਬਾਦਸ਼ਾਹ ਨੂੰ ਇਸ ਦੇ ਭਗਤੀ-ਭਰਪੂਰ ਅਤੇ ਨਿਰਦੋਸ਼ ਹੋਣ ਦਾ ਪੱਕਾ ਯਕੀਨ ਹੋ ਗਿਆ ।

ਚੰਦੂ ਗੁਰੂ ਸਾਹਿਬ ਨੂੰ ਕੋਈ ਨੁਕਸਾਨ ਪੁਚਾ ਸਕਦਾ ਜਾਂ ਨ ਪਰ ਜਹਾਂਗੀਰ ਦੇ ਤਖ਼ਤ ਉਤੇ ਬੈਠਦੇ ਹੀ ਗੁਰੂ ਸਾਹਿਬ ਦੇ ਭਵਿੱਖ ਦਾ ਫੈਸਲਾ ਹੋ ਚੁੱਕਾ ਸੀ । ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹੇ ਅਤੇ ਇਨ੍ਹਾਂ ਤਸੀਹਾਂ ਕਾਰਣ ਉਨ੍ਹਾਂ ਦੀ ਹੋਈ ਸ਼ਹੀਦੀ ਜਹਾਂਗੀਰ ਦੀ ਧਾਰਮਿਕ ਕੱਟੜਤਾ ਦਾ ਸਿੱਧਾ ਨਤੀਜਾ ਸੀ । ਇਹ ਬਾਦਸ਼ਾਹ ਦੀ ਆਪਣੀ ਆਤਮ-ਕਥਾ ਤੋਂ ਸਿੱਧ ਹੋ

---

1. ਦੀਵਾਨ ਨੇ ਜਿਸ ਪੁਰੋਹਿਤ ਨੂੰ ਆਪਣੀ ਧੀ ਲਈ ਰਿਸ਼ਤਾ ਲੱਭਣ ਦਾ ਕੰਮ ਸੌਂਪਿਆ ਸੀ, ਉਹ ਗੁਰੂ ਸਾਹਿਬ ਦੀ ਵਧਦੀ ਸ਼ਕਤੀ ਅਤੇ ਖੁਸ਼ਹਾਲੀ ਤੋਂ ਵੀ ਉਤਨਾ ਹੀ ਪ੍ਰਭਾਵਿਤ ਹੋਇਆ ਸੀ ਜਿਤਨਾ ਕਿ ਉਨ੍ਹਾਂ ਦੇ ਪੁੱਤਰ ਦੇ ਨਿਜੀ ਗੁਣਾਂ ਤੋਂ । ਇਸੇ ਲਈ ਉਸ ਨੇ ਗੁਰੂ ਸਾਹਿਬ ਦੇ ਪੁੱਤਰ ਨੂੰ ਦੀਵਾਨ ਦੀ ਪੁੱਤਰੀ ਲਈ ਚੁਣਿਆ ਸੀ । ਗੁਰੂ ਅਰਜਨ ਮਹਾਨ ਪੁਰਸ਼ ਸਨ ਅਤੇ ਉਨ੍ਹਾਂ ਦੀ ਆਮਦਨੀ ਦਸਵੰਧ ਤੇ ਆਧਾਰਿਤ ਸੀ । ਇਸ ਗੱਲ ਕਰਕੇ ਚੰਦੂ ਨੇ ਗੁਰੂ ਸਾਹਿਬ ਦੀ ਸ਼ਾਨ ਵਿਚ ਕੁਝ ਨਿਰਾਦਰ-ਸੂਚਕ ਸ਼ਬਦ ਕਿਸੇ ਸਮੇਂ ਕਹੇ ਸਨ, ਜਿਨ੍ਹਾਂ ਵਿਚ ਉਸ ਨੇ ਆਪਣੇ ਆਪ ਨੂੰ ਚੁਬਾਰੇ ਦੀ ਇੱਟ ਨਾਲ ਅਤੇ ਗੁਰੂ ਸਾਹਿਬ ਨੂੰ ਮੋਰੀ ਦੀ ਇੱਟ ਨਾਲ ਤੁਲਨਾ ਦਿੱਤੀ ਸੀ । ਗੁਰੂ ਸਾਹਿਬ ਨੇ ਇਨ੍ਹਾਂ ਸ਼ਬਦਾਂ ਨੂੰ ਆਪਣੇ ਸ੍ਵੈ-ਮਾਨ ਦੇ ਪ੍ਰਤਿਕੂਲ ਸਮਝ ਕੇ ਰਿਸ਼ਤਾ ਅਸਵੀਕਾਰ ਕਰ ਦਿੱਤਾ, ਭਾਵੇਂ ਅਜੇਹਾ ਕਰਨ ਨਾਲ ਉਨ੍ਹਾਂ ਨੂੰ ਆਪਣੀ ਜਾਨ ਤੇ ਖੇਡਣਾ ਪਿਆ ।

2. ਇਹ ਪੇਸ਼ਕਸ਼ ਵਾਰ ਵਾਰ ਇਸ ਲਈ ਕੀਤੀ ਗਈ ਕਿ ਗ਼ਲਤ ਕਿਸਮ ਦੀ ਆਦਰ-ਭਾਵਨਾ ਦੇ ਅਧੀਨ, ਕੋਈ ਸਾਮੰਤ ਖਤਰੀ ਆਪਣੀ ਧੀ ਲਈ ਇਕ ਵਾਰੀ ਰਿਸ਼ਤੇ ਦੀ ਰੋਕ ਕਰਨ ਤੋਂ ਪਿੱਛੋਂ ਕਿਸੇ ਹੋਰ ਨਾਲ ਉਸ ਦੇ ਵਿਆਹ ਬਾਰੇ ਸੋਚ ਵੀ ਨਹੀਂ ਸਕਦਾ ਸੀ ।

ਜਾਂਦਾ ਹੈ। ਇਸ ਦੇ ਇਕ ਪੈਰੇ ਵਿਚ ਜੋ 1941[1] ਤੋਂ ਪਿੱਛੋਂ ਪ੍ਰਸਿੱਧ ਹੋਇਆ, ਜਹਾਂਗੀਰ ਇਉਂ ਲਿਖਦਾ ਹੈ :—

"ਬਿਆਸ ਦਰਿਆ ਦੇ ਕੰਢੇ ਤੇ ਵਸੇ ਇਕ ਨਗਰ ਗੋਇੰਦਵਾਲ ਵਿਖੇ ਸਾਧਾਂ ਸੰਤਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਹਿੰਦੂਆਂ, ਇਥੋਂ ਤਕ ਕਿ ਕੁਝ ਬੇਸਮਝ ਅਤੇ ਨੀਵੀਂ ਸ਼੍ਰੇਣੀ ਦੇ ਮੁਸਲਮਾਨਾਂ ਨੂੰ ਵੀ ਆਪਣੇ ਵਲ ਖਿਚ ਕੇ ਆਪਣੇ ਪੰਥ ਦੀਆਂ ਰੀਤਾਂ ਤੇ ਤੁਰਨ ਲਈ ਫਸਾ ਲਿਆ ਸੀ। ਉਹ ਆਪਣੀ ਸਾਧੁਤਾ ਅਤੇ ਆਤਮਿਕ ਅਗਵਾਈ ਦਾ ਵਧ ਚੜ੍ਹ ਕੇ ਢਿੰਡੋਰਾ ਪਿਟਦਾ ਸੀ। ਉਸ ਨੂੰ 'ਗੁਰੂ' ਆਖਦੇ ਸਨ, ਅਤੇ ਹਰ ਪਾਸੇ ਤੋਂ ਲੋਕ ਉਸ ਦੀ ਸ਼ਰਨ ਵਿਚ ਆ ਕੇ ਉਸ ਦੇ ਪੰਥ ਦੇ ਅਨੁਯਾਈ ਬਣਦੇ ਸਨ। ਉਸ ਦੀ ਇਹ ਦੁਕਾਨਦਾਰੀ ਤਿੰਨ ਚਾਰ ਪੁਸ਼ਤਾਂ ਤੋਂ ਖ਼ੂਬ ਭਖੀ ਹੋਈ ਸੀ। ਚਿਰਾਂ ਤੋਂ ਮੈਂ ਝੂਠ ਦੀ ਇਸ ਦੁਕਾਨਦਾਰੀ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ ਬਣਾਉਣ ਦੀ ਸੋਚ ਰਿਹਾ ਸਾਂ ਕਿ ਖੁਸਰੋ ਉਸ ਪਾਸਿਓਂ ਲੰਘਿਆ। ਮੂਰਖ ਸ਼ਹਿਜ਼ਾਦੇ ਨੂੰ ਉਸ ਦੇ ਪਿਛਲੱਗਾਂ ਵਿਚ ਸ਼ਾਮਿਲ ਹੋਣ ਦੀ ਸੁੱਝੀ। ਉਹ ਗੁਰੂ ਦੇ ਨਿਵਾਸ-ਸਥਾਨ ਤੇ ਪਹੁੰਚਿਆ ਅਤੇ ਉਸ ਨਾਲ ਮੁਲਾਕਾਤ ਕੀਤੀ। ਗੁਰੂ ਨੇ ਉਸ ਨਾਲ ਕੁਝ ਪੁਰਾਣੇ ਮਾਮਲਿਆਂ ਤੇ ਵਿਚਾਰ ਕੀਤੀ ਅਤੇ ਆਪਣੀ ਉਂਗਲ ਨਾਲ ਉਸ ਦੇ ਮੱਥੇ ਤੇ ਕੇਸਰ ਦਾ ਇਕ ਟਿੱਕਾ ਲਾ ਦਿੱਤਾ ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਇਸ ਨੂੰ ਸ਼ੁਭ ਸ਼ਗਨ ਮੰਨਦੇ ਹਨ। ਇਸ ਮਾਮਲੇ ਦੀ ਮੈਨੂੰ ਖ਼ਬਰ ਕੀਤੀ ਗਈ। ਮੈਂ ਗੁਰੂ ਦੇ ਕੂੜ ਮਤ ਤੋਂ ਪਹਿਲਾਂ ਹੀ ਜਾਣੂ ਸਾਂ। ਮੈਂ ਉਸ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ ਅਤੇ ਉਸ ਦਾ ਪਰਿਵਾਰ ਤੇ ਘਰ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤੇ। ਮੈਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਅਤੇ ਉਸ ਨੂੰ ਕੈਦ ਕਰ ਕੇ ਤੇ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦੇਣ ਦਾ ਹੁਕਮ ਦੇ ਦਿੱਤਾ।"[2] ਇਸੇ ਪੈਰੇ ਵਿਚ ਉਸ ਨੇ ਉਨ੍ਹਾਂ ਸਜ਼ਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਹੜੀਆਂ ਉਸ ਨੇ ਉਨ੍ਹਾਂ ਲੋਕਾਂ ਨੂੰ ਦਿੱਤੀਆਂ ਜਿਨ੍ਹਾਂ ਨੇ ਖੁਸਰੋ ਨਾਲ ਹਮਦਰਦੀ ਵਿਖਾਈ ਸੀ ਜਦੋਂ ਉਹ ਲਾਹੌਰ ਦੇ ਨੇੜੇ-ਤੇੜੇ ਕੁਝ ਦਿਨ ਠਹਿਰਿਆ ਸੀ।

ਇਸ ਸਾਰੇ ਦੁਖਾਂਤ ਵਿਚ ਚੰਦੂ ਨੇ ਜੋ ਕੁਝ ਕੀਤਾ ਜਾਪਦਾ ਹੈ ਉਹ ਇਹ ਸੀ ਕਿ ਉਸ ਨੇ ਸਰਕਾਰੀ ਮੁਲਾਜ਼ਮ ਹੋਣ ਦੀ ਹੈਸੀਅਤ ਵਿਚ ਕੇਂਦਰੀ ਸਰਕਾਰ ਨੂੰ ਉਨ੍ਹਾਂ ਘਟਨਾਵਾਂ ਤੋਂ ਸੂਚਿਤ ਕੀਤਾ ਜਿਨ੍ਹਾਂ ਦਾ ਸੰਕੇਤ ਬਾਦਸ਼ਾਹ ਨੇ ਉਪਰ ਕੀਤਾ ਹੈ।

ਗੁਰੂ ਸਾਹਿਬ ਨੂੰ 1606 ਈ. ਵਿਚ ਅਤਿ ਰਾਖਸ਼ੀ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ।

---

1. ਲਾਹੌਰ ਦਾ ਇਕ ਹਫ਼ਤਾਵਾਰੀ ਅਖਬਾਰ 'ਸ਼ੇਰੇ ਪੰਜਾਬ' ਮਿਤੀ 31-5-1941।
2. 'ਤੁਜ਼ਕੇ ਜਹਾਂਗੀਰੀ', ਪੰਨਾ 35, ਨਵਲ ਕਿਸ਼ੋਰ ਪ੍ਰੈਸ, ਲਖਨਊ।

ਦੇਸ਼ ਨਿਕਾਲਾ

ਸ਼ਾਹੀ ਕਹਿਰ ਦਾ ਅਗਲਾ ਸ਼ਿਕਾਰ ਗੁਰੂ ਅਰਜਨ ਦੇ ਸਪੁੱਤਰ ਗੁਰੂ ਹਰਗੋਬਿੰਦ ਹੋਏ। ਉਹ ਬਹੁਤ ਉੱਤਮ ਖਿਲਾੜੀ ਸਨ ਅਤੇ ਆਪਣੇ ਪ੍ਰਸੰਸਾਜਨਕ ਵਿਹਾਰ ਅਤੇ ਜਵਾਂਮਰਦੀ ਕਾਰਣ ਜਹਾਂਗੀਰ ਦੀਆਂ ਨਜ਼ਰਾਂ ਵਿਚ ਚੜ੍ਹ ਚੁੱਕੇ ਸਨ, ਜਿਸ ਕਰਕੇ ਜਹਾਂਗੀਰ ਉਨ੍ਹਾਂ ਨੂੰ 1607 ਈ. ਵਿਚ ਕਸ਼ਮੀਰ ਆਪਣੇ ਨਾਲ ਲੈ ਗਿਆ। ਐਪਰ, ਉਨ੍ਹਾਂ ਨੇ ਛੇਤੀ ਹੀ ਪਹਿਲਾਂ ਤਾਂ ਆਪਣੀ ਆਜ਼ਾਦ-ਖਿਆਲੀ ਨਾਲ ਅਤੇ ਫੇਰ ਸ਼ਿਕਾਰ ਖੇਡਣ ਦੀ ਪ੍ਰਬਲ ਰੁਚੀ ਕਾਰਣ ਜੰਗਲ ਦੇ ਕਾਨੂੰਨ ਭੰਗ ਕਰਨ ਕਰਕੇ ਬਾਦਸ਼ਾਹ ਨੂੰ ਨਾਰਾਜ਼ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਦੇ ਪਿਤਾ ਉੱਤੇ ਹੋਇਆ ਜੁਰਮਾਨਾ ਵੀ ਅਦਾ ਨਹੀਂ ਕੀਤਾ ਗਿਆ ਸੀ। ਸਿੱਟੇ ਵਜੋਂ ਗੁਰੂ ਹਰਗੋਬਿੰਦ ਨੂੰ ਗ੍ਰਿਫਤਾਰ ਕਰ ਕੇ ਗਵਾਲੀਅਰ ਭੇਜ ਦਿੱਤਾ ਗਿਆ।[1] ਉਥੇ ਉਨ੍ਹਾਂ ਨੂੰ ਨਾਲਾਂ ਬੱਧੀ ਥੁੜ੍ਹ ਦੀ ਹਾਲਤ ਵਿਚ ਕਿਲ੍ਹੇ ਵਿਚ ਕੈਦ ਕਰ ਰਖਿਆ ਗਿਆ ਜਿਸ ਤੋਂ ਬਾਦ ਪ੍ਰਸਿੱਧ ਮੁਸਲਮਾਨ ਫਕੀਰ ਮੀਆਂ ਮੀਰ ਜਿਸ ਦੇ ਨਾਂ ਤੇ ਲਾਹੌਰ ਛਾਉਣੀ ਦਾ ਨਾਂ ਪਿਆ ਹੋਇਆ ਹੈ, ਦੀ ਸਿਫ਼ਾਰਸ਼ ਕਰਨ ਉਤੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।

ਕਤਲ

ਤਸੀਹੇ, ਡੰਡ, ਕੈਦਾਂ ਅਤੇ ਦੇਸ਼-ਨਿਕਾਲੇ ਦੇ ਕਸ਼ਟਾਂ ਨੂੰ ਵਰਤਿਆ ਜਾ ਚੁੱਕਾ ਸੀ ਜੋ ਕੁਝ ਸਮੇਂ ਤੀਕ ਸਫਲ ਸਿੱਧ ਹੋਏ। ਪਰੰਤੂ ਨੌਵੇਂ ਗੁਰੂ ਨੇ ਇਸ ਸ਼ਕਤੀ ਨੂੰ ਮੁੜ ਪ੍ਰਾਪਤ ਕਰਨ ਦੇ ਯਤਨ ਕੀਤੇ ਜਾਪਦੇ ਹਨ ਜਿਸ ਕਰਕੇ ਖਾਲਸੇ ਨੂੰ ਤਸੀਹੇ ਸਹਿਣ ਲਈ ਫੇਰ ਤਿਆਰ ਹੋਣਾ ਪਿਆ। ਗੁਰੂ ਤੇਗ ਬਹਾਦਰ 1664 ਤੋਂ 1675 ਈ. ਤਕ ਪੰਜਾਬ ਦੇ ਹਿੰਦੂਆਂ ਦੇ ਮੰਨੇ-ਪ੍ਰਮੰਨੇ ਗੁਰੂ ਰਹੇ। ਉਨ੍ਹਾਂ ਦੇ ਨਿਜੀ ਰਸੂਖ ਅਤੇ ਆਮ ਪ੍ਰਚਾਰ ਨੇ ਔਰੰਗਜ਼ੇਬ ਦੀ ਮੁਸਲਮਾਨ ਬਣਾਉਣ ਦੀ ਲਹਿਰ ਵਿਚ ਭਾਰੀ ਰੁਕਾਵਟ ਖੜੀ ਕਰ ਦਿੱਤੀ ਸੀ। ਸਿੱਟੇ ਵਜੋਂ

---

1. 'ਪੰਥ ਪ੍ਰਕਾਸ਼' ਵਿਚ ਇਕ ਹੋਰ ਰੂਪਾਂਤਰ ਵੀ ਮਿਲਦਾ ਹੈ। ਲਿਖਿਆ ਹੈ ਕਿ ਗੁਰੂ ਹਰਗੋਬਿੰਦ ਦੀ ਵਧਦੀ ਸ਼ਕਤੀ ਤੋਂ ਘਬਰਾ ਕੇ ਚੰਦੂ ਸ਼ਾਹ ਨੇ ਸ਼ਹਿਨਸ਼ਾਹ ਨੂੰ ਭੜਕਾਇਆ ਕਿ ਉਹ ਆਉਣ ਵਾਲੀ ਮੁਸੀਬਤ ਜਿਸ ਦੀ ਭਵਿੱਖ ਬਾਣੀ ਕੁਝ ਜੋਤਸ਼ੀਆਂ ਨੇ ਚੰਦੂ ਤੋਂ ਰਿਸ਼ਵਤ ਲੈ ਕੇ ਕੀਤੀ ਸੀ, ਤੋਂ ਬਾਦਸ਼ਾਹ ਨੂੰ ਬਚਾਉਣ ਲਈ ਪ੍ਰਾਰਥਨਾ ਕਰਨ ਵਾਸਤੇ ਗੁਰੂ ਹਰਗੋਬਿੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦੇਵੇ।

'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ ਜੋਧ ਸਿੰਘ ਦੇ 'ਖੜਗਧਾਰੀ ਹੁਲਾਸ' ਵਿਚ ਪਿਛਲੇਰੇ ਬਿਆਨ ਦਾ ਹੀ ਵਰਣਨ ਹੈ। ਉਹ ਗੁਰੂ ਸਾਹਿਬ ਦੀ ਰਿਹਾਈ ਤੋਂ ਪਿੱਛੋਂ ਚੰਦੂ ਦੇ ਕਤਲ ਦਾ ਵੀ ਜ਼ਿਕਰ ਕਰਦੇ ਹਨ। ਇਨ੍ਹਾਂ ਲੇਖਕਾਂ ਅਨੁਸਾਰ ਗੁਰੂ ਸਾਹਿਬ ਸਿਰਫ਼ ਇਕ ਵਰ੍ਹਾ ਕੈਦ ਵਿਚ ਰਹੇ ਪਰੰਤੂ ਮੋਹਸਿਨ ਫ਼ਾਨੀ ਦੀ 'ਦਬਿਸਤਾਨ' ਅਨੁਸਾਰ ਉਹ 12 ਵਰ੍ਹੇ ਕੈਦ ਰਹੇ। ਟ੍ਰੰਪ 'ਦਬਿਸਤਾਨ' ਨੂੰ ਮੰਨਦਾ ਹੈ, ਜੋ ਮੇਰੇ ਵਿਚਾਰ ਅਨੁਸਾਰ ਠੀਕ ਜਾਪਦੀ ਹੈ।

ਉਨ੍ਹਾਂ ਨੂੰ 1675 ਈ. ਵਿਚ ਦਿੱਲੀ ਬੁਲਾਇਆ ਗਿਆ ਅਤੇ ਉਨ੍ਹਾਂ ਦੇ ਸਾਹਮਣੇ ਦੋ ਰਾਹ ਰੱਖੇ ਗਏ। ਇਸਲਾਮ ਕਬੂਲ ਕਰਨ ਜਾਂ ਮੌਤ। ਉਨ੍ਹਾਂ ਨੇ ਧਰਮ ਤੋਂ ਪਤਿਤ ਹੋਣ ਦੀ ਬਜਾਏ ਮੌਤ ਨੂੰ ਤਰਜੀਹ ਦਿੱਤੀ, ਜਿਸ ਕਰਕੇ ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਦਾ ਸਿਰ ਕਲਮ ਕਰ ਦਿੱਤਾ ਗਿਆ। ਉਨ੍ਹਾਂ ਦਾ ਸਰੀਰ ਦਿੱਲੀ ਦੀਆਂ ਗਲੀਆਂ ਵਿਚ ਕੁਝ ਚਿਰ ਪਏ ਰਹਿਣ ਪਿੱਛੋਂ ਸ਼ਹੀਦ ਗੁਰੂ ਦੇ ਨੀਵੀਂ ਜਾਤ ਦੇ ਦੋ ਬਹਾਦਰ ਸਿੱਖਾਂ ਨੇ ਇਸ ਨੂੰ ਚੁੱਕ ਲਿਆਂਦਾ।[1]

ਨਿਰਦੋਸ਼ਿਆਂ ਦੇ ਕਤਲ

ਖਾਲਸੇ ਦੀ ਸ਼ਕਤੀ ਵਿਚ ਵਾਧੇ ਨਾਲ ਮੁਗ਼ਲਾਂ ਦੇ ਬਦਲੇ ਦੀ ਭਾਵਨਾ ਹੋਰ ਤੇਜ਼ੀ ਨਾਲ ਭੜਕ ਉਠੀ। ਅਨੰਦਪੁਰ ਜਿਥੇ ਮੁਗ਼ਲ ਫੌਜਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਘੇਰ ਰਖਿਆ ਸੀ, ਦੇ ਘੇਰੇ ਦੇ ਦੌਰਾਨ, ਗੁਰੂ ਸਾਹਿਬ ਦੀ ਮਾਤਾ ਆਪਣੇ ਦੋ ਛੋਟੇ ਛੋਟੇ ਪੋਤਿਆਂ[2] ਨਾਲ ਗੜ੍ਹੀ ਵਿਚੋਂ ਨਿਕਲ ਆਏ ਸਨ। ਉਹ ਬਹੁਤੀ ਦੂਰ ਨਹੀਂ ਗਏ ਸਨ ਜਦੋਂ ਉਹ ਸਰਹਿੰਦ ਦੇ ਸੂਬੇ ਦੇ ਹੱਥ ਆ ਗਏ।[3] ਔਰਤਾਂ ਅਤੇ ਬੱਚਿਆਂ ਦਾ ਕਤਲ, ਭਾਵੇਂ ਉਹ ਕਾਫ਼ਰ ਵੀ ਹੋਣ, ਕੁਰਾਨ ਵਿਚ ਮਨ੍ਹਾ ਹੈ। ਇਸ ਲਈ ਬੱਚਿਆਂ ਦੀ ਜਾਨ-ਬਖ਼ਸ਼ੀ ਕਰ ਦਿੱਤੀ ਗਈ। ਬੱਚੇ ਸ਼ਾਹੀ ਕੈਦੀਆਂ ਦੇ ਰੂਪ ਵਿਚ ਕਈ ਵਾਰ ਸੂਬੇਦਾਰ ਦੀ ਕਚਹਿਰੀ ਵਿਚ ਹਾਜ਼ਰ ਹੁੰਦੇ। ਇਕ ਦਿਨ ਜਦੋਂ ਬੱਚੇ ਕਚਹਿਰੀ ਵਿਚ ਬੈਠੇ ਸਨ ਤਾਂ ਸੂਬੇਦਾਰ ਉਨ੍ਹਾਂ ਦੀ ਸੋਹਣੀ ਨੁਹਾਰ ਅਤੇ ਖ਼ੂਬਸੂਰਤ ਛੱਬ ਨੂੰ ਦੇਖ ਕੇ ਬੜਾ ਖੁਸ਼ ਹੋਇਆ ਅਤੇ ਪਿਆਰ ਨਾਲ ਕਹਿਣ ਲੱਗਾ, "ਬੱਚਿਓ! ਜੇ ਅਸੀਂ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਕੀ ਕਰੋਗੇ?" ਬੱਚਿਆਂ ਨੇ ਤੁਰੰਤ

---

1. 'ਪੰਥ ਪ੍ਰਕਾਸ਼' ਅਨੁਸਾਰ ਜੀਵਨ ਨਾਮ ਦਾ ਇਕ ਮਿਹਤਰ ਗੁਰੂ ਗੋਬਿੰਦ ਸਿੰਘ ਪਾਸ ਸੀਸ ਲੈ ਕੇ ਗਿਆ ਜਦ ਕਿ ਲੁਬਾਣਾ ਜਾਤੀ ਦਾ ਇਕ ਸਿੱਖ, ਲੱਖੀ, ਰਾਤ ਦੇ ਸਮੇਂ ਉਨ੍ਹਾਂ ਦੀ ਦੇਹ ਲੈ ਕੇ ਗਿਆ ਅਤੇ ਚੋਰੀ ਛੁਪੇ ਆਪਣੇ ਘਰ ਵਿਚ ਹੀ ਉਸ ਦਾ ਅੰਤਮ ਸੰਸਕਾਰ ਕਰ ਦਿੱਤਾ। ਸ਼ਹਾਦਤ ਵਾਲੇ ਅਸਥਾਨ ਤੇ ਸੀਸ ਗੰਜ ਨਾਮਕ ਗੁਰਦੁਆਰਾ ਬਣਿਆ ਹੋਇਆ ਹੈ ਅਤੇ ਜਿਸ ਥਾਂ ਤੇ ਅੰਤਮ ਸੰਸਕਾਰ ਕੀਤਾ ਗਿਆ ਸੀ ਉਸ ਥਾਂ ਨੂੰ ਉਸ ਵਫ਼ਾਦਾਰ ਲੁਬਾਣੇ ਸਿੱਖ ਦੇ ਪਿੰਡ ਦੇ ਨਾਂ ਤੇ ਰਕਾਬ ਗੰਜ ਕਿਹਾ ਜਾਣ ਲੱਗਾ। ਇਕ ਹੋਰ ਬਿਆਨ ਅਨੁਸਾਰ ਸੀਸ ਦਾ ਸੰਸਕਾਰ ਦਿੱਲੀ ਵਿਚ ਕੀਤਾ ਗਿਆ ਅਤੇ ਦੇਹ ਨੂੰ ਦੋ ਮਿਹਤਰ ਜਿਹੜੇ ਕਿ ਪਿਉ-ਪੁੱਤਰ ਸਨ, ਚੁੱਕ ਕੇ ਲੈ ਗਏ। ਸ਼ੱਕ ਦੂਰ ਕਰਨ ਲਈ ਪਿਤਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਦਾ ਸਿਰ ਕੱਟ ਦਿੱਤਾ ਜਾਏ ਅਤੇ ਉਸ ਦੀ ਦੇਹ ਨੂੰ ਗੁਰੂ ਸਾਹਿਬ ਦੀ ਦੇਹ ਦੀ ਥਾਂ ਤੇ ਰੱਖ ਦਿੱਤਾ ਜਾਏ ਤਾਕਿ ਕੋਈ ਉਨ੍ਹਾਂ ਦਾ ਪਿੱਛਾ ਨ ਕਰੇ। ਇਸ ਤਰ੍ਹਾਂ ਹੀ ਕੀਤਾ ਗਿਆ। ਵੇਖੋ ਮੁਨਸ਼ੀ ਸੋਹਨ ਲਾਲ, ਪੰਨਾ 72।
2. ਬੱਚਿਆਂ ਦੇ ਨਾਮ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਸਨ।
3. ਕੁਝ ਇਕ ਨੇ ਫੌਜਦਾਰ ਖਾਂ ਨਾਂ ਲਿਖਿਆ ਹੈ ਪਰ ਇਥੇ ਗਲਤੀ ਨਾਲ ਖਿਤਾਬ ਨੂੰ ਨਾਂ ਸਮਝ ਲਿਆ ਗਿਆ ਪ੍ਰਤੀਤ ਹੁੰਦਾ ਹੈ। ਉਸ ਸਮੇਂ ਦੇ ਸਰਹਿੰਦ ਦੇ ਫੌਜਦਾਰ ਦਾ ਨਾਂ ਵਜ਼ੀਰ ਖਾਂ ਸੀ।

(ਵੇਖੋ ਮੈਲਕਮ ਅਤੇ ਕਨਿੰਘਮ)

ਉੱਤਰ ਦਿੱਤਾ, "ਅਸੀਂ ਆਪਣੇ ਸਿੱਖ ਇਕੱਠੇ ਕਰ ਕੇ ਉਨ੍ਹਾਂ ਨੂੰ ਹਥਿਆਰ ਦੇਵਾਂਗੇ ਅਤੇ ਤੁਹਾਡੇ ਨਾਲ ਲੜ ਕੇ ਤੁਹਾਨੂੰ ਮਾਰ ਸੁੱਟਾਂਗੇ।" ਸੂਬੇਦਾਰ ਨੇ ਕਿਹਾ, "ਜੇ ਤੁਸੀਂ ਲੜਾਈ ਵਿਚ ਹਾਰ ਗਏ ਫੇਰ ਕੀ ਕਰੋਗੇ ?" ਬੱਚਿਆਂ ਨੇ ਉੱਤਰ ਦਿੱਤਾ, "ਅਸੀਂ ਮੁੜ ਕੇ ਆਪਣੀਆਂ ਫੌਜਾਂ ਇਕੱਠੀਆਂ ਕਰਾਂਗੇ ਤੇ ਤੁਹਾਨੂੰ ਮਾਰਾਂਗੇ ਜਾਂ ਮਰਾਂਗੇ।" ਸੂਬੇਦਾਰ ਨੂੰ ਉਨ੍ਹਾਂ ਦੇ ਨਿਧੜਕ ਅਤੇ ਗੁਸਤਾਖਾਨਾ ਉੱਤਰ ਤੇ ਕ੍ਰੋਧ ਚੜ੍ਹ ਗਿਆ ਅਤੇ ਦੀਵਾਨ ਨੂੰ ਉਨ੍ਹਾਂ ਨੂੰ ਉਸ ਦੇ ਸਾਹਮਣਿਉਂ ਹਟਾ ਕੇ ਆਪਣੇ ਘਰ ਲੈ ਜਾਣ ਤੇ ਉਥੇ ਮਾਰ ਦੇਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ।[1] ਕੁਝ ਲੇਖਕਾਂ ਦਾ ਵਿਚਾਰ ਹੈ ਕਿ ਉਸ ਨੇ ਬੱਚਿਆਂ ਨੂੰ ਜਿਉਂਦਿਆਂ ਹੀ ਦੀਵਾਰ ਦੀਆਂ ਨੀਹਾਂ ਵਿਚ ਚਿਣਵਾ ਕੇ ਮਰਵਾ ਦਿੱਤਾ। ਗੁਰੂ ਸਾਹਿਬ ਦੀ ਮਾਤਾ ਦੀ ਵੀ ਆਪਣੇ ਪੋਤਿਆਂ ਦੇ ਇਸ ਸ਼ੋਕਜਨਕ ਅੰਤ ਕਾਰਣ ਮ੍ਰਿਤੂ ਹੋ ਗਈ।[2]

ਕਤਲਾਮ

ਗੁਰੂ ਗੋਬਿੰਦ ਸਿੰਘ ਦੇ ਮਾਸੂਮ ਸਾਹਿਬਜ਼ਾਦਿਆਂ ਨਾਲ ਸਰਹਿੰਦ ਦੇ ਸੂਬੇ ਨੇ ਜੋ ਸਲੂਕ ਕੀਤਾ, ਉਹ ਅਤਿ ਭਿਆਨਕ ਸੀ। ਗੁਰੂ ਗੋਬਿੰਦ ਸਿੰਘ ਜੋਤੀ ਜੋਤ ਸਮਾ ਚੁੱਕੇ ਸਨ ਅਤੇ ਉਨ੍ਹਾਂ ਦੇ ਕਾਰਜ ਦੀ ਪੂਰਤੀ ਲਈ ਬੰਦਾ ਬਹਾਦਰ ਨੂੰ ਚੁਣਿਆ ਗਿਆ ਸੀ। ਇਸ ਆਗੂ ਨੇ ਸੂਬੇਦਾਰ ਅਤੇ ਸਰਹਿੰਦ ਦੇ ਲੋਕਾਂ ਤੋਂ ਗੁਰੂ ਸਾਹਿਬ ਦੇ ਮਾਸੂਮ ਸਾਹਿਬਜ਼ਾਦਿਆਂ ਨਾਲ ਕੀਤੇ ਅਤਿ ਭੈੜੇ ਜ਼ੁਲਮ ਦੇ ਗਿਣ ਗਿਣ ਕੇ ਬਦਲੇ ਲਏ ਸਨ। ਉਸ ਨੇ ਸੈਂਕੜੇ ਮੁਸਲਮਾਨ ਮੌਤ ਦੇ ਘਾਟ ਉਤਾਰ ਦਿੱਤੇ ਸਨ, ਬੀਸੀਓਂ ਪਿੰਡ ਸਾੜ ਦਿੱਤੇ ਸਨ ਅਤੇ ਕੁਝ ਸਮੇਂ ਲਈ ਤਾਂ ਇਉਂ ਪ੍ਰਤੀਤ ਹੋਣ ਲੱਗ ਪਿਆ ਸੀ ਜਿਵੇਂ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ

---

1. ਉਦਾਹਰਣ ਵਜੋਂ ਵੇਖੋ 'ਪੰਥ ਪ੍ਰਕਾਸ਼'।
2. ਉਪਰਲਾ ਵਿਵਰਣ ਸੱਯਦ ਮੁਹੰਮਦ ਲਤੀਫ ਦੀ 'ਹਿਸਟਰੀ ਆਫ ਦਿ ਪੰਜਾਬ' ਪੰਨਾ 265 ਦੇ ਅਨੁਸਾਰ ਹੈ।

   ਨੋਟ : 'ਪੰਥ ਪ੍ਰਕਾਸ਼' ਅਤੇ ਕਨ੍ਹਈਆ ਲਾਲ ਰਚਿਤ 'ਹਿਸਟਰੀ ਆਫ ਪੰਜਾਬ' ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਦੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗੰਗਾ ਰਾਮ ਨਾਮੀਂ ਇਕ ਪੁਰਾਣੇ ਨੌਕਰ ਨੇ ਧੋਖਾ ਦਿੱਤਾ ਸੀ। ਪੀ. ਪੀ. ਮਿਲਕਮ (P. P. Malcolm) ਧੋਖੇ ਦਾ ਕੋਈ ਜ਼ਿਕਰ ਨਾ ਕਰਦਾ ਹੋਇਆ ਇਤਨਾ ਹੀ ਲਿਖਦਾ ਹੈ, "ਗੁਰੂ ਸਾਹਿਬ ਦੇ ਗੜ੍ਹੀ ਵਿਚੋਂ ਭੱਜ ਨਿਕਲਣ ਦੇ ਤੁਰੰਤ ਬਾਦ ਉਨ੍ਹਾਂ ਦੇ ਵੈਰੀ ਗੜ੍ਹੀ ਵਿਚ ਦਾਖਲ ਹੋਏ। ਉਨ੍ਹਾਂ ਨੇ ਬਹੁਤ ਸਾਰੇ ਬੰਦੀ ਬਣਾ ਲਏ ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਮਾਤਾ ਜੀ ਅਤੇ ਦੋ ਸਾਹਿਬਜ਼ਾਦੇ ਵੀ ਸਨ ਜਿਨ੍ਹਾਂ ਨੂੰ ਸਰਹਿੰਦ ਦੇ ਸੂਬੇ (ਵਜ਼ੀਰ ਖਾਨ) ਦੇ ਸਪੁਰਦ ਕਰ ਦਿੱਤਾ ਗਿਆ ਜਿਸ ਦੇ ਹੁਕਮ ਨਾਲ ਉਨ੍ਹਾਂ ਨੂੰ ਮਨੁਖਤਾਹੀਨ ਜ਼ਾਲਮ ਤਰੀਕੇ ਨਾਲ ਸ਼ਹੀਦ ਕੀਤਾ ਗਿਆ। ਮੈਲਕਮ ਦਾ 'ਸਕੈਚ' (ਪੰਨਾ 40)। ਇਸ ਪੰਨੇ ਤੇ ਦਿੱਤਾ ਫੁਟਨੋਟ ਬਹੁਤ ਅਹਿਮ ਹੈ। ਇਹ ਦਸਦਾ ਹੈ ਕਿ "ਮੁਸਲਮਾਨ ਲਿਖਾਰੀ ਜ਼ੁਲਮ ਦੇ ਇਸ ਗ਼ੈਰ ਜ਼ਰੂਰੀ ਅਤੇ ਰਾਜਸੀ ਤੌਰ ਤੇ ਬੇਲੋੜੇ ਅਮਲ ਲਈ ਵਜ਼ੀਰ ਖਾਂ ਨੂੰ ਦੋਸ਼ੀ ਠਹਿਰਾਉਂਦੇ ਹਨ।"

ਹਿਲਾ ਦਿੱਤੀਆਂ ਗਈਆਂ ਹੋਣ[1]। ਅਖੀਰ 1716 ਵਿਚ ਉਸ ਨੂੰ ਹਾਰ ਹੋ ਗਈ ਅਤੇ ਉਸ ਨੂੰ ਉਸ ਦੇ 740 ਸਾਥੀਆਂ ਸਮੇਤ ਲੋਹੇ ਦੇ ਇਕ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ ਜਿਸ ਦੇ ਅੱਗੇ ਅੱਗੇ ਨੇਜ਼ਿਆਂ ਤੇ ਟੰਗੇ ਸਿੱਖਾਂ ਦੇ ਸਿਰਾਂ ਦਾ ਇਕ ਜਲੂਸ ਸੀ[2]। "ਹਰ ਰੋਜ਼ ਸੌ ਸਿੱਖ ਸ਼ਹੀਦ ਕੀਤੇ ਜਾਂਦੇ ਸਨ ਜੋ ਇਕ ਦੂਜੇ ਤੋਂ ਪਹਿਲਾ ਸ਼ਹੀਦੀ ਪ੍ਰਾਪਤ ਕਰਨ ਲਈ ਆਪਸ ਵਿਚ ਝਗੜਦੇ ਹੁੰਦੇ ਸਨ। ਅੱਠਵੇਂ ਦਿਨ ਬੰਦਾ ਬਹਾਦਰ ਨੂੰ ਕਾਜ਼ੀਆਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੂੰ ਆਪਣੇ ਪੁੱਤਰ ਨੂੰ ਮਾਰ ਸੁੱਟਣ ਦਾ ਹੁਕਮ ਦਿੱਤਾ ਗਿਆ ਜੋ ਉਸ ਨੇ ਚੁਪ ਚਾਪ ਸ਼ਾਂਤ ਰਹਿ ਕੇ ਕੀਤਾ"। ਸ਼ਾਇਦ ਉਸ ਨੇ ਸੋਚਿਆ ਕਿ ਆਪਣੇ ਪੁੱਤਰ ਨੂੰ ਮੁਗਲ ਕੱਟੜ-ਵਾਦੀਆਂ ਦੇ ਹੱਥਾਂ ਵਿਚ ਛੱਡਣ ਦੀ ਬਜਾਏ ਮਾਰ ਦੇਣਾ ਚੰਗਾ ਹੋਵੇਗਾ ਕਿਉਂਕਿ ਜੇ ਉਨ੍ਹਾਂ ਨੇ ਉਸ ਦੀ ਜਾਨ-ਬਖਸ਼ੀ ਕਰ ਵੀ ਦਿੱਤੀ ਤਾਂ ਉਸ ਨੂੰ ਧਰਮ ਤੋਂ ਪਤਿਤ ਕਰ ਦੇਣਗੇ।

"ਉਸ ਦਾ ਆਪਣਾ ਮਾਸ ਲਾਲ ਭਖਦੇ ਚਿਮਟਿਆਂ ਨਾਲ ਨੋਚਿਆ ਗਿਆ ਅਤੇ ਇਹ ਅਤਿਆਚਾਰ ਸਹਿੰਦੇ ਸਹਿੰਦੇ ਉਸ ਨੇ ਪ੍ਰਾਣ ਤਿਆਗ ਦਿੱਤੇ[3]।"

ਗ਼ੈਰ-ਕਾਨੂੰਨੀ ਕਰਾਰ ਦੇਣਾ

ਬੰਦੇ ਦੀ ਹਾਰ ਤੋਂ ਪਿੱਛੋਂ, ਸਿੱਖ ਸੱਤਾ ਲਗਭਗ ਖਿੰਡ-ਪੁੰਡ ਗਈ ਅਤੇ ਇਉਂ ਪ੍ਰਤੀਤ ਹੋਣ ਲੱਗਾ ਜਿਵੇਂ ਕਿ ਸਿੱਖਾਂ ਦੀ ਨਸਲ ਹੀ ਮੁਕ ਜਾਵੇਗੀ। 1714 ਈ. ਤਕ ਫਰੁੱਖਸੀਯਰ ਦਿੱਲੀ ਦੇ ਤਖ਼ਤ ਤੇ ਬੈਠ ਚੁੱਕਾ ਸੀ। ਉਹ ਇਕ ਸ਼ਕਤੀਸ਼ਾਲੀ ਹੁਕਮਰਾਨ ਸੀ ਅਤੇ ਉਸ ਨੇ ਦਰਬਾਰ ਵਿਚ ਆਪਣੇ ਵੈਰੀਆਂ ਅਤੇ ਵਿਰੋਧੀ ਗੁੱਟਾਂ ਦਾ ਖ਼ਾਤਮਾ ਕਰ ਕੇ ਪੰਜਾਬ ਦੇ ਹਾਲਾਤ ਠੀਕ ਕਰਨ ਦਾ ਬੀੜਾ ਚੁੱਕ ਲਿਆ। ਭਾਵੇਂ ਬੰਦਾ ਬਹਾਦਰ ਹਾਰ ਚੁੱਕਾ ਸੀ ਤਾਂ ਵੀ ਉਹ ਸਿੱਖ ਸੁਭਾ ਦੀ ਉਸ ਲਚਕ ਅਤੇ ਤਿਆਰ-ਬਰ-ਤਿਆਰ ਰਹਿਣ ਦੀ ਰੁਚੀ ਤੋਂ ਵਾਕਫ ਸੀ ਜਿਸ ਕਰਕੇ ਗੋਬਿੰਦ ਦੇ ਪੈਰੋਕਾਰ ਨੇਤਾ ਮਿਲਦਿਆਂ ਹੀ ਮੁੜ ਇਕੱਠੇ ਹੋ ਜਾਇਆ ਕਰਦੇ ਸਨ। ਇਸ ਲਈ ਉਸ ਨੇ ਇਕ ਫਰਮਾਨ ਜਾਰੀ ਕੀਤਾ ਜਿਸ ਵਿਚ ਸਾਰੇ ਸਿੱਖਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਇਸ ਵਿਚ ਹੁਕਮ ਦਿੱਤਾ ਗਿਆ ਕਿ :

---

1. ਕਿਹਾ ਜਾਂਦਾ ਹੈ ਕਿ ਬੰਦੇ ਦੀਆਂ ਸਫਲਤਾਵਾਂ ਵੇਖ ਕੇ ਬਹਾਦਰ ਸ਼ਾਹ ਆਪਣੀ ਰਾਜਧਾਨੀ ਦਿੱਲੀ ਤੋਂ ਲਾਹੌਰ ਬਦਲਣ ਲਈ ਗੰਭੀਰਤਾ ਨਾਲ ਸੋਚਣ ਲੱਗ ਪਿਆ ਸੀ।
2. ਖ਼ਾਫ਼ੀ ਖਾਂ
3. ਕਨਿੰਘਮ ਰਚਿਤ 'ਹਿਸਟਰੀ ਆਫ਼ ਦਿ ਸਿਖਸ'। ਨਾਲੇ ਵੇਖੋ ਬਰਤਾਨਵੀ ਦੂਤ ਦਾ ਦਿੱਲੀ ਤੋਂ ਭੇਜਿਆ 10 ਮਾਰਚ, 1716 ਦਾ ਖ਼ਤ ਅਤੇ ਵ੍ਹੀਲਰ ਰਚਿਤ 'ਅਰਲੀ ਰਿਕਾਰਡਜ਼ ਆਫ਼ ਬ੍ਰਿਟਿਸ਼ ਇੰਡੀਆ' ਪੰਨਾ 180

1. ਪੰਜਾਬ ਦਾ ਕੋਈ ਹਿੰਦੂ ਲੰਮੇ ਕੇਸ ਜਾਂ ਦਾੜ੍ਹੀ ਨਹੀਂ ਰੱਖ ਸਕਦਾ। ਕੇਸ ਜਾਂ ਦਾੜ੍ਹੀ ਕਟਵਾਉਣ ਤੋਂ ਇਨਕਾਰੀ ਹਿੰਦੂ ਨੂੰ ਤੁਰੰਤ ਜਾਨੋਂ ਮਾਰਿਆ ਜਾ ਸਕਦਾ ਸੀ।[1]
2. ਸਿੱਖਾਂ ਦੇ ਖਾਤਮੇ ਲਈ ਮਿਲਵਰਤਣ ਦੇਣ ਵਾਲਿਆਂ ਵਾਸਤੇ ਵੱਖ ਵੱਖ ਪ੍ਰਕਾਰ ਦੇ ਇਨਾਮ ਮੁਕੱਰਰ ਕੀਤੇ ਗਏ। ਕਿਸੇ ਸਿੱਖ ਨੂੰ ਗ੍ਰਿਫਤਾਰ ਕਰਵਾਉਣ ਵਿਚ ਸਹਾਇਕ ਸੂਚਨਾ ਦੇਣ ਵਾਲੇ ਨੂੰ 5 ਰੁਪਏ, ਗ੍ਰਿਫਤਾਰੀ ਵਿਚ ਮਦਦ ਕਰਨ ਵਾਲੇ ਨੂੰ ਦਸ ਰੁਪਏ, ਥਾਣੇ ਵਿਚ ਲਿਆਉਣ ਵਾਲੇ ਨੂੰ 15 ਰੁਪਏ ਅਤੇ ਕਿਸੇ ਸਿੱਖ ਦਾ ਸਿਰ ਕੱਟ ਕੇ ਲਿਆਉਣ ਵਾਲੇ ਨੂੰ 25 ਰੁਪਏ ਇਨਾਮ ਵਜੋਂ ਮੁਕੱਰਰ ਕੀਤੇ ਗਏ। ਇਸ ਤੋਂ ਵੱਧ ਸੇਵਾ ਕਰਨ ਵਾਲਿਆਂ ਨੂੰ ਜਾਗੀਰਾਂ ਬਖਸ਼ੀਆਂ ਜਾਂਦੀਆਂ ਸਨ।
3. ਕਿਸੇ ਸਿੱਖ ਦੀ ਸੇਵਾ ਕਰਨ, ਉਸ ਨੂੰ ਆਸਰਾ ਦੇਣ ਜਾਂ ਕਿਸੇ ਵੀ ਤਰ੍ਹਾਂ ਉਸ ਦੀ ਮਦਦ ਕਰਨ ਨੂੰ ਜੁਰਮ ਕਰਾਰ ਦੇ ਦਿੱਤਾ ਗਿਆ।[2]

ਅੰਮ੍ਰਿਤਸਰ ਵਿਖੇ ਸਿੱਖਾਂ ਦੇ ਗੁਰਦੁਆਰੇ ਨੂੰ ਪਲੀਤ ਕਰ ਦਿੱਤਾ ਗਿਆ ਅਤੇ ਇਸ ਦੀ ਪਵਿੱਤਰ ਹਦੂਦ ਵਿਚ ਲਾਹੌਰ ਦਾ ਇਕ ਮੁਸਲਮਾਨ ਤੁਅਲੱਕਦਾਰ[3] ਆਪਣੇ ਨਾਚ-ਗਾਣੇ ਦੀਆਂ ਮਹਿਫਲਾਂ ਗਰਮ ਕਰਨ ਲੱਗ ਪਿਆ। ਇਸ ਤੋਂ ਇਲਾਵਾ ਸਿੱਖਾਂ ਨੂੰ ਦੇਖਣ ਸਾਰ ਹੀ ਮਾਰ ਮੁਕਾਉਣ ਲਈ ਕਈ ਹਜ਼ਾਰ ਦਾ ਇਕ ਗਸ਼ਤੀ ਫੌਜੀ ਦਸਤਾ ਵੀ ਮੁਕੱਰਰ ਕੀਤਾ ਗਿਆ।[4] ਇਨ੍ਹਾਂ ਉਪਾਵਾਂ ਦੇ ਸਿੱਟੇ ਵਜੋਂ ਘੱਟ ਜੋਸ਼ੀਲੇ ਸਿੱਖ ਆਪਣੀਆਂ ਦਾੜ੍ਹੀਆਂ ਰੱਖਣੋਂ ਹਟ ਕੇ ਆਮ ਹਿੰਦੂਆਂ ਦੀ ਤਰ੍ਹਾਂ ਰਹਿਣ ਲੱਗ ਪਏ।

ਵਧੇਰੇ ਪੱਕੇ ਸਿੱਖ, ਜੰਗਲਾਂ ਜਾਂ ਪਹਾੜਾਂ ਵਿਚ ਜਾ ਲੁਕੇ ਤੇ ਜਾਂ ਫਿਰ ਆਪਣੇ ਵਤਨ ਨੂੰ ਅਲਵਿਦਾ ਕਹਿ ਕੇ ਬੀਕਾਨੇਰ ਅਤੇ ਰਾਜਪੂਤਾਨੇ ਦੇ ਮਾਰੂਥਲਾਂ ਵਿਚ ਜਾ ਛੁਪੇ, ਜਿਥੇ ਉਨ੍ਹਾਂ ਵਿਚੋਂ ਕੁਝ ਨੇ ਸਥਾਨਕ ਹਿੰਦੂ ਰਾਜਿਆਂ ਦੀ ਨੌਕਰੀ ਕਰ ਲਈ। ਗੁਰੂ ਗੋਬਿੰਦ ਦੇ ਸਿੱਖਾਂ ਲਈ ਇਹ ਸਭ ਤੋਂ ਔਖਾ ਅਤੇ ਭਿਆਨਕ ਸਮਾਂ ਸੀ। ਆਪਣੇ ਘਰ-ਬਾਰ ਤੋਂ ਨਿਕਲੇ ਇਹ ਨਿਆਸਰੇ ਅਤੇ ਭੁੱਖੇ ਭਾਣੇ ਇਧਰ ਉਧਰ ਭੌਣ ਲੱਗੇ। ਉਨ੍ਹਾਂ ਦੀਆਂ ਪਤਨੀਆਂ

---

1. ਮੈਲਕਮ: 'ਏ ਸਕੈਚ ਆਫ ਦਿ ਸਿਖਸ' ਪੰਨਾ 53। ਫਾਸਟਰ ਰਚਿਤ 'ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ' ਪੰਨਾ 265 ਵੀ ਦੇਖੋ।
2. 'ਪੰਥ ਪ੍ਰਕਾਸ਼'। ਮੈਲਕਮ ਰਚਿਤ "ਸਕੈਚ ਆਫ ਦਿ ਸਿਖਸ"(ਪੰਨਾ 53) ਵੀ ਦੇਖੋ।
3. ਮੱਸਾ ਰੰਘੜ ਜਿਸ ਨੂੰ ਮੀਰਾਂ ਕੋਟ ਦੇ ਸਰਦਾਰ ਮਹਿਤਾਬ ਸਿੰਘ ਅਤੇ ਮਾੜੀ ਕੰਬੋ ਦੇ ਵਸਨੀਕ ਤਰਖਾਣ ਸਰਦਾਰ ਸੁੱਖਾ ਸਿੰਘ ਨੇ 1740 ਈਸਵੀ ਵਿਚ ਕਤਲ ਕੀਤਾ।
4. ਇਸ ਦਸਤੇ ਦੀ ਗਿਣਤੀ ਕਈ ਵਾਰ ਦਸ ਹਜ਼ਾਰ ਤਕ ਪਹੁੰਚ ਜਾਇਆ ਕਰਦੀ ਸੀ। ਇਹ ਦਸਤਾ ਮੁਹੰਮਦ ਸ਼ਾਹ ਦੇ ਸਮੇਂ ਵਿਚ ਜ਼ਕਰੀਆ ਖਾਂ ਨੇ ਬਣਾਇਆ ਸੀ ਜੋ ਕਿ ਨਵਾਂ ਨਵਾਂ ਸੂਬੇਦਾਰ ਬਣਿਆ ਸੀ। ('ਗੁਰੂ ਪ੍ਰੰਥ ਪ੍ਰਕਾਸ਼')।

ਅਤੇ ਬੱਚਿਆਂ ਨੂੰ ਫੜ ਕੇ ਤਸੀਹੇ ਦੇ ਦੇ ਕੇ ਮਾਰ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਕੋਈ ਮਾਂ ਕਿਹੋ ਜੇਹਾ ਉੱਤਰ ਦਿੰਦੀ ਸੀ ਜਦੋਂ ਉਸ ਨੂੰ ਉਸ ਦੇ ਬੱਚਿਆਂ ਬਾਬਤ ਪੁਛਿਆ ਜਾਂਦਾ ਸੀ, ਇਸ ਬਾਰੇ ਪੰਜਾਬ ਵਿਚ ਹੁਣ ਤਕ ਵੀ ਇਕ ਪਰੰਪਰਾ ਚਲੀ ਆਉਂਦੀ ਹੈ। ਮਾਂ ਕਿਹਾ ਕਰਦੀ ਸੀ, "ਮੇਰੇ ਚਾਰ ਪੁੱਤਰ ਸਨ, ਪਰ ਇਕ ਸਿੱਖ ਬਣ ਗਿਆ ਹੈ।" ਸਿੱਖ ਬਣਨਾ ਅਵੱਸ਼ ਹੀ ਮੌਤ ਵਿਹਾਝਣਾ ਸੀ। ਸ਼ਾਹੀ ਫੌਜਾਂ ਨਾਲ ਟੱਕਰ ਦੇ ਪਿਛਲੇ ਦੋ ਤਿੰਨ ਵਰ੍ਹਿਆਂ ਵਿਚ ਪੰਥ ਦੇ ਬਹੁਤ ਸਾਰੇ ਅਨੁਯਾਈ ਮਾਰੇ ਗਏ ਹੋਣਗੇ, ਕਿਉਂਕਿ ਕ੍ਰੋਧੀ ਮੁਸਲਮਾਨ ਉਨ੍ਹਾਂ ਨੂੰ ਜੀਉਂਦਿਆਂ ਨਹੀਂ ਛਡਦੇ ਸਨ[1]।

---

1. ਮਿਲਕਮ : 'ਏ ਸਕੈਚ ਆਫ ਦਿ ਸਿਖਸ' (ਪੰਨਾ 53)।

ਅਧਿਆਇ ੬

ਕੁਝ ਪ੍ਰਸਿੱਧ ਸ਼ਹੀਦੀਆਂ

ਇਸ ਹਨੇਰਗਰਦੀ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋਏ ਹੋਣਗੇ। ਪਰੰਤੂ ਦੋ ਤਿੰਨ ਸ਼ਹੀਦੀਆਂ ਦਾ ਖਾਸ ਜ਼ਿਕਰ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਸ਼ਹੀਦੀਆਂ ਵਿਸ਼ੇਸ਼ ਅਤੇ ਉੱਚੀ ਪਦਵੀ ਰਖਦੀਆਂ ਹਨ। ਇਹ ਸ਼ਹੀਦ ਪਵਿਤਰ ਆਤਮਾਵਾਂ ਸਨ ਜਿਸ ਕਰਕੇ ਲੋਕਾਂ ਦਾ ਹਰਖ ਜਾਗ ਪਿਆ।

ਭਾਈ ਮਨੀ ਸਿੰਘ ਦੀ ਸ਼ਹੀਦੀ

ਇਨ੍ਹਾਂ ਸ਼ਹੀਦਾਂ ਵਿਚ ਸਭ ਤੋਂ ਪਹਿਲੇ ਭਾਈ ਮਨੀ ਸਿੰਘ ਹਨ। ਉਹ ਬੜੇ ਪੁਰਾਣੇ ਸਿੱਖ ਸਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਰਹਿਣ ਦਾ ਅਵਸਰ ਮਿਲਿਆ ਸੀ। ਗੁਰੂ ਸਾਹਿਬ ਦੀ ਸੁਪਤਨੀ ਨੇ ਉਨ੍ਹਾਂ ਨੂੰ ਬੰਦੇ ਦੇ ਅਨੁਯਾਈਆਂ ਭੋ ਤੱਤ ਖਾਲਸਾ ਜਾਂ ਗੁਰੂ ਗੋਬਿੰਦ ਦੇ ਆਦਿ ਅਤੇ ਪੂਰਨ ਸਿੱਖਾਂ ਵਿਚਕਾਰ ਚਲ ਰਿਹਾ ਝਗੜਾ ਨਿਬੇੜਨ ਲਈ ਅੰਮ੍ਰਿਤਸਰ ਭੇਜਿਆ ਸੀ। ਉਹ ਵਿਦਵਾਨ ਸਨ ਅਤੇ ਸੰਗਾਊ ਤੇ ਸ਼ਾਂਤਮਈ ਸੁਭਾ ਦੇ ਹੋਣ ਕਰਕੇ ਅੰਮ੍ਰਿਤਸਰ ਵਿਚ ਰਹਿਣ ਲੱਗ ਪਏ ਸਨ। ਜਦੋਂ ਹਰ ਪਾਸੇ ਜ਼ੁਲਮਾਂ ਦੀ ਹਨੇਰੀ ਝੁੱਲ ਰਹੀ ਸੀ, ਉਹ ਅੰਮ੍ਰਿਤਸਰ ਵਿਚ ਇਕ ਧਾਰਮਿਕ ਹਿੰਦੂ ਦੇ ਤੌਰ ਤੇ ਆਪਣੇ ਦਿਨ ਬਤੀਤ ਕਰ ਰਹੇ ਸਨ, ਜਿਸ ਉਤੇ ਬਾਗੀ ਸਿੱਖਾਂ ਦਾ ਸਾਥੀ ਹੋਣ ਦਾ ਨ ਤਾਂ ਕਿਸੇ ਨੂੰ ਸ਼ਕ ਸੀ ਅਤੇ ਨ ਹੀ ਕਿਸੇ ਨੇ ਅਜੇਹੀ ਮੁਖਬਰੀ ਕੀਤੀ ਸੀ। ਉਹ ਗੁਰਦੁਆਰੇ ਦੀ ਸੇਵਾ ਕਰਦੇ ਸਨ। ਇਸ ਦੇ ਪਲੀਤ [1] ਕਰਨ ਤੋਂ ਦੋ ਵਰ੍ਹੇ ਪਹਿਲਾਂ 1738 ਈ. ਵਿਚ ਭਾਈ ਮਨੀ ਸਿੰਘ ਜਿਨ੍ਹਾਂ ਦੀ ਅੰਮ੍ਰਿਤਸਰ ਦਾ ਹਾਕਮ ਕਾਫੀ ਇੱਜ਼ਤ ਕਰਦਾ ਸੀ, ਨੇ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਮੇਲਾ ਮਨਾਉਣ ਦੀ ਇਜਾਜ਼ਤ ਮੰਗੀ ਸੀ। ਮਾਮਲਾ, ਗੰਭੀਰ ਹੋਣ ਕਾਰਣ, ਲਾਹੌਰ ਦੇ ਸੂਬੇਦਾਰ ਕੋਲ ਭੇਜ ਦਿੱਤਾ ਗਿਆ ਸੀ। ਆਖੀਰ ਇਸ ਸ਼ਰਤ ਤੇ ਇਜਾਜ਼ਤ ਦੇ ਦਿੱਤੀ ਗਈ ਕਿ ਭਾਈ ਮਨੀ ਸਿੰਘ ਮੇਲੇ ਤੋਂ ਪਿੱਛੋਂ ਸਰਕਾਰੀ ਖ਼ਜ਼ਾਨੇ ਵਿਚ 5000 ਰੁਪਏ ਦੀ ਰਕਮ ਜਮ੍ਹਾਂ

---

1. ਮਸੇ ਰੰਘੜ ਦੁਆਰਾ ਜਿਸ ਨੇ ਗੁਰਦੁਆਰੇ ਨੂੰ ਆਪਣਾ ਦੀਵਾਨਖਾਨਾ ਬਣਾ ਕੇ ਇਸ ਨੂੰ ਤਮਾਖੂ ਪੀ ਕੇ, ਥੁੱਕ ਕੇ ਅਤੇ ਨਾਚੀਆਂ ਨੂੰ ਨਚਾ ਕੇ ਪਲੀਤ ਕੀਤਾ।

ਕਰਵਾਉਣਗੇ ।[1] ਭਾਈ ਮਨੀ ਸਿੰਘ ਨੇ ਸਾਰੇ ਖਾਲਸਿਆਂ ਨੂੰ ਸੱਦਾ ਭੇਜ ਦਿੱਤਾ ਅਤੇ ਸਿੱਖ ਵਹੀਰਾਂ ਪਾ ਕੇ ਅੰਮ੍ਰਿਤਸਰ ਵਲ ਤੁਰ ਪਏ । ਔਪਰ ਲਾਹੌਰ ਦੇ ਸੂਬੇਦਾਰ ਨੇ ਮੇਲੇ ਦੇ ਦੌਰਾਨ ਅਮਨ ਕਾਇਮ ਰੱਖਣ ਦਾ ਬਹਾਨਾ ਲਾ ਕੇ ਫੌਜ ਦਾ ਇਕ ਦਸਤਾ ਅੰਮ੍ਰਿਤਸਰ ਭੇਜ ਦਿੱਤਾ । ਹਾਕਮਾਂ ਦੀ ਇਸ ਸ਼ੱਕੀ ਹਰਕਤ ਨੇ ਸਿਖਾਂ ਨੂੰ ਡਰਾ ਦਿੱਤਾ ਅਤੇ ਉਹ ਵਾਪਸ ਪਰਤ ਗਏ ਜਿਸ ਕਰਕੇ ਮੇਲਾ ਨ ਲੱਗ ਸਕਿਆ ਅਤੇ 5000 ਦੀ ਰਕਮ ਜਿਹੜੀ ਭਾਈ ਮਨੀ ਸਿੰਘ ਗੁਰਦੁਆਰੇ ਵਿਚ ਸਿੱਖਾਂ ਦੁਆਰਾ ਚੜ੍ਹਾਈਆਂ ਭੇਟਾਵਾਂ ਵਿਚੋਂ ਅਦਾ ਕਰਨ ਦੀ ਆਸ ਰਖਦੇ ਸਨ, ਅਦਾ ਨ ਹੋ ਸਕੀ । ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਭੇਜ ਦਿੱਤਾ ਗਿਆ । ਉਨ੍ਹਾਂ ਨੂੰ ਰਕਮ ਅਦਾ ਕਰਨ ਜਾਂ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ । ਪਰ ਉਨ੍ਹਾਂ ਨੇ ਅਖੀਰਲਾ ਸੁਝਾ ਘ੍ਰਿਣਾ ਨਾਲ ਠੁਕਰਾ ਦਿੱਤਾ । ਭਾਈ ਮਨੀ ਸਿੰਘ ਦੇ ਪ੍ਰਸ਼ੰਸਕਾਂ ਨੇ 5000 ਰੁਪਏ ਇਕੱਠੇ ਕਰ ਦਿੱਤੇ ਪਰ ਹੁਣ ਸਮਾਂ ਲੰਘ ਚੁਕਿਆ ਸੀ । ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਸੀ ਅਤੇ ਸਿੱਟੇ ਵਜੋਂ ਉਨ੍ਹਾਂ ਨੂੰ ਬੰਦ ਬੰਦ ਕਟ ਕੇ ਸ਼ਹੀਦ ਕਰ ਦਿੱਤਾ ਗਿਆ ।[2]

ਭਾਈ ਤਾਰੂ ਸਿੰਘ ਦੀ ਸ਼ਹੀਦੀ
(1750 ਈ.)

ਮੁਸਲਮਾਨਾਂ ਦੀ ਧਾਰਮਿਕ ਕੱਟੜਤਾ ਦਾ ਅਗਲਾ ਸ਼ਿਕਾਰ ਵਰਣਨਯੋਗ ਸ਼ਹੀਦ ਭਾਈ ਤਾਰੂ ਸਿੰਘ ਬਣੇ । ਉਹ ਜਾਤ ਦੇ ਜੱਟ ਸਨ ਅਤੇ ਮਾਝੇ ਦੇ ਪਿੰਡ ਪੂਲਾ ਦੇ ਵਸਨੀਕ ਸਨ । ਉਹ ਪੰਝੀ ਕੁ ਵਰ੍ਹਿਆਂ ਦੇ ਇਕ ਗਭਰੂ ਸਨ ਜਿਹੜੇ ਆਪਣੇ ਪਿਉ ਦੀ ਥੋੜ੍ਹੀ ਜੇਹੀ ਭੋਂ ਦੀ ਵਹਾਈ ਨਾਲ ਆਪਣੀ ਭੈਣ ਅਤੇ ਵਿਧਵਾ ਮਾਂ ਦਾ ਨਿਰਬਾਹ ਕਰਦੇ ਸਨ । ਉਹ ਬਹੁਤ ਵੱਡੇ ਧਰਮਾਤਮਾ ਸਨ ਅਤੇ ਖਾਲਸੇ ਦੇ ਅਨਿਨ ਸ਼ਰਧਾਲੂ । ਉਹ ਹਲ ਵਾਹੁੰਦੇ ਅਥਵਾ ਪਾਣੀ

---

1. ਸੰਭਵ ਹੈ ਕਿ ਮਨੀ ਸਿੰਘ ਦਾ ਉਦੇਸ਼ ਸਿੱਖਾਂ ਅਤੇ ਸਰਕਾਰ ਵਿਚਕਾਰ ਸ਼ਾਂਤਮਈ ਸੰਬੰਧ ਸਥਾਪਿਤ ਕਰਵਾਉਣਾ ਹੋਵੇ ਅਤੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਉਨ੍ਹਾਂ ਦੀ ਭਵਿੱਖੀ ਨੀਤੀ ਨਿਰਧਾਰਿਤ ਕਰਨ ਦਾ ਮੌਕਾ ਜੁਟਾਉਣਾ ਹੋਵੇ । ਸੂਬੇਦਾਰ ਦੇ ਇਜਾਜ਼ਤ ਦੇਣ ਦਾ ਮੰਤਵ ਸਿੱਖਾਂ ਨੂੰ ਇਕ ਥਾਂ ਇਕੱਠੇ ਕਰ ਕੇ ਉਨ੍ਹਾਂ ਉਤੇ ਅਚੇਤ ਭਾਂਤ ਕਰਾਰੀ ਸੱਟ ਮਾਰਨਾ ਜਾਪਦਾ ਹੈ ਜਿਵੇਂ ਕਿ ਪਿਛੋਂ ਹੋਈਆਂ ਘਟਨਾਵਾਂ ਤੋਂ ਸਾਬਤ ਹੁੰਦਾ ਹੈ ।

2. 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਭਾਈ ਮਨੀ ਸਿੰਘ ਨੇ ਵਿਭਿੰਨ ਲੇਖਕਾਂ ਦੀਆਂ ਰਚਨਾਵਾਂ ਅਲਗ ਅਲਗ ਕਰ ਕੇ 'ਆਦਿ ਗ੍ਰੰਥ' ਦਾ ਕ੍ਰਮ ਬਦਲ ਦਿੱਤਾ ਸੀ । ਸਿੱਖਾਂ ਨੇ ਜਿਹੜੇ ਕਿ 'ਆਦਿ ਗ੍ਰੰਥ' ਨੂੰ ਦੇਹਧਾਰੀ ਖਿਆਲ ਕਰਦੇ ਸਨ, ਭਾਈ ਮਨੀ ਸਿੰਘ ਦੇ ਕਰਮ ਨੂੰ ਆਪਣੇ ਗੁਰੂ ਦੇ ਅੰਗ ਕੱਟਣ ਦੇ ਤੁੱਲ ਸਮਝਿਆ ਅਤੇ ਐਲਾਨ ਕਰ ਦਿੱਤਾ ਕਿ ਉਸ ਦਾ ਆਪਣਾ ਸਰੀਰ ਵੀ ਇਸੇ ਤਰ੍ਹਾਂ ਟੋਟੇ ਟੋਟੇ ਕੀਤਾ ਜਾਵੇਗਾ ਜਿਵੇਂ ਕਿ ਉਨ੍ਹਾਂ ਨੇ ਪਵਿੱਤਰ ਗ੍ਰੰਥ ਨਾਲ ਕੀਤਾ ਹੈ । ਔਪਰ ਇਹ ਕਹਿਣ ਦੀ ਕੋਈ ਲੋੜ ਨਹੀਂ ਕਿ ਸਰਾਪ ਕਾਰਣ ਸਜ਼ਾ ਹੋਈ ਜਾਂ ਸਜ਼ਾ ਕਾਰਣ ਸਰਾਪ ਦੀ ਕਾਢ ਨਿਕਲੀ ।

ਲਾਉਂਦੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਚਾਰਦੇ ਸੁਣਾਈ ਦਿੰਦੇ। ਉਨ੍ਹਾਂ ਦੀ ਮਾਤਾ ਅਤੇ ਭੈਣ ਵੀ ਨੇਕੀ ਅਤੇ ਧਰਮ ਦੀਆਂ ਪੁੰਜ ਸਨ ਅਤੇ ਗੁਆਂਢੀਆਂ ਦਾ ਆਟਾ ਪੀਹ ਕੇ ਗੁਜ਼ਾਰਾ ਕਰਦੀਆਂ ਸਨ। ਇਹ ਪਰਿਵਾਰ ਸਾਦਾ ਅਤੇ ਸਾਧੂ ਜੀਵਨ ਬਤੀਤ ਕਰਦਾ ਸੀ ਅਤੇ ਜੋ ਥੋੜ੍ਹਾ ਬਹੁਤ ਇਸ ਕੋਲ ਬਚਦਾ ਸੀ, ਆਪਣੇ ਉਨ੍ਹਾਂ ਭਰਾਵਾਂ ਨੂੰ ਭੇਜ ਦਿੰਦਾ ਸੀ ਜਿਨ੍ਹਾਂ ਨੂੰ ਲਾਹੌਰ ਦੇ ਨਾਜ਼ਮ ਦੀ ਸਖ਼ਤੀ ਨੇ ਜੰਗਲਾਂ ਅਤੇ ਥਲਾਂ ਵਿਚ ਧੱਕ ਦਿੱਤਾ ਸੀ। ਪਰ ਇਹ ਗੱਲ ਰਾਜ-ਧ੍ਰੋਹ ਖਿਆਲ ਕੀਤੀ ਜਾਂਦੀ ਸੀ। ਸੋ ਬਹੁਤਾ ਸਮਾਂ ਨਹੀਂ ਸੀ ਗੁਜ਼ਰਿਆ ਕਿ ਜੰਡਿਆਲੇ ਦੇ ਇਕ ਵਸਨੀਕ ਹਰ ਭਗਤ ਨਿਰੰਜਨੀ ਨੇ ਉਨ੍ਹਾਂ ਨੂੰ ਧੋਖਾ ਦਿੱਤਾ।[1] ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਭੇਜ ਦਿੱਤਾ ਗਿਆ। ਰਾਹ ਵਿਚ ਕੁਝ ਸਿੱਖਾਂ ਨੇ ਉਨ੍ਹਾਂ ਨੂੰ ਛੁਡਾਉਣ ਦੀ ਪੇਸ਼ਕਸ਼ ਕੀਤੀ ਪਰੰਤੂ ਭਾਈ ਤਾਰੂ ਸਿੰਘ ਆਪਣੇ ਮਿੱਤਰਾਂ ਨੂੰ ਹਾਕਮਾਂ ਦੇ ਬਦਲੇ ਦਾ ਸ਼ਿਕਾਰ ਨਹੀਂ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਲਾਹੌਰ ਜਾਣਾ ਮੁਨਾਸਬ ਸਮਝਿਆ। ਉਨ੍ਹਾਂ ਨੂੰ ਚਰਖੜੀ ਤੇ ਚੜ੍ਹਾ ਦਿੱਤਾ ਗਿਆ ਅਤੇ ਜਦੋਂ ਉਨ੍ਹਾਂ ਦੇ ਬੰਦ ਟੁਟ ਗਏ ਅਤੇ ਉਹ ਅਧ-ਮੋਏ ਹੋ ਗਏ, ਤਾਂ ਉਨ੍ਹਾਂ ਸਾਮ੍ਹਣੇ ਇਸਲਾਮ ਕਬੂਲ ਕਰਨ ਦਾ ਸੁਝਾ ਰਖਦੇ ਹੋਇਆਂ ਉਨ੍ਹਾਂ ਨੂੰ ਪਦਾਰਥਕ ਉੱਨਤੀ ਦਾ ਲਾਲਚ ਦਿੱਤਾ ਗਿਆ। ਪਰੰਤੂ ਇਸ ਸਭ ਕੁਝ ਦਾ ਉਨ੍ਹਾਂ ਉਤੇ ਕੋਈ ਵੀ ਅਸਰ ਨ ਹੋਇਆ।"[2] ਜਦੋਂ ਉਨ੍ਹਾਂ ਨੂੰ ਆਪਣੇ ਕੇਸ ਕਤਲ ਕਰਨ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਸਿਰਫ ਇਤਨਾ ਹੀ ਕਿਹਾ, "ਕੇਸਾਂ ਅਤੇ ਖੋਪਰੀ ਦਾ ਪਰਸਪਰ ਸੰਬੰਧ ਹੈ, ਉਸੇ ਤਰ੍ਹਾਂ ਜਿਵੇਂ ਸੀਸ ਦਾ ਜੀਵਨ ਨਾਲ। ਮੈਂ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਵਾਰਨ ਲਈ ਤਿਆਰ ਹਾਂ।"[3] ਫੇਰ ਉਨ੍ਹਾਂ ਦੇ ਕੇਸ ਉਨ੍ਹਾਂ ਦੀ ਖੋਪਰੀ ਨਾਲੋਂ ਤੱਛੇ ਗਏ ਅਤੇ ਭਾਰੀ ਤਸੀਹੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸੇ ਸਮੇਂ ਦੇ ਨੇੜੇ-ਤੇੜੇ ਬਹੁਤ ਸਾਰੇ ਹੋਰ ਸਿੱਖ ਲਾਹੌਰ ਲਿਆਂਦੇ ਗਏ ਅਤੇ ਦਿੱਲੀ ਦਰਵਾਜ਼ੇ ਦੇ ਬਾਹਰ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੇ ਕਤਲ ਦਾ ਸਥਾਨ ਸ਼ਹੀਦ ਗੰਜ ਅਖਵਾਉਂਦਾ ਹੈ। ਇਸ ਥਾਂ ਤੇ ਇਸਲਾਮੀ ਰਾਜ ਸਮੇਂ ਅਨੇਕ ਵਾਰ ਸਿੱਖਾਂ ਨੂੰ ਕਤਲ ਕੀਤਾ ਗਿਆ ਜਿਵੇਂ ਕਿ ਇਸ ਪੁਸਤਕ ਵਿਚ ਹੋਰ ਕਈ ਥਾਵਾਂ ਤੇ ਜ਼ਿਕਰ ਆਉਂਦਾ ਹੈ।

---

1. ਇਹ ਜੰਡਿਆਲੇ ਦੇ ਮਹੰਤ ਅਕਿਲ ਦਾਸ ਦਾ ਚੇਲਾ ਪ੍ਰਤੀਤ ਹੁੰਦਾ ਹੈ ਜਿਸ ਨੇ ਅਹਿਮਦ ਸ਼ਾਹ ਅਬਦਾਲੀ ਦਾ ਪੱਖ ਪੂਰਿਆ ਸੀ ਅਤੇ ਜਿਸ ਨੂੰ ਬਾਅਦ ਵਿਚ ਸਿੱਖਾਂ ਨੇ ਖ਼ਤਮ ਕਰ ਦਿੱਤਾ ਸੀ।
2. ਇਬਰਤ ਨਾਮਾ—ਫ਼ਾਰਸੀ ਹੱਥ ਲਿਖਤ, ਇੰਡੀਆ ਆਫਿਸ, ਨੰ: 504 ਈਥ ਦੁਆਰਾ ਰਚਿਤ 'ਕੈਟੇਲੋਗ' (Ethe's Catalogue) ਪੰਨਾ 199।
3. ਕਨਿੰਘਮ : 'ਹਿਸਟਰੀ ਆਫ ਦਿ ਸਿਖਸ', ਪੰਨਾ 92

ਸ਼ਹੀਦ ਗੰਜ

ਇਹ ਸਥਾਨ ਕੋਈ ਇਕ ਸਦੀ ਤੋਂ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਝਗੜੇ ਦੀ ਜੜ ਰਿਹਾ ਹੈ। ਭਾਰਤ ਦੀ ਵੰਡ ਤੋਂ ਕੁਝ ਸਾਲ ਪਹਿਲਾਂ ਇਹ ਉਘੜ ਕੇ ਸਾਹਮਣੇ ਆਇਆ। ਇਸ ਸਥਾਨ ਦਾ ਇਤਿਹਾਸ ਇਸ ਪ੍ਰਕਾਰ ਹੈ :

1134 ਹਿਜਰੀ ਜਾਂ 1722 ਈ. ਵਿਚ ਫਲਕ ਬੇਗ ਖਾਂ ਨਾਮ ਦੇ ਇਕ ਵਿਅਕਤੀ ਨੇ ਇਕ ਮਸਜਿਦ ਸਮੇਤ ਇਸ ਦੀ ਜਾਇਦਾਦ ਇਸ ਦੇ ਨਾਂ ਲਾਈ ਅਤੇ ਸ਼ੇਖ ਦੀਨ ਮੁਹੰਮਦ ਅਤੇ ਉਸ ਦੇ ਵਾਰਸ ਇਸ ਦੇ ਮਤਵੱਲੀ ਮੁਕੱਰਰ ਕੀਤੇ ਗਏ। ਇਸ ਜਾਇਦਾਦ ਦਾ ਰਕਬਾ 3 ਕਨਾਲ 15 ਮਰਲੇ ਸੀ ਜਿਸ ਵਿਚ ਇਕ ਸਕੂਲ, ਇਕ ਖੂਹ ਅਤੇ ਇਕ ਬਗੀਚਾ ਸੀ।

1762 ਈ. ਵਿਚ ਜਦੋਂ ਭੰਗੀ ਸਰਦਾਰਾਂ ਨੇ ਲਾਹੌਰ ਤੇ ਕਬਜ਼ਾ ਕੀਤਾ ਤਾਂ ਇਹ ਇਮਾਰਤ ਵਿਹੜੇ, ਖੂਹ ਤੇ ਨਾਲ ਲਗਦੀ ਭੋਂ ਸਮੇਤ ਸਿੱਖਾਂ ਦੇ ਕਬਜ਼ੇ ਵਿਚ ਆ ਗਈ। ਉਦੋਂ ਤੋਂ ਇਹ ਸਿੱਖਾਂ ਦੇ ਕਬਜ਼ੇ ਵਿਚ ਚਲੀ ਆਉਂਦੀ ਹੈ। ਇਮਾਰਤ ਦੇ ਇਕ ਭਾਗ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਦੂਸਰੇ ਹਿੱਸੇ ਕਾਸ਼ਤਕਾਰਾਂ ਨੂੰ ਠੇਕੇ ਤੇ ਦੇ ਦਿੱਤੇ ਜਾਂਦੇ ਹਨ, ਜਾਂ ਤੂੜੀ ਜਮ੍ਹਾਂ ਕਰਨ ਅਥਵਾ ਕੂੜਾ ਸੁੱਟਣ ਲਈ ਵਰਤੇ ਜਾਂਦੇ ਹਨ।

'ਇਸ ਇਮਾਰਤ ਦੇ ਨਾਲ ਲਗਦੀ ਭੋਂ ਨੂੰ ਸਿੱਖ ਸ਼ਹੀਦੀ ਸਥਾਨ (ਸ਼ਹੀਦ ਗੰਜ) ਸਮਝਦੇ ਹਨ ਕਿਉਂਕਿ ਉਹ ਸਾਰੇ ਇਹ ਖਿਆਲ ਕਰਦੇ ਹਨ ਕਿ ਮੁਸਲਮਾਨ ਹਾਕਮਾਂ ਨੇ ਭਾਈ ਤਾਰੂ ਸਿੰਘ ਨੂੰ ਇਸੇ ਥਾਂ ਤੇ ਸ਼ਹੀਦ ਕੀਤਾ ਸੀ ਅਤੇ ਬਹੁਤ ਸਾਰੇ ਹੋਰ, ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸਨ, ਇਥੇ ਹੀ ਸ਼ਹੀਦ ਕੀਤੇ ਗਏ ਸਨ। ਹਾਈ ਕੋਰਟ ਨੇ ਫੈਸਲਾ ਕਰ ਦਿੱਤਾ ਸੀ (ਵੇਖੋ ਆਲ ਇੰਡੀਆ ਰਿਪੋਰਟ, ਲਾਹੌਰ 1938 ਪੰਨਾ 369 ਅਤੇ ਇਸ ਦਾ ਫੈਸਲਾ ਪਰੀਵੀ ਕੌਂਸਿਲ ਨੇ ਵੀ ਬਰਕਰਾਰ ਰਖਿਆ) ਕਿ "ਇਹ ਮਸਜਿਦ ਸਿੱਖਾਂ ਦੇ ਕਬਜ਼ੇ ਅਤੇ ਪ੍ਰਬੰਧ ਅਧੀਨ ਆ ਜਾਣ ਉਪਰੰਤ ਮੁਸਲਮਾਨਾਂ ਨੇ ਪ੍ਰਾਰਥਨਾ ਕਰਨ ਲਈ ਕਦੇ ਨਹੀਂ ਵਰਤੀ, ਜਿਸ ਕਰਕੇ ਮੁਸਲਮਾਨਾਂ ਦਾ ਇਸ ਉਤੋਂ ਹੱਕ ਬਿਲਕੁਲ ਖਤਮ ਕਰ ਦਿੱਤਾ ਗਿਆ ਹੈ।"

ਜਦੋਂ ਅੰਗ੍ਰੇਜ਼ਾਂ ਨੇ 1849 ਈ. ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਿਲ ਕੀਤਾ ਤਾਂ ਇਹ ਜਾਇਦਾਦ ਗੁਰਦੁਆਰੇ ਦੇ ਕੁਝ ਮਹੰਤਾਂ ਦੇ ਕਬਜ਼ੇ ਵਿਚ ਸੀ। 1850 ਈ. ਵਿਚ ਨੂਰ ਮੁਹੰਮਦ ਨਾਮੀ ਇਕ ਵਿਅਕਤੀ ਨੇ ਫੌਜਦਾਰੀ ਮੁਕਦਮਾ ਦਾਇਰ ਕਰ ਦਿੱਤਾ ਕਿ ਇਸ ਸਥਾਨ ਦਾ ਉਹ ਹੱਕੀ ਮਤਵੱਲੀ ਹੈ ਅਤੇ 1853 ਈ. ਵਿਚ ਮਾਲ-ਵਿਭਾਗ ਨੂੰ

ਵੀ ਲਿਖ ਦਿੱਤਾ ਪਰੰਤੂ ਸਾਰੀ ਕਾਰਵਾਈ ਦਾ ਕੋਈ ਸਿੱਟਾ ਨ ਨਿਕਲਿਆ ਕਿਉਂ ਕਿ ਉਹ ਬੜੇ ਚਿਰ ਤੋਂ ਕਬਜ਼ਾ ਛੱਡ ਚੁਕਿਆ ਹੋਇਆ ਸੀ।

ਫੇਰ ਦੀਵਾਨੀ ਦਾਵਾ ਕੀਤਾ ਗਿਆ। 1853 ਈ. ਵਿਚ ਇਹ ਵੀ ਖਾਰਜ ਹੋ ਗਿਆ। 25 ਜੂਨ 1855 ਵਿਚ ਉਸ ਨੇ ਇਕ ਹੋਰ ਦਾਵਾ ਕਰ ਦਿੱਤਾ, ਇਹ ਵੀ ਖਾਰਜ ਹੋ ਗਿਆ ਅਤੇ ਇਸ ਦੇ ਖਾਰਜ ਹੋਣ ਦਾ ਫੈਸਲਾ ਅਪੀਲੀ ਅਦਾਲਤਾਂ ਨੇ ਵੀ ਬਹਾਲ ਰਖਿਆ।

1925 ਈ. ਵਿਚ ਸਿੱਖ ਗੁਰਦੁਆਰਾ ਐਕਟ (1925 ਦਾ ਪੰਜਾਬ ਐਕਟ 8) ਪਾਸ ਹੋਇਆ। ਇਸ ਐਕਟ ਅਧੀਨ ਸਰਕਾਰ ਨੇ 22 ਦਸੰਬਰ 1927 ਨੂੰ ਇਕ ਇਸ਼ਤਿਹਾਰ ਆਮ ਜਾਰੀ ਕੀਤਾ ਜਿਸ ਰਾਹੀਂ ਸ਼ਹੀਦ ਗੰਜ ਨੂੰ ਭਾਈ ਤਾਰੂ ਸਿੰਘ ਦੇ ਸਿੱਖ ਗੁਰਦੁਆਰੇ ਦੀ ਜਾਇਦਾਦ ਹੋਣ ਦਾ ਐਲਾਨ ਕੀਤਾ ਗਿਆ। 16 ਮਾਰਚ 1928 ਨੂੰ ਸਿੱਖ ਗੁਰਦੁਆਰਾ ਟ੍ਰਿਬੂਨਲ ਅੱਗੇ ਇਕ ਦਾਅਵਾ ਪੇਸ਼ ਕੀਤਾ ਗਿਆ ਪਰੰਤੂ ਦਾਅਵਾ ਖਾਰਜ ਕਰ ਦਿੱਤਾ ਗਿਆ ਅਤੇ ਇਸ ਹੁਕਮ ਵਿਰੁੱਧ ਕੋਈ ਅਪੀਲ ਨ ਹੋਈ। 7 ਜੁਲਾਈ 1935 ਵਾਲੇ ਦਿਨ ਸਿੱਖ ਕਾਬਜ਼ਾਂ ਦੁਆਰਾ ਜਾਂ ਉਨ੍ਹਾਂ ਦੀ ਸਲਾਹ ਨਾਲ ਇਹ ਇਮਾਰਤ ਢਾਹ ਦਿੱਤੀ ਗਈ। ਫਸਾਦ ਅਤੇ ਬਦਅਮਨੀ ਫੈਲ ਗਏ ਜਿਨ੍ਹਾਂ ਨੂੰ ਰੋਕਣ ਲਈ ਫੌਜ ਬੁਲਾਉਣੀ ਪਈ, ਗੋਲੀ ਚੱਲੀ ਅਤੇ ਬਹੁਤ ਸਾਰੇ ਮੁਸਲਮਾਨ ਜਿਹੜੇ ਇਸ ਸਥਾਨ ਦਾ ਕਬਜ਼ਾ ਲੈਣ ਲਈ ਉਥੇ ਇਕੱਠੇ ਹੋਏ ਸਨ, ਮੌਕੇ ਤੇ ਮਾਰੇ ਗਏ। ਹਾਲਾਤ ਇਤਨੇ ਗੰਭੀਰ ਹੋ ਗਏ ਕਿ ਪੰਜਾਬ ਦੇ ਗਵਰਨਰ (ਸਰ ਹਰਬਰਟ ਇਮਰਸਨ) ਨੂੰ ਆਪਣੇ ਮੰਤਰੀ ਮੰਡਲ ਸਮੇਤ ਸ਼ਿਮਲੇ ਤੋਂ ਹੇਠਾਂ ਆਉਣਾ ਪਿਆ। ਕਈ ਦਿਨ ਕਾਨਫਰੰਸਾਂ ਅਤੇ ਰਾਇ-ਮਸ਼ਵਰੇ ਹੁੰਦੇ ਰਹੇ ਅਤੇ ਪੰਜਾਬ ਲੇਜਿਸਲੇਟਿਵ ਕੌਂਸਿਲ ਦੇ ਸਾਰੇ ਮਿਲਦੇ ਮੈਂਬਰਾਂ ਨੂੰ ਇਕੱਠੇ ਕਰ ਕੇ ਮੁਸਲਮਾਨਾਂ ਅਤੇ ਸਿੱਖਾਂ ਵਿਚਕਾਰ ਸਮਝੌਤਾ ਕਰਾਉਣ ਦਾ ਹਰ ਸੰਭਵ ਯਤਨ ਕੀਤਾ ਗਿਆ। ਪਰੰਤੂ ਗੱਲ-ਬਾਤ ਅਸਫਲ ਰਹੀ। ਕੌਂਸਿਲ ਦੇ ਕੁਝ ਮੁਸਲਮਾਨ ਮੈਂਬਰਾਂ ਨੇ ਮੁਸਲਮਾਨਾਂ ਨੂੰ ਅਖੌਤੀ ਮਸਜਿਦ ਦੁਆਉਣ ਸੰਬੰਧੀ ਇਕ ਬਿਲ ਲਿਆਉਣ ਦੀ ਕੋਸ਼ਿਸ਼ ਕੀਤੀ ਪਰੰਤੂ ਸਰ ਸਿਕੰਦਰ ਹਯਾਤ ਖਾਂ ਦੀ ਅਗਵਾਈ ਵਿਚ ਬਣੀ ਪੰਜਾਬ ਸਰਕਾਰ ਨੇ ਪ੍ਰਸਤਾਵ ਰੱਦ ਕਰ ਦਿੱਤਾ।

ਹਰ ਪਾਸਿਓਂ ਅਸਫਲਤਾ ਹੋਣ ਉਪਰੰਤ ਜ਼ਿਲਾ ਜੱਜ, ਲਾਹੌਰ ਦੀ ਕਚਹਿਰੀ ਵਿਚ 30 ਅਕਤੂਬਰ 1935 ਨੂੰ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲਾਹੌਰ ਵਿਚ ਸਰਕਾਰੀ ਤੌਰ ਤੇ ਵਿਗਿਆਪਿਤ ਸਿੱਖ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ - ਜਿਹੜੀ ਕਿ ਇਸ ਝਗੜੇ ਵਾਲੀ ਜਾਇਦਾਦ ਉਤੇ, ਗੁਰਦੁਆਰੇ ਦੀ ਜਾਇਦਾਦ ਸਮਝਣ ਦੇ ਨਾਤੇ, ਉਨ੍ਹਾਂ ਦਿਨਾਂ ਵਿਚ ਕਾਬਜ਼ ਸੀ, ਉਤੇ ਇਸ ਗੱਲ ਦਾ ਦਾਅਵਾ ਕੀਤਾ ਗਿਆ ਕਿ ਇਹ ਇਮਾਰਤ ਇਕ ਮਸਜਿਦ ਹੈ ਜਿਸ ਵਿਚ ਮੁਦਈ ਅਤੇ ਸਾਰੇ ਮੁਸਲਮਾਨ ਪ੍ਰਸਤਿਸ਼ ਕਰ ਸਕਦੇ ਹਨ ਅਤੇ ਅਜੇਹੀ ਬੰਦੀ

ਦਿੱਤੀ ਜਾਵੇ ਜਿਸ ਦੁਆਰਾ ਇਮਾਰਤ ਦੀ ਨਾਜਾਇਜ਼ ਵਰਤੋਂ ਨ ਹੋਵੇ ਅਤੇ ਮੁਦਈਆਂ ਦੇ ਪ੍ਰਸਤਿਸ਼ ਦੇ ਹੱਕਾਂ ਵਿਚ ਦਖ਼ਲ-ਅੰਦਾਜ਼ੀ ਨ ਕੀਤੀ ਜਾਵੇ ਅਤੇ ਇਮਾਰਤ ਮੁੜ ਉਸਾਰਨ ਵਿਰੁੱਧ ਹੁਕਮ ਜਾਰੀ ਕੀਤਾ ਜਾਵੇ। 25 ਮਈ 1936 ਨੂੰ ਦਾਅਵਾ ਖਾਰਜ ਕਰ ਦਿੱਤਾ ਗਿਆ ਅਤੇ ਚੀਫ ਜਸਟਿਸ ਯੰਗ ਦੀ ਪ੍ਰਧਾਨਗੀ ਵਿਚ ਹਾਈ ਕੋਰਟ ਦੇ ਫੁੱਲ ਬੈਂਚ ਨੇ 26 ਜਨਵਰੀ 1938 ਨੂੰ ਅਪੀਲ ਵੀ ਖਾਰਜ ਕਰ ਦਿੱਤੀ। ਪਰੀਵੀ ਕੌਂਸਿਲ ਨੇ ਵੀ ਮੁਸਲਮਾਨਾਂ ਦੀ ਅਪੀਲ ਖਾਰਜ ਕਰ ਦਿੱਤੀ। (ਪੂਰੇ ਹਵਾਲੇ ਲਈ ਵੇਖੋ ਇੰਡੀਅਨ ਲਾ ਰਿਪੋਰਟਰ ਲਾਹੌਰ, 21 ਪੰਨਾ 493 ਪੀ. ਸੀ.)।

ਬਾਲ ਸ਼ਹੀਦ, ਹਕੀਕਤ ਰਾਏ

ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਅਤੇ ਹੋਰ ਧਾਰਮਿਕ ਮਨੁੱਖਾਂ ਦੀ ਸ਼ਹੀਦੀ ਨੇ ਸਿੱਖ ਕੌਮ ਨੂੰ ਝੂਣ ਕੇ ਜਗਾ ਦਿੱਤਾ ਪਰੰਤੂ ਉਪਰਲੇ ਮਾਮਲਿਆਂ ਵਿਚ ਮੁਸਲਮਾਨ ਸਰਕਾਰ ਦੇ ਪੱਖ ਵਿਚ ਘੱਟੋ ਘੱਟ ਕਾਨੂੰਨ ਜ਼ਰੂਰ ਸੀ ਅਤੇ ਇਹ ਧਾਰਮਿਕ ਪੁਰਸ਼ ਭਾਰੀ ਰਾਜ-ਧ੍ਰੋਹ ਦੇ ਅਪਰਾਧੀ ਸਾਬਤ ਕਰ ਦਿੱਤੇ ਗਏ ਸਨ।

ਐਪਰ, ਹਕੀਕਤ ਰਾਏ ਦੀ ਸ਼ਹੀਦੀ ਨਿਰੋਲ ਧਾਰਮਿਕ ਕੱਟੜਤਾ ਅਤੇ ਧੱਕੇਸ਼ਾਹੀ ਕਾਰਣ ਹੋਈ ਅਤੇ ਸਰਕਾਰ ਲਈ ਇਸ ਦਾ ਸਿੱਟਾ ਪਹਿਲੇ ਜ਼ੁਲਮਾਂ ਦੇ ਸਿੱਟੇ ਨਾਲੋਂ ਕਿਤੇ ਭੈੜਾ ਨਿਕਲਿਆ। ਹੁਣ ਤਕ ਆਮ ਹਿੰਦੂ ਭਾਵੇਂ ਕਾਫ਼ੀ ਜ਼ੁਲਮ ਸਹਿ ਰਹੇ ਸਨ, ਉਹ ਸ਼ਾਇਦ ਮੁਗ਼ਲ ਸਾਮਰਾਜ ਦੇ ਸਿੱਖਾਂ ਜਿੰਨੇ ਕੱਟੜ ਵੈਰੀ ਨਹੀਂ ਬਣੇ ਸਨ। ਪਰੰਤੂ ਇਸ ਮਾਸੂਮ ਬਾਲਕ ਦੇ ਕਤਲ ਨੇ ਉਨ੍ਹਾਂ ਦੇ ਮਨਾਂ ਵਿਚ ਭਾਰੀ ਘ੍ਰਿਣਾ ਭਰ ਦਿੱਤੀ ਅਤੇ ਉਨ੍ਹਾਂ ਨੂੰ ਸਿੱਖਾਂ ਨਾਲ ਆਪਣੇ ਹਿਤ ਸਾਂਝੇ ਕਰਨ ਲਈ ਉਕਸਾਇਆ। ਹਕੀਕਤ ਰਾਏ ਦੀ ਸ਼ਹੀਦੀ ਨੇ ਉਸ ਨੂੰ ਧਰਮੀ ਦੇ ਨਾਂ ਨਾਲ ਪ੍ਰਸਿੱਧ ਕਰ ਦਿੱਤਾ। ਇਸ ਨਾਂ ਨਾਲ ਉਹ ਅਜ ਤਕ ਯਾਦ ਕੀਤਾ ਜਾਂਦਾ ਹੈ ਅਤੇ ਉਸ ਦੀ ਯਾਦ ਮਨਾਈ ਜਾਂਦੀ ਹੈ।

ਕਿਉਂਕਿ ਕਿਸੇ ਵੀ ਅੰਗ੍ਰੇਜ਼ ਇਤਿਹਾਸਕਾਰ ਨੇ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ ਜਿਸ ਨੇ ਕਿ ਪੰਜਾਬ ਦੇ ਅਠਾਰ੍ਹਵੀਂ ਸਦੀ ਦੇ ਹਿੰਦੂਆਂ ਨੂੰ ਇਤਨਾ ਪ੍ਰਭਾਵਿਤ ਕੀਤਾ ਸੀ ਅਤੇ ਜਿਸ ਦਾ ਹੁਣ ਤਕ ਬੜਾ ਡੂੰਘਾ ਪ੍ਰਭਾਵ ਹੈ, ਇਸ ਲਈ ਇਥੇ ਇਸ ਘਟਨਾ ਦਾ ਸੰਖੇਪ ਵਰਣਨ ਉਚਿਤ ਹੋਵੇਗਾ।

ਹਕੀਕਤ ਰਾਏ ਦਾ ਜਨਮ ਸ਼ਾਇਦ 1719[1] ਈ. ਵਿਚ ਸਿਆਲਕੋਟ ਵਿਖੇ

1. ਹਕੀਕਤ ਰਾਏ ਦੀ ਸ਼ਹੀਦੀ ਦੀ ਤਰੀਕ ਜਿਸ ਤਰ੍ਹਾਂ ਕਿ ਲਾਲਾ ਮੂਲਕ ਰਾਜ ਭੱਲਾ ਨੇ ਆਪਣੀ ਪੁਸਤਕ 'ਸ਼ਹੀਦ ਗੰਜ' ਵਿਚ ਲਿਖਿਆ ਹੈ 1745 ਈ. ਹੈ ਅਤੇ ਸ਼ਮਸ਼ੀਰ-ਏ-ਖਾਲਸਾ ਵਿਚ ਇਹ

(ਬਾਕੀ ਵੇਖੋ ਸਫ਼ਾ 53 ਤੇ)

ਹੋਇਆ ਸੀ। ਉਹ ਪੁਰੀ ਗੋਤ ਦੇ ਖੱਤਰੀ ਅਤੇ ਸਿਆਲਕੋਟ ਦੇ ਹਾਕਮ ਦੀ ਅਦਾਲਤ ਦੇ ਇਕ ਮੁਨਸ਼ੀ ਭਾਗ ਮੱਲ ਦਾ ਇਕਲੌਤਾ ਪੁੱਤਰ ਸੀ। ਹਕੀਕਤ ਰਾਏ ਦਾ ਵਿਆਹ ਜ਼ਿਲ੍ਹਾ ਸਿਆਲਕੋਟ ਦੇ ਇਕ ਮਸ਼ਹੂਰ ਪਿੰਡ ਵਡਾਲੇ ਦੇ ਇਕ ਸਿੱਖ ਖੱਤਰੀ ਦੀ ਪੁੱਤਰੀ ਨਾਲ ਬਚਪਨ ਵਿਚ ਹੀ ਹੋ ਗਿਆ ਸੀ। ਇਹ ਕਿਹਾ ਜਾ ਸਕਦਾ ਹੈ ਕਿ ਉਸ ਨੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਅਨੁਯਾਈਆਂ ਦੀਆਂ ਸੁਨਹਿਰੀ ਕੁਰਬਾਨੀਆਂ ਅਤੇ ਸ਼ਹੀਦੀਆਂ ਬਾਰੇ ਸੁਣਿਆ ਹੋਵੇਗਾ। ਸੱਤ ਵਰ੍ਹਿਆਂ ਦੀ ਉਮਰ ਵਿਚ ਉਸ ਨੂੰ ਪੜ੍ਹਨੇ ਪਾਇਆ ਗਿਆ ਅਤੇ ਉਸ ਨੇ ਇਕ ਮੌਲਵੀ ਤੋਂ ਫ਼ਾਰਸੀ ਪੜ੍ਹਨੀ ਆਰੰਭ ਕੀਤੀ। 1734 ਈ. ਵਿਚ ਜਦੋਂ ਹਕੀਕਤ ਮੁਸ਼ਕਲ ਨਾਲ 15 ਵਰ੍ਹਿਆਂ ਦਾ ਸੀ, ਉਸ ਦਾ ਇਕ ਦਿਨ ਮੌਲਵੀ ਦੀ ਗ਼ੈਰਹਾਜ਼ਰੀ ਵਿਚ ਲੜਕਿਆਂ ਨਾਲ ਝਗੜਾ ਹੋ ਗਿਆ। ਮੁਸਲਮਾਨ ਲੜਕਿਆਂ ਨੇ ਪਹਿਲ ਕੀਤੀ ਅਤੇ 'ਹਿੰਦੂਆਂ ਦੀ ਇਕ ਦੇਵੀ ਨੂੰ ਗਾਲ੍ਹ ਕੱਢ ਦਿੱਤੀ। ਹਕੀਕਤ ਦੇਵੀ ਦਾ ਅਨਿਨ ਭਗਤ ਪ੍ਰਤੀਤ ਹੁੰਦਾ ਹੈ ਅਤੇ ਤੁਰੰਤ ਉੱਤੇਜਿਤ ਹੋ ਕੇ, ਉਸ ਨੇ ਵੀ ਪੈਗੰਬਰ ਮੁਹੰਮਦ ਦੀ ਬੇਟੀ ਫ਼ਾਤਮਾ ਨੂੰ ਗਾਲ੍ਹ ਕੱਢ ਦਿੱਤੀ। ਇਹ ਅਜਿਹਾ ਜੁਰਮ ਸੀ ਜਿਸ ਦੇ ਕਰਨ ਦੀ ਕੋਈ ਹਿੰਦੂ ਜੁਰਅਤ ਨਹੀਂ ਕਰ ਸਕਦਾ ਸੀ ਅਤੇ ਜਿਸ ਕਰਕੇ ਵਿਚਾਰੇ ਹਕੀਕਤ ਨੂੰ ਜਾਨ ਦੇਣੀ ਪਈ। ਜਦੋਂ ਮੌਲਵੀ ਪਰਤਿਆ ਤਾਂ ਮੁਸਲਮਾਨ ਲੜਕਿਆਂ ਨੇ ਉਸ ਕੋਲ ਸ਼ਿਕਾਇਤ ਕੀਤੀ। ਮੌਲਵੀ ਨੂੰ ਗੁੱਸਾ ਚੜ੍ਹ ਗਿਆ ਅਤੇ ਉਸ ਨੇ ਹਕੀਕਤ ਨੂੰ ਪਕੜ ਕੇ ਪੁਛਿਆ ਕਿ ਉਸ ਨੇ ਪੈਗੰਬਰ ਦੀ ਬੇਟੀ ਨੂੰ ਗਾਲ੍ਹ ਕੱਢਣ ਦੀ ਜੁਰਅਤ ਕਿਵੇਂ ਕੀਤੀ। ਹਕੀਕਤ ਨੇ ਆਪਣਾ ਦੋਸ਼ ਮੰਨ ਲਿਆ ਪਰ ਨਾਲ ਹੀ ਕਿਹਾ ਕਿ ਉਸ ਨੇ ਪਹਿਲ ਨਹੀਂ ਕੀਤੀ ਸੀ ਅਤੇ ਜਦੋਂ ਮੁਸਲਮਾਨ ਲੜਕਿਆਂ ਨੇ ਉਸ ਦੇਵੀ ਨੂੰ ਗਾਲ੍ਹਾਂ ਕੱਢੀਆਂ ਜਿਸ ਦੀ ਸਾਰੇ ਧਰਮੀ ਆਦਮੀ ਭਗਤੀ ਕਰਦੇ ਹਨ ਅਤੇ ਸ਼ਹਿਨਸ਼ਾਹ ਅਕਬਰ ਜਿਸ ਦੀ ਸ਼ਰਨ ਵਿਚ ਨੰਗੇ ਪੈਰੀਂ ਗਿਆ ਸੀ ਤਾਂ ਉਹ ਵੀ

(ਸਫ਼ਾ 52 ਦੀ ਬਾਕੀ)

ਤਰੀਕ 1734 ਹੈ। ਮੇਰੇ ਖਿਆਲ ਵਿਚ ਇਹ ਦੋਵੇਂ ਹੀ ਗਲਤ ਹਨ। ਅਗਰਾ, ਜਿਸ ਨੇ ਹਕੀਕਤ ਰਾਏ ਦੀ ਵਾਰ ਲਿਖੀ, 1791 ਸੰਮਤ ਵਿਚ ਹਕੀਕਤ ਰਾਏ ਦੀ ਸ਼ਹੀਦੀ ਨੂੰ ਹੋਇਆਂ ਮੰਨਦਾ ਹੈ। ਕਿਉਂਕਿ ਅਗਰਾ ਨੇ ਇਹ ਪੁਸਤਕ 1747 ਸੰਮਤ ਯਾਨੀ ਇਸ ਦੁਰਘਟਨਾ ਤੋਂ 56 ਸਾਲ ਬਾਅਦ ਲਿਖੀ, ਹੋ ਸਕਦਾ ਹੈ ਕਿ ਉਸ ਨੇ ਇਹ ਵਾਕਿਆ ਅੱਖੀਂ ਵੇਖਿਆ ਹੋਵੇ। ਮੁਨਸ਼ੀ ਸੋਹਨ ਲਾਲ ਰਣਜੀਤ ਸਿੰਘ ਦਾ ਮਸ਼ਹੂਰ ਦਰਬਾਰੀ ਕਵੀ ਇਸ ਘਟਨਾ ਨੂੰ ਖਾਨ ਬਹਾਦਰ ਦੇ ਸਮੇਂ ਦਸਦਾ ਹੈ ਜੋ ਕਿ 1726 ਤੋਂ 1743 ਤਕ ਲਾਹੌਰ ਦਾ ਗਵਰਨਰ ਸੀ। ਕਾਲੀਦਾਸ ਗੁਜਰਾਂਵਾਲੀਆ ਦਾ ਮਸ਼ਹੂਰ ਕਵੀ ਵੀ ਲਿਖਦਾ ਹੈ ਕਿ ਹਕੀਕਤ ਦੀ ਸ਼ਹੀਦੀ ਮੁਹੰਮਦ ਸ਼ਾਹ ਅਤੇ ਖਾਨ ਬਹਾਦਰ ਦੇ ਸਮੇਂ ਹੋਈ। ਅਗਰਾ 12 ਕਤੱਕ ਨੂੰ ਹਕੀਕਤ ਦੀ ਜਨਮ ਤਿਥੀ ਮੰਨਦਾ ਹੈ ਪਰ ਸਾਲ ਬਾਰੇ ਕੁਝ ਨਹੀਂ ਦਸਦਾ।

ਉੱਤੇਜਿਤ ਹੋ ਗਿਆ।[1] ਇਸ ਨਿਧੜਕ ਉੱਤਰ ਨੇ ਮੌਲਵੀ ਨੂੰ ਗੁੱਸੇ ਨਾਲ ਲਾਲ ਪੀਲਾ ਕਰ ਦਿੱਤਾ ਅਤੇ ਉਹ ਹਕੀਕਤ ਨੂੰ ਧੂਹ ਕੇ ਕਾਜ਼ੀ ਦੀ ਅਦਾਲਤ ਵਿਚ ਲੈ ਗਿਆ ਅਤੇ ਕਾਜ਼ੀ ਉਸ ਨੂੰ ਤੁਰੰਤ ਹਾਕਮ ਕੋਲ ਲੈ ਗਿਆ। ਹਕੀਕਤ ਦੀ ਗ੍ਰਿਫਤਾਰੀ ਦੀ ਖ਼ਬਰ ਉਸ ਦੇ ਮਾਤਾ-ਪਿਤਾ ਉਤੇ ਰੱਬੀ ਕਹਿਰ ਬਣ ਕੇ ਵਰ੍ਹੀ। ਉਹ ਤੁਰੰਤ ਹਾਕਮ ਕੋਲ ਪਹੁੰਚੇ ਅਤੇ ਪੈਰੀਂ ਪੈ ਕੇ ਹਕੀਕਤ ਨੂੰ ਮਾਫ ਕਰ ਦੇਣ ਦੀ ਬੇਨਤੀ ਕੀਤੀ ਕਿਉਂਕਿ ਉਹ ਤਾਂ ਇਕ ਬੱਚਾ ਸੀ ਅਤੇ ਬੱਚਿਆਂ ਦੇ ਝਗੜੇ ਵਿਚ ਦੋਸ਼ਪੂਰਣ ਸ਼ਬਦ ਕਹਿ ਗਿਆ ਸੀ। ਮੌਲਵੀ ਅਤੇ ਕਾਜ਼ੀ ਬੱਚੇ ਨੂੰ ਮਾਰ ਸੁੱਟਣ ਦਾ ਫੈਸਲਾ ਕਰ ਚੁੱਕੇ ਪ੍ਰਤੀਤ ਹੁੰਦੇ ਸਨ ਜੇ ਉਹ ਇਸਲਾਮ ਕਬੂਲ ਨ ਕਰੇ, ਅਤੇ ਮੁਜਰਮ ਪ੍ਰਤਿ ਕਿਸੇ ਵੀ ਭਾਂਤ ਦੇ ਤਰਸ ਦੀ ਸੰਭਾਵਨਾ ਖ਼ਤਮ ਕਰਨ ਲਈ ਉਨ੍ਹਾਂ ਨੇ ਕਸਬੇ ਦੇ ਮੁਸਲਮਾਨਾਂ ਵਿਚ ਪਹਿਲਾਂ ਹੀ ਭੜਕਾਹਟ ਫੈਲਾ ਦਿੱਤੀ ਸੀ। ਕਸਬੇ ਦਾ ਹਾਕਮ ਅਮੀਰ ਬੇਗ ਕੁਝ ਬੁੱਧੀਮਾਨ ਅਤੇ ਘੱਟ ਕੱਟੜ ਨਜ਼ਰ ਆਉਂਦਾ ਹੈ। ਉਸ ਨੇ ਪਰਿਸਥਿਤੀ ਦੀ ਗੰਭੀਰਤਾ ਨੂੰ ਮਹਿਸੂਸ ਕੀਤਾ ਅਤੇ ਆਪਣੇ ਮੋਢਿਆਂ ਉਤੇ ਇਸ ਦੀ ਜ਼ਿੰਮੇਵਾਰੀ ਲੈਣੀ ਠੀਕ ਨ ਸਮਝੀ। ਉਸ ਨੇ ਉਲਮਾਂ ਦੀ ਇਕ ਸਭਾ ਬੁਲਾ ਕੇ ਮਾਮਲਾ ਉਨ੍ਹਾਂ ਅੱਗੇ ਪੇਸ਼ ਕਰ ਦਿੱਤਾ। ਉਲਮਾਂ ਨੇ ਫਤਵਾ ਦੇ ਦਿੱਤਾ ਕਿ ਹਕੀਕਤ ਜਾਂ ਤਾਂ ਇਸਲਾਮ ਕਬੂਲ ਕਰੇ ਤੇ ਜਾਂ ਆਪਣੇ ਗੁਨਾਹ ਦੀ ਤਲਾਫੀ ਵਜੋਂ ਮੌਤ ਕਬੂਲ ਕਰੇ। ਅਮੀਰ ਬੇਗ ਨੇ ਇਹ ਫੈਸਲਾ ਨ ਮੰਨਿਆ ਅਤੇ ਬਹੁਤ ਸਾਰੇ ਗੰਭੀਰ ਰਾਜਨੀਤਿਕ ਸਿੱਟਿਆਂ ਵੱਲ ਧਿਆਨ ਦੁਆਇਆ ਜਿਹੜੇ ਇਸ ਧੱਕੇਸ਼ਾਹੀ ਤੋਂ ਨਿਕਲ ਸਕਦੇ ਸਨ। ਉਲਮਾਂ ਨੇ ਉਸ ਦੀ ਇਸਲਾਮ ਪ੍ਰਤਿ ਵਫ਼ਾਦਾਰੀ ਦਾ ਹਵਾਲਾ ਦਿੱਤਾ ਅਤੇ ਇਸਲਾਮ ਦਾ ਨਿਰਾਦਰ ਕਰਨ ਦੀ ਜੁਰਅਤ ਕਰਨ ਵਾਲੇ ਮੁਜਰਮ ਨੂੰ ਸਜ਼ਾ ਦੇਣ ਵਿਚ ਸਾਰੀਆਂ ਦੁਨਿਆਵੀ ਗੱਲਾਂ ਨੂੰ ਇਕ ਪਾਸੇ ਰੱਖ ਦੇਣ ਲਈ ਉਕਸਾਇਆ। ਅਮੀਰ ਬੇਗ ਸੰਕਟ ਵਿਚ ਫਸ ਗਿਆ। ਇਨਸਾਫ ਅਤੇ ਅਕਲ ਇਸ ਜ਼ੁਲਮ ਵਿਰੁੱਧ ਡਟ ਗਏ। ਉਲਮਾਂ ਅਤੇ ਤਦ ਤੀਕ ਅਦਾਲਤ ਵਿਚ ਇਕੱਠੇ ਹੋਏ ਮੁਸਲਮਾਨ ਕੱਟੜਪੰਥੀਆਂ ਦੇ ਹਜੂਮ ਨੇ ਕਚਹਿਰੀ ਦਾ ਘੇਰਾ ਪਾ ਕੇ ਇਨਸਾਫ ਅਤੇ ਅਕਲ ਦੀ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ। ਇਸ ਸੰਕਟ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਮਾਮਲੇ ਨੂੰ ਉੱਚ-ਅਧਿਕਾਰੀਆਂ ਦੇ ਪੇਸ਼ ਕਰਨ ਦਾ ਰਹਿ ਗਿਆ ਸੀ। ਸੋ ਕਾਜ਼ੀ ਅਤੇ ਮੁੱਲਾਂ ਸਮੇਤ ਹਕੀਕਤ ਨੂੰ ਲਾਹੌਰ ਦੇ ਨਾਜ਼ਮ ਕੋਲ ਭੇਜ ਦਿੱਤਾ ਗਿਆ। ਸਿਆਲਕੋਟ ਤੋਂ ਲੈ ਕੇ ਲਾਹੌਰ ਤਕ ਹਰੇਕ ਪਿੰਡ ਵਿਚੋਂ ਲੋਕ ਉਸ ਅਭਾਗੇ ਬਾਲਕ ਨੂੰ ਵੇਖਣ ਅਤੇ ਉਸ ਦਾ ਪੱਖ ਲੈਣ ਲਈ ਆਏ। ਬਹੁਤ ਸਾਰੇ ਇਨਸਾਫ ਪਸੰਦ ਮੁਸਲਮਾਨਾਂ[2]

---

1 ਇਹ ਬਿਆਨ ਸੱਚਾ ਲਗਦਾ ਹੈ ਅਤੇ ਇਹ ਘਟਨਾ ਲੋਕ ਗੀਤਾਂ ਵਿਚ ਅਜੇ ਵੀ ਇਸੇ ਰੂਪ ਵਿਚ ਸੁਰੱਖਿਅਤ ਹੈ, "ਨੰਗੇ ਨੰਗੇ ਪੈਰੀਂ ਅਕਬਰ ਆਇਆ ਤੇ ਸੋਨੇ ਦਾ ਛਤਰ ਚੜ੍ਹਾਇਆ।"

2 ਇਨ੍ਹਾਂ ਮੁਸਲਮਾਨਾਂ ਵਿਚ ਦਰਗਾਹੀ ਨਾਮੀ ਪ੍ਰਸਿੱਧ ਵਿਅਕਤੀ ਲਾਹੌਰ ਦੇ ਨੇੜੇ ਵਸੇ ਸ਼ਾਹਦਰੇ ਦਾ ਮੁਕੱਦਮ ਸੀ।

ਨੇ ਵੀ ਬਾਲ-ਮੁਜਰਮ ਨੂੰ ਮਾਫ ਕਰਨ ਵਾਸਤੇ ਕਾਜ਼ੀ ਨੂੰ ਅਰਜ਼ ਕੀਤੀ ਪਰ ਕੋਈ ਲਾਭ ਨ ਹੋਇਆ। ਲਾਹੌਰ ਦੇ ਨਾਜ਼ਮ ਨੇ ਉਲਮਾਂ ਦੇ ਫਤਵੇ ਅਨੁਸਾਰ ਫੈਸਲਾ ਦੇ ਦਿੱਤਾ। ਐਪਰ, ਸੂਬੇਦਾਰ ਦਾ ਦਿਲ ਹਕੀਕਤ ਦੀ ਛੋਟੀ ਉਮਰ ਅਤੇ ਖੂਬਸੂਰਤ ਸ਼ਕਲ ਵੇਖ ਕੇ ਪਿਘਲ ਗਿਆ ਅਤੇ ਉਸ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰਨਾ ਕੀਤੀ। ਉਸ ਨੇ ਉਸ ਨੂੰ ਇਹ ਵਾਅਦਾ ਵੀ ਦਿੱਤਾ ਕਿ ਜੇ ਉਹ ਆਪਣਾ ਧਰਮ ਛੱਡ ਦੇਵੇ ਤਾਂ ਉਸ ਨੂੰ ਉੱਚਾ ਅਹੁਦਾ ਅਤੇ ਦੁਨੀਆ ਦੀਆਂ ਸਾਰੀਆਂ ਨਿਆਮਤਾਂ ਮਿਲ ਸਕਦੀਆਂ ਹਨ। ਪਰ ਹਕੀਕਤ ਦ੍ਰਿੜ੍ਹ ਸੀ ਅਤੇ ਮਰਨ ਲਈ ਤਿਆਰ ਸੀ। ਉਸ ਦੀ ਬੁੱਢੀ ਮਾਤਾ ਕੌਰਾਂ ਭੱਜ ਕੇ ਉਸ ਕੋਲ ਗਈ ਅਤੇ ਉਸ ਨੂੰ ਇਸਲਾਮ ਕਬੂਲ ਕਰ ਕੇ ਆਪਣੀ ਜਾਨ ਬਚਾਉਣ ਲਈ ਕਿਹਾ। ਹਕੀਕਤ ਨੇ ਉੱਤਰ ਦਿੱਤਾ, "ਮਾਂ, ਕੀ ਮੈਂ ਫੇਰ ਨਹੀਂ ਮਰਾਂਗਾ ? ਜੇ ਇਕ ਦਿਨ ਮਰਨਾ ਹੀ ਹੈ ਤਾਂ ਪਤਿਤ ਹੋ ਕੇ ਕਿਉਂ ਮਰਾਂ।" ਮਾਤਾ-ਪਿਤਾ ਦਾ ਦੁਖ, ਉਸ ਦੀ ਬਾਲ ਪਤਨੀ ਦਾ ਵਿਧਵਾਪਣ, ਦੋਸਤਾਂ-ਰਿਸ਼ਤੇਦਾਰਾਂ ਦਾ ਸ਼ੋਕ ਝੱਲਿਆ ਨਹੀਂ ਜਾਂਦਾ ਸੀ, ਪਰ ਆਪਣੇ ਧਰਮ ਦਾ ਤਿਆਗ ਹਕੀਕਤ ਨੂੰ ਇਸ ਨਾਲੋਂ ਵੀ ਔਖਾ ਜਾਪਦਾ ਸੀ। ਹੁਕਮ ਦੇ ਦਿੱਤਾ ਗਿਆ ਅਤੇ ਲਾਹੌਰ ਸ਼ਹਿਰ ਦੇ ਵਿਚਕਾਰ, ਸਾਰੇ ਹਿੰਦੂਆਂ ਦੀਆਂ ਆਹਾਂ ਅਤੇ ਦੁਰਸੀਸਾਂ ਦੇ ਬਾਵਜੂਦ, ਉਸ ਧਰਮੀ ਬਾਲਕ ਦਾ ਸਿਰ ਉਤਾਰ ਦਿੱਤਾ ਗਿਆ। ਉਸ ਦੀ ਅਰਥੀ ਨਾਲ ਅਮੀਰ-ਗਰੀਬ ਸਾਰੇ ਗਏ ਅਤੇ ਲਾਹੌਰ ਦੇ ਪੂਰਬ ਵੱਲ ਕੋਈ ਚਾਰ ਮੀਲ ਦੀ ਵਿੱਥ ਤੇ ਉਸ ਦੀਆਂ ਅਸਥੀਆਂ ਦੱਬੀਆਂ ਗਈਆਂ ਜਿਥੇ ਕਿ ਇਕ ਸਮਾਧੀ ਹੁਣ ਤਕ ਖੜੀ ਹੈ ਅਤੇ ਜਿਥੇ ਪਾਕਿਸਤਾਨ ਬਣਨ ਤੋਂ ਪਹਿਲਾਂ ਤਕ ਉਸ ਦੀ ਸ਼ਹੀਦੀ ਦੇ ਦਿਨ ਬਸੰਤ ਪੰਚਮੀ ਨੂੰ ਇਕ ਮੇਲਾ ਲਗਿਆ ਕਰਦਾ ਸੀ।[1]

---

1 ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਹਿੰਦੂਆਂ ਵਿਚ ਹਕੀਕਤ ਦੀ ਸ਼ਹੀਦੀ ਦੀ ਕਥਾ ਕਾਫ਼ੀ ਮਸ਼ਹੂਰ ਹੋ ਗਈ ਹੈ। ਪੰਜਾਬ ਦੇ ਮਹਾਨ ਜੀਵਿਤ ਕਵੀ ਕਾਲੀਦਾਸ ਦੀ ਸਭ ਤੋਂ ਉੱਤਮ ਰਚਨਾ ਇਸੇ ਵਿਸ਼ੇ ਤੇ ਹੈ। ਲਾਲਾ ਮੂਲਕ ਰਾਜ ਭੱਲੇ ਦੇ ਛੋਟੇ ਜੇਹੇ ਨਾਟਕ ਨੇ ਵੀ ਇਸ ਬਾਲਕ ਸ਼ਹੀਦ ਦੀ ਕਥਾ ਨੂੰ ਸੁਰਜੀਤ ਕਰਨ ਵਿਚ ਕਾਫ਼ੀ ਹਿੱਸਾ ਪਾਇਆ ਹੈ।

ਅਧਿਆਇ ੭

ਹਥਿਆਰਬੰਦ ਵਿਰੋਧ ਦਾ ਆਰੰਭ

ਗੁਰੂ ਹਰਗੋਬਿੰਦ ਦੀਆਂ ਮੁਹਿੰਮਾਂ (1607-1644)

ਮੁਕੱਦਮੇ, ਡੰਡ, ਤਸੀਹੇ ਤੇ ਮੌਤ ਜਿਹੜੇ ਪੰਜਵੇਂ ਗੁਰੂ ਅਰਜਨ ਦੇਵ ਨੇ ਝੱਲੇ ਉਹ ਸਿੱਖਾਂ ਦੇ ਧਰਮ-ਤੰਤਰ ਦੀ ਫੌਜੀ ਸ਼ਕਤੀ ਨੂੰ ਇਕੱਤਰ ਕਰਨ ਲਈ ਮਾਨੋਂ ਇਕ ਪ੍ਰਕਾਰ ਦਾ ਅਹਿਮ ਸੱਦਾ ਸਨ। ਉਨ੍ਹਾਂ ਦੇ ਸਪੁੱਤਰ (ਗੁਰੂ) ਹਰਗੋਬਿੰਦ ਜਿਹੜੇ ਉਨ੍ਹਾਂ ਪਿੱਛੋਂ 11 ਸਾਲਾਂ ਦੀ ਉਮਰ ਵਿਚ ਗੱਦੀ ਤੇ ਬੈਠੇ, ਦੋ ਤਲਵਾਰਾਂ ਧਾਰਨ ਕਰ ਕੇ ਮੈਦਾਨ ਵਿਚ ਨਿਤਰੇ, "ਇਕ ਮੇਰੇ ਪਿਤਾ ਦੇ ਬਦਲੇ ਲਈ, ਦੂਜੀ ਮੁਹੰਮਦ ਦੀਆਂ ਕਰਾਮਾਤਾਂ ਨੂੰ ਨਸ਼ਟ ਕਰਨ ਲਈ।"[1] ਤਿਆਗ ਦੇ ਚਿੰਨ੍ਹਾਂ[2] ਦੇ ਨਾਲ ਨਾਲ ਸ਼ਾਹੀ ਲਾਂ-ਲਸ਼ਕਰ—ਤਲਵਾਰ, ਛਤਰ, ਕਲਗੀ ਤੇ ਬਾਜ਼ ਅਪਣਾਏ ਗਏ। ਜਿਹੜੇ ਤੋਹਫ਼ੇ ਹੁਣ ਹਰ ਪਾਸੇ ਤੋਂ ਲਗਾਤਾਰ ਆਉਣ ਲੱਗ ਪਏ ਸਨ ਉਹ ਘੋੜਿਆਂ, ਹਥਿਆਰਾਂ ਅਤੇ ਹੋਰ ਜੰਗੀ ਸਾਮਾਨ ਦੀ ਸ਼ਕਲ ਵਿਚ ਸਨ। ਗੁਰੂ ਸਾਹਿਬ ਦਾ ਮਨ-ਭਾਉਂਦਾ ਕਿੱਤਾ, ਹੁਣ ਅਰਾਧਨਾ, ਸ਼ਬਦ-ਰਚਨਾ ਤੇ ਨਾਮ ਜਪਣਾ ਨਹੀਂ ਰਹਿ ਗਿਆ ਸੀ।[3] ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਕੁਸ਼ਤੀਆਂ, ਘੋੜ-ਸਵਾਰੀ, ਤੰਬੂ ਗੱਡਣ, ਸ਼ੇਰ ਤੇ ਜੰਗਲੀ ਸੂਰ ਦਾ ਸ਼ਿਕਾਰ ਖੇਡਣ ਵਿਚ ਲਾਉਣਾ ਆਰੰਭ ਕਰ ਦਿੱਤਾ ਸੀ। ਉਦੇਸ਼ ਵਿਚ ਤਬਦੀਲੀ ਆਉਣ ਨਾਲ ਕੰਮ ਦਾ ਸਰੂਪ ਬਦਲ ਗਿਆ ਤੇ ਕਿੱਤੇ ਵਿਚ ਬਦਲੀ ਆਉਣ ਨਾਲ ਰੁਚੀਆਂ ਵੀ ਬਦਲ ਗਈਆਂ। ਇਥੋਂ ਤਕ ਕਿ ਖੁਰਾਕ ਵਿਚ ਵੀ ਪਰਿਵਰਤਨ ਆ ਗਿਆ। ਮਾਸ ਖਾਣ ਦੀ ਨ ਕੇਵਲ ਖੁਲ੍ਹ ਹੀ ਦੇ ਦਿੱਤੀ ਗਈ ਸਗੋਂ ਉਸ ਲਈ ਪ੍ਰੇਰਨਾ[4] ਵੀ ਦਿੱਤੀ ਗਈ। ਸ਼ਰੀਰਕ ਸ਼ਕਤੀ ਤੇ ਰਿਸ਼ਟ-ਪੁਸ਼ਟ ਸ਼ਰੀਰਾਂ ਨੂੰ ਯੋਧੇ ਗੁਰੂ ਦੀ ਉਤਨੀ ਹੀ ਹਮਾਇਤ ਮਿਲੀ ਜਿਤਨੀ ਕਿ ਉਚਤਮ ਪਵਿਤ੍ਰਤਾ ਤੇ ਰਹੱਸ-ਵਿਦਿਆ ਨੂੰ।

---

1 ਮੈਲਕਮ (Malcolm) 'ਸਕੈਚਿਜ਼ ਆਫ਼ ਦਿ ਸਿਖਸ'।

2 ਇਹ ਟੋਪੀ, ਮਾਲਾ ਤੇ ਸੇਲ੍ਹੀ ਜਾਂ ਉੱਨ ਦਾ ਬਣਿਆ ਹਾਰ ਸਨ।

3 ਛੇਵੇਂ ਗੁਰੂ ਦੀਆਂ ਰਚਨਾਵਾਂ ਦੀ ਇਕ ਵੀ ਤੁਕ ਨਹੀਂ ਮਿਲਦੀ।

4 'ਦਬਿਸਤਾਨ'

''ਯੋਧੇ ਗੁਰੂ ਦੀ ਮੁੱਖ ਰੁਚੀ ਨੇ ਉਨ੍ਹਾਂ ਨੂੰ ਲਾਂ-ਲਸ਼ਕਰ ਦੀ ਸੰਗਤ ਵਿਚ, ਜੰਗ ਦੇ ਖਤਰੇ ਵਿਚ ਤੇ ਸ਼ਿਕਾਰ ਦੀ ਉਕਸਾਹਟ ਵਿਚ ਆਨੰਦ ਪ੍ਰਾਪਤ ਕਰਨ ਲਾਇਆ। ਇਹ ਵੀ ਹੋ ਸਕਦਾ ਹੈ ਕਿ ਸੰਸਾਰਕ ਆਗੂ ਦੀ ਨੀਤੀ ਇਕ ਦੁਖੀ ਪੁੱਤਰ ਦੀਆਂ ਭਾਵਨਾਵਾਂ ਤੇ ਧਾਰਮਿਕ ਆਗੂ ਦਿਆਂ ਕਰਤੱਵਾਂ ਨਾਲ ਰਚ-ਮਿਚ ਗਈ ਹੋਵੇ ਤਾਂ ਜੋ ਉਨ੍ਹਾਂ ਦੇ ਕਰਮ ਉਨ੍ਹਾਂ ਦੀਆਂ ਰੀਝਾਂ ਦੇ ਅਨੁਕੂਲ ਢਲ ਜਾਣ, ਭਾਵੇਂ ਉਨ੍ਹਾਂ ਨੇ ਅਕਬਰ ਦੇ ਪੁੱਤਰ ਦੀ ਨਰਮ ਜੇਹੀ ਸੱਤਾ ਦੇ ਅਧੀਨ ''ਊਣੀ ਸੁਤੰਤਰਤਾ ਤੋਂ ਵੱਧ ਟੀਚਾ ਨ ਵੀ ਮਿਥਿਆ ਹੋਵੇ।''[1]

ਉਹ ਹਾਲਾਤ ਜਿਨ੍ਹਾਂ ਨੇ ਗੁਰੂ ਹਰਗੋਬਿੰਦ ਨੂੰ ਜੰਗੀ ਤਿਆਰੀਆਂ ਤੇ ਸਰਕਾਰ ਦਾ ਹਥਿਆਰਬੰਦ ਵਿਰੋਧ ਕਰਨ ਲਈ ਪ੍ਰੇਰਿਆ, ਨਿਮਨ ਲਿਖਤ ਅਨੁਸਾਰ ਸੰਖੇਪ ਰੂਪ ਵਿਚ ਦੱਸੇ ਜਾ ਸਕਦੇ ਹਨ :—

1 ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣਾ।

2 'ਮੁਹੰਮਦ ਦੀਆਂ ਕਰਾਮਾਤਾਂ ਨੂੰ ਤਬਾਹ ਕਰਨਾ' ਜਿਸ ਦਾ ਮਤਲਬ ਸੀ ਇਸਲਾਮ ਤੇ ਇਸਲਾਮੀ ਸਰਕਾਰ[2] ਦਾ ਖਾਤਮਾ।

3 ਕਨਿੰਘਮ ਅਨੁਸਾਰ ਬਹਾਦਰੀ ਤੇ ਦਲੇਰੀ ਵਾਲੇ ਕਾਰਨਾਮੇ ਕਰਨ ਦੀ ਰੁਚੀ।

4 ਆਪਣੇ ਲੋਕਾਂ ਨੂੰ ਜ਼ੁਲਮ ਅਤੇ ਅਤਿਆਚਾਰ ਤੋਂ ਮੁਕਤ ਕਰਵਾਉਣ ਦੀ ਲੁਕਵੀਂ ਇੱਛਾ।

5 ਉਨ੍ਹਾਂ ਦੀ ਆਪਣੀ ਖਤਰਨਾਕ ਸਥਿਤੀ—ਕਿਉਂਕਿ ਉਨ੍ਹਾਂ ਦਾ ਚਚੇਰਾ ਭਰਾ ਧੀਰ ਮੱਲ ਜਿਸ ਦਾ ਪਿਤਾ, ਗੁਰੂ ਅਰਜਨ ਦੇ ਗੱਦੀ ਤੇ ਬੈਠਣ ਕਰਕੇ, ਗੱਦੀ ਤੋਂ ਵਾਂਝਿਆਂ ਕਰ ਦਿੱਤਾ ਗਿਆ ਸੀ, ਸਦਾ ਗੁਰੂ ਸਾਹਿਬ ਦੀ ਤਬਾਹੀ ਲਈ ਸਾਜ਼ਸ਼ਾਂ ਰਚਦਾ ਰਹਿੰਦਾ ਸੀ।

6 ਕੁਝ ਸਹਾਇਕ ਕਾਰਣ : (ੳ) ਉਨ੍ਹਾਂ ਦੀ ਆਪਣੀ ਨਜ਼ਰਬੰਦੀ (ਅ) ਆਪਣੇ ਲੈ-ਪਾਲਕ ਭਾਈ ਪੈਂਦਾ ਖਾਂ ਨਾਲ ਝਗੜਾ (ੲ) ਇਕ ਕਾਜ਼ੀ ਦੀ ਲੜਕੀ ਦਾ ਅਖੌਤੀ ਅਗਵਾ (ਸ) ਸ਼ਹਿਨਸ਼ਾਹ ਨਾਲ ਕੁਝ ਘੋੜਿਆਂ ਬਾਰੇ ਤਕਰਾਰ।

---

1. ਕਨਿੰਘਮ, 'ਹਿਸਟਰੀ ਆਫ ਦਿ ਸਿਖਸ' ਪੰਨਾ 53

2. ਇਹ ਗੁਰੂ ਜੀ ਦੀ ਮੁਸਲਮਾਨਾਂ ਨਾਲ ਨਿਜੀ ਮਿੱਤਰਤਾ ਵਿਚ ਰੋੜਾ ਨਹੀਂ ਬਣਿਆ। ਗੁਰੂ ਹਰਗੋਬਿੰਦ ਦੇ ਆਪਣੇ ਸਮੇਂ ਦੇ ਉਘੇ ਮੁਸਲਮਾਨਾਂ ਨਾਲ ਮਿਤਰਾਨਾ ਸੰਬੰਧ ਸਨ। 'ਦਬਿਸਤਾਨ' ਦਾ ਲੇਖਕ ਮੋਹਸਿਨ ਫਾਨੀ ਉਨ੍ਹਾਂ ਵਿਚੋਂ ਇਕ ਸੀ। ਅਸਲ ਵਿਚ ਉਨ੍ਹਾਂ ਦੀ ਪਾਲਨਾ ਇਕ ਮੁਸਲਮਾਨ ਦਾਈ ਨੇ ਕੀਤੀ ਸੀ। ਦਾਰਾ ਹਰ ਰਾਏ ਦਾ ਸਭ ਤੋਂ ਵੱਡਾ ਮਿੱਤਰ ਸੀ ਅਤੇ ਦਸਵੇਂ ਗੁਰੂ ਸਾਹਿਬ ਨੂੰ ਕੁਝ ਵਿਦਿਆ ਮੁਸਲਮਾਨਾਂ ਨੇ ਦਿੱਤੀ ਸੀ। ਇਕ ਵਾਰ ਉਨ੍ਹਾਂ ਦੀ ਜਾਨ ਵੀ ਮੁਸਲਮਾਨਾਂ ਨੇ ਹੀ ਬਚਾਈ ਸੀ।

ਇਨ੍ਹਾਂ ਹਾਲਾਤ ਤੋਂ ਮਜਬੂਰ ਹੋ ਕੇ ਗੁਰੂ ਸਾਹਿਬ ਨੇ ਇਕ ਦਮ ਇਕ ਛੋਟੀ ਜੇਹੀ ਫ਼ੌਜ ਜਥੇਬੰਦ ਕਰਨੀ ਆਰੰਭ ਕਰ ਦਿੱਤੀ। ਇਹ ਕੰਮ ਨਿਮਨ ਲਿਖਤ ਅਨੁਸਾਰ ਨੇਪਰੇ ਚਾੜ੍ਹਿਆ ਗਿਆ :

(1) ਉਨ੍ਹਾਂ ਨੇ ਆਪਣੇ ਸਾਰੇ ਅਨੁਯਾਈਆਂ ਨੂੰ ਹਥਿਆਰ ਧਾਰਨ ਅਤੇ ਆਪਣੇ ਧਰਮ ਦੇ ਵੈਰੀਆਂ ਨਾਲ ਲੋਹਾ ਲੈਣ ਲਈ ਸਦਾ ਤਿਆਰ ਰਹਿਣ ਦੀ ਸਿਖਿਆ ਦਿੱਤੀ। ਉਹ ਉਨ੍ਹਾਂ ਦੇ ਰਾਖਵੇਂ ਸਿਪਾਹੀ ਬਣ ਗਏ ਤੇ ਜਦ ਵੀ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੱਦਾ ਦਿੱਤਾ, ਉਹ ਉਨ੍ਹਾਂ ਦੇ ਝੰਡੇ ਥੱਲੇ ਲੜਨ ਲਈ ਆ ਹਾਜ਼ਰ ਹੋਏ।

(2) ਉਨ੍ਹਾਂ ਨੇ ਸਾਰੇ ਖਰੂਦੀਆਂ ਤੇ ਬਾਗ਼ੀਆਂ ਨੂੰ ਆਪਣੇ ਪੈਰੋਕਾਰਾਂ[1] ਵਿਚ ਭਰਤੀ ਕਰ ਲਿਆ ਤੇ ਬਹੁਤ ਸਾਰੇ ਡਾਕੂਆਂ ਤੇ ਲੁਟੇਰਿਆਂ ਨੂੰ ਆਪਣੀ ਫ਼ੌਜ ਵਿਚ ਸ਼ਾਮਿਲ ਕਰ ਲਿਆ। ਉਨ੍ਹਾਂ ਕੋਲ 800 ਘੋੜਿਆਂ ਦਾ ਇਕ ਰਸਾਲਾ, 300 ਘੋੜ ਸਵਾਰ ਤੇ 60 ਤੋਪਚੀਆਂ ਦਾ ਇਕ ਦਸਤਾ ਸੀ ਜਿਹੜਾ ਉਨ੍ਹਾਂ ਦੀ ਨਿਜੀ ਰੱਖਿਆ ਕਰਦਾ ਸੀ।[2]

ਕੁਝ ਸਮੇਂ ਤਕ ਗੁਰੂ ਜੀ ਨਾਲ ਛੇੜ-ਛਾੜ ਨ ਹੋਈ ਤੇ ਉਹ ਜਹਾਂਗੀਰ ਦਾ ਪੱਖ ਜਿਤਣ ਵਿਚ ਸਫਲ ਹੋ ਗਏ। ਸ਼ਹਿਨਸ਼ਾਹ ਦੀ ਹਮਾਇਤ ਨਾਲ ਉਹ, ਲਾਹੌਰ ਦੇ ਦੀਵਾਨ ਚੰਦੂ ਸ਼ਾਹ ਤੋਂ ਬਦਲਾ ਲੈਣ ਵਿਚ ਸਫਲ ਹੋ ਗਏ ਸਨ, ਜੋ ਕਿ ਉਨ੍ਹਾਂ ਦੇ ਪਿਤਾ ਨੂੰ ਤਸੀਹ ਦੁਆਉਣ ਵਿਚ ਤੇ ਮਰਵਾਉਣ ਵਿਚ ਸਾਧਨ ਬਣਿਆ ਸੀ।[3] ਫਿਰ ਉਨ੍ਹਾਂ ਨੂੰ ਇਕ ਪ੍ਰਕਾਰ ਦਾ ਪੰਜਾਬ ਦੇ ਅਫ਼ਸਰਾਂ ਦੇ ਨਿਗਰਾਨ ਨਿਯੁਕਤ ਕਰ ਦਿੱਤਾ ਗਿਆ ਤੇ 700 ਘੋੜਿਆਂ ਤੇ ਪਜ ਤੋਪਾਂ ਦਾ ਕਮਾਂਡਰ ਥਾਪ ਦਿੱਤਾ ਗਿਆ।[4] ਗੁਰੂ ਜੀ ਨੇ ਇਹ ਕਮਾਨ ਪੰਜ ਵਰ੍ਹੇ ਸੰਭਾਲੀ ਰੱਖੀ। ਪਹਿਲਾਂ ਦੱਸੇ ਕਾਰਣਾਂ ਕਰ ਕੇ ਉਹ ਸ਼ਹਿਨਸ਼ਾਹ ਦੀ ਨਾਰਾਜ਼ਗੀ ਦੇ ਭਾਗੀ ਬਣ ਗਏ

---

1. ਕਨਿੰਘਮ: 'ਪੰਥ ਪ੍ਰਕਾਸ਼' ਦਾ ਲੇਖਕ ਇਕ ਪਰੰਪਰਾ ਦਾ ਵਰਣਨ ਕਰਦਾ ਹੈ ਕਿ ਜੈਸਲਮੇਰ ਦੇ ਭਗੌੜੇ ਰਾਜੇ ਰਾਮ ਪਰਤਾਪ ਨੇ ਗੁਰੂ ਹਰਗੋਬਿੰਦ ਕੋਲ ਪਨਾਹ ਲਈ ਸੀ ਤੇ ਉਨ੍ਹਾਂ ਨਾਲ ਇਤਨਾ ਜੁੜ ਗਿਆ ਸੀ ਕਿ ਜਦੋਂ ਗੁਰੂ ਜੀ ਜੋਤੀ ਜੋਤ ਸਮਾਏ ਤਾਂ ਰਾਜਾ ਤੇ ਉਸ ਦਾ ਪੁੱਤਰ ਰਾਮ ਸਿੰਘ ਅੱਗ ਵਿਚ ਕੁੱਦ ਪਏ ਤੇ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਚਿਤਾ ਵਿਚ ਭਸਮ ਕਰ ਲਿਆ। 'ਪੰਥ ਪ੍ਰਕਾਸ਼' ਦਾ ਲੇਖਕ ਯਾਰ ਖਾਂ ਤੇ ਖਵਾਜ ਸਰਾਏ ਦੇ ਨਾਂ ਵੀ ਦਸਦਾ ਹੈ ਜਿਹੜੇ ਕਿ ਮੁਗ਼ਲ ਸੈਨਾ ਵਿਚੋਂ ਖਾਰਜ ਕੀਤੇ ਹੋਏ ਕਮਾਂਡਰ ਸਨ ਤੇ ਜਿਨ੍ਹਾਂ ਨੇ ਗੁਰੂ ਜੀ ਕੋਲ ਪਨਾਹ ਲਈ ਸੀ।
2. 'ਦਬਿਸਤਾਨ:' ਕਨਿੰਘਮ ਤੋਪਚੀ ਦਾ ਅਨੁਵਾਦ ਤੋੜੇਦਾਰ ਬੰਦੂਕ ਵਾਲਾ ਕਰਦਾ ਹੈ ਜੋ ਗਲਤ ਹੈ।
3. ਡਾ. ਈ. ਟ੍ਰੰਪ ਕਹਿੰਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਕਾਨੂੰਨ ਆਪਣੇ ਹੱਥਾਂ ਵਿਚ ਲੈ ਲਿਆ ਤੇ ਸ਼ਾਹੀ ਆਗਿਆ ਜਾਂ ਸਹਾਇਤਾ ਬਿਨਾਂ ਹੀ ਦੀਵਾਨ ਨੂੰ ਮਾਰ ਸੁਟਿਆ। ਚੰਦੂ ਦੀਆਂ ਲੱਤਾਂ ਨਾਲ ਰੱਸਾ ਬੰਨ੍ਹ ਕੇ ਉਸ ਨੂੰ ਗਲੀਆਂ ਵਿਚ ਘੜੀਸਿਆ ਗਿਆ ਤੇ ਭਾਰੀ ਤਸੀਹੇ ਦੇ ਕੇ ਮਾਰਿਆ ਗਿਆ। ਮੇਰੇ ਖਿਆਲ ਵਿਚ ਇਹ ਗਲਤ ਹੈ।
4. 'ਪੰਥ ਪ੍ਰਕਾਸ਼'

ਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਦੇਸ਼ ਨਿਕਾਲਾ ਦੇ ਦਿੱਤਾ ਗਿਆ । ਰਿਹਾਈ ਪਿੱਛੋਂ ਉਨ੍ਹਾਂ ਨੇ ਕਈ ਸਾਲ ਸ਼ਾਂਤੀ ਨਾਲ ਕੱਟੇ ਜਦ ਤਕ ਕਿ ਸਵੈ ਰੱਖਿਆ ਲਈ ਹਥਿਆਰ ਉਠਾਉਣ ਲਈ ਉਹ ਫਿਰ ਮਜਬੂਰ ਨ ਹੋ ਗਏ ।

ਗੁਰੂ ਹਰਗੋਬਿੰਦ ਦਾ ਸੈਨਿਕ ਜੀਵਨ ਕਈ ਸਾਲਾਂ ਤਕ ਚਲਦਾ ਰਿਹਾ ਜਿਸ ਦੌਰਾਨ ਉਨ੍ਹਾਂ ਨੇ ਤਿੰਨ ਲੜਾਈਆਂ ਲੜੀਆਂ, ਜਿਨ੍ਹਾਂ ਸਾਰੀਆਂ ਵਿਚ ਹੀ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ ।

1. ਪਹਿਲੀ ਲੜਾਈ ਲਾਹੌਰ ਦੇ ਸੂਬੇਦਾਰ ਨੇ ਭੜਕਾਈ ਸੀ । ਇਸ ਦਾ ਕਾਰਣ ਇਹ ਸੀ ਕਿ ਇਕ ਸ਼ਰਧਾਲੂ ਸਿੱਖ ਗੁਰੂ ਜੀ ਲਈ ਤੁਰਕਿਸਤਾਨ ਤੋਂ ਕੁਝ ਖਾਸ ਨਸਲ ਦੇ ਘੋੜੇ ਲਿਆ ਰਿਹਾ ਸੀ । ਲਾਹੌਰ ਦੇ ਨਾਜ਼ਮ ਨੇ ਘੋੜਿਆਂ ਨੂੰ ਖੋਹ ਲਿਆ । ਇਨ੍ਹਾਂ ਵਿਚੋਂ ਸ਼ਹਿਨਸ਼ਾਹ ਨੇ ਇਕ ਘੋੜਾ ਆਪਣੇ ਲਈ ਰੱਖ ਲਿਆ ਅਤੇ ਇਕ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਨੂੰ ਬਖਸ਼ ਦਿੱਤਾ । ਪਰ ਗੁਰੂ ਜੀ ਇਸ ਨੂੰ ਮੁੜ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਤੇ ਕਾਜ਼ੀ ਦਾ ਤ੍ਰਿਸਕਾਰ ਕਰਨ ਲਈ ਉਸ ਦੀ ਮਨਭਾਉਂਦੀ ਰਖੇਲ[1] ਵੀ ਚੁਕਵਾ ਕੇ ਲੈ ਗਏ । ਸਿੱਟੇ ਵਜੋਂ ਲਾਹੌਰ ਦੇ ਨਾਇਬ ਨਾਜ਼ਮ ਮੁਖਲਿਸ ਖਾਂ ਅਤੇ ਕਾਜ਼ੀ ਦੇ ਦੋ ਪੁੱਤਰਾਂ ਨੇ 7000 ਦੀ ਭਾਰੀ ਫੌਜ ਨਾਲ ਗੁਰੂ ਜੀ ਤੇ ਹਮਲਾ ਕਰ ਦਿੱਤਾ । ਗੁਰੂ ਜੀ ਦੀ ਕਮਾਨ ਵਿਚ 5000 ਸਿਪਾਹੀਆਂ[2] ਨੇ ਉਨ੍ਹਾਂ ਨਾਲ ਜਾ ਟੱਕਰ ਲਈ । ਅੰਮ੍ਰਿਤਸਰ ਤੋਂ ਚਾਰ ਮੀਲ ਦੂਰ ਵਡਾਲੀ ਵਿਖੇ ਲੜਾਈ ਹੋਈ ਜਿਸ ਵਿਚ ਮੁਗਲਾਂ ਨੂੰ ਮੁਕੰਮਲ ਤੌਰ ਤੇ ਹਾਰ ਹੋਈ ।[3]

ਇਸ ਹਾਰ ਦੇ ਦੋ ਹਫਤੇ ਮਗਰੋਂ ਮੁਗਲਾਂ ਦੀ 15000 ਸੈਨਾ ਨੇ ਗੁਰੂ ਜੀ ਤੇ ਅੰਮ੍ਰਿਤਸਰ ਵਿਖੇ ਦੁਬਾਰਾ ਹਮਲਾ ਕਰ ਦਿੱਤਾ । ਗੁਰੂ ਜੀ ਨੇ ਥੋੜ੍ਹਾ ਜੇਹਾ ਟਾਕਰਾ ਕੀਤਾ ਪਰੰਤੂ ਸਿਆਣਪ ਨੂੰ ਸੂਰਮਤਾਈ ਤੋਂ ਚੰਗਾ ਸਮਝ ਕੇ ਉਹ ਆਪਣੇ ਪਹਾੜੀ ਮੋਰਚਿਆਂ ਵਿਚ

---

1. ਸਿੱਖਾਂ ਦੇ ਬ੍ਰਿਤਾਂਤ ਦਸਦੇ ਹਨ ਕਿ ਉਹ ਕਾਜ਼ੀ ਦੀ ਪੁੱਤਰੀ ਸੀ । ਕਨਿੰਘਮ ਅਨੁਸਾਰ ਮੁਸਲਮਾਨ ਮੰਨਦੇ ਹਨ ਕਿ ਉਹ ਰਖੇਲ ਸੀ ਅਤੇ ਲੜਕੀ ਦਾ ਹਿੰਦੂ ਨਾਂ ਕੌਲਾਂ (ਕੰਵਲ ਫੁੱਲ) ਵੀ ਮੁਸਲਮਾਨਾਂ ਦੇ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ । ਲੜਕੀ ਜ਼ਰੂਰ ਹੀ ਹਿੰਦੂ ਹੋਵੇਗੀ । ਉਸ ਨੂੰ ਕਾਜ਼ੀ ਨੇ ਅਗਵਾ ਕੀਤਾ ਹੋਵਾ ਹੈ । ਉਨ੍ਹਾਂ ਦਿਨਾਂ ਵਿਚ ਅਜੇਹੀ ਘਟਨਾ ਦਾ ਵਾਪਰ ਜਾਣਾ ਕੋਈ ਅਸਾਧਾਰਣ ਘਟਨਾ ਨਹੀਂ ਸੀ । ਗੁਰੂ ਜੀ ਨੂੰ ਹਿੰਦੂਆਂ ਦਾ ਰਖਵਾਲਾ ਸਮਝਿਆ ਜਾਂਦਾ ਸੀ । ਉਹ ਬਚ ਕੇ ਗੁਰੂ ਜੀ ਦੀ ਸ਼ਰਨ ਵਿਚ ਆ ਗਈ ਹੋਵੇਗੀ । ਉਹ ਉਸ ਨਾਲ ਬੜੀ ਹਮਦਰਦੀ ਨਾਲ ਪੇਸ਼ ਆਏ ਅਤੇ ਉਸ ਦੇ ਨਾਂ ਤੇ ਅੰਮ੍ਰਿਤਸਰ ਵਿਖੇ ਇਕ ਸਰੋਵਰ ਬਣਵਾ ਕੇ ਉਸ ਨੂੰ ਅਮਰ ਕਰ ਦਿੱਤਾ । ਇਹ ਸਰੋਵਰ ਅਜ ਵੀ ਉਸ ਦੇ ਨਾਂ ਤੇ ਕੌਲ ਸਰ ਅਖਵਾਉਂਦਾ ਹੈ ।
2. 'ਪੰਥ ਪ੍ਰਕਾਸ਼' ਦੇ ਲੇਖਕ ਅਨੁਸਾਰ ਇਨ੍ਹਾਂ ਦੀ ਸੰਖਿਆ ਸਿਰਫ਼ 3000 ਸੀ ।
3. 'ਪੰਥ ਪ੍ਰਕਾਸ਼' ਅਨੁਸਾਰ ਇਹ ਲੜਾਈ 13 ਚੇਤ, ਸੰਮਤ 1685 ਬਿਕਰਮੀ (1628 ਈ.) ਨੂੰ ਹੋਈ ।

ਮੁੜ ਗਏ। ਇਸ ਤੋਂ ਇਕ ਸਾਲ ਪਿੱਛੋਂ ਜਦੋਂ ਉਹ ਸ੍ਰੀ ਹਰਗੋਬਿੰਦਪੁਰ ਵਿਖੇ ਜਿਹੜਾ ਕਿ ਉਨ੍ਹਾਂ ਦਾ ਆਪਣਾ ਵਸਾਇਆ ਹੋਇਆ ਕਸਬਾ ਸੀ, ਆਰਾਮ ਕਰ ਰਹੇ ਸਨ ਤਾਂ ਉਨ੍ਹਾਂ ਉਪਰ ਜਲੰਧਰ ਦੇ ਨਾਜ਼ਮ ਦੀਆਂ ਫੌਜਾਂ ਨੇ ਅਲੀ ਬਖ਼ਸ਼ ਤੇ ਇਮਾਮ ਬਖ਼ਸ਼ ਦੀ ਅਗਵਾਈ ਹੇਠ ਦੁਬਾਰਾ ਅਚਾਨਕ ਹਮਲਾ ਕਰ ਦਿੱਤਾ। ਗੁਰੂ ਜੀ ਨੇ ਆਪਣੇ ਦੋ ਹਜ਼ਾਰ ਸਿੱਖਾਂ ਨਾਲ 5000 ਮੁਗਲਾਂ ਵਿਰੁੱਧ ਟੱਕਰ ਲੈ ਕੇ ਮੁਕੰਮਲ ਜਿੱਤ ਪ੍ਰਾਪਤ ਕੀਤੀ। ਨਾਜ਼ਮ ਆਪ ਹਾਰੀ ਹੋਈ ਫੌਜ ਨੂੰ ਸੰਭਾਲਣ ਲਈ ਆਇਆ ਪਰ ਉਹ ਥਾਵੇਂ ਹੀ ਮਾਰਿਆ ਗਿਆ।

2. ਦੂਜੀ ਮਹੱਤਵਪੂਰਣ ਲੜਾਈ ਜਿਸ ਦਾ ਵਰਣਨ ਵੀ ਕਨਿੰਘਮ ਨੇ ਕੀਤਾ ਹੈ ਗੁਰੂ ਜੀ ਨੇ ਆਪ ਛੇੜੀ। ਗੁਰੂ ਜੀ ਉਸ ਹੱਤਕ ਨੂੰ ਕਦੀ ਨਹੀਂ ਭੁੱਲੇ ਸਨ ਜਿਹੜੀ ਲਾਹੌਰ ਦੇ ਨਾਜ਼ਮ ਨੇ ਘੋੜਿਆਂ ਤੇ ਜ਼ਬਰਦਸਤੀ ਕਬਜ਼ਾ ਕਰ ਕੇ ਕੀਤੀ ਸੀ। ਇਹ ਘੋੜੇ ਉਨ੍ਹਾਂ ਦਾ ਇਕ ਸਾਥੀ ਉਨ੍ਹਾਂ ਲਈ ਤੁਰਕਿਸਤਾਨ ਤੋਂ ਲਿਆਇਆ ਸੀ। ਹੁਣ ਉਨ੍ਹਾਂ ਨੇ ਆਪਣੇ ਵਿਸ਼ਵਾਸੀ ਸਾਥੀਆਂ ਵਿਚੋਂ ਇਕ ਨੂੰ[1] ਜਿਹੜਾ ਗੁਰੂ ਜੀ ਦੀ ਸੈਨਾ ਵਿਚ ਭਰਤੀ ਹੋਣ ਤੋਂ ਪਹਿਲਾਂ ਇਕ ਨਿਧੜਕ ਲੁਟੇਰਾ ਸੀ, ਉਨ੍ਹਾਂ ਦੋ ਘੋੜਿਆਂ ਨੂੰ ਮੋੜ ਲਿਆਉਣ ਲਈ ਲਾਹੌਰ ਭੇਜਿਆ।

ਬਿਧੀ ਚੰਦ ਨੇ ਇਕ ਘਸਿਆਰੇ ਦਾ ਭੇਸ ਬਣਾਇਆ ਤੇ ਕੁਝ ਸਮਾਂ ਪਿੱਛੋਂ ਉਸ ਨੂੰ ਸ਼ਾਹੀ ਤਬੇਲਿਆਂ ਦਾ ਸਾਈਸ ਮੁਕੱਰਰ ਕਰ ਦਿੱਤਾ ਗਿਆ। ਰਾਵੀ ਦੀ ਇਕ ਸ਼ਾਖ ਉਨ੍ਹੀਂ ਦਿਨੀ ਐਨ ਕਿਲ੍ਹੇ ਦੇ ਹੇਠਾਂ ਦੀਆਂ ਕੰਧਾਂ ਨਾਲ ਖਹਿੰਦੀ ਹੋਈ ਵਹਿੰਦੀ ਸੀ। ਇਕ ਹਨੇਰੀ ਰਾਤ ਨੂੰ ਬਿਧੀ ਚੰਦ ਉਨ੍ਹਾਂ ਘੋੜਿਆਂ ਵਿਚੋਂ ਇਕ ਤੇ ਚੜ੍ਹਿਆ ਤੇ ਥੱਲੇ ਦਰਿਆ ਵਿਚ ਕੁੱਦ ਪਿਆ ਤੇ ਸਹੀ ਸਲਾਮਤ ਇਸ ਨੂੰ ਗੁਰੂ ਜੀ ਪਾਸ ਲੈ ਆਇਆ। ਗੁਰੂ ਜੀ ਬੜੇ ਖੁਸ਼ ਹੋਏ। ਪਰ ਘੋੜੇ ਨੂੰ ਵੇਖਦਿਆਂ ਹੀ ਉਨ੍ਹਾਂ ਨੇ ਦੂਜੇ ਘੋੜੇ ਦੀ ਪ੍ਰਾਪਤੀ ਲਈ ਇੱਛਾ ਜ਼ਾਹਰ ਕੀਤੀ ਤੇ ਬਿਧੀ ਚੰਦ ਨੂੰ ਦੁਬਾਰਾ ਕਿਸਮਤ-ਅਜ਼ਮਾਈ ਲਈ ਭੇਜਿਆ। ਇਸ ਵਾਰ ਉਸ ਨੇ ਆਪਣਾ ਭੇਸ ਇਕ ਖੋਜੀ ਦਾ ਬਣਾਇਆ ਤੇ ਆਪਣੇ ਆਪ ਨੂੰ ਹਰ ਪ੍ਰਕਾਰ ਦੀ ਚੋਰੀ ਲੱਭਣ ਦੇ ਯੋਗ ਦਸਿਆ। ਛੇਤੀ ਹੀ ਉਸ ਨੂੰ ਕਿਲ੍ਹੇ ਅੰਦਰ ਲੈ ਜਾਇਆ ਗਿਆ ਤੇ ਉਸ ਨੂੰ ਉਹ ਚੋਰ ਲੱਭਣ ਵਿਚ ਆਪਣੀ ਕਲਾ ਵਰਤਣ ਲਈ ਕਿਹਾ ਗਿਆ ਜਿਸ ਨੇ ਸ਼ਾਹੀ ਘੋੜਾ ਚੁਰਾਇਆ ਸੀ। ਉਸ ਨੇ ਬੇਨਤੀ ਕੀਤੀ ਕਿ ਉਸ ਨੂੰ ਇਕੱਲਿਆਂ ਉਥੇ ਛਡਿਆ ਜਾਵੇ ਜਿਥੋਂ ਚੋਰੀ ਕੀਤੀ ਗਈ ਸੀ। ਮੌਕਾ ਮਿਲਦਿਆਂ ਹੀ ਉਹ ਦੂਜੇ ਘੋੜੇ ਤੇ ਸਵਾਰ ਹੋ ਕੇ ਦੁਬਾਰਾ ਦਰਿਆ ਵਿਚ ਕੁੱਦ ਪਿਆ।

---

1. 'ਗੁਰੂ ਬਲਾਸ' ਅਤੇ 'ਪੰਥ ਪ੍ਰਕਾਸ਼' ਅਨੁਸਾਰ ਇਸ ਦਾ ਨਾਮ ਬਿਧੀ ਚੰਦ ਸੀ ਅਤੇ ਇਹ ਸੁਰਸਿੰਘ ਦਾ ਵਾਸੀ ਇਕ ਛੀਨਾ ਜੱਟ ਸੀ।

ਐਪਰ ਉਸ ਨੇ ਆਪਣਾ ਬਚਨ ਨਿਭਾਇਆ। ਕੁੱਦਣ ਤੋਂ ਐਨ ਪਹਿਲਾਂ ਉਸ ਨੇ ਲਲਕਾਰ ਕੇ ਦਸਿਆ ਕਿ ਚੋਰ ਕੌਣ ਸੀ ਤੇ ਚੁਰਾਇਆ ਹੋਇਆ ਘੋੜਾ ਕਿਥੇ ਚਲਾ ਗਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵੰਗਾਰ ਕੇ ਚਣੌਤੀ ਦਿੱਤੀ ਕਿ ਜੇ ਹਿੰਮਤ ਹੈ ਤਾਂ ਦੋਵੇਂ ਘੋੜੇ ਉਸ ਦੇ ਮਾਲਿਕ, ਸੱਚੇ ਪਾਤਸ਼ਾਹ ਗੁਰੂ ਹਰਗੋਬਿੰਦ ਤੋਂ ਮੁੜਵਾ ਲੈਣ। ਇਸ ਦਾ ਸਿੱਟਾ ਇਹ ਹੋਇਆ ਕਿ ਗੁਰੂ ਜੀ ਵਿਰੁੱਧ ਇਕ ਤਕੜੀ ਫੌਜ ਘੱਲੀ ਗਈ। ਅਬਦੁੱਲਾ ਖਾਂ, ਸਲੀਮ ਖਾਂ ਤੇ ਬਹਿਲੋਲ ਖਾਂ ਨੇ ਗੁਰੂ ਜੀ ਤੇ 2200 ਸਿਪਾਹੀਆਂ ਦੀ ਫੌਜ ਲੈ ਕੇ ਧਾਵਾ ਬੋਲ ਦਿੱਤਾ। ਮਾਲਵੇ ਦੇ ਇਕ ਪਿੰਡ ਲਹਿਰਾ ਵਿਖੇ ਲੜਾਈ ਹੋਈ। ਗੁਰੂ ਜੀ ਨੂੰ ਮੁੜ ਜਿੱਤ ਪ੍ਰਾਪਤ ਹੋਈ[1] ।

3. ਇਸ ਲੜਾਈ ਪਿੱਛੋਂ ਗੁਰੂ ਜੀ ਨੇ ਕੁਝ ਸਮੇਂ ਲਈ ਮੈਦਾਨ ਤੋਂ ਲਾਂਭੇ ਰਹਿਣ ਵਿਚ ਸਿਆਣਪ ਸਮਝੀ ਤੇ ਉਹ ਬਠਿੰਡੇ ਦੇ ਮਾਰੂਥਲ ਵੱਲ ਚਲੇ ਗਏ ਜਿਥੇ ਉਨ੍ਹਾਂ ਨੇ ਆਪਣੇ ਧਰਮ ਦਾ ਪ੍ਰਚਾਰ ਕਰ ਕੇ ਬਹੁਤ ਸਾਰੇ ਸਿੱਖ ਬਣਾਏ। ਕੋਈ ਦੋ ਵਰ੍ਹਿਆਂ ਪਿੱਛੋਂ ਉਨ੍ਹਾਂ ਨੇ ਅੰਮ੍ਰਿਤਸਰ ਦਾ ਤੂਫ਼ਾਨੀ ਦੌਰਾ ਕੀਤਾ ਜਿਸ ਨੂੰ ਉਹ ਸਰਕਾਰ ਨਾਲ ਵਿਰੋਧੀ ਸੰਬੰਧਾਂ ਕਾਰਣ ਅਮਲੀ ਤੌਰ ਤੇ ਛੱਡ ਚੁੱਕੇ ਸਨ ਤੇ ਜਲੰਧਰ ਕੋਲ ਕਰਤਾਰਪੁਰ ਵਿਖੇ ਰਹਿਣ ਲੱਗ ਪਏ ਸਨ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਤੇ ਉਨ੍ਹਾਂ ਦੇ ਲੈ-ਪਾਲਕ ਭਰਾ ਪੈਂਦਾ ਖਾਂ ਵਿਚਕਾਰ ਦੁਸ਼ਮਣੀ ਪੈ ਗਈ। ਪੈਂਦਾ ਖਾਂ ਰਿਸ਼ਟ-ਪੁਸ਼ਟ ਤੇ ਸ਼ਾਨਦਾਰ ਸਿਪਾਹੀ ਸੀ ਜਿਸ ਨੇ ਸਾਰੀਆਂ ਲੜਾਈਆਂ ਵਿਚ ਗੁਰੂ ਸਾਹਿਬ ਦੀਆਂ ਫੌਜਾਂ ਦੀ ਕਮਾਨ ਸੰਭਾਲੀ ਸੀ। ਉਹ ਸੁਭਾਵਿਕ ਹੀ ਅਨੁਭਵ ਕਰਨ ਲੱਗ ਪਿਆ ਸੀ ਕਿ ਗੁਰੂ ਜੀ ਦੀਆਂ ਲਗਾਤਾਰ ਜਿੱਤਾਂ ਦਾ ਕਾਰਣ ਉਹ ਆਪ ਹੈ।[2] ਦੋਵਾਂ ਵਿਚਕਾਰ ਇਕ ਛੋਟੀ ਜੇਹੀ ਗੱਲ ਤੇ ਝਗੜਾ ਹੋ ਗਿਆ।[3] ਗੁਰੂ ਜੀ ਦੀਆਂ ਵਧੀਕੀਆਂ ਵੀ ਸ਼ਹਿਨਸ਼ਾਹ ਦੇ ਦਿਲ ਵਿਚ ਰੜਕ ਰਹੀਆਂ ਸਨ ਤੇ ਚੰਦੂ ਦਾ ਪੁੱਤਰ ਤੇ ਉਨ੍ਹਾਂ ਦਾ ਆਪਣਾ ਚਚੇਰਾ ਭਾਈ, ਪ੍ਰਿਥੀ ਦਾ ਪੁੱਤਰ, ਉਨ੍ਹਾਂ ਤੋਂ ਬਦਲਾ

---

1. 'ਪੰਥ ਪ੍ਰਕਾਸ਼' ਅਨੁਸਾਰ ਇਹ ਲੜਾਈ ਪੋਹ ਸੰਮਤ 1688 ਜਾਂ ਦਸੰਬਰ 1631 ਈਸਵੀ ਵਿਚ ਹੋਈ। ਕਿਸੇ ਵੀ ਅੰਗ੍ਰੇਜ਼ ਇਤਿਹਾਸਕਾਰ ਨੇ ਇਸ ਲੜਾਈ ਦੀ ਤਾਰੀਖ ਨਹੀਂ ਦਿੱਤੀ।
2. ਗੁਰੂ ਜੀ ਨੇ ਉਸ ਨਾਲ ਸਦਾ ਅਪਾਰ ਕ੍ਰਿਪਾ ਦਾ ਵਰਤਾਉ ਕੀਤਾ ਸੀ। ਉਨ੍ਹਾਂ ਨੇ ਉਸ ਦਾ ਵਿਆਹ ਆਪਣੇ ਖਰਚੇ ਤੇ ਕੀਤਾ ਸੀ । ਉਸ ਦੀ ਖੁਸ਼ੀ ਲਈ ਸ੍ਰੀ ਹਰਗੋਬਿੰਦਪੁਰ ਵਿਖੇ ਇਕ ਸ਼ਾਨਦਾਰ ਮਕਾਨ, ਇਥੋਂ ਤੀਕ ਕਿ ਇਕ ਮਸੀਤ ਤੇ ਇਕ ਸਰਾਂ ਬਣਵਾਈ ਸੀ।
3. ਕਨਿੰਘਮ ਅਨੁਸਾਰ ਇਸ ਦਾ ਕਾਰਣ ਪੈਂਦਾ ਖਾਂ ਦਾ ਗੁਰੂ ਜੀ ਦੇ ਇਕ ਪਿਆਰੇ ਬਾਜ਼ ਨੂੰ ਫੜ ਲੈਣਾ ਸੀ। 'ਪੰਥ ਪ੍ਰਕਾਸ਼' ਤੇ 'ਗੁਰੂ ਬਿਲਾਸ' ਅਨੁਸਾਰ ਇਹ ਪੈਂਦਾ ਖਾਂ ਦੇ ਜੁਆਈ ਦੇ ਕਮੀਨੇਪਣ ਕਰਕੇ ਹੋਇਆ ਜਿਸ ਨੇ ਹੋਰ ਚੀਜ਼ਾਂ ਨਾਲ ਇਕ ਸੁੰਦਰ ਤਲਵਾਰ ਤੇ ਇਕ ਮੋਤੀਆਂ ਦਾ ਹਾਰ ਜਿਹੜਾ ਗੁਰੂ ਜੀ ਦੇ ਪੁੱਤਰ ਦਾ ਸੀ, ਦੁਰਾ ਲਿਆ ਸੀ। ਮੁਨਸ਼ੀ ਸੋਹਨ ਲਾਲ ਲਿਖਦਾ ਹੈ ਕਿ ਪੈਂਦੇ ਨੇ ਆਪਣੇ ਜੁਆਈ ਨੂੰ ਗੁਰੂ ਸਾਹਿਬ ਦੁਆਰਾ ਉਸ ਦੀ ਆਪਣੀ ਵਰਤੋਂ ਲਈ ਬਖਸ਼ਿਆ ਘੋੜਾ ਤੇ ਖਿਲਅਤ ਦੇ ਕੇ ਗੁਰੂ ਜੀ ਦੀ ਨਾਰਾਜ਼ਗੀ ਮੁੱਲ ਲੈ ਲਈ ਸੀ।

ਲੈਣ ਲਈ ਸਦਾ ਮੌਕੇ ਦੀ ਤਾੜ ਵਿਚ ਰਹਿੰਦੇ ਸਨ । ਉਨ੍ਹਾਂ ਨੇ ਪੈਂਦੇ ਨਾਲ ਮਿਲ ਕੇ ਉਸ ਦੀ ਸ਼ਕਤੀ, ਸਾਹਸ ਤੇ ਜਰਨੈਲੀ ਦੀ ਤਾਰੀਫ਼ ਕੀਤੀ ਤੇ ਸਭ ਨੇ ਇਕੱਠੇ ਹੋ ਕੇ ਸ਼ਹਿਨਸ਼ਾਹ ਕੋਲ ਜਾ ਕੇ ਇਹ ਪੇਸ਼ਕਸ਼ ਕੀਤੀ ਕਿ ਜੇ ਉਨ੍ਹਾਂ ਨੂੰ ਲੋੜੀਂਦੀ ਸੈਨਾ ਦੇ ਦਿੱਤੀ ਜਾਵੇ ਤਾਂ ਇਸ ਵਾਰ ਉਹ ਗੁਰੂ ਜੀ ਨੂੰ ਨਸ਼ਟ ਕਰ ਦੇਣਗੇ । ਇਸ ਯੋਜਨਾ ਅਨੁਸਾਰ ਅਪਰੈਲ 1634 ਈ. ਨੂੰ ਗੁਰੂ ਜੀ ਉੱਤੇ ਕਰਤਾਰਪੁਰ ਵਿਖੇ ਧਾਵਾ ਬੋਲ ਦਿੱਤਾ ਗਿਆ । ਸਿਰਲੱਥ ਲੜਾਈ ਲੜੀ ਗਈ । ਗੁਰੂ ਜੀ ਨੇ ਗੱਦਾਰ ਪੈਂਦੇ ਨੂੰ ਆਪਣੇ ਹੱਥਾਂ ਨਾਲ ਮਾਰ ਸੁੱਟਿਆ ਤੇ ਮੁਗ਼ਲ ਸੈਨਾ ਭਾਰੀ ਖ਼ੂਨਖਰਾਬੇ ਪਿੱਛੋਂ ਪਿਛਾੜ ਦਿੱਤੀ ਗਈ । ਚੰਦੂ ਦਾ ਪੁੱਤਰ ਵੀ ਮਾਰਿਆ ਗਿਆ ।

ਕਿਉਂਕਿ ਗੁਰੂ ਜੀ ਜੇਤੂ ਸਨ ਇਸ ਲਈ ਉਨ੍ਹਾਂ ਨੇ ਮੈਦਾਨੀ ਇਲਾਕੇ ਵਿਚ ਹੋਰ ਰਹਿਣਾ ਸੁਰੱਖਿਅਤ ਨ ਸਮਝਿਆ । ਸਿੱਟੇ ਵਜੋਂ ਉਨ੍ਹਾਂ ਨੇ ਕੀਰਤਪੁਰ ਦੀਆਂ ਪਹਾੜੀਆਂ ਵਿਚ ਜਾ ਬਸੇਰਾ ਕੀਤਾ ਜਿਥੇ ਉਨ੍ਹਾਂ ਨੇ 1644 ਈ. ਵਿਚ ਆਪਣੇ ਜੋਤੀ ਜੋਤ ਸਮਾਉਣ ਤਕ ਸ਼ਾਂਤੀ ਪੂਰਵਕ ਜੀਵਨ ਬਿਤਾਇਆ ।

ਸਿੱਖ ਗੁਰੂ ਸਾਹਿਬਾਨ ਵਿਚੋਂ ਗੁਰੂ ਹਰਗੋਬਿੰਦ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਫੌਜੀ ਜੀਵਨ ਅਪਣਾਇਆ । ਇਤਿਹਾਸ ਦਸਦਾ ਹੈ ਕਿ ਉਨ੍ਹਾਂ ਦੇ ਲੱਕ ਨਾਲ ਬੰਨ੍ਹੀ ਤਲਵਾਰ ਅਜਾਈਂ ਨਹੀਂ ਗਈ । "ਗੁਰੂ ਸਾਹਿਬ ਪਿੱਛੋਂ ਉਨ੍ਹਾਂ ਦੇ ਮੁਰੀਦਾਂ ਦਾ ਸਾਧੂਆਂ ਤੇ ਫ਼ਕੀਰਾਂ ਦੇ ਤੰਗ ਜੇਹੇ ਉਪਯੋਗੀ ਲਾਭਾਂ ਵੱਲ ਝੁਕ ਜਾਣ ਦਾ ਤੌਖਲਾ ਜਾਂਦਾ ਰਿਹਾ ।"[1] ਉਨ੍ਹਾਂ ਨੂੰ ਕੇਵਲ ਇਹੀ ਸਪਸ਼ਟ ਨਹੀਂ ਸੀ ਹੋ ਗਿਆ ਕਿ ਸੰਸਾਰਕ ਕੰਮ-ਧੰਦੇ ਡੂੰਘੀ ਮਜ਼੍ਹਬੀ ਭਾਵਨਾ ਤੇ ਉੱਤਮ ਪਵਿਤ੍ਰਤਾ ਦੇ ਐਨ ਅਨੁਕੂਲ ਹੁੰਦੇ ਹਨ ਅਤੇ ਆਪਣੇ ਘਰ-ਬਾਰ ਦੀ ਸੁਰੱਖਿਆ ਲਈ ਹਥਿਆਰ ਚੁੱਕਣੇ ਉਨ੍ਹਾਂ ਦਾ ਪਰਮ ਕਰਤੱਵ ਹੈ[2] ਸਗੋਂ ਲਗਾਤਾਰ ਜਿੱਤਾਂ ਨੇ ਉਨ੍ਹਾਂ ਨੂੰ ਆਪਣੀ ਸ਼ਕਤੀ ਤੇ ਮੁਗ਼ਲ ਰਾਜ ਦੀ ਕਮਜ਼ੋਰੀ ਦਾ ਵੀ ਅਨੁਭਵ ਕਰਵਾ ਦਿੱਤਾ ਸੀ । 'ਦਬਿਸਤਾਨ' ਵਿਚ ਇਕ ਸਾਖੀ ਆਉਂਦੀ ਹੈ ਜਿਹੜੀ ਗੁਰੂ ਹਰਗੋਬਿੰਦ ਦੇ ਸਮੇਂ ਵਿਚ ਸਿੱਖਾਂ ਦੁਆਰਾ ਪ੍ਰਾਪਤ ਕੀਤੀ ਮਹਾਨ ਸ਼ਕਤੀ ਦੀ ਪ੍ਰਤੀਕ ਹੈ । ਉਨ੍ਹਾਂ ਦੇ ਅਨੁਯਾਈਆਂ ਵਿਚੋਂ ਇਕ ਉਤੇ ਮੂਰਤੀ ਤੋੜਨ ਦਾ ਸ਼ੱਕ ਕੀਤਾ ਗਿਆ । ਬਹੁਤ ਸਾਰੇ ਗੁਆਂਢੀ ਰਾਜਿਆਂ ਨੇ, ਜਿਹੜੇ ਲਗਭਗ ਸਾਰੇ ਹੀ ਬੁੱਤ-ਪੂਜ ਸਨ, ਗੁਰੂ ਜੀ ਪਾਸ ਸ਼ਿਕਾਇਤ ਕੀਤੀ । ਗੁਰੂ ਜੀ ਨੇ ਉਸ ਸਿੱਖ ਨੂੰ ਬੁਲਾ ਕੇ ਪੁਛਿਆ ਕਿ ਕੀ ਮੂਰਤੀ ਉਸ ਨੇ ਤੋੜੀ ਸੀ । ਸਿੱਖ ਨੇ ਐਲਾਨ ਕੀਤਾ ਕਿ ਜੇ ਦੇਵਤਾ ਉਸ ਵਿਰੁੱਧ ਗਵਾਹੀ ਭਰ ਦੇਵੇਂ ਤਾਂ ਉਹ ਮੌਤ

---

1. ਕਨਿੰਘਮ, ਪੰਨਾ 54
2. ਮੰਨੂ ਨੇ ਆਤਤਾਈਆਂ ਭਾਵ ਹਮਲਾਆਵਰਾਂ ਦੇ ਵਿਨਾਸ਼ ਦੀ ਆਗਿਆ ਦਿੱਤੀ ਹੈ ।

ਪ੍ਰਵਾਨ ਕਰਨ ਲਈ ਤਿਆਰ ਹੈ। ਰਾਜਿਆਂ ਨੇ ਕਿਹਾ, "ਦੇਵਤਾ ਕਿਵੇਂ ਬੋਲ ਸਕਦਾ ਹੈ ?" "ਤਾਂ ਉਹ ਤੁਹਾਨੂੰ ਕਿਵੇਂ ਬਚਾਵੇਗਾ ?" ਸਿੱਖ ਨੇ ਮੂੰਹ ਤੋੜ ਜੁਆਬ ਦਿੱਤਾ ਤੇ ਗੱਲ ਉਥੇ ਹੀ ਮੁਕ ਗਈ।

ਇਸੇ ਪੁਸਤਕ ਵਿਚ ਇਕ ਹੋਰ ਸਾਖੀ ਆਉਂਦੀ ਹੈ ਜਿਹੜੀ ਦਸਦੀ ਹੈ ਕਿ ਗੁਰੂ ਜੀ ਆਪਣੇ ਗੁਪਤ ਅਸਰ ਅਤੇ ਆਪਣੇ ਅਨੁਯਾਈਆਂ ਦੀ ਸ਼ਕਤੀ ਤੋਂ ਜਾਣੂ ਸਨ। ਆਪਣੇ ਨਿੱਘੇ ਮਿੱਤਰ[1] 'ਦਬਿਸਤਾਨ' ਦੇ ਲੇਖਕ ਦੀ ਬੇਸਮਝੀ ਜਾਂ ਘੁਮੰਡ ਦਾ ਇਕ ਵਾਰੀ ਗੁਰੂ ਸਾਹਿਬ ਨੇ ਇੰਜ ਮਜ਼ਾਕ ਉਡਾਇਆ। ਉਨ੍ਹਾਂ ਨੇ ਕਿਹਾ, "ਉੱਤਰ ਦੇ ਕਿਸੇ ਰਾਜੇ ਨੇ ਦਿੱਲੀ ਨਾਮੀ ਸਥਾਨ ਦਾ ਪਤਾ ਲਾਉਣ ਅਤੇ ਉਸ ਦੇ ਬਾਦਸ਼ਾਹ ਦੇ ਨਾਂ ਤੇ ਵਲਦੀਅਤ ਦਾ ਪਤਾ ਕਰਨ ਲਈ ਇਕ ਸਫੀਰ ਭੇਜਿਆ ਹੈ।[2] ਮੈਨੂੰ ਹੈਰਾਨੀ ਹੁੰਦੀ ਹੈ ਕਿ ਉਸ ਨੇ ਮੋਮਨਾਂ ਦੇ ਸਰਦਾਰ ਅਤੇ ਪ੍ਰਬਲ ਮਾਲਿਕ ਆਦਿ ਦਾ ਨਾਂ ਕਿਉਂ ਨਹੀਂ ਸੁਣਿਆ ਸੀ।"

---

1. ਮੋਹਸਿਨ ਫ਼ਾਨੀ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਉਹ 1053 ਹਿਜਰੀ ਵਿਚ ਗੁਰੂ ਜੀ ਦੇ ਸੰਪਰਕ ਵਿਚ ਆਇਆ ਤੇ ਪਹਿਲੇ ਪੰਜ ਗੁਰੂਆਂ ਦਾ ਵੇਰਵਾ ਗੁਰੂ ਸਾਹਿਬ ਨੇ ਉਸ ਨੂੰ ਦਿੱਤਾ। ਛੇਵੇਂ ਗੁਰੂ ਸਾਹਿਬ ਦਾ ਵੇਰਵਾ ਉਸ ਦੇ ਆਪਣੇ ਅਨੁਭਵ ਤੇ ਆਧਾਰਿਤ ਹੈ।
2. ਵੇਖੋ ਕਨਿੰਘਮ, ਪੰਨਾ 57

ਸ਼ਾਂਤਮਈ ਸੰਗਠਨ

1. (ਗੁਰੂ) ਹਰ ਰਾਏ (1645-1662)

ਗੁਰੂ ਹਰਗੋਬਿੰਦ ਸਾਹਿਬ ਤੋਂ ਪਿੱਛੋਂ ਉਨ੍ਹਾਂ ਦੇ ਪੋਤਰੇ (ਗੁਰੂ) ਹਰ ਰਾਏ ਗੱਦੀ ਤੇ ਬੈਠੇ। ਉਹ ਗੁਰੂ ਹਰਗੋਬਿੰਦ ਦੇ ਸਭ ਤੋਂ ਵੱਡੇ ਪੁੱਤਰ ਗੁਰਦਿੱਤਾ, ਜਿਸ ਦਾ ਦੇਹਾਂਤ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੋ ਚੁਕਿਆ ਸੀ, ਦੇ ਛੋਟੇ ਸਪੁੱਤਰ ਸਨ। ਗੱਦੀ ਤੇ ਬੈਠਣ ਸਮੇਂ ਗੁਰੂ ਹਰ ਰਾਏ ਦੀ ਆਯੂ ਕੇਵਲ ਚੋਦਾਂ ਵਰ੍ਹਿਆਂ ਦੀ ਸੀ। ਸਿੱਖ ਮੁਸੀਬਤਾਂ ਭਰੇ ਜੀਵਨ ਵਿਚੋਂ ਗੁਜ਼ਰੇ ਹੀ ਸਨ ਅਤੇ ਉਨ੍ਹਾਂ ਦੇ ਜੀਵਨ ਵਿਚ ਠਹਿਰਾਉ ਆਉਣਾ ਸੁਭਾਵਿਕ ਹੀ ਸੀ।

ਇਸ ਤੋਂ ਇਲਾਵਾ ਸ਼ਾਂਤੀ ਦੇ ਕਾਰਜ ਨੂੰ ਦੋ ਹੋਰ ਕਾਰਣਾਂ ਕਰਕੇ ਬਲ ਮਿਲਿਆ :-

1. ਪਹਿਲਾ ਕਾਰਣ ਤਾਂ ਗੁਰੂ ਹਰ ਰਾਏ ਦੀ ਸੁਭਾਵਿਕ ਰੁਚੀ ਸੀ। ਉਹ ਸੁਭਾਵ ਵਜੋਂ ਸ਼ਾਂਤੀ-ਪ੍ਰਿਯ ਅਤੇ ਚਿੰਤਨਸ਼ੀਲ ਵਿਅਕਤੀ ਸਨ ਜਿਨ੍ਹਾਂ ਨੂੰ ਸ਼ਿਕਾਰ ਦੇ ਜੋਰ ਅਤੇ ਯੁਧ ਦੇ ਰੌਲੇ-ਗੌਲੇ ਨਾਲੋਂ ਪਹਾੜਾਂ ਦਾ ਇਕਾਂਤ ਅਤੇ ਸ਼ਾਂਤੀਮਈ ਸਾਧਨਾ ਵਧੇਰੇ ਚੰਗੇ ਲਗਦੇ ਸਨ। ਕਿਹਾ ਜਾਂਦਾ ਹੈ ਕਿ ਇਕ ਦਿਨ ਜਦੋਂ ਉਹ ਬਾਗ ਵਿਚ ਸੈਰ ਕਰ ਰਹੇ ਸਨ ਤਾਂ ਉਨ੍ਹਾਂ ਦਾ ਚੋਗਾ ਫੁੱਲਾਂ ਨਾਲ ਸਪਰਸ਼ ਕਰ ਗਿਆ ਜਿਸ ਕਰਕੇ ਬਹੁਤ ਸਾਰੇ ਫੁੱਲ ਝੜ ਗਏ। ਗੁਰੂ ਸਾਹਿਬ ਦੇ ਮਨ ਤੇ ਇਸ ਘਟਨਾ ਦਾ ਇਤਨਾ ਪ੍ਰਭਾਵ ਪਿਆ ਕਿ ਉਸ ਤੋਂ ਪਿੱਛੋਂ ਉਹ ਬਾਗ ਵਿਚ ਸੈਰ ਕਰਦੇ ਹੋਏ ਆਪਣੇ ਚੋਗੇ ਨੂੰ ਸਾਵਧਾਨੀ ਨਾਲ ਹੱਥਾਂ ਵਿਚ ਚੁੱਕੀ ਰਖਦੇ।[1] ਇਕ ਫੁੱਲ ਦੇ ਝੜ ਜਾਣ ਨਾਲ ਦ੍ਰਵਿਤ ਹੋ ਜਾਣ ਵਾਲਾ ਪੁਰਸ਼ ਸੁਭਾ ਵਜੋਂ ਹੀ ਮੁਗਲਾਂ ਵਿਰੁੱਧ ਫੋਜੀ ਚੜ੍ਹਾਈ ਕਰਨ ਦੇ ਹੀ ਯੋਗ ਨਹੀਂ ਸੀ।

2. ਜਹਾਂਗੀਰ ਤੇ ਸ਼ਾਹਜਹਾਂ ਦੀ ਨਰਮ ਹਕੂਮਤ ਕਾਰਣ ਪੈਦਾ ਹੋਈ ਹਥਿਆਰਾਂ ਪ੍ਰਤਿ ਰੁਚੀ ਨੂੰ ਔਰੰਗਜ਼ੇਬ ਦੇ ਸਖਤ ਹੱਥਾਂ ਨੇ ਖਤਮ ਕਰ ਦਿੱਤਾ ਜਿਸ ਦੇ ਸਮੇਂ

1. ਇਹ ਕਹਾਣੀ 'ਪੰਥ ਪ੍ਰਕਾਸ਼' ਵਿਚ ਮਿਲਦੀ ਹੈ।

ਵਿਚ ਮੁਗਲ ਸਰਕਾਰ ਦੀ ਸ਼ਕਤੀ ਅਤੇ ਸਾਹਸ ਸਿਖਰ ਤੇ ਪਹੁੰਚ ਗਏ ਸਨ। ਆਪਣੇ ਭਰਾਵਾਂ ਅਤੇ ਪਿਤਾ ਨਾਲ ਜਿਹੜਾ ਬੇਕਿਰਕ ਸਲੂਕ ਉਸ ਨੇ ਕੀਤਾ, ਉਹ ਗੁਰੂ ਹਰ ਰਾਏ ਦੇ ਸੁਭਾਵ ਅਤੇ ਚਰਿੱਤਰ ਵਿਚ ਆਸ਼ਾ ਅਤੇ ਵਿਸ਼ਵਾਸ ਨਹੀਂ ਭਰ ਸਕਦੇ ਸਨ।

ਉਪਰੋਕਤ ਹਾਲਾਤ ਵਿਚ, ਗੁਰੂ ਹਰ ਰਾਏ ਨੂੰ ਕੇਵਲ ਇਕ ਵਾਰੀ ਹਥਿਆਰ ਚੁੱਕਣੇ ਪਏ ਜਦੋਂ ਉਨ੍ਹਾਂ ਨੂੰ ਦੋਸਤੀ ਦੇ ਤਕਾਜ਼ੇ ਨੇ ਦਾਰਾ ਸ਼ਿਕੋਹ, ਜਿਸ ਵਿਚ ਹਿੰਦੂ ਹੋਣ ਤੋਂ ਬਿਨਾਂ ਹੋਰ ਸਾਰੇ ਗੁਣ ਸਨ ਅਤੇ ਜਿਹੜਾ ਗੁਰੂ ਸਾਹਿਬਾਨ ਦਾ ਇਕ ਤਰ੍ਹਾਂ ਅਨੁਯਾਈ ਹੀ ਸੀ, ਦੀ ਰੱਖਿਆ ਕਰਨ ਲਈ ਪ੍ਰੇਰਿਆ। 1648 ਈ. ਵਿਚ ਗੁਰੂ ਸਾਹਿਬ ਦੁਆਰਾ ਭੇਜੀ ਦਵਾ ਨਾਲ ਸ਼ਹਿਜ਼ਾਦਾ ਬਚਿਆ ਸੀ। ਉਸ ਤੋਂ ਪਿੱਛੋਂ ਸਦਾ ਉਨ੍ਹਾਂ ਦਾ ਅਹਿਸਾਨਮੰਦ ਰਿਹਾ ਸੀ ਅਤੇ ਉਸ ਦੇ ਹਿੰਦੂ ਸੰਸਕਾਰ ਤੇ ਗੁਰੂ ਸਾਹਿਬ ਦੇ ਪਵਿਤਰ ਜੀਵਨ ਪ੍ਰਤਿ ਸ਼ਲਾਘਾ-ਭਾਵਨਾ ਨੇ ਦੋਵਾਂ ਦੇ ਸੰਬੰਧਾਂ ਨੂੰ ਗਹਿਰੀ ਮਿੱਤਰਤਾ ਵਿਚ ਬਦਲ ਦਿੱਤਾ ਸੀ। 1658 ਈ. ਵਿਚ ਜਦੋਂ ਔਰੰਗਜ਼ੇਬ ਦੀਆਂ ਫੌਜਾਂ ਦਾਰੇ ਦਾ ਬੜੀ ਤਕੜਾਈ ਨਾਲ ਪਿੱਛਾ ਕਰ ਰਹੀਆਂ ਸਨ ਤਾਂ ਉਸ ਨੇ ਗੁਰੂ ਸਾਹਿਬ ਦੀ ਸ਼ਰਨ ਲਈ। ਗੁਰੂ ਸਾਹਿਬ ਨੇ ਆਪਣੇ ਸਿਪਾਹੀਆਂ ਦਾ ਇਕ ਦਸਤਾ ਭੇਜਿਆ ਜਿਸ ਨੇ ਔਰੰਗਜ਼ੇਬ ਦੀਆਂ ਫੌਜਾਂ ਨਾਲ ਬਿਆਸ ਦੇ ਰਾਹ ਤੇ ਟੱਕਰ ਲਈ ਅਤੇ ਉਨ੍ਹਾਂ ਨੂੰ ਦਰਿਆ ਪਾਰ ਕਰਨ ਤੋਂ ਰੋਕੀ ਰਖਿਆ ਜਦ ਤਕ ਕਿ ਦਾਰਾ ਵਧੇਰੇ ਸੁਰੱਖਿਅਤ ਸਥਾਨ ਤੇ ਨ ਪਹੁੰਚ ਗਿਆ।

ਔਰੰਗਜ਼ੇਬ ਅਜੇਹਾ ਮਨੁੱਖ ਨਹੀਂ ਸੀ ਜਿਹੜਾ ਅਚਨਚੇਤ ਕਿਸੇ ਪਾਸੇ ਤੋਂ ਹੋਏ ਅਜੇਹੇ ਵਿਰੋਧ ਨੂੰ ਭੁੱਲ ਜਾਂਦਾ। ਇਸ ਲਈ ਜਿਉਂ ਹੀ ਉਸ ਨੇ ਦਿੱਲੀ ਦਾ ਤਖਤ ਸੰਭਾਲਿਆ, ਉਸ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਤਲਬ ਕਰ ਲਿਆ। ਗੁਰੂ ਹਰ ਰਾਏ ਆਪ ਹਾਜ਼ਰ ਨਾ ਹੋਏ ਅਤੇ ਆਪਣੇ ਸਭ ਤੋਂ ਵੱਡੇ ਪੁੱਤਰ ਰਾਮ ਰਾਏ ਨੂੰ ਬਾਦਸ਼ਾਹ ਨੂੰ ਸਾਰੀ ਗੱਲ ਦੱਸਣ ਲਈ ਭੇਜ ਦਿੱਤਾ। ਰਾਮ ਰਾਏ ਨਾਲ ਹਮਦਰਦੀ ਵਾਲਾ ਸਲੂਕ ਕੀਤਾ ਗਿਆ।[1] ਪਰੰਤੂ ਪੰਜਾਬ ਵਿਚ ਸ਼ਾਂਤੀ ਕਾਇਮ ਰੱਖਣ ਲਈ ਉਸ ਨੂੰ ਸ਼ਾਹੀ ਮਹਿਮਾਨ

---

1. ਰਾਮ ਰਾਏ ਚਲਾਕ ਦਰਬਾਰੀ ਲਗਦਾ ਹੈ ਜਿਹੜਾ ਨਿਰੋਲ ਸਚਾਈ ਨਾਲੋਂ ਬਾਦਸ਼ਾਹ ਦੀ ਖੁਸ਼ੀ ਦਾ ਵਧੇਰੇ ਖਿਆਲ ਰਖਦਾ ਪ੍ਰਤੀਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕ ਤੁਕ ਹੈ ਜਿਸ ਦਾ ਭਾਵ ਹੈ, "ਇਕ ਮੁਸਲਮਾਨ ਦੇ ਸਰੀਰ ਦੀ ਮਿੱਟੀ ਘੁਮਿਆਰ ਦੀ ਮਿੱਟੀ ਬਣਾਈ ਗਈ ਅਤੇ ਇਸ ਦੀਆਂ ਇੱਟਾਂ ਪੱਥ ਕੇ ਭਾਂਡੇ ਘੜ ਕੇ ਜਦੋਂ ਅੱਗ ਵਿਚ ਤਪਾਇਆ ਗਿਆ ਤਾਂ ਇਸ ਵਿਚੋਂ ਚੀਖਾਂ ਨਿਕਲੀਆਂ।" ਬਾਦਸ਼ਾਹ ਨੇ ਉਸ ਤੋਂ ਪੁਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨਾਂ ਦਾ

(ਬਾਕੀ ਦੇਖੋ ਸਫ਼ਾ 66 ਤੇ)

ਬਣਾ ਕੇ ਰੱਖ ਲਿਆ ਗਿਆ।

ਗੁਰੂ ਹਰ ਰਾਏ ਨੇ ਇਸ ਤੋਂ ਪਿੱਛੋਂ ਕਦੇ ਵੀ ਹਥਿਆਰ ਨ ਚੁੱਕੇ ਅਤੇ ਉਹ ਸ਼ਾਂਤਮਈ ਸੰਗਠਨ ਵਿਚ ਰੁੱਝ ਗਏ। ਬਹੁਤ ਸਾਰੇ ਸ਼ਕਤੀਸ਼ਾਲੀ ਸਿੱਖ ਘਰਾਣੇ, ਉਨ੍ਹਾਂ ਦੇ ਅਨੁਯਾਈ ਬਣ ਕੇ ਸਿੱਖ ਧਰਮ-ਤੰਤਰ ਵਿਚ ਸ਼ਾਮਿਲ ਹੋ ਗਏ।

ਕੈਥਲ ਦੇ ਭਾਈ ਘਰਾਣੇ ਦਾ ਮੋਢੀ, ਭਾਈ ਭਗਤੂ[1] ਜਿਸ ਦਾ ਸਹਿਯੋਗ ਲਾਰਡ ਲੇਕ (Lord Lake) ਨੂੰ ਹੁਲਕਰ ਦਾ ਪਿੱਛਾ ਕਰਨ ਵਿਚ ਭਾਰੀ ਸਹਾਇਕ ਸਿੱਧ ਹੋਇਆ ਸੀ, ਗੁਰੂ ਹਰ ਰਾਏ ਦਾ ਸਾਥੀ ਸੀ।

ਬਾਗੜੀਆਂ[2] ਦਾ ਪ੍ਰਸਿੱਧ ਭਾਈ ਘਰਾਣਾ ਵੀ ਗੁਰੂ ਹਰ ਰਾਏ ਨਾਲ ਆਪਣਾ ਸੰਬੰਧ ਜੋੜਦਾ ਹੈ ਅਤੇ ਉਨ੍ਹਾਂ ਦਾ ਵਡੇਰਾ ਧਰਮ ਸਿੰਘ ਗੁਰੂ ਸਾਹਿਬ ਦੇ ਸਮੇਂ ਵਿਚ ਹੀ ਮਸ਼ਹੂਰ ਹੋਇਆ। ਪਟਿਆਲਾ, ਜੀਂਦ ਅਤੇ ਨਾਭੇ ਦੇ ਸ਼ਾਸਕ ਸਰਦਾਰਾਂ ਦਾ ਪੂਰਵ ਕੁਲ, ਲੌਹਗੜ੍ਹ ਦੇ ਸਰਦਾਰਾਂ ਵਿਚੋਂ ਪਹਿਲਾ ਸਰਦਾਰ ਕਾਲਾ ਵੀ ਗੁਰੂ ਹਰ ਰਾਏ ਦੀ ਪ੍ਰਤਿਪਾਲਣਾ ਕਾਰਣ ਹੀ ਮਹਾਨਤਾ ਪ੍ਰਾਪਤ ਕਰਨ ਦੇ ਰਾਹ ਤੇ ਪਏ।

(ਸਫ਼ਾ 65 ਦੀ ਬਾਕੀ)

ਇਤਨਾ ਨਿਰਾਦਰ ਕਿਉਂ ਕੀਤਾ ਗਿਆ ਹੈ। ਸਿਆਣੇ ਯੁਵਕ ਨੇ ਤੁਰੰਤ ਉੱਤਰ ਦਿੱਤਾ ਕਿ ਇਹ ਤਾਂ ਲਿਪੀਕਾਰ ਦੀ ਗਲਤੀ ਦਾ ਸਿੱਟਾ ਹੈ। ਸ਼ਬਦ ਦਾ ਵਾਸਤਵਿਕ ਅਰਥ ਬੇਈਮਾਨ ਜਾਂ ਕਾਫ਼ਰ ਸੀ, ਮੁਸਲਮਾਨ ਨਹੀਂ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਔਰੰਗਜ਼ੇਬ ਨੇ ਖ਼ੁਸ਼ ਹੋ ਕੇ ਗੁਰੂ ਸਾਹਿਬ ਨੂੰ ਮੁਆਫ਼ ਕਰ ਦਿੱਤਾ। ਪਰ, ਰਾਮ ਰਾਏ ਦੀ ਹੁਸ਼ਿਆਰੀ ਹੀ ਉਸ ਦੀ ਬਰਬਾਦੀ ਦਾ ਕਾਰਣ ਬਣ ਗਈ। ਗੁਰੂ ਸਾਹਿਬ ਨੇ ਜਦੋਂ ਸੁਣਿਆ ਕਿ ਉਸ ਨੇ ਸਚਾਈ ਅਤੇ ਸਾਹਸ ਦੀ ਕੀਮਤ ਦੇ ਕੇ ਆਪਣੀ ਸੁਰਖਿਆ ਮੁਲ ਲਈ ਹੈ ਤਾਂ ਉਨ੍ਹਾਂ ਨੂੰ ਕ੍ਰੋਧ ਆ ਗਿਆ ਅਤੇ ਉਨ੍ਹਾਂ ਨੇ ਤੁਰੰਤ ਆਪਣੇ ਕਾਇਰ ਪਰ ਸਿਆਣੇ ਪੁੱਤਰ ਨੂੰ ਬੇਦਾਅਵਾ ਦੇ ਦਿੱਤਾ। ਇਹ ਕਥਾ 'ਪੰਥ ਪ੍ਰਕਾਸ਼' ਦੇ ਆਧਾਰ ਤੇ ਦਿੱਤੀ ਗਈ ਹੈ। ਕਨਿੰਘਮ ਦਾ ਇਹ ਕਹਿਣਾ ਗਲਤ ਹੈ ਕਿ ਰਾਮ ਰਾਏ ਨੂੰ ਇਸ ਲਈ ਬੇਦਖ਼ਲ ਕੀਤਾ ਗਿਆ ਸੀ ਕਿ ਉਸ ਦੀ ਮਾਂ ਕੋਈ ਦਾਸੀ ਜਾਂ ਨੀਚ ਜ਼ਾਤੀ ਦੀ ਔਰਤ ਸੀ। ਗੁਰੂ ਹਰ ਰਾਏ ਦੀਆਂ ਚਾਰ ਸੁਪਤਨੀਆਂ ਸਨ ਜਿਹੜੀਆਂ ਇਕੋ ਮਾਤਾ-ਪਿਤਾ ਦੀ ਸੰਤਾਨ ਹੋਣ ਕਰਕੇ ਸਕੀਆਂ ਭੈਣਾਂ ਸਨ। ਸਿੱਖ ਲਿਖਾਰੀ ਗੁਰੂ ਹਰ ਰਾਏ ਦੀਆਂ ਚਾਰੇ ਸੁਪਤਨੀਆਂ ਦੀਆਂ ਚਾਰ ਦਾਸੀਆਂ ਦਾ ਜ਼ਿਕਰ ਕਰਦੇ ਹਨ, ਪਰ ਉਨ੍ਹਾਂ ਨੇ ਰਾਮ ਰਾਏ ਦੇ ਕਿਸੇ ਨੌਕਰਾਨੀ ਦੀ ਕੁਖ ਤੋਂ ਜਨਮ ਲੈਣ ਦਾ ਰਤਾ ਭਰ ਵੀ ਸੰਕੇਤ ਨਹੀਂ ਕੀਤਾ।

1. ਭਗਤੂ ਦੇ ਪੁੱਤਰ ਗੌਰੇ ਨੇ ਇਕ ਵਾਰੀ ਗੁਰੂ ਸਾਹਿਬ ਦੇ ਜ਼ਨਾਨਖ਼ਾਨੇ ਅਤੇ ਮਾਲ-ਅਸਬਾਬ ਨੂੰ ਸਤਲੁਜ ਪਾਰ ਕਰਦੀਆਂ ਮੁਸਲਮਾਨ ਫ਼ੌਜਾਂ ਦੇ ਹਥੋਂ ਬਚਾਇਆ ਸੀ।

2. ਸਤਲੁਜ ਅਤੇ ਜਮਨਾ ਵਿਚਕਾਰ।

2. ਗੁਰੂ ਹਰਕਿਸ਼ਨ ਤੇ ਗੁਰੂ ਤੇਗ ਬਹਾਦਰ (1661-1675)

ਗੁਰੂ ਹਰ ਰਾਏ 1661 ਈ. ਵਿਚ ਜੋਤੀ ਜੋਤ ਸਮਾਏ। ਉਨ੍ਹਾਂ ਪਿੱਛੋਂ ਗੱਦੀ ਤੇ ਉਨ੍ਹਾਂ ਦੇ ਛੋਟੇ ਸਪੁੱਤਰ (ਗੁਰੂ) ਹਰਕਿਸ਼ਨ ਬੈਠੇ ਜਿਨ੍ਹਾਂ ਦੀ ਉਮਰ ਉਸ ਸਮੇਂ ਕੇਵਲ ਪੰਜਾਂ ਵਰ੍ਹਿਆਂ ਦੀ ਸੀ। ਉਨ੍ਹਾਂ ਦਾ ਵੱਡਾ ਭਰਾ ਰਾਮ ਰਾਏ ਔਰੰਗਜ਼ੇਬ ਦੇ ਦਰਬਾਰ ਦਾ ਚਹੇਤਾ ਸੀ। ਉਸ ਨੇ ਗੱਦੀ ਉੱਤੇ ਆਪਣੇ ਬਹੁਤੇ ਹੱਕ[1] ਨੂੰ ਨਜ਼ਰ ਅੰਦਾਜ਼ ਕਰਨ ਤੇ ਆਪਣੇ ਪਿਤਾ ਦੇ ਫੈਸਲੇ ਵਿਰੁੱਧ ਸ਼ਹਿਨਸ਼ਾਹ ਕੋਲ ਸ਼ਿਕਾਇਤ ਕੀਤੀ ਕਿ (ਗੁਰੂ) ਹਰਕਿਸ਼ਨ ਵਰਗੇ ਨਾਬਾਲਗ ਦੇ ਸਮੇਂ ਵਿਚ ਉਸ ਦੇ ਪੂਰਵਜਾਂ ਦੇ ਕੀਤੇ ਸਾਰੇ ਕੰਮਾਂ ਦੇ ਨਸ਼ਟ ਹੋ ਜਾਣ ਦੀ ਆਸ਼ੰਕਾ ਹੈ ਅਤੇ ਉਨ੍ਹਾਂ ਦੇ ਮੁਰੀਦਾਂ ਵਿਚੋਂ ਵਧੇਰੇ ਹਿਰਸੀ ਉਪਾਸ਼ਕਾਂ ਨੂੰ ਪੰਜਾਬ ਵਿਚ ਗੜਬੜ ਕਰਨ ਤੋਂ ਕੋਈ ਰੋਕ ਨਹੀਂ ਸਕੇਗਾ। ਇਹ ਬੇਨਤੀ ਉੱਤੋਂ ਉੱਤੋਂ ਚੰਗੀਆਂ ਦਲੀਲਾਂ ਦੇ ਆਧਾਰ ਤੇ ਕੀਤੀ ਗਈ ਸੀ ਅਤੇ ਸ਼ਹਿਨਸ਼ਾਹ ਨੇ ਬਾਲ-ਗੁਰੂ ਨੂੰ ਆਪਣੇ ਦਰਬਾਰ ਵਿਚ ਤਲਬ ਕਰ ਲਿਆ। ਗੁਰੂ ਹਰਕਿਸ਼ਨ ਦਿੱਲੀ ਪਹੁੰਚੇ ਅਤੇ ਉਨ੍ਹਾਂ ਦੀ ਗੱਦੀ-ਨਸ਼ੀਨੀ ਦੀ ਪੁਸ਼ਟੀ ਕਰ ਦਿੱਤੀ ਗਈ। ਪਰੰਤੂ ਛੇਤੀ ਹੀ ਉਨ੍ਹਾਂ ਨੂੰ ਚੇਚਕ ਨਿਕਲ ਆਈ ਜਿਸ ਕਰਕੇ 1664 ਈ. ਵਿਚ ਉਹ ਜੋਤੀ ਜੋਤ ਸਮਾ ਗਏ।[2]

---

1. ਰਾਮ ਰਾਏ ਲਈ ਗੱਦੀ ਤੇ ਹੱਕ ਜਤਾਉਣਾ ਬੜੀ ਹੀ ਬੇਥਵ੍ਹੀ ਗੱਲ ਹੁੰਦੀ ਜੇ ਉਹ ਕਨਿੰਘਮ ਦੇ ਕਥਨ ਅਨੁਸਾਰ ਕਿਸੇ ਨੌਕਰਾਣੀ ਦਾ ਪੁੱਤਰ ਹੁੰਦਾ। ਇਹ ਮੈਂ ਪਹਿਲਾਂ ਹੀ ਦੱਸ ਚੁਕਿਆ ਹਾਂ ਕਿ ਉਹ ਇਕ ਨੀਵੀਂ ਜਾਤ ਦੀ ਔਰਤ ਦੀ ਕੁੱਖੋਂ ਪੈਦਾ ਨਹੀਂ ਹੋਇਆ ਹੋਣਾ ਕਿਉਂਕਿ ਉਸ ਦੀਆਂ ਮਤਰੇਈਆਂ ਮਾਵਾਂ ਤੇ ਆਪਣੀ ਮਾਂ ਸਭ ਅਨੂਪ ਸ਼ਹਿਰ ਦੇ ਇਕ ਮੰਨੇ-ਪਰਮੰਨੇ ਖੱਤਰੀ ਦੀਆਂ ਪੁੱਤਰੀਆਂ ਸਨ। ਸਾਰੀਆਂ ਪੁੱਤਰੀਆਂ ਇਕੋ ਵਿਅਕਤੀ ਨਾਲ ਵਿਆਹੁਣੀਆਂ ਬੜੀ ਅਲੌਕਿਕ ਜੇਹੀ ਗੱਲ ਜਾਪਦੀ ਹੈ ਪਰੰਤੂ ਇਹ ਗੱਲ ਸਹਿਜੇ ਹੀ ਸਮਝ ਆ ਸਕਦੀ ਹੈ ਜੇ ਅਸੀਂ ਮੰਨ ਲਈਏ ਕਿ ਖਾਨਦਾਨੀ ਤੇ ਪੁਰਾਣੇ ਰਿਵਾਜਾਂ ਦੇ ਹਿੰਦੂ ਆਪਣੀਆਂ ਧੀਆਂ ਨੂੰ ਕਿਸੇ ਹੋਰ ਨਾਲ ਪਰਨਾਉਣ ਦੀ ਸੋਚ ਵੀ ਨਹੀਂ ਸਕਦੇ ਸਨ ਜੇ ਉਹ ਕਿਸੇ ਇਕ ਆਦਮੀ ਨਾਲ ਪਰਨਾਉਣ ਦਾ ਹੌਸਲਾ ਕਰ ਲੈਣ। ਚੰਦੂ ਦੀ ਪੁੱਤਰੀ ਤੇ ਤੀਸਰੇ ਗੁਰੂ ਸਾਹਿਬ ਦੀ ਪੁੱਤਰੀ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਵਿਚਾਰ ਅਧੀਨ ਹਾਲਾਤ ਵਿਚ ਬਾਬਾ, ਪਿਤਾ, ਮਾਤਾ ਤੇ ਵੱਡਾ ਭਰਾ ਸਭ ਲੜਕੀ ਨੂੰ ਗੁਰੂ ਜੀ ਨਾਲ ਵਿਆਹੁਣਾ ਚਾਹੁੰਦੇ ਸਨ ਤੇ ਕਿਉਂਕਿ ਏਨ੍ਹਾਂ ਸਭਨਾਂ ਦੀ ਲੜਕੀ ਦੀ ਚੋਣ ਵਖਰੀ ਸੀ ਜਦ ਕਿ ਚੁਣਿਆ ਹੋਇਆ ਲਾੜਾ ਇਕੋ ਸੀ ਇਸ ਲਈ ਚਾਰੇ ਲੜਕੀਆਂ ਇਕੋ ਵਿਅਕਤੀ ਨੂੰ ਵਿਆਹੀਆਂ ਗਈਆਂ।
2. ਗੁਰੂ ਹਰਕਿਸ਼ਨ ਅਸਾਧਾਰਣ ਤੌਰ ਤੇ ਹੋਨਹਾਰ ਬਾਲਕ ਸਨ। ਸਿੱਖ ਲੇਖਕਾਂ ਨੇ ਉਨ੍ਹਾਂ ਦੀ ਅਸਚਰਜਮਈ ਬੁੱਧੀ ਬਾਰੇ ਕਈ ਸਾਖੀਆਂ ਦਾ ਹਵਾਲਾ ਦਿੱਤਾ ਹੈ। ਕਨਿੰਘਮ ਲਿਖਦਾ ਹੈ ਕਿ ਉਨ੍ਹਾਂ ਨੂੰ ਇਕ ਵਾਰੀ ਦਿੱਲੀ ਦੇ ਸ਼ਾਹੀ ਮਹੱਲ ਵਿਚ ਲਿਜਾਇਆ ਗਿਆ ਕਿਉਂਕਿ ਹਰਮ ਦੀਆਂ

(ਬਾਕੀ ਦੇਖੋ ਸਫ਼ਾ 68 ਤੇ)

ਜਦੋਂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਗਿਆ ਤਾਂ ਉਨ੍ਹਾਂ ਨੇ ਗੁਰਿਆਈ ਦਾ ਤਿਲਕ ਆਪਣੇ ਬਾਬੇ ਦੇ ਛੋਟੇ ਭਰਾ ਗੁਰੂ ਤੇਗ ਬਹਾਦਰ ਨੂੰ ਘੱਲਿਆ ਜਿਹੜੇ ਕਿ ਪਿੰਡ ਬਕਾਲਾ[1] ਵਿਖੇ ਵੈਰਾਗੀਆਂ ਵਾਲਾ ਜੀਵਨ ਬਿਤਾ ਰਹੇ ਸਨ। ਗੁਰੂ ਤੇਗ ਬਹਾਦਰ 1664 ਈ. ਵਿਚ ਗੱਦੀ ਤੇ ਬੈਠੇ। ਉਹ ਸ਼ਾਂਤੀਪੂਰਣ ਸੁਭਾ ਦੇ ਮਹਾਪੁਰਸ਼ ਸਨ। ਭਾਵੇਂ ਉਹ ਆਪਣੇ ਪਿਤਾ ਜੀ ਦਾ ਉਨ੍ਹਾਂ ਦੀਆਂ ਲੜਾਈਆਂ ਵਿਚ ਸਾਥ ਦਿੰਦੇ ਰਹੇ ਸਨ ਤੇ ਉਨ੍ਹਾਂ ਦੇ ਪਿਤਾ ਜੀ ਨੇ ਆਪਣੇ ਹਥਿਆਰ ਉਨ੍ਹਾਂ ਨੂੰ ਵਿਰਸੇ ਵਿਚ ਦਿੱਤੇ ਸਨ, ਤਾਂ ਵੀ ਉਨ੍ਹਾਂ ਨੇ ਆਪਣੇ ਲੜਾਕੂ ਨਾਂ (ਤੇਗ ਬਹਾਦਰ) ਨਾਲੋਂ ਦੇਗ ਬਹਾਦਰ[2] ਦੇ ਨਾਂ ਨਾਲ ਸੱਦਿਆ ਜਾਣਾ ਚੰਗੇਰਾ ਸਮਝਿਆ। ਆਪਣੀ ਪ੍ਰਾਹੁਣਾਚਾਰੀ ਅਤੇ ਦੀਨਦਾਰੀ ਕਾਰਣ ਉਹ ਛੇਤੀ ਹੀ ਪ੍ਰਸਿੱਧ ਹੋ ਗਏ ਤੇ ਸਿੱਖ ਸਭ ਪਾਸਿਆਂ ਤੋਂ ਇਕੱਤਰ ਹੋ ਕੇ ਉਨ੍ਹਾਂ ਦੀ ਸੰਗਤ ਵਿਚ ਆਉਣ ਲੱਗੇ। ਭਾਵੇਂ ਨਿਜੀ ਜੀਵਨ ਵਿਚ ਉਹ ਮਹਾਨ ਨਿਮਰਤਾ ਤੇ ਸਾਧਾਰਣ ਰੁਚੀਆਂ ਵਾਲੇ ਮਹਾਪੁਰਸ਼ ਸਨ, ਤਾਂ ਵੀ ਉਨ੍ਹਾਂ ਦੇ ਦਰਬਾਰ ਵਿਚ ਸ਼ਾਹੀ ਠਾਠ-ਬਾਠ ਤੇ ਸਜ-ਧਜ ਰਹਿੰਦੀ ਸੀ ਤੇ ਉਨ੍ਹਾਂ ਨੂੰ ਸੱਚਾ ਪਾਤਸ਼ਾਹ ਕਿਹਾ ਜਾਂਦਾ ਸੀ।

ਰਾਮ ਰਾਇ ਅਜੇ ਵੀ ਸ਼ਾਹੀ ਦਰਬਾਰ ਦਾ ਚਹੇਤਾ ਸੀ ਤੇ ਉਸ ਨੇ ਕਦੀ ਵੀ ਇਹ ਆਸ ਨਹੀਂ ਛੱਡੀ ਸੀ ਕਿ ਇਕ ਦਿਨ ਉਹ ਜ਼ਰੂਰ ਹੀ ਆਪਣੇ ਪਿਤਾ ਦੀ ਥਾਂ ਮੱਲੇਗਾ। ਔਰੰਗਜ਼ੇਬ ਗੁਰੂ ਤੇਗ ਬਹਾਦਰ ਜੇਹੇ ਖਤਰਨਾਕ ਵਿਅਕਤੀ ਤੋਂ, ਜਿਹੜਾ ਕਿ ਉਸ ਦੀ

(ਸਫ਼ਾ 67 ਦੀ ਬਾਕੀ)

ਇਸਤ੍ਰੀਆਂ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦੀਆਂ ਸਨ। ਉਹ ਸਾਰੇ ਪਾਸਿਆਂ ਤੋਂ ਇਸਤ੍ਰੀਆਂ ਨਾਲ ਘਿਰ ਗਏ ਜਿਨ੍ਹਾਂ ਦੇ ਇਕੋ ਜੇਹੇ ਸੋਹਣੇ ਬਸਤਰ ਪਾਏ ਹੋਏ ਸਨ। ਉਨ੍ਹਾਂ ਨੂੰ ਮਹਾਰਾਣੀ ਜਿਹੜੀ ਕਿ ਉਨ੍ਹਾਂ ਵਿਚ ਖੜੀ ਸੀ, ਦੱਸਣ ਲਈ ਕਿਹਾ ਗਿਆ। (ਗੁਰੂ) ਹਰਕਿਸ਼ਨ ਨੇ ਉਸ ਨੂੰ ਤੁਰੰਤ ਪਛਾਣ ਲਿਆ ਤੇ ਜਾ ਕੇ ਉਸ ਦੀ ਗੋਦੀ ਵਿਚ ਬਹਿ ਗਏ। ('ਪੰਥ ਪ੍ਰਕਾਸ਼' ਅਨੁਸਾਰ ਉਹ ਜੈ ਸਿੰਘ ਸਵਾਈ ਦੀ ਰਾਣੀ ਸੀ ਜਿਸ ਤੇ ਪਰੀਖਿਆ ਲਈ ਗਈ ਸੀ)। ਇਕ ਹੋਰ ਰੋਚਕ ਸਾਖੀ ਵੀ ਹੈ ਜਿਹੜੀ ਬਾਲ-ਗੁਰੂ ਦੀ ਅਸਾਧਾਰਣ ਬੁੱਧੀ ਦੀ ਪ੍ਰਤੀਕ ਹੈ। ਇਕ ਦਿਨ ਔਰੰਗਜ਼ੇਬ ਨੇ ਗੁਰੂ ਸਾਹਿਬ ਦੇ ਦੋਵੇਂ ਹੱਥ ਆਪਣੇ ਇਕ ਹੱਥ ਵਿਚ ਫੜ ਕੇ ਕਿਹਾ, "ਜੇ ਮੈਂ ਤੇਰੇ ਚਪੇੜ ਮਾਰਾਂ ਤਾਂ ਤੂੰ ਹੁਣ ਕੀ ਕਰ ਸਕਦਾ ਹੈਂ?" ਬਾਲ-ਗੁਰੂ ਨੇ ਉੱਤਰ ਦਿੱਤਾ, ਸ਼ਾਹਾਂ ਦੇ ਸ਼ਹਿਨਸ਼ਾਹ! ਜਿਸ ਦਾ ਤੁਸੀਂ ਇਕ ਹੱਥ ਫੜ ਲਓ, ਉਸ ਨੂੰ ਵੀ ਕੋਈ ਡਰ ਨਹੀਂ ਰਹਿੰਦਾ। ਪਰ ਤੁਸਾਂ ਤਾਂ ਮੇਰੇ ਦੋਵੇਂ ਹੱਥ ਫੜ ਲਏ ਹਨ। ਫੇਰ ਮੈਨੂੰ ਕਿਸ ਗੱਲ ਦਾ ਡਰ ਹੋ ਸਕਦਾ ਹੈ।

1. ਇਹ ਧਿਆਨ ਯੋਗ ਗੱਲ ਹੈ ਕਿ ਭਾਵੇਂ ਗੱਦੀ-ਨਸ਼ੀਨੀ ਜੱਦੀ ਸੀ, ਫੇਰ ਵੀ ਸਭ ਤੋਂ ਵੱਧ ਗੁਣਵਾਨ ਵਿਅਕਤੀ ਨੂੰ ਗੁਰੂ ਨਿਯੁਕਤ ਕੀਤਾ ਜਾਂਦਾ ਸੀ। ਇਥੋਂ ਤਕ ਕਿ ਅੱਠ ਵਰ੍ਹਿਆਂ ਦੇ ਬਾਲਕ ਨੇ ਵੀ ਆਪਣੇ ਸਕੇ ਭਰਾ ਤੇ ਚਾਚੇ ਨੂੰ ਛੱਡ ਕੇ ਸਿਆਣੀ ਚੋਣ ਕੀਤੀ।

2. ਦੇਗ ਦਾ ਨਾਇਕ ਭਾਵ ਜਿਹੜਾ ਪ੍ਰਾਹੁਣਾਚਾਰੀ ਅਤੇ ਦਯਾ ਵਿਚ ਅੱਗੇ ਰਹੇ।

ਧਾਰਮਿਕ ਕੱਟੜਤਾ ਦੇ ਰਾਹ ਵਿਚ ਰੋੜਾ ਬਣਿਆ ਹੋਇਆ ਸੀ, ਪਿੱਛਾ ਛੁਡਾਉਣ ਦਾ ਕੇਵਲ ਬਹਾਨਾ ਹੀ ਲਭਦਾ ਸੀ। ਸੋ ਰਾਮ ਰਾਏ ਦੇ ਬੇਨਤੀ ਕਰਨ ਤੇ ਸ਼ਹਿਨਸ਼ਾਹ ਨੇ ਗੁਰੂ ਤੇਗ ਬਹਾਦਰ ਨੂੰ ਦਿੱਲੀ ਤਲਬ ਕਰ ਲਿਆ। ਜੈਪੁਰ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸੀ। ਉਸ ਨੇ ਗੁਰੂ ਸਾਹਿਬ ਵੱਲੋਂ ਵਿਚ ਪੈ ਕੇ ਕਿਹਾ, ''ਅਜੇਹੇ ਮਹਾਨ ਪੁਰਸ਼ਾਂ ਨੂੰ ਤਾਂ ਸੱਤਾ ਦੀ ਅਭਿਲਾਸ਼ਾ ਦੀ ਥਾਂ ਤੀਰਥੀ ਜਾਣਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਆਪਣੀ ਬੰਗਾਲ ਦੀ ਯਾਤਰਾ ਵਿਚ ਨਾਲ ਲੈ ਜਾਵਾਂਗਾ।'' ਸੋ ਗੁਰੂ ਤੇਗ ਬਹਾਦਰ ਆਸਾਮ ਦੀ ਯਾਤਰਾ ਤੇ ਰਾਜੇ[1] ਨਾਲ ਚਲੇ ਗਏ ਤੇ ਆਸਾਮ ਦੇ ਰਾਜੇ[2] ਤੇ ਜਿੱਤ ਪ੍ਰਾਪਤ ਕਰਨ ਵਿਚ ਉਸ ਦੀ ਸਹਾਇਤਾ ਕੀਤੀ। ਆਸਾਮ ਦਾ ਰਾਜਾ ਪਿੱਛੋਂ ਗੁਰੂ ਜੀ ਦਾ ਮੁਰੀਦ ਬਣ ਗਿਆ।

ਇਸ ਪਿੱਛੋਂ ਗੁਰੂ ਜੀ ਪੰਜਾਬ ਪਰਤ ਆਏ ਤੇ ਕਹਲੂਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ ਪਿੰਡ ਮਖੋਵਾਲ ਵਸਾ ਕੇ ਉਥੇ ਰਹਿਣ ਲੱਗੇ। ਸਿੱਖ ਮੁੜ ਉਨ੍ਹਾਂ ਦੀ ਸੰਗਤ ਵਿਚ ਆਉਣ ਲੱਗ ਪਏ। ਇਸ ਗੱਲ ਨੇ ਰਾਮ ਰਾਏ ਨੂੰ ਸ਼ਹਿਨਸ਼ਾਹ ਦੇ ਮਨ ਵਿਚ ਗੁਰੂ ਤੇਗ ਬਹਾਦਰ ਵਿਰੁੱਧ ਜ਼ਹਿਰ ਭਰਨ ਦਾ, ਜੇ ਕੋਈ ਕਸਰ ਅਜੇ ਰਹਿੰਦੀ ਸੀ, ਇਕ ਹੋਰ ਅਵਸਰ ਦੇ ਦਿੱਤਾ। ਉਨ੍ਹਾਂ ਨੂੰ ਦੁਬਾਰਾ ਦਿੱਲੀ ਤਲਬ ਕਰ ਲਿਆ ਗਿਆ। ਜਦੋਂ ਉਨ੍ਹਾਂ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਕੁਝ ਮੁਖੀ ਸਾਥੀਆਂ ਸਮੇਤ, ਜਿਨ੍ਹਾਂ ਵਿਚ ਜਿਹਲਮ ਜ਼ਿਲ੍ਹੇ ਦੇ ਇਕ ਪਿੰਡ ਕਰਿਆਲਾ ਦੇ ਭਾਈ ਪਰਿਵਾਰ ਦੇ ਮੁਖੀਆ ਮਤੀ ਰਾਮ ਵੀ ਸਨ, ਸ਼ਹੀਦ ਕਰ ਦਿੱਤਾ ਗਿਆ।

ਇਸ ਸੰਖੇਪ ਬ੍ਰਿਤਾਂਤ ਤੋਂ ਅਸੀਂ ਵੇਖਦੇ ਹਾਂ ਕਿ ਗੁਰੂ ਤੇਗ ਬਹਾਦਰ ਸਿੱਖਾਂ ਦੀ ਫੌਜੀ ਜਥੇਬੰਦੀ ਲਈ ਵਧੇਰੇ ਕੰਮ ਨਹੀਂ ਕਰ ਸਕੇ। ਉਹ ਕੋਈ ਦਸ ਵਰ੍ਹੇ ਗੁਰ-ਗੱਦੀ ਤੇ ਬਿਰਾਜਮਾਨ ਰਹੇ, ਪਰੰਤੂ ਇਸ ਸਾਰੇ ਸਮੇਂ ਦੇ ਦੌਰਾਨ ਉਹ ਘਰੇਲੂ ਝਗੜਿਆਂ ਅਤੇ ਔਰੰਗਜ਼ੇਬ ਦੀ ਘ੍ਰਿਣਾ ਦੇ ਵੱਸ ਪਏ ਰਹੇ। ਭਾਵੇਂ ਔਰੰਗਜ਼ੇਬ ਦੀ ਅਥਾਹ ਸ਼ਕਤੀ ਉਨ੍ਹਾਂ ਦੇ ਰਾਹ ਦੀ ਔਕੜ ਨ ਵੀ ਬਣਦੀ, ਫਿਰ ਵੀ ਆਪਣੇ ਪਿਤਾ ਦੀਆਂ ਖਿੰਡੀਆਂ ਪੁੰਡੀਆਂ ਫੌਜਾਂ ਨੂੰ ਇਕੱਤਰ ਕਰਨ ਅਤੇ ਸਾਮਰਾਜੀ ਫੌਜਾਂ ਵਿਰੁੱਧ ਉਨ੍ਹਾਂ ਦੀ ਅਗਵਾਈ ਕਰਨ ਦਾ ਸਮਾਂ ਉਨ੍ਹਾਂ ਨੂੰ ਨ ਮਿਲਿਆ। ਫੇਰ ਵੀ ਗੁਰੂ ਤੇਗ ਬਹਾਦਰ ਦੀਆਂ 'ਉਦਾਸੀਆਂ'[3]

---

1. ਸਾਰੀਆਂ ਲਿਖਤਾਂ ਵਿਚ ਰਾਜੇ ਦਾ ਨਾਂ ਜੈ ਸਿੰਘ ਲਿਖਿਆ ਹੈ। ਪਰ ਟੋਡ ਆਪਣੀ ਪੁਸਤਕ *Annals of Rajasthan* ਵਿਚ ਲਿਖਦਾ ਹੈ ਕਿ ਇਹ ਜੈ ਸਿੰਘ ਦਾ ਪੁੱਤਰ ਰਾਮ ਸਿੰਘ ਸੀ ਜਿਹੜਾ ਆਸਾਮ ਗਿਆ ਸੀ। 'ਪੰਥ ਪ੍ਰਕਾਸ਼' ਆਸਾਮ ਦੇ ਮੋਰਚੇ ਦਾ ਸੈਨਾਪਤੀ ਰਾਜਾ ਜੈ ਸਿੰਘ ਦੇ ਪੁੱਤਰ ਬਿਸ਼ਨ ਸਿੰਘ ਨੂੰ ਦਸਦਾ ਹੈ। ਹੋ ਸਕਦਾ ਹੈ ਦੋਵੇਂ ਰਾਜ ਕੁਮਾਰ ਉਥੇ ਗਏ ਹੋਣ।
2. 'ਪੰਥ ਪ੍ਰਕਾਸ਼' ਵਿਚ ਉਸ ਦਾ ਨਾਂ ਰਾਮ ਰਾਏ ਦਸਿਆ ਗਿਆ ਹੈ।
3. ਭਦੌੜ ਦੇ ਸਰਦਾਰ ਅਤਰ ਸਿੰਘ ਨੇ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ।

ਤੋਂ ਸਾਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਸਾਰੇ ਮਾਲਵਾ ਦੇਸ਼ ਦੀ ਯਾਤਰਾ ਕੀਤੀ ਤੇ ਉਹ ਕੰਮ ਸਿਰੇ ਚਾੜ੍ਹਿਆ ਜਿਹੜਾ ਉਨ੍ਹਾਂ ਦੇ ਪੂਰਵਜਾਂ ਨੇ ਮਾਝੇ ਤੇ ਦੁਆਬੇ ਦੇ ਇਲਾਕੇ ਵਿਚ ਕੀਤਾ ਸੀ। ਆਪਣਾ ਬਲੀਦਾਨ ਦੇ ਕੇ ਤਾਂ ਉਹ ਆਪਣੇ ਜੀਵਨ ਦੇ ਸਾਰੇ ਕਾਰਜ ਤੋਂ ਵੀ ਅੱਗੇ ਨਿਕਲ ਗਏ। ਉੱਤਰੀ ਭਾਰਤ ਵਿਚ ਉਨ੍ਹਾਂ ਦੀ ਭਾਰੀ ਮਾਨਤਾ ਸੀ। ਰਾਜਪੂਤ ਰਾਜਕੁਮਾਰ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ ਤੇ ਪੰਜਾਬ ਦੀ ਕਿਰਸਾਣੀ ਤਾਂ ਉਨ੍ਹਾਂ ਦੀ ਅਸਲ ਰੂਪ ਵਿਚ ਪੂਜਾ ਕਰਦੀ ਸੀ। ਉਨ੍ਹਾਂ ਨੂੰ ਆਮ ਤੌਰ ਤੇ ਹਿੰਦੂਆਂ ਦਾ ਰਖਵਾਲਾ ਖਿਆਲ ਕੀਤਾ ਜਾਂਦਾ ਸੀ। ਇਥੇ ਇਕ ਪਰੰਪਰਾ ਦਾ ਹਵਾਲਾ ਦਿੱਤਾ ਜਾਂਦਾ ਹੈ ਜਿਹੜੀ ਪੰਜਾਬ ਵਿਚ ਆਮ ਪ੍ਰਚਲਿਤ ਹੈ ਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਜੁੜੀ ਹੋਈ ਹੈ। ਕਸ਼ਮੀਰੀ ਹਿੰਦੂ, ਜਿਵੇਂ ਕਿ ਆਮ ਮਸ਼ਹੂਰ ਹੈ, ਉਥੋਂ ਦੇ ਮੁਸਲਮਾਨ ਹਾਕਮਾਂ ਤੋਂ ਬੜੇ ਸਤੇ ਹੋਏ ਸਨ। ਕਿਹਾ ਜਾਂਦਾ ਹੈ ਕਿ ਕਸ਼ਮੀਰੀ ਪੰਡਿਤਾਂ ਦਾ ਇਕ ਪ੍ਰਤਿਨਿਧ ਮੰਡਲ ਗੁਰੂ ਤੇਗ ਬਹਾਦਰ ਨੂੰ ਮਿਲਿਆ ਤੇ ਕਸ਼ਮੀਰ ਦੀ ਹਿੰਦੂ ਜਨਤਾ ਉਤੇ ਮੁਸਲਮਾਨੀ ਸਰਕਾਰ ਦੀਆਂ ਵਧੀਕੀਆਂ ਵਿਰੁੱਧ ਸ਼ਿਕਾਇਤ ਕੀਤੀ। ਪੰਡਿਤਾਂ ਦੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਨ ਪਿੱਛੋਂ ਗੁਰੂ ਸਾਹਿਬ ਨੇ ਕਿਹਾ ਕਿ ਹਿੰਦੂਆਂ ਦੀਆਂ ਤਕਲੀਫਾਂ ਨੂੰ ਘਟਾਉਣ ਤੇ ਮੁਸਲਮਾਨਾਂ ਦੇ ਜਬਰ ਨੂੰ ਖਤਮ ਕਰਨ ਲਈ ਕਿਸੇ ਮਹਾਪੁਰਸ਼ ਦਾ ਬਲੀਦਾਨ ਦੇਣਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜਿਹੜੇ ਉਸ ਵੇਲੇ ਬਾਲਕ ਹੀ ਸਨ ਪਰ ਪੰਡਿਤਾਂ ਦੇ ਦੁੱਖਾਂ ਦੀ ਕਹਾਣੀ ਤੋਂ ਬਹੁਤ ਪ੍ਰਭਾਵਿਤ ਹੋਏ ਸਨ, ਇਕ ਦਮ ਬੋਲ ਪਏ, "ਸਤਿਕਾਰਯੋਗ ਪਿਤਾ ਜੀ ! ਤੁਹਾਥੋਂ ਮਹਾਨ ਕੌਣ ਹੈ ਜਿਸ ਦਾ ਬਲੀਦਾਨ ਹਿੰਦੂਆਂ ਨੂੰ ਬਚਾ ਸਕਦਾ ਹੋਵੇ," ਗੁਰੂ ਜੀ ਉਤੇ ਆਪਣੇ ਬਾਲਕ-ਪੁੱਤਰ ਦੇ ਕਥਨ ਦਾ ਡੂੰਘਾ ਅਸਰ ਹੋਇਆ। ਜਾਪਦਾ ਹੈ ਜਿਵੇਂ ਉਨ੍ਹਾਂ ਨੇ ਉਸੇ ਸਮੇਂ ਬਲੀਦਾਨ ਦਾ ਇਰਾਦਾ ਧਾਰ ਲਿਆ ਹੋਵੇ ਕਿਉਂਕਿ ਜਦੋਂ ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਤਲਬ ਕੀਤਾ ਤਾਂ ਉਹ ਸ਼ਹੀਦੀ ਲਈ ਤਿਆਰ ਹੋ ਕੇ ਗਏ। ਆਦਿ ਗ੍ਰੰਥ ਵਿਚ ਦਰਜ ਉਨ੍ਹਾਂ ਦੀ ਪ੍ਰਸਿੱਧ ਤੁਕ "ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ" ਸ਼ਾਇਦ ਉਸ ਆਉਣ ਵਾਲੀ ਬਿਪਤਾ ਵੱਲ ਸੰਕੇਤ ਕਰਦੀ ਹੈ ਜਿਸ ਦਾ ਸਾਹਮਣਾ ਗੁਰੂ ਸਾਹਿਬ ਨੇ ਕਰਨਾ ਸੀ ਜਦੋਂ ਉਹ ਔਰੰਗਜ਼ੇਬ ਦੇ ਸੱਦੇ ਤੇ ਦਿੱਲੀ ਗਏ। ਐਪਰ ਉਹ ਘਬਰਾਏ ਬਿਲਕੁਲ ਨਹੀਂ ਅਤੇ ਸਮੇਂ ਦੇ ਹਿੰਦੂ ਮੁਖੀ ਦੇ ਪੂਰਣ ਸਾਹਸ ਨਾਲ ਸ਼ਹੀਦੀ ਸਵੀਕਾਰ ਕਰ ਲਈ। ਉਸ ਸਮੇਂ ਦੀ ਉਨ੍ਹਾਂ ਦੀ ਮਾਨਸਿਕ ਅਵਸਥਾ ਹੇਠ ਲਿਖੀ ਬਾਣੀ ਵਿਚੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ :—

ਚਿਤ ਚਰਨ ਕੰਵਲ ਕਾ ਆਸਰਾ, ਚਿਤ ਚਰਨ ਕੰਵਲ ਸੰਗ ਜੋੜੀਐ
ਮਨ ਲੋਚੈ ਬੁਰਿਆਈਆ, ਗੁਰ ਸਬਦੀ ਇਹ ਮਨ ਹੋੜੀਐ

ਬਾਂਹ ਜਿਨਾ ਕੀ ਪਕੜੀਐ, ਸਿਰ ਦੀਜੈ ਬਾਂਹ ਨ ਛੋੜੀਐ[1]
ਗੁਰ ਤੇਗ ਬਹਾਦਰ ਬੋਲਿਆ, ਧਰਤ ਪਈਐ ਧਰਮ ਨ ਛੋੜੀਐ

ਉਨ੍ਹਾਂ ਦੀ ਸ਼ਹੀਦੀ ਨੂੰ ਹਿੰਦੂਆਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਖਿਆਲ ਕੀਤਾ । ਸਾਰਾ ਪੰਜਾਬ ਘ੍ਰਿਣਾ ਤੇ ਬਦਲੇ ਦੀ ਅੱਗ ਨਾਲ ਭੜਕ ਉਠਿਆ । ਮਾਝੇ ਤੇ ਮਾਲਵੇ ਦੇ ਬਲਵਾਨ ਜੱਟ ਕੇਵਲ ਅਜੇਹਾ ਆਗੂ ਚਾਹੁੰਦੇ ਸਨ ਜਿਸ ਦੇ ਝੰਡੇ ਹੇਠਾਂ ਉਹ ਲੜ ਸਕਣ ਤੇ ਆਪਣੇ ਧਰਮ ਦੇ ਕੀਤੇ ਗਏ ਨਿਰਾਦਰ ਦਾ ਬਦਲਾ ਲੈ ਸਕਣ । ਅਜੇਹਾ ਨੇਤਾ ਉਨ੍ਹਾਂ ਨੂੰ ਜਵਾਨ ਗੁਰੂ ਗੋਬਿੰਦ ਦੇ ਰੂਪ ਵਿਚ ਮਿਲਿਆ।

---

1. ਇਹ ਕਥਾ 'ਪੰਥ ਪ੍ਰਕਾਸ਼' ਵਿਚ ਦਰਜ ਹੈ ਪਰੰਤੂ ਗੁਰੂ ਗੋਬਿੰਦ ਸਿੰਘ ਨੇ ਇਸ ਦਾ ਜ਼ਿਕਰ 'ਬਚਿਤ੍ਰ ਨਾਟਕ' ਵਿਚ ਨਹੀਂ ਕੀਤਾ । ਜਿਥੇ ਉਨ੍ਹਾਂ ਨੇ ਆਪਣੇ ਪਿਤਾ ਜੀ ਦੀ ਸ਼ਹੀਦੀ ਦਾ ਜ਼ਿਕਰ ਕੀਤਾ ਹੈ ਉੱਥੇ ਉਨ੍ਹਾਂ ਨੇ ਉਨ੍ਹਾਂ ਦੇ ਭਾਰੀ ਬਲੀਦਾਨ ਅਤੇ 'ਤਿਲਕ ਅਤੇ ਜੰਞੂ' ਦੀ ਰੱਖਿਆ ਲਈ ਸ਼ਰਧਾਂਜਲੀ ਭੇਂਟ ਕੀਤੀ ਹੈ ।

ਅਧਿਆਇ ੯

ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖ ਧਰਮ
ਉਨ੍ਹਾਂ ਦੀ ਸਥਿਤੀ ਤੇ ਯੋਜਨਾਵਾਂ (1675–1695)

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਅਹਿਮ ਯੁੱਗ ਆਰੰਭ ਹੋ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਅਧੀਨ ਇਸ ਦਾ ਸੁਭਾਵ ਬਿਲਕੁਲ ਬਦਲ ਗਿਆ । ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਪਹਿਲਾਂ ਵੀ ਭਾਵੇਂ ਸਿੱਖ ਆਪਣੀ ਆਗਾਮੀ ਮਹਾਨਤਾ ਦਾ ਭਰੋਸਾ ਦੁਆ ਚੁੱਕੇ ਸਨ, ਤਾਂ ਵੀ ਅਜੇ ਤਕ ਭਗਤੀ ਅਤੇ ਧਰਮ ਭਾਵਨਾ ਹੀ ਸਿੱਖ ਧਰਮ ਦੇ ਵਿਸ਼ੇਸ਼ ਲੱਛਣ ਸਨ । ਗੁਰੂ ਗੋਬਿੰਦ ਸਿੰਘ ਅਧੀਨ ਸੰਗਰਾਮੀ ਭਾਵਨਾ ਅਤੇ ਸੂਰਮਤਾ ਇਸ ਧਰਮ ਦੇ ਬਹੁਤ ਹੀ ਮਹੱਤਵਪੂਰਣ ਅੰਗ ਬਣ ਗਏ । ਕਿਉਂਕਿ ਗੁਰੂ ਸਾਹਿਬ ਦੁਆਰਾ ਚੁੱਕੇ ਗਏ ਕਦਮਾਂ ਦਾ ਸੁਭਾਵ ਅਤਿ ਕਰਾਂਤੀਕਾਰੀ ਸੀ ਅਤੇ ਉਨ੍ਹਾਂ ਦਾ ਆਰੰਭਿਆ ਕਾਰਜ ਅਤਿ ਮਹਾਨ ਅਤੇ ਕਠਿਨ ਸੀ, ਇਸ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਉਨ੍ਹਾਂ ਹਾਲਾਤ ਦਾ ਜਿਨ੍ਹਾਂ ਵਿਚ ਉਹ ਪ੍ਰਵਾਨ ਚੜ੍ਹੇ ਤੇ ਆਪਣੇ ਪਿਤਾ ਦੀ ਸ਼ਹੀਦੀ ਤੋਂ ਪਿੱਛੋਂ ਜਿਨ੍ਹਾਂ ਦਾ ਉਨ੍ਹਾਂ ਨੂੰ ਸਾਮ੍ਹਣਾ ਕਰਨਾ ਪਿਆ, ਸੰਖੇਪ ਸਰਵੇਖਣ ਕੀਤਾ ਜਾਵੇ ।

ਅਸੀਂ ਵੇਖ ਚੁੱਕੇ ਹਾਂ ਕਿ ਕਿਸ ਤਰ੍ਹਾਂ ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ ਦੇ ਮਨਾਂ ਨੂੰ ਭਰਮ, ਪਾਖੰਡ ਅਤੇ ਕਪਟ ਤੋਂ ਮੁਕਤ ਕੀਤਾ, ਕਿਸ ਤਰ੍ਹਾਂ ਗੁਰੂ ਅੰਗਦ ਨੇ ਮੁੱਢਲੇ ਸਿੱਖਾਂ ਨੂੰ ਨਿਜੀ ਵਿਅਕਤਿਤ੍ਵ ਪ੍ਰਦਾਨ ਕੀਤਾ ਅਤੇ ਕਿਸ ਤਰ੍ਹਾਂ ਗੁਰੂ ਅਮਰ ਦਾਸ ਨੇ ਤਿਆਗਵਾਦ ਅਤੇ ਨਿਸ਼ਾਨੇ ਰਹਿਤ ਜੀਵਨ ਬਤੀਤ ਕਰਨ ਤੋਂ ਉਨ੍ਹਾਂ ਨੂੰ ਬਚਾਇਆ । ਅਸੀਂ ਇਹ ਵੀ ਵੇਖ ਚੁੱਕੇ ਹਾਂ ਕਿ ਕਿਸ ਤਰ੍ਹਾਂ ਗੁਰੂ ਰਾਮ ਦਾਸ ਨੇ ਸਿੱਖ ਧਰਮ ਦੀ ਸੱਤਾ ਤੇ ਪ੍ਰਭਾਵ ਵਿਚ ਵਾਧਾ ਕੀਤਾ ਤੇ ਕਿਸ ਤਰ੍ਹਾਂ ਗੁਰੂ ਅਰਜਨ ਨੇ ਇਨ੍ਹਾਂ ਨੂੰ ਰਹਿਤਨਾਮਾ, ਰਾਜਧਾਨੀ, ਕੋਸ਼ ਅਤੇ ਗੁਰੂ ਦੇ ਸਰੂਪ ਵਿਚ ਇਕ ਨੇਤਾ ਪ੍ਰਦਾਨ ਕਰ ਕੇ ਧਰਮ-ਤੰਤਰਕ ਜਾਤੀ ਬਣਾਇਆ । ਇਹ ਵੀ ਦਸਿਆ ਜਾ ਚੁੱਕਾ ਹੈ ਕਿ ਕਿਸ ਤਰ੍ਹਾਂ ਛੇਵੇਂ ਗੁਰੂ ਨੇ ਇਕ ਭਾਂਤ ਦੀ ਸੈਨਾ ਖੜੀ ਕਰ ਕੇ ਤੇ ਲਗਾਤਾਰ ਜਿੱਤਾਂ ਪ੍ਰਾਪਤ ਕਰ ਕੇ ਆਪਣੇ ਅਨੁਯਾਈਆਂ ਨੂੰ ਉਨ੍ਹਾਂ ਦੀਆਂ ਯੋਗਿਤਾਵਾਂ ਵੱਲੋਂ ਚੇਤੰਨ ਕੀਤਾ । ਇਸ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਨ ਦੇ ਸ਼ਾਂਤਮਈ

ਸੁਭਾਵ ਅਤੇ ਔਰੰਗਜ਼ੇਬ ਦੀ ਹਕੂਮਤ ਦੀ ਸਖ਼ਤੀ ਕਾਰਣ ਸੈਨਿਕ ਜਥੇਬੰਦੀ ਦਾ ਕਾਰਜ ਮੱਠਾ ਪੈ ਗਿਆ। ਸ਼ਾਂਤੀ ਦੇ ਇਸ ਦੌਰ ਦਾ ਅੰਤ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਹੋਇਆ ਜਿਸ ਨੇ ਮੁਸਲਮਾਨੀ ਹਕੂਮਤ ਪ੍ਰਤਿ ਘ੍ਰਿਣਾ ਦੀ ਬੁਝ ਰਹੀ ਅੱਗ ਨੂੰ ਹਿੰਦੂਆਂ ਦੇ ਮਨਾਂ ਵਿਚ ਇਕ ਵਾਰੀ ਫੇਰ ਭੜਕਾ ਦਿੱਤਾ।

ਇਹ ਸੀ ਵਿਰਸਾ ਜਿਹੜਾ ਗੁਰੂ ਗੋਬਿੰਦ ਸਿੰਘ ਨੂੰ ਪ੍ਰਾਪਤ ਹੋਇਆ। ਇਸ ਨੂੰ ਵੇਖ ਕੇ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਉਸ ਸ਼ਾਨਦਾਰ ਜੀਵਨ ਲਈ ਜਿਸ ਵਿਚ ਗੁਰੂ ਸਾਹਿਬ ਨੇ ਪ੍ਰਵੇਸ਼ ਕਰਨਾ ਸੀ, ਇਹ ਕੋਈ ਮਾਮੂਲੀ ਅਸਾਸਾ ਨਹੀਂ ਸੀ।

ਇਕ ਹੋਰ ਸਥਿਤੀ ਜਿਹੜੀ ਗੁਰੂ ਸਾਹਿਬ ਦੇ ਪੱਖ ਵਿਚ ਗਈ, ਗੁਰੂ ਸਾਹਿਬ ਦੇ ਸਮੇਂ ਦੀ ਮੁਗ਼ਲ ਹਕੂਮਤ ਦੇ ਸੰਵਿਧਾਨ ਅਤੇ ਅਵਸਥਾ ਦੀ ਸੀ। ਪਹਿਲੀ ਗੱਲ ਤਾਂ ਇਹ ਕਿ ਭਾਰਤ ਵਿਚ ਕੋਈ ਸੰਵਿਧਾਨ ਹੁੰਦਾ ਹੀ ਨਹੀਂ ਸੀ। ਬਾਦਸ਼ਾਹ ਦੀ ਰਜ਼ਾ ਨੂੰ, ਜੇ ਇਹ ਕੁਰਾਨ ਦੇ ਫਤਵੇ ਦੇ ਉੱਕਾ ਹੀ ਵਿਰੁੱਧ ਨ ਜਾਂਦੀ ਹੋਵੇ, ਹੀ ਕਾਨੂੰਨ ਸਮਝਿਆ ਜਾਂਦਾ ਸੀ। ਸੂਬੇਦਾਰ ਤੇ ਨਾਇਬ ਸੂਬੇਦਾਰ ਆਪਣੇ ਸਵਾਮੀ ਦੇ ਪਾਏ ਪੂਰਨਿਆਂ ਤੇ ਚਲਦੇ ਸਨ। ਅਦਾਲਤਾਂ ਜੇ ਕਿਤੇ ਹੁੰਦੀਆਂ ਵੀ ਸਨ, ਭ੍ਰਿਸ਼ਟਾਚਾਰ ਦੇ ਕੇਂਦਰ ਅਤੇ ਜਬਰ ਤੇ ਖੋਹ-ਖਿੰਝ ਦੇ ਅੱਡੇ ਬਣ ਕੇ ਰਹਿ ਗਈਆਂ ਸਨ ਅਤੇ ਸਰਕਾਰ-ਵਿਰੋਧੀ ਦੋਸ਼ੀਆਂ ਨੂੰ ਤਾਂ ਇਨਸਾਫ਼ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਸਰਕਾਰ ਨਿਰਾ ਜਬਰ ਦਾ ਰੂਪ ਧਾਰਨ ਕਰ ਚੁੱਕੀ ਸੀ ਜਿਹੜੀ ਤਲਵਾਰ ਦੇ ਜ਼ੋਰ ਨਾਲ ਚਲ ਰਹੀ ਸੀ। ਸ਼ਸੋਦੀਆਂ ਅਤੇ ਰਾਠੌਰਾਂ ਦੇ ਮਤਭੇਦਾਂ ਨੂੰ ਹਵਾ ਦੇ ਕੇ, ਸਵਾਈਆਂ ਨੂੰ ਦੋਹਾਂ ਵਿਰੁੱਧ ਭੜਕਾ ਕੇ ਅਤੇ ਤਿੰਨਾਂ ਨੂੰ ਮਰਹੱਟਿਆਂ ਵਿਰੁੱਧ ਉਕਸਾ ਕੇ ਇਹ ਆਪਣੇ ਆਪ ਨੂੰ ਢੋਹ ਦੇ ਰਹੀ ਸੀ।

ਇਸ ਰਾਜ-ਪ੍ਰਣਾਲੀ ਦੇ ਅੰਦਰੂਨੀ ਨੁਕਸਾਂ ਤੇ ਬੁਰਾਈਆਂ ਤੋਂ ਬਿਨਾਂ ਔਰੰਗਜ਼ੇਬ ਦੀ ਹਠਧਰਮੀ ਤੇ ਧਾਰਮਿਕ ਕਟੜਪੁਣੇ ਨੇ ਵੀ ਘਰ ਆ ਕੀਤਾ। ਹਿੰਦੂਆਂ ਨੂੰ ਕੋਈ ਸਰਕਾਰੀ ਸਰਪ੍ਰਸਤੀ ਪ੍ਰਾਪਤ ਨਹੀਂ ਸੀ ਅਤੇ ਉਨ੍ਹਾਂ ਨੂੰ ਸਰਕਾਰੀ ਆਸਾਮੀਆਂ ਤੇ ਨਹੀਂ ਲਾਇਆ ਜਾਂਦਾ ਸੀ। ਜਜ਼ੀਆ ਨਾਮਕ ਇਕ ਜੀ ਪ੍ਰਤਿ ਕਰ ਉਨ੍ਹਾਂ ਉਤੇ ਲਾ ਦਿੱਤਾ ਗਿਆ ਸੀ, ਇਥੋਂ ਤਕ ਕਿ ਉਨ੍ਹਾਂ ਨੂੰ ਪਾਲਕੀਆਂ ਵਿਚ ਚੜ੍ਹਨ ਅਤੇ ਅਰਬੀ ਘੋੜਿਆਂ ਦੀ ਸਵਾਰੀ ਕਰਨ ਦੀ ਵੀ ਮਨਾਹੀ ਸੀ। ਉਨ੍ਹਾਂ ਦੇ ਮੰਦਰ ਢਾਹ ਦਿੱਤੇ ਗਏ ਸਨ, ਜਨੇਊ ਪਹਿਨਣ ਤੇ ਬੰਦਸ਼ ਲਾ ਦਿੱਤੀ ਗਈ ਸੀ, ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਾਰੇ ਹਿੰਦੂਆਂ ਵਿਚ ਬੇਚੈਨੀ ਫੈਲ ਗਈ ਤੇ ਇਸ ਅਸਹਿ ਜ਼ੁਲਮ ਦਾ ਖ਼ਾਤਮਾ ਕਰਨ ਦੀ ਉਹ ਸੋਚਣ ਲੱਗੇ। ਸਰਕਾਰ ਦੀ ਯਕਜਹਿਤੀ ਖ਼ਤਮ ਹੋ ਚੁੱਕੀ ਸੀ। ਔਰੰਗਜ਼ੇਬ ਹਰ ਕਿਸੇ ਤੇ ਸ਼ਕ ਕਰਦਾ ਸੀ ਤੇ ਉਸ ਦਾ ਸ਼ੱਕੀ ਸੁਭਾ ਛੇਤੀ ਹੀ ਅਜੇਹੀ ਸਿਖਰ ਤੇ ਪਹੁੰਚ ਗਿਆ ਕਿ ਉਸ ਨੇ ਨਿਰਾਸਤਾ ਤੇ

ਘਬਰਾਹਟ ਵਿਚ ਆਪਣੇ ਪੁੱਤਰ ਨੂੰ ਵੀ ਕੈਦ ਵਿਚ ਸੁੱਟ ਦਿੱਤਾ। ਜਦੋਂ ਕੋਈ ਸਰਕਾਰ ਅਜੇਹੀ ਅਸਥਿਰਤਾ, ਬਦਗੁਮਾਨੀ, ਨਿਰਾਸਤਾ ਤੇ ਘਬਰਾਹਟ ਦੀ ਸ਼ਿਕਾਰ ਹੋ ਜਾਏ ਤਾਂ ਸੁਭਾਵਿਕ ਹੀ ਉਹ ਤਬਾਹੀ ਦੇ ਰਾਹ ਤੇ ਪੈ ਜਾਂਦੀ ਹੈ। ਮੁਗਲ ਸੱਤਾ ਦਾ ਸੂਰਜ ਔਰੰਗਜ਼ੇਬ ਦੇ ਰਾਜ ਦੇ ਵਿਚਕਾਰਲੇ ਸਮੇਂ ਵਿਚ ਸਿਖਰ ਤੇ ਪਹੁੰਚ ਕੇ ਉਸ ਦੇ ਪਤਨ ਦੇ ਦਿਨਾਂ ਵਿਚ ਤੇਜ਼ੀ ਨਾਲ ਚਲਣਾ ਸ਼ੁਰੂ ਹੋ ਗਿਆ ਸੀ। ਮੁਸਲਮਾਨ ਅਤੇ ਹਿੰਦੂ ਸਰਦਾਰ ਹਰ ਸਮੇਂ ਬਗਾਵਤ ਲਈ ਤਿਆਰ ਰਹਿੰਦੇ ਸਨ ਤੇ ਕੇਵਲ ਤਲਵਾਰ ਦੀ ਨੋਕ ਨਾਲ ਹੀ ਦਬਾ ਕੇ ਰੱਖੇ ਜਾਂਦੇ ਸਨ। ਸਿੱਟੇ ਵਜੋਂ ਸਾਮਰਾਜ ਦੀਆਂ ਜੜਾਂ ਦਿਨ-ਬਦਿਨ ਉਖੜਨ ਲੱਗ ਪਈਆਂ ਸਨ।

ਇਕ ਹੋਰ ਸਥਿਤੀ ਜਿਸ ਨੇ ਗੁਰੂ ਸਾਹਿਬ ਦੀ ਸਹਾਇਤਾ ਕੀਤੀ ਇਹ ਸੀ ਕਿ ਔਰੰਗਜ਼ੇਬ ਦੱਖਣ ਦੀਆਂ ਆਜ਼ਾਦ ਰਿਆਸਤਾਂ ਦੀ ਸਰਕੋਬੀ ਤੇ ਮਰਹੱਟਿਆਂ ਦੀ ਉਭਰ ਰਹੀ ਤਾਕਤ ਨੂੰ ਆਰੰਭ ਵਿਚ ਹੀ ਕੁਚਲ ਦੇਣ ਵਿਚ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ। ਉਹ ਆਪਣੇ ਕਿਸੇ ਜਰਨੈਲ ਤੇ ਵਿਸ਼ਵਾਸ ਨਹੀਂ ਕਰਦਾ ਸੀ ਅਤੇ ਸਾਰੇ ਹੈਂਕੜਬਾਜ਼ ਤੇ ਘੁਮੰਡੀ ਪਰ ਪ੍ਰਤਿਭਾਸ਼ਾਲੀ ਮਨੁੱਖਾਂ ਦੀ ਤਰ੍ਹਾਂ ਇਹ ਸਮਝਦਾ ਸੀ ਕਿ ਉਸ ਦੀ ਜਾਤੀ ਨਿਗਰਾਨੀ ਤੋਂ ਬਿਨਾਂ ਸਭ ਕੰਮ ਚੌੜ ਹੋ ਜਾਵੇਗਾ। ਇਸ ਗੱਲ ਨੇ ਉਸ ਨੂੰ ਕਿੰਨੇ ਹੀ ਵਰ੍ਹੇ ਰਾਜਧਾਨੀ ਤੋਂ ਦੂਰ ਰਖਿਆ ਅਤੇ ਪੰਜਾਬ ਕਿਸੇ ਵੀ ਸਾਹਸੀ ਮਹਾਪੁਰਸ਼ ਦੀਆਂ ਯੋਜਨਾਵਾਂ ਦੇ ਵਧਣ-ਫੁੱਲਣ ਲਈ ਨਿਵੇਕਲਾ ਰਹਿ ਗਿਆ।

ਇਉਂ ਮੁਗਲ ਸਰਕਾਰ ਦਾ ਸੰਵਿਧਾਨ, ਔਰੰਗਜ਼ੇਬ ਦਾ ਤੁਅੱਸਬ ਅਤੇ ਦੱਖਣ ਦੀਆਂ ਮੁਹਿੰਮਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਭਾਰੀ ਲਾਭ ਪਹੁੰਚਾਇਆ ਤੇ ਉਹ ਇਸ ਦਾ ਪੂਰਾ ਪੂਰਾ ਲਾਭ ਉਠਾਉਣ ਲਈ ਤਿਆਰੀ ਕਰ ਚੁੱਕੇ ਸਨ। ਤਾਂ ਵੀ ਅਕਬਰ ਦੀ ਸਹਿਨਸ਼ੀਲਤਾ ਅਤੇ ਟੋਡਰ ਮੱਲ ਦੀ ਪ੍ਰਤਿਭਾ ਦੇ ਸਦਕੇ ਦੇਸ਼ ਹਾਲੇ ਵੀ ਪੂਰਣ ਭਾਂਤ ਸੰਗਠਿਤ ਰਿਹਾ। ਸਮੁੱਚਾ ਦੇਸ਼ ਸੂਬਿਆਂ ਵਿਚ ਵੰਡਿਆ ਹੋਇਆ ਸੀ ਤੇ ਸੂਬੇ ਕਰੋੜੀਆਂ ਅਧੀਨ ਛੋਟੀਆਂ ਛੋਟੀਆਂ ਸਰਕਾਰਾਂ ਵਿਚ। ਕਰੋੜੀਆਂ[1] ਅਧੀਨ ਆਮਿਲ ਹੁੰਦੇ ਸਨ ਅਤੇ ਆਮਿਲ ਕਾਰਕੁਨਾਂ ਅਤੇ ਖਸਰਾ ਨਵੀਸਾਂ ਰਾਹੀ ਕੰਮ ਕਰਦੇ ਸਨ ਜਿਨ੍ਹਾਂ ਦਾ ਕੰਮ ਪਿੰਡਾਂ ਵਿਚ ਅਮਨ-ਅਮਾਨ ਰੱਖਣਾ ਅਤੇ ਲਗਾਨ ਵਸੂਲ ਕਰਨਾ ਸੀ। ਅਮਲੀ ਰੂਪ ਵਿਚ ਇਹ ਵਿਵਸਥਾ ਅੱਜ ਦੀ ਤਰ੍ਹਾਂ ਹੀ ਸੀ, ਕੇਵਲ ਰੇਲਵੇ ਤੇ ਤਾਰ-ਪ੍ਰਬੰਧ ਨਹੀਂ ਸਨ। ਫੇਰ ਵੀ ਉਨ੍ਹੀਂ ਦਿਨੀ ਮੁਗਲਾਂ ਨੂੰ ਸੂਚਨਾਵਾਂ ਉਤਨੀ ਹੀ ਆਸਾਨੀ ਨਾਲ ਤੇ ਪੂਰਣ

---

1. ਉਸ ਇਲਾਕੇ ਦਾ ਮੁਖੀ ਜਿਸ ਦਾ ਲਗਾਨ ਇਕ ਕਰੋੜ ਟੰਕਾ ਜਾਂ 3,12,500 ਰੁਪਏ ਸਾਲਾਨਾ ਹੋਵੇ।

ਰੂਪ ਵਿਚ ਮਿਲਦੀਆਂ ਸਨ ਜਿਤਨੀ ਨਾਲ ਕਿ ਭਾਰਤ ਦੇ ਬਰਤਾਨਵੀ ਹਾਕਮਾਂ[1] ਨੂੰ। ਇਕ ਗੱਲ ਹੋਰ, ਭਾਵੇਂ ਸਾਧਾਰਨ ਹਿੰਦੂਆਂ ਉਤੇ ਪਾਬੰਦੀ ਸੀ ਅਤੇ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਤੇ ਨਹੀਂ ਲਾਇਆ ਜਾਂਦਾ ਸੀ, ਤਾਂ ਵੀ ਉੱਚੀ ਪਦਵੀ ਤੇ ਮਰਤਬੇ ਵਾਲੇ ਅਜੇਹੇ ਹਿੰਦੂਆਂ ਦੀ ਘਾਟ ਨਹੀਂ ਸੀ ਜੋ ਕਿ ਸਮੇਂ ਦੀ ਸਰਕਾਰ ਨਾਲ ਮਿਲ ਗਏ ਸਨ ਜਿਸ ਕਰਕੇ ਉਨ੍ਹਾਂ ਨੂੰ ਸਰਕਾਰੀ ਰੱਖਿਆ ਅਤੇ ਜਾਗੀਰਾਂ ਮਿਲ ਜਾਂਦੀਆਂ ਸਨ ਜਾਂ ਆਪਣੀਆਂ ਜ਼ਮੀਨਾਂ ਤੇ ਕਾਬਜ਼ ਰਹਿਣ ਲਈ ਉਹ ਸਦਾ ਸਮੇਂ ਦੀ ਸਰਕਾਰ ਦਾ ਪੱਖ ਲੈਂਦੇ ਸਨ। ਮਾਮੂਲੀ ਜੇਹੀ ਸ਼ਾਂਤੀ ਭੰਗ ਹੋਣ ਤੇ ਹੀ ਉਹ ਆਪਣੀ ਵਫ਼ਾਦਾਰੀ ਤੇ ਅਮਲੀ ਸੇਵਾ ਦਾ ਢੰਡੋਰਾ ਪਿੱਟਣਾ ਸ਼ੁਰੂ ਕਰ ਦਿੰਦੇ। ਇਸ ਦਾ ਭਾਵ ਇਹ ਹੈ ਕਿ ਭਾਵੇਂ ਹਿੰਦੂ ਜਨਤਾ ਅਸਹਿ ਜ਼ੁਲਮ ਤੇ ਜਬਰ ਦੇ ਜੂਲੇ ਤੋਂ ਤੰਗ ਆ ਚੁੱਕੀ ਸੀ ਤਾਂ ਵੀ ਲੋਕਾਂ ਦੇ ਅਖੌਤੀ ਸੁਭਾਵਿਕ ਆਗੂ ਹਕੂਮਤ ਦੇ ਐਲਾਨੀਆਂ ਵਫ਼ਾਦਾਰ ਅਤੇ ਪ੍ਰਗਤੀਸ਼ੀਲ ਅੰਦੋਲਨਾਂ ਦੇ ਕੱਟੜ ਦੁਸ਼ਮਣ ਸਨ ਕਿਉਂਕਿ ਉਨ੍ਹਾਂ ਨੂੰ ਸਰਕਾਰੀ ਰਿਆਇਤਾਂ ਦੇ ਖੁੱਸ ਜਾਣ ਦਾ ਅਤੇ ਸਿੱਟੇ ਵਜੋਂ ਉਸ ਭੂਮੀ ਤੇ ਸੱਤਾ ਦੇ, ਜਿਹੜੀ ਉਨ੍ਹਾਂ ਦੀ ਨਿਰਪੱਖਤਾ ਤੇ ਸ਼ੱਕੀ ਪੱਖਪਾਤ ਕਰਕੇ ਉਨ੍ਹਾਂ ਨੂੰ ਯਕੀਨੀ ਤੌਰ ਤੇ ਪ੍ਰਾਪਤ ਹੋਈ ਸੀ, ਹੱਥੋਂ ਨਿਕਲ ਜਾਣ ਦਾ ਡਰ ਹੁੰਦਾ ਸੀ।

ਇਸ ਤੋਂ ਇਲਾਵਾ, ਪੰਜਾਬ ਉਤੇ ਮੁਗਲਾਂ ਦਾ ਸਭ ਤੋਂ ਪਹਿਲਾਂ ਕਬਜ਼ਾ ਹੋਇਆ ਸੀ ਜਿਸ ਕਰਕੇ ਮੁਗਲ ਹਕੂਮਤ ਜੇ ਪੂਰੀ ਤਰ੍ਹਾਂ ਕਿਤੇ ਜੰਮ ਸਕੀ ਸੀ ਤਾਂ ਉਹ ਪੰਜਾਬ ਵਿਚ ਹੀ ਸੀ। ਦਿੱਲੀ ਅਤੇ ਕਾਬੁਲ ਵਿਚਕਾਰ ਸਥਿਤ ਇਸ ਸੂਬੇ ਉਤੇ ਕਰੜੀ ਨਿਗਰਾਨੀ ਰੱਖੀ ਜਾਂਦੀ ਸੀ ਤੇ ਇਥੋਂ ਦੀ ਹਕੂਮਤ ਵੀ ਕਰੜੀ ਸੀ। ਮੁਸਲਮਾਨੀ ਵਸੋਂ ਸਭ ਤੋਂ ਵੱਧ ਸੀ ਤੇ ਕਿਉਂਕਿ ਇਸ ਵਿਚ ਬਹੁ-ਗਿਣਤੀ ਕਿਰਸਾਣੀ ਦੀ ਸੀ ਇਸ ਲਈ ਇਹ ਪੰਜਾਬ ਵਿਚ ਵਧੇਰੇ ਸ਼ਕਤੀਸ਼ਾਲੀ ਸੀ। ਭਾਵੇਂ ਆਮ ਮੁਸਲਮਾਨ ਹਿੰਦੂਆਂ ਨਾਲ ਭੈਣ-ਭਰਾਵਾਂ ਵਾਂਗ ਰਹਿੰਦੇ ਸਨ ਤੇ ਔਰੰਗਜ਼ੇਬ ਦੇ ਤੁਅੱਸਬ ਦੇ ਹਾਮੀ ਨਹੀਂ ਸਨ ਤਾਂ ਵੀ ਉਨ੍ਹਾਂ ਤੋਂ ਕਿਸੇ ਅਜੇਹੇ ਅੰਦੋਲਨ ਵਿਚ ਸ਼ਾਮਿਲ ਹੋਣ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ, ਜਿਸ ਦਾ ਉਦੇਸ਼ ਮੁਸਲਮਾਨੀ ਹਕੂਮਤ ਨੂੰ ਉਲਟਾਉਣਾ ਹੋਵੇ।

ਉਕਤ ਹਾਨੀਕਾਰਕ ਗੱਲਾਂ ਤੋਂ ਇਲਾਵਾ, ਗੁਰੂ ਜੀ ਨੂੰ ਆਪਣੇ ਪਰਿਵਾਰ ਦੇ[2] ਮੈਂਬਰਾਂ

---

1. ਅਕਬਰ ਨੇ ਇਕ ਸ਼ਾਨਦਾਰ ਡਾਕ-ਵਿਵਸਥਾ ਸਥਾਪਿਤ ਕਰ ਦਿੱਤੀ ਸੀ ਜਿਸ ਵਿਚ ਹਰੇਕ ਪੰਜ ਕੋਹ ਦੀ ਵਿੱਥ ਤੇ ਦੋ ਘੋੜ-ਸਵਾਰ ਅਤੇ ਕੁਝ ਪਿਆਦੇ ਨਿਯੁਕਤ ਸਨ। ਲਤੀਫ਼, 'ਹਿਸਟਰੀ ਆਫ਼ ਦਿ ਪੰਜਾਬ'।


2. ਕਿਉਂਕਿ ਇਹ ਵਿਰੋਧ ਚੌਥੇ ਗੁਰੂ ਸਾਹਿਬ ਪਿੱਛੋਂ ਆਰੰਭ ਹੋਏ, ਇਸ ਲਈ ਉਨ੍ਹਾਂ ਦੀ

(ਬਾਕੀ ਦੇਖੋ ਸਫ਼ਾ 76 ਤੇ)

ਨਾਲ ਵੀ ਲੋਹਾ ਲੈਣਾ ਪਿਆ ਜਿਹੜੇ ਨਿਜੀ ਵਿਰੋਧਾਂ ਕਾਰਣ ਦੁਸ਼ਮਣ ਦੇ ਧੜੇ ਵਿਚ ਸ਼ਾਮਿਲ ਹੋ ਗਏ ਸਨ ਤੇ ਜਿਨ੍ਹਾਂ ਨੇ ਗੁਰੂ ਜੀ ਦੇ ਕਾਰਜ ਵਿਚ ਅੜਿੱਕੇ ਲਾਉਣ, ਉਨ੍ਹਾਂ ਨੂੰ ਤੰਗ ਕਰਨ ਅਤੇ ਨੁਕਸਾਨ ਪਹੁੰਚਾਉਣ ਦੀ ਕੋਈ ਕਸਰ ਨਹੀਂ ਸੀ ਛੱਡੀ। ਗੁਰੂ ਜੀ ਦੇ ਪਿਤਾ ਜੀ ਨੂੰ ਉਨ੍ਹਾਂ ਦੇ ਵੱਡੇ ਭਰਾ ਦੀ ਸੰਤਾਨ ਤੇ ਤਰਜੀਹ ਦੇ ਕੇ ਗੁਰ-ਗੱਦੀ ਤੇ ਬਿਠਾਇਆ ਗਿਆ ਸੀ। ਉਨ੍ਹਾਂ ਦੇ ਚਚੇਰੇ ਭਰਾਵਾਂ ਨੇ ਉਨ੍ਹਾਂ ਨੂੰ ਇਸ ਗੱਲ ਲਈ ਕਦੀ ਮੁਆਫ਼ ਨ ਕੀਤਾ ਜਿਸ ਨੂੰ ਕਿ ਉਹ ਆਪਣੀ ਹਕ-ਮਾਰੀ ਕਹਿੰਦੇ ਸਨ। ਰਾਮ ਰਾਏ ਤੇ ਧੀਰ ਮੱਲ ਰਾਜ-ਦਰਬਾਰ ਦੇ ਚਹੇਤੇ ਸਨ ਅਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਪਿਤਾ ਜੀ ਨੂੰ ਗੱਦਾਰੀ ਅਤੇ ਕੁਫ਼ਰ ਦੇ ਦੋਸ਼ ਵਿਚ ਮਰਵਾਉਣ ਲਈ ਔਰੰਗਜ਼ੇਬ ਨੂੰ ਭੜਕਾਉਣ ਵਿਚ ਭਾਰੀ ਹਿੱਸਾ ਪਾਇਆ ਸੀ। ਪਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾਲ ਵੀ ਉਨ੍ਹਾਂ ਦੀ ਗੁਰੂ ਗੋਬਿੰਦ ਸਿੰਘ ਪ੍ਰਤਿ ਈਰਖਾ ਵਿਚ ਕੋਈ ਕਮੀ ਨਹੀਂ ਆਈ ਸੀ। ਕਿਉਂਕਿ ਉਨ੍ਹਾਂ ਦੇ ਦੋਖੀ ਹਾਲੇ ਵੀ ਸ਼ਹਿਨਸ਼ਾਹ ਦੇ ਕੰਨ ਭਰਨ ਤੋਂ ਬਾਜ਼ ਨ ਆਏ ਅਤੇ ਕੁਝ ਸਮੇਂ ਲਈ ਤਾਂ ਗੁਰੂ ਗੋਬਿੰਦ ਸਿੰਘ ਆਪਣਾ ਪ੍ਰਚਾਰ ਜਾਰੀ ਰੱਖਣ ਦੇ ਵੀ ਨ ਕੇਵਲ ਅਸਮਰੱਥ ਹੋ ਗਏ ਸਨ ਸਗੋਂ ਉਨ੍ਹਾਂ ਨੂੰ ਆਪਣੀ ਜਾਨ ਦਾ ਖ਼ਤਰਾ ਵੀ ਮਹਿਸੂਸ ਹੋਣ ਲੱਗ ਪਿਆ ਸੀ।

ਦਿੱਲੀ ਦੀ ਹਕੂਮਤ ਹੱਥੋਂ ਆਪਣੇ ਪਿਤਾ ਜੀ ਦੇ 1675 ਈ. ਵਿਚ ਸ਼ਹੀਦ ਹੋ ਜਾਣ ਤੋਂ ਪਿੱਛੋਂ ਗੁਰੂ ਗੋਬਿੰਦ ਸਿਘ ਨੂੰ ਅਜੇਹੇ ਹਾਲਾਤ ਦਾ ਟਾਕਰਾ ਕਰਨਾ ਪਿਆ।

(ਸਫ਼ਾ 75 ਦੀ ਬਾਕੀ)
ਨਿਮਨਲਿਖਤ ਬੰਸਾਵਲੀ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਨੂੰ ਸਮਝਣ ਵਿਚ ਸਹਾਈ ਹੋਵੇਗੀ।



ਉਸ ਸਮੇਂ ਉਹ ਬਾਲ-ਅਵਸਥਾ ਵਿਚ ਹੀ ਸਨ। ਬਦਲਾ ਲੈਣ ਜਾਂ ਸਰਗਰਮ ਟਾਕਰੇ ਦਾ ਉਸ ਸਮੇਂ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੋ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਸ਼ਹੀਦ ਪਿਤਾ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਗੁਰਿਆਈ ਬਖ਼ਸ਼ ਦਿੱਤੀ ਸੀ ਅਤੇ ਵਫ਼ਾਦਾਰ ਸਿੱਖ ਕਿਸੇ ਵੀ ਅਜੇਹੇ ਆਗੂ ਪਿੱਛੇ ਲੱਗਣ ਲਈ ਤਿਆਰ ਸਨ ਜਿਹੜਾ ਉਨ੍ਹਾਂ ਦੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਬਦਲਾ ਲਵੇ। ਤਾਂ ਵੀ, ਗੁਰੂ ਗੋਬਿੰਦ ਸਿੰਘ ਦਾ ਨਿਸ਼ਚਾ ਭਾਵੇਂ ਕਿਤਨਾ ਵੀ ਦ੍ਰਿੜ ਕਿਉਂ ਨ ਹੁੰਦਾ, ਇਕ ਪੰਦਰਾਂ ਸਾਲਾਂ ਦੇ ਛੋਟੇ ਜੇਹੇ ਬਾਲਕ ਲਈ ਸੰਸਾਰ ਦੇ ਇਕ ਸਭ ਤੋਂ ਵੱਡੇ ਸਾਮਰਾਜ ਵਿਰੁੱਧ ਖੁੱਲ੍ਹੇ ਯੁੱਧ ਦਾ ਐਲਾਨ ਕਰਨਾ ਘਾਤਕ ਸਿੱਧ ਹੁੰਦਾ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੇ ਦਾਦਾ ਜੀ (ਗੁਰੂ ਹਰਗੋਬਿੰਦ) ਸੱਤ ਹਜ਼ਾਰ ਸਿਪਾਹੀਆਂ ਦੀ ਇਕ ਬੇਕਾਇਦਾ ਸੈਨਾ ਤਿਆਰ ਕਰ ਕੇ ਸਾਮਰਾਜੀ ਫ਼ੌਜਾਂ ਨੂੰ ਤਿੰਨ ਲੜਾਈਆਂ ਵਿਚ ਹਰਾਉਣ ਵਿਚ ਸਫਲ ਹੋ ਗਏ ਸਨ, ਪਰੰਤੂ ਇਹੀ ਸਫਲਤਾਵਾਂ ਹੁਣ ਇਕ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਜਾ ਪਈਆਂ ਸਨ। ਸਰਕਾਰ ਜਿਹੜੀ ਉਸ ਸਮੇਂ ਅਚੰਭਿਤ ਹੋ ਉਠੀ ਸੀ, ਹੁਣ ਹਰ ਸਮੇਂ ਚੌਕਸ ਰਹਿੰਦੀ ਸੀ। ਨਰਮ ਸੁਭਾ ਵਾਲੇ ਸ਼ਾਹਜਹਾਨ ਤੋਂ ਪਿੱਛੋਂ ਹੁਣ ਦਿੱਲੀ ਦੇ ਤੱਖ਼ਤ ਉਤੇ ਔਰੰਗਜ਼ੇਬ ਵਰਗੇ ਬਲਵਾਨ ਬਾਦਸ਼ਾਹ ਦਾ ਰਾਜ ਸੀ। ਸਿੱਖ ਸੈਨਾ ਜਿਸ ਵਿਚ ਕੁਝ ਧਾੜਵੀ ਤੇ ਬਾਗੀ ਸ਼ਾਮਿਲ ਸਨ, ਖਿੰਡਾ-ਪੁੰਡਾ ਦਿੱਤੀ ਗਈ ਅਤੇ ਸ਼ਾਂਤੀ ਦੀ ਨੀਤੀ ਜਿਹੜੀ ਗੁਰੂ ਗੋਬਿੰਦ ਸਿੰਘ ਤੋਂ ਨਿਕਟ-ਪੂਰਵਲੇ ਗੁਰੂ ਸਾਹਿਬਾਨ ਨੇ ਸੁਭਾਵਿਕ ਤੌਰ ਤੇ ਜਾਂ ਲੋੜਵਸ ਅਪਣਾਈ ਸੀ, ਤੋਂ ਛੇਵੇਂ ਗੁਰੂ ਸਾਹਿਬ ਦੁਆਰਾ ਆਪਣੇ ਅਨੁਯਾਈਆਂ ਵਿਚ ਭਰੀ ਸੈਨਿਕ ਭਾਵਨਾ ਨੂੰ ਕੋਈ ਉਤਸ਼ਾਹ ਨ ਮਿਲਿਆ। ਸੋ ਸਾਰਾ ਕਾਰਜ ਹੀ ਨਵੇਂ ਸਿਰਿਉਂ ਆਰੰਭ ਕਰਨਾ ਪੈ ਗਿਆ। ਔਰੰਗਜ਼ੇਬ ਦੇ ਕਰੜੇ ਤੁਅੱਸਬ[1] ਕਾਰਣ ਸਾਰੇ ਪ੍ਰਾਂਤ ਵਿਚ ਹਰਾਸ ਫੈਲਿਆ ਹੋਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਲਈ ਉਸ ਸਮੇਂ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਕੋਈ ਕੰਮ ਕਰਨਾ ਯਕੀਨੀ ਤੌਰ ਤੇ ਖ਼ਤਰਾ ਮੁੱਲ ਲੈਣਾ ਸੀ। ਪਹਾੜੀ ਇਲਾਕਾ ਹੀ ਪ੍ਰਾਂਤ ਦਾ ਇਕ ਅਜੇਹਾ ਭਾਗ ਰਹਿ ਗਿਆ ਸੀ ਜਿਹੜਾ ਪੂਰੀ ਤਰ੍ਹਾਂ ਨਹੀਂ ਸੀ ਦਬਾਇਆ ਗਿਆ। ਇਹ ਇਲਾਕਾ ਮੁਕਾਬਲਤਨ ਅਪਹੁੰਚ ਅਤੇ ਵਧੇਰੇ ਬੰਜਰ ਹੋਣ ਕਰਕੇ ਕਬਜ਼ਾ ਹੋਣ (annexation) ਤੋਂ ਬਚਿਆ ਰਿਹਾ ਸੀ। ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਕੁਦਰਤੀ ਗੜ੍ਹੀਆਂ ਵਿਚ ਡੇਰੇ ਲਾ ਕੇ ਸ਼ਾਂਤੀ ਨਾਲ ਆਪਣੇ ਹਰਖ ਨੂੰ ਦ੍ਰਿੜ ਕਰਨ ਲਈ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਅਤੇ ਆਪਣੀ ਦਲਿਤ ਕੌਮ ਦੀ ਮੁਕਤੀ ਲਈ

1. ਉਸ ਨੇ ਹਿੰਦੂਆਂ ਦੇ ਸਾਰੇ ਧਾਰਮਿਕ ਕਾਰਜਾਂ ਨੂੰ ਰੋਕਣ ਲਈ ਮੁੱਲਾਂ ਮੁਕੱਰਰ ਕੀਤੇ ਅਤੇ ਹਰੇਕ ਮੁੱਲਾਂ ਨਾਲ ਇਕ ਇਕ ਰਸਾਲਾ ਨਿਯੁਕਤ ਕਰ ਦਿੱਤਾ। ਲਤੀਫ਼ ਕ੍ਰਿਤ 'ਹਿਸਟਰੀ ਆਫ਼ ਦਿ ਪੰਜਾਬ', ਪੰਨਾ 176।

ਯੋਜਨਾਵਾਂ ਪਰਿਪੱਕ ਕਰਨ ਨੂੰ ਉਚਿਤ ਖਿਆਲ ਕੀਤਾ। ਬਹੁਤੇ ਮਹਾਂਪੁਰਸ਼ਾਂ, ਜਿਨ੍ਹਾਂ ਨੇ ਆਪਣੀ ਕੌਮ ਦੇ ਇਤਿਹਾਸ ਤੇ ਮੋਹਰ ਛਾਪ ਲਾਈ ਹੈ, ਨੇ ਇਕਾਂਤਵਾਸ ਤੇ ਇਕੱਲਤਾ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਪਹਾੜਾਂ ਜਾਂ ਜੰਗਲਾਂ ਦੇ, ਖਾਨਗਾਹਾਂ ਜਾਂ ਮਾਰੂਥਲਾਂ ਦੇ ਇਕਾਂਤ ਵਿਚ ਰਹਿ ਕੇ ਸਾਧਨਾ ਤੇ ਅਰਾਧਨਾ ਕੀਤੀ ਜਿਹੜੀਆਂ ਕਿ ਆਪੇ ਦੀ ਸਵੈ-ਵਿਜੈ ਦਾ ਇਕੋ ਇਕ ਸਾਧਨ ਹਨ ਜਿਸ ਤੋਂ ਬਿਨਾਂ ਸੰਸਾਰਕ ਜਿੱਤਾਂ ਸੁਪਨਾ ਹੀ ਰਹਿ ਜਾਂਦੀਆਂ ਹਨ। ਮਹਾਤਮਾ ਬੁੱਧ ਸਾਲਾਂ ਬੱਧੀ ਜੰਗਲਾਂ ਵਿਚ ਰਹੇ, ਈਸਾ ਸੰਸਾਰ ਤੋਂ ਬਚਪਨ ਵਿਚ ਹੀ ਲੋਪ ਹੋ ਗਏ ਅਤੇ ਇਕਾਂਤਵਾਸ ਤੋਂ ਤੀਹ ਵਰ੍ਹਿਆਂ ਦੀ ਉਮਰ ਵਿਚ ਪ੍ਰਗਟ ਹੋਏ। ਇਸਲਾਮ ਦੇ ਪੈਗੰਬਰ ਨੇ 45 ਵਰ੍ਹਿਆਂ ਦੀ ਉਮਰ ਤਕ ਅਮਲੀ ਤੌਰ ਤੇ ਇਕਾਂਤਵਾਸ ਭੋਗਿਆ। ਗੁਰੂ ਗੋਬਿੰਦ ਸਿੰਘ ਨੇ ਵੀ ਉਨ੍ਹਾਂ ਦਾ ਅਨੁਗਮਨ ਕੀਤਾ ਅਤੇ ਸ਼ਕਤੀ ਇਕੱਠੀ ਕਰਨ ਲਈ ਅਤੇ ਸੱਟ ਮਾਰਨ ਦੇ ਸਮੇਂ ਦੀ ਉਡੀਕ ਵਿਚ ਪਹਾੜੀਆਂ ਵਿਚ ਜਾ ਲੁਪਤ ਹੋਏ।

ਹਿਮਾਲਾ ਦੀਆਂ ਪਹਾੜੀਆਂ ਦੇ ਸ਼ਾਂਤ ਇਕਾਂਤ ਵਿਚ ਗੁਰੂ ਸਾਹਿਬ ਨੇ ਸਭ ਤੋਂ ਪਹਿਲਾ ਕਾਰਜ ਸਵੈ-ਵਿਕਾਸ ਦਾ ਆਰੰਭਿਆ। ਕਿਸੇ ਵੀ ਵਿਅਕਤੀ ਲਈ ਜਿਹੜਾ ਗੁਰੂ ਸਾਹਿਬ ਜੇਹਾ ਕਾਰਜ ਕਰਨਾ ਚਾਹੁੰਦਾ ਹੋਵੇ, ਜ਼ਰੂਰੀ ਹੈ ਕਿ ਉਹ ਵਿਦਿਆ ਦੁਆਰਾ ਉਹ ਸਾਰੇ ਗੁਣ ਪ੍ਰਾਪਤ ਕਰੇ ਜਿਹੜੇ ਸੰਭਵ ਹੋਣ ਅਤੇ ਆਪਣੀਆਂ ਸ਼ਕਤੀਆਂ ਨੂੰ ਪੂਰਣਤਾ ਦੀ ਹੱਦ ਤਕ ਵਿਕਸਿਤ ਕਰੇ। ਸੋ ਉਨ੍ਹਾਂ ਨੇ ਪਟਨਾ ਤੇ ਬਨਾਰਸ ਤੋਂ ਵਿਦਵਾਨ ਪੰਡਿਤ ਤੇ ਪੰਜਾਬ ਤੋਂ ਫਾਰਸੀ ਦੇ ਵਿਦਵਾਨ ਇਕੱਠੇ ਕੀਤੇ। ਇਸ ਤਰ੍ਹਾਂ ਉਨ੍ਹਾਂ ਕੋਲ ਭਾਰੀ ਸੰਖਿਆ ਵਿਚ ਕਵੀ ਤੇ ਵਿਦਵਾਨ ਜਮ੍ਹਾਂ ਹੋ ਗਏ। ਉਨ੍ਹਾਂ ਵਿਚੋਂ 52 ਦੇ ਨਾਵਾਂ ਦਾ ਸਾਨੂੰ ਗਿਆਨ ਹੈ। ਉਨ੍ਹਾਂ ਨੇ ਪੂਰੀ ਲਗਨ ਨਾਲ ਉਹ ਸਭ ਕੁਝ ਸਿਖਿਆ ਜੋ ਉਹ ਸਿਖਾ ਸਕਦੇ ਸਨ ਅਤੇ ਕਵਿਤਾ ਦੀ ਤਾਂ ਕਿਉਂਕਿ ਉਨ੍ਹਾਂ ਦੀ ਕੁੱਲ ਕੋਲ ਜੱਦੀ ਦਾਤ ਸੀ, ਉਨ੍ਹਾਂ ਨੇ ਹਿੰਦੀ ਕਵਿਤਾ ਦੀ ਅਜੇਹੀ ਸ਼ੈਲੀ ਦਾ ਵਿਕਾਸ ਕੀਤਾ ਜਿਸ ਨੂੰ ਹੁਣ ਤਕ ਮਾਤ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਨੇ ਸੰਸਕ੍ਰਿਤ ਦੇ ਮਹਾਕਾਵਾਂ ਦੀ ਸਮੁੱਚੀ ਧਾਰਾ ਦਾ ਅਧਿਐਨ ਕੀਤਾ ਅਤੇ ਮਹਾਂਭਾਰਤ ਦੇ ਪੁਰਾਨਾਂ ਦੀਆਂ ਆਤਮਾ ਨੂੰ ਟੁੰਬਣ ਵਾਲੀਆਂ ਗਾਥਾਵਾਂ ਯਾਦ ਕੀਤੀਆਂ। ਉਹ ਇਸ ਵਿਚਾਰ ਤੋਂ, ਜਿਹੜਾ ਕਿ ਸਾਰੇ ਪੁਰਾਨਾਂ ਵਿਚ ਮੌਜੂਦ ਹੈ, ਡੂੰਘੇ ਪ੍ਰਭਾਵਿਤ ਹੋਏ ਜਾਪਦੇ ਹਨ ਕਿ ਪਰਮਾਤਮਾ ਅਧਰਮ ਦੇ ਵਿਨਾਸ਼ ਅਤੇ ਧਰਮ ਦੇ ਬਚਾਉ ਲਈ ਬੁਰਾਈ ਨੂੰ ਜੜ੍ਹੋਂ ਪੁੱਟ ਕੇ ਚੰਗਿਆਈ ਨੂੰ ਸਥਾਪਿਤ ਕਰਨ ਲਈ, ਜਾਬਰ ਨੂੰ ਮਾਰ ਮੁਕਾਉਣ ਤੇ ਨਿਰਬਲ[1] ਤੇ ਨਿਰਦੋਸ਼ੀ ਨੂੰ ਬਚਾਉਣ ਲਈ, ਸਮੇਂ ਸਮੇਂ ਅਵਤਾਰ ਧਾਰਦਾ ਹੈ। ਰਾਮ ਦਾ ਲੰਕਾ ਦੇ ਰਾਜੇ ਰਾਵਣ ਨੂੰ ਤਬਾਹ ਕਰਨ, ਦੇਵਕੀ ਦੇ ਪੁੱਤਰ ਦਾ ਕੰਸ ਨੂੰ ਮਾਰ ਮੁਕਾਉਣ

1. ਵੇਖੋ ਗੀਤਾ, IV, ਪੰਨਾ 7-8.

ਤੇ ਵਿਸ਼ੇਸ਼ ਤੌਰ ਤੇ ਸ਼ਕਤੀ ਅਤੇ ਦੈਵੀ ਬਲ ਦੀ ਮੂਰਤੀ ਜਿਸ ਨੂੰ ਦੁਰਗਾ ਕਹਿੰਦੇ ਹਨ, ਦੇ ਕਾਰਨਾਮਿਆਂ ਜੇਹਾ ਕਿ ਮਹਿਖਾਸੁਰ ਵਰਗੇ ਦੈਂਤਾਂ ਦੀਆਂ ਖੋਪੜੀਆਂ ਤੋੜ ਕੇ ਉਨ੍ਹਾਂ ਦਾ ਲਹੂ ਪੀਣ ਦੀਆਂ ਕਹਾਣੀਆਂ ਨੇ ਉਨ੍ਹਾਂ ਦੇ ਮਨ ਵਿਚ ਆਸ ਅਤੇ ਵਿਸ਼ਵਾਸ ਭਰ ਦਿੱਤੇ। ਇਕ ਪਾਸੇ ਤਤਕਾਲੀਨ ਜਬਰ ਅਤੇ ਅਤਿਆਚਾਰ ਤੇ ਦੂਜੇ ਪਾਸੇ ਨਿਰਬਲਤਾ ਤੇ ਅਗਿਆਨਤਾ ਦੇ ਪ੍ਰਸੰਗ ਵਿਚ ਪੜ੍ਹੀਆਂ ਇਨ੍ਹਾਂ ਕਥਾਵਾਂ ਨੇ ਉਨ੍ਹਾਂ ਨੂੰ ਮਹਿਸੂਸ ਕਰਵਾ ਦਿੱਤਾ ਕਿ ਨਿਆਸਰਿਆਂ ਨੂੰ ਬਚਾਉਣ ਅਤੇ ਹੈਂਕੜਬਾਜ਼ ਜਾਬਰਾਂ ਨੂੰ ਮਾਰ ਮੁਕਾਉਣ ਲਈ ਅਵਤਾਰ ਧਾਰਨ ਕਰਨ ਦੇ ਸ੍ਰੀ ਕ੍ਰਿਸ਼ਨ ਦੇ ਵਚਨਾਂ ਦੀ ਪੂਰਤੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਸਾਰੇ ਮਹਾਂਪੁਰਸ਼ਾਂ ਵਾਂਗ ਜਿਨ੍ਹਾਂ ਨੇ ਮਾਨਵਤਾ ਦੇ ਵਿਕਾਸ ਵਿਚ ਹਿੱਸਾ ਪਾਇਆ ਹੈ, ਉਨ੍ਹਾਂ ਨੇ ਵੀ ਅਨੁਭਵ ਕੀਤਾ ਕਿ ਅਜੇਹੇ ਮਹਾਂਪੁਰਸ਼ ਉਹ ਆਪ ਹੀ ਹਨ ਜਿਸ ਦੀ ਸਮੇਂ ਨੂੰ ਲੋੜ[1] ਹੈ। ਉਨ੍ਹਾਂ ਨੇ ਆਪਣੀ ਗਾਥਾ ਇਕ ਅਤਿ ਪ੍ਰਭਾਵਸ਼ਾਲੀ ਕਾਵਿ ਰਚਨਾ 'ਬਚਿਤ੍ਰ ਨਾਟਕ' ਵਿਚ ਵਰਣਨ ਕੀਤੀ ਹੈ। ਇਸ ਵਿਚ ਉਹ ਦਸਦੇ ਹਨ ਕਿ ਮਨੁੱਖੀ ਨਸਲ ਨੂੰ ਰਾਹ ਵਿਖਾਉਣ ਲਈ ਪਰਮਾਤਮਾ ਸਮੇਂ ਸਮੇਂ ਮਹਾਂਪੁਰਸ਼ ਭੇਜਦਾ ਰਹਿੰਦਾ ਹੈ, ਪਰ ਉਨ੍ਹਾਂ ਨੇ ਇਸ ਗੱਲ ਦੀ ਨਿਖੇਧੀ ਕੀਤੀ ਕਿ ਇਹ ਮਹਾਂਪੁਰਸ਼ ਆਪਣੇ ਆਪ ਨੂੰ ਹੀ ਪਰਮਾਤਮਾ ਮੰਨਣ ਲੱਗ ਪਏ। ਭਾਵੇਂ ਉਹ ਅਵਤਾਰਵਾਦ ਅਰਥਾਤ ਲੋੜ ਸਮੇਂ ਮਨੁੱਖਤਾ ਦੇ ਉਧਾਰ ਲਈ ਪਰਮਾਤਮਾ ਦੇ ਅਵਤਾਰ ਲੈਣ ਦੇ ਸਿੱਧਾਂਤ ਤੋਂ ਡੂੰਘੇ ਪ੍ਰਭਾਵਿਤ ਹੋਏ, ਤਾਂ ਵੀ ਉਨ੍ਹਾਂ ਨੇ ਖੇਦ ਪ੍ਰਗਟ ਕੀਤਾ ਕਿ ਪਰਮਾਤਮਾ ਦੇ ਭੇਜੇ ਦੂਤ ਤੇ ਪੈਗੰਬਰ ਜਾਂ ਤਾਂ ਆਪ ਪਰਮਾਤਮਾ ਹੋਣ ਦਾ ਦਾਅਵਾ ਕਰਨ ਲੱਗੇ ਤੇ ਜਾਂ ਫਿਰ ਸੰਸਾਰ ਨੇ ਉਨ੍ਹਾਂ ਨੂੰ ਪਰਮਾਤਮਾ ਬਣਾ ਦਿੱਤਾ। ਇਸ ਲਈ ਆਪਣੇ ਮਿਸ਼ਨ ਦੇ ਰੱਬੀ ਹੋਣ ਵਿਚ ਦ੍ਰਿੜ੍ਹ ਵਿਸ਼ਵਾਸ ਰਖਦੇ ਹੋਏ ਵੀ ਉਨ੍ਹਾਂ ਨੇ ਨਿਮਰਤਾ ਨਾਲ ਕਿਹਾ :

"ਮੈਂ ਹੋ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥
ਜੋ ਹਮ ਕੋ ਪਰਮੇਸਰ ਉਚਰਿਹੈ ॥
ਤੇ ਸਭ ਨਰਕਿ ਕੁੰਡ ਮਹਿ ਪਰਿਹੈ ॥"

ਇਕੱਲਤਾ ਤੇ ਇਕਾਂਤ ਦੇ ਵੀਹ ਵਰ੍ਹਿਆਂ, ਜਿਹੜੇ ਕਿ ਗੁਰੂ ਸਾਹਿਬ ਨੇ ਹਿਮਾਲਾ ਦੀਆਂ ਪਹਾੜੀਆਂ ਵਿਚ ਬਿਤਾਏ, ਦਾ ਸਿਟਾ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ।

---

1. ਉਨ੍ਹਾਂ ਨੇ ਆਪਣੇ ਆਪ ਨੂੰ ਉਸੇ ਉਦੇਸ਼ ਦੀ ਪੂਰਤੀ ਲਈ ਘੱਲਿਆ ਸਮਝਿਆ ਅਤੇ ਆਪਣੇ ਅਵਤਾਰ ਧਾਰਨ ਦਾ ਮੰਤਵ ਧਰਮ ਪ੍ਰਚਾਰ ਅਤੇ ਬੁਰਾਈ ਕਰਨ ਵਾਲਿਆਂ ਦੀ ਤਬਾਹੀ ਤੇ ਨੇਕ ਪੁਰਸ਼ਾਂ ਦੀ ਰੱਖਿਆ ਦੱਸਿਆ। ਇਹ ਸਤਰਾਂ ਗੀਤਾ ਦੇ ਸ਼ਲੋਕਾਂ ਦਾ ਲਗਭਗ ਅਨੁਵਾਦ ਹੀ ਜਾਪਦੀਆਂ ਹਨ।

1. ਉਨ੍ਹਾਂ ਨੇ ਉਹ ਸਭ ਤੋਂ ਉੱਤਮ ਅਮਲੀ ਵਿਦਿਆ ਪ੍ਰਾਪਤ ਕੀਤੀ ਜਿਹੜੀ ਕਿ ਉਨ੍ਹਾਂ ਦਿਨਾਂ ਵਿਚ ਪ੍ਰਾਪਤ ਹੋ ਸਕਦੀ ਸੀ। ਉਨ੍ਹਾਂ ਨੇ ਫਾਰਸੀ ਤੇ ਸੰਸਕ੍ਰਿਤ ਦੇ ਸਾਰੇ ਮਹਾਕਾਵਿਕ ਤੇ ਇਤਿਹਾਸਿਕ ਸਾਹਿਤ ਦਾ ਅਧਿਐਨ ਕੀਤਾ।

2. ਅਭਿਆਸ ਦੁਆਰਾ ਤੇ ਉਸ ਸਮੇਂ ਦੇ ਪ੍ਰਸਿੱਧ ਮਹਾਨ ਹਿੰਦੀ ਕਵੀਆਂ ਦੀ ਸੰਗਤ ਦੁਆਰਾ ਉਨ੍ਹਾਂ ਨੇ ਅਜੇਹੀ ਬੀਰ-ਰਸੀ ਕਵਿਤਾ ਦੀ ਰਚਨਾ ਕੀਤੀ ਜੇਹੋ ਜੇਹੀ ਪੰਜਾਬ ਵਿਚ ਪਹਿਲਾਂ ਕਦੇ ਨਹੀਂ ਸੀ ਹੋਈ। ਲੋਕਾਂ ਦੀਆਂ ਸਿਥਲ ਹੋ ਚੁੱਕੀਆਂ ਸ਼ਕਤੀਆਂ ਨੂੰ ਮੁੜ ਉਭਾਰਨ ਲਈ ਉਨ੍ਹਾਂ ਨੇ ਇਸ ਦੀ ਪੂਰੀ ਪੂਰੀ ਵਰਤੋਂ ਕੀਤੀ।

3. ਉਨ੍ਹਾਂ ਨੇ ਘੋੜ-ਸਵਾਰੀ ਤੇ ਨਿਸ਼ਾਨੇ-ਬਾਜ਼ੀ ਵਿਚ ਮਹਾਰਤ ਪ੍ਰਾਪਤ ਕੀਤੀ ਤੇ ਤੀਰ-ਅੰਦਾਜ਼ੀ ਵਿਚ ਤਾਂ ਉਹ ਵਿਸ਼ੇਸ਼ ਤੌਰ ਤੇ ਨਿਪੁੰਨ ਹੋ ਗਏ। ਪਹਾੜਾਂ ਦੇ ਸੰਘਣੇ ਜੰਗਲਾਂ ਵਿਚ ਸ਼ੇਰਾਂ ਤੇ ਜੰਗਲੀ ਸੂਰਾਂ ਦਾ ਲਗਾਤਾਰ ਸ਼ਿਕਾਰ ਖੇਡਣ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਕਠੋਰਤਾ ਦਾ ਜੀਵਨ ਬਰਦਾਸ਼ਤ ਕਰਨ ਦੀ ਆਦਤ ਪਾਈ।

4. ਉਨ੍ਹਾਂ ਨੇ ਕੌਮ ਦੀ ਦੁਖਦਾਇਕ ਹਾਲਤ ਨੂੰ ਭਾਂਪਿਆ ਤੇ ਨਿਰੰਤਰ ਚਿੰਤਨ ਦੁਆਰਾ ਇਹ ਅਨੁਭਵ ਕਰਨ ਲੱਗੇ ਕਿ ਉਨ੍ਹਾਂ ਨੇ ਕਿਸੇ ਉੱਦੇਸ਼ ਦੀ ਪੂਰਤੀ ਕਰਨੀ ਹੈ ਤੇ ਪਰਮਾਤਮਾ ਨੇ ਉਨ੍ਹਾਂ ਨੂੰ ਆਪਣੀ ਕੌਮ ਦਾ ਉਧਾਰ ਕਰਨ ਲਈ ਭੇਜਿਆ ਹੈ।

5. ਉਨ੍ਹਾਂ ਨੇ ਆਪਣੇ ਲਈ ਉਹ ਲੀਹਾਂ ਉਲੀਕੀਆਂ ਜਿਨ੍ਹਾਂ ਉਤੇ ਚੱਲ ਕੇ ਉਨ੍ਹਾਂ ਨੇ ਕੰਮ ਕਰਨਾ ਸੀ। ਉਨ੍ਹਾਂ ਦੀ ਯੋਜਨਾਬੰਦੀ ਇਤਨੀ ਫ਼ੈਸਲਾਕੁਨ ਅਤੇ ਸੰਪੂਰਣ ਸੀ ਕਿ ਆਪਣੇ ਬਹੁਮੁਖੀ ਤੇ ਤੂਫ਼ਾਨੀ ਜੀਵਨ ਵਿਚ ਉਨ੍ਹਾਂ ਨੂੰ ਇਸ ਦਾ ਸਿਰਲੇਖ ਤਕ ਵੀ ਛੱਡਣ ਜਾਂ ਬਦਲਣ ਦੀ ਲੋੜ ਨ ਪਈ।

ਜਿਹੜਾ ਉੱਦੇਸ਼ ਗੁਰੂ ਜੀ ਨੇ ਆਪਣੇ ਅੱਗੇ ਰਖਿਆ ਉਹ ਹਿੰਦੂ ਕੌਮ ਦੀ ਮੁਰਦਾ ਰੂਹ ਵਿਚ ਨਵਾਂ ਜੀਵਨ ਭਰਨ, ਉਨ੍ਹਾਂ ਨੂੰ ਆਪਣੇ ਮਤਭੇਦ ਭੁਲਾ ਕੇ ਜ਼ੁਲਮ ਅਤੇ ਅਤਿਆ-ਚਾਰ, ਜਿਹੜੇ ਕਿ ਉਨ੍ਹਾਂ ਨੂੰ ਝੱਲਣੇ ਪੈਂਦੇ ਸਨ, ਦਾ ਟਾਕਰਾ ਕਰਨ ਲਈ ਇਕ ਮੁੱਠ ਹੋ ਕੇ ਲੜਨ ਦਾ ਸੰਦੇਸ਼ ਦੇਣਾ ਸੀ। ਭਾਵ ਇਹ ਕਿ ਇਕ ਵਾਰੀ ਫੇਰ ਉਨ੍ਹਾਂ ਨੂੰ ਜਿਉਂਦੀ ਜਾਗਦੀ ਕੌਮ ਵਿਚ ਬਦਲ ਕੇ, ਉਨ੍ਹਾਂ ਦੀ ਖੁੱਸੀ ਸੁਤੰਤਰਤਾ ਮੁੜ ਪ੍ਰਾਪਤ ਕਰਨ ਦੇ ਯੋਗ ਬਣਾਉਣਾ ਸੀ।

ਅਧਿਆਇ ੧੦

ਗੁਰੂ ਗੋਬਿੰਦ ਸਿੰਘ ਦੁਆਰਾ ਪੰਥ ਦੀ ਸਿਰਜਨਾ (1695ਈ.)

ਇਸ ਸਮੇਂ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਦੇ ਕੰਮ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ ਅਰਥਾਤ :

1. ਪੰਥ[1] ਦੀ ਸਿਰਜਨਾ ।
2. ਉਨ੍ਹਾਂ ਦੀਆਂ ਹਥਿਆਰਬੰਦ ਮੁਹਿੰਮਾਂ ।

ਜਦੋਂ ਗੁਰੂ ਗੋਬਿੰਦ ਸਿੰਘ ਨੇ ਆਪਣਾ ਕਾਰਜ ਆਰੰਭਿਆ ਉਦੋਂ ਕੋਈ ਹਿੰਦੂ ਰਾਸ਼ਟਰ ਜਾਂ ਇਸ ਦੀ ਕੋਈ ਉਘੜਵੀਂ ਸ਼ਕਤੀ ਨਹੀਂ ਸੀ । ਸ਼ਿਵਾ ਜੀ ਦੀ ਤਰ੍ਹਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਉਹ ਕਿਰਪਾਨ ਸਾਜਣੀ ਸੀ ਜਿਸ ਨਾਲ ਉਨ੍ਹਾਂ ਨੇ ਟਾਕਰਾ ਕਰਨਾ ਸੀ ।

ਅਨੰਦਪਾਲ ਦੀ ਹਾਰ ਤੋਂ ਪਿਛੋਂ, ਪੰਜਾਬ ਵਿਚ ਕੋਈ ਰਾਜਸੀ ਆਗੂ ਪੈਦਾ ਨਹੀਂ ਸੀ ਹੋਇਆ । ਭਾਵੇਂ ਕੁਝ ਹਿੰਦੂ ਜ਼ਿਮੀਂਦਾਰ ਜਿਹੜੇ ਰਾਜੇ ਕਹਾਉਂਦੇ ਸਨ, ਅਜੇ ਵੀ ਕਾਂਗੜੇ ਦੇ ਪਹਾੜੀ ਗੜ੍ਹਾਂ ਵਿਚ ਲੁਕੇ-ਛਿਪੇ ਮੌਜੂਦ ਸਨ, ਪਰ ਰਾਜਨੀਤਿਕ ਸੱਤਾ ਦੇ ਤੌਰ ਤੇ ਪੰਜਾਬ ਵਿਚੋਂ ਹਿੰਦੂਆਂ ਦਾ ਖ਼ਾਤਮਾ ਹੋ ਚੁਕਿਆ ਸੀ । ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ ਦੇ ਸਾਹਸ ਨੂੰ ਕਾਫੀ ਉੱਚਾ ਚੁਕਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਦੂਜੇ ਪੂਰਵ ਅਧਿਕਾਰੀਆਂ ਨੇ ਉਨ੍ਹਾਂ ਨੂੰ ਕਿਸੇ ਹਦ ਤਕ ਸ਼ਾਂਤੀਪੂਰਣ ਜਥੇਬੰਦੀ ਵਿਚ ਵੀ ਬੰਨ੍ਹ ਦਿੱਤਾ ਸੀ । ਪਰੰਤੂ ਜੁਝਵਾਨ ਤੇ ਰਾਜਸੀ ਅਭਿਲਾਸ਼ਾਵਾਂ ਤੋਂ ਪ੍ਰੇਰਿਤ ਲੋਕਾਂ ਦੇ ਸੰਗਠਨ ਸਿਰਜਨ ਦਾ ਕੰਮ ਗੁਰੂ ਗੋਬਿੰਦ ਸਿੰਘ ਦੀ ਅਸਾਧਾਰਣ ਪ੍ਰਤਿਭਾ ਹੀ ਸਿਰੇ

---

1. ਸ਼ਬਦ ਪੰਥ ਦਾ ਅਰਥ ਹੈ ਰਾਹ ਜਾਂ ਮਾਰਗ । ਹੌਲੀ ਹੌਲੀ ਇਹ ਉਸ ਮਤ ਲਈ ਵਰਤਿਆ ਜਾਣ ਲੱਗ ਪਿਆ ਜਿਹੜਾ ਗੁਰੂ ਸਾਹਿਬ ਦੇ ਦੱਸੇ ਰਾਹ ਜਾਂ ਮਾਰਗ ਤੇ ਚਲਦਾ ਸੀ—ਭਾਵ ਉਨ੍ਹਾਂ ਦੁਆਰਾ ਚਲਾਏ ਮਤ ਦਾ ਅਨੁਯਾਈ । 'ਬਚਿਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਿੰਘ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਪਰਮਪੁਰਖ ਨੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਪੰਥ ਦਾ ਪ੍ਰਚਾਰ ਕਰਨ ਲਈ ਭੇਜਿਆ ਹੈ ਤੇ ਅਰਦਾਸ ਕੀਤੀ ਹੈ ਕਿ ਉਨ੍ਹਾਂ ਦਾ ਪੰਥ ਤਾਂ ਹੀ ਫਲ-ਫੁਲ ਸਕਦਾ ਹੈ ਜੇ ਪਰਮਾਤਮਾ ਉਨ੍ਹਾਂ ਦੀ ਸਹਾਇਤਾ ਕਰੇ । ਪੰਜਾਬ ਵਿਚ ਅੱਜ ਕਲ੍ਹ ਸਿੱਖ ਜਾਤੀ ਨੂੰ ਪੰਥ ਕਿਹਾ ਜਾਂਦਾ ਹੈ । ਬਹੁਤੇ ਸਿੱਖ ਉਮੀਦਵਾਰਾਂ ਨੇ ਕੇਂਦਰੀ ਅਤੇ ਪ੍ਰਾਂਤਿਕ ਵਿਧਾਨ ਮੰਡਲਾਂ ਦੀਆਂ ਚੋਣਾਂ ਉਨ੍ਹਾਂ ਦੁਆਰਾ ਕਹੇ ਜਾਂਦੇ ਪੰਥਕ ਟਿਕਟ ਤੇ ਹੀ ਲੜੀਆਂ ਹਨ ।

ਚੜ੍ਹਾ ਸਕਦੀ ਸੀ। ਆਪਣੇ ਆਸ਼ੇ ਦੀ ਪੂਰਤੀ ਲਈ ਜਿਹੜਾ ਢੰਗ ਉਨ੍ਹਾਂ ਨੇ ਅਪਣਾਇਆ, ਭਾਵੇਂ ਉਹ ਪੂਰਣ ਤੌਰ ਤੇ ਮੌਲਿਕ ਨਹੀਂ ਸੀ, ਫੇਰ ਵੀ ਸਮੇਂ ਦੇ ਹਾਲਾਤ ਵਿਚ ਬੜਾ ਕਾਰਗਰ ਸਿੱਧ ਹੋਇਆ। ਉਨ੍ਹਾਂ ਨੇ ਭਾਂਪ ਲਿਆ ਸੀ ਕਿ ਇਕ ਨਸਲ ਦੇ ਤੌਰ ਤੇ ਹਿੰਦੂ ਨਰਮ ਸੁਭਾ ਵਾਲੇ, ਸਬਰ-ਸੰਤੋਖੀ, ਆਲਸੀ, ਅਤੇ ਅਹਿੰਸਾਵਾਦੀ ਸਨ, ਇਥੋਂ ਤੀਕ ਕਿ ਆਪਣੇ ਦੁਸ਼ਮਣਾਂ ਨੂੰ ਵੀ ਦੁਖ ਨਹੀਂ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਇਹ ਵੀ ਅਨੁਭਵ ਕਰ ਲਿਆ ਸੀ ਕਿ ਉਹ ਧਰਮੀ ਲੋਕ ਹਨ ਅਤੇ ਭੈਭੀਤ ਤੇ ਸਾਹਸਹੀਣ ਹੋ ਜਾਣ ਕਰਕੇ ਅਜੇ ਵੀ ਧਰਮ ਨਾਲ ਬੁਰੀ ਤਰ੍ਹਾਂ ਬੱਝੇ ਹੋਏ ਹਨ ਅਤੇ ਆਪਣੇ ਧਰਮ ਵਾਸਤੇ ਤਸੀਹੇ ਝੱਲਣ ਲਈ ਤਿਆਰ ਹਨ।ਅਜੇਹੀ ਨਸਲ ਨੂੰ ਟੁੰਬਣ ਲਈ ਇਕੋ ਇਕ ਰਾਹ ਹੋ ਸਕਦਾ ਸੀ। ਉਨ੍ਹਾਂ ਕੋਲ ਧਰਮ ਸੀ ਪਰੰਤੂ ਰਾਸ਼ਟਰੀ ਭਾਵਨਾ ਨਹੀਂ ਸੀ। ਉਨ੍ਹਾਂ ਨੂੰ ਇਕ ਰਾਸ਼ਟਰ ਵਿਚ ਢਾਲਣ ਦਾ ਇਕੋ ਇਕ ਢੰਗ ਰਾਸ਼ਟਰਵਾਦ ਨੂੰ ਹੀ ਉਨ੍ਹਾਂ ਦਾ ਧਰਮ ਬਣਾਉਣ ਦਾ ਰਹਿ ਗਿਆ ਸੀ। ਗੁਰੂ ਗੋਬਿੰਦ ਸਿੰਘ ਨੇ ਅਵੱਸ਼ ਹੀ ਰਾਸ਼ਟਰਵਾਦ ਨੂੰ ਉਨ੍ਹਾਂ ਦਾ ਧਰਮ ਬਣਾਇਆ ਤੇ ਉਹ ਸਭ ਕੁਝ ਜੋ ਭਾਵਨਾ ਭਰਨ ਲਈ ਚਾਹੀਦਾ ਸੀ ਇਸ ਨਵੇਂ ਮਤ ਵਿਚ ਧਰਮ ਦੇ ਅਸੂਲਾਂ ਦੇ ਤੌਰ ਤੇ ਸ਼ਾਮਿਲ ਕਰ ਦਿੱਤਾ ਗਿਆ ਹੈ।

ਰਾਸ਼ਟਰਵਾਦ ਦਾ ਪਹਿਲਾ ਤੱਤ ਏਕਤਾ ਹੈ ਤੇ ਇਹ ਪਹਿਲਾ ਨੁਕਤਾ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਦਾ ਧਿਆਨ ਖਿਚਿਆ। ਉਨ੍ਹਾਂ ਨੇ ਜਾਣ ਲਿਆ ਸੀ ਕਿ ਜਾਤ-ਪਾਤ ਏਕਤਾ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ, ਵਿਸ਼ੇਸ਼ ਤੌਰ ਤੇ ਅਜੇਹੀ ਜਾਤ-ਪਾਤ ਜਿਹੜੀ ਉਨ੍ਹਾਂ ਦੇ ਸਮੇਂ ਵਿਚ ਮੌਜੂਦ ਸੀ। ਗੁਰੂ ਗੋਬਿੰਦ ਸਿੰਘ ਨੇ ਆਪਣੇ ਕੁਝ ਅਨੁਯਾਈ ਸੰਸਕ੍ਰਿਤ ਪੜ੍ਹਨ ਲਈ ਇਕ ਪੰਡਿਤ ਰਘੂਨਾਥ ਪਾਸ ਭੇਜੇ। ਉਸ ਨੇ ਉਨ੍ਹਾਂ ਨੂੰ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਬ੍ਰਾਹਮਣ ਨਹੀਂ ਸਨ। ਗੁਰੂ ਜੀ ਸਮਝ ਗਏ ਕਿ ਇਹ ਹੈਂਕੜਭਰੀ ਅੱਡਰਤਾ ਰਾਸ਼ਟਰਵਾਦ ਦੀ ਪ੍ਰਫੁਲਤਾ ਲਈ ਘਾਤਕ ਹੈ। ਇਸ ਲਈ ਉਨ੍ਹਾਂ ਨੇ ਇਹ ਐਲਾਨ ਕਰ ਕੇ ਕਿ ਜਾਤ-ਪਾਤ ਹਿੰਦੂ ਸਮਾਜ ਵਿਚ ਬਾਅਦ ਵਿਚ ਉਤਪੰਨ ਹੋਈ, ਇਸ ਬੁਰਾਈ ਦੀਆਂ ਜੜ੍ਹਾਂ ਤੇ ਸਿੱਧੀ ਚੋਟ ਕੀਤੀ ਤੇ ਕਿਹਾ ਕਿ ਕੋਈ ਵੀ ਆਪਣੇ ਆਪ ਨੂੰ ਸਚਾ ਸਿੱਖ ਨਹੀਂ ਕਹਾ ਸਕਦਾ ਜਦ ਤਕ ਕਿ ਉਹ ਜਾਤ-ਪਾਤ ਦੀ ਭਾਵਨਾ ਦਾ ਤਿਆਗ ਕਰ ਕੇ ਸਾਰੇ ਸਿੱਖਾਂ ਨੂੰ ਭਾਈ-ਭਾਈ ਨਹੀਂ ਸਮਝਦਾ। ਉਨ੍ਹਾਂ ਨੇ ਕਿਹਾ ਕਿ ਚਾਰੇ ਜਾਤਾਂ ਪਾਨ, ਸੁਪਾਰੀ, ਚੂਨੇ ਅਤੇ ਕੱਥੇ ਦੀ ਤਰ੍ਹਾਂ ਹਨ ਜਿਨ੍ਹਾਂ ਵਿਚੋਂ ਕੋਈ ਵੀ ਇਕੱਲਾ ਹੋਠਾਂ ਨੂੰ ਸੁਰਖ਼ੀ, ਦੰਦਾਂ ਨੂੰ ਸ਼ਕਤੀ ਜਾਂ ਜੀਭ ਨੂੰ ਸੁਆਦ ਨਹੀਂ ਦੇ ਸਕਦਾ। ਗੁਰੂ ਗੋਬਿੰਦ ਸਿੰਘ ਨੇ ਚਾਰੇ ਜਾਤਾਂ ਨੂੰ ਕੇਵਲ ਇਕ ਕਰਨ ਦਾ ਹੀ ਯਤਨ ਨਹੀਂ ਕੀਤਾ ਸਗੋਂ ਉਹ ਇਕ ਕਦਮ ਹੋਰ ਅੱਗੇ ਵਧੇ ਤੇ ਇਕ ਦਮ ਉਨ੍ਹਾਂ ਨੇ ਸਾਰੇ ਧਾਰਮਿਕ ਅਧਿਕਾਰਾਂ ਨੂੰ ਸਮਾਪਤ ਕਰ ਕੇ ਇਕ ਧਰਮ-ਤੰਤਰਕ ਲੋਕ ਰਾਜ ਦੀ ਸਥਾਪਨਾ ਕੀਤੀ।

ਇਸ ਦਾ ਭਾਵ ਸੀ ਕਿ ਖ਼ਾਲਸੇ ਨੇ ਅਜੇਹਾ ਭਾਈਚਾਰਾ ਸਾਜਿਆ ਜਿਸ ਵਿਚ ਨੀਵੇਂ ਅਤੇ ਉੱਚੇ ਸਮਾਨ ਹਨ।

ਗੁਰੂ ਜੀ ਨੇ ਹਰੇਕ ਦਾ ਆਪਣੇ ਮਤ ਵਿਚ ਸੁਆਗਤ ਕੀਤਾ ਤੇ ਸਭ ਨੂੰ ਆਪਣੇ ਹੱਥੀਂ ਧਰਮ ਦਾ ਉਹ ਅੰਮ੍ਰਿਤ[1] ਛਕਾਇਆ ਜਿਹੜਾ ਕਿ ਉਨ੍ਹਾਂ ਨੇ ਤਿਆਰ ਕੀਤਾ ਸੀ।

ਇਕ ਦਿਨ ਜਦ ਕਿ ਗੁਰੂ ਜੀ ਨੇ ਕੇਸਗੜ੍ਹ ਦੀ ਪਹਾੜੀ ਤੇ ਉਤਾਰਾ ਕੀਤਾ ਹੋਇਆ ਸੀ, ਉਨ੍ਹਾਂ ਨੇ ਸੰਗਤ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਣ ਦੇ ਅੰਤ ਤੇ ਉਨ੍ਹਾਂ ਨੇ ਆਪਣੀ ਕਿਰਪਾਨ ਕੱਢੀ ਤੇ ਉੱਚੀ ਆਵਾਜ਼ ਵਿਚ ਕਿਹਾ ਕਿ ਦੇਵੀ ਹਰ ਰੋਜ਼ ਉਨ੍ਹਾਂ ਤੋਂ ਇਕ ਸਿਰ ਦੀ ਮੰਗ ਕਰਦੀ ਹੈ। ਉਨ੍ਹਾਂ ਪੁਛਿਆ, "ਕੀ ਕੋਈ ਸਿੱਖ ਹੈ, ਜਿਹੜਾ ਦੇਵੀ[2] ਲਈ ਆਪਣਾ ਸਿਰ ਦੇਣ ਲਈ ਤਿਆਰ ਹੋਵੇ ?" ਇਕ ਪਲ ਲਈ ਤਾਂ ਚੁਪ ਛਾ ਗਈ। ਗੁਰੂ ਜੀ ਨੇ ਦੁਬਾਰਾ ਪੁਛਿਆ ਤਾਂ ਉਨ੍ਹਾਂ ਵਿਚੋਂ ਦਯਾ ਰਾਮ ਨਾਮੀ ਇਕ ਵਿਅਕਤੀ ਅੱਗੇ ਆਇਆ। ਉਹ ਉਸ ਦਾ ਹੱਥ ਫੜ ਕੇ ਆਪਣੇ ਤੰਬੂ ਵਿਚ ਲੈ ਗਏ, ਜਿਥੇ ਉਨ੍ਹਾਂ ਨੇ ਪਹਿਲਾ ਹੀ ਇਕ ਬੱਕਰਾ ਮੰਗਵਾ ਰਖਿਆ ਸੀ। ਉਨ੍ਹਾਂ ਨੇ ਬਹਾਦਰ ਦਯਾ ਰਾਮ ਨੂੰ ਤੰਬੂ ਵਿਚ ਬਿਠਾਇਆ ਤੇ ਬੱਕਰੇ ਨੂੰ ਆਪਣੇ ਹੱਥੀਂ ਕਤਲ ਕਰ ਕੇ ਖ਼ੂਨ ਨਾਲ ਭਿੱਜੀ ਤਲਵਾਰ ਲੈ ਕੇ ਤੰਬੂ ਤੋਂ ਬਾਹਰ ਆਏ। ਉਨ੍ਹਾਂ ਨੇ ਖ਼ੂਨ ਨਾਲ ਲਿਬੜੀ ਤਲਵਾਰ ਨੂੰ ਹਵਾ ਵਿਚ ਘੁਮਾਉਂਦਿਆਂ ਹੋਇਆਂ ਦੁਬਾਰਾ ਇਕ ਸਿਰ ਦੀ ਮੰਗ ਕੀਤੀ। ਦੂਜਾ ਸਿੱਖ ਅੱਗੇ ਵਧਿਆ ਤੇ ਫੇਰ ਇਕ ਹੋਰ ਤੇ ਫੇਰ ਦੋ ਹੋਰ ਤੇ ਕੁਲ ਪੰਜ ਹੋ ਗਏ, ਜਿਹੜੇ ਆਪਣੇ ਸਿਰ ਆਪਣੇ ਆਗੂ ਦੇ ਇਕ ਇਸ਼ਾਰੇ ਤੇ ਵਾਰਨ ਲਈ ਤਿਆਰ ਸਨ। ਗੁਰੂ ਜੀ ਇਸ ਸਾਹਸਮਈ ਸਮਰਪਣ ਅਤੇ ਨਵੇਂ-ਬਲੀਦਾਨ ਦੇ ਅਸਾਧਾਰਣ ਸਬੂਤ ਉਤੇ ਅਤਿ ਪ੍ਰਸੰਨ ਹੋਏ। ਜਦੋਂ ਉਨ੍ਹਾਂ ਨੇ ਆਪਣੇ ਤੰਬੂ ਵਿਚੋਂ ਉਨ੍ਹਾਂ ਸਾਰਿਆਂ ਨੂੰ ਜਿਉਂਦਿਆਂ ਤੇ ਰਾਜ਼ੀ ਬਾਹਰ ਲਿਆਂਦਾ ਤਾਂ ਦਰਸ਼ਕ ਵੇਖ ਕੇ ਅਚੰਭਿਤ ਹੋ ਉਠੇ। ਉਨ੍ਹਾਂ ਕਿਹਾ ਕਿ ਇਹ ਬਹੁਤ ਚੰਗਾ ਸ਼ਗੁਣ ਹੈ ਤੇ ਖ਼ਾਲਸੇ ਦੀ ਜਿੱਤ ਯਕੀਨੀ ਹੈ। ਉਥੇ ਉਪਸਥਿਤ ਸਾਰੇ

---

1. ਸਿਖ ਧਰਮ ਵਿਚ ਦਾਖ਼ਿਲ ਹੋਣ ਦਾ ਦੂਜਾ ਨਾਂ ਹੈ ਅੰਮ੍ਰਿਤ ਛਕਣਾ।
2. ਇਹ ਬਿਆਨ 'ਪੰਥ ਪ੍ਰਕਾਸ਼' ਅਨੁਸਾਰ ਹੈ। ਅੰਗ੍ਰੇਜ਼ੀ ਇਤਿਹਾਸਕਾਰਾਂ ਦਾ, ਜਿਨ੍ਹਾਂ ਵਿਚ ਕਨਿੰਘਮ ਵੀ ਸ਼ਾਮਿਲ ਹੈ, ਵਿਚਾਰ ਹੈ ਕਿ ਦੇਵੀ ਨੂੰ ਬਲੀ ਦੇਣ ਲਈ ਸਿਰ ਦੀ ਲੋੜ ਸੀ ਤੇ ਕਨਿੰਘਮ ਕਹਿੰਦਾ ਹੈ ਕਿ ਪੰਜੇ ਸਿਰਾਂ ਦੀ ਪੇਸ਼ਕਸ਼ ਹੋਈ ਜਿਨ੍ਹਾਂ ਵਿਚੋਂ ਕੇਵਲ ਇਕ ਦੀ ਬਲੀ ਦਿੱਤੀ ਗਈ। ਪਰ ਇਹ ਬਿਆਨ ਸਿੱਖ ਇਤਿਹਾਸਕਾਰਾਂ ਵਿਚ ਪ੍ਰਵਾਨਿਆ ਨਹੀਂ ਜਾਂਦਾ ਤੇ ਕਿਉਂਕਿ ਕਨਿੰਘਮ ਨੇ ਆਪਣੇ ਬਿਆਨ ਦੀ ਪੁਸ਼ਟੀ ਵਿਚ ਕੋਈ ਸਬੂਤ ਨਹੀਂ ਦਿੱਤਾ, ਇਸ ਲਈ ਭਰੋਸੇ ਯੋਗ ਨਹੀਂ।

ਸਿੱਖ ਆਪਣੀ ਬੁਜ਼ਦਿਲੀ ਤੇ ਬਹੁਤ ਸ਼ਰਮਿੰਦਾ ਹੋਏ ਤੇ ਆਪਣੇ ਆਗੂ ਦਿਆਂ ਪੈਰਾਂ ਤੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਕੁਰਬਾਨ ਨ ਕਰਨ ਕਾਰਣ ਅਫ਼ਸੋਸ ਕਰਨ ਲੱਗੇ।

ਪੰਜਾਂ ਵਿਚੋਂ, ਜਿਨ੍ਹਾਂ ਨੇ ਆਪਣੇ ਸਿਰ ਪੇਸ਼ ਕੀਤੇ ਸਨ, ਇਕ ਖਤਰੀ ਸੀ ਤੇ ਬਾਕੀ ਚਾਰ ਅਖੌਤੀ ਸ਼ੂਦਰ ਸਨ। ਪਰੰਤੂ ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਪਿਆਰੇ ਕਿਹਾ ਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਵਿਚ ਦੀਖਿਅਤ ਕਰਨ ਲਈ ਆਪਣੇ ਚਲਾਏ ਢੰਗ ਅਨੁਸਾਰ ਅੰਮ੍ਰਿਤ ਛਕਾਇਆ। ਉਨ੍ਹਾਂ ਨੇ ਉਨ੍ਹਾਂ ਸਿਰ ਉਹੀ ਕਰਤੱਵ ਲਗਾਏ, ਉਨ੍ਹਾਂ ਨੂੰ ਉਹੀ ਅਧਿਕਾਰ ਦਿੱਤੇ ਤੇ ਨਵੇਂ ਨਵੇਂ ਅਪਣਾਏ ਭਾਈਚਾਰੇ ਦੀ ਨਿਸ਼ਾਨੀ ਵਜੋਂ ਉਨ੍ਹਾਂ ਸਾਰਿਆਂ ਨੇ ਸੰਗਤ ਵਿਚ ਭੋਜਨ ਛਕਿਆ।

ਗੁਰੂ ਸਾਹਿਬ ਦੇ ਲੋਕ-ਤੰਤਰੀ ਬਰਾਬਰੀ ਦੇ ਵਿਚਾਰਾਂ ਨੂੰ ਉਨ੍ਹਾਂ ਦੇ ਅਨੁਯਾਈਆਂ ਦੀ ਉਪਰੀ ਜੇਹੀ ਬਰਾਬਰੀ ਦੇ ਵਿਚਾਰ ਹੀ ਸੰਤੁਸ਼ਟ ਨਹੀਂ ਕਰ ਸਕਦੇ ਸਨ। ਉਨ੍ਹਾਂ ਦੇ ਪੰਥ ਵਿਚ ਉਨ੍ਹਾਂ ਦੇ ਸਰਦਾਰ ਜਾਂ ਮੁਖੀਏ ਦੇ ਵਿਸ਼ੇਸ਼ ਅਧਿਕਾਰਾਂ ਲਈ ਵੀ ਕੋਈ ਥਾਂ ਨਹੀਂ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕੋਈ ਵੀ ਆਗੂ ਉਸ ਸਮੇਂ ਤਕ ਅਗਵਾਈ ਕਰਨ ਦੇ ਯੋਗ ਨਹੀਂ ਹੋ ਸਕਦਾ, ਜਦੋਂ ਤਕ ਕਿ ਉਸ ਦੇ ਮੁਰੀਦਾਂ ਦੁਆਰਾ ਉਹ ਚੁਣਿਆ ਨਹੀਂ ਜਾਂਦਾ ਜਾਂ ਸ੍ਵੀਕਾਰ ਨਹੀਂ ਕੀਤਾ ਜਾਂਦਾ। ਇਤਿਹਾਸ ਦਸਦਾ ਹੈ ਕਿ ਉਹ ਸ਼੍ਰੇਣੀਆਂ ਜਾਂ ਵਿਅਕਤੀ ਜਿਹੜੇ ਧਾਰਮਿਕ ਜਾਂ ਪੁਜਾਰੀ ਹੋਣ ਦਾ ਵਡੱਪਣ ਮਾਣਦੇ ਹਨ, ਆਪਣੇ ਵਿਸ਼ੇਸ਼ ਅਧਿਕਾਰਾਂ ਦਾ ਇਕ ਕਿਣਕਾ ਵੀ ਤਿਆਗਣ ਲਈ ਕਦੀ ਤਿਆਰ ਨਹੀਂ ਹੋਏ। ਪਰੰਤੂ ਗੁਰੂ ਜੀ, ਭਾਵੇਂ ਉਨ੍ਹਾਂ ਦੇ ਅਨੁਯਾਈ ਉਨ੍ਹਾਂ ਨੂੰ ਸਭ ਤੋਂ ਮਹਾਨ ਪੈਗੰਬਰ ਮੰਨਦੇ ਸਨ, ਵਿਚ ਵੱਖਰੀ ਆਤਮਾ ਦਾ ਨਿਵਾਸ ਸੀ। ਆਪਣੇ ਮੁਰੀਦਾਂ ਤੋਂ ਕਟ ਕੇ ਵਿਲੱਖਣ ਉੱਚਤਾ ਨ ਪ੍ਰਾਪਤ ਕਰਨ ਦੀ ਉਨ੍ਹਾਂ ਅੰਦਰ ਭਾਰੀ ਸਿਆਸੀ ਸੂਝ-ਬੂਝ ਸੀ। ਇਸ ਲਈ ਜਦੋਂ ਉਨ੍ਹਾਂ ਨੇ ਆਪਣੇ ਪੰਜ ਪਿਆਰੇ ਸਾਜ ਲਏ, ਤਾਂ ਉਨ੍ਹਾਂ ਪੰਜ ਪਿਆਰਿਆਂ ਤੋਂ ਗੁਰੂ ਜੀ ਨੇ ਆਪ ਅੰਮ੍ਰਿਤ ਛਕਿਆ ਤੇ ਉਹੀ ਸੁਗੰਧਾਂ ਚੁੱਕੀਆਂ ਜਿਹੜੀਆਂ ਪੰਜ ਪਿਆਰਿਆਂ ਨੇ ਚੁੱਕੀਆਂ ਸਨ ਤੇ ਜਿਹੜੇ ਅਧਿਕਾਰ ਉਨ੍ਹਾਂ ਨੂੰ ਦਿੱਤੇ ਸਨ ਉਨ੍ਹਾਂ ਨਾਲੋਂ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨ ਕੀਤੇ। ਛੇਤੀ ਹੀ ਉਨ੍ਹਾਂ ਨੇ ਆਪਣੇ ਸਾਰੇ ਮੁਰੀਦਾਂ ਦੀ ਇਕ ਇਕੱਤਰਤਾ[1] ਬੁਲਾਈ ਤੇ ਉਨ੍ਹਾਂ ਅੱਗੇ ਆਪਣੇ ਨਵੇਂ ਸਿੱਧਾਂਤਾਂ ਦੀ ਘੋਸ਼ਣਾ ਕੀਤੀ।

ਇਹ ਜਾਤ-ਪਾਤ ਦਾ ਖੰਡਨ ਤੇ ਧਰਮ-ਤੰਤਰਕ ਲੋਕਰਾਜ ਦੀ ਸਥਾਪਨਾ ਦਾ ਪਹਿਲਾ ਕਦਮ ਸੀ, ਜਿਹੜਾ ਗੁਰੂ ਗੋਬਿੰਦ ਸਿੰਘ ਨੇ ਏਕਤਾ ਲਿਆਉਣ ਲਈ ਚੁਕਿਆ, ਜਿਹੜੀ

---

1. ਇਕ ਪੰਦਰਵਾੜੇ ਤੋਂ ਘੱਟ ਸਮੇਂ ਵਿਚ ਹੀ ਲਗਭਗ 80,000 ਸਿੱਖ ਇਕੱਠੇ ਹੋਏ। ਲਤੀਫ਼, ਪੰਨਾ 263।

ਕਿ ਰਾਸ਼ਟਰਵਾਦ ਦਾ ਪਹਿਲਾ ਤੱਤ ਹੈ। ਇਸ ਸਦਾਚਾਰਕ ਸ਼ਕਤੀ ਦੇ ਵਾਧੇ ਲਈ ਉਨ੍ਹਾਂ ਨੇ ਕਈ ਹੋਰ ਆਦੇਸ਼ਾਂ ਦੀ ਸਹਾਇਤਾ ਲਈ, ਜਿਨ੍ਹਾਂ ਵਿਚੋਂ ਕੁਝ ਨੂੰ ਪ੍ਰਚਲਿਤ ਸੁਭਾ ਦੇ ਕਿਹਾ ਜਾ ਸਕਦਾ ਹੈ। ਇਹ ਨਿਮਨ ਲਿਖਤ ਅਨੁਸਾਰ ਸਨ :

1. ਸਾਰੇ ਸਿੱਖ ਨਾਮਾਂ ਦੇ ਅੰਤ ਵਿਚ ਸਿੰਘ (ਸ਼ੇਰ) ਲਗਿਆ ਹੋਵੇ ਜਿਵੇਂ ਕਿ ਅੱਜ ਤਕ ਕੀਤਾ ਜਾਂਦਾ ਹੈ।

2. ਉਨ੍ਹਾਂ ਦੇ ਪ੍ਰਣਾਮ ਦਾ ਢੰਗ ਇਕੋ ਜੇਹਾ ਹੋਵੇ।

3. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਬਾਹਰਲੀ ਵਸਤ ਦੀ ਉਪਾਸ਼ਨਾ ਨ ਕੀਤੀ ਜਾਵੇ।

4. ਹਿੰਦੂਆਂ ਦੇ ਧਾਰਮਿਕ ਤੀਰਥ ਸਥਾਨਾਂ ਦੀ ਗਿਣਤੀ ਇਤਨੀ ਜ਼ਿਆਦਾ ਸੀ ਕਿ ਰਾਸ਼ਟਰੀ ਏਕੇ ਲਈ ਪ੍ਰੇਰਨਾ ਨਹੀਂ ਸੀ ਮਿਲ ਸਕਦੀ। ਇਸ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਨੂੰ ਸਿੱਖਾਂ ਦਾ ਮੁੱਖ ਤੀਰਥ-ਸਥਾਨ ਨਿਸ਼ਚਿਤ ਕਰ ਦਿੱਤਾ ਤੇ ਇਹ ਥਾਂ ਅੱਜ ਤਕ ਵੀ ਗੁਰੂ ਸਾਹਿਬਾਨ ਦੇ ਅਨੁਯਾਈਆਂ ਲਈ ਤੀਰਥ-ਸਥਾਨ ਬਣਿਆ ਹੋਇਆ ਹੈ, ਤੇ ਸਿੱਖਾਂ ਦੀਆਂ ਸਾਰੀਆਂ ਸ਼੍ਰੇਣੀਆਂ ਚਾਹੇ ਉਹ ਬ੍ਰਾਹਮਣ ਹੋਣ ਜਾਂ ਨੀਵੀਆਂ ਜਾਤਾਂ, ਨੂੰ ਇਸ ਅੰਮ੍ਰਿਤ ਸਰੋਵਰ ਵਿਚ ਅਸ਼ਨਾਨ ਕਰਨ ਦੀ ਤੇ ਹਰਿਮੰਦਰ ਵਿਚ ਉਪਾਸ਼ਨਾ ਕਰਨ ਦੀ ਖੁਲ੍ਹ ਹੈ ।

5. ਗੁਰੂ ਜੀ ਨੇ ਇਸ ਏਕੇ ਨੂੰ ਕੁਝ ਹੋਰ ਖਾਸ ਯੰਤ੍ਰਿਕ ਸਾਧਨਾਂ ਦੁਆਰਾ ਮਜ਼ਬੂਤ ਕੀਤਾ ਜਿਹੜੇ ਕਿ ਪਿਛਲੇ ਦੋ ਸੌ ਵਰ੍ਹਿਆਂ ਤੋਂ ਚਲਦੇ ਆ ਰਹੇ ਹਨ ਤੇ ਅੱਜ ਸਨਾਤਨੀ ਸਿੱਖਾਂ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਤਾ ਤੇ ਦ੍ਰਿੜ੍ਹਤਾ ਪ੍ਰਾਪਤ ਕਰ ਰਹੇ ਹਨ। ਕਨਿੰਘਮ ਲਿਖਦਾ ਹੈ, "ਗੁਰੂ ਸਾਹਿਬ ਇਕ ਦਾਰਸ਼ਨਿਕ ਸਨ ਤੇ ਚੰਗੀ ਤਰ੍ਹਾਂ ਸਮਝਦੇ ਸਨ ਕਿ ਲੋਕਾਂ ਦੀ ਕਲਪਨਾ ਨੂੰ ਕਿਸ ਤਰ੍ਹਾਂ ਵਰਤਿਆ ਜਾ ਸਕਦਾ ਹੈ।" ਉਹ ਕੁਝ ਖਾਸ ਬਾਹਰੀ ਭੇਖਾਂ ਤੇ ਚਿੰਨ੍ਹਾਂ ਦੀ ਜਾਦੂ ਭਰੀ ਸ਼ਕਤੀ ਨੂੰ ਭਲੀ-ਭਾਂਤ ਸਮਝਦੇ ਸਨ ਅਤੇ ਜਾਣਦੇ ਸਨ ਕਿ ਮਨੁੱਖ ਆਪਣੇ ਬਾਹਰਲੇ ਪਹਿਰਾਵੇ ਦੀ ਤਬਦੀਲੀ ਵਿਚੋਂ ਕਈ ਵਾਰ ਕਿਸ ਤਰ੍ਹਾਂ ਉਤਸਾਹ ਪ੍ਰਾਪਤ ਕਰਦੇ ਹਨ। ਪ੍ਰਤਿੱਗਿਆਵਾਂ, ਸੁਗੰਧਾਂ, ਤਪੱਸਿਆਵਾਂ ਤੇ ਸਾਧਨਾਵਾਂ ਦੀ, ਇਥੋਂ ਤਕ ਕਿ ਅਜੇਹੇ ਧਾਰਮਿਕ ਚਿੰਨ੍ਹਾਂ ਜੇਹਾ ਕਿ ਕਿਸੇ ਸ਼ਕਤੀ ਦੇ ਪੁਜਾਰੀ ਦਾ ਤਿਲਕ ਜਾਂ ਕਿਸੇ ਵੈਸ਼ਨੂੰ ਭਗਤ ਦੀ ਤੁਲਸੀ ਦੀ ਮਾਲਾ ਦੀ ਸ਼ਕਤੀ ਦਾ ਇਹੀ ਭੇਦ ਹੈ। ਹਿੰਦੂਆਂ ਦੇ ਜਨੇਊ-ਸੰਸਕਾਰ ਅਤੇ ਈਸਾਈਆਂ ਦੇ ਬਪਤਿਸਮੇ ਦੀ ਵੀ ਇਹੀ ਮਹੱਤਤਾ ਹੈ। ਪਾਹੁਲ[1] ਜਿਹੜਾ ਗੁਰੂ ਗੋਬਿੰਦ ਸਿੰਘ ਨੇ ਪ੍ਰਾਰੰਭ ਕੀਤਾ ਉਸ ਦੀ ਮਹੱਤਤਾ ਵੀ ਇਹੀ ਹੈ ਤੇ

1. ਪਾਹੁਲ ਦੀ ਰਸਮ ਨਿਮਨਲਿਖਤ ਅਨੁਸਾਰ ਕੀਤੀ ਜਾਂਦੀ ਹੈ :

(ਬਾਕੀ ਦੇਖੋ ਸਫ਼ਾ 86 ਤੇ)

ਇਸ ਨੇ ਉਹ ਤੀਬਰ ਸ਼ਕਤੀ ਭਰੀ ਕਿ ਉਨ੍ਹਾਂ ਨੇ ਕੁਝ ਹੋਰ ਆਦੇਸ਼ ਜਾਰੀ ਕੀਤੇ, ਜਿਨ੍ਹਾਂ ਨਾਲ ਸਿੱਖ ਪਰਮਾਤਮਾ ਦੇ ਆਪਣੇ ਚੁਣੇ ਹੋਏ ਸਮਝੇ ਜਾਣ ਲੱਗੇ, ਜਿਨ੍ਹਾਂ ਨੇ ਇਸ ਸੰਸਾਰ ਵਿਚ ਇਕ ਖਾਸ ਉੱਦੇਸ਼ ਪੂਰਾ ਕਰਨਾ ਸੀ। ਉਨ੍ਹਾਂ ਨੇ ਸਾਰੇ ਸਿੱਖਾਂ ਲਈ ਤਮਾਕੂ ਦੀ ਵਰਤੋਂ ਦਾ ਨਿਸ਼ੇਧ ਕਰ ਦਿੱਤਾ ਤੇ ਪੱਗ ਬੰਨ੍ਹਣੀ ਤੇ ਸਦਾ ਪੰਜ 'ਕਕਾਰ' ਅਰਥਾਤ ਪੰਜ ਚੀਜ਼ਾਂ, ਜਿਨ੍ਹਾਂ ਦੇ ਨਾਂ 'ਕ' ਤੋਂ ਆਰੰਭ ਹੋਣ ਉਦਾਹਰਣ ਲਈ ਕੇਸ਼ (ਦਾੜ੍ਹੀ), ਕੰਘਾ, ਕਿਰਪਾਨ, ਕੜਾ, ਤੇ ਕੱਛਾ ਧਾਰਨ ਕਰਨੇ ਲਾਜ਼ਮੀ ਕਰਾਰ ਦੇ ਦਿੱਤੇ। ਇਨ੍ਹਾਂ ਦੀ ਮਹੱਤਤਾ ਉੱਨੀ ਹੀ ਹੋ ਗਈ ਜਿਤਨੀ ਕਿ ਰੋਮ ਦੇ ਯੁਵਕਾਂ ਦੀ ਸੂਰਬੀਰਤਾ ਦੀ ਸੀ। ਜੇ ਇਹ ਤ੍ਰਿਵਿਕ੍ਰਮ ਭੱਟ ਦੀ ਲਿਖੀ ਪੁਰਾਤਨ ਸੰਸਕ੍ਰਿਤ ਪੁਸਤਕ 'ਨਲ ਚੰਪਾ' ਵਿਚ ਵਰਣਿਤ ਭੀਮ ਦੀ ਸੈਨਾ ਦੀ ਵਰਦੀ ਦੀ ਨਕਲ ਨਹੀਂ ਸੀ, ਤਾਂ ਇਹ ਇਕ ਅਜੀਬ ਇਤਫਾਕ ਹੈ ਕਿ ਗੁਰੂ ਜੀ ਨੇ ਆਪਣੇ ਅਨੁਯਾਈਆਂ ਲਈ ਉਸੇ ਨਾਲ ਦੀ ਵਰਦੀ ਨਿਯਤ ਕੀਤੀ। ਇਨ੍ਹਾਂ ਰਹਿਤਾਂ ਨੇ ਇਕ ਦਮ ਨੀਮ-ਦਿਲੇ ਹਿੰਦੂਆਂ ਵਿਚੋਂ ਸੱਚੇ ਸਿੱਖਾਂ ਨੂੰ ਵੱਖਰਤਾ ਪ੍ਰਦਾਨ ਕਰ ਦਿੱਤੀ ਤੇ ਖ਼ਾਲਸੇ ਦੀ ਅੰਦਰਲੀ ਜਥੇਬੰਦੀ ਵਿਚ ਸੰਘਣਾਪਨ ਲੈ ਆਂਦਾ, ਜਿਸ ਨੇ ਕਿ ਕੁੱਝ ਹੀ ਸਮੇਂ ਵਿਚ ਉਨ੍ਹਾਂ ਦਾ ਇਕ ਸ਼ਕਤੀਸ਼ਾਲੀ ਪੰਥ ਸਾਜ ਦਿੱਤਾ।

ਜਾਤ-ਪਾਤ ਦਾ ਖੰਡਨ, ਇਕ ਦੂਜੇ ਦੇ ਤੇ ਗੁਰੂ ਦੇ ਅਧਿਕਾਰਾਂ ਵਿਚ ਸਮਾਨਤਾ, ਸਾਂਝੀ ਉਪਾਸਨਾ, ਸਾਂਝੇ ਤੀਰਥ-ਸਥਾਨ, ਸਾਰੀਆਂ ਸ਼੍ਰੇਣੀਆਂ ਲਈ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਣਾ, ਤੇ ਅੰਤ ਵਿਚ, ਸਾਂਝਾ ਬਾਹਰੀ ਪਹਿਰਾਵਾ—ਸਾਂਝੀ ਅਗਵਾਈ ਅਤੇ ਅਭਿਲਾਸ਼ਾਵਾਂ ਭਰੀ ਕੌਮ ਤੋਂ ਛੁੱਟ, ਇਹ ਸਾਧਨ ਸਨ, ਜਿਹੜੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਅਨੁਯਾਈਆਂ ਵਿਚਕਾਰ ਏਕਤਾ ਲਿਆਉਣ ਲਈ ਵਰਤੇ। ਅਤੇ ਇਨ੍ਹਾਂ ਦੁਆਰਾ, ਇਸ ਤੋਂ ਪਹਿਲਾਂ ਕਿ

(ਸਫ਼ਾ 85 ਦੀ ਬਾਕੀ)

ਉਮੀਦਵਾਰ ਅਸ਼ਨਾਨ ਕਰਨ ਪਿੱਛੋਂ ਅਤੇ ਸਾਫ਼ ਬਸਤਰ ਪਹਿਨਣ ਪਿੱਛੋਂ ਸੰਗਤ ਵਿਚਕਾਰ, ਜਿਹੜੀ ਕਿ ਇਸ ਉੱਦੇਸ਼, ਲਈ ਸੱਦੀ ਜਾਂਦੀ ਹੈ, ਆਪਣੀ ਥਾਂ ਤੇ ਬੈਠ ਜਾਂਦਾ ਹੈ। ਪੰਜ ਸਿੱਖ (ਜਿਹੜੇ ਪੰਜ ਪਿਆਰਿਆਂ ਦੀ ਪ੍ਰਤੀਨਿਧਤਾ ਕਰਦੇ ਹਨ) ਜਿਹੜੇ ਸਿੱਖ-ਨਿਯਮਾਂ ਦੀ ਨਿਤਨੇਮ ਪਾਲਨਾ ਕਰਨ ਵਿਚ ਮੰਨੇ ਪ੍ਰਮੰਨੇ ਹੁੰਦੇ ਹਨ, ਇਕ ਲੋਹੇ ਦੇ ਬਰਤਨ ਵਿਚ ਪਾਣੀ ਤੇ ਥੋੜ੍ਹੀ ਜੇਹੀ ਚੀਨੀ ਮਿਲਾਉਂਦੇ ਹਨ ਤੇ ਉਸ ਨੂੰ ਦੋ ਧਾਰੇ ਖੰਡੇ ਨਾਲ ਰਲਾਉਂਦੇ ਹਨ ਤੇ ਇਸ ਦੇ ਨਾਲ ਨਾਲ ਦੋਵਾਂ ਗ੍ਰੰਥਾਂ ਵਿਚੋਂ ਵਾਰੀ-ਵਾਰੀ ਕੁਝ ਸ਼ਬਦ ਉਚਾਰਦੇ ਹਨ। ਉਸ ਪਿੱਛੋਂ ਇਸ ਘੋਲ ਨੂੰ ਉਮੀਦਵਾਰ ਦੇ ਵਾਲਾਂ ਤੇ ਸਰੀਰ ਉੱਤੇ ਛਿੜਕਿਆ ਜਾਂਦਾ ਹੈ ਤੇ ਇਸ ਦਾ ਕੁਝ ਭਾਗ ਉਸ ਨੂੰ ਪੀਣ ਲਈ ਦਿੱਤਾ ਜਾਂਦਾ ਹੈ। ਉਸ ਨੂੰ ਕੁਝ ਪ੍ਰਣ ਲੈਣ ਲਈ ਕਿਹਾ ਜਾਂਦਾ ਹੈ, ਜੋ, ਸਿੱਖ ਰਹਿਤ-ਮਰਿਆਦਾ ਨੂੰ ਨਿਰਧਾਰਿਤ ਕਰਦੇ ਹਨ। ਇਸ ਮਿਸ਼ਰਨ ਨੂੰ ਅੰਮ੍ਰਿਤ ਕਹਿੰਦੇ ਹਨ ਤੇ ਇਹ ਸਮਝਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਨਵੇਂ ਪੁੱਤਰ ਲਈ ਅੰਮਰਤਾ ਲਿਆਵੇਗਾ ਤੇ ਇਸ ਨੂੰ ਸਿੰਘ (ਸ਼ੇਰ) ਅਤੇ ਸੱਚਾ ਕੱਸ਼ਤ੍ਰੀ ਬਣਾਵੇਗਾ। ਇਸ ਰਸਮ ਪਿੱਛੋਂ ਹਾਜ਼ਰ ਸੰਗਤ ਵਿਚ ਕੜਾਹ-ਪ੍ਰਸ਼ਾਦ ਵੰਡਿਆ ਜਾਂਦਾ ਹੈ।

ਉਨ੍ਹਾਂ ਨੂੰ ਸ਼ਕਤੀਸ਼ਾਲੀ ਮੁਗਲਾਂ ਦੀ ਸੈਨਾ ਵਿਰੁੱਧ ਘੱਲਿਆ ਜਾਂਦਾ, ਉਨ੍ਹਾਂ ਨੂੰ ਇਕ ਮੁੱਠ ਕਰ ਦਿੱਤਾ ਗਿਆ।

ਪਰ ਕੇਵਲ ਮੋਮ ਦੀਆਂ ਇਕੋ ਛਾਪ ਵਾਲੀਆਂ ਮੂਰਤੀਆਂ ਤੇ ਇਕੋ ਰਾਗ ਅਲਾਪਣ ਵਾਲੀਆਂ ਗਰਾਮੋਫੋਨ ਮਸ਼ੀਨਾਂ ਬਲਵਾਨ ਸੈਨਾ ਨਹੀਂ ਬਣ ਸਕਦੀਆਂ। ਉਨ੍ਹਾਂ ਵਿਅਕਤੀਆਂ ਵਿਚ ਜਿਹੜੇ ਸਮਾਜ ਦੀ ਸਿਰਜਨਾ ਕਰਦੇ ਹਨ, ਸਫਲਤਾ ਪ੍ਰਾਪਤ ਕਰਨ ਦੇ ਯੋਗ ਹੋਣੀ ਲਈ ਜੀਵਨ, ਉੱਚੀਆਂ ਉਮੰਗਾਂ, ਕੁੱਝ ਕਰਨ ਦੀ ਰੀਝ ਅਤੇ ਦਲੇਰੀ ਹੋਣੀ ਚਾਹਦੀ ਹੈ।

ਗੁਰੂ ਜੀ ਉਨ੍ਹਾਂ ਦੀ ਪਦਵੀ ਤੇ ਉਮੰਗਾਂ ਨੂੰ ਉੱਚਿਆਂ ਚੁਕਣ ਅਤੇ ਉਨ੍ਹਾਂ ਦੇ ਵਿਸ਼ਵਾਸ ਤੇ ਸਾਹਸ ਨਾਲ ਉਤਸਾਹਿਤ ਕਰਨ ਦੀ ਮਹੱਤਤਾ ਨੂੰ ਪੂਰਨਭਾਂਤ ਸਮਝਦੇ ਸਨ। ਇਸ ਕਠਿਨ ਮੰਤਵ ਦੀ ਪ੍ਰਾਪਤੀ ਲਈ ਜਿਹੜੇ ਸਾਧਨ ਉਨ੍ਹਾਂ ਨੇ ਵਰਤੇ, ਉਨ੍ਹਾਂ ਵਿਚੋਂ ਕੁਝ ਨਿਮਨ ਲਿਖਤ ਹਨ।

1. ਸਭ ਤੋਂ ਪਹਿਲਾਂ ਆਪ ਨੇ ਉਨ੍ਹਾਂ ਅੰਦਰ ਇਹ ਭਰੋਸਾ ਕੁੱਟ ਕੁੱਟ ਕੇ ਭਰਿਆ ਕਿ ਉਨ੍ਹਾਂ ਦਾ ਪਰਮਾਤਮਾ ਨਾਲ ਸਿੱਧਾ ਸੰਪਰਕ ਹੈ। ਉਨ੍ਹਾਂ ਨੂੰ ਇਹ ਨਿਸ਼ਚਾ ਕਰਾਇਆ ਗਿਆ ਕਿ ਪਰਮਾਤਮਾ ਸਦਾ ਖਾਲਸੇ ਦੇ ਅੰਗ-ਸੰਗ ਰਹਿੰਦਾ ਹੈ ਅਤੇ ਜਿਥੇ ਵੀ ਕੇਵਲ ਪੰਜ ਸਿੱਖ ਇਕੱਤਰ ਹੁੰਦੇ ਹਨ, ਗੁਰੂ ਉਨ੍ਹਾਂ ਵਿਚ ਮੌਜੂਦ ਹੁੰਦਾ ਹੈ।

2. ਉਨ੍ਹਾਂ ਦੇ ਮਨ ਵਿਚ ਇਹ ਵਿਚਾਰ ਵੀ ਬਿਠਾਇਆ ਗਿਆ ਕਿ ਉਹ ਤਾਂ ਫਤਿਹ ਕਰਨ ਲਈ ਹੀ ਪੈਦਾ ਹੋਏ ਹਨ। ਇਕ ਰਾਜਨੀਤਿਕ ਆਗੂ ਦਾ ਅਗਵਾਈ ਕਰਨ ਦਾ ਕੋਈ ਹੱਕ ਨਹੀਂ, ਜੇ ਉਹ ਪੱਕਾ ਆਸ਼ਾਵਾਦੀ ਨਹੀਂ ਤੇ ਆਪਣੇ ਉਦੇਸ਼ ਦੀ ਅੰਤਮ ਜਿੱਤ ਵਿਚ ਵਿਸ਼ਵਾਸ ਨਹੀਂ ਰਖਦਾ। ਗੁਰੂ ਸਾਹਿਬ ਆਸ਼ਾ ਤੇ ਵਿਸ਼ਵਾਸ ਦੀ ਸਾਖਿਆਤ ਮੂਰਤੀ ਸਨ ਤੇ ਉਨ੍ਹਾਂ ਨੇ ਆਪਣੇ ਅਨੁਯਾਈਆਂ ਵਿਚ ਵੀ ਇਹੀ ਭਰੋਸਾ ਭਰਿਆ। ਸਿੱਖਾਂ ਵਿਚਕਾਰ ਨਵੀਂ ਪ੍ਰਣਾਮ-ਵਿਧੀ ਸੀ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ"। ਕਿਸੇ ਅੰਦਰ ਇਹ ਨਿਸਚਾ, ਕਿ ਉਹ ਪਰਮਾਤਮਾ ਦਾ ਆਪਣਾ ਚੁਣਿਆ ਹੋਇਆ ਹੈ ਅਤੇ ਇਸ ਭਾਵਨਾ ਨਾਲ ਜਿਹੜਾ ਭਰੋਸਾ ਉਸ ਵਿਚ ਆਉਂਦਾ ਹੈ, ਉਸ ਦੀਆਂ ਸਫਲਤਾ ਦੀਆਂ ਦੋ ਪੱਕੀਆਂ ਜ਼ਮਾਨਤਾਂ ਹਨ। ਗੁਰੂ ਜੀ ਨੇ ਇਹ ਜ਼ਮਾਨਤ ਆਪਣੇ ਅਨੁਯਾਈਆਂ ਨੂੰ ਬਖਸ਼ੀ।

3. ਉਨ੍ਹਾਂ ਦੀ ਆਤਮਾ ਨੂੰ ਹੋਰ ਵੀ ਉੱਚਿਆਂ ਚੁੱਕਣ ਲਈ, ਗੁਰੂ ਜੀ ਨੇ ਉਨ੍ਹਾਂ ਦੇ ਨਾਉਂ ਸਿੱਖ ਤੋਂ ਸਿੰਘ ਵਿਚ ਬਦਲ ਦਿੱਤੇ ਤੇ ਇਸ ਤਰ੍ਹਾਂ ਨਿਰਬਲ ਅਨੁਯਾਈਆਂ ਤੋਂ ਸ਼ੇਰ ਬਣਾ ਦਿੱਤੇ ਤੇ "ਇਕੋ ਝਟਕੇ ਨਾਲ ਉਨ੍ਹਾਂ ਨੂੰ ਭਾਰਤ ਦੀ ਸਭ ਤੋਂ ਉੱਚੀ ਤੇ ਲੜਾਕੀ ਸ਼੍ਰੇਣੀ ਦੀ ਸਮਾਨ ਪਦਵੀ ਤਕ ਉੱਚਾ ਚੁੱਕ ਦਿੱਤਾ"। ਕਿਉਂਕਿ ਉਸ ਸਮੇਂ ਤਕ ਸਿੰਘ ਦਾ

ਉੱਚਾ ਖ਼ਿਤਾਬ ਕੇਵਲ ਰਾਜਪੂਤਾਂ ਨਾਲ ਹੀ ਜੁੜਿਆ ਹੋਇਆ ਸੀ, ਉਹ ਹੁਣ ਆਪਣੇ ਆਪ ਨੂੰ ਇੰਨੇ ਮਹਾਨ ਤੇ ਇੰਨੇ ਚੰਗੇ ਅਨੁਭਵ ਕਰਨ ਲੱਗੇ, ਜਿੰਨੇ ਕਿ ਚੰਦਰ ਬੰਸ ਜਾਂ ਸੂਰਜ ਬੰਸ ਦੀ ਸੰਤਾਨ।

4. ਸਾਹਿਤ ਇਕ ਹੋਰ ਸਾਧਨ ਸੀ, ਜਿਹੜਾ ਉਨ੍ਹਾਂ ਨੇ ਆਪਣੇ ਮੁਰੀਦਾਂ ਅੰਦਰ ਬੀਰ ਰਸ ਭਰਨ ਲਈ ਵਰਤਿਆ। ਗੁਰੂ ਜੀ ਦੀ ਸੇਵਾ ਵਿਚ ਪੰਡਿਤਾਂ ਤੇ ਕਵੀਆਂ ਦਾ ਇਕ ਤਕੜਾ ਦਲ ਸੀ ਤੇ ਉਨ੍ਹਾਂ ਨੇ ਰਾਮਾਇਣ ਤੇ ਮਹਾਂਭਾਰਤ, ਸ੍ਰੀਮਦ ਭਗਵਦ ਤੇ ਹੋਰ ਪੁਰਾਣਾਂ ਵਿਚੋਂ ਕਈ ਟੁੰਬਵੀਆਂ ਕਹਾਣੀਆਂ ਹਿੰਦੀ ਭਾਸ਼ਾ ਵਿਚੋਂ ਅਨੁਵਾਦ ਕਰਾਈਆਂ। ਉਹ ਕਹਿੰਦੇ ਹਨ, "ਮੈਂ ਭਗਵਤ ਦੇ ਦਸਮ ਸਕੰਧ ਨੂੰ ਕਿਸੇ ਹੋਰ ਇੱਛਿਆ ਕਾਰਣ ਹਿੰਦੀ ਵਿਚੋਂ ਨਹੀਂ ਉਲਥਵਾਇਆ, ਕੇਵਲ ਧਰਮ-ਯੁੱਧ ਦੀ ਭਾਵਨਾ ਪੈਦਾ ਕਰਨ ਲਈ ਹੀ ਅਜੇਹਾ ਕੀਤਾ ਹੈ।" ਜਿਹੜੇ ਕਿਰਸਾਣਾਂ, ਬਾਣੀਆਂ, ਮੁਨਸ਼ੀਆਂ, ਮੁਸੱਦੀਆਂ ਨੇ ਸਦੀਆਂ ਤੋਂ ਜਾਂ ਤਾਂ ਕੁਝ ਪੜ੍ਹਿਆ ਹੀ ਨਹੀਂ ਸੀ ਜਾਂ ਕੇਵਲ ਕਰੀਮਾਂ ਤੇ ਗੁਲਿੱਸਤਾਂ, ਬਹਾਰ-ਏ-ਦਾਨਿਸ਼ ਅਤੇ ਬੋਸਤਾਨ ਹੀ ਪੜ੍ਹੀਆਂ ਸਨ, ਹੁਣ ਆਪਣੀ ਹੀ ਭਾਸ਼ਾ ਵਿਚ ਰਾਮ ਤੇ ਲੱਛਮਣ ਦੇ, ਭੀਮ ਤੇ ਅਰਜਨ ਦੇ ਬਹਾਦਰੀ ਦੇ ਕਾਰਨਾਮੇ ਪੜ੍ਹਨ ਜਾਂ ਸੁਣਨ ਤੇ ਵਿਚਾਰਨ ਲੱਗ ਪਏ ਕਿ ਕਿਸ ਤਰ੍ਹਾਂ ਬਾਲ ਕ੍ਰਿਸ਼ਨ ਨੇ ਰਾਕਸ਼ ਕੰਸ਼ ਨੂੰ ਮਾਰ ਮੁਕਾਇਆ ਤੇ ਕਿਸ ਤਰ੍ਹਾਂ ਨਾਜ਼ਕ ਜੇਹੀ ਦੇਵੀ ਨੇ ਆਪਣੇ ਹੱਥਾਂ ਨਾਲ ਮਹਿਖਾਸੁਰ ਜੇਹੇ ਦੈਂਤਾਂ ਨੂੰ ਬ੍ਰਹਮਪੁਰੀ ਪੁਚਾਇਆ। ਗੁਰੂ ਸਾਹਿਬ ਆਪ ਵੀ ਇਕ ਮਹਾਨ ਕਵੀ ਸਨ ਤੇ ਰਾਮਾਇਣ ਤੇ ਮਹਾਂਭਾਰਤ ਦੀ ਭਾਵਨਾ ਵਿਚ ਭਿੱਜੇ ਹੋਏ ਮਨਾਂ ਤੇ ਉਨ੍ਹਾਂ ਦੇ ਸ਼ਬਦਾਂ ਨੇ ਬਿਜਲੀ ਵਾਂਗ ਅਸਰ ਕੀਤਾ। ਉਨ੍ਹਾਂ ਨੇ ਕਿਹਾ:

"ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਏਕ ਸੰਗ ਸਵਾ ਲਾਖ ਲੜਾਊਂ।
ਤਬੀ ਗੋਬਿੰਦ ਸਿੰਘ ਨਾਮ ਕਹਾਊਂ।"[1]

ਗੁਰੂ ਗੋਬਿੰਦ ਸਿੰਘ ਜੇਹੇ ਮਹਾਪੁਰਸ਼ ਦੁਆਰਾ ਉਚਾਰੇ ਗਏ ਇਹ ਸ਼ਬਦ ਲੋੜੀਂਦਾ ਪ੍ਰਭਾਵ ਪਾਉਣ ਵਿਚ ਪੂਰੀ ਤਰ੍ਹਾਂ ਸਫਲ ਰਹੇ। ਉਹ ਮਨੁੱਖ ਜਿਨ੍ਹਾਂ ਨੇ ਕਦੀ ਤਲਵਾਰ ਛੋਹੀ ਤਕ ਨਹੀਂ ਸੀ ਤੇ ਬੰਦੂਕ ਮੋਢੇ ਤੇ ਨਹੀਂ ਧਰੀ ਸੀ, ਬਹਾਦਰ ਸੂਰਮੇ ਬਣ ਗਏ। ਹਲਵਾਈ, ਧੋਬੀ, ਭੰਗੀ ਅਤੇ ਨਾਈ ਸੈਨਾਵਾਂ ਦੇ ਆਗੂ ਬਣ ਗਏ, ਜਿਨ੍ਹਾਂ ਅੱਗੇ ਰਾਜੇ ਯਰਕਦੇ ਸਨ ਤੇ ਨਵਾਬ ਡਰ ਨਾਲ ਕੰਬਦੇ ਸਨ।

---

1. ਜਿਹੜੀ ਅਰਦਾਸ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਈ, ਉਸ ਵਿਚ ਵੀ ਮਲੇਛਾਂ ਵਿਰੁੱਧ ਫਿਟਕਾਰਾਂ ਹਨ ਤੇ ਉਨ੍ਹਾਂ ਦੀ ਤਬਾਹੀ ਲਈ ਪਰਮਾਤਮਾ ਦੀ ਸਹਾਇਤਾ ਦੀ ਮੰਗ ਕੀਤੀ ਗਈ ਹੈ। ਇਥੋਂ ਤਕ ਕਿ ਅੰਮ੍ਰਿਤ ਵੀ ਖੰਡੇ ਨਾਲ ਤਿਆਰ ਕਰਨਾ ਹੁੰਦਾ ਸੀ।

ਗੁਰੂ ਗੋਬਿੰਦ ਸਿੰਘ ਨੇ ਇਹ ਵੀ ਅਨੁਭਵ ਕੀਤਾ ਕਿ ਜਾਬਰ ਆਪਹੁਦਰਾਸ਼ਾਹੀ ਨੂੰ ਉਲਟਾਉਣਾ ਉਸ ਸਮੇਂ ਤਕ ਇਕ ਸੁਪਨਾ ਹੀ ਰਵ੍ਹੇਗਾ, ਜਦ ਤਕ ਕਿ ਸਾਰੇ ਹਿੰਦੂ ਨਾਗ ਨਹੀਂ ਬਣ ਜਾਂਦੇ। ਇਸ ਲਈ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਧਿਆਨ ਕਲਮ ਤੇ ਹੱਲ ਵੱਲੋਂ ਹਟਾਉਣ ਅਤੇ ਕਿਰਪਾਨ ਨੂੰ ਸੰਸਾਰ ਵਿਚ ਆਪਣੀ ਸਭ ਤੋਂ ਵੱਡੀ ਟੇਕ ਸਮਝਣ। ਦੁਸ਼ਮਣ ਦਾ ਘਰ ਚਾਹੇ ਉਹ ਜਾਬਰ ਮੁਗਲ ਹੋਵੇ ਜਾਂ ਦੇਸ਼-ਧ੍ਰੋਹੀ ਹਿੰਦੂ, ਉਨ੍ਹਾਂ ਦੇ ਸਾਮ੍ਹਣੇ ਖੁਲ੍ਹਾ ਪਿਆ ਸੀ ਤੇ ਤਲਵਾਰ ਉਨ੍ਹਾਂ ਲਈ ਸ਼ਕਤੀ ਅਤੇ ਖ਼ੁਸ਼ਹਾਲੀ, ਰਾਸ਼ਟਰੀ ਸਤਿਕਾਰ ਅਤੇ ਸੁਤੰਤਰਤਾ ਦਾ ਰਾਹ ਬਣਾ ਸਕਦੀ ਸੀ। ਲੁਟੇਰੇ ਨੂੰ ਲੁਟਣਾ, ਗੁਰੂ ਜੀ ਨੇ ਕਿਹਾ, ਕੋਈ ਗੁਨਾਹ ਨਹੀਂ ਅਤੇ ਦੋਖੀ ਦੇ ਦਮਨ ਦੀ ਸ਼ਾਸਤਰਾਂ ਵੱਲੋਂ ਵੀ ਆਗਿਆ ਹੈ। ਭਾਵੇਂ ਆਪਣੀ ਵੇਦਾਂਤ ਕਲਪਨਾ ਰਾਹੀਂ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਦਸਿਆ ਕਿ ਉਹ ਸਾਰੀ ਮਨੁੱਖੀ ਜਾਤੀ ਨੂੰ ਇਕ ਸਮਝਣ, ਪਰੰਤੂ ਆਪਣੀ ਕੌਮ ਦੇ ਨਿਰਾਦਰ ਅਤੇ ਮਾਰ ਧਾੜ ਨੂੰ ਵੇਖਣ ਪਿੱਛੋਂ, ਉਨ੍ਹਾਂ ਅੰਦਰ ਪੈਦਾ ਹੋਈ ਤੜਪ ਕਾਰਣ ਕਈ ਵਾਰੀ ਉਨ੍ਹਾਂ ਨੇ ਜੋਸ਼-ਭਰੀ ਬਾਣੀ ਉਚਾਰੀ। ਉਨ੍ਹਾਂ ਦੀ ਅਰਦਾਸ ਵਿਚ ਜਿਥੇ ਉਨ੍ਹਾਂ ਲਈ ਤੇ ਉਨ੍ਹਾਂ ਦੇ ਮੁਰੀਦਾਂ ਲਈ ਦੋਵੀ ਉਭਾਰ ਦੀ ਮੰਗ ਕੀਤੀ ਗਈ ਹੈ, ਉਥੇ ਪਰਮਾਤਮਾ ਕੋਲੋਂ ਉਹ ਇਹ ਵੀ ਮੰਗ ਕਰਦੇ ਸਨ ਕਿ ਉਨ੍ਹਾਂ ਦੇ ਦੁਸ਼ਮਣਾਂ ਦਾ ਅਤੇ ਸਾਰੇ ਮਲੇਸ਼ਾਂ ਦਾ ਮੂਲ ਉਪਾਰਨ ਕਰੇ। ਜ਼ਰੂਰੀ ਸੀ ਕਿ ਇਹ ਫਿਟਕਾਰਾਂ ਸਿੱਖਾਂ ਦੇ ਦਿਲਾਂ ਵਿਚ ਮੁਸਲਮਾਨ-ਵਿਰੋਧੀ ਭਾਵਨਾਵਾਂ ਪੈਦਾ ਕਰਦੀਆਂ, ਜਿਹੜੀਆਂ ਦੋ ਸਦੀਆਂ ਤੋ ਵੱਧ ਸਮੇਂ ਤੋਂ ਪਿੱਛੋਂ ਵੀ ਮਿਟੀਆਂ ਜਾਂ ਘਟੀਆਂ ਨਹੀਂ ਹਨ। ਆਉਣ ਵਾਲੇ ਸਮਿਆਂ ਵਿਚ ਸਿੱਖ ਜੋਧਿਆਂ ਨੇ ਇਸ ਤੋਂ ਪੂਰਣ ਲਾਭ ਉਠਾਇਆ ਤੇ ਸਿੱਖ-ਮੁਸਲਮਾਨ ਵਿਰੋਧਾਂ ਨੂੰ ਈਸਾਈ ਜਹਾਦੀਆਂ ਦੇ, ਉਨ੍ਹਾਂ ਦੇ ਮੁਸਲਮਾਨ-ਦੁਸ਼ਮਣਾਂ ਉਤੇ ਹਮਲਿਆਂ ਤੋਂ ਵੀ ਵਧੇਰੇ ਭੜਕਾ ਦਿੱਤਾ। ਸਿੱਖ ਆਪਣੀਆਂ ਰੀਝਾਂ ਲਈ ਇਕ ਨਵਾਂ ਮੈਦਾਨ ਖੁਲ੍ਹਾ ਵੇਖ ਕੇ, ਹਜ਼ਾਰਾਂ ਦੀ ਸੰਖਿਆ ਵਿਚ ਗੁਰੂ ਜੀ ਕੋਲ ਜਮ੍ਹਾਂ ਹੋ ਗਏ, ਉਨ੍ਹਾਂ ਨੇ ਕੇਵਲ ਸਿੱਖ ਬਣੇ ਰਹਿਣਾ ਛੱਡ ਦਿੱਤਾ, ਸਗੋਂ ਸਿੰਘ ਜਾਂ ਸ਼ੇਰ ਬਣ ਗਏ ਤੇ ਸੁਤੰਤਰਤਾ ਨਾਲ ਘੁੰਮਣ-ਫਿਰਨ ਲੱਗੇ ਅਤੇ ਜਾਬਰ ਹਾਕਮਾਂ ਦੇ ਰਾਖਵੇਂ ਜੰਗਲਾਂ ਵਿਚ ਜਾਨਵਰਾਂ ਦਾ ਸ਼ਿਕਾਰ ਕਰਨ ਲੱਗੇ। ਨਵ-ਜਨਮੇਂ ਖ਼ਾਲਸੇ ਦੀਆ ਇਨ੍ਹਾਂ ਮੁਹਿੰਮਾਂ ਨੇ ਭਾਈਵਾਲਤਾ ਵਿਚ ਮਹਾਨ ਵਾਧਾ ਕੀਤਾ। ਉਨ੍ਹਾਂ ਨੇ ਨਵੇਂ ਖ਼ਾਲਸੇ ਲਈ ਮਾਇਆ ਇਕੱਠੀ ਕੀਤੀ, ਮੈਂਬਰਾਂ ਨੂੰ ਕਸਰਤ ਕਰਨ ਲਾਇਆ, ਉਨ੍ਹਾਂ ਨੂੰ ਸਖ਼ਤ ਸੈਨਿਕ ਜੀਵਨ ਦਾ ਆਦੀ ਬਣਾਇਆ, ਅਤੇ ਉਨ੍ਹਾਂ ਦੀ ਗੋਰੀਲਾ-ਯੁੱਧ ਨਾਲ ਵਾਕਫ਼ੀ ਕਰਾਈ। ਸਹਿਜਧਾਰਿਆਂ ਨੂੰ ਆਪਣੇ ਨਾਲ ਮਿਲਾਇਆ ਤੇ ਸ਼ਤਰੂਆਂ ਦੇ ਮਨਾਂ ਵਿਚ ਦਹਿਸ਼ਤ ਭਰ ਦਿਤੀ ਜਦ ਕਿ ਖ਼ਾਲਸੇ ਦੇ ਮਨਾਂ ਵਿਚ ਰੋਜ਼ਾਨਾ ਜਿੱਤਾਂ ਕਾਰਣ ਦਲੇਰੀ ਤੇ ਗੌਰਵ ਭਰ ਗਏ।

ਸ਼ਕਤੀ ਦੀ ਉਪਾਸਨਾ ਹਿੰਦੂਆਂ ਵਿਚ ਬਹੁਤ ਪ੍ਰਚਲਿਤ ਸੀ ਅਤੇ ਇਹ ਜਾਪਦਾ ਹੈ ਕਿ ਭਾਵੇਂ ਸਿੱਖ ਅਕਾਲ ਪੁਰਖ ਤੋਂ ਛੁੱਟ ਕਿਸੇ ਦੀ ਪੂਜਾ ਨਹੀਂ ਕਰਦੇ ਸਨ ਫੇਰ ਵੀ ਉਹ ਦੇਵੀ ਦੀ ਸ਼ਕਤੀ ਵਿਚ ਵਿਸ਼ਵਾਸ ਕਰਦੇ ਸਨ ਅਤੇ ਹੋਮ ਤੇ ਹੋਰ ਰਸਮਾਂ ਦੀ ਗੁਣਕਾਰਤਾ ਵਿਚ ਉਸ ਦੀ ਮਦਦ ਪ੍ਰਾਪਤ ਕਰਨ ਵਿਚ ਭਰੋਸਾ ਰਖਦੇ ਸਨ। ਗੁਰੂ ਜੀ ਸੱਚੇ ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰ ਦੇਵਤੇ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਪਰੰਤੂ ਭਾਵੇਂ ਆਪਣੇ ਅਨੁਯਾਈਆਂ ਨੂੰ ਵਿਖਾਉਣ ਲਈ ਕਿ ਅਜੇਹੀ ਕੋਈ ਸ਼ਕਤੀ ਨਹੀਂ, ਜਾਂ ਲੋਕਾਈ ਦੀ ਆਮ ਹਮਦਰਦੀ ਤੇ ਵਿਸ਼ਵਾਸ ਜਿੱਤਣ ਲਈ, ਇਸ ਗੱਲ ਵਿਚ ਕੋਈ ਸੰਦੇਹ ਨਹੀਂ ਜਾਪਦਾ (ਜਿਵੇਂ ਕਿ ਇਸ ਨੁਕਤੇ ਤੇ ਸਾਰੇ ਇਤਿਹਾਸਕਾਰ ਸਹਿਮਤ ਹਨ) ਕਿ ਗੁਰੂ ਜੀ ਨੇ ਹੁਕਮ ਦਿੱਤਾ ਕਿ ਦੇਵੀ ਦੇ ਪ੍ਰਗਟਾ ਲਈ ਯੱਗ ਕੀਤਾ ਜਾਵੇ। ਕਿਹਾ ਜਾਂਦਾ ਹੈ ਕਿ ਇਹ ਯੱਗ ਸਾਲ ਭਰ ਹੁੰਦਾ ਰਿਹਾ। ਉਸ ਸਮੇਂ ਦੇ ਅੰਤ ਤੇ ਜਦੋਂ ਦੁਰਗਾ ਅਸ਼ਟਮੀ ਦੁਬਾਰਾ ਆਈ, ਤਾਂ ਗੁਰੂ ਜੀ ਨੇ ਵੱਡੇ ਪੁਜਾਰੀ ਨੂੰ ਪੁਛਿਆ ਕਿ ਦੇਵੀ ਕਦੋਂ ਪ੍ਰਗਟ ਹੋਵੇਗੀ। ਪੰਡਿਤ ਨੇ ਉੱਤਰ ਦਿੱਤਾ ਕਿ ਦੇਵੀ ਤਾਂ ਹੀ ਪ੍ਰਗਟ ਹੋਵੇਗੀ ਜੇ ਕੋਈ ਪਵਿੱਤਰ ਤੇ ਧਾਰਮਿਕ ਥੀਂ ਦਾ ਪੁਰਸ਼ ਦੇਵੀ ਅੱਗੇ ਬਲੀਦਾਨ ਦੇਵੇ ਤੇ ਆਪਣੇ ਸਿਰ ਦੀ ਅੱਗ ਵਿਚ ਅਹੂਤੀ ਦੇਵੇ। ਗੁਰੂ ਜੀ ਉਪਰੋਂ ਉਪਰੋਂ ਪ੍ਰਸੰਨ ਹੋਏ ਤੇ ਪੰਡਿਤ ਨੂੰ ਆਪਣੇ ਹੋਠਾਂ ਤੇ ਕਟਾਖਸ਼ ਭਰੀ ਮੁਸਕਾਨ ਲਿਆਉਂਦਿਆਂ ਕਿਹਾ, "ਪੰਡਿਤ ਜੀ ! ਤੁਹਾਡੇ ਨਾਲੋਂ ਵੱਧ ਧਾਰਮਿਕ ਪੁਰਸ਼ ਅਸੀਂ ਕਿਥੋਂ ਲੱਭਾਂਗੇ, ਜਿਸ ਦਾ ਸਿਰ ਦੇਵੀ ਦੀ ਭੇਂਟ ਦੇ ਯੋਗ ਸਿੱਧ ਹੋ ਸਕਦਾ ਹੋਵੇ।" ਪੰਡਿਤ ਦੀ ਜ਼ਬਾਨ ਨੂੰ ਤਾਲੇ ਲੱਗ ਗਏ ਤੇ ਉਹ ਉਥੋਂ ਕੁਝ ਬਹਾਨਾ ਬਣਾ ਕੇ ਤਿੱਤਰ ਹੋ ਗਿਆ। ਗੁਰੂ ਜੀ ਨੇ ਬਾਕੀ ਦੀ ਸਾਰੀ ਸਾਮਗ੍ਰੀ ਅੱਗ ਵਿਚ ਸੁੱਟ ਦਿੱਤੀ ਤੇ ਪਰਦਿਆਂ ਪਿੱਛੋਂ ਆਪਣੇ ਹੱਥ ਵਿਚ ਨੰਗੀ ਚਮਕਦੀ ਤਲਵਾਰ ਲੈ ਕੇ ਬਾਹਰ ਆ ਗਏ। ਹਵਨ ਦਾ ਭਾਰੀ ਮਾਤਰਾ ਵਿਚ ਇਕੱਠਾ ਹੀ ਅੱਗ ਵਿਚ ਸੁਟਿਆ ਸਮਾਨ ਇਕ ਵੱਡੀ ਲਾਟ ਵਿਚ ਬਲ ਉਠਿਆ ਜਿਹੜੀ ਉੱਚੀ ਪਹਾੜੀ ਉਤੇ ਹੋਣ ਕਾਰਣ ਦੂਰ ਦੂਰ ਤਕ ਨਜ਼ਰ ਆਈ। ਇਸੇ ਨੂੰ ਦੇਵੀ ਦੇ ਰੀਝਣ ਦਾ ਤੇ ਪ੍ਰਗਟ ਹੋਣ ਦਾ ਚਿੰਨ੍ਹ ਸਮਝ ਲਿਆ ਗਿਆ। ਉਹ ਤਲਵਾਰ ਜਿਹੜੀ ਗੁਰੂ ਜੀ ਆਪਣੇ ਹੱਥਾਂ ਵਿਚ ਘੁਮਾਉਂਦੇ ਹੋਏ ਲਿਆਏ ਸਨ, ਦੇਵੀ ਵਲੋਂ ਗੁਰੂ ਜੀ ਨੂੰ ਬਖਸ਼ੀ ਗਈ ਦਾਤ ਤੇ ਆਪਣੀ ਕੌਮ ਦੇ ਸ਼ਤਰੂਆਂ ਵਿਰੁੱਧ ਭਾਵੀ ਯੁੱਧ ਵਿਚ ਜਿੱਤ ਦਾ ਵਰਦਾਨ ਸਮਝਿਆ ਗਿਆ। ਇਸ ਗੱਲ ਦਾ ਪੱਕਾ ਪ੍ਰਮਾਣ ਨਹੀਂ ਮਿਲਦਾ ਕਿ ਗੁਰੂ ਜੀ ਨੇ ਲੋਕਾਂ ਨੂੰ ਇਸ ਨੁਕਤੇ ਦੇ ਭਰਮ ਜਾਲ ਚੋਂ ਕੱਢਣ ਲਈ ਕੋਈ ਕਦਮ ਚੁੱਕੇ। ਪਰੰਤੂ ਇਹ ਗੱਲ ਯਕੀਨੀ ਹੈ ਕਿ ਉਨ੍ਹਾਂ ਨੇ ਲੋਕਾਂ ਨੂੰ ਤਲਵਾਰ ਦੀ ਉਪਾਸਨਾ ਕਰਨ ਦੀ ਅਪੀਲ ਕੀਤੀ ਕਿਉਂਕਿ ਉਨ੍ਹੀਂ ਦਿਨੀ ਤਲਵਾਰ ਹੀ ਕੇਵਲ ਅਜੇਹੀ ਦੇਵੀ ਸੀ, ਜਿਹੜੀ ਉਨ੍ਹਾਂ ਦੀ ਰੱਖਿਆ ਕਰ ਸਕਦੀ ਸੀ। ਅਜੇਹਾ ਜਾਪਦਾ ਹੈ ਕਿ ਗੁਰੂ ਜੀ ਨੇ ਇਸ ਨੂੰ ਕੇਵਲ ਇਕ ਅਲੰਕਾਰ ਤੋਂ ਕੁਝ ਵੱਧ ਮਹੱਤਤਾ ਦਿਲਾਉਣੀ ਚਾਹੀ। ਕਨਿੰਘਮ ਕਹਿੰਦਾ ਹੈ, "ਉਸ ਸ਼ਕਤੀ ਪ੍ਰਤਿ ਜੋ ਸਾਨੂੰ ਬਲ, ਸੁਰੱਖਿਆ

ਅਤੇ ਰੋਜ਼ੀ ਬਖਸ਼ਦੀ ਹੈ, ਸਤਿਕਾਰ ਦਾ ਜਜ਼ਬਾ ਸਾਰੇ ਦੇਸ਼ਾਂ ਵਿਚ ਮੌਜੂਦ ਹੈ। ਉਦਾਹਰਣ ਲਈ ਇੰਗਲੈਂਡ ਵਿਚ ਮਲਾਹ ਆਪਣੇ ਜਹਾਜ਼ ਦੀ ਪੂਜਾ ਕਰਦਾ ਹੈ। ਤੇ ਭਾਰਤ ਵਿਚ ਪੁਸ਼ਤੈਨੀ ਪੇਸ਼ਿਆਂ ਨੇ ਉਸ ਭਾਵਨਾ ਨੂੰ ਸਿਖਰ ਤੇ ਪਹੁੰਚਾ ਦਿੱਤਾ ਹੈ, ਜਿਸ ਨੂੰ ਜੇ ਦਰਸ਼ਨ ਦੀ ਭਾਸ਼ਾ ਵਿਚ ਵਰਣਨ ਕੀਤਾ ਜਾਵੇ, ਤਾਂ ਅਜੇਹਾ ਸੱਤ ਕਿਹਾ ਜਾ ਸਕਦਾ ਹੈ, ਜਿਸ ਨਾਲ ਆਤਮਾ ਨੂੰ ਚੋਲਾ ਬਦਲਦੀ ਮੰਨਣਾ ਪੈਂਦਾ ਹੈ। ਪਰੰਤੂ ਇਹ ਸਮਝ ਕੇ ਨਵਾਂ ਗਲਾਫ ਧਾਰਿਆ ਜਾਂਦਾ ਹੈ ਕਿ ਸਾਡੇ ਮਨੁੱਖੀ ਕਾਰਜਾਂ ਵਿਚ ਦੁਬਾਰਾ ਇਸ ਦੀ ਵਰਤੋਂ ਕੀਤੀ ਜਾਵੇ ਜਾਂ ਉਸ ਸਮੇਂ ਤਕ ਜਦ ਤਕ ਕਿ ਅਸੀਂ ਪਰਮਾਨੰਦ ਪ੍ਰਾਪਤ ਨਹੀਂ ਕਰ ਲੈਂਦੇ। ਗੁਰੂ ਜੀ ਚਾਹੁੰਦੇ ਸਨ ਕਿ ਇਸ ਬਾਹਰੀ ਜਾਂ ਹੇਠੀ ਭਾਵਨਾ ਦੀ ਤ੍ਰਿਪਤੀ ਲਈ ਕਿਰਪਾਨ ਜਾਂ ਸ਼ਕਤੀ ਦੀ ਆਰਾਧਨਾ ਜਾਂ ਉਪਾਸਨਾ ਕੀਤੀ ਜਾਵੇ ਅਤੇ ਨਾਲ ਹੀ ਆਤਮਾ ਨੂੰ ਪਰਮਾਤਮਾ ਵਿਚ ਲੀਨ ਕੀਤਾ ਜਾਵੇ। ਗੁਰੂ ਜੀ ਨੇ ਤਲਵਾਰ ਦੀ ਉਪਾਸਨਾ ਕੀਤੀ ਤੇ ਉਨ੍ਹਾਂ ਦੇ ਕਈ ਬੀਰ ਰਸੀ ਛੰਦ ਉਹ ਹਨ, ਜਿਹੜੇ ਉਨ੍ਹਾਂ ਨੇ ਇਸ ਨੂੰ ਰੀਝਾਉਣ ਲਈ ਉਚਾਰੇ।[1] ਉਨ੍ਹਾਂ ਦੇ ਅਨੁਯਾਈਆਂ ਤੋਂ ਇਹ ਮੰਗ ਕੀਤੀ ਜਾਂਦੀ ਸੀ ਕਿ ਉਹ ਮਨੁੱਖਤਾ ਦੀ ਇਸ ਮਹਾਨ ਬੰਦੀ-ਛੋੜ ਸ਼ਕਤੀ ਦੀ ਅਰਾਧਨਾ ਕਰਨ ਤੇ ਸ਼ਕਤੀ ਦੇ ਅਨਿੰਨ ਭਗਤਾਂ ਨੂੰ ਹੋਰ ਹਰ ਤਰ੍ਹਾਂ ਦੀਆਂ ਧਾਰਮਿਕ ਰਹੁ ਰੀਤਾਂ ਤੋਂ ਰਹਿਤ ਕੀਤਾ ਗਿਆ। ਤਲਵਾਰ ਦੇ ਭਗਤਾਂ ਨੇ ਕ੍ਰਿਤੀ-ਨਾਸ਼, ਕੁਲ-ਨਾਸ਼, ਧਰਮ-ਨਾਸ਼ ਅਤੇ ਕਰਮ-ਨਾਸ਼ ਦਾ ਪ੍ਰਣ ਲਿਆ ਤੇ ਉਨ੍ਹਾਂ ਦੀ ਸ਼ਕਤੀ ਦੀ ਆਰਾਧਨਾ ਨੂੰ ਸਭ ਤੋਂ ਉਤਮ ਕਰਮ ਸਮਝਿਆ ਜਾਣ ਲੱਗ ਪਿਆ, ਜਿਹੜਾ ਉਨ੍ਹਾਂ ਲਈ ਮਾਤਲੋਕ ਵਿਚ ਸ਼ਕਤੀ ਤੇ ਖੁਸ਼ਹਾਲੀ ਅਤੇ ਪਰਲੋਕ ਵਿਚ ਆਨੰਦ ਤੇ ਵਿਗਾਸ ਦਾ ਸੋਮਾ ਸਿੱਧ ਹੋਵੇਗਾ।

---

1. ਤਲਵਾਰ ਦੀ ਆਰਾਧਨਾ ਵਜੋਂ ਲਿਖੇ ਗੁਰੂ ਸਾਹਿਬ ਦੇ ਹੇਠ ਲਿਖੇ ਚਾਰ ਸਲੋਕ ਇਸ ਕਿਸਮ ਦੇ ਵਿਸ਼ਵ-ਸਾਹਿਤ ਵਿਚੋਂ ਵੀ ਉੱਚ-ਕੋਟੀ ਦੇ ਹਨ ਅਤੇ ਸੰਸਕ੍ਰਿਤ ਵਿਚ ਰਚੇ ਹੋਣ ਕਰਕੇ ਇਹ ਭਾਰਤ ਦੇ ਸਾਰੇ ਭਾਗਾਂ ਵਿਚ ਆਸਾਨੀ ਨਾਲ ਪੜ੍ਹੇ ਜਾ ਸਕਦੇ ਹਨ।

ਖਗ ਖੰਡ ਵਿਹੰਡੰ, ਖਲ ਦਲ ਖੰਡੰ, ਅਤਿਰਣ ਮੰਡੰ ਬਰ ਬੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨੁ ਪ੍ਰਭੰ ॥
ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟੀ ਉਭਾਰਣ ਮਮ ਪ੍ਰੀਤਿ ਪਾਰਣ ਜੈ ਤੇਗੰ ॥

—ਬਚਿਤ੍ਰ ਨਾਟਕ

ਗੁਰੂ ਗੋਬਿੰਦ ਸਿੰਘ ਦੇ ਯੁੱਧ, ਭ੍ਰਮਣ ਅਤੇ ਜੋਤੀ ਜੋਤ ਸਮਾਉਣਾ (1695-1708)

ਗੁਰੂ ਸਾਹਿਬ ਨੇ ਆਪਣਾ ਅੱਧਾ ਕਾਰਜ ਸਮਾਪਤ ਕਰ ਲਿਆ ਸੀ। ਉਨ੍ਹਾਂ ਨੇ ਆਪਣੇ ਅਨੁਯਾਈਆਂ ਦੇ ਮਨਾਂ ਉਤੇ ਪੂਰਣ ਜਿੱਤ ਪ੍ਰਾਪਤ ਕਰ ਲਈ ਸੀ ਜਿਹੜੇ ਖੁਸ਼ੀ ਅਤੇ ਗ਼ਮੀ ਵਿਚ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕਰਸ ਸਮੂਹ ਵਿਚ ਬੰਨ੍ਹ ਦਿੱਤਾ ਸੀ, ਉਨ੍ਹਾਂ ਦੇ ਚਰਿੱਤਰ ਨੂੰ ਉਚਿਆ ਦਿੱਤਾ ਸੀ, ਉਨ੍ਹਾਂ ਦੀਆਂ ਉਮੰਗਾਂ ਵਿਚ ਵਾਧਾ ਕਰ ਦਿੱਤਾ ਸੀ ਅਤੇ ਉਨ੍ਹਾਂ ਤੋਂ ਉਨ੍ਹਾਂ ਦੇ ਪੂਰਵਜਾਂ ਦੇ ਸ਼ਾਂਤਮਈ ਕਿੱਤੇ ਛੁਡਾ ਕੇ, ਤਲਵਾਰ ਨਾਲ ਉਨ੍ਹਾਂ ਦੀਆਂ ਬਿਰਤੀਆਂ ਜੋੜ ਦਿੱਤੀਆਂ ਸਨ। ਉਨ੍ਹਾਂ ਦੇ ਜੀਵਨ-ਕਾਰਜ ਦਾ ਇਹ ਸਭ ਤੋਂ ਵੱਧ ਮਹਤਵਪੂਰਣ ਭਾਗ ਸੀ ਜੋ ਸਫਲਤਾ ਨਾਲ ਨੇਪਰੇ ਚੜ੍ਹ ਗਿਆ ਸੀ।

ਪਰੰਤੂ ਉਨ੍ਹਾਂ ਦੇ ਪਿਤਾ ਨੂੰ ਸ਼ਹੀਦ ਕਰਨ ਵਾਲੇ ਦੁਸ਼ਟਾਂ ਨੂੰ ਦੰਡ ਦੇਣਾ ਅਜੇ ਬਾਕੀ ਪਿਆ ਸੀ, ਔਰੰਗਜ਼ੇਬ ਦਾ ਜਾਬਰ ਰਾਜ ਅਜੇ ਵੀ ਕਾਇਮ ਸੀ ਅਤੇ ਕੌਮ ਅਜੇ ਵੀ ਜਬਰ ਅਤੇ ਜ਼ੁਲਮ ਨਾਲ ਨਪੀੜੀ ਪਈ ਸੀ। ਗੁਰੂ ਸਾਹਿਬ ਨੂੰ ਜਿਨ੍ਹਾਂ ਔਕੜਾਂ ਦਾ ਟਾਕਰਾ ਕਰਨਾ ਪਿਆ ਉਹ ਭਾਵੇਂ ਕਾਫੀ ਵੱਡੀਆਂ ਸਨ, ਤਾਂ ਵੀ ਉਹ ਓਦੋਂ ਤਕ ਸੰਤੁਸ਼ਟ ਨਹੀਂ ਹੋ ਸਕਦੇ ਸਨ ਜਦ ਤਕ ਕਿ ਔਰੰਗਜ਼ੇਬ ਦੀ ਸੱਤਾ ਉਤੇ ਅਮਲੀ ਸੱਟ ਨ ਮਾਰੀ ਜਾਵੇ, ਜਾਂ ਘਟੋ ਘੱਟ ਆਪਣੀ ਕੌਮ ਦੀ ਮੁਕਤੀ ਲਈ ਯਤਨ ਨ ਕੀਤਾ ਜਾਵੇ। ਉਨ੍ਹਾਂ ਨੇ ਇਸ ਕਾਰਜ ਨੂੰ ਵਿਸ਼ੇਸ਼ ਸ਼ਕਤੀ ਅਤੇ ਵਿਸ਼ਵਾਸ ਨਾਲ ਹੱਥ ਪਾਇਆ। ਉਨ੍ਹਾਂ ਦੇ ਅਨੁਯਾਈਆਂ ਦੀ ਗਿਣਤੀ ਹੁਣ ਹਜ਼ਾਰਾਂ ਤੀਕ ਪਹੁੰਚ ਗਈ ਸੀ। ਹਜ਼ਾਰਾਂ ਲੋਕ ਹੁਣ ਲੜਾਈ ਵਿਚ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਸਨ ਅਤੇ ਉਨ੍ਹਾਂ ਦੇ ਝੰਡੇ ਹੇਠਾਂ ਲੜ ਕੇ ਮਰਨ ਨੂੰ ਰੱਬੀ ਦਾਤ ਸਮਝਣ ਲੱਗ ਪਏ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਦਸਤਿਆਂ ਅਤੇ ਟੋਲੀਆਂ ਵਿਚ ਵੰਡ ਦਿਤਾ ਅਤੇ 500 ਪਠਾਨਾਂ ਨੂੰ ਉਨ੍ਹਾਂ ਦੀ ਮਦਦ ਲਈ ਘੋੜ-ਸਵਾਰ ਦੇ ਤੌਰ ਤੇ ਨੌਕਰ ਰੱਖ ਲਿਆ।

ਉਨ੍ਹਾਂ ਦਾ ਤਤਕਾਲ ਮੰਤਵ ਪਹਾੜੀ ਰਾਜਿਆਂ ਨੂੰ ਆਪਣੇ ਪ੍ਰਭਾਵ ਵਿਚ ਲਿਆ ਕੇ ਕੋਈ ਅਜੇਹੀ ਪਹਾੜੀ ਰਿਆਸਤ ਸਥਾਪਿਤ ਕਰਨਾ ਸੀ ਜਿਹੜੀ ਮੁਗਲ ਸਾਮਰਾਜ ਵਿਰੁੱਧ ਲੜਾਈ ਦਾ ਆਧਾਰ ਬਣ ਸਕੇ। ਇਸ ਮੰਤਵ ਨੂੰ ਅੱਗੇ ਰੱਖ ਕੇ ਉਨ੍ਹਾਂ ਨੇ ਸਤਲੁਜ ਅਤੇ ਜਮਨਾ ਦੇ ਵਿਚਕਾਰਲੇ ਪਹਾੜੀ ਇਲਾਕੇ ਵਿਚ ਦੋ ਤਿੰਨ ਕਿਲ੍ਹੇ, ਨਾਹਨ ਦੇ ਨੇੜੇ ਪਾਉਂਟਾ ਸਾਹਿਬ ਵਿਖੇ ਇਕ ਚੌਂਕੀ ਜਿਸ ਥਾਂ ਤੇ ਇਸ ਤੋਂ ਕਾਫੀ ਸਮਾਂ ਪਿੱਛੋਂ ਗੋਰਖਿਆਂ ਅਤੇ ਅੰਗ੍ਰੇਜ਼ਾਂ ਵਿਚਕਾਰ ਭਾਰੀ ਸੰਘਰਸ਼ ਹੋਇਆ, ਅੰਨਦਪੁਰ ਵਿਖੇ ਅਤੇ ਪ੍ਰਸਿੱਧ ਨਗਰ ਰੋਪੜ ਦੇ ਨੇੜੇ ਹੀ ਚਮਕੌਰ[1] ਵਿਖੇ ਇਕ ਇਕ ਗੜ੍ਹੀ ਬਣਵਾਏ।

ਕਨਿੰਘਮ ਲਿਖਦਾ ਹੈ, "ਧਾਰਮਿਕ ਆਗੂ ਦੇ ਰੂਪ ਵਿਚ ਉਨ੍ਹਾਂ ਕੋਲ ਭਾਰਤ ਦੇ ਕੋਨੇ ਕੋਨੇ ਤੋਂ ਮਾਇਆ ਅਤੇ ਅਨੁਯਾਈ ਆਉਣ ਲੱਗੇ, ਵਿਸ਼ੇਸ਼ ਕਰਕੇ ਮਾਝੇ ਵਿਚੋਂ ਜਿਥੋਂ ਦੇ ਸਕੀਲ ਜੱਟ ਗੁਰੂ ਸਾਹਿਬ ਨੂੰ ਉਸ ਪ੍ਰਕਾਰ ਦੀ ਸਾਮਗ੍ਰੀ ਦੇ ਸਕਦੇ ਸਨ, ਜੋ ਮੁਗਲਾਂ ਦੀਆਂ ਮੁਸਲਮਾਨ ਫੌਜਾਂ ਵਿਰੁੱਧ ਬਹੁਤ ਕਾਰਗਰ ਸਿੱਧ ਹੋ ਸਕਦੀ ਸੀ। ਪਰ ਇਕ ਨੇਤਾ ਦੇ ਰੂਪ ਵਿਚ ਉਨ੍ਹਾਂ ਨੇ ਇਕ ਸੈਨਿਕ ਧੁਰੇ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਇਕ ਵਿਦਰੋਹੀ ਦੇ ਰੂਪ ਵਿਚ ਉਨ੍ਹਾਂ ਨੇ ਇਕ ਸੁਰੱਖਿਅਤ ਕੁੰਜ ਦੀ ਮਹੱਤਾ ਨੂੰ ਵੀ ਨਜ਼ਰੋਂ ਓਹਲੇ ਨ ਕੀਤਾ।

ਇਸ ਸੈਨਿਕ ਸੰਗਠਨ ਤੋਂ ਪਿੱਛੋਂ, ਗੁਰੂ ਸਾਹਿਬ ਨੇ ਪਹਿਲਾ ਕਦਮ ਸ਼ਾਇਦ ਹਕੂਮਤ ਵਿਰੁੱਧ ਆਪਣੀ ਯੋਜਿਤ ਮੁਹਿੰਮ ਵਿਚ ਪਹਾੜੀ ਰਾਜਿਆਂ ਨੂੰ ਸ਼ਾਮਿਲ ਕਰਨ ਦਾ ਚੁਕਿਆ। ਪਰੰਤੂ ਉਹ ਆਪ ਰਾਜਾ ਨਹੀਂ ਸਨ ਅਤੇ ਪਹਾੜੀ ਸਰਦਾਰ ਉਨ੍ਹਾਂ ਨੂੰ ਇਕ ਭੜਕਾਊ ਆਗੂ ਤੋਂ ਵੱਧ ਕੁਝ ਨਹੀਂ ਸਮਝਦੇ ਸਨ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਨੇ ਉਨ੍ਹਾਂ ਦੀ ਜਥੇਬੰਦੀ ਅਤੇ ਸ਼ਕਤੀ ਦੀ ਬਹੁਤੀ ਪਰਵਾਹ ਨ ਕੀਤੀ ਹੋਵੇ। ਕੁਝ ਤਾਂ ਉਨ੍ਹਾਂ ਨੂੰ ਇਕ ਛਫੇਰਾ ਹੀ ਖਿਆਲ ਕਰਦੇ ਸਨ ਅਤੇ ਇਕ ਨੇ ਤਾਂ ਉਨ੍ਹਾਂ ਤੋਂ ਉਨ੍ਹਾਂ ਦਾ ਉਹ ਚਹੇਤਾ ਹਾਥੀ ਵੀ ਮੰਗ ਲਿਆ ਜਿਹੜਾ ਉਨ੍ਹਾਂ ਦੇ ਇਕ ਬਹੁਤ ਹੀ ਧਨਵਾਨ ਅਤੇ ਉਤਸਾਹੀ ਅਨੁਯਾਈ ਨੇ ਉਨ੍ਹਾਂ ਨੂੰ ਭੇਟ ਕੀਤਾ ਸੀ। ਗੁਰੂ ਸਾਹਿਬ ਪਹਾੜੀ ਰਾਜਿਆਂ ਦੀ ਇਸ ਬੇਪਰਵਾਹੀ ਤੋਂ ਅੱਕ ਗਏ ਅਤੇ ਬਿਲਾਸਪੁਰ ਦੇ ਰਾਜੇ, ਜਿਸ ਨੂੰ ਉਨ੍ਹਾਂ ਨੇ ਉਪਰ ਦੱਸੀਆਂ ਵਸਤਾਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਦੁਆਰਾ ਕੀਤੇ ਨਿਰਾਦਰ ਅਤੇ ਦਿੱਤੀਆਂ ਧਮਕੀਆਂ ਤੋਂ ਤੰਗ ਆ ਗਏ। ਗੁਰੂ ਸਾਹਿਬ ਨੇ ਇਨ੍ਹਾਂ ਰਾਜਿਆਂ ਨੂੰ ਜ਼ਬਰਦਸਤੀ ਆਪਣੇ ਅਧੀਨ ਕਰਨ ਦਾ ਪਣ ਕਰ ਲਿਆ ਅਤੇ ਉਨ੍ਹਾਂ ਨੂੰ ਸਿੱਧੇ ਰਾਹ ਤੇ ਲਿਆਉਣ ਲਈ ਆਪਣੇ ਅਨੁਯਾਈਆਂ ਨੂੰ ਖੁਲ੍ਹੀ ਛੁੱਟੀ ਦੇ ਦਿੱਤੀ। ਸਿੱਖਾਂ ਨੇ, ਜੋ ਲੁੱਟ-ਮਾਰ ਦਾ ਸੁਆਦ ਪਹਿਲਾਂ ਹੀ ਚੱਖ ਚੁੱਕੇ ਸਨ, ਨਿਰਬਲ ਪਰੰਤੂ ਹਠੀ ਰਾਜਿਆਂ ਦੇ ਇਲਾਕੇ ਵਿਚ ਲੁੱਟ-ਮਾਰ ਮਚਾ ਦਿੱਤੀ, ਅਤੇ ਹੱਥ

---

1. ਬੂਟੀ ਸ਼ਾਹ ਫਤਹਿਗੜ੍ਹ, ਲੋਹਗੜ੍ਹ ਅਤੇ ਮੁਕਤਗੜ੍ਹ—ਤਿੰਨ ਹੋਰ ਗੜ੍ਹੀਆਂ ਦਾ ਜ਼ਿਕਰ ਕਰਦਾ ਹੈ।

ਆਈ ਹਰੇਕ ਵਸਤੂ ਨੂੰ ਚੁੱਕ ਲਿਆਏ ਜਿਸ ਕਰਕੇ ਰਾਜਿਆਂ ਦੀ ਪਰਜਾ ਭੁੱਖੀ ਮਰਨ ਲੱਗ ਪਈ[1]।

ਘਬਰਾਹਟ ਵਿਚ ਰਾਜਿਆਂ ਨੇ ਬਹੁਤ ਵੱਡੀ ਸੰਧੀ ਕੀਤੀ ਅਤੇ ਬਿਲਾਸਪੁਰ ਦੇ ਭੀਮ ਚੰਦ, ਕਿਰਪਾਲ ਚੰਦ ਕਟੋਚ, ਜਸੋਵਾ ਦੇ ਕੇਸਰੀ ਚੰਦ, ਜਸਰੋਤਾਹ ਦੇ ਸੁਖਦਿਆਲ, ਨਾਲਾਗੜ੍ਹ ਦੇ ਹਰੀ ਚੰਦ, ਦਦਵਾਲ ਦੇ ਪਿਰਥੀ ਚੰਦ ਅਤੇ ਸ੍ਰੀ ਨਗਰ ਦੇ ਫਤਹ ਸ਼ਾਹ ਨੇ ਮਿਲ ਕੇ ਦਸ ਹਜ਼ਾਰ ਸਿਪਾਹੀਆਂ ਨਾਲ ਗੁਰੂ ਸਾਹਿਬ ਤੇ ਧਾਵਾ ਬੋਲ ਦਿੱਤਾ। ਗੁਰੂ ਸਾਹਿਬ 2000 ਚੁਣੇ ਹੋਏ ਯੋਧਿਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਟਾਕਰੇ ਲਈ ਨਿਕਲੇ ਅਤੇ ਭੰਗਾਣੀ ਦੇ ਨੇੜੇ ਘਮਸਾਨ ਦੀ ਲੜਾਈ ਹੋਈ। ਗੁਰੂ ਸਾਹਿਬ ਨੇ ਇਸ ਲੜਾਈ ਦਾ ਖੁਦ ਬੜੀ ਜੋਸ਼ੀਲੀ ਕਵਿਤਾ ਵਿਚ ਵਰਣਨ ਕੀਤਾ ਹੈ। ਉਹ ਪੰਜ ਸੌ ਅਫਗਾਨ ਜਿਹੜੇ ਉਨ੍ਹਾਂ ਦਾ ਰਸਾਲਾ ਸਨ, ਇਹ ਸਮਝ ਕੇ ਕਿ ਗੁਰੂ ਸਾਹਿਬ ਰਾਜਿਆਂ ਦੀ ਭਾਰੀ ਸੈਨਾ ਨੂੰ ਭਾਂਜ ਨਹੀ ਦੇ ਸਕਦੇ, ਲੜਾਈ ਦੇ ਮੈਦਾਨ ਵਿਚ ਹੀ ਉਨ੍ਹਾਂ ਦਾ ਸਾਥ ਛੱਡ ਗਏ। ਪਰੰਤੂ ਸਢੌਰੇ ਦਾ ਸਰਦਾਰ ਸੱਯਦ ਬੁੱਧੂ ਸ਼ਾਹ ਜਿਸ ਦੀ ਸਿਫਾਰਸ਼ ਨਾਲ ਗੁਰੂ ਸਾਹਿਬ ਨੇ ਉਨ੍ਹਾਂ ਅਫਗਾਨਾਂ ਨੂੰ ਆਪਣੀ ਸੇਵਾ ਵਿਚ ਲਿਆ ਸੀ, ਇਸ ਬੇਵਫਾਈ ਬਾਰੇ ਸੁਣ ਕੇ, ਇਕ ਜਾਂ ਦੋ ਹਜ਼ਾਰ ਸਿਪਾਹੀਆਂ ਨਾਲ ਗੁਰੂ ਸਾਹਿਬ ਦੀ ਸਹਾਇਤਾ ਲਈ ਤੁਰੰਤ ਪਹੁੰਚ ਗਿਆ ਅਤੇ ਇਸ ਸਮੇਂ ਸਿਰ ਮਿਲੀ ਸਹਾਇਤਾ ਨਾਲ ਗੁਰੂ ਸਾਹਿਬ ਨੇ ਮਿੱਤਰ ਰਾਜਿਆਂ ਤੇ ਪੂਰੀ ਜਿੱਤ ਪ੍ਰਾਪਤ ਕੀਤੀ। ਇਸ ਜਿੱਤ ਤੋਂ ਪਿੱਛੋਂ ਗੁਰੂ ਸਾਹਿਬ ਪਾਉਂਟੇ ਸਾਹਿਬ ਦੇ ਕਿਲ੍ਹੇ ਵਿਚ ਪਹੁੰਚੇ ਅਤੇ ਭਾਰੀ ਦਰਬਾਰ ਕਰ ਕੇ, ਇਸ ਜਿੱਤ ਦੀ ਖੁਸ਼ੀ ਵਿਚ ਉਨ੍ਹਾਂ ਨੇ ਆਪਣੇ ਜਰਨੈਲਾਂ ਨੂੰ ਸਿਰੋਪੇ ਭੇਂਟ ਕੀਤੇ। ਸੱਯਦ ਬੁੱਧੂ ਸ਼ਾਹ, ਜਿਸ ਦੀ ਵੇਲੇ ਸਿਰ ਸਹਾਇਤਾ ਨੇ ਜਿੱਤ ਵਿਚ ਭਾਰੀ ਭਾਗ ਪਾਇਆ ਸੀ ਅਤੇ ਜਿਸ ਦਾ ਪੁੱਤਰ ਲੜਾਈ ਵਿਚ ਮਾਰਿਆ ਗਿਆ ਸੀ, ਨੂੰ ਇਕ ਕੰਘਾ, ਗੁਰੂ ਸਾਹਿਬ ਦੀ ਦਸਤਾਰ ਦਾ ਅੱਧਾ ਹਿੱਸਾ ਅਤੇ ਇਕ ਸਲਮਾਨ-ਪੱਤਰ ਦਿੱਤਾ ਗਿਆ। 'ਪੰਥ ਪ੍ਰਕਾਸ਼' ਦਾ ਲੇਖਕ ਲਿਖਦਾ ਹੈ,ਕਿ ਇਹ ਸਾਰੀਆਂ ਵਸਤਾਂ ਸੱਯਦ ਸਾਹਿਬ ਦੇ ਪਰਿਵਾਰ ਕੋਲ ਹੁਣ ਵੀ ਸੁਰੱਖਿਅਤ ਪਈਆਂ ਹਨ। ਇਸ ਤੋਂ ਪਿੱਛੋਂ ਗੁਰੂ ਸਾਹਿਬ ਨੇ ਲੋਹਗੜ੍ਹ, ਅਨੰਦਗੜ੍ਹ, ਫੂਲਗੜ੍ਹ, ਅਤੇ ਫਤਹਗੜ੍ਹ – ਚਾਰ ਹੋਰ ਕਿਲ੍ਹੇ ਬਣਾ ਕੇ ਆਪਣੀ ਸੈਨਿਕ ਸ਼ਕਤੀ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ।

ਜਦੋਂ ਰਾਜਿਆਂ ਨੇ ਗੁਰੂ ਸਾਹਿਬ ਦੀ ਵਧਦੀ ਸ਼ਕਤੀ ਵੇਖੀ ਅਤੇ ਗੁਰੂ ਸਾਹਿਬ ਦੇ ਸੁਭਾਵ ਨੂੰ ਅਨੁਭਵ ਕੀਤਾ, ਤਾਂ ਉਨ੍ਹਾਂ ਨੇ ਉਨ੍ਹਾਂ ਦੇ ਪ੍ਰਚਾਰ ਵੱਲ ਲੋੜੀਂਦੀ ਗੰਭੀਰਤਾ ਨਾਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਉਨ੍ਹਾਂ ਦੇ ਮਸ਼ਵਰਿਆਂ ਦਾ ਵਿਰੋਧ ਕਰਨਾ ਛੱਡ ਕੇ ਉਨ੍ਹਾਂ ਨਾਲ ਪਰਸਪਰ ਬਚਾਉ ਤੇ ਵੈਰੀਆਂ ਤੇ ਹਮਲਿਆਂ ਲਈ ਸੰਧੀਆਂ ਕਰ ਲਈਆਂ।

---

1. 'ਪੰਥ ਪਕਾਸ਼'।

ਪਹਿਲ ਕਰਨ ਦਾ ਸਮਾਂ ਹਾਲੀ ਨਹੀਂ ਆਇਆ ਸੀ ਪਰੰਤੂ ਉਨ੍ਹਾਂ ਨੇ ਛੇਤੀ ਹੀ ਅਜੇਹੀ ਸਥਿਤੀ ਅਪਣਾ ਲਈ ਜੇਹੋ ਜੇਹੀ ਕਿ ਸੁਤੰਤਰਤਾ ਦੀ ਲੜਾਈ ਵਿਚ ਕੁੱਦਣ ਸਮੇਂ ਹਰੇਕ ਪਰਾਧੀਨ ਕੌਮ ਅਪਣਾਇਆ ਕਰਦੀ ਹੈ। ਗੁਰੂ ਸਾਹਿਬ ਦੀ ਸਹਾਇਤਾ ਨਾਲ, ਰਾਜਿਆਂ ਨੇ ਸ਼ਾਂਤਮਈ ਵਿਰੋਧ ਦਾ ਰਸਤਾ ਅਖਤਿਆਰ ਕਰ ਲਿਆ ਅਤੇ ਸ਼ਾਹੀ ਖਜ਼ਾਨੇ ਵਿਚ ਆਪਣਾ ਵਾਰਸ਼ਿਕ ਖਰਾਜ ਭੇਜਣ ਤੋਂ ਇਨਕਾਰ ਕਰ ਦਿੱਤਾ। ਔਰੰਗਜ਼ੇਬ ਦੱਖਣ ਵਿਚ ਗੋਲਕੰਡੇ ਦੀ ਛੋਟੀ ਜੇਹੀ ਪਰ ਧਨਵਾਨ ਰਿਆਸਤ ਦੀ ਸਰਕੋਬੀ ਵਿਚ ਰੁੱਝਿਆ ਹੋਇਆ ਸੀ। ਇਸ ਲਈ ਰਾਜਿਆਂ ਵਿਰੁੱਧ ਕਈ ਸਾਲ ਤੀਕ ਕੋਈ ਕਦਮ ਨ ਚੁਕਿਆ ਗਿਆ। ਪਰ ਜਿਉਂ ਹੀ ਔਰੰਗਜ਼ੇਬ ਵਿਹਲਾ ਹੋ ਕੇ ਦਿੱਲੀ ਪਰਤਿਆ, ਉਸ ਨੇ ਉਨ੍ਹਾਂ ਵਿਰੁੱਧ ਚੜ੍ਹਾਈ ਦਾ ਹੁਕਮ ਦੇ ਦਿੱਤਾ ਅਤੇ ਵਿਦਰੋਹੀ ਰਾਜਿਆਂ ਕੋਲੋਂ ਖਰਾਜ ਦਾ ਬਕਾਇਆ ਉਗਰਾਹੁਣ ਲਈ ਮੀਆਂ ਖਾਂ, ਅਲਿਫ ਖਾਂ ਅਤੇ ਜ਼ੁਲਫਕਾਰ ਖਾਂ ਦੀ ਕਮਾਨ ਵਿਚ ਭਾਰੀ ਸੈਨਾ ਭੇਜ ਦਿੱਤੀ। ਨਦਾਉਂ ਦੇ ਨੇੜੇ ਖੂਨੀ ਯੁੱਧ ਹੋਇਆ (ਜਿਸ ਦਾ ਵਰਣਨ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ[1] ਵਿਚ ਬੜੀ ਹੀ ਜੋਸ਼ੀਲੀ ਕਵਿਤਾ ਵਿਚ ਕੀਤਾ ਹੈ)। ਇਸ ਯੁੱਧ ਵਿਚ ਖ਼ਾਲਸੇ ਦੀ ਸਹਾਇਤਾ ਨਾਲ ਰਾਜਿਆਂ ਨੇ ਸ਼ਾਹੀ ਫੌਜਾਂ ਨੂੰ ਭਾਰੀ ਹਾਰ ਦਿੱਤੀ। ਇਸ ਹਾਰ ਤੋਂ ਕਾਂਗੜੇ ਦਾ ਸੂਬੇਦਾਰ ਦਿਲਾਵਰ ਖਾਂ ਭੜਕ ਉਠਿਆ ਅਤੇ ਉਸ ਨੇ ਖੁਦ, ਭਾਰੀ ਸੈਨਾ ਨਾਲ ਰਾਜਿਆਂ ਤੇ ਹਮਲਾ ਕਰ ਦਿੱਤਾ ਜਦ ਕਿ ਰਾਜਿਆਂ ਦੀ ਮਦਦ ਕਰਨ ਕਰਕੇ ਗੁਰੂ ਸਾਹਿਬ ਨੂੰ ਸਜ਼ਾ ਦੇਣ ਲਈ ਉਸ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭਾਰੀ ਸੈਨਿਕ ਦਸਤਾ ਦੇ ਕੇ ਉਨ੍ਹਾਂ ਵਿਰੁੱਧ ਭੇਜਿਆ। ਰੁਸਤਮ ਖਾਂ ਨੇ ਅਨੰਦਪੁਰ ਦੇ ਬਾਹਰ ਡੇਰੇ ਲਾਏ ਹੋਏ ਸਨ ਜਦੋਂ ਕਿ ਇਕ ਦਿਨ ਇੰਨੇ ਜ਼ੋਰ ਦਾ ਮੀਂਹ ਵਸਿਆ ਕਿ ਨਾਲ ਹੀ ਵਹਿੰਦੇ ਇਕ ਨਾਲੇ ਵਿਚ ਹੜ੍ਹ ਆ ਗਿਆ ਜਿਸ ਵਿਚ ਸ਼ਾਹੀ ਸੈਨਾ ਦੇ ਬਹੁਤ ਸਾਰੇ ਸੈਨਿਕ ਰੁੜ੍ਹ ਗਏ ਅਤੇ ਬਾਕੀਆਂ ਵਿਚ ਘਬਰਾਹਟ ਫੈਲ ਗਈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਰੁਸਤਮ ਖਾਂ ਨੂੰ ਪਿਛਾਂਹ ਹਟਣਾ ਪਿਆ। ਸਿੱਖ ਇਸ ਨਾਲੇ ਨੂੰ ਧੰਨਵਾਦ ਵਜੋਂ ਹੁਣ ਤੀਕ ਹਿਮਾਇਤੀ ਨਾਲਾ ਕਹਿੰਦੇ ਹਨ।

ਜਦੋਂ ਨੁਕਸਾਨ ਦੀ ਖਬਰ ਔਰੰਗਜ਼ੇਬ ਨੂੰ ਪਹੁੰਚੀ ਤਾਂ ਉਹ ਗੁੱਸੇ ਨਾਲ ਆਪੇ ਤੋਂ ਬਾਹਰ ਹੋ ਗਿਆ ਅਤੇ ਉਸ ਨੇ ਆਪਣੇ ਵਲੀਅਹਿਦ (ਯੁਵਰਾਜ ਮੁਅਜ਼ਮ) ਨੂੰ ਪੰਜਾਬ ਵਿਚ ਅਮਨ ਬਹਾਲ ਕਰਨ ਲਈ ਅਤੇ ਵਿਦਰੋਹੀ ਰਾਜਿਆਂ ਤੋਂ ਸ਼ਾਹੀ ਬਕਾਇਆ ਵਸੂਲਣ ਲਈ ਭੇਜਿਆ।

---

1. ਇਹ ਵਰਣਨ ਇਤਿਹਾਸਕ ਭਾਵਨਾ ਅਤੇ ਸ਼ੈਲੀ ਵਿਚ ਨਹੀਂ ਕੀਤਾ ਗਿਆ ਕਿਉਂਕਿ ਗੁਰੂ ਸਾਹਿਬ ਦਾ ਮੰਤਵ ਇਤਿਹਾਸ ਲਿਖਣ ਦੀ ਬਜਾਏ ਆਪਣੀ ਜੋਸ਼ੀਲੀ ਕਵਿਤਾ ਰਾਹੀਂ ਲੋਕਾਂ ਵਿਚ ਸੈਨਿਕ ਭਾਵਨਾ ਭਰਨਾ ਸੀ।

ਸ਼ਹਿਜ਼ਾਦਾ ਖੁਦ ਤਾਂ ਲਾਹੌਰ ਟਿਕ ਗਿਆ ਅਤੇ ਮਿਰਜ਼ਾ ਬੇਗ ਦੀ ਕਮਾਨ ਵਿਚ ਗੁਰੂ ਸਾਹਿਬ ਅਤੇ ਰਾਜਿਆਂ ਦਾ ਪਿੱਛਾ ਕਰਨ ਲਈ ਮੁਹਿੰਮ ਭੇਜ ਦਿੱਤੀ। ਇਸ ਮੁਹਿੰਮ ਦਾ ਭਾਰੀ ਨੁਕਸਾਨ ਹੋਇਆ ਜਿਸ ਕਰਕੇ ਸ਼ਹਿਜ਼ਾਦੇ ਨੂੰ ਭਾਰੀ ਨਿਰਾਸ਼ਾ ਅਤੇ ਦੁਖ ਹੋਇਆ ਅਤੇ ਉਸ ਨੇ ਆਪ ਕਮਾਨ ਸੰਭਾਲਣ ਦਾ ਨਿਸ਼ਚਾ ਕਰ ਲਿਆ[1]। ਐਪਰ ਸ਼ਹਿਜ਼ਾਦੇ ਦਾ ਮੀਰ-ਖਾਸ ਨੰਦ ਲਾਲ ਗੁਰੂ ਸਾਹਿਬ ਦਾ ਅਨੁਯਾਈ ਸੀ। ਉਸ ਨੇ ਸਿੱਖਾਂ ਦੇ ਨੇਤਾ ਦੇ ਮਹਾਨ ਗੁਣਾਂ ਅਤੇ ਉੱਚੇ ਚਰਿੱਤਰ ਦੀ ਸ਼ਹਿਜ਼ਾਦੇ ਕੋਲ ਭਾਰੀ ਪ੍ਰਸੰਸਾ ਕੀਤੀ ਅਤੇ ਉਸ ਮਹਾਨ ਆਤਮਾ ਨੂੰ ਤੰਗ ਕਰਨ ਦਾ ਵਿਚਾਰ ਸ਼ਹਿਜ਼ਾਦੇ ਤੋਂ ਤਰਕ ਕਰਵਾ ਦਿੱਤਾ। ਇਉਂ ਗੁਰੂ ਸਾਹਿਬ ਹਰ ਭਾਂਤ ਦੇ ਨੁਕਸਾਨ ਤੋਂ ਬਚ ਗਏ ਪਰ ਸ਼ਾਹੀ ਫੌਜਾਂ ਦੇ ਜਰਨੈਲ ਮਿਰਜ਼ਾ ਬੇਗ ਨੇ ਰਾਜਿਆਂ ਨੂੰ ਸਬਕ ਸਿਖਾ ਦਿੱਤਾ। ਉਸ ਨੇ ਉਨ੍ਹਾਂ ਨੂੰ ਲਗਾਤਾਰ ਹਾਰਾਂ ਦਿੱਤੀਆਂ, ਉਨ੍ਹਾਂ ਦੇ ਰਾਜ ਵਿਚ ਲੁੱਟ-ਮਾਰ ਮਚਾ ਦਿੱਤੀ, ਪਿੰਡਾਂ ਨੂੰ ਅੱਗਾਂ ਲਗਵਾ ਦਿੱਤੀਆਂ, ਸੈਂਕੜੇ ਲੋਕ ਕੈਦ ਕਰ ਲਏ, ਅਤੇ ਉਨ੍ਹਾਂ ਦੀ ਉਦਾਹਰਣ ਪੇਸ਼ ਕਰਨ ਲਈ, ਉਸ ਨੇ ਉਨ੍ਹਾਂ ਦੀਆਂ ਦਾੜ੍ਹੀਆਂ ਮੁਨਵਾ, ਮੂੰਹ ਕਾਲੇ ਕਰ, ਖੋਤਿਆਂ ਤੇ ਬਿਠਾ ਵਿਦਰੋਹੀ ਇਲਾਕੇ ਵਿਚ ਉਨ੍ਹਾਂ ਦੀ ਨੁਮਾਇਸ਼ ਕੀਤੀ। ਸ਼ਾਹੀ ਫੌਜਾਂ ਹੱਥੋਂ ਇਤਨੀ ਕਰੜੀ ਸਜ਼ਾ ਲੈ ਕੇ ਰਾਜਿਆਂ ਨੂੰ ਮਹਿਸੂਸ ਹੋਇਆ ਕਿ ਔਰੰਗਜ਼ੇਬ ਨੂੰ ਕ੍ਰੋਧਿਤ ਕਰਨ ਅਤੇ ਉਸ ਦੀ ਸੱਤਾ ਤੋਂ ਇਨਕਾਰੀ ਹੋਣ ਵਿਚ ਭਾਰੀ ਖਤਰਾ ਹੈ। ਉਹ ਪੂਰਣ ਭਾਂਤ ਹੌਸਲਾ ਹਾਰ ਬੈਠੇ ਅਤੇ ਲੜ ਕੇ ਆਜ਼ਾਦੀ ਲੈਣ ਦੀ ਸਾਰੀ ਆਸ ਤਿਆਗ ਦਿੱਤੀ। ਉਨ੍ਹਾਂ ਨੇ ਸ਼ਾਹੀ ਖਜ਼ਾਨੇ ਵਿਚ ਸਾਰਾ ਬਕਾਇਆ ਜਮ੍ਹਾਂ ਕਰਵਾ ਦਿੱਤਾ ਅਤੇ ਵਫ਼ਾਦਾਰੀ ਦਾ ਰਾਹ ਛੱਡਣ ਦੇ ਜੁਰਮ ਲਈ ਜ਼ਲੀਲ ਕਰ ਦੇਣ ਵਾਲੀਆਂ ਮੁਆਫੀਆਂ ਮੰਗੀਆਂ।

ਨੰਦ ਲਾਲ ਦੀ ਸਿਆਣਪ ਸਦਕਾ ਗੁਰੂ ਸਾਹਿਬ ਨੂੰ ਕੁਝ ਮੁਹਲਤ ਮਿਲ ਗਈ ਜਿਸ ਦੌਰਾਨ ਉਨ੍ਹਾਂ ਨੇ ਆਪਣੀ ਸ਼ਕਤੀ ਮੁੜ ਪ੍ਰਾਪਤ ਕਰ ਲਈ ਅਤੇ ਆਪਣੇ ਵਸੀਲਿਆਂ ਨੂੰ ਮਜ਼ਬੂਤ ਕਰ ਲਿਆ। ਉਨ੍ਹਾਂ ਨੇ ਰਾਜਿਆਂ ਨੂੰ ਇਕ ਵਾਰੀ ਫੇਰ ਕਮਰਕੱਸੇ ਕਰ ਕੇ ਰਾਸ਼ਟਰੀ ਸੁਤੰਤਰਤਾ ਲਈ ਲੜਨ ਦੀ ਅਪੀਲ ਕੀਤੀ ਪਰੰਤੂ ਮਿਰਜ਼ਾ ਬੇਗ ਦਾ ਸਿਖਾਇਆ ਸਬਕ ਅਜ ਤਕ ਉਨ੍ਹਾਂ ਨੂੰ ਯਾਦ ਸੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਰਾਇ ਵੱਲ ਕੋਈ ਧਿਆਨ ਨ ਦਿੱਤਾ ਅਤੇ ਦਿੱਲੀ ਦੀ ਸਰਕਾਰ ਨਾਲ ਕੀਤੀ ਆਪਣੀ ਸੰਧੀ ਨਾਲ ਚੰਬੜੇ ਰਹੇ। ਗੁਰੂ ਸਾਹਿਬ ਨੇ ਮੁੜ ਉਹੀ ਢੰਗ ਵਰਤੇ ਅਤੇ ਆਪਣੇ ਅਨੁਯਾਈਆਂ ਨੂੰ ਉਨ੍ਹਾਂ ਦੇ ਇਲਾਕਿਆਂ ਵਿਚ ਲੁੱਟ-ਮਾਰ ਕਰਨ ਦੀ ਖੁਲ੍ਹ ਦੇ ਦਿੱਤੀ। ਇਸ ਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਨੇ ਉਨ੍ਹਾਂ ਦੇ ਇਲਾਕੇ ਵਿਚ ਤਬਾਹੀ ਮਚਾ ਦਿੱਤੀ ਅਤੇ ਜੋ ਕੁਝ ਵੀ ਉਨ੍ਹਾਂ ਦੇ ਹੱਥ ਲੱਗਾ ਉਹ ਉਸ ਨੂੰ ਚੁੱਕ ਕੇ ਲੈ ਗਏ। ਰਾਜਿਆਂ ਨੇ ਇਕ ਵਾਰੀ ਫੇਰ ਤੰਗ

1. ਵੇਖੋ ਕਨਿੰਘਮ, ਪੰਨਾ 76 (ਨੋਟ), ਅਤੇ 'ਪੰਥ ਪ੍ਰਕਾਸ਼'।

ਪੈ ਕੇ ਗੁਰੂ ਸਾਹਿਬ ਵਿਰੁੱਧ ਦੂਸਰੀ ਵਾਰ ਗਠ ਜੋੜ ਕੀਤਾ ਅਤੇ ਉਨ੍ਹਾਂ ਉਤੇ 20,000 ਸਿਪਾਹੀਆਂ ਨਾਲ ਧਾਵਾ ਬੋਲ ਦਿੱਤਾ। ਗੁਰੂ ਸਾਹਿਬ ਕੋਲ ਉਸ ਸਮੇਂ ਅਨੰਦਪੁਰ ਦੀ ਗੜ੍ਹੀ ਵਿਚ ਕੇਵਲ 8000 ਸਿਪਾਹੀ ਸਨ, ਤਾਂ ਵੀ ਉਹ ਰਾਜਿਆਂ ਦੀਆਂ ਸੰਯੁਕਤ ਫੌਜਾਂ ਦਾ ਭਾਰੀ ਜਾਨੀ ਨੁਕਸਾਨ ਕਰ ਕੇ ਹਰਾਉਣ ਵਿਚ ਸਫਲ ਹੋ ਗਏ[1]। ਹੁਣ ਰਾਜੇ ਕੁਝ ਨਹੀਂ ਕਰ ਸਕਦੇ ਸਨ ਅਤੇ ਬੇ-ਬਸ ਸਨ। ਉਨ੍ਹਾਂ ਨੇ ਬੜੀ ਅਧੀਨਗੀ ਨਾਲ ਇਕ ਬਿਨੈ-ਪੱਤਰ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ ਕਿ ਗੁਰੂ ਨੇ ਸ਼ਾਹੀ ਚਿੰਨ੍ਹ ਅਪਣਾ ਲਏ ਹਨ ਅਤੇ ਉਹ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਿਣ ਲੱਗ ਪਿਆ ਹੈ, ਉਸ ਦੇ ਝੰਡੇ ਹੇਠਾਂ ਹਜ਼ਾਰਾਂ ਕੱਟੜ ਸਿੱਖ ਨਿੱਤ ਜਮ੍ਹਾਂ ਹੋ ਰਹੇ ਹਨ, ਉਹ ਉਸ ਦੀ ਸ਼ਕਤੀ ਭੰਗ ਨਹੀਂ ਕਰ ਸਕੇ, ਅਤੇ ਜਿੱਤ ਨਾਲ ਫੁੱਲ ਕੇ, ਉਹ ਦਿਨ ਪ੍ਰਤਿ ਦਿਨ ਵਧੇਰੇ ਆਪਹੁਦਰਾ ਅਤੇ ਖਤਰਨਾਕ ਹੁੰਦਾ ਜਾ ਰਿਹਾ ਹੈ, ਉਹ ਸ਼ਹਿਨਸ਼ਾਹ ਦੀ ਸੱਤਾ ਦਾ ਵਿਰੋਧ ਕਰਦਾ ਹੈ ਅਤੇ ਆਪਣੇ ਅਣਜਾਣ ਸਿੱਖਾਂ ਨੂੰ ਇਸ ਆਸ ਨਾਲ ਹੌਸਲਾ ਦੇ ਰਿਹਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਆਲਮਗੀਰ ਦੀ ਹਕੂਮਤ ਖਤਮ ਹ ਜਾਏਗੀ ਅਤੇ ਇਸ ਇਲਾਕੇ ਤੇ ਖ਼ਾਲਸਾ ਰਾਜ ਕਰੇਗਾ। ਸ਼ਹਿਨਸ਼ਾਹ ਇਹ ਬਿਨੈ-ਪੱਤਰ ਪ੍ਰਾਪਤ ਕਰ ਕੇ ਭੈਭੀਤ ਹੋ ਉਠਿਆ ਅਤੇ ਸਰਹਿੰਦ ਦੇ ਸੂਬੇ ਦੇ ਨਾਂ ਉਸ ਨੇ ਤੁਰੰਤ ਹੁਕਮ ਜਾਰੀ ਕਰ ਦਿੱਤਾ ਕਿ ਉਹ ਗੁਰੂ ਦਾ ਆਪ ਟਾਕਰਾ ਕਰ ਕੇ ਉਸ ਨੂੰ ਸਬਕ ਸਿਖਾਏ। ਸਿੱਟੇ ਵਜੋਂ ਸਰਹਿੰਦ ਦੇ ਸੂਬੇ ਨੇ ਭਾਰੀ ਸੈਨਾ ਨਾਲ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ ਅਤੇ ਰਾਜਿਆਂ ਦੀਆਂ ਸੰਯੁਕਤ ਸੈਨਾਵਾਂ ਨੇ ਵੀ ਇਸ ਵਿਚ ਸਾਥ ਦਿੱਤਾ।[2] ਗੁਰੂ ਸਾਹਿਬ ਆਪਣੇ ਸਾਰੇ ਵਸੀਲੇ ਵਰਤ ਕੇ ਸ਼ਾਹੀ ਫੌਜ ਦਾ ਮੁਕਾਬਲਾ ਕਰਨ ਲਈ ਮੈਦਾਨ ਵਿਚ ਨਿੱਤਰੇ। 1701 ਈ. ਵਿਚ ਕੀਰਤਪੁਰ ਦੇ ਸਥਾਨ ਤੇ ਭਾਰੀ ਯੁੱਧ ਹੋਇਆ। ਗੁਰੂ ਸਾਹਿਬ ਦੀਆਂ ਫੌਜਾਂ ਵੀਰ-ਯੋਧਿਆਂ ਵਾਂਗ ਲੜੀਆਂ ਪਰੰਤੂ ਉਹ ਅਤਿ ਭਿਆਨਕ ਮੁਸ਼ਕਲਾਂ ਦਾ ਮੁਕਾਬਲਾ ਕਰ ਰਹੇ ਸਨ। ਦੋ ਦਿਨਾਂ ਦੇ ਭਿਆਨਕ ਯੁੱਧ ਮਗਰੋਂ ਸਿੱਖਾਂ ਨੂੰ ਪਿਛਾਂਹ ਹਟਾ ਦਿੱਤਾ ਗਿਆ ਅਤੇ ਗੁਰੂ ਸਾਹਿਬ ਨੂੰ ਅਨੰਦਪੁਰ ਦੇ ਕਿਲ੍ਹੇ ਵਿਚ ਪਨਾਹ ਲੈਣੀ ਪਈ ਜਿਥੇ ਉਨ੍ਹਾਂ ਨੇ ਆਪਣੇ ਆਪ ਨੂੰ ਬੰਦ ਕਰ ਲਿਆ। ਸ਼ਾਹੀ ਫੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਬਾਹਰੋਂ ਹਰ ਭਾਂਤ ਦੀ ਆਵਾਜਾਈ ਰੋਕ ਦਿੱਤੀ।[3]

---

1. ਗੁਰੂ ਸਾਹਿਬ ਨੇ ਕਾਫ਼ੀ ਸਾਰੇ ਪਹਾੜੀ ਇਲਾਕੇ ਤੇ ਕਬਜ਼ਾ ਕਰ ਲਿਆ ਸੀ ਅਤੇ ਉਨ੍ਹਾਂ ਦਾ ਪ੍ਰਭਾਵ ਰੋਪੜ ਤਕ ਫੈਲ ਗਿਆ ਸੀ।
2. ਬੂਟੀ ਸ਼ਾਹ ਲਿਖਦਾ ਹੈ ਕਿ ਗੁਰੂ ਸਾਹਿਬ ਉਤੇ ਹਮਲੇ ਵਿਚ 22 ਰਾਜਿਆਂ ਨੇ ਸਰਹਿੰਦ ਅਤੇ ਲਾਹੌਰ ਦੇ ਸੂਬਿਆਂ ਦਾ ਸਾਥ ਦਿੱਤਾ।
3. ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਅਨੰਦਪੁਰ ਮਾਖੋਵਾਲ ਦੇ ਕਿਲ੍ਹੇ ਵਿਚ ਸ਼ਰਨ ਲੈਣੀ ਪਈ 'ਪੰਥ ਪ੍ਰਕਾਸ਼' ਕਈ ਹੋਰ ਲੜਾਈਆਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਵਿਚ ਗੁਰੂ ਸਾਹਿਬ ਨੂੰ ਜਿੱਤ ਪ੍ਰਾਪਤ ਹੋਈ।

ਸ਼ਾਹੀ ਫ਼ੌਜਾਂ ਦੇ ਕਮਾਂਡਰਾਂ ਖ੍ਵਾਜਾ ਮੁਹੰਮਦ ਅਤੇ ਨਾਹਰ ਖਾਂ ਨੇ ਗੁਰੂ ਸਾਹਿਬ ਕੋਲ ਪੈਗ਼ਾਮ ਭੇਜਿਆ ਕਿ ਉਸ ਦਾ ਵਾਹ ਛੋਟੇ ਛੋਟੇ ਪਹਾੜੀ ਰਾਜਿਆਂ ਦੀਆਂ ਤੁਛ ਅਤੇ ਬੇ-ਜ਼ਬਤ ਫ਼ੌਜਾਂ ਨਾਲ ਨਹੀਂ ਪਿਆ ਹੋਇਆ ਸਗੋਂ ਉਸ ਨੇ ਮਹਾਨ ਮੁਗ਼ਲ "ਸ਼ਹਿਨਸ਼ਾਹੇ ਸ਼ਾਹਾਂ, ਗਰੀਬ ਨਿਵਾਜ਼, ਜਹਾਂ ਪਨਾਹ" ਦੀਆਂ ਅਜਿੱਤ ਫ਼ੌਜਾਂ ਦਾ ਮੁਕਾਬਲਾ ਕਰਨਾ ਹੈ। ਅਸੰਭਵ ਨੂੰ ਸੰਭਵ ਬਣਾਉਣ ਦੀ ਕੋਸ਼ਿਸ਼ ਕਰਨਾ ਪਾਗਲਪਣ ਹੈ। ਵਿਰੋਧਤਾ ਛੱਡ ਦੇਣ ਵਿਚ ਹੀ ਉਸ ਦੀ ਭਲਾਈ ਹੈ, ਉਸ ਨੂੰ ਤੁਰੰਤ ਅਧੀਨਗੀ ਪ੍ਰਵਾਨ ਕਰ ਕੇ ਅਤੇ ਆਪਣਾ ਕੁਫ਼ਰ ਛੱਡ ਕੇ ਇਸਲਾਮ ਧਰਮ ਕਬੂਲ ਕਰ ਲੈਣਾ ਚਾਹੀਦਾ ਹੈ।

ਗੁਰੂ ਸਾਹਿਬ ਦੇ ਯੁਵਕ ਸਪੁੱਤਰ ਅਜੀਤ ਸਿੰਘ, ਜੋ ਉਨ੍ਹਾਂ ਦੇ ਪਾਸ ਬੈਠਾ ਸੀ, ਨੇ ਖੰਡਾ ਧੂਹ ਕੇ ਏਲਚੀ ਨੂੰ ਗੁੱਸੇ ਨਾਲ ਕਿਹਾ, "ਜੇ ਤੂੰ ਇਕ ਸ਼ਬਦ ਵੀ ਹੋਰ ਬੋਲਿਆ ਤਾਂ ਮੈਂ ਤੇਰਾ ਸਿਰ ਧੜ ਤੋਂ ਅਲੱਗ ਕਰ ਦਿਆਂਗਾ ਅਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਅਜੇਹੀ ਗੁਸਤਾਖੀ ਕਰਨ ਦੇ ਬਦਲੇ ਤੇਰੇ ਟੁਕੜੇ ਟੁਕੜੇ ਕਰ ਸੁੱਟਾਂਗਾ[1]।" ਇਹ ਕਹਿਣ ਦੀ ਲੋੜ ਨਹੀਂ ਕਿ ਏਲਚੀ ਦਾ ਲਹੂ ਉਬਲਣ ਲੱਗ ਪਿਆ ਅਤੇ ਇਸ ਵਿਰੋਧਤਾ ਕਾਰਣ ਪੇਚ-ਤਾਬ ਖਾਂਦਾ ਹੋਇਆ ਉਹ ਸ਼ਾਹੀ ਖੇਮੇ ਵਿਚ ਮੁੜ ਆਇਆ।

ਗੁਰੂ ਸਾਹਿਬ ਅਸੂਲ ਲਈ ਲੜ ਰਹੇ ਸਨ ਅਤੇ ਅਸੂਲ ਲਈ ਲੜਨ ਵਾਲੇ ਸਫਲਤਾ-ਅਸਫਲਤਾ ਦੇ ਹਿਸਾਬ ਵਿਚ ਨਹੀਂ ਪੈਂਦੇ। ਮੁਗ਼ਲ ਸੈਨਾ ਦੀ ਈਨ ਮੰਨ ਲੈਣਾ ਪਸ਼ੂ ਬਲ ਅੱਗੇ ਉੱਚੇ ਅਸੂਲਾਂ ਦਾ ਝੁਕ ਜਾਣਾ ਹੁੰਦਾ ਅਤੇ ਗੁਰੂ ਸਾਹਿਬ ਹਮੇਸ਼ਾ ਲਈ ਆਪਣੀ ਕੌਮ ਨੂੰ ਗ਼ੁਲਾਮ ਬਣਾ ਜਾਂਦੇ। ਇਸ ਲਈ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਦਾ ਵਿਰੋਧ ਕਰ ਕੇ ਜਾਬਰ ਦੇ ਏਲਚੀ ਨੂੰ ਖੁਸ਼ ਕਰਨਾ ਜ਼ਰੂਰੀ ਨ ਸਮਝਿਆ। ਉਨ੍ਹਾਂ ਨੇ ਕਿਲ੍ਹਾ ਬੰਦ ਕਰ ਲਿਆ ਅਤੇ ਇਸ ਦੀਆ ਦੀਵਾਰਾਂ ਤੇ ਨਸਬ ਕੀਤੀਆਂ ਤੋਪਾਂ ਰਾਹੀਂ ਸੁਰੱਖਿਆਤਮਕ ਵਤੀਰਾ ਅਪਣਾ ਕੇ[2] ਦੁਸ਼ਮਣ ਦੀਆਂ ਤੋਪਾਂ ਦਾ ਜੁਆਬ ਦਿੰਦੇ ਰਹੇ। ਘੇਰਾ ਪਿਆ ਰਿਹਾ ਅਤੇ ਘੇਰਾ ਪਾਉਣ ਵਾਲਿਆਂ ਦੀ ਨਿਗਰਾਨੀ ਉਤਨੀ ਹੀ ਕਰੜੀ ਰਹੀ। ਰਸਦ ਖਤਮ ਹੋਣੀ ਆਰੰਭ ਹੋ ਗਈ ਅਤੇ ਕਿਲ੍ਹਾ-ਬੰਦ ਸੈਨਾ ਨੇ ਗੁਰੂ ਸਾਹਿਬ ਨੂੰ ਕੁਝ ਸਮੇਂ ਲਈ ਅਧੀਨਗੀ ਸਵੀਕਾਰ ਕਰਨ ਦੀ ਅਤੇ ਕਿਸੇ ਸੁਰੱਖਿਅਤ ਸਥਾਨ ਤੇ ਪਨਾਹ ਲੈਣ ਅਤੇ ਆਪਣੇ ਵਸੀਲੇ ਵਧਾਉਣ ਤੋਂ ਪਿੱਛੋਂ ਵਧੇਰੇ ਸਰਗਰਮੀ ਅਤੇ ਸਫਲਤਾ ਨਾਲ ਟാਕਰਾ

---

1. ਕਨਿੰਘਮ ਅਤੇ ਲਤੀਫ ਅਨੁਸਾਰ ਇਹ ਘਟਨਾ ਚਮਕੌਰ ਵਿਖੇ ਵਾਪਰੀ। ਪਰ ਮੇਰੇ ਵਿਚਾਰ ਅਨੁਸਾਰ 'ਪੰਥ ਪ੍ਰਕਾਸ਼' ਠੀਕ ਹੈ ਜਿਸ ਵਿਚ ਇਸ ਘਟਨਾ ਦੇ ਵਾਪਰਨ ਦਾ ਥਾਂ ਅਨੰਦਪੁਰ ਦਸਿਆ ਗਿਆ ਹੈ। ਚਮਕੌਰ ਵਿਖੇ ਹੋਈ ਲੜਾਈ ਦਾ ਸਰੂਪ ਹੀ ਅਜੇਹਾ ਸੀ ਕਿ ਸਮਝੌਤੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।
2. ਇਸ ਘੇਰੇ ਦੇ ਦੌਰਾਨ ਗੁਰੂ ਸਾਹਿਬ ਦੀਆਂ ਵਰਤੀਆਂ ਹੋਈਆਂ ਤੋਪਾਂ ਲਾਹੌਰ ਦੇ ਅਜਾਇਬ ਘਰ ਵਿਚ ਸੁਰੱਖਿਅਤ ਹਨ।

ਕਰਨ ਦੀ ਬੇਨਤੀ ਕਰਨੀ ਆਰੰਭ ਕਰ ਦਿੱਤੀ। ਸਾਮਰਾਜੀਆਂ ਨੇ ਸੰਧੀ ਹੋ ਜਾਣ ਦੀ ਸੂਰਤ ਵਿਚ ਨਰਮ ਵਤੀਰਾ ਅਪਣਾਉਣ ਦਾ ਵਾਅਦਾ ਦਿੱਤਾ ਅਤੇ ਭੁੱਖੇ ਮਰਦੇ ਸਿੱਖਾਂ ਨੇ ਹਮਲਾਵਰਾਂ ਦੀ ਇਸ ਪੇਸ਼ਕਸ਼ ਦਾ ਲਾਭ ਉਠਾਉਣ ਲਈ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵੀ ਉਹੀ ਉੱਤਰ ਦਿੱਤਾ। ਉਨ੍ਹਾਂ ਨੇ ਦਸਿਆ ਕਿ ਮਲੇਛਾਂ ਦੀ ਈਨ ਮੰਨ ਲੈਣ ਵਿਚ ਕਿਤਨਾ ਭਾਰੀ ਨਿਰਾਦਰ ਹੈ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਦਾ ਹਰ ਸੰਭਵ ਯਤਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਅਤਿਆਚਾਰੀ ਵਚਨ ਨਹੀਂ ਪਾਲਿਆ ਕਰਦੇ ਅਤੇ ਖ਼ਾਲਸੇ ਨੇ ਉਨ੍ਹਾਂ ਨੂੰ ਇਤਨਾ ਭੜਕਾ ਦਿੱਤਾ ਹੈ ਕਿ ਉਨ੍ਹਾਂ ਤੋਂ ਕਿਸੇ ਭਾਂਤ ਦੀ ਉਦਾਰਤਾ ਦੀ ਆਸ ਨਹੀਂ ਰੱਖੀ ਜਾ ਸਕਦੀ ਅਤੇ ਜੇ ਉਨ੍ਹਾਂ ਨੇ ਕਿਲ੍ਹੇ ਤੇ ਕਬਜ਼ਾ ਕਰਵਾ ਦਿੱਤਾ ਤਾਂ ਉਹ ਮੁਗਲਾਂ ਦੀ ਤਲਵਾਰ ਦਾ ਸ਼ਿਕਾਰ ਹੋ ਜਾਣਗੇ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਤੇ ਅਤੇ ਪਰਮਾਤਮਾ ਤੇ ਵਿਸ਼ਵਾਸ ਰੱਖਣ ਲਈ ਪ੍ਰੇਰਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਸਹਾਇਤਾ ਪ੍ਰਾਪਤ ਕਰਨ ਅਤੇ ਆਪਣੇ ਘਰ ਵਿਚੋਂ ਜਾਬਰਾਂ ਨੂੰ ਕੱਢਣ ਦਾ ਮੌਕਾ ਜ਼ਰੂਰ ਮਿਲੇਗਾ। ਆਪਣੇ ਅਨੁਯਾਈਆਂ ਨੂੰ ਮੁਗਲਾਂ ਦੇ ਵਚਨਾਂ ਦੇ ਕੱਚੇ ਹੋਣ ਦਾ ਯਕੀਨ ਕਰਵਾਉਣ ਲਈ ਉਨ੍ਹਾਂ ਨੇ ਕੁੱਝ ਫਟੇ-ਪੁਰਾਣੇ ਕਪੜੇ, ਟੁੱਟੀਆਂ-ਫੁੱਟੀਆਂ ਕਾਠੀਆਂ, ਪੁਰਾਣੇ ਜੁੱਤੇ ਅਤੇ ਹੋਰ ਅਜਿਹਾ ਨਿੱਕ-ਸੁਕ ਬੰਡਲਾਂ ਵਿਚ ਬੰਨ੍ਹਵਾਇਆ ਅਤੇ ਇਸ ਸਾਮਾਨ ਨੂੰ ਖੱਚਰਾਂ ਅਤੇ ਘੋੜਿਆਂ ਤੇ ਲੱਦ ਕੇ ਇਹ ਵਿਖਾਵਾ ਕੀਤਾ ਕਿ ਸਿੱਖ ਆਪਣਾ ਬੋਰੀਆ-ਬਿਸਤਰ ਸੰਭਾਲ ਕੇ ਨੱਠ ਰਹੇ ਹਨ। ਜਿਉਂ ਹੀ ਮੁਗਲ ਸੈਨਾ ਦੀ ਨਜ਼ਰੀਂ ਇਹ ਸਾਮਾਨ ਪਿਆ, ਉਹ ਇਸ ਤੇ ਟੁੱਟ ਪਈ ਅਤੇ ਜੋ ਬੰਡਲ ਵੀ ਉਨ੍ਹਾਂ ਦੇ ਹੱਥ ਲੱਗਾ ਉਸ ਨੂੰ ਚੁਕ ਕੇ ਲੈ ਗਈ।[1] ਸਿੱਖ ਭਾਰੀ ਨਿਰਾਸ਼ਾ ਦਾ ਸ਼ਿਕਾਰ ਹੋ ਗਏ ਅਤੇ ਸਾਮ੍ਹਣੇ ਖੜੀ ਭੁਖਮਰੀ ਦੀ ਦੁਖਦਾਈ ਮੌਤ ਨੂੰ ਵੇਖ ਕੇ ਉਨ੍ਹਾਂ ਨੇ ਗੁਰੂ ਸਾਹਿਬ ਦਾ ਸਾਥ ਛੱਡ ਦੇਣ ਵਿਚ ਆਪਣੀ ਭਲਾਈ ਖਿਆਲ ਕੀਤੀ। ਛੇਤੀ ਹੀ ਗੁਰੂ ਸਾਹਿਬ ਦੇ ਅਨਿੰਨ ਸ਼ਰਧਾਲੂ ਕੇਵਲ 45 ਸਿੱਖ ਉਨ੍ਹਾਂ ਕੋਲ ਰਹਿ ਗਏ।[2]

ਉਹ ਉਡੀਕ ਕਰਦੇ ਰਹੇ, ਪਰੰਤੂ ਇਉਂ ਲਗਦਾ ਹੈ ਜਿਵੇਂ ਬਾਹਰਲੇ ਸਿੱਖ ਜਾਂ ਤਾਂ ਬਹੁਤ ਜ਼ਿਆਦਾ ਡਰ ਗਏ ਸਨ ਅਤੇ ਜਾਂ ਫਿਰ ਘਿਰੇ ਹੋਏ ਗੁਰੂ ਸਾਹਿਬ ਦੀ ਸਹਾਇਤਾ ਲਈ ਉਨ੍ਹਾਂ ਨੂੰ ਸੰਗਠਿਤ ਕਰ ਕੇ ਲਿਆਉਣ ਵਾਲਾ ਕੋਈ ਨੇਤਾ ਨਹੀਂ ਸੀ। ਸਮਾਂ ਗੁਜ਼ਰਨ ਨਾਲ ਰਸਦ ਬਿਲਕੁਲ ਹੀ ਮੁੱਕ ਗਈ ਅਤੇ ਹੁਣ ਗੁਰੂ ਸਾਹਿਬ ਕੋਲ ਹਰ ਹਾਲਤ

1. ਹੱਥ-ਲਿਖਤਾਂ ਬ੍ਰਿਟਿਸ਼ ਮਿਊਜ਼ੀਅਮ, Or 187
2. ਗੁਰੂ ਸਾਹਿਬ ਨੇ ਜੋ ਸਰਾਪ ਭਗੌੜਿਆਂ ਨੂੰ ਦਿੱਤਾ, ਉਸ ਦਾ ਵਰਣਨ ਗੁਰੂ ਜੀ ਨੇ ਆਪ ਕੀਤਾ ਹੈ। ਇਹ ਭਗੌੜੇ ਜਦੋਂ ਮੈਦਾਨਾਂ ਵਿਚੋਂ ਆਪਣੇ ਘਰੀ ਪਹੁੰਚੇ ਤਾਂ ਹਕੂਮਤ ਨੇ ਇਨ੍ਹਾਂ ਨੂੰ ਭਾਰੀ ਡੰਡ ਦਿੱਤੇ। ਗੁਰੂ ਸਾਹਿਬ ਨੇ ਇਸ ਤੱਥ ਨੂੰ ਗੁਰੂ-ਭਗਤੀ ਦੀ ਮਿਸਾਲ ਵਜੋਂ ਵਰਤਿਆ ਹੈ। ਵੇਖੋ 'ਬਚਿਤ੍ਰ ਨਾਟਕ,' ਅਧਿਆਇ XIII

ਵਿਚ ਕਿਲ੍ਹਾ ਛੱਡਣ ਤੋਂ ਬਿਨਾਂ ਹੋਰ ਕੋਈ ਚਾਰਾ ਨ ਰਹਿ ਗਿਆ। ਇਕ ਹਨੇਰੀ ਰਾਤ ਦਾ ਲਾਭ ਉਠਾ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਅਤੇ ਕੁਝ ਇਕ ਸ਼ਰਧਾਲੂ ਸਿੱਖਾਂ ਸਮੇਤ ਕਿਲ੍ਹੇ ਵਿਚੋਂ ਨਿਕਲ ਤੁਰੇ ਅਤੇ ਚਮਕੌਰ ਦੀ ਗੜ੍ਹੀ ਵੱਲ ਵਧਣ ਲੱਗੇ। ਐਪਰ, ਛੇਤੀ ਹੀ ਖਤਰੇ ਦੀ ਘੰਟੀ ਵੱਜ ਗਈ ਅਤੇ ਖਵਾਜਾ ਮੁਹੰਮਦ ਅਤੇ ਨਾਹਰ ਖਾਂ ਦੀ ਕਮਾਨ ਵਿਚ ਇਕ ਫੌਜੀ ਦਸਤੇ ਨੇ ਗੜ੍ਹੀ ਵੱਲ ਜਾ ਰਹੇ ਗੁਰੂ ਸਾਹਿਬ ਦਾ ਪਿੱਛਾ ਕੀਤਾ। "ਸ਼ਰਧਾਲੂ ਸਿੱਖਾਂ ਦਾ ਛੋਟਾ ਜੇਹਾ ਦਸਤਾ ਆਖਰੀ ਦਮ ਤਕ ਲੜਿਆ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਆਪਣੀ ਮਾਤਾ ਸੁੰਦਰੀ[1] ਸਮੇਤ, ਉਨ੍ਹਾਂ ਦੀਆਂ ਅੱਖਾਂ ਸਾਹਮਣੇ ਕਤਲ ਹੋਏ। ਗੁਰੂ ਸਾਹਿਬ ਨੇ ਆਪ ਬੜੀ ਬਹਾਦਰੀ ਵਿਖਾਈ ਅਤੇ ਆਪਣੇ ਹੱਥਾਂ ਨਾਲ ਨਾਹਰ ਖਾਂ ਨੂੰ ਕਤਲ ਅਤੇ ਖਵਾਜਾ ਮੁਹੰਮਦ ਨੂੰ ਜ਼ਖਮੀ ਕੀਤਾ।[2]

ਭਾਵੇਂ ਇਹ ਮੁੱਠ-ਭੇੜ ਛੋਟੀ ਜੇਹੀ ਸੀ ਪਰ ਬੜੀ ਭਿਆਨਕ ਹੋਵੇਗੀ। ਗੁਰੂ ਸਾਹਿਬ ਦਾ ਸਾਥ ਦੇਣ ਵਾਲੇ 45 ਸਿੱਖਾਂ ਵਿਚੋਂ ਕੇਵਲ ਪੰਜ, ਉਨ੍ਹਾਂ ਤੋਂ ਇਲਾਵਾ, ਗੜ੍ਹੀ ਵਿਚ ਦਾਖਿਲ ਹੋ ਸਕੇ,[3] ਜਿਥੇ ਉਨ੍ਹਾਂ ਨੇ ਆਪਣੇ ਆਪ ਨੂੰ ਬੰਦ ਕਰ ਲਿਆ। ਪਰ ਇਹ ਸਥਾਨ ਬਹੁਤੇ ਚਿਰ ਲਈ ਉਨ੍ਹਾਂ ਨੂੰ ਪਨਾਹ ਨਹੀਂ ਦੇ ਸਕਦਾ ਸੀ। ਇਹ ਤਾਂ ਇੱਟਾਂ ਦੀ ਬਣੀ ਹੋਈ ਇਕ ਗੜ੍ਹੀ ਸੀ ਜਿਹੜੀ ਆਸਾਨੀ ਨਾਲ ਤਬਾਹ ਕੀਤੀ ਜਾਂ ਸਾੜੀ ਜਾ ਸਕਦੀ ਸੀ। ਕਿਉਂਕਿ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪੰਜ ਸਿੱਖ ਭੁੱਖੇ-ਭਾਣੇ ਅਤੇ ਥੱਕੇ-ਟੁੱਟੇ ਸਨ, ਇਸ ਲਈ ਉਨ੍ਹਾਂ ਨੇ ਇਕ ਸਿਰਲੱਥ ਰਾਹ ਅਪਣਾਇਆ ਅਤੇ ਜਦੋਂ ਮੁਗ਼ਲ ਮੁਰਦਿਆਂ ਨੂੰ ਥਿੱਲੇ ਲਾਉਣ ਵਿਚ ਰੁਝੇ ਹੋਏ ਸਨ ਤਾਂ ਗੁਰੂ ਸਾਹਿਬ ਨੇ ਗੜ੍ਹੀ ਦੀ ਇਕ ਦੀਵਾਰ ਵਿਚ ਇਕ ਮੋਰੀ ਕਰਵਾਈ ਅਤੇ ਰਾਤ ਦੇ ਹਨੇਰੇ ਵਿਚ ਉਹ ਆਪ ਅਤੇ ਉਨ੍ਹਾਂ ਦੇ ਪੰਜ ਸਿੱਖ ਵਾਰੀ ਵਾਰੀ ਵੱਖ ਵੱਖ ਪਾਸੀਂ ਭੱਜ ਨਿਕਲੇ।[4] ਗੁਰੂ ਸਾਹਿਬ ਨੇ ਹੁਣ ਨਜ਼ਦੀਕ

---

1. ਇਹ ਗੱਲ ਗਲਤ ਹੈ ਕਿ ਮਾਤਾ ਸੁੰਦਰੀ ਜੀ ਇਸ ਯੁੱਧ ਵਿੱਚ ਸ਼ਹੀਦ ਹੋ ਗਏ। [ਸੰਪਾਦਕ]
2. ਲਤੀਫ, ਪੰਨਾ 265
3. ਕਨਿੰਘਮ ਅਤੇ ਲਤੀਫ਼ ਅਨੁਸਾਰ ਲੜਾਈ ਉਦੋਂ ਹੋਈ ਜਦੋਂ ਗੁਰੂ ਸਾਹਿਬ ਗੜ੍ਹੀ ਵਿਚ ਪਹੁੰਚ ਗਏ। ਪਰ ਪੁਸਤਕ ਵਿਚ ਦਿੱਤੀ 'ਪੰਥ ਪ੍ਰਕਾਸ਼' ਦੀ ਕਹਾਣੀ ਵਧੇਰੇ ਸੰਭਵ ਜਾਪਦੀ ਹੈ ਅਰਥਾਤ ਗੁਰੂ ਸਾਹਿਬ ਕਿਲ੍ਹੇ ਵਿਚ ਪੁੱਜਣ ਤੋਂ ਪਹਿਲਾਂ ਹੀ ਘਿਰ ਗਏ।
4. 'ਪੰਥ ਪ੍ਰਕਾਸ਼' ਦਾ ਲੇਖਕ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਚਾਰ ਸਿੱਖਾਂ ਨੂੰ ਗੜ੍ਹੀ ਵਿਚ ਰਹਿ ਕੇ ਮੁਗ਼ਲਾਂ ਨੂੰ ਧੋਖਾ ਦੇਣ ਲਈ ਆਪਣੀਆਂ ਬੰਦੂਕਾਂ ਨਾਲ ਲਗਾਤਾਰ ਗੋਲੀਆਂ ਚਲਾਈ ਜਾਣ ਦਾ ਹੁਕਮ ਦਿੱਤਾ ਅਤੇ ਗੁਰੂ ਸਾਹਿਬ ਦੋ ਤਿੰਨ ਸ਼ਰਧਾਲੂ ਸਿੱਖਾਂ ਨੂੰ ਨਾਲ ਲੈ ਕੇ ਨਿਕਲ ਗਏ। ਅਗਲੀ ਸਵੇਰ ਗੜ੍ਹੀ ਤੇ ਕਬਜ਼ਾ ਹੋ ਗਿਆ ਅਤੇ ਚਾਰੇ ਸਿੱਖ ਆਖਰੀ ਦਮ ਤਕ ਲੜਦੇ ਹੋਏ ਹੱਥਾਂ ਵਿਚ ਤੇਗ ਫੜੀ ਸ਼ਹੀਦ ਹੋ ਗਏ।

ਦੇ ਜੰਗਲਾਂ ਵਿਚ ਪੁਜਣ ਦੀ ਕੀਤੀ। ਉਹ ਦਿਨ ਜੰਗਲ ਵਿਚ ਬਤੀਤ ਕਰਦੇ ਅਤੇ ਰਾਤ ਨੂੰ ਮੁੜ ਥਕਾ ਸੁਟਣ ਵਾਲਾ ਸਫਰ ਆਰੰਭ ਕਰ ਦਿੰਦੇ। ਉਹ ਸਵੇਰ ਦੇ ਵੇਲੇ ਮਾਛੀਵਾੜੇ ਦੇ ਇਕ ਕਸਬੇ ਵਿਚ ਪੁੱਜੇ ਅਤੇ ਕਸਬੇ ਦੇ ਪੂਰਬ ਵੱਲ ਇਕ ਬਹੁਤ ਵੱਡੇ ਬਾਗ ਵਿਚ ਲੁਕ ਗਏ। ਇਹ ਬਾਗ ਗਨੀ ਖਾਂ ਅਤੇ ਨਬੀ ਖਾਂ ਦੋ ਰੁਹੀਲਾ ਪਠਾਨਾਂ ਦਾ ਸੀ। ਅਚਾਨਕ ਹੀ ਉਹ ਬਾਗ ਵਿਚ ਗਏ ਅਤੇ ਉਨ੍ਹਾਂ ਦੀ ਹੈਰਾਨੀ ਅਤੇ ਭੈ ਦੀ ਕੋਈ ਹੱਦ ਨ ਰਹੀ ਜਦੋਂ ਉਨ੍ਹਾਂ ਨੇ ਬਾਗ ਵਿਚ ਗੁਰੂ ਗੋਬਿੰਦ ਸਿੰਘ ਨੂੰ ਵੇਖਿਆ। ਉਨ੍ਹਾਂ ਦੇ ਮਨ ਵਿਚ ਲੋਭ ਜਾਗ ਪਿਆ ਅਤੇ ਗੁਰੂ ਸਾਹਿਬ ਨੂੰ ਹਕੂਮਤ ਕੋਲ ਸਪੁਰਦ ਕਰ ਕੇ ਧਨ ਅਤੇ ਮਾਣ ਪ੍ਰਾਪਤ ਕਰਨ ਦਾ ਵਿਚਾਰ ਉਨ੍ਹਾਂ ਨੂੰ ਫੁਰਿਆ। ਪਰੰਤੂ ਗੁਰੂ ਸਾਹਿਬ ਨੇ ਉਨ੍ਹਾਂ ਕੋਲੋਂ ਕਈ ਵਾਰੀ ਘੋੜੇ ਖਰੀਦੇ ਸਨ ਅਤੇ ਉਨ੍ਹਾਂ ਨਾਲ ਸਦਾ ਹਮਦਰਦੀ ਭਰਿਆ ਸਲੂਕ ਕੀਤਾ ਸੀ। ਮਨੁਖਤਾ ਅਤੇ ਅਹਿਸਾਨਮੰਦੀ ਦੀਆਂ ਭਾਵਨਾਵਾਂ ਛੇਤੀ ਹੀ ਗਾਲਬ ਆ ਗਈਆਂ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਆਸਰਾ ਦਿੱਤਾ। ਗੁਰੂ ਸਾਹਿਬ ਨੇ ਅਪਣਾ ਬਾਣਾ ਬਦਲਿਆ ਅਤੇ ਇਕ ਮੁਸਲਮਾਨ ਫਕੀਰ ਦਾ ਰੂਪ ਧਾਰ ਲਿਆ। ਗਨੀ ਖਾਂ ਅਤੇ ਨਬੀ ਖਾਂ ਨੇ ਐਲਾਨ ਕਰ ਦਿੱਤਾ ਕਿ ਉਹ ਉਨ੍ਹਾਂ ਦੇ ਪੀਰ ਹਨ ਜੋ ਉੱਚ ਦੀ ਦਰਗਾਹ ਤੋਂ ਪਧਾਰੇ ਹਨ।[1]

ਇਸ ਤੋਂ ਪਿੱਛੋਂ ਗੁਰੂ ਸਾਹਿਬ ਨੇ ਸੋਲਾਹ ਦੇ ਕਾਜ਼ੀ ਪੀਰ ਮੁਹੰਮਦ ਕੋਲ ਆਸਰਾ ਲਿਆ ਜਿਸ ਤੋਂ ਉਨ੍ਹਾਂ ਨੇ ਬਚਪਨ ਵਿਚ ਫ਼ਾਰਸੀ ਅਤੇ ਕੁਰਾਨ ਪੜ੍ਹੇ ਸਨ। ਚਮਕੌਰ ਦੀ ਗੜ੍ਹੀ ਵਿਚੋਂ ਉਨ੍ਹਾਂ ਨਾਲ ਭੱਜ ਨਿਕਲਣ ਵਾਲੇ ਤਿੰਨ ਸਿੱਖ ਜੋ ਕਿ ਮੁਸਲਮਾਨੀ ਭੇਸ ਵਿਚ ਗੁਰੂ ਸਾਹਿਬ ਦੀ ਤੇਜ਼ੀ ਨਾਲ ਭਾਲ ਕਰ ਰਹੇ ਸਨ, ਉਥੇ ਪਹੁੰਚ ਗਏ। ਉਹ ਗੁਰੂ ਸਾਹਿਬ ਨੂੰ ਜੀਵਿਤ ਅਤੇ ਸੁਰੱਖਿਅਤ ਹੱਥਾਂ ਵਿਚ ਵੇਖ ਕੇ ਬਹੁਤ ਪ੍ਰਸੰਨ ਹੋਏ। ਪਰ ਗੁਰੂ ਸਾਹਿਬ ਜਾਣਦੇ ਸਨ ਕਿ ਉਹ ਉਥੇ ਬਹੁਤਾ ਸਮਾਂ ਸੁਰੱਖਿਅਤ ਨਹੀਂ ਰਹਿ ਸਕਦੇ ਅਤੇ ਜਿਉਂ ਹੀ ਉਨ੍ਹਾਂ ਦੇ ਸਿੱਖ ਉਥੇ ਪੁੱਜੇ, ਉਨ੍ਹਾਂ ਨੇ ਮਾਲਵੇ ਦੇ ਇਲਾਕੇ ਵਿਚ ਜਾਣ ਦਾ ਮਨ ਬਣਾ ਲਿਆ। ਭੇਸ ਮੁਕੰਮਲ ਕਰਨ ਲਈ ਉਹ ਉੱਚ ਦੇ ਪੀਰਾਂ ਵਾਂਗ ਇਕ ਛੇਤੀ ਨਾਲ ਤਿਆਰ ਕੀਤੀ ਪਾਲਕੀ ਵਿਚ ਸਵਾਰ ਹੋ ਗਏ; ਉਨ੍ਹਾਂ ਦੇ ਸਿੱਖਾਂ ਨੇ ਪਾਲਕੀ ਮੋਢਿਆਂ ਤੇ ਚੁੱਕ ਲਈ ਅਤੇ ਮਾਲਵਾ ਪ੍ਰਦੇਸ਼ ਵੱਲ ਤੁਰ ਪਏ। ਉਹ ਬਹੁਤੀ ਦੂਰ ਨਹੀਂ ਗਏ ਸਨ ਕਿ ਦੁਸ਼ਮਣ ਦੇ ਸਿਪਾਹੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਮੁਕਾਬਲੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਰੱਖਿਆ ਨੀਤੀ ਦੇ ਵਰਤਣ ਵਿਚ ਹੀ ਸੀ। ਅਤੇ ਜਦੋਂ ਪਾਲਕੀ ਚੁੱਕਣ ਵਾਲਿਆਂ ਨੂੰ ਪਕੜ ਕੇ ਪੁਛਿਆ ਗਿਆ ਤਾਂ ਉਨ੍ਹਾਂ ਨੇ ਸ਼ਾਂਤੀ ਨਾਲ ਕਿਹਾ ਕਿ ਉਹ ਤਾਂ ਪੀਰ ਸਾਹਿਬ ਦੇ ਸੇਵਕ ਹਨ ਜਿਹੜੇ ਆਪਣੇ ਮੁਰੀਦਾਂ ਨੂੰ ਦਰਸ਼ਨ ਦੇਣ ਲਈ ਦੌਰੇ ਤੇ ਜਾ ਰਹੇ ਹਨ। ਅਫਵਾਹਾਂ

1. ਜ਼ਿਲ੍ਹਾ ਮੁਲਤਾਨ ਵਿਚ ਉੱਚ ਦੇ ਪੀਰ ਲੰਮੀਆਂ ਦਾੜ੍ਹੀਆਂ ਰਖਦੇ ਹਨ ਅਤੇ ਵਾਲ ਨਹੀਂ ਕਟਵਾਉਂਦੇ ਜਿਸ ਕਰਕੇ ਖੁਲ੍ਹੇ ਕੇਸਾਂ ਨਾਲ ਗੁਰੂ ਸਾਹਿਬ ਉੱਚ ਦੇ ਪੀਰ ਨਜ਼ਰ ਆਉਂਦੇ ਹੋਣਗੇ।

ਫੈਲ ਚੁੱਕੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਮੁਸਲਮਾਨੀ ਭੇਸ ਵਿਚ ਛੁਪੇ ਹੋਏ ਹਨ। ਪਰ ਉੱਚ ਦੇ ਪੀਰਾਂ ਦਾ ਇਤਨਾ ਆਦਰ ਅਤੇ ਡਰ ਸੀ ਕਿ ਗੁਰੂ ਸਾਹਿਬ ਦੀ ਸ਼ਕਲ ਉੱਚ ਦੇ ਕਿਸੇ ਪੀਰ ਨਾਲ ਮਿਲਣ ਕਰਕੇ ਹੀ ਉਹ ਬਚ ਗਏ। ਮੁਗ਼ਲ ਦਸਤੇ ਦੇ ਕਮਾਂਡਰ ਨੇ ਕਿਹਾ ਜੇ ਪਾਲਕੀ ਵਿਚ ਬੈਠਾ ਸ਼ਖਸ ਠੀਕ ਹੀ ਉੱਚ ਦਾ ਪੀਰ ਹੈ ਤਾਂ ਉਸ ਨੂੰ ਮੇਰੇ ਨਾਲ ਖਾਣਾ ਖਾਣਾ ਚਾਹੀਦਾ ਹੈ ਅਤੇ ਇਤਨੇ ਵੱਡੇ ਪੀਰ ਨੂੰ ਖਾਣਾ ਖੁਆਉਣ ਦਾ ਸਵਾਬ ਉਸ ਨੂੰ ਮਿਲਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਸ਼ਾਂਤੀ ਪੂਰਵਕ ਸੰਮਤੀ ਦੇ ਦਿੱਤੀ ਅਤੇ ਕੁਝ ਲਿਖਤਾਂ ਅਨੁਸਾਰ ਉਨ੍ਹਾਂ ਨੇ ਆਪ ਮੁਸਲਮਾਨ ਨਾਲ ਬਹਿ ਕੇ ਭੋਜਨ ਕੀਤਾ[1]।

ਇਸ ਪ੍ਰਕਾਰ ਵਾਲ ਵਾਲ ਬਚ ਜਾਣ ਪਿੱਛੋਂ ਗੁਰੂ ਸਾਹਿਬ ਮਾਲਵੇ ਵੱਲ ਤੁਰ ਪਏ।[2] ਉਨ੍ਹਾਂ ਦਾ ਪਿੱਛਾ ਕੀਤਾ ਗਿਆ ਅਤੇ ਮੁਕਤਸਰ ਦੇ ਦੁਆਲੇ ਦੇ ਬੰਜਰ ਮਾਰੂਥਲ ਵਿਚ ਉਨ੍ਹਾਂ ਨੂੰ ਘੇਰ ਲਿਆ ਗਿਆ। ਪਰ ਉਨ੍ਹਾਂ ਦੇ ਕੁਝ ਸਿੱਖ ਉਨ੍ਹਾਂ ਕੋਲ ਆ ਗਏ ਸਨ ਅਤੇ ਗਰਮੀ ਅਤੇ ਪਾਣੀ ਦੀ ਥੁੜ ਦੀ ਭੰਨੀ ਹੋਈ ਮੁਗ਼ਲ ਸੈਨਾ ਵਾਪਸ ਮੁੜਨ ਲਈ ਮਜਬੂਰ ਹੋ ਗਈ।[3] ਇਸ ਲੜਾਈ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਥੇ ਇਕ ਸਰੋਵਰ ਬਣਵਾ ਕੇ ਉਸ ਦਾ ਨਾਂ ਮੁਕਤਸਰ ਰਖਿਆ ਜਿਸ ਦੇ ਨਾਂ ਤੇ ਮੁਕਤਸਰ ਕਸਬੇ ਦਾ ਨਾਂ ਪਿਆ ਹੈ।

ਇਸ ਸਮੇਂ ਤਕ ਗੁਰੂ ਸਾਹਿਬ ਦੇ ਸਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ ਜਿਸ

---

1. ਇਹ ਕਨਿੰਘਮ ਦਾ ਵਿਚਾਰ ਹੈ ਅਤੇ ਕਨ੍ਹਈਆ ਲਾਲ ਉਸ ਨਾਲ ਸਹਿਮਤ ਹੈ। ਪਰ ਸੱਯਦ ਮੁਹੰਮਦ ਲਤੀਫ਼ ਇਸ ਦਾ ਕੋਈ ਜ਼ਿਕਰ ਨਹੀਂ ਕਰਦਾ ਅਤੇ 'ਪੰਥ ਪ੍ਰਕਾਸ਼' ਦਾ ਲੇਖਕ ਇਹ ਮੰਨਦਾ ਹੋਇਆ ਕਿ ਉਨ੍ਹਾਂ ਦੇ ਸਿੱਖਾਂ ਨੇ ਮੁਸਲਮਾਨਾਂ ਨਾਲ ਬਹਿ ਕੇ ਭੋਜਨ ਕੀਤਾ, ਇਹ ਸਪਸ਼ਟ ਨਹੀਂ ਕਰਦਾ ਕਿ ਗੁਰੂ ਸਾਹਿਬ ਵੀ ਸ਼ਾਮਿਲ ਸਨ। ਇਕ ਲਿਖਤ (ਹੱਥ ਲਿਖਤਾਂ Or, 187) ਵਿਚ ਲਿਖਿਆ ਹੈ ਕਿ ਸਿੱਖਾਂ ਨੇ ਕਿਹਾ ਕਿ ਉਨ੍ਹਾਂ ਦੇ ਪੀਰ ਦਾ ਰੋਜ਼ਾ ਰਖਿਆ ਹੋਇਆ ਹੈ ਅਤੇ ਸਵੇਰ ਸ਼ਾਮ ਜੌਂ ਦੇ ਦਾਣੇ ਤੋਂ ਬਿਨਾਂ ਹੋਰ ਕੁਝ ਨਹੀਂ ਖਾਂਦੇ। ਕੁਝ ਇਕ ਲਿਖਦੇ ਹਨ ਕਿ ਸਿੱਖਾਂ ਨੇ ਖੰਡੇ ਦੀ ਧਾਰ ਨਾਲ ਭੋਜਨ ਸ਼ੁੱਧ ਕਰ ਲਿਆ। ਕੁਝ ਹੋਰਾਂ ਦਾ ਵਿਚਾਰ ਹੈ ਕਿ ਭੋਜਨ ਛੋਹਣ ਤੋਂ ਪਹਿਲਾਂ ਉਨ੍ਹਾਂ ਗ੍ਰੰਥ ਸਾਹਿਬ ਵਿਚੋਂ ਬਾਣੀ ਦਾ ਪਾਠ ਕੀਤਾ।
2. ਇਥੇ ਮਾਲਵੇ ਦਾ ਭਾਵ ਉਸ ਇਲਾਕੇ ਤੋਂ ਨਹੀਂ ਜਿਸ ਨੂੰ ਆਮ ਤੌਰ ਤੇ ਮਾਲਵਾ ਕਿਹਾ ਜਾਂਦਾ ਹੈ। ਪੰਜਾਬ ਵਿਚ ਇਹ ਨਾਂ ਫ਼ਿਰੋਜ਼ਪੁਰ ਜ਼ਿਲ੍ਹੇ ਅਤੇ ਪਟਿਆਲੇ ਦੇ ਸਿੱਖ ਰਾਜ ਦੇ ਇਕ ਹਿੱਸੇ ਨੂੰ ਦਿੱਤਾ ਜਾਂਦਾ ਹੈ।
3. ਲਤੀਫ਼ ਮੈਕਗ੍ਰੇਗਰ (Macgregor) ਦੀ ਨਕਲ ਕਰਦਾ ਹੋਇਆ, ਗੁਰੂ ਸਾਹਿਬ ਦੀ ਫ਼ੌਜ ਦੀ ਗਿਣਤੀ 12000 ਅਤੇ ਮੁਗ਼ਲ ਫ਼ੌਜ ਦੀ ਗਿਣਤੀ 7,000 ਦਸਦਾ ਹੈ। 'ਪੰਥ ਪ੍ਰਕਾਸ਼' ਅਤੇ ਸੋਹਨ ਲਾਲ ਕਹਿੰਦੇ ਹਨ ਕਿ ਕੇਵਲ ਚਾਲੀ ਕੁ ਸਿੱਖ ਗੁਰੂ ਸਾਹਿਬ ਵੱਲੋਂ ਲੜੇ, ਅਤੇ ਇਹ ਸੱਚ ਜਾਪਦਾ ਹੈ, ਨਹੀਂ ਤਾਂ ਗੁਰੂ ਸਾਹਿਬ ਇਤਨੀ ਵੱਡੀ ਫ਼ੌਜ ਦੇ ਹੁੰਦੇ, ਅਤੇ ਇਤਨੀ ਵੱਡੀ ਜਿੱਤ ਤੋਂ ਪਿੱਛੋਂ ਫ਼ੌਜੀ ਜੀਵਨ ਦਾ ਬਿਲਕੁਲ ਤਿਆਗ ਨ ਕਰਦੇ।

ਕਰਕੇ ਉਹ ਬਹੁਤ ਉਦਾਸ ਸਨ । ਇਸ ਤੋਂ ਇਲਾਵਾ ਔਰੰਗਜ਼ੇਬ ਦੀ ਫ਼ੌਜ ਇਤਨੀ ਚੌਕੰਨੀ ਅਤੇ ਸਰਗਰਮ ਸੀ ਕਿ ਗੁਰੂ ਸਾਹਿਬ ਨੂੰ ਆਪਣਾ ਉੱਚਾ ਮਨੋਰਥ ਪੂਰਾ ਕਰਨ ਦਾ ਕੋਈ ਰਾਹ ਨਹੀਂ ਲਭਦਾ ਸੀ । ਸਿੱਟੇ ਵਜੋਂ, ਉਹ ਹਾਂਸੀ ਅਤੇ ਫ਼ਿਰੋਜ਼ਪੁਰ ਵਿਚਕਾਰ ਇਕ ਸਥਾਨ ਉਤੇ ਟਿਕ ਗਏ ਜਿਸ ਦਾ ਨਾਂ ਉਨ੍ਹਾਂ ਨੇ ਦਮਦਮਾ ਰਖਿਆ ਅਤੇ ਇਥੇ ਕੋਈ ਇਕ ਵਰ੍ਹਾ ਆਪਣੇ ਸਿੱਖਾਂ ਨੂੰ ਉਪਦੇਸ਼ ਕਰਨ ਅਤੇ ਦਸਮ ਗ੍ਰੰਥ ਦਾ ਸੰਪਾਦਨ ਕਰਨ ਵਿਚ ਗੁਜ਼ਾਰ ਦਿੱਤਾ । ਜਦੋਂ ਉਹ ਉਥੇ ਬਿਰਾਜਮਾਨ ਸਨ ਤਾਂ ਉਨ੍ਹਾਂ ਨੂੰ ਔਰੰਗਜ਼ੇਬ ਦਾ ਖਤ ਮਿਲਿਆ ਜਿਸ ਵਿਚ ਉਨ੍ਹਾਂ ਨੂੰ ਦਿੱਲੀ ਬੁਲਾਇਆ ਗਿਆ ਸੀ । ਉਨ੍ਹਾਂ ਨੇ ਇਸ ਖਤ ਦਾ ਉੱਤਰ ਬੀਰ ਰਸੀ ਫ਼ਾਰਸੀ ਕਵਿਤਾ ਵਿਚ ਲਿਖੇ ਜ਼ਫਰਨਾਮੇ ਰਾਹੀਂ ਦਿੱਤਾ ਜਿਸ ਵਿਚ ਉਨ੍ਹਾਂ ਨੇ ਉਹ ਸਾਰੀਆਂ ਬੇਇਨਸਾਫੀਆਂ ਵਰਣਿਤ ਕੀਤੀਆਂ ਜਿਹੜੀਆਂ ਉਨ੍ਹਾਂ ਨਾਲ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਨੇ ਤੇਗ ਦੀ ਵਰਤੋਂ ਕਰਨਾ ਧਰਮ ਸਿੱਧ ਕੀਤਾ[1] । ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਨੂੰ ਭੇਜੇ ਗਏ ਖਤ ਵਿਚ ਔਰੰਗਜ਼ੇਬ ਨੇ ਕੁਰਾਨ ਦੀ ਕਸਮ ਖਾ ਕੇ ਗੁਰੂ ਸਾਹਿਬ ਦਾ ਆਦਰ ਕਰਨ ਦਾ ਵਾਅਦਾ ਕੀਤਾ ਪਰੰਤੂ ਗੁਰੂ ਸਾਹਿਬ ਨੇ ਸਾਫ ਸਾਫ ਜੁਆਬ ਦੇ ਦਿੱਤਾ ਕਿ ਉਹ ਝੂਠੀਆਂ ਮੁਗਲ ਕਸਮਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ । ਗੁਰੂ ਗੋਬਿੰਦ ਸਿੰਘ ਨੇ ਬਾਦਸ਼ਾਹ ਨੂੰ ਉਸ ਦੀ ਕੱਟੜਤਾ ਅਤੇ ਅਤਿਆਚਾਰ ਕਰਕੇ ਵੀ ਫਿਟਕਾਰਿਆ ਅਤੇ ਉਸ ਬਦਲੇ ਦੀ ਧਮਕੀ ਦਿੱਤੀ ਜਿਹੜਾ ਖ਼ਾਲਸਾ ਇਕ ਦਿਨ ਲਵੇਗਾ । ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦੁਬਾਰਾ ਬੁਲਾਵਾ ਦਿੱਤਾ ਅਤੇ ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਉਸ ਨੂੰ ਮਿਲਣ ਲਈ ਚੱਲ ਵੀ ਪਏ ਸਨ ਕਿ ਬਿਰਧ ਬਾਦਸ਼ਾਹ ਚੱਲ ਵਸਿਆ । ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਪਿੱਛੋਂ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਸ਼ਾਹੀ ਫੌਜ ਵਿਚ ਔਹਦਾ ਦੇ ਦਿੱਤਾ । ਕਨਿੰਘਮ, ਲਤੀਫ ਅਤੇ 'ਪੰਥ-ਪ੍ਰਕਾਸ਼'[2] ਵਗੈਰਾ ਵਗੈਰਾ ਅਨੁਸਾਰ ਤਾਂ ਗੁਰੂ ਸਾਹਿਬ ਬਾਦਸ਼ਾਹ ਨਾਲ ਦੱਖਣ ਦੀ ਮੁਹਿੰਮ ਤੇ ਵੀ ਗਏ । ਪਰੰਤੂ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਬਾਦਸ਼ਾਹ ਦੀ ਮੁਲਾਜ਼ਮਤ ਪ੍ਰਵਾਨ ਕਰਨ ਦਾ ਇਲਜ਼ਾਮ ਨਿਰਾਧਾਰ ਨਜ਼ਰ ਆਉਂਦਾ ਹੈ ।[3]

---

1. ਜ਼ਫਰਨਾਮੇ ਵਿਚ ਇਕ ਸ਼ੇਅਰ ਇਉਂ ਹੈ :
ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ।
"ਜਦੋਂ ਸਭ ਹੀਲੇ ਅਸਫਲ ਰਹਿਣ ਤਾਂ ਤਲਵਾਰ ਚੁੱਕਣਾ ਜਾਇਜ਼ ਹੈ ।" ਮੰਦੇ ਭਾਗਾਂ ਨੂੰ ਔਰੰਗਜ਼ੇਬ ਦੇ ਸਮੇਂ ਅਜੇਹੇ ਬਹੁਤੇ ਉਪਾ ਨਹੀਂ ਹੁੰਦੇ ਸਨ ਕਿਉਂਕਿ ਲੋਕਾਂ ਕੋਲ ਆਪਣੇ ਦੁਖ ਪ੍ਰਗਟ ਕਰਨ ਦਾ ਕੋਈ ਪ੍ਰਚਲਿਤ ਢੰਗ ਨਹੀਂ ਹੁੰਦਾ ਸੀ ।
2. ਮੁਨਸ਼ੀ ਸੋਹਨ ਲਾਲ ਵੀ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ । ਇਹ ਸਾਰੇ ਇਤਿਹਾਸਕਾਰ ਖ਼ਾਫ਼ੀ ਖ਼ਾਂ ਦੀ ਨਕਲ ਕਰਦੇ ਪ੍ਰਤੀਤ ਹੁੰਦੇ ਹਨ ।
3. ਬੂਟੀ ਸ਼ਾਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੱਖਣ ਵਿਚ ਇਸ ਲਈ ਗਏ ਕਿਉਂਕਿ ਉਹ ਉਦਾਸ

(ਬਾਕੀ ਦੇਖੋ ਸਫ਼ਾ 104 ਤੇ)

ਗੁਰੂ ਸਾਹਿਬ ਦੱਖਣ ਵਿਚ ਸ਼ਾਂਤੀ ਪੂਰਵਕ ਸਮਾਂ ਬਤੀਤ ਕਰਦੇ ਰਹੇ ਜਦ ਤਕ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਦੋ ਪਠਾਨ ਆਸ਼੍ਰਿਤਾਂ ਨੇ ਛੁਰਾ-ਮਾਰ ਕੇ ਘਾਇਲ ਨ ਕਰ ਦਿੱਤਾ ਜਿਨ੍ਹਾਂ ਦਾ ਪਿਤਾ[1] ਗੁਰੂ ਸਾਹਿਬ ਦੇ ਹੱਥੋਂ ਮਾਰਿਆ ਗਿਆ ਸੀ। ਇਹ ਪਠਾਨ ਪਕੜੇ ਗਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਕਹਿ ਕੇ ਮੁਆਫ ਕਰ ਦਿੱਤਾ ਕਿ ਉਨ੍ਹਾਂ ਨੇ ਵੀ ਤਾਂ ਕੇਵਲ ਆਪਣੇ ਪਿਤਾ ਦਾ ਬਦਲਾ ਲੈਣ ਦਾ ਯਤਨ ਕੀਤਾ ਸੀ।[2] ਉਨ੍ਹਾਂ ਦਾ ਜ਼ਖਮ ਸਿਊਂ ਦਿੱਤਾ ਗਿਆ ਅਤੇ ਉਹ ਰਾਜ਼ੀ ਹੋ ਗਏ। ਪਰ ਕੁਝ ਸਮੇਂ ਪਿੱਛੋਂ ਜਦੋਂ ਉਹ ਇਕ ਭਾਰੀ ਕਮਾਨ ਦੀ ਪਰਖ ਕਰ ਰਹੇ ਸਨ, ਜ਼ਖਮ ਮੁੜ ਫਟ ਗਿਆ। ਗੁਰੂ ਸਾਹਿਬ ਦਾ ਬਹੁਤ ਸਾਰਾ ਖ਼ੂਨ

(ਸਫ਼ਾ 103 ਦੀ ਬਾਕੀ)

ਸਨ ਅਤੇ ਹਵਾ-ਬਦਲੀ ਚਾਹੁੰਦੇ ਸਨ। ਮੈਲਕਮ ਦਾ ਵੀ ਇਹ ਵਿਚਾਰ ਹੈ। ਟ੍ਰੰਪ ਨਿਸ਼ਚਿਤ ਨਹੀਂ ਅਤੇ ਕਨ੍ਹਈਆ ਲਾਲ ਇਸ ਦਾ ਕੋਈ ਜ਼ਿਕਰ ਨਹੀਂ ਕਰਦਾ। ਮੈਲਕਮ ਦੇ ਸ਼ਬਦ ਅਤਿ ਸੁਭਾਊ ਹਨ। ਉਹ ਲਿਖਦਾ ਹੈ, "ਜਦੋਂ ਅਸੀਂ ਗੁਰੂ ਸਾਹਿਬ ਦੇ ਮਨ ਦੇ ਉਤਸ਼ਾਹ, ਉਨ੍ਹਾਂ ਦੀਆਂ ਕਰਮਸ਼ੀਲ ਆਦਤਾਂ, ਉਨ੍ਹਾਂ ਦੀ ਦਲੇਰੀ ਅਤੇ ਬਦਲੇ ਦੀ ਉਸ ਅਬੁਝ ਪਿਆਸ ਦਾ, ਜਿਹੜੀ ਉਹ ਆਪਣੇ ਪਿਤਾ ਦੇ ਕਾਤਲਾਂ ਅਤੇ ਆਪਣੇ ਧਰਮ ਦੇ ਵਿਰੋਧੀਆਂ ਪ੍ਰਤਿ ਉਮਰ ਭਰ ਮਹਿਸੂਸ ਕਰਦੇ ਰਹੇ, ਖਿਆਲ ਕਰਦੇ ਹਾਂ ਅਤੇ ਜਦੋਂ ਅਸੀਂ ਖਿਆਲ ਕਰਦੇ ਹਾਂ ਕਿ ਉਨ੍ਹਾਂ ਦੇ ਮਨ ਦੀ ਪ੍ਰਮੁਖ ਭਾਵਨਾ ਆਪਣੇ ਸਾਹਿਬਜ਼ਾਦਿਆਂ ਦੇ ਕਤਲ ਅਤੇ ਆਪਣੇ ਅਤਿ ਸ਼ਰਧਾਲੂ ਅਨੁਯਾਈਆਂ ਦੇ ਬੰਦ ਬੰਦ ਕੱਟੇ ਜਾਣ ਨਾਲ ਹੋਰ ਵੀ ਭੜਕੀ ਹੋਵੇਗੀ, ਤਾਂ ਅਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਉਹ ਚੁਪ ਕਰ ਕੇ ਬੈਠ ਗਏ ਹੋਣਗੇ, ਇਸ ਗੱਲ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਉਸ ਸਰਕਾਰ ਦੀ ਸੇਵਾ ਕਰਨ ਲੱਗ ਪਏ ਹੋਣਗੇ ਜਿਸ ਵਿਰੁੱਧ ਉਹ ਸਦਾ ਬਗਾਵਤਾਂ ਕਰਦੇ ਰਹੇ। ਨ ਹੀ ਇਸ ਗੱਲ ਦੀ ਕੋਈ ਸੰਭਾਵਨਾ ਹੈ ਕਿ ਗੁਰੂ ਗੋਬਿੰਦ ਸਿੰਘ ਵਰਗੇ ਨੇਤਾ ਉਤੇ ਮੁਸਲਮਾਨ ਸ਼ਹਿਜ਼ਾਦੇ ਨੇ ਵਿਸ਼ਵਾਸ ਕਰ ਲਿਆ ਹੋਵੇ। ਨ ਹੀ ਮੁਲਾਜ਼ਮਤ ਦੀ ਇਹ ਕਹਾਣੀ ਗੁਰੂ ਸਾਹਿਬ ਦੇ ਬੰਦੇ ਨੂੰ ਦਿੱਤੇ ਉਨ੍ਹਾਂ ਆਦੇਸ਼ਾਂ ਨਾਲ ਮੇਲ ਖਾਂਦੀ ਹੈ ਜਿਸ ਦੁਆਰਾ ਉਸ ਨੇ ਪੰਜਾਬ ਵਿਚ ਜਾ ਕੇ ਆਪਣੀ ਪ੍ਰਮੁਖਤਾ ਸਥਾਪਿਤ ਕੀਤੀ।

1. ਕਨਿੰਘਮ, ਮੈਕਗ੍ਰੇਗਰ ਅਤੇ ਕਈ ਹੋਰਾਂ ਨੇ ਇਹੀ ਗੱਲ ਕਹੀ ਹੈ। ਸਿੱਖਾਂ ਦੇ ਰਾਜ ਦੀ ਵਿਥਿਆ ਦਾ ਅਨੁਕਰਣ ਕਰਦਾ ਹੋਇਆ ਟ੍ਰੰਪ ਲਿਖਦਾ ਹੈ ਕਿ ਉਨ੍ਹਾਂ ਵਿਚੋਂ ਇਕ ਪੈਂਦੇ ਦਾ ਪੋਤਰਾ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੇ ਦਾਦਾ ਜੀ ਨੇ ਮਾਰਿਆ ਸੀ। ਨਾਦੇੜ ਦੇ ਪੁਜਾਰੀਆਂ ਨੇ ਕਨਿੰਘਮ ਨੂੰ ਇਹੀ ਕਥਾ ਸੁਣਾਈ ਸੀ।

2. ਇਸ ਗੱਲ ਦੀ ਕਲਪਨਾ ਕਰ ਲੈਣੀ ਔਖੀ ਨਹੀਂ ਕਿ ਗੁਰੂ ਸਾਹਿਬ ਨੂੰ ਪਠਾਨ ਬੱਚਿਆਂ ਦੇ ਭਾਗਾਂ ਤੇ ਕਿਤਨਾ ਰਸ਼ਕ ਹੋਇਆ ਹੋਵੇਗਾ। ਉਨ੍ਹਾਂ ਦੇ ਪਿਤਾ ਦੀ ਸ਼ਹੀਦੀ ਦਾ ਬਦਲਾ ਅਜੇ ਅਮਲੀ ਤੌਰ ਤੇ ਲੈਣਾ ਰਹਿੰਦਾ ਸੀ। ਇਹ ਕਥਾ 'ਪੰਥ ਪ੍ਰਕਾਸ਼' ਵਿਚ ਦਰਜ ਹੈ ਪਰ ਕੁਝ ਸਿੱਖ ਇਸ ਨੂੰ ਸਹੀ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁੱਲ ਦੇ ਖਰੀਦ ਕਾਤਲ ਸਨ ਜਿਨ੍ਹਾਂ ਨੂੰ ਬਾਦਸ਼ਾਹ ਦੀ ਸਲਾਹ ਨਾਲ ਸਰਹਿੰਦ ਦੇ ਸੂਬੇਦਾਰ ਨੇ ਭੇਜਿਆ ਸੀ।

ਵਹਿ ਗਿਆ ਅਤੇ ਉਹ 1708 ਈ. ਦੇ ਅੰਤ ਵਿਚ ਗੋਦਾਵਰੀ ਦੇ ਕੰਢੇ ਤੇ ਵਸੇ ਇਕ ਕਸਬੇ ਨਾਦੇੜ, ਜਿਸ ਨੂੰ ਅੱਜ ਕਲ੍ਹ ਅਬਚਲਨਗਰ ਕਿਹਾ ਜਾਂਦਾ ਹੈ, ਵਿਖੇ ਜੋਤੀ ਜੋਤ ਸਮਾ ਗਏ ।

ਭਾਵੇਂ ਉਹ ਆਪਣੇ ਉੱਚੇ ਆਦਰਸ਼ਾਂ ਦੀ ਪੂਰਤੀ ਹੋਈ ਨ ਵੇਖ ਸਕੇ, ਤਾਂ ਵੀ ਉਨ੍ਹਾਂ ਦਾ ਉੱਦਮ ਅਜਾਈਂ ਨਹੀਂ ਗਿਆ । ਭਾਵੇਂ ਉਹ ਉਨ੍ਹਾਂ ਬੇੜੀਆਂ ਨੂੰ ਵਾਸਤਵਿਕ ਰੂਪ ਵਿਚ ਨਹੀਂ ਕੱਟ ਸਕੇ ਜਿਹੜੀਆਂ ਉਨ੍ਹਾਂ ਦੀ ਕੌਮ ਦੇ ਪੈਰੀਂ ਪਈਆਂ ਹੋਈਆਂ ਸਨ, ਤਾਂ ਵੀ ਉਨ੍ਹਾਂ ਨੇ ਕੌਮ ਦੀ ਆਤਮਾ ਨੂੰ ਸੁਤੰਤਰ ਕਰ ਦਿੱਤਾ ਸੀ ਅਤੇ ਉਨ੍ਹਾਂ ਦੇ ਮਨਾਂ ਵਿਚ ਸੁਤੰਤਰਤਾ ਅਤੇ ਉਚੱਤਾ ਪ੍ਰਾਪਤ ਕਰਨ ਦੀ ਇੱਛਾ ਭਰ ਦਿੱਤੀ ਸੀ । ਉਨ੍ਹਾਂ ਨੇ ਦਿੱਲੀ ਦੇ ਬਾਦਸ਼ਾਹ ਪ੍ਰਤਿ ਸ਼ਰਧਾ ਦੇ ਜਾਦੂ ਨੂੰ ਭੰਗ ਕਰ ਸੁਟਿਆ[1] ਸੀ ਅਤੇ ਮੁਸਲਮਾਨੀ ਜਬਰ ਦੁਆਰਾਂ ਪੈਦਾ ਹੋਏ ਡਰ ਭਉ ਦਾ ਨਾਸ਼ ਕਰ ਦਿੱਤਾ ਸੀ । ਗੁਰੂ ਗੋਬਿੰਦ ਸਿੰਘ ਨੇ ਹਿੰਦੂ ਨਸਲ ਦੇ ਜੀਵਿਤ ਤੱਤ ਨੂੰ ਭਾਂਪ ਲਿਆ ਸੀ ਅਤੇ ਉਨ੍ਹਾਂ ਨੇ ਇਸ ਨੂੰ ਪਰਮਥੀਅਨ ਅਗਨੀ ਨਾਲ ਪ੍ਰਜਵਲਿਤ ਕਰ ਦਿੱਤਾ ਸੀ । ਉਨ੍ਹਾਂ ਨੇ ਚਿੜੀਆਂ ਨੂੰ ਸਾਮਰਾਜੀ ਬਾਜ਼ਾਂ ਸੰਗ ਲੜਨਾ ਸਿਖਾ ਦਿੱਤਾ ਸੀ । ਉਹ ਪਹਿਲੇ ਭਾਰਤੀ ਨੇਤਾ ਸਨ ਜਿਨ੍ਹਾਂ ਨੇ ਲੋਕ-ਰਾਜੀ ਨਿਯਮ ਸਿਖਾਏ ਅਤੇ ਆਪਣੇ ਅਨੁਯਾਈਆਂ ਨੂੰ ਭਰਾਵਾਂ[2] ਵਾਂਗ ਰਹਿਣ ਦਾ ਪਾਠ ਪੜ੍ਹਾਇਆ ਅਤੇ ਗੁਰਮਤੇ ਅਨੁਸਾਰ ਅਮਲ ਕਰਨ ਦਾ ਸਬਕ ਸਿਖਾਇਆ । ਉਨ੍ਹਾਂ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਤਾਂ ਪਰਮਾਤਮਾ ਦੇ ਚੁਣੇ ਹੋਏ ਮਨੁੱਖ ਹਨ ਜਿਨ੍ਹਾਂ ਨੇ ਜਬਰ ਅਤੇ ਅਤਿਆਚਾਰ ਦਾ ਖਾਤਮਾ ਕਰਨਾ ਹੈ । ਉਹ ਆਪਣੇ ਆਪ ਨੂੰ ਇਸ ਧਰਤੀ ਦੇ ਭਵਿੱਖੀ ਸ਼ਾਸਕ ਸਮਝਣ । ਉਨ੍ਹਾਂ ਨੇ ਕੋਈ ਉੱਤਰਾਧਿਕਾਰੀ ਨ ਥਾਪਿਆ, ਕੇਵਲ ਇਸ ਲਈ ਨਹੀਂ ਕਿ ਉਨ੍ਹਾਂ ਦੇ ਆਪਣੇ ਸਪੁੱਤਰ ਸ਼ਹੀਦ ਹੋ ਚੁੱਕੇ ਸਨ, ਸਗੋਂ ਇਸ ਲਈ ਵੀ ਕਿ ਉਨ੍ਹਾਂ ਭਾਂਪ ਲਿਆ ਸੀ ਕਿ ਗਲਤ ਹੱਥਾਂ ਵਿਚ ਗਈ ਸੱਤਾ ਕੀ ਕੀ ਖਰਾਬੀਆਂ ਕਰ ਸਕਦੀ ਹੈ । ਉਨ੍ਹਾਂ ਨੇ ਪੁਜਾਰੀਆਂ ਦੇ ਉੱਤਰਾਧਿਕਾਰ ਦਾ ਖਾਤਮਾ ਕਰ ਦਿੱਤਾ ਅਤੇ ਆਪਣੇ ਸਿੱਖਾਂ ਨੂੰ ਭਵਿਖ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣ ਲਈ ਕਿਹਾ ।[3] ਆਪਣੇ ਕਾਰਜ ਨੂੰ ਜਾਰੀ ਰੱਖਣ ਲਈ ਉਨ੍ਹਾਂ ਨੇ ਬੰਦਾ ਵੈਰਾਗੀ ਨੂੰ

---

1. 'ਈਸ਼੍ਵਰੋ ਵਾ ਦਿੱਲੀਸ਼੍ਵਰੋ ਵਾ', "ਦਿੱਲੀ ਦਾ ਬਾਦਸ਼ਾਹ ਪਰਮਾਤਮਾ ਸਮਾਨ ਹੈ" ਇਹ ਸਿੱਧਾਂਤ ਸੀ ਜਿਹੜਾ ਕਿ ਚਿਰਾਂ ਤੋਂ ਸਹਿਮੇ ਹੋਏ ਹਿੰਦੂਆਂ ਨੇ ਅਪਣਾਇਆ ਹੋਇਆ ਸੀ ।

2. ਉਸ ਰਾਜਨੀਤਿਕ ਸੱਤਾ ਜਿਹੜੀ ਸਿੱਖਾਂ ਨੂੰ ਪਿੱਛੋਂ ਪ੍ਰਾਪਤ ਹੋਈ ਦੇ ਪ੍ਰਸੰਗ ਵਿਚ ਹਰੇਕ ਸਿੱਖ ਸਰਦਾਰ ਅਖਵਾਉਣਾ ਪਸੰਦ ਕਰਦਾ ਹੈ । ਭਾਈ ਸ਼ਬਦ ਹੁਣ ਸਿੱਖ ਪੁਜਾਰੀ ਜਾਂ ਅਜੇਹੇ ਪਰਿਵਾਰ ਦੇ ਮੈਂਬਰਾਂ ਲਈ ਵਰਤਿਆ ਜਾਂਦਾ ਹੈ ਜਿਸ ਦੇ ਬਜ਼ੁਰਗ ਕਦੀ ਪੁਜਾਰੀ ਹੁੰਦੇ ਸਨ ।

3. ਇਸ ਅਨੁਸਾਰ ਸਿੱਖ ਸ੍ਰੀ ਗ੍ਰੰਥ ਸਾਹਿਬ ਪ੍ਰਤਿ ਅਪਾਰ ਸ਼ਰਧਾ ਰਖਦੇ ਹਨ ਅਤੇ ਇਸ ਦੇ ਅੱਗੇ ਸਿਰ ਝੁਕਾਉਂਦੇ ਹਨ ਜਿਵੇਂ ਕਿ ਸਨਾਤਨੀ ਹਿੰਦੂ ਆਪਣੇ ਬੁੱਤਾਂ ਅੱਗੇ ਕਰਦੇ ਹਨ । ਉਸੇ ਤਰ੍ਹਾਂ ਉਹ ਸਿਰ

(ਬਾਕੀ ਦੇਖੋ ਸਫ਼ਾ 106 ਤੇ)

ਦੁਨਿਆਵੀ ਨੇਤਾ ਚੁਣ ਲਿਆ ਸੀ। ਹੁਣ ਅਸੀਂ ਇਸ ਮਹਾਨ ਆਤਮਾ[1] ਦੀ ਅਗਵਾਈ ਵਿਚ ਖ਼ਾਲਸੇ ਦਾ ਭਵਿੱਖ ਵੇਖਾਂਗੇ।

(ਸਫ਼ਾ 105 ਦੀ ਬਾਕੀ)

ਝੁਕਾਉਂਦੇ ਹੋਏ ਪੈਸੇ ਵੀ ਚੜ੍ਹਾਉਂਦੇ ਹਨ। ਕੁਝ ਕੱਟੜ ਆਲੋਚਕ ਸਿੱਖਾਂ ਤੇ ਗ੍ਰੰਥ-ਪੂਜ ਹੋਣ ਦਾ ਇਲਜ਼ਾਮ ਲਾਉਂਦੇ ਹਨ। ਮੈਂ ਅਤਿ ਆਧੁਨਿਕ ਸਿੱਖਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਅੱਗੇ ਪਤਲੂਨਾਂ ਪਾਉਣ ਕਰਕੇ ਅਤਿ ਔਖ ਨਾਲ ਡੰਡੌਤ ਕਰਦੇ ਵੇਖਿਆ ਹੈ। ਹੁਣ ਤਕ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਹਿੰਦੂ ਮੰਦਰਾਂ ਦੇ ਬੁਤਾਂ ਦੀ ਤਰ੍ਹਾਂ ਘੰਟਿਆਂ ਅਤੇ ਦੀਪਕਾਂ ਨਾਲ ਹੁੰਦੀ ਰਹੀ ਹੈ ਅਤੇ ਆਰਤੀ ਉਤਾਰੀ ਜਾਂਦੀ ਰਹੀ ਹੈ।

1. ਗੁਰੂ ਸਾਹਿਬ ਨੇ ਸ਼ਿਵਾ ਜੀ ਦੀਆਂ ਪ੍ਰਾਪਤੀਆਂ ਬਾਬਤ ਅਵੱਸ਼ ਸੁਣਿਆ ਹੋਵੇਗਾ ਅਤੇ ਇਹ ਅਸੰਭਵ ਨਹੀਂ ਕਿ ਉਹ ਮਰਾਠਿਆਂ ਨਾਲ ਸੰਧੀ ਦੀ ਸੰਭਾਵਨਾ ਦਾ ਜਾਇਜ਼ਾ ਲੈਣ ਲਈ ਦੱਖਣ ਵਿਚ ਗਏ ਹੋਣ।

ਅਧਿਆਇ ੧੨

ਬੰਦਾ ਵੈਰਾਗੀ ਦੀ ਅਗਵਾਈ ਵਿਚ ਸਿੱਖਾਂ ਦੀਆਂ ਜਿੱਤਾਂ (1708-1716)

ਬੰਦਾ ਵੈਰਾਗੀ ਦਾ ਜਨਮ ਪੁਣਛ ਦੀ ਛੋਟੀ ਜੇਹੀ ਪਹਾੜੀ ਰਿਆਸਤ, ਜਿਹੜੀ ਕਿ ਜੰਮੂ-ਕਸ਼ਮੀਰ ਦੇ ਬਾਦਸ਼ਾਹ ਦੀ ਜਾਗੀਰ ਸੀ, ਦੇ ਇਕ ਪਿੰਡ ਰਾਜੌਰੀ ਵਿਖੇ 1670 ਈ. ਵਿਚ ਹੋਇਆ ਸੀ। ਉਸ ਦਾ ਪਹਿਲਾ ਨਾਂ ਲਛਮਣ ਦੇਵ ਸੀ। ਉਸ ਦੇ ਪਿਤਾ ਦਾ ਨਾਂ ਰਾਮ ਦੇਵ ਸੀ ਅਤੇ ਉਹ ਡੋਗਰਾ ਕਬੀਲੇ ਦਾ ਰਾਜਪੂਤ ਸੀ। ਬਚਪਨ ਵਿਚ ਲਛਮਣ ਦੇਵ ਨੂੰ ਸ਼ਿਕਾਰ ਦਾ ਬੜਾ ਸ਼ੌਕ ਸੀ, ਪਰ ਇਕ ਦਿਨ ਉਸ ਨੇ ਇਕ ਹਿਰਨੀ ਮਾਰੀ ਅਤੇ ਜਦੋਂ ਉਸ ਨੇ ਉਸ ਨੂੰ ਚੀਰਿਆ ਤਾਂ ਉਸ ਵਿਚੋਂ ਦੋ ਜੀਉਂਦੇ ਬੱਚੇ ਨਿਕਲੇ ਜਿਹੜੇ ਕੁਝ ਹੀ ਪਲਾਂ ਵਿਚ ਉਸ ਦੀਆਂ ਅੱਖਾਂ ਸਾਮ੍ਹਣੇ ਮਰ ਗਏ। ਇਸ ਦ੍ਰਿਸ਼ ਦਾ ਲਛਮਣ ਦੇਵ ਤੇ ਇਤਨਾ ਅਸਰ ਹੋਇਆ ਕਿ ਉਸ ਨੇ ਨ-ਕੇਵਲ ਸ਼ਿਕਾਰ ਖੇਡਣਾ ਹੀ ਛੱਡ ਦਿੱਤਾ ਸਗੋਂ ਉਹ ਸੰਸਾਰ ਤਿਆਗ ਕੇ ਵੈਰਾਗੀ ਬਣ ਗਿਆ ਅਤੇ ਆਪਣਾ ਨਵਾਂ ਨਾਂ ਮਾਧੋ ਦਾਸ[1] ਰੱਖ ਲਿਆ। ਉਹ ਸਾਧੂਆਂ ਦੇ ਇਕ ਟੋਲੇ ਵਿਚ ਰਲ ਗਿਆ ਅਤੇ ਉਨ੍ਹਾਂ ਨਾਲ ਤੀਰਥ-ਯਾਤਰਾ ਤੇ ਨਿਕਲ ਪਿਆ। ਸਮੇਂ ਦੇ ਬੀਤਣ ਨਾਲ ਉਹ ਆਪਣ ਗਿਆਨ, ਪਵਿਤਰਤਾ ਅਤੇ ਕਰਾਮਾਤਾਂ, ਜਿਹੜੀਆਂ ਬੰਦੇ ਵਰਗੇ ਵਿਅਕਤੀਆਂ ਦੀਆਂ ਅਸਾਧਾਰਨ ਪ੍ਰਾਪਤੀਆਂ ਨੂੰ ਵੇਖ ਕੇ ਉਸ ਸਮੇਂ ਦੇ ਲੋਕ ਸਹਿਜੇ ਹੀ ਉਨ੍ਹਾਂ ਦੇ ਨਾਂ ਨਾਲ ਜੋੜ ਦਿਆ ਕਰਦੇ ਸਨ, ਕਰਕੇ ਬਹੁਤ ਪ੍ਰਸਿੱਧ ਹੋ ਗਿਆ। ਹੁਣ ਉਸ ਨੇ ਘੁੰਮਣਾ-ਫਿਰਨਾ ਛੱਡ ਕੇ ਹੈਦਰਾਬਾਦ ਰਾਜ ਵਿਚ ਗੋਦਾਵਰੀ ਦੇ ਕੰਢੇ ਤੇ ਵਸੇ ਇਕ ਨਗਰ ਨਾਂਦੇੜ ਵਿਚ ਸ਼ਾਹੀ ਠਾਠ-ਬਾਠ ਨਾਲ ਰਹਿਣਾ ਸ਼ੁਰੂ ਕਰ ਦਿੱਤਾ।

ਇਸ ਸਥਾਨ ਤੇ ਹੀ 1708 ਈ. ਵਿਚ ਉਸ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਨਾਲ ਹੋਈ। ਗੁਰੂ ਸਾਹਿਬ, ਦੱਖਣ ਵਿਚ ਘੁੰਮਦੇ-ਫਿਰਦੇ, ਇਕ ਵਾਰੀ ਨਾਂਦੇੜ ਵਿਖੇ ਰੁਕੇ

1. ਭਾਵੇਂ ਮੁਗ਼ਲ ਸਰਕਾਰ ਵਿਰੁੱਧ ਬੰਦੇ ਦੀ ਸੈਨਿਕ ਸਰਗਰਮੀ ਇਤਨੀ ਗੰਭੀਰ ਸੀ ਕਿ ਬਾਦਸ਼ਾਹ ਨੂੰ ਆਪ ਕਮਾਨ ਸੰਭਾਲਣੀ ਪਈ, ਤਾਂ ਵੀ ਅੰਗ੍ਰੇਜ਼ੀ ਇਤਿਹਾਸਕਾਰਾਂ ਨੇ ਉਸ ਦੀ ਸਰਗਰਮੀ ਦਾ ਬਹੁਤ ਘੱਟ ਜ਼ਿਕਰ ਕੀਤਾ ਹੈ। ਇਸੇ ਕਰਕੇ ਮੈਂ ਉਸ ਦੀਆਂ ਪ੍ਰਾਪਤੀਆਂ ਨੂੰ ਇਸ ਪੁਸਤਕ ਦੀਆਂ ਲੋੜਾਂ ਤੋਂ ਵੱਧ ਵਿਸਥਾਰ ਨਾਲ ਵਰਣਨ ਕੀਤਾ ਹੈ।

ਅਤੇ ਉਸ ਸਾਧੂ ਬਾਬਤ ਕਾਫ਼ੀ ਕੁਝ ਸੁਣ ਕੇ ਉਸ ਨੂੰ ਮਿਲਣ ਚਲੇ ਗਏ। ਉਨ੍ਹਾਂ ਨੇ ਛੇਤੀ ਹੀ ਭਾਂਪ ਲਿਆ ਕਿ ਬੰਦਾ ਵੈਰਾਗੀ ਕਿਸ ਪ੍ਰਕਿਰਤੀ ਦਾ ਬਣਿਆ ਹੋਇਆ ਹੈ ਅਤੇ ਮਨ ਵਿਚ ਉਸ ਨੂੰ ਖ਼ਾਲਸੇ ਦਾ ਭਵਿੱਖੀ ਆਗੂ ਬਣਾਉਣ ਦਾ ਨਿਸ਼ਚਾ ਕਰ ਲਿਆ, ਜਿਸ ਨੇ ਉਨ੍ਹਾਂ ਦੇ ਉੱਚੇ ਆਦਰਸ਼ਾਂ ਨੂੰ ਸਾਕਾਰ ਕਰਨਾ ਸੀ। ਛੇਤੀ ਹੀ ਦੋਹਾਂ ਵਿਚਕਾਰ ਡੂੰਘੀ ਮਿਤੱਰਤਾ ਹੋ ਗਈ ਅਤੇ ਗੁਰੂ ਸਾਹਿਬ ਦੇ ਪ੍ਰਭਾਵਸ਼ਾਲੀ ਮਿੱਠੇ-ਬੋਲਾਂ ਅਤੇ ਧਾਰਮਿਕ ਉਤਸ਼ਾਹ ਨੇ ਮਾਧੋ ਦਾਸ ਦੇ ਮਨ ਤੇ ਇੰਨਾ ਪ੍ਰਭਾਵ ਪਾਇਆ ਕਿ ਉਹ ਗੁਰੂ ਸਾਹਿਬ ਦਾ ਸ਼ਿਸ਼ ਬਣ ਗਿਆ ਅਤੇ ਆਪਣੇ ਆਪ ਨੂੰ ਉਨ੍ਹਾਂ ਦਾ ਬੰਦਾ ਆਖ ਕੇ, ਆਪਾ ਗੁਰੂ ਸਾਹਿਬ ਦੇ ਚਰਨਾਂ ਤੇ ਸਮਰਪਿਤ ਕਰ ਦਿੱਤਾ। ਗੁਰੂ ਸਾਹਿਬ ਇਸ ਜਿੱਤ ਨਾਲ ਬੜੇ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਮਾਧੋ ਦਾਸ ਦੀ ਸੇਵਾ ਤੁਰੰਤ ਪ੍ਰਵਾਨ ਕਰ ਲਈ। ਗੁਰੂ ਸਾਹਿਬ ਨੇ ਉਸ ਨੂੰ ਆਪਣੇ ਮਨੋਰਥ ਅਤੇ ਇੱਛਾ, ਆਪਣੀਆਂ ਔਕੜਾਂ ਅਤੇ ਹਾਨੀ ਬਾਬਤ ਸਭ ਕੁਝ ਦੱਸ ਦਿੱਤਾ ਸੀ। ਹੁਣ ਉਨ੍ਹਾਂ ਨੇ ਆਪਣੇ ਸ਼ਿਸ਼ ਨੂੰ ਆਪਣਾ ਕਾਰਜ ਸੰਭਾਲਣ ਦੀ, ਉਨ੍ਹਾਂ ਦੇ ਪਿਤਾ ਅਤੇ ਮਾਸੂਮ ਬੱਚਿਆਂ ਦਾ ਬਦਲਾ ਲੈਣ ਦੀ ਅਤੇ ਮੁਗਲ ਜਬਰ ਤੇ ਸੱਟ ਮਾਰ ਕੇ ਉਨ੍ਹਾਂ ਦੀ ਕੌਮ ਦੀਆਂ ਗੁਲਾਮੀ ਦੀਆਂ ਬੇੜੀਆਂ ਤੋੜ ਸੁੱਟਣ ਦੀ ਪ੍ਰੇਰਨਾ ਕੀਤੀ।

ਉਨ੍ਹਾਂ ਨੇ ਉਸ ਨੂੰ ਇਕ ਤੇਗ ਅਤੇ ਆਪਣੇ ਤਰਕਸ਼ ਵਿਚੋਂ ਪੰਜ ਤੀਰ ਬਖ਼ਸ਼ੇ ਅਤੇ ਹੇਠ ਲਿਖੇ ਪੰਜ ਆਦੇਸ਼ਾਂ ਤੇ ਅਮਲ ਕਰਨ ਲਈ ਕਿਹਾ।

1. ਵਿਭਚਾਰ ਨ ਕਰੇ ਤੇ ਪਵਿਤਰਤਾ ਅਤੇ ਬ੍ਰਹਮਚਰਜ ਦਾ ਜੀਵਨ ਬਤੀਤ ਕਰੇ[1]।
2. ਸਦਾ ਸੱਚ ਸੋਚੇ, ਬੋਲੇ ਅਤੇ ਅਮਲ ਕਰੇ।
3. ਆਪਣੇ ਆਪ ਨੂੰ ਖ਼ਾਲਸੇ ਦਾ ਸੇਵਕ ਸਮਝ ਕੇ ਉਸ ਦੀ ਇੱਛਾ ਅਨੁਸਾਰ ਅਮਲ ਕਰੇ।
4. ਆਪਣਾ ਕੋਈ ਵੱਖਰਾ ਮਤ ਚਲਾਉਣ ਦਾ ਯਤਨ ਨ ਕਰੇ।
5. ਜਿੱਤਾਂ ਅਤੇ ਸ਼ਾਹੀ ਸ਼ਕਤੀ ਦਾ ਘੁਮੰਡ ਨ ਕਰੇ।

ਬੰਦੇ ਨੇ ਤੇਗ ਅਤੇ ਤੀਰ ਅਪਾਰ ਸ਼ਰਧਾ ਨਾਲ ਪ੍ਰਾਪਤ ਕੀਤੇ ਅਤੇ ਗੁਰੂ ਸਾਹਿਬ ਦੇ

---

1. ਗੁਰੂ ਸਾਹਿਬ ਸੰਜਮ ਵਾਲੇ ਜੀਵਨ ਦਾ ਬੜਾ ਮਹੱਤਵ ਸਮਝਦੇ ਸਨ ਜੇਹੋ ਜੇਹਾ ਕਿ ਉਨ੍ਹਾਂ ਨੇ ਆਪ ਜੰਗੀ ਜੀਵਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਧਾਰਨ ਕਰ ਲਿਆ ਸੀ। ਉਨ੍ਹਾਂ ਦੀ ਦੂਸਰੀ ਸੁਪਤਨੀ ਸਾਹਿਬ ਦੇਵਾਂ ਇਕ ਪੁੱਤਰ ਦੀ ਇੱਛਾ ਰਖਦੀ ਸੀ ਪਰੰਤੂ ਗੁਰੂ ਸਾਹਿਬ ਨੇ ਇਹ ਕਹਿ ਕੇ ਉਸ ਨੂੰ ਸੰਤੁਸ਼ਟ ਕਰ ਦਿੱਤਾ ਕਿ ਸਾਰਾ ਖਾਲਸਾ ਹੀ ਉਸ ਦੇ ਪੁੱਤਰ ਵਾਂਗ ਹੈ। ਇਸ ਅਨੁਸਾਰ ਅੰਮ੍ਰਿਤ ਛਕਾਉਣ ਵੇਲੇ ਹਰੇਕ ਸਿੱਖ ਨੂੰ ਦਸਿਆ ਜਾਂਦਾ ਹੈ ਕਿ ਇਸ ਤੋਂ ਪਿੱਛੋਂ ਉਸ ਦੀ ਜਾਤ ਸੋਢੀ (ਗੁਰੂ ਸਾਹਿਬ ਦੀ ਜਾਤ) ਹੋਵੇਗੀ ਅਤੇ ਉਸ ਦੇ ਮਾਤਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਸਾਹਿਬ ਦੇਵਾਂ ਹੋਣਗੇ।

ਆਦੇਸ਼ਾਂ ਦਾ ਪਾਲਣ ਕਰਨ ਦਾ ਪੱਕਾ ਵਚਨ ਦਿੱਤਾ । ਗੁਰੂ ਸਾਹਿਬ ਨੇ ਉਸ ਨੂੰ ਪੰਜਾਬ ਦੇ ਸਿੱਖਾਂ ਦੇ ਨਾਂ ਇਕ ਖਤ ਦਿੱਤਾ ਜਿਸ ਵਿਚ ਉਨ੍ਹਾਂ ਸਾਰਿਆਂ ਨੂੰ ਬੰਦੇ ਨੂੰ ਆਪਣਾ ਨੇਤਾ ਮੰਨ ਕੇ ਉਸ ਦੇ ਝੰਡੇ ਹੇਠਾਂ ਲੜਨ ਲਈ ਆਦੇਸ਼ ਕੀਤਾ ਗਿਆ ਸੀ । ਉਨ੍ਹਾਂ ਨੇ ਉਸ ਨੂੰ ਇਕ ਨਗਾਰਾ ਅਤੇ ਆਪਣਾ ਝੰਡਾ ਵੀ ਦਿੱਤੇ ਅਤੇ ਆਪਣੇ ਪੱਚੀ ਚੁਣੇ ਹੋਏ ਸੇਵਕਾਂ ਨੂੰ ਉਸ ਦੀ ਸੇਵਾ ਵਿਚ ਦੇ ਕੇ ਉਨ੍ਹਾਂ ਨੇ ਉਸ ਨੂੰ ਆਪਣੇ ਅਧੂਰੇ ਕਾਰਜ ਨੂੰ ਜਾਰੀ ਕਰਨ ਲਈ ਪੰਜਾਬ ਭੇਜਿਆ । ਜਦੋਂ ਬੰਦਾ ਪੰਜਾਬ ਪਹੁੰਚਿਆ ਤਾਂ ਹਜ਼ਾਰਾਂ ਸਿੱਖ ਉਸ ਦੁਆਲੇ ਇਕੱਠੇ ਹੋ ਗਏ ਜੋ ਕਿ ਉਸ ਦੇ ਝੰਡੇ ਹੇਠਾਂ ਲੜਨ-ਮਰਨ ਲਈ ਤਿਆਰ ਸਨ[1] । ਉਹ ਸੈਨਾ ਜਿਹੜੀ ਹੁਣ ਬੰਦੇ ਦੀ ਕਮਾਨ ਅਧੀਨ ਇਕੱਠੀ ਹੋਈ, ਤਿੰਨ ਸ਼੍ਰੇਣੀਆਂ ਵਿਚੋਂ ਸੀ । ਪਹਿਲੀ ਸ਼੍ਰੇਣੀ ਵਿਚ ਉਹ ਸੱਚੇ ਅਤੇ ਵਫ਼ਾਦਾਰ ਸਿੱਖ ਸਨ ਜਿਹੜੇ ਗੁਰੂ ਸਾਹਿਬ ਦੇ ਚਰਨਾਂ ਵਿਚ ਬੈਠਦੇ ਸਨ ਅਤੇ ਉਸ ਅਗਨੀ ਨਾਲ ਪ੍ਰਜਵਲਿਤ ਹੋਏ ਸਨ ਜਿਹੜੀ ਗੁਰੂ ਸਾਹਿਬ ਦੀ ਮਹਾਨ ਆਤਮਾ ਦੇ ਮਨ ਵਿਚ ਬਲਦੀ ਸੀ । ਉਹ ਆਪਣੀ ਕੌਮ ਅਤੇ ਧਰਮ ਦੇ ਵੈਰੀਆਂ ਵਿਰੁੱਧ ਧਰਮ-ਯੁੱਧ ਜਾਰੀ ਰੱਖਣ ਲਈ ਭਗਤੀ ਅਤੇ ਆਤਮ-ਬਲੀਦਾਨ ਦੀ ਭਾਵਨਾ ਨਾਲ ਬੰਦੇ ਦੇ ਦੁਆਲੇ ਜੁੜੇ । ਉਨ੍ਹਾਂ ਦਾ ਮਨੋਰਥ ਲੁੱਟ-ਮਾਰ ਜਾਂ ਸਵੈ-ਵਡਿਆਈ ਨਹੀਂ ਸੀ । ਸਗੋਂ ਇਸ ਤੋਂ ਉਲਟ ਸੈਂਕੜਿਆਂ ਨੇ ਆਪਣਾ ਮਾਲ-ਅਸਬਾਬ ਵੇਚ ਕੇ ਹਥਿਆਰ ਖ਼ਰੀਦ ਲਏ ਸਨ ਅਤੇ ਜੰਗ ਜਿੱਤਣ ਜਾਂ ਸ਼ਹੀਦੀ ਪ੍ਰਾਪਤ ਕਰਨ ਦਾ ਨਿਸ਼ਚਾ ਧਾਰ ਕੇ ਨਵੇਂ ਨੇਤਾ ਨਾਲ ਜਾ ਮਿਲੇ ਸਨ ।

ਦੂਸਰੀ ਸ਼੍ਰੇਣੀ ਲੋਭੀਆਂ ਦੀ ਸੀ ਜਿਨ੍ਹਾਂ ਨੂੰ ਫੂਲ ਵੰਸ਼ ਦੇ ਰਾਮ ਸਿੰਘ ਅਤੇ ਤ੍ਰਿਲੋਕ ਸਿੰਘ ਵਰਗੇ ਸਰਦਾਰਾਂ ਨੇ ਭਰਤੀ ਕਰ ਕੇ ਬੰਦੇ ਕੋਲ ਭੇਜਿਆ ਸੀ ਅਤੇ ਜਿਹੜੇ ਨਵੀਂ ਲਹਿਰ ਦੀ ਸਫਲਤਾ ਦੇ ਰੰਗ ਵਿਚ ਰੱਤੇ ਹੋਏ ਨ ਹੋਣ ਕਰ ਕੇ, ਦਰਬਾਰੀ ਕਿਰਪਾ ਅਤੇ ਜਾਇਦਾਦ ਖੁੱਸ ਜਾਣ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੇ ਸਨ ਅਤੇ ਨਿਜੀ ਤੌਰ ਤੇ ਬੰਦੇ ਦੀ ਸੈਨਾ ਵਿਚ ਸ਼ਾਮਿਲ ਹੋਣ ਦਾ ਸਾਹਸ ਨਹੀਂ ਕਰ ਸਕੇ ਸਨ । ਉਹ ਸੈਨਾ ਦੇ ਅਣਗਿਣਤ ਸਿਪਾਹੀਆਂ ਦੇ ਸ਼ਸਤਰਾਂ ਬਸਤਰਾਂ ਲਈ ਧਨ ਦਿੰਦੇ ਸਨ ਅਤੇ ਪਿੱਛੇ ਰਹਿ ਕੇ ਗੁਪਤ ਤੌਰ ਤੇ ਅੰਦੋਲਨ ਦੀ ਸਹਾਇਤਾ ਕਰਦੇ ਸਨ ।

ਤੀਸਰਾ ਵਰਗ ਬੇ-ਕਵਾਇਦ ਵਿਅਕਤੀਆਂ ਦਾ ਸੀ ਜਿਹੜੇ ਲੁੱਟ-ਮਾਰ ਦੇ ਲੋਭ ਕਰਕੇ ਬੰਦੇ ਨਾਲ ਰਲੇ ਸਨ । ਉਹ ਪੇਸ਼ਾਵਰ ਲੁਟੇਰੇ ਅਤੇ ਡਾਕੂ ਸਨ ਜਿਹੜੇ ਸਿਰਲੱਥ ਦਲੇਰੀ ਰਖਦੇ ਸਨ ਅਤੇ ਜਿਹੜੇ ਅੰਦੋਲਨ ਨੂੰ ਕੱਲ-ਮੁਕੱਲੇ ਰਾਹਗੀਰਾਂ ਜਾਂ ਸੁਦਾਗਰਾਂ ਦੇ

1. ਮੁਹੰਮਦ ਕਾਸਮ ਅਤੇ ਖ਼ਾਫ਼ੀ ਖ਼ਾਂ ਅਨੁਸਾਰ ਲੋਕ ਬੰਦੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਾਕਾਰ ਰੂਪ ਸਮਝਦੇ ਸਨ ।

ਕਾਫ਼ਲਿਆਂ ਨੂੰ ਲੁੱਟਣ ਦੀ ਬਜਾਏ ਨਗਰਾਂ ਅਤੇ ਕਸਬਿਆਂ ਦੀ ਲੁੱਟ ਦਾ ਸੁਨਹਿਰਾ ਅਵਸਰ ਖਿਆਲ ਕਰਦੇ ਸਨ ।

ਸਰਹਿੰਦ ਦੀਆਂ ਜੂਹਾਂ ਵਿਚ ਪਹੁੰਚਣ ਤਕ ਬੰਦੇ ਦੀ ਸੈਨਾ ਕਾਫ਼ੀ ਵੱਡੀ ਹੋ ਗਈ ਸੀ[1]। ਬੰਦੇ ਦਾ ਪਹਿਲਾ ਟੀਚਾ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਸਾਹਿਬਜ਼ਾਦਿਆਂ, ਜਿਹੜੇ ਕਿ ਇਸ ਇਲਾਕੇ ਵਿਚ ਵਹਿਸ਼ੀਆਨਾ ਤਰੀਕੇ ਨਾਲ ਸ਼ਹੀਦ ਕਰ ਦਿੱਤੇ ਗਏ ਸਨ, ਦੇ ਲਹੂ ਦਾ ਬਦਲਾ ਲੈਣਾ ਅਤੇ ਇਸ ਕਸਬੇ ਤੇ ਕਬਜ਼ਾ ਕਰ ਕੇ ਇਸ ਨੂੰ ਤਬਾਹ ਕਰ ਸੁੱਟਣਾ ਸੀ ।

ਜਦੋਂ ਉਹ ਕੈਥਲ ਵਿਖੇ ਪੁੱਜਾ ਤਾਂ ਉਸ ਨੂੰ ਖ਼ਬਰ ਮਿਲੀ ਕਿ ਭਾਰੀ ਖ਼ਜ਼ਾਨਾ ਦਿੱਲੀ ਲਜਾਇਆ ਜਾ ਰਿਹਾ ਹੈ ਅਤੇ ਖ਼ਜ਼ਾਨੇ ਦੀ ਰੱਖਿਅਕ ਸੈਨਾ ਬੂਣਾ ਪਿੰਡ ਠਹਿਰੀ ਹੈ । ਉਸ ਨੇ ਫ਼ੁਰੰਤ ਹਮਲਾ ਕਰ ਦਿੱਤਾ, ਸਿਪਾਹੀਆਂ ਦੇ ਟੁਕੜੇ ਟੁਕੜੇ ਕਰ ਕੇ ਸਾਰਾ ਧਨ ਲੁੱਟ ਲਿਆ ਜਿਹੜਾ ਉਸੇ ਵੇਲੇ ਉਸ ਦੇ ਸਿਪਾਹੀਆਂ ਵਿਚਕਾਰ ਵੰਡ ਦਿੱਤਾ ਗਿਆ ਜਿਸ ਨਾਲ ਉਨ੍ਹਾਂ ਦੀ ਖੁਸ਼ੀ ਅਤੇ ਹੌਸਲੇ ਵਿਚ ਬੜਾ ਵਾਧਾ ਹੋਇਆ । ਕੈਥਲ ਦੇ ਕਸਬੇ ਵਿਚ ਲੁੱਟ-ਮਾਰ ਕਰਨ ਤੋਂ ਪਿੱਛੋਂ ਬੰਦਾ ਸਮਾਣੇ ਵਲ ਵਧਿਆ ਜੋ ਕਿ ਕਾਤਲ ਜਲਾਲ-ਉਦ-ਦੀਨ ਦਾ ਜਨਮ-ਸਥਾਨ ਸੀ ਜਿਸ ਨੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕੀਤਾ ਸੀ । ਕਸਬਾ ਲੁੱਟ ਲਿਆ ਗਿਆ ਅਤੇ ਕੋਈ 10,000 ਮੁਸਲਮਾਨ ਮੌਤ ਦੇ ਘਾਟ ਉਤਾਰ ਦਿੱਤੇ ਗਏ ।[2] ਘੁੜਾਮ, ਠਸਕਾ, ਅੰਬਾਲਾ, ਕੁੰਜਪੁਰ, ਮੁਸਤਫ਼ਾਬਾਦ ਅਤੇ ਕਪੂਰੀ[3] ਦੇ ਕਸਬੇ ਲੁੱਟੇ ਗਏ ਅਤੇ ਮੁਸਲਮਾਨ ਅਫ਼ਸਰਾਂ ਨੂੰ ਉਨ੍ਹਾਂ ਦੇ ਜ਼ੁਲਮ ਅਤੇ ਜਬਰ ਦੀ ਸਜ਼ਾ ਦਿੱਤੀ ਗਈ । ਇਸ ਤੋਂ ਪਿੱਛੋਂ ਸਢੌਰੇ ਤੇ ਹਮਲਾ ਹੋਇਆ । ਕਸਬੇ ਦੇ ਮੁਸਲਮਾਨਾਂ ਨੇ ਸੱਯਦਾਂ ਦੀ ਹਵੇਲੀ ਵਿਚ ਪਨਾਹ ਲੈ ਲਈ ਪਰ ਬੰਦੇ ਨੇ ਉਨ੍ਹਾਂ ਤੇ ਕੋਈ ਰਹਿਮ ਨ ਕੀਤਾ ਅਤੇ ਸਭ ਕਤਲ ਕਰ ਦਿੱਤੇ ਗਏ ।

ਇਹ ਥਾਂ ਅਜੇ ਤਕ ਮੌਜੂਦ ਹੈ ਅਤੇ ਕਤਲਗੜ੍ਹੀ ਦੇ ਨਾਂ ਨਾਲ ਮਸ਼ਹੂਰ ਹੈ । ਇਸ ਤੋਂ ਪਿੱਛੋਂ ਬੰਦੇ ਨੇ ਮੁਖ਼ਲਿਸਪੁਰ ਦੇ ਕਿਲ੍ਹੇ ਤੇ ਕਬਜ਼ਾ ਕਰ ਕੇ ਇਸ ਦਾ ਨਾਂ ਲੋਹਗੜ੍ਹ ਰੱਖ ਦਿੱਤਾ ।

---

1. ਖ਼ਾਫ਼ੀ ਖ਼ਾਂ ਅਨੁਸਾਰ ਦੋ ਜਾਂ ਤਿੰਨ ਮਹੀਨਿਆਂ ਵਿਚ 4000 ਘੋੜਸੁਆਰ ਅਤੇ ਸਤ ਜਾਂ ਅੱਠ ਹਜ਼ਾਰ ਪੈਦਲ ਬੰਦੇ ਦੇ ਨਾਲ ਰਲ ਗਏ ਸਨ ਅਤੇ ਥੋੜੇ ਸਮੇਂ ਵਿਚ ਹੀ ਉਨ੍ਹਾਂ ਦੀ ਗਿਣਤੀ ਅੱਠ ਜਾਂ ਨੌ ਹਜ਼ਾਰ ਹੋ ਗਈ ਅਤੇ ਅੰਤ ਨੂੰ 40,000 ਤਕ ਜਾ ਪੁੱਜੀ ।

2. 'ਬੰਦਾ ਬਹਾਦਰ' ।

3. ਕਪੂਰੀ ਅੰਬਾਲਾ ਜ਼ਿਲ੍ਹੇ ਵਿਚ ਸਢੌਰੇ ਤੋਂ ਚਾਰ ਮੀਲ ਦੂਰ ਇਕ ਪਿੰਡ ਹੈ । ਇਸ ਥਾਂ ਦਾ ਹਾਕਮ ਬੜਾ ਜਾਬਰ ਸੀ ਅਤੇ ਅਤਿ ਭੈੜੀ ਕਿਸਮ ਦਾ ਵਿਭਚਾਰੀ ਸੀ । ਕਸਬੇ ਦਾ ਕੋਈ ਘਰ ਅਜੇਹਾ ਨਹੀਂ ਸੀ ਜਿਸ ਦੀ ਪੱਤ ਉਸ ਦੀ ਵਾਸ਼ਨਾ ਦਾ ਸ਼ਿਕਾਰ ਨ ਹੋਈ ਹੋਵੇ । ਉਸ ਦਾ ਨਾਂ ਕਦਮ-ਉਦ-ਖ਼ਾਂ ਸੀ ।

ਇਸ ਤੋਂ ਪਿੱਛੋਂ ਛਤ ਅਤੇ ਬਨੂੜ ਦੇ ਕਸਬੇ, ਜਿਥੋਂ ਦੇ ਮੁਸਲਮਾਨਾਂ ਦੀ ਧਰਮ-ਕੱਟੜਤਾ ਅਤੇ ਗਊਆਂ ਦੇ ਬੱਧ ਨੇ ਬੰਦੇ ਦਾ ਧਿਆਨ ਖਿੱਚਿਆ ਸੀ, ਤਬਾਹ ਕਰ ਦਿੱਤੇ ਗਏ ਅਤੇ ਉਥੋਂ ਦੇ ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ਗਿਆ ।

ਭਾਵੇਂ ਇਹ ਜਿੱਤਾਂ ਛੋਟੀਆਂ ਸਨ ਪਰ ਇਨ੍ਹਾਂ ਨਾਲ ਬੰਦੇ ਦੇ ਅਨੁਯਾਈਆਂ ਦੇ ਹੌਸਲੇ ਵਧ ਗਏ ਅਤੇ ਸਰਹਿੰਦ ਪਹੁੰਚਦੇ ਪਹੁੰਚਦੇ ਹਜ਼ਾਰਾਂ ਹੋਰ ਉਸ ਦੇ ਝੰਡੇ ਥੱਲੇ ਜਮ੍ਹਾਂ ਹੋ ਗਏ । ਇਹ ਉਹ ਥਾਂ ਸੀ ਜਿਥੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੂੰ ਵਹਿਸ਼ੀਆਨਾ ਤਰੀਕੇ ਨਾਲ ਸ਼ਹੀਦ ਕੀਤਾ ਗਿਆ ਸੀ ਅਤੇ ਇਹ ਥਾਂ ਸਿੱਖਾਂ ਦੇ ਮਨ ਵਿਚ ਸਭ ਤੋਂ ਵੱਧ ਘ੍ਰਿਣਾਜਨਕ ਅਤੇ ਭੈੜੀ ਸੀ । ਗੁਰੂ ਗੋਬਿੰਦ ਸਿੰਘ ਦੇ ਅਨੁਯਾਈ ਇਸ ਕਾਤਲ ਕਸਬੇ ਤੋਂ ਬਦਲਾ ਲੈਣ ਦੇ ਮੌਕੇ ਦੀ ਭਾਲ ਵਿਚ ਮੁੱਠੀਆਂ ਵੱਟ ਰਹੇ ਸਨ । ਸਰਹਿੰਦ ਦੀ ਲੜਾਈ ਵਿਚ ਭਾਗ ਲੈਣਾ ਧਾਰਮਿਕ ਕਰਤੱਵ ਸਮਝਿਆ ਜਾਣ ਲੱਗ ਪਿਆ ਸੀ ਅਤੇ ਸ਼ਹੀਦੀ ਦੀ ਇੱਛਾ ਮਾਝੇ ਅਤੇ ਮਾਲਵੇ ਵਿਚੋਂ ਹਜ਼ਾਰਾਂ ਵਿਅਕਤੀਆਂ ਨੂੰ ਹਮਲੇ ਵਿਚ ਸ਼ਾਮਿਲ ਹੋਣ ਲਈ ਖਿੱਚ ਲਿਆਈ ਸੀ । ਹਜ਼ਾਰਾਂ ਹੋਰ ਲੁੱਟ-ਮਾਰ ਦੀ ਸੰਭਾਵਨਾ ਨੇ ਖਿੱਚ ਲਏ ਸਨ ਕਿਉਂਕਿ ਸੂਬਾ ਸਰਹਿੰਦ ਰਾਜਧਾਨੀ ਸੀ ਜਿਸ ਕਰਕੇ ਜੇਤੂਆਂ ਨੂੰ ਉਥੋਂ ਭਾਰੀ ਲੁੱਟ ਦੀ ਆਸ ਸੀ ।

ਇਹ ਪ੍ਰਸਿੱਧ ਲੜਾਈ 30 ਮਈ 1710 ਈ.[1] ਨੂੰ ਹੋਈ । ਮਲੇਰ ਕੋਟਲਾ ਦੇ ਸ਼ੇਰ ਮੁਹੰਮਦ ਅਤੇ ਖ਼ਵਾਜਾ ਅਲੀ ਦੀ ਸਹਾਇਤਾ ਨਾਲ ਸੂਬੇਦਾਰ ਵਜ਼ੀਰ ਖਾਂ ਨੇ ਫੌਜ ਦੀ ਕਮਾਨ ਆਪ ਸੰਭਾਲ ਲਈ । ਉਸ ਕੋਲ ਕਈ ਤੋਪਾਂ, ਜੰਬੂਰਕਾਂ ਅਤੇ ਹਾਥੀਆਂ ਦੀ ਇਕ ਲੰਮੀ ਕਤਾਰ ਸੀ । ਦੂਸਰੇ ਪਾਸੇ ਬੰਦੇ ਕੋਲ ਕੋਈ ਤੋਪਾਂ ਜਾਂ ਹਾਥੀ ਨਹੀਂ ਸਨ, ਇਥੋਂ ਤਕ ਕਿ ਲੋੜੀਂਦੀ ਗਿਣਤੀ ਵਿਚ ਚੰਗੇ ਘੋੜੇ ਵੀ ਨਹੀਂ ਸਨ । ਜਿਉਂ ਹੀ ਲੜਾਈ ਸ਼ੁਰੂ ਹੋਈ ਅਤੇ ਮੁਗਲ ਤੋਪਖਾਨੇ ਨੇ ਅੱਗ ਵਰ੍ਹਾਉਣੀ ਆਰੰਭ ਕੀਤੀ ਤਾਂ ਲੁੱਟ ਦੇ ਲੋਭੀ ਲੁਟੇਰੇ ਅਤੇ ਡਾਕੂ ਭੱਜ ਨਿਕਲੇ ਅਤੇ ਵਫ਼ਾਦਾਰ ਸਿੱਖ ਲੜਾਈ ਵਿਚ ਇਕੱਲੇ ਰਹਿ ਗਏ । ਫ਼ਤਹ ਸਿੰਘ, ਕਰਮ ਸਿੰਘ, ਧਰਮ ਸਿੰਘ, ਅਤੇ ਅਲੀ ਸਿੰਘ ਕੋਲ ਮਾਲਵੇ ਦੀ ਸੈਨਾ ਦੀ ਕਮਾਨ ਸੀ ਅਤੇ ਬਾਜ ਸਿੰਘ ਅਤੇ ਬਿਨੋਦ ਸਿੰਘ ਮਾਝੇ ਦੀ ਸੈਨਾ ਦੀ ਅਗਵਾਈ ਕਰ ਰਹੇ ਸਨ । ਖ਼ੁਦ ਬੰਦਾ ਆਪਣੀ ਸੈਨਾ ਦੇ ਅੱਗੇ ਸੱਚੇ ਰਾਜਪੂਤ ਦੀ ਤਰ੍ਹਾਂ ਲੜਿਆ । ਧਾਰਮਿਕ ਜੋਸ਼ ਨੇ ਤੋਪਖ਼ਾਨੇ ਅਤੇ ਮੁਗਲ ਸਿਪਾਹੀਆਂ ਦੀ ਬਹੁਗਿਣਤੀ ਤੇ ਜਿੱਤ ਪ੍ਰਾਪਤ ਕੀਤੀ । ਵਜ਼ੀਰ ਖ਼ਾਂ ਅਤੇ ਉਸ ਦਾ ਦੀਵਾਨ ਦੋਵੇਂ ਮਾਰੇ ਗਏ । ਕਸਬੇ ਵਿਚ ਲੁੱਟ ਮਚ ਗਈ ਅਤੇ ਹਰ ਉਮਰ ਦੇ ਮੁਸਲਮਾਨ ਮਰਦਾਂ-ਔਰਤਾਂ ਦਾ ਬੇਫ਼ਿਕਰ ਕਤਲ ਕੀਤਾ ਗਿਆ ।[2]

---

1. ਖ਼ਾਫ਼ੀ ਖ਼ਾਂ ਨੇ ਇਸ ਲੜਾਈ ਦਾ ਵਿਸਥਾਰਪੂਰਕ ਅਤੇ ਸਪਸ਼ਟ ਵਰਣਨ ਕੀਤਾ ਹੈ ।
2. ਉਨ੍ਹਾਂ ਨੇ ਕਸਬੇ ਦੇ ਸਾਰੇ ਮੁਸਲਮਾਨਾਂ ਨੂੰ ਕਤਲ ਕਰ ਦਿੱਤਾ, ਸੰਗੀਨਾਂ ਤੇ ਟੰਗ ਦਿੱਤਾ, ਗਲਾ ਘੋਟ

(ਬਾਕੀ ਦੇਖੋ ਸਫ਼ਾ 112 ਤੇ)

ਸਰਹਿੰਦ ਦੀ ਲੁੱਟ ਤਿਨ ਦਿਨ ਪੈਂਦੀ ਰਹੀ। ਚੌਥੇ ਦਿਨ ਇਸ ਨੂੰ ਹੁਕਮ ਨਾਲ ਬੰਦ ਕਰ ਦਿੱਤਾ ਗਿਆ। ਬਾਜ ਸਿੰਘ[1] ਜੋ ਕਿ ਮਾਝੇ ਦੇ ਸਿੰਘਾਂ ਦਾ ਕਮਾਂਡਰ ਸੀ, ਨੂੰ ਸਰਹਿੰਦ ਦਾ ਸੂਬੇਦਾਰ ਥਾਪਿਆ ਗਿਆ ਅਤੇ ਮਾਲਵੇ ਦੇ ਸਿੰਘਾਂ ਦੇ ਕਮਾਂਡਰ ਅਲੀ ਸਿੰਘ ਨੂੰ ਉਸ ਦਾ ਨਾਇਬ ਮੁਕੱਰਰ ਕਰ ਦਿੱਤਾ ਗਿਆ।

ਫ਼ਤਹ ਸਿੰਘ ਨੂੰ ਸਮਾਣੇ ਦਾ ਸੂਬੇਦਾਰ ਬਣਾਇਆ ਗਿਆ ਅਤੇ ਬਾਜ ਸਿੰਘ ਦੇ ਭਰਾ ਰਾਮ ਸਿੰਘ ਨੂੰ ਬਾਬਾ ਬਿਨੋਦ ਸਿੰਘ ਨਾਲ ਥਾਨੇਸਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ। ਸਰਹਿੰਦ ਦੇ 28 ਪਰਗਨਿਆਂ ਦੇ ਮੁਸਲਮਾਨ ਹਾਕਮਾਂ ਦੀ ਥਾਂ ਹਿੰਦੂ ਹਾਕਮ ਲਾ ਦਿੱਤੇ ਗਏ ਅਤੇ ਸਤਲੁਜ ਅਤੇ ਜਮਨਾ ਦੇ ਵਿਚਕਾਰ ਦਾ ਵਧੇਰੇ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ।

ਬੰਦੇ ਨੂੰ ਹੁਣ ਹਿੰਦੂ ਧਰਮ ਦਾ[2] ਰੱਖਿਅਕ ਸਮਝਿਆ ਜਾਣ ਲੱਗ ਪਿਆ ਸੀ ਅਤੇ

(ਸਫ਼ਾ 111 ਦੀ ਬਾਕੀ)

ਦਿੱਤਾ, ਫ਼ਾਂਸੀ ਲਟਕਾ ਦਿੱਤਾ, ਗੋਲੀ ਮਾਰ ਦਿੱਤੀ, ਟੁਕੜੇ ਟੁਕੜੇ ਕਰ ਦਿੱਤਾ ਅਤੇ ਜੀਉਂਦੇ ਜਲਾ ਦਿੱਤਾ। ਗੱਲ ਇਥੇ ਹੀ ਖ਼ਤਮ ਨਹੀਂ ਹੋਈ। ਜ਼ਹਿਰੀਲੇ ਨਾਗਾਂ ਦੇ ਕ੍ਰੋਧ ਦੀ ਸਾਂਤਵਨਾ ਲਈ ਮਰ ਚੁੱਕੇ ਜਾਬਰਾਂ ਨੂੰ ਵੀ ਹਿੱਸਾ ਪਾਉਣਾ ਪਿਆ। ਕਬਰਾਂ ਦੀ ਮੁਤਬਰਕਤਾ ਭੰਗ ਕਰ ਦਿੱਤੀ ਗਈ ਅਤੇ ਲਾਸ਼ਾਂ ਦੀ ਚੀਰ-ਫਾੜ ਕਰ ਕੇ ਬਾਹਰ ਸੁੱਟ ਦਿੱਤਾ ਗਿਆ। ਲਤੀਫ਼ ਕ੍ਰਿਤ 'ਹਿਸਟਰੀ ਆਫ਼ ਦਿ ਪੰਜਾਬ'।

ਉਕਤ ਬਿਆਨ ਅਤਿਕਥਨੀ ਭਰਿਆ ਲਗਦਾ ਹੈ। ਅਹਿਮਦ ਸ਼ਾਹ ਦਾ ਮਕਬਰਾ ਜਿਹੜਾ ਕਿ ਅਜੇਹੀਆਂ ਇਮਾਰਤਾਂ ਵਿਚੋਂ ਸਭ ਤੋਂ ਸ਼ਾਨਦਾਰ ਹੈ, ਆਪਣੀ ਅਸਲੀ ਹਾਲਤ ਵਿਚ ਖਲੋਤਾ ਹੈ। ਇਹ ਗੱਲ ਲਤੀਫ਼ ਦੀ ਅਤਿਕਥਨੀ ਦੇ ਸਬੂਤ ਵਜੋਂ ਕਾਫ਼ੀ ਹੈ ਭਾਵੇਂ ਖ਼ਾਫ਼ੀ ਖ਼ਾਂ ਨੇ ਵੀ ਲਤੀਫ਼ ਦੇ ਬਿਆਨ ਦੇ ਸਹੀ ਹੋਣ ਦੇ ਪ੍ਰਮਾਣ ਵਜੋਂ ਲਿਖਿਆ ਹੈ ਕਿ ਔਰਤਾਂ ਦੀਆਂ ਬੱਚੇਦਾਨੀਆਂ ਵਿਚੋਂ ਬੱਚੇ ਕੱਢ ਕੇ ਵੀ ਕਤਲ ਕੀਤੇ ਗਏ।

1. ਬਾਜ ਸਿੰਘ, ਬੱਲ ਜਾਤ ਦਾ ਜੱਟ ਅਤੇ ਅੰਮ੍ਰਿਤਸਰ (?) ਜ਼ਿਲ੍ਹੇ ਵਿਚ ਮੀਰ ਪੁਰ ਪੱਟੀ ਦਾ ਵਸਨੀਕ ਸੀ ਜੋ ਗੁਰੂ ਗੋਬਿੰਦ ਸਿੰਘ ਦਾ ਅਨੁਯਾਈ ਸੀ ਅਤੇ ਉਨ੍ਹਾਂ ਨਾਲ ਦੱਖਣ ਗਿਆ ਸੀ। ਗੁਰੂ ਸਾਹਿਬ ਨੇ ਉਸ ਨੂੰ ਬੰਦੇ ਦਾ ਸਲਾਹਕਾਰ ਬਣਾ ਕੇ ਭੇਜਿਆ ਸੀ। ਉਸ ਨੇ ਆਪਣੇ ਭਾਈਆਂ ਰਾਮ ਸਿੰਘ, ਸ਼ਾਮ ਸਿੰਘ ਅਤੇ ਕੁਬੇਰ ਸਿੰਘ ਸਮੇਤ ਬੰਦੇ ਦਾ ਸਾਰੀਆਂ ਲੜਾਈਆਂ ਵਿਚ ਸਾਥ ਦਿੱਤਾ ਅਤੇ ਅਖ਼ੀਰ 1716 ਈ. ਵਿਚ ਉਹ ਵੀ ਦਿੱਲੀ ਵਿਚ ਬੰਦੇ ਨਾਲ ਸ਼ਹੀਦ ਹੋਇਆ। ਮੁਹੰਮਦ ਕਾਸਮ ਨੇ ਉਸ ਦਾ ਨਾਂ ਬਾਜ਼ ਸਿੰਘ ਲਿਖਿਆ ਹੈ। ਵੇਖੋ ਇਬਰਤ ਨਾਮਾ ਪਤਿ 29। 'ਤਾਰੀਖੇ ਮੁਹੰਮਦ ਸ਼ਾਹੀ' ਵਿਚ ਉਸ ਨੂੰ ਬਖ਼ਤ ਸਿੰਘ ਕਿਹਾ ਗਿਆ ਹੈ।
2. ਉਸ ਨੇ ਆਪਣੇ ਆਪ ਨੂੰ ਅਜੇਹਾ ਸਿੱਧ ਕਰ ਦਿੱਤਾ ਅਤੇ ਹਿੰਦੂ ਉਸ ਨੂੰ ਮੁਸਲਮਾਨਾਂ ਨੂੰ ਉਨ੍ਹਾਂ ਦੇ ਜ਼ੁਲਾਹਾਂ ਦੀ ਸਜ਼ਾ ਦੇਣ ਵਾਸਤੇ ਪਰਮਾਤਮਾ ਵੱਲੋਂ ਭੇਜਿਆ ਅਵਤਾਰ ਸਮਝਣ ਲੱਗ ਪਏ। ਦੁਖੀ ਹਿੰਦੂ ਉਸ ਕੋਲ ਸਹਾਇਤਾ ਲਈ ਗਏ ਜਿਹੜੀ ਇੱਛਾ ਪੂਰਵਕ ਅਤੇ ਸਫਲਤਾ ਨਾਲ ਦਿੱਤੀ ਗਈ। ਇਸ ਤੱਥ ਨੇ ਸਿੱਖ ਸੱਤਾ ਦੇ ਵਾਧੇ ਵਿਚ ਭਾਰੀ ਹਿੱਸਾ ਪਾਇਆ। ਭਰਾਵਾਂ ਦੇ ਕਾਤਲਾਂ ਤੇ ਕੋਈ

(ਬਾਕੀ ਵੇਖੋ ਸਫ਼ਾ 113 ਤੇ)

ਦੇਵ ਬੰਦ ਦੇ ਹਿੰਦੂਆਂ, ਜਿਨ੍ਹਾਂ ਨਾਲ ਜਲਾਲਾਬਾਦ[1] ਦਾ ਹਾਕਮ ਜਲਾਲ-ਉਦ-ਦੀਨ ਬੜਾ ਜ਼ਾਲਮਾਨਾ ਸਲੂਕ ਕਰ ਰਿਹਾ ਸੀ, ਦੀ ਫ਼ਰਿਆਦ ਸੁਣ ਕੇ ਬੰਦਾ ਪੂਰਬ ਵੱਲ ਵਧਿਆ। ਉਸ ਨੇ ਸਹਾਰਨਪੁਰ[2] ਤੇ ਹਮਲਾ ਕਰ ਦਿੱਤਾ। ਇਸ ਦਾ ਹਾਕਮ ਅਲੀ ਮੁਹੰਮਦ ਨਗਰ ਛੱਡ ਕੇ ਭੱਜ ਗਿਆ ਅਤੇ ਸਿੱਖਾਂ ਨੇ ਇਸ ਦੀ ਲੁੱਟ-ਮਾਰ ਕੀਤੀ। ਇਸ ਤੋਂ ਪਿੱਛੋਂ ਉਸ ਦਾ ਧਿਆਨ ਬੇਹਟ[3] ਵੱਲ ਗਿਆ ਜਿਥੋਂ ਦੇ ਪੀਰਜ਼ਾਦੇ ਗੋ-ਬੱਧ ਵਿਚ ਵਿਸ਼ੇਸ਼ ਰੁਚੀ ਲੈਂਦੇ ਦੱਸੇ ਜਾਂਦੇ ਹਨ। ਇਹ ਕਹਿਣ ਦੀ ਲੋੜ ਨਹੀਂ ਕਿ ਇਥੇ ਵੀ ਲੁੱਟ-ਮਾਰ ਕੀਤੀ ਗਈ ਅਤੇ ਘਰ ਅਤੇ ਨਗਰ ਤਬਾਹ ਕਰ ਦਿੱਤੇ ਗਏ। ਜਲਾਲਾਬਾਦ ਪਹੁੰਚਣ ਤੋਂ ਪਹਿਲਾਂ ਸਿੱਖਾਂ ਨੇ ਰਾਹ ਵਿਚ ਪੈਂਦੇ ਹਰੇਕ ਪਿੰਡ ਅਤੇ ਕਸਬੇ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਵਿਚੋਂ ਅਮਬੇਟਾ ਅਤੇ ਨਾਨੌਤਾ ਵਗੈਰੇ ਪ੍ਰਸਿੱਧ ਸਨ। ਨਾਨੌਤਾ ਦੀ ਲੜਾਈ ਦਾ ਜ਼ਿਕਰ, ਇਸ ਲੜਾਈ ਦੇ ਚਸ਼ਮਦੀਦ ਗਵਾਹ ਮੁਹੰਮਦ ਜਫ਼ਰ-ਉਦ-ਦੀਨ ਦੀ ਡਾਇਰੀ ਵਿਚੋਂ ਕਲਕੱਤਾ ਰੀਵਿਊ[4] ਵਿਚ ਮੁੜ ਪ੍ਰਕਾਸ਼ਿਤ ਕੀਤਾ ਗਿਆ ਹੈ। ਕਸਬੇ ਦਾ ਚੌਥਾ ਹਿੱਸਾ ਤਬਾਹ ਕਰ ਦਿੱਤਾ ਗਿਆ ਜਿਸ ਵਿਚ ਤਿੰਨ ਸੌ ਸ਼ੇਖਜ਼ਾਦੇ ਮਾਰੇ ਗਏ। ਇਹ ਕਸਬਾ ਅੱਜ ਤਕ 'ਫੂਟਾ ਸ਼ਹਿਰ' ਦੇ ਨਾਂ ਨਾਲ ਪ੍ਰਸਿੱਧ ਹੈ।[5] ਇਸ ਤੋਂ ਪਿੱਛੋਂ ਸਿੱਖ ਜਲਾਲਾਬਾਦ ਪਹੁੰਚੇ ਅਤੇ ਇਸ ਨੂੰ ਘੇਰਾ ਪਾ ਲਿਆ। ਅਫ਼ਗਾਨ ਬਹਾਦਰੀ ਨਾਲ ਲੜੇ ਤੇ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਣ ਕਰਕੇ ਅਤੇ ਆਲੇ ਦੁਆਲੇ ਦਾ ਇਲਾਕਾ ਤਬਾਹ ਹੋ ਜਾਣ ਕਰਕੇ ਬੰਦੇ ਨੇ ਘੇਰਾ ਛੱਡ ਦਿੱਤਾ[6]। ਇਸ ਤੋਂ ਪਿੱਛੋਂ ਉਸ ਨੇ ਕਰਨਾਲ ਤੇ ਚੜ੍ਹਾਈ ਕੀਤੀ ਅਤੇ ਪਾਨੀਪਤ[7] ਤਕ ਦਾ ਸਾਰਾ ਇਲਾਕਾ ਤਬਾਹ ਕਰ ਦਿੱਤਾ। ਹੁਣ ਸਿੱਖ ਖ਼ਾਸ ਦਿੱਲੀ ਦੇ ਸੂਬੇ ਵਿਚ ਪਹੁੰਚ ਗਏ ਸਨ ਅਤੇ ਉਨ੍ਹਾਂ ਦੀ ਲੁੱਟ-ਮਾਰ ਦੀਆਂ ਰਿਪੋਟਾਂ ਚਾਰੇ ਪਾਸਿਆਂ ਤੋਂ ਆ ਰਹੀਆਂ ਸਨ। ਸਰਹਿੰਦ ਤੋਂ ਲੈ ਕੇ ਪਾਨੀਪਤ ਤਕ ਉਨ੍ਹਾਂ ਦਾ ਸਿੱਕਾ ਚਲਦਾ ਸੀ ਅਤੇ

(ਸਫ਼ਾ 112 ਦੀ ਬਾਕੀ)

ਰਹਿਮ ਨ ਕੀਤਾ ਗਿਆ ਅਤੇ ਇਹ ਸਾਰੀ ਹਿੰਦੂ ਜਾਤੀ ਦੀ ਹਮਦਰਦੀ ਜਿੱਤਣ ਲਈ ਕਾਫ਼ੀ ਸੀ। ਉਸ ਦੀਆਂ ਕਾਢਾਂ ਇਸੇ ਮੰਤਵ ਨਾਲ ਜੋੜੀਆਂ ਜਾ ਸਕਦੀਆਂ ਸਨ।

1. ਇਹ ਕਸਬਾ ਸਹਾਰਨਪੁਰ ਤੋਂ 20 ਮੀਲ ਹੈ ਅਤੇ ਮੁਜ਼ਫ਼ਰ ਨਗਰ ਜ਼ਿਲ੍ਹੇ ਵਿਚ ਹੈ।
2. ਖ਼ਾਫ਼ੀ ਖ਼ਾਂ ਨੇ ਸਾਰੰਗਪੁਰ ਲਿਖਿਆ ਹੈ।
3. ਸਹਾਰਨਪੁਰ ਤੋਂ ਸਤਾਰਾਂ ਮੀਲ ਹੈ।
4. ਜਿਲਦ 60। ਡਾਇਰੀ ਅਨੁਸਾਰ ਲੜਾਈ 11 ਜੁਲਾਈ 1710 ਈ. ਨੂੰ ਹੋਈ। (ਵੇਖੋ ਬੰਦਾ ਬਹਾਦਰ)।
5. 'ਬੰਦਾ ਬਹਾਦਰ'।
6. ਖ਼ਾਫ਼ੀ ਖ਼ਾਂ ਲਿਖਦਾ ਹੈ ਕਿ ਇਸ ਤੋਂ ਪਿੱਛੋਂ ਬੰਦਾ ਸੁਲਤਾਨਪੁਰ ਗਿਆ।
7. ਰਿਸਾਲਾ-ਏ-ਨਾਨਕ ਸ਼ਾਹ।

ਕੋਈ ਵੀ ਸਰਦਾਰ ਅਜੇਹਾ ਨਹੀਂ ਸੀ ਜਿਹੜਾ ਉਨ੍ਹਾਂ ਵਿਰੁੱਧ ਚੜ੍ਹਾਈ ਕਰਨ ਦਾ ਹੌਸਲਾ ਕਰ ਸਕਦਾ । ਨਿਜ਼ਾਮ-ਉਲ-ਮੁਲਕ ਆਸਿਫ-ਉਦ-ਦੌਲਾ ਅਸਦ ਖ਼ਾਂ[1], ਜੋ ਕਿ ਰਾਜਧਾਨੀ ਦਾ ਸੂਬੇਦਾਰ ਸੀ, ਬਹੁਤ ਘਬਰਾ ਗਿਆ ਅਤੇ ਉਸ ਨੇ ਭਾਰੀ ਕਾਇਰਤਾ ਵਿਖਾਈ । ਦਿੱਲੀ ਦੇ ਵਸਨੀਕਾਂ ਨੇ ਭੈ ਭੀਤ ਹੋ ਕੇ ਪੂਰਬੀ ਸੂਬਿਆਂ ਵਿਚ ਜਾ ਸ਼ਰਨ ਲਈ ।[2]

ਬਾਦਸ਼ਾਹ ਬਾਹਰ ਗਿਆ ਹੋਇਆ ਸੀ । ਜਰਨੈਲ ਅਤੇ ਸਰਦਾਰ ਸਭ ਬੰਦੇ ਤੋਂ ਸਹਿਮੇ ਹੋਏ ਸਨ । ਪਾਨੀਪਤ ਤੋਂ ਦਿੱਲੀ ਤਕ ਦਾ ਰਾਹ ਖੁਲ੍ਹਾ ਪਿਆ ਸੀ ਪਰ ਸਿੱਖ ਪਤਾ ਨਹੀਂ ਕਿਉਂ ਅੱਗੇ ਨ ਵਧੇ[3] । ਸ਼ਾਇਦ ਇਹ ਉਨ੍ਹਾਂ ਦੇ ਮਨ ਵਿਚ ਬਾਦਸ਼ਾਹ ਦੇ ਡਰ ਕਰਕੇ ਸੀ ਜੋ ਕਿ ਸਿੱਖ ਧਾਵਿਆਂ ਦੀਆਂ ਰਿਪੋਟਾਂ[4] ਨਾਲ ਚੌਕੰਨਾ ਹੋ ਗਿਆ ਸੀ ਅਤੇ ਛੇਤੀ ਤੋਂ ਛੇਤੀ ਵਾਪਸ ਮੁੜ ਰਿਹਾ ਸੀ[5] । ਆਪਣੀਆਂ ਦੱਖਣ ਦੀਆਂ ਸਫਲਤਾਵਾਂ ਤੋਂ ਪਿੱਛੋਂ ਬਾਦਸ਼ਾਹ ਸਾਹ ਲੈਣ ਲਈ ਵੀ ਦਿੱਲੀ ਵਿਚ ਦਾਖ਼ਿਲ ਨ ਹੋਇਆ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਸਿੱਧਾ ਸਰਹਿੰਦ ਨੂੰ ਕੂਚ ਕਰ ਦਿੱਤਾ । ਸਿਪਾਹਸਾਲਾਰ ਮੁਹਾਬਤ ਖ਼ਾਂ ਅਤੇ ਫ਼ੀਰੋਜ਼ ਖ਼ਾਂ ਮੇਵਾਤੀ[6] ਦੀ ਕਮਾਨ ਹੇਠਾਂ ਸ਼ਾਹੀ ਫ਼ੌਜ ਦੇ ਮੋਹਰਲੇ ਦਸਤਿਆਂ ਨੇ ਥਾਨੇਸਰ ਅਤੇ ਤਰਾਉੜੀ ਦੇ ਸਥਾਨਾਂ ਤੇ ਬੰਦੇ ਦੇ ਨਾਇਬਾਂ ਰਾਮ ਸਿੰਘ ਅਤੇ ਬਿਨੋਦ ਸਿੰਘ ਦੀਆਂ ਫੌਜਾਂ ਨਾਲ ਟੱਕਰ ਲਈ । 10 ਨਵੰਬਰ 1710 ਈ. ਨੂੰ ਅਮੀਨਾਬਾਦ ਜੋ ਕਿ ਥਾਨੇਸਰ ਅਤੇ ਤਰਾਉੜੀ ਵਿਚਕਾਰ ਸ਼ਾਹੀ ਸੜਕ ਉੱਤੇ ਵਸਿਆ ਹੋਇਆ ਸੀ, ਦੇ ਸਥਾਨ ਤੇ ਲੜਾਈ ਹੋਈ । ਸਿੱਖਾਂ ਨੂੰ ਹਾਰ ਹੋਈ ਅਤੇ ਉਨ੍ਹਾਂ ਦਾ ਬਹੁਤ ਸਾਰਾ ਜਾਨੀ ਨੁਕਸਾਨ ਹੋਇਆ । ਜ਼ਖਮੀ ਅਤੇ ਮਰ ਰਹੇ ਸਿਪਾਹੀਆਂ ਨੂੰ ਵੀ ਨ ਛਡਿਆ ਗਿਆ ਅਤੇ ਹੋਰ ਜੰਗੀ ਕੈਦੀਆਂ ਸਮੇਤ ਉਨ੍ਹਾਂ ਨੂੰ

---

1. ਉਸ ਨੇ ਬਾਦਸ਼ਾਹ ਨੂੰ ਕੇਵਲ ਘਬਰਾਹਟ ਭਰੇ ਖਤ ਲਿਖੇ ਜੋ ਕਿ ਉਦੋਂ ਰਾਜਪੂਤਾਂ ਨਾਲ ਲੜ ਰਿਹਾ ਸੀ।
2. ਲਤੀਫ ਅਨੁਸਾਰ ਇਰਾਦਤ ਖ਼ਾਂ ।
3. 'ਪੰਥ ਪ੍ਰਕਾਸ਼' ਦਾ ਲੇਖਕ ਸਿੱਖਾਂ ਦੀ ਸੁਸਤੀ ਦਾ ਅਫ਼ਸੋਸ ਕਰਦਾ ਹੈ ਕਿ ਉਨ੍ਹਾਂ ਨੇ ਦਿੱਲੀ ਤੇ ਹਮਲਾ ਕਿਉਂ ਨ ਕੀਤਾ ਜਿਸ ਉਤੇ ਉਸ ਸਮੇਂ ਆਸਾਨੀ ਨਾਲ ਕਬਜ਼ਾ ਕੀਤਾ ਜਾ ਸਕਦਾ ਸੀ ।
4. ਇਹ ਰਿਪੋਟਾਂ ਦਿੱਲੀ ਦੇ ਅਸਦ ਖ਼ਾਂ ਅਤੇ ਵਾਕਾ ਨਵੀਸਾਂ ਅਰਥਾਤ ਤਾਜ ਦੀਨ ਦੀਵਾਨ ਬਿਊਤਾਤ, ਦੀਵਾਨ ਹਫ਼ੀਜ਼ ਖ਼ਾਂ, ਕੋਤਵਾਲ ਹਸਨ ਰਿਜ਼ਾ, ਫ਼ਖਰ-ਉਦ-ਦੀਨ ਬਖ਼ਸ਼ੀ, ਮੁਹੰਮਦ ਤਾਹਰ, ਅਤੇ ਕਾਜ਼ੀ ਦਰਵੇਸ਼ ਮੁਹੰਮਦ ਨੇ ਭੇਜੀਆਂ ਸਨ (ਤਾਰੀਖ਼ੇ ਮੁਹੰਮਦ ਸ਼ਾਹੀ) ।
5. ਬੰਦੇ ਦੇ ਹੱਥੋਂ ਦੁਖੀ ਹੋਏ ਹਜ਼ਾਰਾਂ ਲੋਕਾਂ ਨੇ ਬਾਦਸ਼ਾਹ ਨੂੰ ਅਜਮੇਰ ਵਿਖੇ ਆਪਣੀ ਦਰਦਨਾਕ ਕਥਾ ਸੁਣਾਈ । "ਜੇ ਬਹਾਦੁਰ ਸ਼ਾਹ ਦੱਖਣ ਛੱਡ ਕੇ ਨ ਆਉਂਦਾ, ਜੋ ਕਿ ਉਸ ਨੇ 1710 ਵਿਚ ਛੱਡ ਦਿੱਤਾ ਸੀ, ਤਾਂ ਇਹ ਸੋਚਿਆ ਜਾ ਸਕਦਾ ਹੈ ਕਿ ਇਨ੍ਹਾਂ ਬੇਤਰਸ ਹਮਲਾਵਰਾਂ ਨੇ ਸਾਰਾ ਹਿੰਦੁਸਤਾਨ ਆਪਣੇ ਅਧੀਨ ਕਰ ਲੈਣਾ ਸੀ" —ਮੈਲਕਮ ।
6. ਖ਼ਾਫ਼ੀ ਖ਼ਾਂ ਅਨੁਸਾਰ ਇਹ ਮੁਹੰਮਦ ਅਮੀਨ ਖ਼ਾਂ ਅਤੇ ਰੁਸਤਮ ਦਿਲ ਖ਼ਾਂ ਸਨ ਜਿਨ੍ਹਾਂ ਦੀ ਸਹਾਇਤਾ ਚੂੜਾਮਨੀ ਜਾਟ ਨੇ ਕੀਤੀ ।

ਦੀ ਕੇਸਾਂ[1] ਤੋਂ ਫੜ ਕੇ ਦਰਖ਼ਤਾਂ ਨਾਲ ਲਟਕਾ ਕੇ ਫਾਹੇ ਲਾ ਦਿੱਤਾ ਗਿਆ। ਸ਼ਾਹੀ ਫੌਜਾਂ ਦੀ ਪਹੁੰਚ ਨੇ ਹੌਸਲਾ ਢਾਹ ਚੁੱਕੇ ਮੁਗ਼ਲ ਸੂਬੇਦਾਰ ਨੂੰ ਮੁੜ ਉਤਸਾਹਿਤ ਕਰ ਦਿੱਤਾ ਸੀ। ਜਲੰਧਰ ਦੁਆਬ ਦੇ ਸੂਬੇਦਾਰ ਜਾਂ ਫੌਜਦਾਰ ਸ਼ਮਸ ਖਾਂ ਨੇ ਇਕ ਲੱਖ ਕੱਟੜ ਸਿਪਾਹੀਆਂ ਨਾਲ ਸਿੱਖਾਂ ਦੀ ਫੌਜ ਦੇ ਇਕ ਟੁਕੜੇ ਤੇ ਹਮਲਾ ਕਰ ਕੇ, ਸੁਲਤਾਨਪੁਰ ਦੇ ਨੇੜੇ ਦੇ ਪਿੰਡ ਰਾਹੋਂ ਵਿਖੇ ਉਨ੍ਹਾਂ ਨੂੰ ਹਾਰ ਦਿੱਤੀ (ਖ਼ਾਫ਼ੀ ਖ਼ਾਂ)[2]।

ਬੰਦੇ ਨੇ ਲੋਹਗੜ੍ਹ[3] ਦੇ ਕਿਲ੍ਹੇ ਵਿਚ ਮੋਰਚਾ ਸੰਭਾਲ ਲਿਆ। ਇਹ ਕਿਲ੍ਹਾ[4] ਸਢੌਰੇ ਤੋਂ ਕੁਝ ਮੀਲਾਂ ਦੀ ਵਿੱਥ ਤੇ ਇਕ ਢਾਲਵੀਂ ਪਹਾੜੀ ਤੇ ਬਣਿਆ ਹੋਇਆ ਸੀ। ਬਾਦਸ਼ਾਹ ਜਿਹੜਾ ਇਸ ਮੁਹਿੰਮ ਵਿਚ ਆਪਣੇ ਚਾਰੇ ਪੁੱਤਰਾਂ[5] ਨਾਲ ਸ਼ਾਮਿਲ ਹੋ ਗਿਆ ਸੀ, ਦੀ

---

1. ਮੁਹੰਮਦ ਕਾਸਮ—ਇਬਰਤਨਾਮਾ ਅਤੇ ਤਾਰੀਖ਼-ਫ਼ਰੁੱਖ਼ਸੀਅਰ

2. ਚੀਫ਼ ਖ਼ਾਲਸਾ ਦੀਵਾਨ ਦੁਆਰਾ ਪ੍ਰਕਾਸ਼ਿਤ ਪੁਸਤਕ 'ਬੰਦਾ ਬਹਾਦਰ' ਵਿਚ ਬੰਦੇ ਨੂੰ ਸਰਹਿੰਦ ਦੀ ਹਾਰ ਤੋਂ ਪਿੱਛੋਂ ਹੋਈਆਂ ਲੜਾਈਆਂ ਵਿਚ ਨਿਜੀ ਤੌਰ ਤੇ ਭਾਗ ਨ ਲੈਂਦਾ ਵਿਖਾਇਆ ਗਿਆ ਹੈ। ਐਪਰ, ਸਮਕਾਲੀ ਲਿਖਾਰੀਆਂ ਦੁਆਰਾ ਦਿੱਤੀ ਗਈ ਗਵਾਹੀ ਕਿ ਬੰਦੇ ਨੇ ਕੁਝ ਲੜਾਈਆਂ ਵਿਚ ਭਾਗ ਲਿਆ, ਦੇ ਸਾਮ੍ਹਣੇ ਉਪਰਲੇ ਵਿਚਾਰ ਦੀ ਪੁਸ਼ਟੀ ਵਿਚ ਦਿੱਤੇ ਗਏ ਤਰਕਾਂ ਦੀ ਕੋਈ ਕੀਮਤ ਨਹੀਂ। ਇਸ ਤੋਂ ਇਲਾਵਾ, ਇਹ ਸੰਭਵ ਪ੍ਰਤੀਤ ਨਹੀਂ ਹੁੰਦਾ ਕਿ ਬੰਦਾ ਲੋਹਗੜ੍ਹ ਦੇ ਕਿਲ੍ਹੇ ਵਿਚ ਬੈਠਾ ਕਰਨਾਲ ਦੀ ਹਾਰ ਆਰਾਮ ਨਾਲ ਵੇਖਦਾ ਰਿਹਾ ਹੋਵੇਗਾ। ਇਸ ਤੋਂ ਉਲਟ ਇਹ ਸੰਭਵ ਨਜ਼ਰ ਨਹੀਂ ਆਉਂਦਾ ਕਿ ਬੰਦੇ ਨੂੰ ਮੁਹਾਬਤ ਖ਼ਾਂ ਜਾਂ ਫ਼ਿਰੋਜ਼ ਖ਼ਾਂ ਨੇ ਅਮੀਨਗੜ੍ਹ ਜਾਂ ਸ਼ਮਸ ਖ਼ਾਂ ਨੇ ਰਾਹੋਂ ਵਿਖੇ ਹਾਰ ਦਿੱਤੀ ਹੋਵੇਗੀ। ਇਹ ਜ਼ਿਆਦਾ ਦਰੁਸਤ ਜਾਪਦਾ ਹੈ ਕਿ ਸਿੱਖਾਂ ਉੱਤੇ ਅਚਾਨਕ ਹਮਲਾ ਹੋ ਗਿਆ ਅਤੇ ਬੰਦੇ ਦੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਦੋਹਾਂ ਸਥਾਨਾਂ ਤੇ ਹਾਰ ਹੋ ਗਈ। ਉਨ੍ਹਾਂ ਦਾ ਇਹ ਵਿਚਾਰ ਨਹੀਂ ਸੀ ਕਿ ਬਾਦਸ਼ਾਹ ਇਤਨੀ ਛੇਤੀ ਮੁੜ ਆਵੇਗਾ। ਉਹ ਸਥਾਨਕ ਅਫ਼ਸਰਾਂ ਨੂੰ ਘ੍ਰਿਣਾ ਕਰਦੇ ਸਨ ਕਿਉਂਕਿ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਉਨ੍ਹਾਂ ਦਾ ਟਾਕਰਾ ਕਰਨ ਦੀ ਹਿੰਮਤ ਨਹੀਂ ਸੀ ਪਈ। ਇਸ ਲਈ ਉਹ ਰਾਵੀ ਅਤੇ ਪਹਾੜਾਂ ਤਕ ਸਾਰੇ ਪੰਜਾਬ ਵਿਚ ਫੈਲੇ ਹੋਏ ਸਨ ਅਤੇ ਸ਼ਾਹੀ ਫੌਜਾਂ ਨੇ ਉਨ੍ਹਾਂ ਫੌਜੀ ਟੁਕੜਿਆਂ ਨੂੰ ਹਾਰ ਦੇ ਦਿੱਤੀ ਸੀ।

3. ਮੁਖ਼ਲਿਸਪੁਰ ਦਾ ਸਿੱਖਾਂ ਦੁਆਰਾ ਰੱਖਿਆ ਗਿਆ ਨਾਂ। ਇਰਾਦਤ ਖਾਂ ਜਿਸ ਦਾ ਅਨੁਕਰਣ ਲਤੀਫ਼ ਅਤੇ ਕੁਝ ਹੋਰ ਇਤਿਹਾਸਕਾਰਾਂ ਨੇ ਕੀਤਾ ਹੈ, ਇਸ ਨੂੰ ਦਬੋਰ ਦਾ ਕਿਲ੍ਹਾ ਲਿਖਦਾ ਹੈ। ਮਆਸਿਰ-ਉਲ-ਉਮਰਾ (ਪੰਨਾ 515, ਜਿਲਦ ਦੂਜੀ, ਵਿਚ ਇਸ ਨੂੰ ਲੋਹਗੜ੍ਹ ਲਿਖਿਆ ਗਿਆ ਹੈ)।

4. ਇਸ ਕਿਲ੍ਹੇ ਦਾ ਹੁਣ ਕੋਈ ਨਿਸ਼ਾਨ ਨਹੀਂ ਮਿਲਦਾ ਪਰ ਇਸ ਦੀ ਥਾਂ ਤੇ ਹੁਣ ਵੀ ਇਕ ਥੇਹ ਹੈ ਜਿਹੜਾ ਕਿ ਦੋ ਪਹਾੜੀ ਨਾਲਿਆਂ ਨਾਲ ਘਿਰੀ ਹੋਈ ਪਹਾੜੀ ਤੇ ਬਣਿਆ ਹੋਇਆ ਹੈ। ਇਕ ਹੋਰ ਨਿਸ਼ਾਨ ਥੇਹ ਦੇ ਸਿਖ਼ਰ ਤੇ ਬਣਿਆ ਇਕ ਜੋਹੜ ਹੈ ਜਿਹੜਾ ਕਿ ਫੌਜ ਲਈ ਪਾਣੀ ਦੀ ਸਪਲਾਈ ਵਾਸਤੇ ਬਣੇ ਸਰੋਵਰ ਦਾ ਬਚਿਆ-ਖੁਚਿਆ ਹਿੱਸਾ ਜਾਪਦਾ ਹੈ —'ਬੰਦਾ ਬਹਾਦਰ'

5. ਇਸ ਪ੍ਰਸੰਗ ਵਿਚ ਬਾਦਸ਼ਾਹ ਨੇ ਆਪਣੇ ਪਿਤਾ ਔਰੰਗਜ਼ੇਬ ਦਾ ਅਨੁਕਰਣ ਕੀਤਾ ਜੋ ਕਿ ਆਪਣੀ ਹਕੂਮਤ ਦੇ ਅੰਤਲੇ ਦਿਨਾਂ ਵਿਚ ਜਹਾਦ ਦਾ ਸਵਾਬ ਪ੍ਰਾਪਤ ਕਰਨ ਲਈ ਕਾਫ਼ਰਾਂ ਦੇ ਹਰੇਕ ਕਿਲ੍ਹੇ ਤੇ ਚੜ੍ਹਾਈ ਕਰਨ ਵਿਚ ਆਪ ਹਿੱਸਾ ਲੈਣ ਲੱਗ ਪਿਆ ਸੀ।

ਕਮਾਨ ਹੇਠਾਂ ਸ਼ਾਹੀ ਫੌਜਾਂ ਨੇ ਇਸ ਕਿਲ੍ਹੇ ਨੂੰ ਘੇਰ ਲਿਆ। ਇਰਾਦਤ ਖ਼ਾਂ ਦੁਆਰਾ ਇਸ ਕਿਲ੍ਹੇ ਦੇ ਘੇਰੇ ਦਾ ਦਿੱਤਾ ਗਿਆ ਅੱਖੀਂ ਡਿੱਠਾ ਨਿਮਨ ਲਿਖਤ ਵਰਣਨ ਕਾਫ਼ੀ ਦਿਲਚਸਪ ਰਹੇਗਾ।

ਬਾਦਸ਼ਾਹ ਨੇ ਆਪਣੇ ਅਮੀਰਾਂ ਨੂੰ ਹੁਕਮ ਦਿੱਤਾ ਸੀ ਕਿ ਉਨ੍ਹਾਂ ਨੇ ਮਜ਼ਬੂਤ ਮੋਰਚਿਆਂ ਵਿਚ ਬੈਠੇ ਸਿੱਖਾਂ ਉੱਤੇ ਕਿਸੇ ਹਾਲਤ ਵਿਚ ਵੀ ਹਮਲਾ ਨਹੀਂ ਕਰਨਾ ਸਗੋਂ ਉਨ੍ਹਾਂ ਨੂੰ ਕਿਲ੍ਹੇ ਵਿਚੋਂ ਬਾਹਰ ਨਿਕਲਣ ਵਾਸਤੇ ਉਕਸਾਉਣ ਲਈ ਹਰ ਸੰਭਵ ਹੀਲਾ ਵਰਤਣਾ ਹੈ। ਜਦੋਂ ਵਿਰੋਧੀ ਦਲਾਂ ਨੂੰ ਚੁਪ-ਚਾਪ ਬੈਠਿਆਂ ਕੁਝ ਦਿਨ ਲੰਘ ਗਏ ਤਾਂ ਖਾਨੇ-ਖਾਨਾਂ ਨੇ ਦੁਸ਼ਮਣ ਦੇ ਮੋਰਚਿਆਂ ਦਾ ਭੇਦ ਕੱਢਣ ਲਈ ਆਪਣੇ ਕੁਝ ਦਸਤਿਆਂ ਨਾਲ ਧਾਵਾ ਬੋਲ ਦਿੱਤਾ। ਪਰ ਜਦੋਂ ਉਹ ਉਨ੍ਹਾਂ ਦੀਆਂ ਤੋਪਾਂ ਦੀ ਮਾਰ ਵਿਚ ਆਇਆ ਤਾਂ ਦੁਸ਼ਮਣ ਨੇ ਸ਼ਾਹੀ ਫੌਜਾਂ ਉੱਤੇ ਗੋਲਾਮਾਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਾਲ ਲਗਦੀਆਂ ਉੱਚੀਆਂ ਥਾਵਾਂ ਤੇ ਬੈਠੇ ਉਨ੍ਹਾਂ ਦੇ ਬੰਦੂਕਚੀਆਂ ਅਤੇ ਤੀਰਅੰਦਾਜ਼ਾਂ ਨੇ ਉਨ੍ਹਾਂ ਉੱਤੇ ਲਗਾਤਾਰ ਮੌਤ ਦੇ ਪਰਵਾਨੇ ਸੁਟਣੇ ਸ਼ੁਰੂ ਕਰ ਦਿੱਤੇ।

ਸ਼ਾਹੀ ਫੌਜਾਂ ਬਹੁਤੀ ਦੇਰ ਕਾਬੂ ਵਿਚ ਨ ਰਹਿ ਸਕੀਆਂ। ਹਮਲੇ ਦਾ ਹੁਕਮ ਹੋ ਗਿਆ। ਖਾਨੇ-ਖਾਨਾਂ ਨੇ ਘੋੜੇ ਤੋਂ ਉਤਰ ਕੇ ਅਤਿ ਦੁਰਗਮ ਉਚਾਈਆਂ ਤਕ ਵੀ ਆਪਣੀਆਂ ਫੌਜਾਂ ਦੀ ਪੈਦਲ ਅਗਵਾਈ ਕੀਤੀ ਅਤੇ ਦੁਸ਼ਮਣ ਦਾ ਬਹੁਤ ਸਾਰਾ ਜਾਨੀ ਨੁਕਸਾਨ ਕਰ ਕੇ ਉਸ ਨੂੰ ਉਖਾੜ ਦਿੱਤਾ। ਇਹ ਘਟਨਾ ਸ਼ਾਹੀ ਫੌਜਾਂ ਦੀਆਂ ਅੱਖਾਂ ਸਾਹਮਣੇ ਵਾਪਰ ਰਹੀ ਸੀ ਜਿਸ ਨੂੰ ਵੇਖ ਕੇ ਮੁਖੀਏ ਅਤੇ ਸਿਪਾਹੀ, ਇੱਜ਼ਤ ਦੇ ਖ਼ਾਹਵਾਨ, ਹੁਕਮ ਦੀ ਉਡੀਕ ਨ ਕਰ ਸਕੇ ਅਤੇ ਉਹ ਭਾਰੀ ਗਿਣਤੀ ਵਿਚ ਹਮਲੇ ਵਿਚ ਜਾ ਰਲੇ ਜਦ ਕਿ ਬਾਦਸ਼ਾਹ ਅਤੇ ਉਸ ਦੇ ਚਾਰੇ ਪੁੱਤਰ ਜਿਹੜੇ ਕਿ ਉਸ ਨਾਲ ਸਨ ਇਹ ਸਾਰਾ ਕੁਝ ਬੜੀ ਤਾਂਘ ਨਾਲ ਵੇਖਦੇ ਰਹੇ। ਸ਼ਾਹੀ ਫੌਜਾਂ ਨੇ ਜੋ ਸਾਹਮਣੇ ਆਇਆ, ਉਸ ਨੂੰ ਖ਼ਤਮ ਕਰ ਕੇ ਗੜ੍ਹੀ ਦੇ ਦੁਆਲੇ ਦੀਆਂ ਟੀਸੀਆਂ ਤੇ ਬੈਠੇ ਦੁਸ਼ਮਣ ਨੂੰ ਉਖਾੜ ਦਿੱਤਾ। ਸਿੱਖ ਕਿਲ੍ਹੇ ਦੇ ਵਿਚਕਾਰਲੇ ਬੁਰਜ ਵੱਲ ਭੱਜਣ ਲਈ ਮਜਬੂਰ ਹੋ ਗਏ ਜਿਥੇ ਪਹੁੰਚਣ ਦਾ ਰਾਹ ਅਤਿ ਤੰਗ ਸੀ ਅਤੇ ਲੜਾਈ ਕੀਤੇ ਬਗੈਰ ਉਥੇ ਪਹੁੰਚ ਜਾਣਾ ਕਾਫ਼ੀ ਔਖਾ ਸੀ। ਕਿਲ੍ਹੇ ਦੇ ਰੱਖਿਅਕ ਜਾਨ ਹੂਲ ਕੇ ਲੜੇ ਪਰ ਉਹ ਮੁਕੰਮਲ ਤੌਰ ਤੇ ਤਬਾਹ ਹੋ ਗਏ ਹੁੰਦੇ ਜੇ ਕਰ ਰਾਤ ਦੇ ਹਨੇਰੇ ਨੇ ਦੁਸ਼ਮਣ ਦੋਸਤ ਦੀ ਪਛਾਣ ਕਰਨੀ ਅਸੰਭਵ ਬਣਾ ਕੇ ਉਨ੍ਹਾਂ ਦੀ ਮਦਦ ਨ ਕੀਤੀ ਹੁੰਦੀ। ਪਹੁ ਫੁਟਦੀ ਨਾਲ ਹਮਲਾ ਫਿਰ ਸ਼ੁਰੂ ਹੋ ਗਿਆ ਅਤੇ ਥੋੜੀ ਜੇਹੀ ਲੜਾਈ ਪਿੱਛੋਂ ਕਿਲ੍ਹਾ ਸਰ ਹੋ ਗਿਆ। ਸਿੱਖ ਸਰਦਾਰ ਰਾਤ ਦੇ ਵੇਲੇ ਕਿਲ੍ਹੇ ਤੋਂ ਪਹਾੜੀਆਂ ਵੱਲ ਜਾਂਦੇ ਇਕ ਤੰਗ ਜੇਹੇ ਰਸਤੇ, ਜੋ ਜਰਨੈਲ ਦੀ ਨਜ਼ਰੀ ਨਹੀਂ ਚੜ੍ਹਿਆ ਸੀ, ਥਾਣੀ ਨਿਕਲ ਗਏ ਅਤੇ ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਦੇ ਜੰਗਲੀ ਹਿੱਸਿਆਂ ਵਿਚ ਜਾ ਛਿਪੇ

ਗੁਰੂ (ਬੰਦਾ) ਭੇਸ ਬਦਲਣਾ ਖੂਬ ਜਾਣਦਾ ਸੀ ਅਤੇ ਇਸ ਕਾਰਜ ਵਿਚ ਉਹ ਇਤਨਾ ਕੁਸ਼ਲ ਸੀ ਕਿ ਜਦੋਂ ਉਹ ਆਪਣਾ ਭੇਦ ਨ ਦੱਸਣਾ ਚਾਹੁੰਦਾ ਤਾਂ ਉਸ ਦੇ ਅਤਿ ਨੇੜੇ ਦੇ ਵਿਅਕਤੀ ਵੀ ਉਸ ਨੂੰ ਪਛਾਣ ਨ ਸਕਦੇ[1]। ਜਦੋਂ ਉਹ ਆਪਣੇ ਆਪ ਨੂੰ ਉਜਾਗਰ ਕਰਨਾ ਚਾਹੁੰਦਾ ਤਾਂ ਅਤਿ ਭੜਕੀਲੇ ਲਿਬਾਸ ਵਿਚ ਇਕ ਸ਼ਹਿਜ਼ਾਦੇ ਦੀ ਤਰ੍ਹਾਂ ਜ਼ਾਹਰ ਹੁੰਦਾ। ਜਦੋਂ ਉਸ ਦਾ ਇਰਾਦਾ ਗੁਪਤ ਰਹਿਣ ਦਾ ਹੁੰਦਾ ਤਾਂ ਉਹ ਆਮ ਤੌਰ ਤੇ ਜੋਗੀ ਜਾਂ ਸਨਿਆਸੀ ਦਾ ਭੇਸ ਧਾਰ ਲੈਂਦਾ[2]।

ਪਿੱਛਾ ਕੀਤੇ ਜਾਣ ਦੀ ਸੰਭਾਵਨਾ ਨੂੰ ਖਤਮ ਕਰਨ ਲਈ ਬੰਦੇ ਨੇ ਆਪਣੇ ਇਕ ਸ਼ਰਧਾਲੂ ਗੁਲਾਬੂ[3] ਦੀ ਵਫ਼ਾਦਾਰੀ ਪ੍ਰਵਾਨ ਕਰ ਲਈ ਸੀ ਜਿਸ ਦੇ ਨਕਸ਼ ਉਸ ਨਾਲ ਬਿਲਕੁਲ ਮਿਲਦੇ ਜੁਲਦੇ ਸਨ ਅਤੇ ਬੰਦੇ ਨੇ ਉਸ ਨੂੰ ਆਪਣੀ ਥਾਂ ਪੂਰਣ ਲਈ ਪਿਛਾਂਹ ਛੱਡ ਦਿੱਤਾ ਸੀ।[4] ਖਾਨੇ-ਖਾਨਾਂ ਜਿੱਤ ਦੀ ਖੁਸ਼ੀ ਵਿਚ ਕਿਲ੍ਹੇ ਅੰਦਰ ਦਾਖ਼ਿਲ ਹੋਇਆ ਅਤੇ ਲੜਾਈ ਦੇ ਕੈਦੀਆਂ ਵਿਚਕਾਰ 'ਬੰਦੇ' ਨੂੰ ਵੇਖ ਕੇ ਉਸ ਦੀ ਖੁਸ਼ੀ ਦੀ ਕੋਈ ਹੱਦ ਨ ਰਹੀ। ਪਰ ਛੇਤੀ ਹੀ ਉਸ ਦਾ ਭਰਮ ਜਾਂਦਾ ਰਿਹਾ ਅਤੇ ਬਾਦਸ਼ਾਹ ਨੂੰ ਭਾਰੀ ਨਿਰਾਸ਼ਾ ਅਤੇ ਦੁੱਖ ਹੋਇਆ ਜਿਸ ਕਰਕੇ ਬਿਰਧ ਵਜ਼ੀਰ ਨੂੰ ਭਾਰੀ ਨਿਰਾਦਰ ਸਹਿਣਾ ਪਿਆ[5]।

ਬੰਦਾ ਨਾਹਨ ਵੱਲ ਭੱਜ ਗਿਆ ਸੀ ਅਤੇ ਉਸ ਨੂੰ ਫੜਨ ਦੇ ਉਸ ਦੇ ਸਾਰੇ ਯਤਨ ਨਿਸਫਲ ਰਹੇ ਸਨ। ਇਸ ਜਿੱਤ ਤੋਂ ਪਿੱਛੋਂ ਬਾਦਸ਼ਾਹ ਨੇ ਨੀਵੀਆਂ ਪਹਾੜੀਆਂ ਵਿਚ ਸ਼ਿਕਾਰ ਖੇਡਦੇ ਹੋਇਆਂ ਕੁਝ ਸਮਾਂ ਗੁਜ਼ਾਰਿਆ। ਉਹ ਅਜੇ ਉਥੇ ਹੀ ਟਿਕਿਆ ਹੋਇਆ ਸੀ

---

1. ਇਸ ਕਲਾ ਵਿਚ ਉਹ ਸ਼ਿਵਾ ਜੀ ਜਿਤਨਾ ਨਿਪੁੰਨ ਹੀ ਦਿਖਾਈ ਦਿੰਦਾ ਹੈ ਅਤੇ ਸ਼ਾਇਦ ਉਸ ਤੋਂ ਵੀ ਵੱਧ ਕਿਉਂਕਿ ਉਸ ਦੇ ਵੈਰੀ ਅਤੇ ਅਨੁਯਾਈ ਉਸ ਨੂੰ ਕੋਈ ਭੂਤ-ਪ੍ਰੇਤ ਸਮਝਦੇ ਸਨ ਜਿਹੜਾ ਆਪਣੀ ਮਰਜ਼ੀ ਨਾਲ ਹਵਾ ਵਿਚ ਗਾਇਬ ਹੋ ਸਕਦਾ ਸੀ। ਇਸ ਲਈ ਜਦੋਂ ਅਖੀਰ ਵਿਚ ਉਹ ਫੜਿਆ ਗਿਆ ਤਾਂ ਉਸ ਨੂੰ ਇਕ ਮੁਗ਼ਲ ਉਮਰਾ ਨਾਲ ਬੰਨ੍ਹ ਕੇ ਅਤੇ ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਆਂਦਾ ਗਿਆ।
2. ਉਪਰਲਾ ਵਰਣਨ ਲਤੀਫ਼ ਦੇ ਇਤਿਹਾਸ ਵਿਚ ਦਿੱਤੇ ਇਰਾਦਤ ਖਾਂ ਦੇ ਵਰਣਨ ਦੇ ਭਾਵ ਦਾ ਅਨੁਵਾਦ ਹੈ।
3. ਜਦੋਂ ਉਹ ਕੈਦ ਹੋ ਗਿਆ ਤਾਂ ਬਾਦਸ਼ਾਹ ਨੇ ਉਸ ਦੀ ਵਫ਼ਾਦਾਰੀ ਦੀ ਦਾਦ ਦਿੱਤੀ ਪਰ ਉਸ ਦੀ ਜਾਨ-ਬਖਸ਼ੀ ਨ ਕੀਤੀ।
4. ਅਜੇਹੀ ਸਾਹਸਪੂਰਣ ਵਫ਼ਾਦਾਰੀ ਦੇ ਹੋਰ ਉਦਾਹਰਣ ਕੇਵਲ ਰਾਜਪੂਤਾਂ ਦੇ ਇਤਿਹਾਸ ਵਿਚ ਹੀ ਮਿਲਦੇ ਹਨ। ਰਾਣਾ ਉਦੇ ਸਿੰਘ ਦੇ ਜੀਵਨ ਨੂੰ ਇਕ ਦਾਈ ਨੇ ਕਾਤਲਾਂ ਨੂੰ ਆਪਣਾ ਪੁੱਤਰ ਸੌਂਪ ਕੇ ਬਚਾਇਆ ਅਤੇ ਹਲਦੀ ਘਾਟੀ ਦੀ ਲੜਾਈ ਵਿਚ ਜਲਾਵਰ ਦੇ ਸਰਦਾਰ ਨੇ ਆਪਣੇ ਆਪ ਨੂੰ ਰਾਣਾ ਪ੍ਰਤਾਪ ਘੋਸ਼ਿਤ ਕਰ ਕੇ ਰਾਣੇ ਨੂੰ ਬਚਾਇਆ। ਵੇਖੋ ਟੌਡ ਦੀ ਪੁਸਤਕ 'ਅਨਲਜ਼ ਆਫ਼ ਰਾਜਸਥਾਨ'।
5. ਭਾਵੇਂ ਉਹ ਛੇਤੀ ਹੀ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਮੁੜ ਚੜ੍ਹ ਗਿਆ ਪਰ ਇਸ ਸ਼ੋਕ ਨੇ ਉਸ ਦੀ ਸਿਹਤ ਖਰਾਬ ਕਰ ਦਿੱਤੀ ਅਤੇ 1711 ਈ. ਦੀ ਬਸੰਤ ਰੁੱਤ ਵਿਚ ਉਹ ਮਰ ਗਿਆ (ਤਾਰੀਖ਼ੇ ਮੁਹੰਮਦ ਸ਼ਾਹੀ)।

ਜਦੋਂ ਬੰਦਾ ਪਠਾਨਕੋਟ ਵਿਚ ਮੁੜ ਪ੍ਰਗਟ ਹੋਇਆ। ਜੰਮੂ ਦਾ ਸੂਬਾ ਵਜ਼ੀਦ ਖਾਂ ਅਤੇ ਉਸ ਦਾ ਭਤੀਜਾ ਸ਼ਮਸ ਖਾਂ ਦੋਹਾਂ ਨੇ ਬੰਦੇ ਦਾ ਟਾਕਰਾ ਕੀਤਾ ਪਰ ਦੋਹਾਂ ਨੂੰ ਹਾਰ ਹੋਈ ਅਤੇ ਉਹ ਦੋਵੇਂ ਲੜਾਈ ਵਿਚ ਮਾਰੇ ਗਏ।[1] ਹੁਣ ਬਾਦਸ਼ਾਹ ਤੁਰੰਤ ਲਾਹੌਰ ਵੱਲ ਵਧਿਆ ਅਤੇ ਸਿੱਖ ਆਗੂ ਦਾ ਮੁਕਾਬਲਾ ਕਰਨ ਲਈ ਉਸ ਨੇ ਮੁਹੰਮਦ ਅਮੀ ਖਾਂ ਅਤੇ ਰੁਸਤਮ ਦਿਲ ਖਾਂ ਨੂੰ ਭੇਜਿਆ। ਐਪਰ, ਸੂਝਵਾਨ ਬੰਦਾ ਮੁੜ ਪਹਾੜਾਂ ਵਿਚ ਭੱਜ ਗਿਆ ਅਤੇ ਸ਼ਾਹੀ ਜਰਨੈਲਾਂ ਦੀ ਪਹੁੰਚ ਤੋਂ ਬਾਹਰ ਨਿਕਲ ਗਿਆ। ਬਾਦਸ਼ਾਹ ਨੇ ਲਾਹੌਰ ਵਿਚ ਛੇ ਜਾਂ ਸੱਤ ਮਹੀਨੇ ਚੈਨ ਨਾਲ ਗੁਜ਼ਾਰੇ, ਪਰ ਉਹ ਪਾਗਲ ਹੋ ਗਿਆ ਅਤੇ 1712 ਈ. ਵਿਚ ਮਰ ਗਿਆ।[2]

ਬਾਦਸ਼ਾਹ ਦੀ ਮੌਤ ਵਿਭਿੰਨ ਦਾਅਵੇਦਾਰਾਂ ਵਿਚਕਾਰ ਤਖਤ ਲਈ ਰਵਾਇਤੀ ਜਦੋ ਜਹਿਦ ਦਾ ਸੰਕੇਤ ਸੀ। ਇਹ ਲੜਾਈਆਂ ਸਿੱਖਾਂ ਦੇ ਕਾਰਜ ਨੂੰ ਰਾਸ ਆਈਆਂ। ਜਹਾਂਦਾਰ ਸ਼ਾਹ, ਜੋ ਕਿ ਤਖਤ ਦਾ ਵਾਰਸ ਬਣਿਆ, ਨੇ ਕੁਝ ਮਹੀਨੇ ਹਕੂਮਤ ਕੀਤੀ ਤੇ ਜਬਰਦਸਤ ਖ਼ਾਂ ਨੂੰ ਲਾਹੌਰ ਦਾ ਸੂਬਾ ਮੁਕੱਰਰ ਕਰ ਦਿੱਤਾ। ਪਰ, ਦੋਵੇਂ ਹੀ ਹਕੂਮਤ ਦੇ ਯੋਗ ਨਹੀਂ ਸਨ। ਫਰੁੱਖਸੀਅਰ ਨੇ ਜਹਾਂਦਾਰ ਨੂੰ ਤਖਤੋਂ ਲਾਹ ਸੁੱਟਿਆ ਅਤੇ ਅਬਦਲ ਸਮੱਦ ਦਿਲੇਰ ਜਗ ਨੂੰ ਲਾਹੌਰ ਦਾ ਸੂਬਾ ਬਣਾ ਦਿੱਤਾ।[3] 1712 ਅਤੇ 1713 ਦੇ ਸਾਲ ਸਿੱਖਾਂ ਲਈ ਸਭ ਤੋਂ ਭੈੜੇ ਸਨ। ਹਜ਼ਾਰਾਂ ਨੂੰ ਫੜ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ਅਤੇ 1714 ਵਿਚ ਮਾਰੂ ਕਾਲ ਆ ਪਿਆ। 1714 ਵਿਚ ਬੰਦਾ ਦੁਬਾਰਾ ਹੇਠਾਂ ਉਤਰ ਆਇਆ ਅਤੇ ਬਟਾਲੇ ਅਤੇ ਕਲਾਨੌਰ[4] ਦੇ ਇਲਾਕੇ ਤੇ ਟੁੱਟ ਪਿਆ।

ਲਾਹੌਰ ਦਾ ਨਵਾਂ ਸੂਬੇਦਾਰ ਅਤੇ ਮੁਹੰਮਦ ਅਮੀ ਖਾਂ ਤੁਰੰਤ ਉਸ ਦਾ ਟਾਕਰਾ ਕਰਨ ਲਈ ਭੇਜੇ ਗਏ, ਪਰ ਬੰਦਾ ਮੁੜ ਪਹਾੜਾਂ ਵਿਚ ਜਾ ਛੁਪਿਆ ਅਤੇ ਸ਼ਾਹੀ ਫੌਜਾਂ ਨੂੰ ਚਕਮਾ

---

1. ਇਹ ਲੜਾਈ ਲੋਹਗੜ੍ਹ ਦੇ ਘੇਰੇ ਤੋਂ ਤਿੰਨ ਜਾਂ ਚਾਰ ਮਹੀਨੇ ਪਿੱਛੋਂ 1711 ਈ. ਦੇ ਆਰੰਭ ਵਿਚ ਬਹਿਰਾਮਪੁਰ (ਜ਼ਿਲ੍ਹਾ ਗੁਰਦਾਸਪੁਰ) ਦੇ ਨੇੜੇ ਲੜੀ ਗਈ। ਸਿਯਰ-ਉਲ-ਮੁਤਾਖਰੀਨ ਅਨੁਸਾਰ ਵਜ਼ੀਦ ਸਰਹਿੰਦ ਦਾ ਸੂਬੇਦਾਰ ਸੀ ਅਤੇ ਆਪਣੇ ਤੰਬੂ ਵਿਚ ਨਮਾਜ਼ ਪੜ੍ਹਦਾ ਹੋਇਆ ਇਕ ਸਿੱਖ ਦੇ ਹੱਥੋਂ ਮਾਰਿਆ ਗਿਆ ਸੀ (ਪੰਨਾ 402)।
2. ਉਸ ਨੇ ਲਾਹੌਰ ਦੇ ਸਾਰੇ ਕੁੱਤਿਆਂ ਅਤੇ ਗਧਿਆਂ ਨੂੰ ਮਾਰਨ ਦਾ ਅਤੇ ਸਾਰੇ ਸਾਧੂਆਂ ਤੇ ਫਕੀਰਾਂ ਨੂੰ ਸ਼ਹਿਰੋਂ ਬਾਹਰ ਕੱਢ ਦੇਣ ਦਾ ਹੁਕਮ ਦੇ ਦਿੱਤਾ ਸੀ।
3. ਸਿਯਰ ਅਨੁਸਾਰ ਅਬਦੁੱਲ ਸਮੱਦ ਕਸ਼ਮੀਰ ਦਾ ਸੂਬੇਦਾਰ ਸੀ ਜਦੋਂ ਉਸ ਨੂੰ ਮੁਹਿੰਮ ਤੇ ਜਾਣ ਦਾ ਹੁਕਮ ਹੋਇਆ। ਇਸ ਹੁਕਮਨਾਮੇ ਨਾਲ ਇਕ ਸਨਦ ਲੱਗੀ ਹੋਈ ਸੀ ਜਿਸ ਵਿਚ ਉਸ ਦੇ ਪੁੱਤਰ ਜ਼ਕਰੀਏ ਨੂੰ ਲਾਹੌਰ ਦਾ ਸੂਬਾ ਥਾਪਿਆ ਗਿਆ ਸੀ (ਪੰਨਾ 402)।
4. ਜ਼ਿਲ੍ਹਾ ਗੁਰਦਾਸਪੁਰ ਦੇ ਇਸ ਕਸਬੇ ਵਿਚ ਅਕਬਰ ਦੇ ਸਿਰ ਤੇ ਤਾਜ ਰਖਿਆ ਗਿਆ ਸੀ।

ਦੇ ਗਿਆ। ਕੋਈ ਡੇਢ ਵਰ੍ਹਾ ਸ਼ਾਂਤੀ ਨਾਲ ਲੰਘ ਗਿਆ। ਪਰ, 1716 ਦੇ ਮੁੱਢ ਵਿਚ ਬੰਦੇ ਨੇ ਕਲਾਨੌਰ ਅਤੇ ਬਟਾਲੇ ਤੇ ਅਚਾਨਕ ਧਾਵਾ ਬੋਲ ਦਿੱਤਾ ਜਿਹੜੇ ਉਸ ਦੀ ਪਹਿਲੀ ਲੁੱਟ-ਮਾਰ ਤੋਂ ਬਚ ਗਏ ਸਨ। ਹੁਣ ਦੋਵੇਂ ਕਸਬੇ ਤਬਾਹ ਕਰ ਦਿੱਤੇ ਗਏ ਅਤੇ ਸ਼ੇਖ-ਉਲ ਅਹਿਮਦ ਦੇ ਘਰਾਣੇ ਸਮੇਤ ਬਹੁਤ ਸਾਰੇ ਮੁਸਲਮਾਨ ਮਾਰ ਦਿੱਤੇ ਗਏ।

ਫਰੁੱਖਸੀਯਰ ਇਸ ਨਵੇਂ ਨੁਕਸਾਨ ਦੀ ਖਬਰ ਸੁਣ ਕੇ ਘਬਰਾ ਉਠਿਆ। ਉਸ ਨੇ ਲਾਹੌਰ ਦੇ ਨਾਜ਼ਮ ਨੂੰ ਬੰਦੇ ਦੀ ਤਾਕਤ ਖਤਮ ਕਰਨ ਦਾ ਸਖਤ ਹੁਕਮ ਦਿੱਤਾ। ਇਸ ਅਨੁਸਾਰ ਅਬਦੁਲ ਸਮੱਦ ਨੇ ਚੁਣੇ ਹੋਏ ਸਿਪਾਹੀਆਂ ਦੀ ਭਾਰੀ ਫੌਜ ਅਤੇ ਤੋਪ-ਖਾਨਾ ਲੈ ਕੇ ਬੰਦੇ ਦਾ ਪਿੱਛਾ ਕਰਨ ਲਈ ਕੂਚ ਕਰ ਦਿੱਤਾ।[1]

ਕਲਾਨੌਰ ਦੇ ਨੇੜੇ ਕੋਟ ਮਿਰਜ਼ਾ ਜਾਨ ਦੇ ਸਥਾਨ ਤੇ ਬੰਦੇ ਨੂੰ ਹਾਰ ਹੋਈ ਅਤੇ ਉਹ ਬਹਾਦਰੀ ਨਾਲ ਲੜਦਾ ਹੋਇਆ ਅਤੇ ਜੇਤੂਆਂ ਨੂੰ ਭਾਰੀ ਨੁਕਸਾਨ ਪਚਾਉਂਦਾ ਹੋਇਆ ਪਿਛਾਂਹ ਹਟਣ ਲੱਗਾ। ਅਖੀਰ ਉਹ ਗੁਰਦਾਸਪੁਰ ਦੇ ਕਿਲ੍ਹੇ ਵਿਚ ਪਨਾਹ ਲੈਣ ਲਈ ਮਜਬੂਰ ਹੋ ਗਿਆ[2]। ਉਹ ਅਤਿ ਤੰਗ ਘੇਰੇ ਵਿਚ ਘਿਰ ਗਿਆ; ਉਸ ਕੋਲ ਬਾਹਰੋਂ ਕੋਈ ਖਬਰ ਨਹੀਂ ਆ ਸਕਦੀ ਸੀ ਅਤੇ ਸਾਰੀ ਰਸਦ ਖਤਮ ਕਰ ਕੇ ਘੋੜੇ ਗਧੇ, ਇਥੋਂ ਤਕ ਕਿ ਧਰਮ ਵਲੋਂ ਮਨ੍ਹਾਂ ਬਲਦ ਆਦਿ ਖਾ ਜਾਣ ਉਪਰੰਤ, ਉਸ ਨੂੰ ਈਨ ਮੰਨਣ ਲਈ ਮਜਬੂਰ ਹੋਣਾ ਪੈ ਗਿਆ।[3] ਕੁਝ ਇਕ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ ਅਤੇ ਉਨ੍ਹਾਂ ਦੇ ਸਿਰ

---

1. ਉਸ ਦੀ ਸਹਾਇਤਾ ਐਮਨਾਬਾਦ, ਪਸਰੂਰ, ਪੱਟੀ, ਕਲਾਨੌਰ ਦੇ ਹਾਕਮਾਂ ਅਤੇ ਰਾਜਾ ਭੀਮ ਸਿੰਘ ਕਟੋਚ ਤੇ ਜਸੋਟਾ ਦੇ ਧ੍ਰੁਵ ਦੇਵ ਨੇ ਕੀਤੀ। 'ਇਬਰਤ ਨਾਮਾ' (ਮੁਹੰਮਦ ਕਾਸਮ) ਪੰਨਾ 51

2. ਕਨਿੰਘਮ ਲਿਖਦਾ ਹੈ ਕਿ ਇਹ ਕਿਲ੍ਹਾ 1712–13 ਵਿਚ ਫਰੁੱਖਸੀਯਰ ਅਤੇ ਜਹਾਂਦਰ ਸ਼ਾਹ ਵਿਚਕਾਰ ਘਰੇਲੂ ਯੁੱਧ ਦੇ ਸਮੇਂ ਵਿਚ ਸਿੱਖਾਂ ਨੇ ਉਸਾਰਿਆ ਸੀ। ਫਾਸਟਰ ਅਤੇ ਮੈਲਕਮ ਨੇ ਗਲਤੀ ਨਾਲ ਇਸ ਨੂੰ 'ਲੋਹਗੜ੍ਹ' ਲਿਖ ਕੇ ਮੁਖਲਿਸਪੁਰ ਨਾਲ ਮਿਲਾ ਦਿੱਤਾ ਹੈ ਜਿਸ ਨੂੰ ਸਿਯਰ-ਉਲ-ਮੁਤਾਖਰੀਨ ਵਿਚ ਲੋਹਗੜ੍ਹ ਕਿਹਾ ਗਿਆ ਹੈ। ਪਰ 'ਬੰਦਾ ਬਹਾਦਰ' ਵਿਚ ਇਸ ਦਾ ਕੋਈ ਜ਼ਿਕਰ ਨਹੀਂ ਜੋ ਇਸ ਨੂੰ ਭਾਈ ਦੁਨੀ ਚੰਦ ਦੀ 'ਹਵੇਲੀ' ਜਿਸ ਵਿਚ ਬੰਦੇ ਨੇ ਪਨਾਹ ਲਈ ਅਤੇ ਜਿਸ ਵਿਚੋਂ ਉਹ ਫੜਿਆ ਗਿਆ ਦਸਿਆ ਜਾਂਦਾ ਹੈ, ਨਾਲ ਨ ਮਿਲਾਇਆ ਜਾਵੇ। ਇਹ ਲਿਖਿਆ ਹੋਇਆ ਹੈ ਕਿ ਬੰਦੇ ਨੇ ਕੋਟ ਮਿਰਜ਼ਾ ਜਾਨ ਵਿਖੇ ਕਿਲ੍ਹਾ ਬਣਾਉਣ ਦਾ ਯਤਨ ਕੀਤਾ ਸੀ ਪਰ ਇਹ ਅਜੇ ਅੱਧਾ ਹੀ ਬਣਿਆ ਸੀ ਕਿ ਮੁਗਲ ਫੌਜ ਨੇ ਉਸ ਉਤੇ ਧਾਵਾ ਬੋਲ ਦਿੱਤਾ। ਇਹ ਵਿਚਾਰ ਠੀਕ ਜਾਪਦਾ ਹੈ ਕਿਉਂਕਿ ਮੁਹੰਮਦ ਕਾਸਮ ਵੀ ਇਸ ਦੀ ਪੁਸ਼ਟੀ ਕਰਦਾ ਹੈ(ਵੇਖੋ ਉਸ ਦਾ ਇਬਰਤ ਨਾਮਾ ਪੰਨਾ 51)।

3. ਬੁੱਧ ਸਿੰਘ ਕ੍ਰਿਤ ਰਸਾਲਾ -ਏ- ਨਾਨਕ ਸ਼ਾਹ ਵਿਚ ਦਰਜ ਹੈ ਕਿ ਜਦੋਂ ਬੰਦਾ ਬਹੁਤ ਤੰਗ ਆ ਗਿਆ ਤਾਂ ਉਹ ਆਪਣੇ ਸਾਥੀਆਂ ਸਮੇਤ ਹੱਥਾਂ ਵਿਚ ਤਲਵਾਰ ਲਈ ਬਾਹਰ ਨਿਕਲ ਆਇਆ ਅਤੇ ਲੜਦਾ ਹੋਇਆ ਕੈਦ ਹੋ ਗਿਆ। ਕਾਸਮ ਅਨੁਸਾਰ ਬੰਦੇ ਦੀ ਫੌਜ ਦੀ ਗਿਣਤੀ 10,000 ਸੀ ਜਿਸ ਵਿਚੋਂ, ਖ਼ਾਫ਼ੀ ਖ਼ਾਂ ਅਨੁਸਾਰ, 8000 ਭੁੱਖ ਦਾ ਸ਼ਿਕਾਰ ਹੋ ਗਏ। ਬੈਲ ਖਾਣ ਦੀ ਕਹਾਣੀ ਖ਼ਾਫ਼ੀ ਖ਼ਾਂ ਦੀ ਧਰਮ-ਕੱਟੜਤਾ ਦਾ ਸਿੱਟਾ ਜਾਪਦੀ ਹੈ। ਦੂਸਰੇ ਪਾਸੇ ਜੇ ਇਹ ਤੱਥ ਤੇ ਵੀ ਆਧਾਰਿਤ ਹੋਵੇ

(ਬਾਕੀ ਵੇਖੋ ਸਫ਼ਾ 120 ਤੇ)

ਨੇਜ਼ਿਆਂ ਤੇ ਟੰਗ ਕੇ ਬੰਦੇ ਦੇ ਅਤੇ ਹੋਰ ਕੈਦੀਆਂ ਦੇ ਅੱਗੇ ਅੱਗੇ ਦਿੱਲੀ ਲਿਜਾਏ ਗਏ ਜਿਵੇਂ ਕਿ ਸਾਰੇ ਧਾਰਮਿਕ ਕੱਟੜਵਾਦੀਆਂ ਅਤੇ ਅਸੱਭਯ ਜਾਂ ਅਰਧ-ਸੱਭਯ ਲੋਕਾਂ ਵਿਚ ਇਹ ਸ਼ਰਮਨਾਕ ਰਵਾਇਤ ਪ੍ਰਚਲਿਤ ਹੈ।[1] ਮੁਸਲਮਾਨੀ ਫੌਜ ਬੰਦੇ ਤੋਂ ਉਸ ਦੇ ਜਾਦੂਗਰ ਹੋਣ ਦੇ ਨਾਤੇ ਖੌਫ ਖਾਂਦੀ ਸੀ, ਅਤੇ ਉਸ ਦੇ ਭੱਜ ਨਿਕਲਣ ਨੂੰ ਰੋਕਣ ਲਈ, ਉਨ੍ਹਾਂ ਨੇ ਉਸ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਪਿੰਜਰਾ ਇਕ ਮੁਗਲ-ਅਫਸਰ ਨਾਲ ਬੰਨ੍ਹ ਦਿੱਤਾ ਸੀ ਜਿਸ ਨੇ ਕਿ ਉਸ ਦੀ ਛਾਤੀ ਵਿਚ ਛੁਰਾ ਘੋਂਪ ਦੇਣਾ ਸੀ ਜੇ ਉਹ ਭੱਜਣ ਦਾ ਯਤਨ ਕਰੇ।[2] ਉਸ ਨੂੰ 740 ਅਨੁਯਾਈਆਂ, ਜਿਹੜੇ ਸਾਰੇ ਦੇ ਸਾਰੇ ਜ਼ੰਜੀਰਾਂ ਵਿਚ ਜਕੜੇ ਹੋਏ ਸਨ, ਨਾਲ ਦਿੱਲੀ ਲਿਆਂਦਾ ਗਿਆ ਜਿਨ੍ਹਾਂ ਦੇ ਅੱਗੇ ਨੇਜ਼ਿਆਂ ਤੇ ਟੰਗੇ 2000 ਸਿੱਖ ਸਿਰਾਂ ਦਾ ਜਲੂਸ ਸੀ।[3]

"ਉਨ੍ਹਾਂ ਦੀ ਸ਼ਕਲ ਘਿਨਾਉਣੀ ਅਤੇ ਹਾਸੋਹੀਣੀ ਬਣਾਉਣ ਖਾਤਰ ਉਨ੍ਹਾਂ ਨੂੰ ਭੇਡਾਂ ਦੀ ਖੱਲ ਪਹਿਨਣ ਲਈ ਮਜਬੂਰ ਕੀਤਾ ਗਿਆ ਅਤੇ ਫੇਰ ਉਨ੍ਹਾਂ ਨੂੰ ਖੋਤਿਆਂ ਅਤੇ ਊਠਾਂ ਤੇ ਚੜ੍ਹਾ ਕੇ ਦਿੱਲੀ ਦੀਆਂ ਸਾਰੀਆਂ ਵੱਡੀਆਂ ਸੜਕਾਂ ਤੇ ਫਿਰਾਇਆ ਗਿਆ। ਬੰਦੇ ਦਾ ਮੂੰਹ ਕਾਲਾ ਕਰ ਕੇ ਉਸ ਨੂੰ ਇਕ ਹਾਥੀ ਤੇ ਚੜ੍ਹਾਇਆ ਗਿਆ ਅਤੇ ਉੱਨ ਦੀ ਇਕ ਟੋਪੀ ਉਸ ਦੇ ਸਿਰ ਤੇ ਦਿੱਤੀ ਗਈ ਅਤੇ ਇਕ ਜਲਾਦ ਨੰਗੀ ਤਲਵਾਰ ਲੈ ਕੇ ਉਸ ਦੇ ਸਿਰ ਤੇ ਖੜਾ ਹੋ ਗਿਆ। ਉਸ ਨੂੰ ਉਨ੍ਹਾਂ ਦੇ ਨਕਲੀ ਸਰਦਾਰ ਵਜੋਂ ਅਗਵਾਈ ਲਈ ਮਜਬੂਰ ਕੀਤਾ ਗਿਆ।"[4] ਹਰ ਰੋਜ਼ ਉਨ੍ਹਾਂ ਵਿਚੋਂ ਸੌ ਦੇ ਸਿਰ ਖੁਲ੍ਹੇ ਆਮ ਉਤਾਰੇ ਜਾਂਦੇ ਰਹੇ ਜਦ ਤਕ ਕਿ ਬੰਦੇ ਤੋਂ ਛੁਟ ਹੋਰ ਸਾਰੇ ਨ ਮਾਰੇ ਗਏ। "ਉਨ੍ਹਾਂ ਨੇ ਪੂਰਨ ਨਿਰਲੇਪਤਾ ਨਾਲ ਸ਼ਹੀਦੀ ਕਬੂਲ ਕੀਤੀ; ਸਗੋਂ ਉਨ੍ਹਾਂ ਨੇ ਇਕ ਦੂਜੇ ਤੋਂ ਪਹਿਲੋਂ ਸ਼ਹੀਦੀ ਪ੍ਰਾਪਤ ਕਰਨ ਲਈ

(ਸਫ਼ਾ 119 ਦੀ ਬਾਕੀ)

ਤਾਂ ਇਸ ਦਾ ਇਹ ਭਾਵ ਨਹੀਂ ਕਿ ਬੰਦੇ ਨੇ ਜਾਂ ਉਸ ਦੇ ਕਿਸੇ ਹਿੰਦੂ ਜਾਂ ਸਿੱਖ ਅਨੁਯਾਈ ਨੇ ਮਨ੍ਹਾਂ ਕੀਤਾ ਗਿਆ ਗੋਸ਼ਤ ਖਾਧਾ ਹੋਵੇ। ਕਿਲ੍ਹੇ ਵਿਚ ਹਜ਼ਾਰਾਂ ਭੰਗੀ ਅਤੇ ਹੋਰ ਨੀਵੀਂਆਂ ਜਾਤੀਆਂ ਦੇ ਲੋਕ ਹੋਣਗੇ ਅਤੇ ਬੰਦੇ ਨੇ ਉਨ੍ਹਾਂ ਨੂੰ ਭੁੱਖ ਤੋਂ ਬਚਾਉਣ ਲਈ ਕੁਝ ਬੈਲਾਂ ਦਾ ਝਟਕਾ ਕਰ ਦੇਣ ਦੀ ਸੰਮਤੀ ਦੇ ਦਿੱਤੀ ਹੋਵੇਗੀ।

1. ਮਿਰਜ਼ ਤੇ ਆਧਾਰਿਤ ਕਨਿੰਘਮ ਦਾ ਹਵਾਲਾ, ਪੰਨਾ 403।
2. ਇਹ ਗੱਲ ਮੈਕਗ੍ਰੇਗਰ ਨੇ ਲਿਖੀ ਹੈ। ਰੂਸੀ ਵਿਦਰੋਹੀ ਪੁਗਟ ਚੈਫ (Pugat Cheff) ਨੂੰ ਵੀ ਪਿੰਜਰੇ ਵਿਚ ਬੰਦ ਕੀਤਾ ਗਿਆ ਸੀ ਜਦੋਂ 1774 ਈ. ਵਿਚ ਉਹ ਫੜਿਆ ਗਿਆ ਸੀ।
3. ਵਹੀਲਰ ਦੀ ਪੁਸਤਕ 'ਅਰਲੀ ਰਿਕਾਰਡਜ਼ ਆਫ ਬ੍ਰਿਟਿਸ਼ ਇੰਡੀਆ' ਵਿਚ ਪੰਨਾ 180 ਤੇ ਕੈਦੀਆਂ ਦੀ ਗਿਣਤੀ 780 ਦੱਸੀ ਗਈ ਹੈ।
4. ਲਤੀਫ।

ਤਤਪਰਤਾ ਵਿਖਾਈ ।"[1] ਅੱਠਵੇਂ ਦਿਨ ਬੰਦੇ ਨੂੰ ਮੁਨਸਫਾਂ ਅੱਗੇ ਪੇਸ਼ ਕੀਤਾ ਗਿਆ । "ਉਸ ਨੂੰ ਪਿੰਜਰੇ ਵਿਚੋਂ ਜੰਗਲੀ ਜਾਨਵਰ ਦੀ ਤਰ੍ਹਾਂ ਧੂਹ ਕੇ ਕਢਿਆ ਗਿਆ ਅਤੇ ਫੇਰ ਸੁਨਹਿਰੀ ਜ਼ਰੀ ਵਾਲੀ ਸ਼ਾਹੀ ਪੋਸ਼ਾਕ ਅਤੇ ਲਾਲ ਪੱਗ ਉਸ ਨੂੰ ਪਹਿਨਾਏ ਗਏ । ਉਸ ਦੇ ਪਹਿਲੋਂ ਹੀ ਕਤਲ ਕੀਤੇ ਜਾ ਚੁੱਕੇ ਅਨੁਯਾਈਆਂ ਦੇ ਸਿਰ ਨੇਜ਼ਿਆਂ ਉਤੇ ਟੰਗ ਕੇ ਉਸ ਦੇ ਚੌਹੀ ਪਾਸੀਂ ਫਿਰਾਏ ਗਏ । ਬੰਦੇ ਦੇ ਮੁਨਸਫਾਂ ਦਾ ਹੁਕਮ ਵਜਾਉਣ ਲਈ ਜਲਾਦ ਨੰਗੀ ਤਲਵਾਰ ਲੈ ਕੇ, ਉਸ ਦੇ ਪਿੱਛੇ ਤਿਆਰ ਬਰ-ਤਿਆਰ ਹੋ ਕੇ ਖਲੋ ਗਿਆ । ਸਾਰੇ ਦਰਬਾਰੀ ਉਮਰਾਵਾਂ ਨੇ ਉਸ ਨੂੰ ਵਿਅੰਗ ਨਾਲ ਪੁਛਿਆ ਕਿ ਉਸ ਵਰਗੇ ਸੰਦੇਹ-ਰਹਿਤ ਗਿਆਨ ਅਤੇ ਸੋਝੀ ਰੱਖਣ ਵਾਲੇ ਮਨੁੱਖ ਨੇ ਅਜੇਹਾ ਭੜਕਾਊ ਜੁਰਮ ਕਿਉਂ ਕੀਤਾ । ਉਸ ਨੇ ਤੁਰੰਤ ਉੱਤਰ ਦਿੱਤਾ ਕਿ ਉਹ ਤਾਂ ਗੁਨਾਹਗਾਰਾਂ ਨੂੰ ਦੰਡ ਦੇਣ ਲਈ ਸਰਵ-ਸ਼ਕਤੀਮਾਨ ਪਰਮਾਤਮਾ ਦੇ ਹੱਥਾਂ ਵਿਚ ਇਕ ਹਥਿਆਰ ਸੀ ਅਤੇ ਹੁਣ ਉਸ ਦੀ ਅਵੱਗਿਆ ਦੀ ਸਜ਼ਾ ਲਈ ਸ਼ਕਤੀ ਹੋਰਾਂ ਨੂੰ ਮਿਲ ਗਈ ਹੈ । ਫੇਰ ਉਸ ਦਾ ਪੁੱਤਰ ਉਸ ਦੀ ਗੋਦ ਵਿਚ ਦੇ ਦਿੱਤਾ ਗਿਆ ਅਤੇ ਉਸ ਨੂੰ ਉਸ ਦਾ ਗਲਾ ਕੱਟਣ ਦਾ ਹੁਕਮ ਸੁਣਾਇਆ ਗਿਆ ਅਤੇ ਇਸ ਮੰਤਵ ਲਈ ਉਸ ਨੂੰ ਇਕ ਛੁਰਾ ਦਿੱਤਾ ਗਿਆ ।[2] ਉਸ ਨੇ ਅਜੇਹਾ ਚੁਪ-ਚਾਪ ਅਤੇ ਸ਼ਾਂਤੀ ਪੂਰਵਕ ਕਰ ਦਿੱਤਾ । ਇਸ ਤੋਂ ਪਿੱਛੋਂ ਉਸ ਦਾ ਆਪਣਾ ਮਾਸ ਗਰਮ ਜਮੂਰਾਂ ਨਾਲ ਨੋਚਿਆ ਗਿਆ ਅਤੇ ਇਹ ਤਸੀਹੇ ਸਹਿੰਦਾ ਸਹਿੰਦਾ ਬੰਦਾ ਸ਼ਹੀਦ ਹੋ ਗਿਆ ।[3]

---

1. ਲਤੀਫ, ਮੈਲਕਮ, ਕਨਿੰਘਮ ਖ਼ਾਫ਼ੀ ਖ਼ਾਂ, ਮਿਯਰ ਆਦਿ । ਈਸਟ ਇੰਡੀਆ ਕੰਪਨੀ ਦੇ ਕੁਝ ਏਜੰਟ ਉਸ ਸਮੇਂ ਦਿੱਲੀ ਵਿਚ ਸਨ ਅਤੇ ਉਨ੍ਹਾਂ ਨੇ ਸਾਰੀ ਘਟਨਾ ਅੱਖੀਂ ਵੇਖੀ ਸੀ । ਵੇਖੋ, ਵਹੀਲਰ ਦੀ ਪੁਸਤਕ 'ਅਰਲੀ ਰਿਕਾਰਡਜ਼ ਆਫ ਬ੍ਰਿਟਿਸ਼ ਇੰਡੀਆ, ਪੰਨਾ 180
2. ਲਤੀਫ । ਕੁਝ ਇਕ ਦਾ ਵਿਚਾਰ ਹੈ ਕਿ ਉਸ ਦੇ ਪੁੱਤਰ ਨੂੰ ਕਤਲ ਕਰ ਕੇ ਉਸ ਦਾ ਮਾਸ ਬੰਦੇ ਦੇ ਮੂੰਹ ਤੇ ਮਾਰਿਆ ਗਿਆ ।
3. ਕਨਿੰਘਮ । ਪਰ 'ਬੰਦਾ ਬਹਾਦਰ' ਨਾਮਕ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ ਇੰਨੇ ਤਸੀਹਿਆਂ ਤੋਂ ਪਿੱਛੋਂ ਬੰਦੇ ਨੂੰ ਹਾਥੀ ਨਾਲ ਬੰਨ੍ਹ ਕੇ ਘੜੀਸਿਆ ਗਿਆ ਅਤੇ ਬਘਿਆੜਾਂ ਅਤੇ ਗਿੱਦੜਾਂ ਦੁਆਰਾ ਖਾਧੇ ਜਾਣ ਲਈ ਜਮਨਾ ਦੇ ਕੰਢੇ ਸੁੱਟ ਦਿੱਤਾ ਗਿਆ । ਪਿੱਪਰ, ਇਕ ਫਕੀਰ ਉਸ ਦਾ ਇਲਾਜ ਕਰਦਾ ਰਿਹਾ ਜਦ ਤਕ ਕਿ ਉਹ ਨੌ ਬਰ ਨੌ ਨ ਹੋ ਗਿਆ । ਇਸ ਤੋਂ ਪਿੱਛੋਂ ਬੰਦਾ ਭੇਸ ਬਦਲ ਕੇ ਪੰਜਾਬ ਵੱਲ ਭੱਜ ਗਿਆ । ਐਪਰ, ਇਸ ਦੌਰਾਨ ਹਾਲਾਤ ਬਿਲਕੁਲ ਬਦਲ ਗਏ ਸਨ । ਸਿੱਖ ਦੋ ਵਿਰੋਧੀ ਦਲਾਂ ਵਿਚ ਵਟ ਗਏ ਸਨ, ਇਕ ਦਲ ਬੰਦੇ ਦਾ ਵਫਾਦਾਰੀ ਸੀ ਅਤੇ ਦੂਸਰਾ ਤੱਤ ਖ਼ਾਲਸਾ ਸੀ ਜਿਹੜਾ ਮੁੱਢਲੇ ਮਤ ਨਾਲ ਜੁੜਿਆ ਹੋਇਆ ਸੀ । ਅਬਦੁਲ ਸਮੱਦ ਦੁਆਰਾ ਕੀਤੀਆਂ ਜਾਣ ਵਾਲੀਆਂ ਸਰਗਰਮ ਗ੍ਰਿਫਤਾਰੀਆਂ ਨੇ ਸਿੱਖਾਂ ਦੇ ਮਨਾਂ ਵਿਚ ਭੈ ਭਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਪਹਾੜਾਂ, ਜੰਗਲਾਂ ਅਤੇ ਬਠਿੰਡੇ ਤੇ ਬੀਕਾਨੇਰ ਦੇ ਮਾਰੂਥਲਾਂ ਵਿਚ ਧਕ ਦਿੱਤਾ ਸੀ । ਉਸ ਸਮੇਂ ਕਿਸੇ ਕਿਸਮ ਦੀ ਜਥੇਬੰਦੀ ਅਸੰਭਵ ਪ੍ਰਤੀਤ ਹੁੰਦੀ ਸੀ । ਬੰਦੇ ਨੇ ਜੰਮੂ ਦੀਆਂ ਪਹਾੜੀਆਂ ਵਿਚ ਭਬਰ ਦੇ

(ਬਾਕੀ ਵੇਖੋ ਸਫਾ 122 ਤੇ)

ਬੰਦਾ ਬਹਾਦਰ ਦੀ ਅਗਵਾਈ ਵਿਚ ਹੋਈ ਉੱਨਤੀ

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖਾਂ ਦੇ ਸੁਭਾਵ ਵਿਚ ਕ੍ਰਾਂਤੀ ਲਿਆ ਕੇ ਨਵੀਂ ਰੂਹ ਭਰਨ ਵਾਲੇ ਮਹਾਪੁਰਸ਼ ਗੁਰੂ ਗੋਬਿੰਦ ਸਿੰਘ ਸਨ। ਪਰ ਇਹ ਗੱਲ ਕਿਸੇ ਭਾਂਤ ਦੇ ਅੰਤਰ ਵਿਰੋਧ ਦੇ ਡਰ ਤੋਂ ਬਗੈਰ ਕਹੀ ਜਾ ਸਕਦੀ ਹੈ ਕਿ ਬੰਦੇ ਨੇ ਹੀ ਸਭ

(ਸਫ਼ਾ 121 ਦੀ ਬਾਕੀ)

ਸਥਾਨ ਤੇ ਇਕ ਸਾਧੂ ਦੇ ਭੇਸ ਵਿਚ ਨਿਵਾਸ ਕਰ ਲਿਆ। ਜਦੋਂ ਉਸ ਨੂੰ ਤਸੀਹੇ ਦਿੱਤੇ ਗਏ ਅਤੇ ਉਸ ਦਾ ਪੁੱਤਰ ਕਤਲ ਕੀਤਾ ਗਿਆ ਤਾਂ ਉਸ ਦੀ ਪਹਿਲੀ ਪਤਨੀ ਉਸ ਨਾਲ ਸੀ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਜ਼ਬਰਦਸਤੀ ਇਸਲਾਮ ਕਬੂਲ ਕਰਵਾ ਕੇ ਮੱਕੇ ਹੱਜ ਲਈ ਭੇਜਿਆ ਗਿਆ। ਉਸ ਨੇ ਦੂਸਰੀ ਸ਼ਾਦੀ ਕਰ ਲਈ ਅਤੇ 1728 ਈ. ਵਿਚ ਉਸ ਦੇ ਇਕ ਪੁੱਤਰ ਰਣਜੀਤ ਸਿੰਘ ਦਾ ਜਨਮ ਹੋਇਆ। ਬੰਦੇ ਦੀ ਮ੍ਰਿਤੂ 14 ਜੇਠ 1798 ਅਰਥਾਤ ਮਈ 1741 ਈ. ਵਿਚ ਹੋਈ। ਉਸ ਦੀ ਸਮਾਧੀ ਡੁਬਰ ਤੋਂ ਦੋ ਤਿੰਨ ਮੀਲ ਦੀ ਵਿੱਥ ਤੇ ਬਣੀ ਹੋਈ ਹੈ।

ਉਥੇ ਹਰ ਸਾਲ ਮੇਲਾ ਲਗਦਾ ਹੈ ਅਤੇ ਪੰਜਾਬ ਦੇ ਹਰੇਕ ਹਿੱਸੇ ਵਿਚੋਂ ਬੰਦੇ ਦੇ ਉੱਤਰਾਧਿਕਾਰੀਆਂ ਨੂੰ ਆਪਣਾ ਧਾਰਮਿਕ ਆਗੂ ਮੰਨਣ ਵਾਲੇ ਹਜ਼ਾਰਾਂ ਲੋਕ ਯਾਤਰਾ ਤੇ ਆਉਂਦੇ ਹਨ। 1907 ਵਿਚ ਗੱਦੀ ਦਾ ਮਾਲਕ ਤੇਜਾ ਸਿੰਘ ਸੀ। ਬੰਦੇ ਦੀ ਕੁਲ ਦਾ ਕੁਰਸੀਨਾਮਾ ਨਿਮਨ ਲਿਖਤ ਅਨੁਸਾਰ ਹੈ:

- ਬੰਦਾ
  - ਰਣਜੀਤ ਸਿੰਘ
    - ਜੁਝਾਰ ਸਿੰਘ
      - ਫ਼ਤਿਹ ਸਿੰਘ
        - ਸਾਹਿਬ ਸਿੰਘ
      - ਸੁਚੇਤ ਸਿੰਘ
    - ਜ਼ੋਰਾਵਰ ਸਿੰਘ
      - ਅਰਜਨ ਸਿੰਘ
        - ਖੜਕ ਸਿੰਘ
          - ਦਯਾ ਸਿੰਘ
            - ਤੇਜਾ ਸਿੰਘ
            - ਅਤਰ ਸਿੰਘ
            - ਸੋਹਨ ਸਿੰਘ
            - ਸੁਜਾਨ ਸਿੰਘ
        - ਅਮੀਰ ਸਿੰਘ
          - ਪਹਾੜ ਸਿੰਘ

1907 ਵਿਚ ਤੇਜਾ ਸਿੰਘ ਅਤੇ ਉਸ ਦੇ ਸਾਰੇ ਭਰਾ ਨਿਰਸੰਤਾਨ ਸਨ। ਕੋਈ ਇਕ ਸਦੀ ਤੋਂ ਪਿੱਛੋਂ ਲਿਖਦੇ ਹੋਇਆਂ ਮੈਲਕਮ ਉਪਰੋਕਤ ਵਿਚਾਰ ਦਾ ਹਵਾਲਾ ਦਿੰਦਾ ਹੈ ਅਤੇ ਡਬਰਾਂ ਦਾ ਵੀ ਜ਼ਿਕਰ ਕਰਦਾ ਹੈ ਜਿਥੇ ਬੰਦਾ ਦਿੱਲੀ ਵਿਚੋਂ ਭੱਜਣ ਉਪਰੰਤ ਜਾ ਕੇ ਠਹਿਰਿਆ। ਇਹ ਵਾਰਤਾ 'ਪੰਥ ਪ੍ਰਕਾਸ਼' ਵਿਚ ਵੀ ਮੌਜੂਦ ਹੈ। ਤਾਂ ਵੀ ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਕਥਾ ਅਜੇ ਵੀ ਸ਼ੰਕਾਮਈ ਹੈ ਜੇ ਇਹ ਫਰਜ਼ ਨ ਕਰ ਲਿਆ ਜਾਵੇ ਕਿ ਬੰਦਾ ਗੁਰਦਾਸਪੁਰੋਂ ਹੀ ਮੁੜ ਭਜ ਗਿਆ ਸੀ ਅਤੇ ਉਸ ਨੂੰ ਦਿੱਲੀ ਕਦੀ ਨਹੀਂ ਲਿਜਾਇਆ ਗਿਆ ਸੀ।

ਤੋਂ ਪਹਿਲਾਂ ਉਨ੍ਹਾਂ ਨੂੰ ਲੜਨਾ ਅਤੇ ਜਿੱਤ ਪ੍ਰਾਪਤ ਕਰਨਾ ਸਿਖਾਇਆ। ਦਸਮ ਗੁਰੂ ਸਾਹਿਬ ਦੀ ਅਸਾਧਾਰਣ ਪ੍ਰਤਿਭਾ ਅਤੇ ਸੈਨਿਕ ਯੋਗਿਤਾ ਨੂੰ ਰਤਾ ਭਰ ਵੀ ਛੁਟਿਆਏ ਬਗੈਰ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀਆਂ ਸਰਗਰਮੀਆਂ ਪਹਾੜੀ ਰਿਆਸਤਾਂ ਦੇ ਛੋਟੇ ਛੋਟੇ ਰਾਜਿਆਂ ਨਾਲ ਅਸਥਿਰ ਜੇਹੀਆਂ ਲੜਾਈਆਂ ਤਕ ਸੀਮਿਤ ਸਨ ਅਤੇ ਜਦੋਂ ਸ਼ਾਹੀ ਫੌਜਾਂ ਨਾਲ ਉਨ੍ਹਾਂ ਦੀ ਪਹਿਲੀ ਗੰਭੀਰ ਟੱਕਰ ਹੋਈ ਤਾਂ ਉਹ ਇਸ ਦਾ ਝਟਕਾ ਸਹਾਰ ਨ ਸਕੇ। ਉਨ੍ਹਾਂ ਦੇ ਯੁੱਧਾਂ ਨੂੰ ਬਿਨਾਂ ਕਿਸੇ ਭਾਂਤ ਦੀ ਤ੍ਰਿਸਕਾਰ ਭਾਵਨਾ ਤੋਂ, ਉਸ ਨਾਟਕ ਦੀ ਰੀਹਰਸਲ ਆਖਿਆ ਜਾ ਸਕਦਾ ਹੈ ਜਿਹੜਾ ਸਿੱਖਾਂ ਨੇ ਬੰਦੇ ਦੀ ਅਗਵਾਈ ਵਿਚ ਖੇਡਣਾ ਸੀ। ਨਾਟਕ ਦਾ ਪਲਾਟ ਗੁਰੂ ਸਾਹਿਬ ਦੀ ਪ੍ਰਤਿਭਾ ਦੀ ਦੇਣ ਸੀ, ਕੁਝ ਇਕ ਅਭਿਨੇਤਾ ਉਨ੍ਹਾਂ ਹੀ ਤਿਆਰ ਕੀਤੇ ਅਤੇ ਸਿਧਾਏ ਸਨ। ਪਰ ਬੰਦੇ ਨੇ ਹੀ ਉਨ੍ਹਾਂ ਨੂੰ ਰੰਗਮੰਚ ਤੇ ਲਿਆਂਦਾ ਅਤੇ ਭਰੇ ਹੋਏ ਹਾਲ ਵਿਚ ਨਾਟਕ ਖਿਡਵਾਇਆ। ਗੁਰੂ ਸਾਹਿਬ ਦਾ ਕਬਜ਼ਾ ਪਹਾੜੀਆਂ ਤੋਂ ਪਰ੍ਹਾਂ ਦੇ ਇਲਾਕੇ ਤੇ ਅਸਥਾਈ ਤੌਰ ਤੇ ਵੀ ਨਹੀਂ ਹੋਇਆ ਸੀ, ਪਰ ਬੰਦੇ ਦੇ ਕਬਜ਼ੇ ਵਿਚ ਲਾਹੌਰ ਤੋਂ ਲੈ ਕੇ ਪਾਨੀਪਤ ਤਕ ਦਾ ਇਲਾਕਾ ਅਮਲੀ ਤੌਰ ਤੇ ਆ ਗਿਆ ਸੀ[1]। ਉਸ ਦੀਆਂ ਮਹਾਨ ਸਫਲਤਾਵਾਂ ਨੇ ਸਿੱਖਾਂ ਨੂੰ ਉਹ ਪ੍ਰਤਿਸ਼ਠਾ ਅਤੇ ਸੱਤਾ ਪ੍ਰਦਾਨ ਕੀਤੀ ਜਿਹੜੀ ਉਨ੍ਹਾਂ ਨੂੰ ਹੁਣ ਤਕ ਪ੍ਰਾਪਤ ਨਹੀਂ ਹੋਈ ਸੀ। ਜਿਨ੍ਹਾਂ ਲੋਕਾਂ ਨੇ ਗੁਰੂ ਸਾਹਿਬਾਨ ਦਾ ਨਾਂ ਨਹੀਂ ਸੁਣਿਆ ਸੀ, ਉਹ ਬੰਦੇ ਦੀਆਂ ਜਿੱਤਾਂ ਦੁਆਰਾ ਪ੍ਰਾਪਤ ਹੋਈ ਸ਼ਾਨ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਉਸ ਨਾਲ ਮਿਲ ਗਏ। ਉਸ ਦੀ ਨਿਜੀ ਆਕਰਸ਼ਣ ਸ਼ਕਤੀ ਵੀ ਬੜੀ ਸੀ ਅਤੇ ਉਸ ਦੇ ਅਚੁਕ ਸਾਹਸ ਅਤੇ ਅਸਾਧਾਰਣ ਸੂਰਮਤਾ ਨੇ ਉਸ ਦੇ ਅਨੁਯਾਈਆਂ ਨੂੰ ਉਸ ਨਾਲ ਪੱਕੀ ਤਰ੍ਹਾਂ ਜੋੜ ਦਿੱਤਾ ਸੀ[2]। ਇਸ ਤਥ ਦਾ ਇਕ ਮੁਗ਼ਲ ਸਰਕਾਰ ਦੁਆਰਾ ਫੜੇ ਅਤੇ ਕਤਲ ਕੀਤੇ ਗਏ ਹਜ਼ਾਰਾਂ ਸਿੱਖਾਂ ਵਿਚੋਂ ਇਕ ਨੇ ਵੀ ਆਪਣੀ ਜਾਨ ਬਚਾਉਣ ਲਈ ਧਰਮ ਨ ਛੱਡਿਆ, ਬੰਦੇ ਦੀ ਆਪਣੀ ਬੇਮਿਸਾਲ ਪਵਿਤਰਤਾ ਅਤੇ ਉੱਚਾ ਚਰਿੱਤਰ ਉਤਨਾ ਵੱਡਾ ਕਾਰਣ ਹੀ ਸੀ ਜਿਤਨਾ ਕਿ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਣਾ। ਗੁਰੂ ਗੋਬਿੰਦ ਸਿੰਘ ਨੇ ਆਪਣੇ ਅਨੁਯਾਈਆਂ ਦਾ ਧਿਆਨ ਹੱਲ ਤੋਂ ਤੇਗ ਵੱਲ ਮੋੜ ਦਿੱਤਾ ਸੀ ਅਤੇ ਯੁੱਧ ਤੇ ਖੂਨ-ਖਰਾਬੇ ਦੀ ਆਗਿਆ ਦੇ ਦਿੱਤੀ ਸੀ ਜੇ ਧਰਮ ਅਤੇ ਸੱਚ ਦੀ ਰੱਖਿਆ ਹੋਰ ਕਿਸੇ ਭਾਂਤ ਨ ਹੋ ਸਕੇ। ਉਨ੍ਹਾਂ ਬੀਜ ਬੋ ਦਿੱਤਾ ਸੀ ਅਤੇ ਬੰਦੇ ਨੇ ਫਸਲ ਕੱਟੀ। ਗੁਰੂ ਸਾਹਿਬ ਨੇ ਨਿਯਮ ਬਣਾਏ ਸਨ,

1. ਬੰਦੇ ਦੁਆਰਾ ਭੇਜੇ ਸਿੱਖ ਦਸਤਿਆਂ ਨੇ ਲਾਹੌਰ ਦੇ ਸ਼ਾਲੀਮਾਰ ਬਾਗ ਤਕ ਦਾ ਸਾਰਾ ਇਲਾਕਾ ਲੁਟ ਲਿਆ ਸੀ—ਖ਼ਾਫ਼ੀ ਖ਼ਾਂ।

2. ਗੁਲਾਬੂ ਜਿਸ ਨੇ ਬੰਦੇ ਦੀ ਥਾਂ ਤੇ ਆਪਣੀ ਗ੍ਰਿਫਤਾਰੀ ਦੇ ਕੇ ਉਸ ਨੂੰ ਬਚਾਇਆ ਸੀ, ਮੁਗ਼ਲ ਫੌਜ ਨੂੰ ਜਿਸ ਨੇ 1710 ਵਿਚ ਲੋਹਗੜ੍ਹ ਤੇ ਹਮਲਾ ਕੀਤਾ, ਤਮਾਕੂ ਵੇਚਦਾ ਹੁੰਦਾ ਸੀ—ਖ਼ਾਫ਼ੀ ਖ਼ਾਂ।

ਬੰਦੇ ਨੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਗੋਬਿੰਦ ਸਿੰਘ ਨੇ ਮੁਗਲਾਂ ਦੀ ਨਿਰੰਕੁਸ਼ਤਾ ਵਿਚੋਂ ਪੈਦਾ ਹੋਏ ਭੈ ਦਾ ਅੰਤ ਕਰ ਦਿੱਤਾ ਸੀ । ਬੰਦੇ ਨੇ ਇਸ ਦੇ ਅਜਿੱਤ ਹੋਣ ਦਾ ਭਰਮ ਖੇਰੂੰ ਖੇਰੂੰ ਕਰ ਦਿੱਤਾ। ਸਦੀਆਂ ਦੀ ਗੁਲਾਮੀ ਉਪਰੰਤ, ਬੰਦੇ ਦੀ ਅਗਵਾਈ ਵਿਚ ਹਿੰਦੂਆਂ ਨੇ ਮਹਿਸੂਸ ਕੀਤਾ ਕਿ ਉਹ ਹੁਣ ਵੀ ਲੜ ਕੇ ਜਿੱਤ ਪ੍ਰਾਪਤ ਕਰ ਸਕਦੇ ਹਨ। ਜਦੋਂ ਉਹ ਸ਼ਹੀਦ ਹੋਇਆ ਤਾਂ ਗੁਰੂ ਗੋਬਿੰਦ ਸਿੰਘ ਦੁਆਰਾ ਭਰੀ ਖ਼ਾਲਸੇ ਦੀ ਪ੍ਰਭੁਤਾ ਦਾ ਸੁਪਨਾ ਸਾਕਾਰ ਹੋਣ ਵਾਲਾ ਸੀ।

ਪਰੰਤੂ ਬੰਦਾ ਸਫਲ ਨ ਹੋ ਸਕਿਆ। ਉਸ ਦੀ ਅਸਫਲਤਾ ਦੇ ਕਾਰਣ ਹੇਠਾਂ ਦਿੱਤੇ ਜਾਂਦੇ ਹਨ :

1. ਫਰੁੱਖਸੀਯਰ ਦੀ ਮਜ਼ਬੂਤ ਹਕੂਮਤ। ਮਜ਼ਬੂਤ ਹਾਕਮਾਂ ਅਧੀਨ ਇਨਕਲਾਬ ਸਿਰ ਨਹੀਂ ਚੁੱਕ ਸਕਦੇ। ਨੈਪੋਲੀਅਨ ਕਿਹਾ ਕਰਦਾ ਸੀ ਕਿ ਜੇ ਲੂਈ ਸੋਲ੍ਹਵਾਂ ਕੁਝ ਸੌ ਲੋਕਾਂ ਦੇ ਹਜੂਮ ਨੂੰ ਮੁਜ਼ਾਹਰੇ ਦੇ ਪਹਿਲੇ ਦਿਨ ਹੀ ਕਤਲ ਕਰਵਾ ਦਿੰਦਾ, ਤਾਂ ਫਰਾਂਸੀਸੀ ਇਨਕਲਾਬ ਵਰਗੀ ਕੋਈ ਘਟਨਾ ਨ ਵਾਪਰਦੀ।

ਫਰੁੱਖਸੀਯਰ "ਕਤਲ ਕਰ ਦਿਓ ਅਤੇ ਕਤਲ ਕਰ ਦਿਓ" ਦੇ ਸਿੱਧਾਂਤ ਵਿਚ ਵਿਸ਼ਵਾਸ ਰਖਦਾ ਪ੍ਰਤੀਤ ਹੁੰਦਾ ਹੈ। ਰਾਜਪੂਤਾਂ ਨਾਲ ਹੋਏ ਸਮਝੌਤੇ ਨੇ ਉਸ ਨੂੰ ਕੇਂਦਰੀ ਸਰਕਾਰ ਮਜ਼ਬੂਤ ਕਰਨ ਦੀ ਵਿਹਲ ਦੇ ਦਿੱਤੀ ਸੀ ਅਤੇ ਕੇਂਦਰੀ ਸਰਕਾਰ ਦੀ ਸ਼ਕਤੀ ਦਾ ਅਸਰ ਸੂਬਿਆਂ ਤੇ ਵੀ ਪਿਆ ਸੀ। ਸੁਸਤ, ਐਸ਼ਪ੍ਰਸਤ ਅਤੇ ਸਾਹਸਹੀਣ ਨਾਜ਼ਮ ਬਾਦਸ਼ਾਹ ਦੀਆਂ ਸਰਗਰਮੀਆਂ ਦੇ ਮੇਚ ਉਤਰਨ ਲਈ ਚੋਕਸ ਅਤੇ ਸ਼ਕਤੀਵਰ ਹੋ ਗਏ ਸਨ। ਘੱਟੋ ਘੱਟ ਅਜੇਹਾ ਇਕ ਵਿਅਕਤੀ ਅਬਦੁਲ ਸਮੱਦ ਜ਼ਰੂਰ ਸੀ ਜਿਸ ਨੇ 1714 ਤੋਂ 1726 ਈ. ਤਕ ਲਾਹੌਰ ਤੇ ਹਕੂਮਤ ਕੀਤੀ। ਉਸ ਦੇ ਰੱਖਿਆਤਮਕ ਉਪਾਵਾਂ ਅਤੇ ਮਜ਼ਬੂਤ ਹਕੂਮਤ ਨੇ ਬੰਦੇ ਦੀ ਸ਼ਕਤੀ ਨੂੰ ਬੰਨ੍ਹ ਮਾਰੀ ਰਖਿਆ ਅਤੇ ਉਸ ਦੀਆਂ ਇੱਛਾਵਾਂ ਉਤੇ ਸਥਾਈ ਰੋਕ ਲਾ ਦਿੱਤੀ।

2. ਬੰਦੇ ਦੀ ਅਸਫਲਤਾ ਦਾ ਦੂਸਰਾ ਕਾਰਣ, ਨਿਰਸੰਦੇਹ ਉਸ ਦਾ ਆਪਣਾ ਵਤੀਰਾ ਸੀ। ਉਹ ਸਿੱਖ-ਧਰਮ ਦਾ ਬਾਕਾਇਦਾ ਉਪਾਸਕ ਨਹੀਂ ਸੀ ਅਤੇ ਆਪਣੇ ਸੀਮਿਤ ਜੇਹੇ ਘੇਰੇ ਵਿਚ ਹੀ ਉਹ ਧਾਰਮਿਕ ਆਗੂ ਰਿਹਾ ਸੀ। ਉਹ ਸਿੱਖ ਧਰਮ ਦੀ ਭਾਵਨਾ ਜੇਹੋ ਜੇਹੀ ਕਿ ਗੁਰੂ ਗੋਬਿੰਦ ਸਿੰਘ ਨੇ ਬਣਾਈ ਸੀ, ਦੇ ਸਾਂਚੇ ਵਿਚ ਨਹੀਂ ਢਲਿਆ ਸੀ। ਉਸ ਨੇ ਇਸ ਦੇ ਧਾਰਮਿਕ ਸੁਭਾਵ ਨੂੰ ਤਾਂ ਸਮਝ ਲਿਆ ਸੀ, ਪਰ ਉਹ ਇਸ ਗੱਲ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਦਾ ਪ੍ਰਤੀਤ ਨਹੀਂ ਹੁੰਦਾ ਕਿ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਨਿਵੇਕਲਾ ਪੰਥਕ ਸੁਭਾਵ ਪ੍ਰਦਾਨ ਕਰ ਦਿੱਤਾ ਸੀ ਅਤੇ ਇਸ ਨੂੰ ਕੁਝ ਹੋਰ ਸਮਝਣ ਦਾ ਕੋਈ ਵੀ ਯਤਨ, ਭਾਵੇਂ ਉਹ ਕਿਤਨਾ ਵੀ ਪ੍ਰਸ਼ੰਸਾਜਨਕ ਕਿਉਂ ਨ ਹੋਵੇ, ਅਸਫਲ ਰਹਿਣਾ

ਸੀ। ਉਸ ਨੇ ਇਸ ਵਿਚ ਤਬਦੀਲੀ ਕਰ ਕੇ ਇਸ ਨੂੰ ਇਸ ਭਾਂਤ ਸੁਧਾਰਨ ਦਾ ਯਤਨ ਕੀਤਾ ਕਿ ਇਹ ਆਪਣੇ ਸੁਭਾਵ ਵਿਚ ਸੰਪਰਦਾਇਕ ਨਾਲੋਂ ਰਾਸ਼ਟਰੀ ਬਹੁਤਾ ਬਣ ਜਾਵੇ। ਇਸ ਦੇ ਸਿੱਧਾਂਤ ਦੀ ਸਾਧਾਰਣ ਧੁਨੀ ਅਤੇ ਗਊ-ਰੱਖਿਆ ਜਿਹੜੀ ਕਿ ਬੰਦੇ ਦੇ ਮਿਸ਼ਨ ਦਾ ਉਘੜਵਾਂ ਲੱਛਣ ਸੀ, ਨੇ ਹਿੰਦੂਆਂ ਨੂੰ ਉਸ ਦੇ ਝੰਡੇ ਥੱਲੇ ਲੇ ਆਂਦਾ ਸੀ। ਤਾਂ ਵੀ ਸਿੱਖ ਧਰਮ ਵਿਚ ਕੁਝ ਨਿਵੇਕਲਾਪਣ ਸੀ ਜਿਹੜਾ ਬੰਦੇ ਦੇ ਵਿਚਾਰ ਅਨੁਸਾਰ ਹਿੰਦੂ ਧਰਮ ਦੇ ਵਿਕਾਸ ਵਿਚ ਸਿੱਖ ਧਰਮ ਦੀ ਕੀਮਤ ਨੂੰ ਘਟਾਉਂਦਾ ਸੀ। ਇਸ ਅਨੁਸਾਰ ਉਸ ਨੇ ਇਸ ਦੀਆਂ ਵਿਸ਼ਿਸ਼ਟ ਸੰਸਥਾਵਾਂ ਵਿੱਚ ਕੁਝ ਤਬਦੀਲੀ ਕਰ ਕੇ ਇਸ ਨੂੰ ਹਿੰਦੂ ਧਰਮ ਦਾ ਵਧੇਰੇ ਰੰਗ ਚੜ੍ਹਾਉਣ ਦਾ ਯਤਨ ਕੀਤਾ। (ੳ) ਕੇਸ ਜਿਹੜੇ ਕਿ ਸਿੱਖ ਧਰਮ ਦਾ ਸਭ ਤੋਂ ਉਘੜਵਾਂ ਚਿੰਨ੍ਹ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਸਭ ਤੋਂ ਵੱਧ ਮਹੱਤਵ-ਪੂਰਣ ਸਮਝੇ ਜਾਂਦੇ ਸਨ, ਬੰਦੇ ਦੇ ਸਮੇਂ ਵਿਚ ਸਿੱਖ ਧਰਮ ਦਾ ਅਨਿਵਾਰੀ ਅੰਗ ਨ ਰਹੇ। ਗੁਰੂ ਗੋਬਿੰਦ ਸਿੰਘ ਨੇ ਮਾਸ ਖਾਣ ਨੂੰ ਉਤਸਾਹਿਤ ਕੀਤਾ ਸੀ, ਐਪਰ ਬੰਦਾ ਕਿਉਂਕਿ ਆਪ ਵੈਸ਼ਨੂੰ ਸੀ ਇਸ ਲਈ ਉਹ ਇਸ ਨੂੰ ਘ੍ਰਿਣਾ ਕਰਦਾ ਸੀ ਅਤੇ ਸਿੱਖਾਂ ਨੂੰ ਇਸ ਤੋਂ ਪਰਹੇਜ਼ ਕਰਨ ਲਈ ਪ੍ਰੇਰਦਾ ਸੀ। ਉਸ ਨੇ 'ਵਾਹਿਗੁਰੂ ਜੀ ਦਾ ਖ਼ਾਲਸਾ ਵਾਹਿਗੁਰੂ ਜੀ ਦੀ ਫਤਹ' ਦੀ ਥਾਂ ਤੇ 'ਫਤਹ ਧਰਮ, ਫਤਹ ਦਰਸ਼ਨ' ਦਾ ਨਾਅਰਾ ਦਿੱਤਾ ਜੋ ਕਿ ਨਿਸ਼ਚਿਤ ਹੀ ਅਤਿ ਗੰਭੀਰ ਪਰਿਵਰਤਨ ਸੀ। (ਅ) ਬੰਦਾ ਸਿੱਖ ਧਰਮ ਦੇ ਲੋਕ-ਰਾਜੀ ਸੁਭਾਵ ਤੋਂ ਵੀ ਪੂਰਣ ਭਾਂਤ ਜਾਣੂ ਨਹੀਂ ਸੀ। ਗੁਰੂ ਗੋਬਿੰਦ ਸਿੰਘ ਨੇ ਇਕ ਬੰਦਸ਼ ਤਾਂ ਇਹ ਲਾਈ ਸੀ ਕਿ ਉਹ ਖ਼ਾਲਸੇ ਦੀ ਰਾਏ ਲਏ ਬਿਨਾਂ ਕੋਈ ਕੰਮ ਨਹੀਂ ਕਰੇਗਾ। ਆਰੰਭ ਵਿਚ ਬੰਦੇ ਨੇ ਇਸ ਨਸੀਹਤ ਤੇ ਅਮਲ ਕੀਤਾ ਪਰੰਤੂ ਉਸ ਦੀਆਂ ਸਫਲਤਾਵਾਂ ਨੇ ਉਸ ਨੂੰ ਖ਼ਾਲਸੇ ਦੀ ਰਾਏ ਪ੍ਰਤਿ ਉਦਾਸੀਨ (ਅਵੇਸਲਾ) ਕਰ ਦਿੱਤਾ। 'ਪੰਥ ਪ੍ਰਕਾਸ਼' ਵਿਚ ਦਰਜ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਵਿਧਵਾ ਪਤਨੀ, ਜਿਸ ਨੂੰ ਕਿ ਸਰਕਾਰ ਨੇ ਆਪਣੇ ਪੱਖ ਵਿਚ ਕਰ ਲਿਆ ਸੀ, ਤੋਂ ਬੰਦੇ ਨੂੰ ਇਕ ਪੱਤਰ ਲਿਖਵਾਇਆ ਗਿਆ ਜਿਸ ਵਿਚ ਉਸ ਨੂੰ ਲੜਾਈ ਛੱਡ ਕੇ ਈਨ ਮੰਨ ਜਾਣ ਲਈ ਕਿਹਾ ਗਿਆ ਸੀ। ਉਸ ਨੇ ਪੱਤਰ ਅਨੁਸਾਰ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਮਾਤਾ ਜੀ ਨੇ ਸਾਰੇ ਸੱਚੇ ਸਿੱਖਾਂ ਨੂੰ ਇਕ ਗਸ਼ਤੀ ਪੱਤਰ ਲਿਖਿਆ ਜਿਸ ਵਿਚ ਇਸ ਗੁਸਤਾਖ ਮਨਮਤੀਏ ਤੋਂ ਆਪਣੇ ਸਾਰੇ ਸੰਬੰਧ ਤੋੜਨ ਲਈ ਕਿਹਾ ਗਿਆ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੇ ਬੰਦੇ ਦੇ ਅਨੁਯਾਈਆਂ ਅਤੇ ਤੱਤ ਖ਼ਾਲਸਾ[1] ਵਿਚਕਾਰ ਪਾੜੇ ਨੂੰ ਕਾਫੀ ਵਧਾ ਦਿੱਤਾ।

---

1. ਚੀਫ਼ ਖ਼ਾਲਸਾ ਦੀਵਾਨ ਦੁਆਰਾ ਪ੍ਰਕਾਸ਼ਿਤ ਪੁਸਤਕ 'ਬੰਦਾ ਬਹਾਦਰ' ਵਿਚ ਇਸ ਵਿਚਾਰ ਨੂੰ ਰੱਦ ਕੀਤਾ ਗਿਆ ਹੈ।

'ਪੰਥ ਪ੍ਰਕਾਸ਼' ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਫਰੁੱਖਸੀਯਰ ਅਤੇ ਲਾਹੌਰ ਵਿਖੇ ਉਸ ਦੇ ਡਿਪਟੀ-ਨਾਇਬ ਦੁਆਰਾ ਚੁੱਕੇ ਗਏ ਸਮਝੌਤੇ ਵਾਲੇ ਕਦਮਾਂ ਨੇ ਸਿੱਖਾਂ ਦੀ ਤਾਕਤ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ। ਪੰਜ ਸੌ ਸਿੱਖ ਜਿਹੜੇ ਬੰਦੇ ਤੋਂ ਜੁਦਾ ਹੋ ਗਏ ਸਨ, ਨੂੰ ਇਕ ਰੁਪਿਆ ਪ੍ਰਤਿ ਦਿਨ ਤੇ ਸਰਕਾਰੀ ਨੌਕਰੀ ਦੇ ਦਿੱਤੀ ਗਈ ਅਤੇ ਬਾਕੀਆਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਾਂ 5000 ਰੁਪਿਆ ਸਾਲਾਨਾ ਲਗਾਨ ਵਾਲੀ ਅੰਮ੍ਰਿਤਸਰ ਦੇ ਨੇੜੇ ਵਸਦੇ ਝਬਾਲ ਪਿੰਡ ਦੀ ਜਾਗੀਰ ਲਾ ਕੇ ਸ਼ਾਂਤ ਕਰ ਦਿੱਤਾ ਗਿਆ। ਇਸ ਸੰਧੀ ਦੀਆਂ ਸ਼ਰਤਾਂ ਹੇਠ ਲਿਖੀਆਂ ਸਨ:

1. ਖ਼ਾਲਸਾ ਦੇਸ਼ ਵਿਚ ਲੁੱਟ-ਮਾਰ ਨਹੀਂ ਕਰੇਗਾ।

2. ਖ਼ਾਲਸਾ ਬੰਦੇ ਦੀ ਸਹਾਇਤਾ ਨਹੀਂ ਕਰੇਗਾ।

3. ਕਿਸੇ ਵਿਦੇਸ਼ੀ ਹਮਲੇ ਦੀ ਸੂਰਤ ਵਿਚ ਖ਼ਾਲਸਾ ਬਾਦਸ਼ਾਹ ਵੱਲੋਂ ਲੜੇਗਾ।

4. ਖ਼ਾਲਸੇ ਦੀ ਤਨਖਾਹ ਜਾਂ ਜਾਗੀਰ ਵਿਚ ਕੋਈ ਕਟੌਤੀ ਨਹੀਂ ਹੋਵੇਗੀ।

5. ਕਿਸੇ ਹਿੰਦੂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਅਤੇ ਹਿੰਦੂਆਂ ਦਾ ਕੋਈ ਪਵਿਤਰ ਸਥਾਨ ਤਬਾਹ ਜਾਂ ਪਤਿਤ ਨਹੀਂ ਕੀਤਾ ਜਾਵੇਗਾ।

6. ਹਿੰਦੂਆਂ ਨਾਲ ਭੈੜਾ ਸਲੂਕ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਧਾਰਮਿਕ ਸਿੱਧਾਂਤਾਂ ਦਾ ਆਦਰ ਕੀਤਾ ਜਾਵੇਗਾ।

ਇਨ੍ਹਾਂ ਸਾਰੀਆਂ ਪਰਿਸਥਿਤੀਆਂ ਨੇ ਮਿਲ ਕੇ ਤੱਤ ਖ਼ਾਲਸੇ ਨੂੰ ਬੰਦੇ ਤੋਂ ਅਲੱਗ ਕਰ ਦਿਤਾ ਅਤੇ ਬੰਦੇ ਅਤੇ ਤੱਤ ਖ਼ਾਲਸਾ ਵਿਚਕਾਰ ਇਕ ਵਾਰੀ ਵਿਗੜੇ ਸੰਬੰਧ ਮੁੜ ਚੰਗੇਰੇ ਨ ਹੋ ਸਕੇ। ਬਹੁਤ ਸਾਰੇ ਵਫ਼ਾਦਾਰ ਸਿੱਖਾਂ ਨੇ ਬੰਦੇ ਦੀ ਫੌਜ ਛੱਡ ਦਿੱਤੀ ਅਤੇ ਉਨ੍ਹਾਂ ਦੇ ਇਕ ਵੱਡੇ ਆਗੂ ਭਾਈ ਬਿਨੋਦ ਸਿੰਘ ਤ੍ਰਿਹਨ ਨੇ ਬੰਦੇ ਦਾ ਉਦੋਂ ਸਾਥ ਛਡਿਆ ਜਦੋਂ ਉਹ ਗੁਰਦਾਸਪੁਰ ਦੇ ਕਿਲ੍ਹੇ ਵਿਚ ਅਤਿ ਔਖ ਵਿਚ ਫਸਿਆ ਹੋਇਆ ਸੀ। ਵਾਸਤਵ ਵਿਚ ਸਰਹਿੰਦ ਦੀ ਜਿੱਤ ਤੋਂ ਪਿੱਛੋਂ ਸਿੱਖਾਂ ਨੇ ਬੰਦੇ ਨੂੰ ਤਨੋਂ-ਮਨੋਂ ਕਦੇ ਵੀ ਸਹਾਇਤਾ ਨਹੀਂ ਦਿਤੀ ਸੀ। ਸੋ ਬੰਦੇ ਦਾ ਜੀਵਨ ਜਿਸ ਨੇ ਸਫਲਤਾ ਦਾ ਤਾਜ ਪਹਿਨਣਾ ਸੀ, ਉਸ ਦੀ ਬ੍ਰਾਹਮਣਵਾਦੀ ਭਾਵਨਾ, ਸਿੱਖ ਧਰਮ ਦੇ ਸਹੀ ਸੁਭਾਵ ਬਾਰੇ ਬੇ-ਸਮਝੀ, ਮੁਗਲ ਸਰਕਾਰ ਦੀਆਂ ਵਿਉਂਤਾਂ ਅਤੇ ਉਹ ਸਾਹਸ ਹੀਣਤਾ ਜਿਹੜੀ ਕਿ ਫਰੁਖਸੀਯਰ ਦੇ ਸਖਤ ਹੱਥਾਂ ਨੇ ਕੁਝ ਸਮੇਂ ਲਈ ਖ਼ਾਲਸੇ ਵਿਚ ਫੈਲਾ ਦਿੱਤੀ ਸੀ, ਦੁਆਰਾ ਛੇਤੀ ਹੀ ਖਤਮ ਹੋ ਗਿਆ।

ਸਿੱਖਾਂ ਦਾ ਆਰਜ਼ੀ ਦਮਨ (1716-1738)

ਬੰਦੇ ਦੇ ਪਤਨ ਤੋਂ ਲੈ ਕੇ 1768 ਈ. ਵਿਚ ਲਾਹੌਰ ਦੇ ਸਿੱਖਾਂ ਦਾ ਪੱਕਾ ਕਬਜ਼ਾ ਹੋ ਜਾਣ ਤਕ, ਸਿੱਖਾਂ ਦਾ ਇਤਿਹਾਸ ਅਤਿ ਰੋਚਕ ਹੈ। ਇਹ ਮੁਗ਼ਲਾਂ ਦੀ ਨਿਘਰਦੀ ਸ਼ਕਤੀ ਤੇ ਖ਼ਾਲਸੇ ਦੀ ਚੜ੍ਹਦੀ ਕਲਾ ਵਿਚਕਾਰ ਜ਼ਿੰਦਗੀ ਤੇ ਮੌਤ ਦੀ ਜੱਦੋ-ਜਹਿਦ ਦਾ ਇਤਿਹਾਸ ਹੈ ਤੇ ਸਿੱਖ ਇਤਿਹਾਸ ਦੇ ਇਸ ਭਾਗ ਦੇ ਉਤਾਰ-ਚੜ੍ਹਾ ਪ੍ਰਭੁਤਾ ਲਈ ਸੰਘਰਸ਼ ਕਰਨ ਵਾਲੀ ਕਿਸੇ ਵੀ ਕੌਮ ਦੇ ਸੰਘਰਸ਼ਾਂ ਦੇ ਵਰਣਨ ਤੋਂ ਕਿਤੇ ਵੱਧ ਦਿਲਚਸਪ ਹਨ।

ਕੋਈ ਪੰਜਾਹ ਕੁ ਵਰ੍ਹਿਆਂ ਦਾ ਇਹ ਕਾਲ ਲਗਭਗ ਦਸ ਦਸ ਵਰ੍ਹਿਆਂ ਦੇ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਵਿਚੋਂ ਹਰੇਕ ਖ਼ਾਲਸੇ ਦੁਆਰਾ ਕੀਤੀ ਕਿਸੇ ਨ ਕਿਸੇ ਮਹੱਤਵਪੂਰਣ ਉੱਨਤੀ ਦਾ ਲਖਾਇਕ ਹੈ। ਇਹ ਭਾਗ ਹਨ :

1. 1716-1724 ਈ.
2. 1724-1738 ਈ.
3. 1738-1748 ਈ.
4. 1748-1758 ਈ.
5. 1758-1768 ਈ.

ਬੰਦੇ ਦੀ ਹਾਰ ਅਤੇ ਉਸ ਦੀ ਸੈਨਾ ਦੀ ਤਬਾਹੀ ਤੋਂ ਪਿੱਛੋਂ ਪ੍ਰਤਿਕ੍ਰਿਆ ਅਤੇ ਤੋੜਾਂ ਦਾ ਕਾਲ ਸ਼ੁਰੂ ਹੋ ਗਿਆ ਜਿਹੜਾ ਕੁਝ ਸਮੇਂ ਲਈ ਸਿੱਖਾਂ ਵਾਸਤੇ ਅਤਿ ਘਾਤਕ ਸਿੱਧ ਹੋਇਆ। ਘਰ ਅੰਦਰਲੀ ਫੁੱਟ[1] ਕਾਰਣ ਉਨ੍ਹਾਂ ਉਪਰ ਬਾਹਰੋਂ ਇਨੀ ਬੇਦਰਦੀ ਨਾਲ

---

1. ਬੰਦੇ ਦੇ ਅਨੁਯਾਈਆਂ ਨੇ ਉਸ ਦੀ ਚੜ੍ਹਤ ਦੇ ਸਮੇਂ ਅੰਮ੍ਰਿਤਸਰ ਦੇ ਮੰਦਰ (ਦਰਬਾਰ ਸਾਹਿਬ) ਤੇ ਕਬਜ਼ਾ ਕਰ ਲਿਆ ਸੀ ਤੇ ਸਾਰੀ ਆਮਦਨ ਵਰਤ ਲਈ ਸੀ। ਇਸ ਗੱਲ ਨੇ ਦੁਸ਼ਮਣੀ ਦਿਆਂ ਉਪਰੋਕਤ ਕਾਰਣਾਂ ਵਿਚ ਵਾਧਾ ਕਰ ਕੇ ਦੁਸ਼ਮਣੀ ਨੂੰ ਹੋਰ ਵੀ ਪੱਕਿਆਂ ਕਰ ਦਿੱਤਾ। 1725 ਵਿਚ ਖ਼ਾਲਸਾ ਤੇ ਬੰਦੇ ਦੇ ਅਨੁਯਾਈਆਂ ਵਿਚਕਾਰ ਸੰਬੰਧ ਇੰਨੇ ਤਣਾਉਪੂਰਣ ਹੋ ਗਏ ਸਨ ਕਿ ਨੌਬਤ
(ਬਾਕੀ ਦੇਖੋ ਸਫ਼ਾ 128 ਤੇ)

ਦਬਾਉ ਪਾਇਆ ਗਿਆ ਕਿ ਥੋੜ੍ਹੇ ਚਿਰ ਲਈ ਤਾਂ ਇਹ ਜਾਪਣ ਲੱਗ ਪਿਆ ਕਿ ਫਰੁੱਖਸੀਯਰ ਦੀ ਇਨ੍ਹਾਂ ਕਾਫਰਾਂ ਦਾ ਖੁਰਾ-ਖੋਜ ਮਿਟਾ ਸੁੱਟਣ ਦੀ ਫੜ੍ਹ ਵਾਸਤਵ ਵਿਚ ਸਹੀ ਸਿੱਧ ਹੋਵੇਗੀ। ਸੈਂਕੜੇ ਹੀ ਮੁਗਲ ਹਾਕਮਾਂ ਦੀ ਹਠ-ਧਰਮੀ ਤੇ ਕੱਟੜਤਾ ਦਾ ਹਰ ਰੋਜ਼ ਸ਼ਿਕਾਰ ਹੁੰਦੇ ਤੇ ਹਜ਼ਾਰਾਂ ਜਿਹੜੇ ਕੇਵਲ ਲੁੱਟ ਮਾਰ ਕਰਨ ਲਈ ਹੀ ਰਲੇ ਸਨ, ਆਪਣੇ ਕੇਸ ਤੇ ਦਾੜ੍ਹੀਆਂ ਮੁਨਾ ਕੇ ਹਿੰਦੂਆਂ ਵਿਚ ਮੁੜ ਰਲ ਗਏ। ਸੱਚੇ ਸਿੱਖ ਜੰਗਲਾਂ, ਪਹਾੜਾਂ ਤੇ ਰਾਜਪੂਤਾਨੇ ਅਤੇ ਬੀਕਾਨੇਰ ਦਿਆਂ ਮਾਰੂਥਲਾਂ ਵੱਲ ਨੱਠ ਗਏ। ਉਨ੍ਹਾਂ ਦੇ ਸਿਰਾਂ ਦੇ ਮੁੱਲ ਮਿਥੇ ਗਏ। ਉਨ੍ਹਾਂ ਵਿਚੋਂ ਜਦ ਵੀ ਕੋਈ ਫੜਿਆ ਜਾਂਦਾ ਜਾਂ ਧੋਖੇ ਨਾਲ ਫੜਵਾ ਦਿੱਤਾ ਜਾਂਦਾ ਤਾਂ ਉਸ ਤੇ ਕੋਈ ਦਇਆ ਨ ਕੀਤੀ ਜਾਂਦੀ। ਜਦੋਂ ਕਿਸੇ ਮਾਂ ਨੂੰ ਪੁਛਿਆ ਜਾਂਦਾ ਕਿ ਉਸ ਦੇ ਕਿੰਨੇ ਪੁੱਤਰ ਹਨ, ਤਾਂ ਉਸ ਦਾ ਉੱਤਰ ਇਸ ਪ੍ਰਕਾਰ ਹੁੰਦਾ "ਮੇਰੇ ਚਾਰ ਪੁੱਤਰ ਹਨ ਪਰ ਇਕ ਸਿੱਖ ਬਣ ਗਿਆ ਹੈ।" ਸਿੱਖ ਬਣਨ ਦਾ ਭਾਵ ਮੌਤ ਵਿਹਾਝਣਾ ਹੁੰਦਾ ਸੀ। ਉਨਾਂ ਵਿਚ ਉਹ ਜਿਹੜੇ ਜਾਬਰ ਹਾਕਮਾਂ ਦੇ ਹੱਥਾਂ ਵਿਚੋਂ ਬਚ ਨਿਕਲੇ ਸਨ, ਖੁਲ੍ਹੇ ਆਮ ਨਹੀਂ ਸੀ ਫਿਰ ਸਕਦੇ ਤੇ ਆਪਣੇ ਦਿਨ ਘੋਰ ਕਠਿਨਾਈਆਂ ਵਿਚ ਕੱਟ ਰਹੇ ਸਨ। ਉਹ ਕੰਦਮੂਲ ਖਾ ਕੇ ਗੁਜ਼ਾਰਾ ਕਰਦੇ ਸਨ, ਪਰ ਉਹ ਇਸ ਨੂੰ ਵੀ ਭਾਰੀ ਨਿਆਮਤ ਸਮਝਦੇ ਸਨ। ਉਨ੍ਹਾਂ ਦੀਆਂ ਪਤਨੀਆਂ ਤੇ ਬੱਚੇ ਮੁਗਲਾਂ ਦੇ ਰਹਿਮ ਕਰਮ ਤੇ ਸਨ। ਆਮ ਤੌਰ ਤੇ ਉਨ੍ਹਾਂ ਦੀਆਂ ਇਸਤਰੀਆਂ ਨੂੰ ਬੰਦੀ ਬਣਾ ਲਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਤਸੀਹੇ ਦਿੱਤੇ ਜਾਂਦੇ ਸਨ, ਇਥੋਂ ਤਕ ਕਿ ਜਾਨੋਂ ਮਾਰ ਦਿੱਤਾ ਜਾਂਦਾ ਸੀ।[1]

(ਸਫ਼ਾ 127 ਦੀ ਬਾਕੀ)

ਹਿੰਸਾ ਤਕ ਅੱਪੜ ਗਈ ਸੀ। ਕੇਵਲ ਭਾਈ ਮਨੀ ਸਿੰਘ ਦੀ ਸ਼ੁਭ ਕਾਮਨਾ ਅਤੇ ਚਾਰਾਜੋਈ ਨਾਲ ਹੀ ਘਰੇਲੂ ਜੁੱਧ ਤੇ ਖੂਨ ਖਰਾਬਾ ਰੁਕ ਸਕਿਆ। ਲਾਟਰੀ ਕੱਢੀ ਗਈ ਤੇ ਸਿੱਟਾ ਖ਼ਾਲਸੇ ਦੇ ਹਕ ਵਿਚ ਨਿਕਲਿਆ। ਮੰਦਰ ਖ਼ਾਲਸੇ ਨੂੰ ਮੋੜ ਦਿੱਤਾ ਗਿਆ ਤੇ ਬੰਦੇ ਦੇ ਅਨੁਯਾਈਆਂ ਨੂੰ ਬਾਹਰ ਕੱਢ ਦਿੱਤਾ ਗਿਆ। ਅਜੇਹਾ ਨਿਰਾਸ਼ਾ ਦੇ ਦਿਨਾਂ ਵਿਚ ਹੋਇਆ ਤੇ ਇਹ ਗੁਰੂ ਗੋਬਿੰਦ ਸਿੰਘ ਦੇ ਮੁਰੀਦਾਂ ਦੀ ਚੜ੍ਹਦੀ ਕਲਾ ਦਾ ਇਕ ਹੋਰ ਪ੍ਰਮਾਣ ਹੈ ਕਿਉਂਕਿ ਨਹੀਂ ਤਾਂ ਉਹ ਜਿਹੜੀ ਚੀਜ਼ ਉਨ੍ਹਾਂ ਦੀ ਆਪਣੀ ਸੀ ਉਸ ਨੂੰ ਲਾਟਰੀ ਜੇਹੇ ਗੈਰਯਕੀਨੀ ਅਵਸਰਾਂ ਤੇ ਨ ਛਡਦੇ।

1. ਸ਼ਹਿਨਸ਼ਾਹ ਮੁਹੰਮਦ ਸ਼ਾਹ ਨੇ ਇਕ ਵਾਰ ਆਪਣੇ ਦਰਬਾਰੀ ਭੰਡਾਂ ਨੂੰ ਸਿੱਖਾਂ ਦੇ ਦੇਸ਼ ਨਿਕਾਲੇ ਦੇ ਜੀਵਨ ਦੇ ਵਿਸ਼ੇ ਤੇ ਇਕ ਨਕਲ ਖੇਡਣ ਲਈ ਕਿਹਾ। ਇਹ ਨਕਲ 'ਪੰਥ ਪ੍ਰਕਾਸ਼' ਵਿਚ ਦਿੱਤੀ ਗਈ ਹੈ ਤੇ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਸਿੱਖਾਂ ਨੇ ਆਪਣੇ ਉਜਾੜੇ, ਤੇ ਭ੍ਰਮਣਾਂ ਸਮੇਂ ਆਪਣੇ ਆਪ ਨੂੰ ਧੀਰਜ ਦਿੱਤਾ। ਉਹ ਗੰਨਿਆਂ, ਭੁੰਨੇ ਦਾਣਿਆਂ ਤੇ ਫਿੱਕੀਆਂ ਸਬਜ਼ੀਆਂ ਜੇਹੀਆਂ ਤੁੱਛ ਵਸਤਾਂ ਨੂੰ ਵੱਡੇ ਵੱਡੇ ਨਾਂ ਦੇ ਕੇ ਸੰਤੋਖ ਦਾ ਜੀਵਨ ਬਤੀਤ ਕਰਦੇ ਸਨ। ਉਹ ਭੰਗ ਪੀਂਦੇ ਸਨ ਤੇ ਜਦ ਨਚੋੜੇ ਹੋਏ ਪੱਤਿਆਂ ਦੀ ਗੋਲੀ ਰੱਦੀ ਸਮਝ ਕੇ ਸੁਟਦੇ ਤਾਂ ਇਸ ਦੀ ਤੁਲਨਾ ਮੁਗਲਾਂ ਦੀ ਛਾਤੀ

(ਬਾਕੀ ਦੇਖੋ ਸਫ਼ਾ 129 ਤੇ)

ਅੰਗ੍ਰੇਜ਼ ਇਤਿਹਾਸਕਾਰਾਂ ਦੀ ਇਹ ਆਮ ਧਾਰਨਾ ਹੈ ਕਿ ਇਕ ਪੁਸ਼ਤ (1716 ਤੋਂ 1738) ਤਕ ਸਿੱਖਾਂ ਸੰਬੰਧੀ ਕੁਝ ਸੂਚਨਾ ਨਹੀਂ ਮਿਲਦੀ। ਇਸ ਸਮੇਂ ਦੇ ਪਹਿਲੇ ਅੱਠ ਸਾਲਾਂ ਦੇ ਸੰਬੰਧ ਵਿਚ ਤਾਂ ਇਹ ਠੀਕ ਹੈ ਪਰ ਸਿੱਖ ਕਦਾਚਿਤ ਅਜੇਹੀ ਕੌਮ ਨਹੀਂ ਸੀ ਜਿਹੜੀ ਲੰਮੇ ਸਮੇਂ ਤਕ ਚੁੱਪ-ਚਾਪ ਬੈਠੀ ਰਹਿੰਦੀ। ਅੱਠ ਵਰ੍ਹਿਆਂ ਦੇ ਲੰਮੇ ਸਮੇਂ ਤਕ ਉਨ੍ਹਾਂ ਦੀਆਂ ਅੰਦਰੂਨੀ ਝਗੜਿਆਂ ਤੇ ਅਬਦੁਲ ਸਮੱਦ ਦਾ ਕਰੜਾ ਹੱਥ ਇਨਾ ਤਕੜਾ ਰਿਹਾ ਕਿ ਉਨ੍ਹਾਂ ਨੂੰ ਕੋਈ ਵੀ ਪ੍ਰਭਾਵਸ਼ਾਲੀ ਕਦਮ ਨ ਪੁੱਟਣ ਦਿੱਤਾ। ਉਹ ਇਹ ਸਾਰਾ ਸਮਾਂ ਚੁੱਪ-ਚਾਪ ਦੁਖੜੇ ਝਲਦੇ ਰਹੇ ਤੇ ਆਪਣੀ ਜਾਨ ਬਚਾ ਲੈਣਾ ਹੀ ਉਨ੍ਹਾਂ ਲਈ ਭਾਰੀ ਜਿੱਤ ਬਣੀ ਰਹੀ। ਪਰ 1724 ਦਾ ਸਾਲ ਹਾਲੀਂ ਸਮਾਪਤ ਹੀ ਹੋਇਆ ਸੀ ਜਦੋਂ ਉਹ ਦੁਬਾਰਾ ਪੰਜਾਬ ਦੇ ਮੈਦਾਨਾਂ ਵਿਚ ਉਤਰ ਆਏ। ਉਨ੍ਹਾਂ ਨੇ ਆਪਣੇ ਨਿੱਕੇ-ਨਿੱਕੇ ਟੋਲੇ ਬਣਾ ਲਏ ਤੇ ਸਰਕਾਰ ਨੂੰ ਲੁੱਟ-ਮਾਰ ਦੀਆਂ ਮੁਹਿੰਮਾਂ ਤੇ ਗੁਰੀਲੇ ਯੁੱਧ ਦੁਆਰਾ ਸਤਾਉਣ ਦੇ ਪੁਰਾਣੇ ਦਾਉ-ਪੇਚ ਖੇਡਣੇ ਆਰੰਭ ਕਰ ਦਿੱਤੇ। ਸਾਰੇ ਅੰਗ੍ਰੇਜ਼-ਇਤਿਹਾਸਕਾਰ, ਜਿਸ ਤਰ੍ਹਾਂ ਕਿ ਉਪਰ ਕਿਹਾ ਗਿਆ ਹੈ, 1716 ਤੋਂ 1738 ਤਕ ਦੇ ਸਿੱਖਾਂ ਦੇ ਕਾਰਨਾਮਿਆਂ ਬਾਰੇ ਚੁੱਪ ਹਨ। ਪਰ ਅਲੀ-ਉਦ-ਦੀਨ ਦਾ ਇਬਰਤ ਨਾਮਾ ਤੇ ਗਿਆਨ ਸਿੰਘ ਦਾ 'ਪੰਥ ਪ੍ਰਕਾਸ਼', ਉਨ੍ਹਾਂ ਦੀਆਂ 1724 ਤੋਂ 1738 ਵਿਚਕਾਰ ਦੀਆਂ ਮੁਹਿੰਮਾਂ ਬਾਰੇ ਕੁਝ ਵੇਰਵਾ ਦਿੰਦੇ ਹਨ।[1]

ਪਹਿਲਾ ਕੰਮ, ਜਿਹੜਾ ਪੁਨਰ-ਜਾਗ੍ਰਿਤ ਖ਼ਾਲਸੇ ਨੇ ਕੀਤਾ ਉਹ ਉਨ੍ਹਾਂ ਗੱਦਾਰਾਂ ਨੂੰ ਸਜ਼ਾ ਦੇਣਾ ਸੀ ਜਿਨ੍ਹਾਂ ਨੇ ਸਰਕਾਰ ਦੀ ਸ਼ਹਿ ਤੇ ਆਪਣੇ ਭਾਈਆਂ ਨਾਲ ਬੇਵਫ਼ਾਈ ਕੀਤੀ ਸੀ, ਅਤੇ ਉਨ੍ਹਾਂ ਹੱਛੇ ਜਾਬਰਾਂ ਨੂੰ ਜਿਨ੍ਹਾਂ ਨੇ ਕਮੀਨੇ ਕਾਇਰਾਂ ਦੀ ਤਰ੍ਹਾਂ ਆਪਣੇ ਜ਼ੁਲਮ ਉਨ੍ਹਾਂ ਦੀਆਂ ਬੇਸਹਾਰਾ ਬੀਵੀਆਂ-ਬੱਚਿਆਂ ਤੇ ਢਾਏ ਸਨ।

ਸਿੱਖਾਂ ਦੀਆਂ ਨਵੀਆਂ ਧਾੜਾਂ ਨੇ ਸ਼ਹਿਨਸ਼ਾਹ ਦਾ ਕ੍ਰੋਧ ਅਬਦੁਲ ਸਮੱਦ ਵਿਰੁੱਧ ਭੜਕਾਇਆ। ਸਿੱਟੇ ਵਜੋਂ ਉਸ ਨੂੰ 1728 ਵਿਚ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦਾ ਪੁੱਤਰ ਜ਼ਕਰੀਆ ਖਾਂ ਜਿਸ ਨੂੰ 'ਖਾਨ ਬਹਾਦਰ' ਕਿਹਾ ਜਾਂਦਾ ਸੀ, ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਨਾਲ ਹੀ ਇਕ ਗਸ਼ਤੀ ਦਸਤਾ ਸਿੱਖਾਂ ਤੇ ਨਿਗਾਹ

(ਸਫ਼ਾ 128 ਦੀ ਬਾਕੀ)

ਵਿਚ ਵਜਦੇ ਤੋਪ ਦੇ ਗੋਲੇ ਨਾਲ ਦਿੰਦੇ। ਉਹ ਆਪਣਾ ਸਮਾਂ ਅਜੇਹੇ ਗੀਤਾਂ ਨਾਲ ਕਟਦੇ ਜਿਵੇਂ "ਸੁਣ, ਨੀ ਮੁਗਲਾਂ ਦੀ ਮਾਂ, ਸਿੱਖ, ਤੇਰੇ ਜੁਆਈ ਆ ਰਹੇ ਹਨ"। "ਸੁਣ ਨੀ ਮੁਗਲਾਂ ਦੀ ਭੈਣ, ਤੇਰੇ ਗਹਿਣੇ ਸਿੱਖ ਲੈ ਜਾਣਗੇ" ਆਦਿ।

1. ਫ਼ਾਰਸੀ ਹੱਥ ਲਿਖਤ 'ਰਿਸਾਲਾ-ਦੇ-ਨਾਨਕ ਸ਼ਾਹ' (ਨੰ: 281 Ethe's Badleian) ਵੀ ਇਸ ਵਿਸ਼ੇ ਤੇ ਕੁਝ ਚਾਨਣਾ ਪਾਉਂਦਾ ਹੈ।

ਰੱਖਣ ਲਈ ਤੇ ਉਨ੍ਹਾਂ ਨੂੰ ਭਾਰੀ ਸੰਖਿਆ ਵਿਚ ਕਿਸੇ ਵੀ ਥਾਂ ਤੇ ਇਕੱਤਰ ਹੋਣ ਤੋਂ ਰੋਕਣ ਲਈ ਤਾਇਨਾਤ ਕੀਤਾ ਗਿਆ । ਇਹ ਉਡਾਰੂ ਦਸਤਾ ਬੜੀ ਤਕੜਾਈ ਨਾਲ ਕੰਮ ਕਰਦਾ ਸੀ ਤੇ ਜਿਥੇ ਕਿਤੇ ਸਿੱਖ ਮਿਲ ਜਾਂਦੇ ਸਨ ਉਨ੍ਹਾਂ ਨੂੰ ਖਦੇੜ ਦਿੰਦਾ ਸੀ । ਪਰੰਤੂ ਸਿੱਖ ਬੜੀ ਤੇਜ਼ੀ ਨਾਲ ਸ਼ਕਤੀਸ਼ਾਲੀ ਬਣ ਰਹੇ ਸਨ ਤੇ ਕਾਬੂ ਤੋਂ ਬਾਹਰ ਹੋ ਰਹੇ ਸਨ । ਮੁਗ਼ਲ ਹਾਕਮਾਂ ਤੇ ਖ਼ਾਲਸੇ ਵਿਚਕਾਰ ਝੜੱਪਾਂ ਦਿਨ-ਬ-ਦਿਨ ਵਧ ਰਹੀਆਂ ਸਨ । ਦਲਵੰਤ (ਜ਼ਿਲਾ ਅੰਮ੍ਰਿਤਸਰ) ਦੇ ਤਾਰਾ ਸਿੰਘ ਨੇ ਜਾਫ਼ਰ ਬੇਗ ਪੱਟੀ ਨੂੰ ਹਾਰ ਦਿੱਤੀ, ਸਿੱਖਾਂ ਨੇ ਕਾਨ੍ਹਾ ਕੱਚਾ (ਜ਼ਿਲ੍ਹਾ ਲਾਹੌਰ) ਕੋਲ ਖਜ਼ਾਨਾ ਲੁਟ ਲਿਆ ਜਦ ਕਿ ਇਸ ਨੂੰ ਕਸੂਰ ਤੋਂ ਲਾਹੌਰ ਲਜਾਇਆ ਜਾ ਰਿਹਾ ਸੀ । ਸ਼ਾਹੀ ਸੌਦਾਗਰ ਮੁਰਤਜ਼ਾ ਖਾਂ ਨੂੰ ਜਿਹੜਾ ਸ਼ਹਿਨਸ਼ਾਹ ਨੂੰ ਘੋੜੇ ਮੁਹੱਈਆ ਕਰਦਾ ਸੀ ਉਸੇ ਸਾਲ (1726) ਜੰਡਿਆਲੇ (ਜ਼ਿਲ੍ਹਾ ਅੰਮ੍ਰਿਤਸਰ) ਦੇ ਨੇੜੇ ਲੁਟ ਲਿਆ ਗਿਆ ।

1730 ਵਿਚ ਸਿੱਖ ਉਨ੍ਹਾਂ ਗਾਰਦਾਂ ਤੇ ਟੁੱਟ ਪਏ ਜਿਹੜੀਆਂ ਲਾਹੌਰ ਤੋਂ ਦਿੱਲੀ ਖਜ਼ਾਨਾ ਲੈ ਜਾ ਰਹੀਆਂ ਸਨ ਤੇ ਪਾਈ ਪਾਈ ਲੁਟ ਕੇ ਲੈ ਗਏ । ਦਿੱਲੀ ਤੋਂ ਇਕ ਫ਼ੌਜ ਲੁਟੇਰਿਆਂ ਦਾ ਪਿੱਛਾ ਕਰਨ ਲਈ ਘਲੀ ਗਈ । ਪਰੰਤੂ ਸਿੱਖ ਤੁਰੰਤ ਪਹਾੜਾਂ ਵਿਚ ਜਾ ਲੁਕੇ । 1731 ਵਿਚ ਉਹ ਫੇਰ ਥੱਲੇ ਉਤਰ ਆਏ ਤੇ ਸ਼ਾਹਰਾਹਵਾਂ ਅਤੇ ਅਮਲੀ ਤੌਰ ਤੇ ਲਾਹੌਰ ਦੀਆਂ ਜੂਹਾਂ ਵਿਚ ਮੱਲਾਂ ਮਾਰਨ ਲੱਗੇ । ਲਾਹੌਰ ਦੇ ਮੁਸਲਮਾਨ ਭਾਰੀ ਸੰਖਿਆ ਵਿਚ ਇਕੱਤਰ ਹੋ ਕੇ ਸਿੱਖਾਂ ਵਿਰੁੱਧ ਜਹਾਦ ਵਿਚ ਸੂਬੇਦਾਰ ਨਾਲ ਮਿਲ ਗਏ ਤੇ ਸਿੱਖਾਂ ਤੇ ਉਨ੍ਹਾਂ ਨੇ ਦੋ ਜਿੱਤਾਂ ਪ੍ਰਾਪਤ ਕੀਤੀਆਂ ਪਰੰਤੂ ਅੰਤ ਵਿਚ ਲਾਹੌਰ ਦੀਆਂ ਜੂਹਾਂ ਵਿਚ ਭਾਰੀ ਨੁਕਸਾਨ ਕਰਵਾਉਣ ਪਿੱਛੋਂ ਹਾਰ ਖਾ ਗਏ ।[1] 1733 ਵਿਚ ਸਿੱਖਾਂ ਨੂੰ ਰਿਆਇਤਾਂ ਤੇ ਰਿਸ਼ਵਤਾਂ ਦੇ ਕੇ ਕੁਚਲਣ ਦਾ ਇਕ ਹੋਰ ਜਤਨ ਕੀਤਾ ਗਿਆ । ਖਾਨ ਬਹਾਦਰ ਨੇ ਦਿੱਲੀ ਦੀ ਸਰਕਾਰ ਨੂੰ ਸਿੱਖਾਂ ਲਈ ਜਾਗੀਰ ਤੇ ਖ਼ਤਾਬ ਦੇਣ ਦੀ ਸਿਫ਼ਾਰਸ਼ ਕੀਤੀ । ਉਸਦੀ ਤਜਵੀਜ਼ ਮਨਜ਼ੂਰ ਕਰ ਲਈ ਗਈ ਤੇ ਇਕ ਲੱਖ ਰੁਪਏ ਦੀ ਜਾਗੀਰ ਤੇ ਉਨ੍ਹਾਂ ਦੇ ਆਗੂ ਲਈ ਨਵਾਬੀ ਦੀ ਪੇਸ਼ਕਸ਼ ਉਨ੍ਹਾਂ ਦੇ ਪ੍ਰਤਿਨਿਧ[2] ਨੂੰ ਅੰਮ੍ਰਿਤਸਰ ਵਿਖੇ ਘੱਲੀ ਗਈ । ਇਹ ਪੇਸ਼ਕਸ਼

1. ਗਿਆਨ ਸਿੰਘ ਦਾ 'ਪੰਥ ਪ੍ਰਕਾਸ਼' ਤੇ ਰਤਨ ਸਿੰਘ ਦਾ 'ਪੰਥ ਪ੍ਰਕਾਸ਼' ਇਸ ਜਹਾਦ ਨੂੰ 1731 ਵਿਚ ਹੋਇਆ ਦਸਦੇ ਹਨ । ਮੁਹੰਮਦ ਕਾਸਿਮ ਆਪਣੇ 'ਇਬਰਤਨਾਮੇ' ਵਿਚ ਇਸ ਨੂੰ 1710 ਤੇ ਇਸੇ ਤਰ੍ਹਾਂ ਮੁਫ਼ਤੀ ਅਲੀ-ਉਦ-ਦੀਨ ਆਪਣੀ ਇਸੇ ਨਾਂ ਦੀ ਪੁਸਤਕ ਵਿਚ 1710 ਵਿਚ ਦਸਦਾ ਹੈ । ਖ਼ਾਫ਼ੀ ਖ਼ਾਂ ਤੇ ਲਤੀਫ਼ ਜਿਹੜੇ ਉਸ ਦੇ ਅਨੁਸਾਰੀ ਹਨ, 'ਇਬਰਤਨਾਮਿਆਂ' ਦੇ ਲੇਖਕਾਂ ਨਾਲ ਸਹਿਮਤ ਹਨ ।

2. ਇਸ ਸਮੇਂ ਇਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਣ ਇਹ ਸਨ : ਦਰਬਾਰਾ ਸਿੰਘ, ਕਪੂਰ ਸਿੰਘ, ਹਰੀ ਸਿੰਘ ਹਜ਼ੂਰੀ, ਦੀਪ ਸਿੰਘ ਸ਼ਹੀਦ, ਜੱਸਾ ਸਿੰਘ ਰਾਮਗੜ੍ਹੀਆ, ਕਰਮ ਸਿੰਘ, ਬੁੱਢਾ ਸਿੰਘ, ਸ਼ੁਕਰਚੱਕੀਆ ਅਤੇ ਗਿਰਜਾ ਸਿੰਘ ਆਦਿ—'ਪੰਥ ਪ੍ਰਕਾਸ਼'।

ਪਹਿਲਾਂ ਤਾਂ ਘ੍ਰਿਣਾ ਨਾਲ ਠੁਕਰਾ ਦਿੱਤੀ ਗਈ ਪਰ ਦੁਬਾਰਾ ਵਿਚਾਰ ਕਰਨ ਤੇ ਇਸ ਨੂੰ ਸਵੀਕਾਰ ਕਰ ਲਿਆ ਗਿਆ। ਐਪਰ ਕੋਈ ਵੀ ਇਸ ਖ਼ਤਾਬ ਨੂੰ ਤੇ ਖਿਲਤ ਨੂੰ ਸਵੀਕਾਰ ਕਰਨ ਲਈ ਅੱਗੇ ਨ ਵਧਿਆ। ਦੋਹਾਂ ਚੀਜ਼ਾਂ ਨੂੰ ਹਰੇਕ ਸਿੱਖ ਅੱਗੇ ਹੁਲਾਰਿਆ ਗਿਆ। ਅੰਤ ਨੂੰ ਫੈਜ਼ੁੱਲਪੁਰ ਦੇ ਇਕ ਜੱਟ ਕਪੂਰ ਸਿੰਘ ਨੇ ਜਿਹੜਾ ਸੰਗਤ ਦੇ ਇਕੱਠ ਵਿਚ ਪੱਖਾ ਝੱਲ ਰਿਹਾ ਸੀ, ਨਵਾਬ ਦੇ ਖ਼ਤਾਬ ਤੇ ਖਿੱਲਤ ਲਈ ਆਪਣੀ ਰਜ਼ਾਮੰਦੀ ਦੇ ਦਿੱਤੀ।[1] ਹੁਣ ਸਿੱਖਾਂ ਨੇ ਕੁੱਝ ਸਮੇਂ ਲਈ ਨਵੀਂ ਜਾਗੀਰ ਦੀ ਆਮਦਨ ਨਾਲ ਤੇ ਸ਼ਾਂਤੀਪੂਰਣ ਢੰਗ ਨਾਲ ਗੁਜ਼ਰ ਕਰਨਾ ਆਰੰਭ ਕਰ ਦਿੱਤਾ।

1734 ਵਿਚ, ਸੌਖ ਲਈ, ਸਿੱਖਾਂ ਨੂੰ ਉਮਰ ਦੇ ਆਧਾਰ ਤੇ ਦੋ ਭਾਗਾਂ ਵਿਚ ਵੰਡਿਆ ਗਿਆ। ਇਕ ਭਾਗ ਵਿਚ ਵੱਡੀ ਉਮਰ ਵਾਲੇ ਸਨ ਜਿਨ੍ਹਾਂ ਨੂੰ ਬੁੱਢਾ ਦਲ ਕਹਿੰਦੇ ਸਨ ਤੇ ਦੂਜਾ ਜੁਆਨ ਸਿੱਖਾਂ ਦਾ ਸੀ ਜਿਸ ਨੂੰ 'ਤਰੁਣ-ਦਲ' ਕਹਿੰਦੇ ਸਨ। ਤਰੁਣ-ਦਲ ਅਗਾਂਹ ਹੇਠ ਲਿਖੇ ਪੰਜ ਭਾਗਾਂ ਵਿਚ ਵੰਡਿਆ ਗਿਆ।

1. ਦੀਪ ਸਿੰਘ ਸ਼ਹੀਦ ਦੀ ਕਮਾਨ ਅਧੀਨ
2. ਪ੍ਰੇਮ ਸਿੰਘ ਤੇ ਧਰਮ ਸਿੰਘ ਖਤਰੀਆਂ ਅਧੀਨ
3. ਦਸੌਂਧਾ ਸਿੰਘ ਦੀ ਕਮਾਨ ਅਧੀਨ
4. ਬਾਬਾ ਕਾਹਨ ਸਿੰਘ ਤੇ ਬਾਬਾ ਬਿਨੋਦ ਸਿੰਘ ਦੀ ਕਮਾਨ ਅਧੀਨ
5. ਮਜ਼ਬੀ ਸਿੱਖਾਂ ਦਾ, ਉਨ੍ਹਾਂ ਦੇ ਆਗੂ ਬੀਰ ਸਿੰਘ ਤੇ ਅਮਰ ਸਿੰਘ ਦੀ ਕਮਾਨ ਅਧੀਨ

---

1. ਇਹੀ ਕਪੂਰ ਸਿੰਘ ਸਭ ਤੋਂ ਵੱਧ ਸ਼ਕਤੀਸ਼ਾਲੀ ਸਿੱਖ ਆਗੂ ਬਣਿਆ ਜਿਸ ਨੇ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਦੀ ਨੀਂਹ ਰੱਖੀ, ਜਿਸ ਦਾ ਨਾਂ ਉਸ ਦੇ ਜਨਮਸਥਾਨ ਦੇ ਨਾਂ ਤੇ ਫੈਜ਼ੁੱਲਪੁਰੀਆ ਮਿਸਲ ਪਿਆ। ਸੱਯਦ ਮੁਹੰਮਦ ਲਤੀਫ ਉਸ ਦੇ ਖ਼ਤਾਬ ਦਾ ਵੱਖਰਾ ਆਧਾਰ ਦਸਦਾ ਹੈ। ਉਹ ਕਹਿੰਦਾ ਹੈ "ਉਸ ਦੇ ਮੁਰੀਦਾਂ ਨੇ ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ ਉਸ ਨੂੰ ਉਸ ਦੀ ਪ੍ਰਤਿਭਾ ਦੀ ਸ਼ਲਾਘਾ ਵਜੋਂ ਨਵਾਬ ਦਾ ਖ਼ਤਾਬ ਦਿੱਤਾ। ਇਹ ਕੇਵਲ ਇਕੋ ਉਦਾਹਰਣ ਹੈ ਜਦੋਂ ਕਿਸੇ ਸਿੱਖ ਨੇ ਮੁਸਲਮਾਨੀ ਖ਼ਤਾਬ ਧਾਰਨ ਕੀਤਾ ਹੋਵੇ"। ਇਹ ਦੱਸਣ ਦੀ ਲੋੜ ਨਹੀਂ ਕਿ ਲਤੀਫ ਦਾ ਵਿਵਰਣ ਉਪਰ ਦਿੱਤੇ ਬਿਰਤਾਂਤ ਤੋਂ ਜਿਹੜਾ ਕਿ 'ਪੰਥ ਪ੍ਰਕਾਸ਼' ਅਨੁਸਾਰ ਹੈ, ਬਹੁਤ ਘੱਟ ਮੰਨਣ ਜੋਗ ਹੈ।

ਸੱਯਦ ਮੁਹੰਮਦ ਲਤੀਫ ਅਨੁਸਾਰ ਕਪੂਰ ਸਿੰਘ ਨੇ "ਭਾਰੀ ਸੰਖਿਆ ਵਿਚ ਜੱਟਾਂ, ਤਰਖਾਣਾਂ, ਜੁਲਾਹਿਆਂ, ਝਿਊਰਾਂ, ਖਤਰੀਆਂ ਤੇ ਹੋਰ ਲੋਕਾਂ ਦੇ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਨਾ ਨਾਲ ਧਰਮ ਬਦਲਾਏ ਤੇ ਉਸ ਦਾ ਇਤਨਾ ਧਾਰਮਿਕ ਸਨਮਾਨ ਸੀ ਕਿ ਉਸ ਦੇ ਹੱਥੋਂ ਅੰਮ੍ਰਿਤ ਛਕਣਾ ਭਾਰੀ ਮਹਾਤਮ ਸਮਝਿਆ ਜਾਂਦਾ ਸੀ। ਉਸ ਨੂੰ ਆਪਣੇ ਹੱਥਾਂ ਨਾਲ 500 ਮੁਸਲਮਾਨਾਂ ਨੂੰ ਮਾਰਨ ਦਾ ਮਾਣ ਪ੍ਰਾਪਤ ਸੀ। ਵਾਸਤਵ ਵਿਚ ਉਹ ਜੱਸਾ ਸਿੰਘ ਆਹਲੂਵਾਲੀਆ ਤੇ ਪਟਿਆਲੇ ਦੇ ਆਲਾ ਸਿੰਘ ਤੋਂ ਪਹਿਲਾਂ ਹੋਏ ਸਿੱਖ ਸਰਦਾਰਾਂ ਵਿਚੋਂ ਅਤਿ ਮੰਨਿਆ ਪ੍ਰਮੰਨਿਆ ਤੇ ਸ਼ਕਤੀਸ਼ਾਲੀ ਸਰਦਾਰ ਸੀ। 1753 ਵਿਚ ਅੰਮ੍ਰਿਤਸਰ ਵਿਚ ਉਸ ਦਾ ਦਿਹਾਂਤ ਹੋਇਆ।"

ਇਹ ਸਾਰੇ ਭਿੰਨ-ਭਿੰਨ ਦਲ ਅੰਮ੍ਰਿਤਸਰ ਦੇ ਦੁਆਲੇ ਪਿੰਡਾਂ ਵਿਚ ਟਿਕ ਗਏ। 1745 ਵਿਚ ਜਾਗੀਰ ਜਾਰੀ ਰੱਖਣ ਦੀ ਜ਼ਰੂਰਤ ਨ ਸਮਝਦਿਆਂ ਹੋਇਆਂ ਜ਼ਬਤ ਕਰ ਲਿਤੀ ਗਈ[1]। ਇਸ ਤੇ ਖ਼ਾਲਸੇ ਨੇ ਲੁੱਟ-ਮਾਰ ਤੇ ਖੋਹ-ਖਿੰਝ ਦੀ ਮੁਹਿੰਮ ਫੇਰ ਆਰੰਭ ਕਰ ਦਿੱਤੀ।

ਪਰ ਲਾਹੌਰ ਦਾ ਦੀਵਾਨ ਲਖਪਤ ਰਾਏ ਛੇਤੀ ਹੀ ਉਨ੍ਹਾਂ ਤੇ ਭਾਰੂ ਹੋ ਗਿਆ। ਉਸ ਨੇ ਤਰੁਣ ਖ਼ਾਲਸੇ ਨੂੰ ਸਤਲੁਜ ਤੋਂ ਪਾਰ ਧੱਕ ਦਿੱਤਾ। 1736 ਵਿਚ, ਬੁੱਢਾ ਦਲ ਤੇ ਨਵਾਬ ਕਪੂਰ ਸਿੰਘ ਜਿਹੜੇ ਕਿ ਖੋਹ-ਖਿੰਝ ਵਿਚ ਆਪਣੇ ਛੋਟੇ ਸਹਿ-ਧਰਮੀਆਂ ਦੇ ਸਹਾਇਕ ਨਹੀਂ ਸਨ ਦੀ ਲਾਹੌਰ ਦੇ ਇਕ ਜਰਨੈਲ ਹੈਬਤ ਖ਼ਾਂ ਨਾਲ ਟੱਕਰ ਹੋ ਗਈ, ਤੇ ਉਹ ਅੰਮ੍ਰਿਤਸਰ ਨੇੜੇ ਬਾਸਰਕੇ ਦੇ ਸਥਾਨ ਤੇ ਹਾਰ ਗਏ।

ਹੁਣ ਦੋਵੇਂ ਦਲਾਂ ਨੇ ਇਕੱਠੇ ਹੋ ਕੇ ਮੁਗ਼ਲ ਸੈਨਾ ਨੂੰ ਹੁਜਰਾ ਸ਼ਾਹ ਮੁਕੀਮ ਦੇ ਨੇੜੇ ਹਾਰ ਦਿੱਤੀ।

ਕੋਈ ਦੋ ਸਾਲ ਇਸ ਉਘੜ-ਦੁਘੜੀ ਲੜਾਈ ਵਿਚ ਹੋਰ ਲੰਘ ਗਏ ਜਿਸ ਨੇ ਹੌਲੀ-ਹੌਲੀ ਖ਼ਾਲਸੇ ਦੇ ਹੱਥ ਮਜ਼ਬੂਤ ਕਰ ਦਿੱਤੇ ਅਤੇ ਮੁਗ਼ਲ ਸਰਕਾਰ ਦੀ ਸ਼ਕਤੀ ਘਟਾ ਦਿੱਤੀ ਗਈ। ਇਸ ਸਮੇਂ ਅਜੇਹੇ ਹਾਲਾਤ ਪੈਦਾ ਹੋ ਗਏ ਜਿਨ੍ਹਾਂ ਨੇ ਮੁਗ਼ਲਾਂ ਦੀ ਤਬਾਹੀ ਦਾ ਸੰਕੇਤ ਦੇ ਕੇ ਖ਼ਾਲਸੇ ਦੀ ਚੜ੍ਹਤ ਲਈ ਰਾਹ ਤਿਆਰ ਕੀਤਾ।

---

1. 'ਪੰਥ ਪ੍ਰਕਾਸ਼' ਸੰਧੀ ਨੂੰ ਤੋੜਨ ਦਾ ਦੋਸ਼ ਸਰਕਾਰ ਤੇ ਲਾਉਂਦਾ ਹੈ। ਪਰੰਤੂ ਇਹ ਜ਼ਿਆਦਾ ਮੰਨਣ ਯੋਗ ਜਾਪਦਾ ਹੈ ਕਿ ਸਰਕਾਰ ਨੇ ਇਹ ਕਦਮ ਤਰੁਣ ਦਲ ਦੀ ਸੱਜਰੀ ਸ਼ਕਤੀ ਕਾਰਣ ਮਜਬੂਰਨ ਚੁੱਕੇ।

ਅਧਿਆਇ ੧੪

ਸਿੱਖਾਂ ਦਾ ਮੁੜ ਮੈਦਾਨਾਂ ਵਿਚ ਆ ਕੇ ਸ਼ਕਤੀ ਗ੍ਰਹਿਣ ਕਰਨਾ (1738-1748)

ਪਿਛਲੇ ਅਧਿਆਇ ਵਿਚ ਵਰਣਿਤ ਹਾਲਾਤ, ਜਿਨ੍ਹਾਂ ਨੇ ਖ਼ਾਲਸੇ ਅੰਦਰ ਨਵਾਂ ਜੀਵਨ ਭਰਿਆ ਤੇ ਉਨ੍ਹਾਂ ਨੂੰ ਮਹਾਨ ਤੇ ਵਧੇਰੇ ਯਤਨ ਕਰਨ ਦੀ ਪ੍ਰੇਰਨਾ ਦਿੱਤੀ, ਨਿਮਨ ਲਿਖਤ ਅਨੁਸਾਰ ਵਰਣਨ ਕੀਤੇ ਜਾ ਸਕਦੇ ਹਨ :

(ੳ) ਦਿੱਲੀ ਦੀ ਕੇਂਦਰੀ ਸਰਕਾਰ ਦਾ ਕਮਜ਼ੋਰ ਹੋਣਾ ਜਿਹੜੀ ਹੇਠ ਲਿਖੇ ਹਾਲਾਤ ਕਰਕੇ ਹੋਈ :

1. ਮੁਹੰਮਦ ਸ਼ਾਹ[1] ਤੇ ਉਸ ਦੇ ਉੱਤਰ-ਅਧਿਕਾਰੀਆਂ ਦੀ ਐਸ਼ਵਰਜਮਈ ਜ਼ਿੰਦਗੀ ਅਤੇ ਜੜ੍ਹ-ਬੁੱਧੀ ।

---

1. ਕਵੀ, ਸੰਗੀਤਕਾਰ, ਸਾਂਗੀ, ਮਸਖਰੇ, ਤੇ ਨਾਰੀਆਂ ਸ਼ਹਿਨਸ਼ਾਹ ਦਾ ਰਾਜ ਦਿਆਂ ਮੁਆਮਲਿਆਂ ਨਾਲੋਂ ਵੱਧ ਸਮਾਂ ਲੈਂਦੇ ਸਨ । ਸ਼ਹਿਨਸ਼ਾਹ ਤੇ ਉਸ ਦੇ ਦਰਬਾਰੀਆਂ ਦੀ ਗਿਰਾਵਟ ਨੂੰ ਪ੍ਰਗਟਾਉਣ ਲਈ ਕੇਵਲ ਇਕੋ ਉਦਾਹਰਣ ਕਾਫ਼ੀ ਹੋਵੇਗੀ ।

ਨਾਦਰ ਦੇ ਪੱਤਰ ਦਾ ਦੋ ਵਰ੍ਹਿਆਂ ਤਕ ਕੋਈ ਉੱਤਰ ਨਾ ਦਿੱਤਾ ਗਿਆ । ਉਸ ਨੇ ਭਾਰਤ ਵੱਲ ਆਉਂਦੇ ਸਮੇਂ ਇਕ ਹੋਰ ਪੱਤਰ ਭੇਜਿਆ । ਇਹ ਸ਼ਹਿਨਸ਼ਾਹ ਨੂੰ ਉਸ ਸਮੇਂ ਮਿਲਿਆ ਜਦੋਂ ਉਹ ਦਰਬਾਰੀਆਂ ਨਾਲ ਸ਼ਰਾਬ ਪੀ ਰਿਹਾ ਸੀ । ਸ਼ਹਿਨਸ਼ਾਹ ਨੇ ਇਸ ਨੂੰ ਲੈ ਕੇ ਹਾਫ਼ਿਜ਼ ਦੀ ਇਸ ਤੁਕ ਦਾ ਹਵਾਲਾ ਦਿੰਦਿਆ ਸ਼ਰਾਬ ਵਿਚ ਸੁੱਟ ਦਿਤਾ :

"ਇਸ ਬੇਅਰਥ ਲਿਖਤ ਨੂੰ ਛਲਕਦੀ ਸ਼ਰਾਬ ਵਿਚ ਡੁੱਬਣ ਦਿਓ"

ਮੁਹੰਮਦ ਸ਼ਾਹ ਦੀ ਚਹੇਤੀ ਰਾਣੀ ਇਕ ਹਿੰਦੂ ਨਾਚੀ ਸੀ ਜਿਹੜੀ ਪਿੱਛੋਂ ਵਲੀ ਅਹਦ ਦੀ ਮਾਂ ਬਣੀ ਤੇ ਮੁੱਖ ਸ਼ਕਤੀ ਦੀ ਮਾਲਕਣ, ਜਦੋਂ ਉਸ ਦਾ ਪੁੱਤਰ ਅਹਿਮਦ ਸ਼ਾਹ ਗੱਦੀ ਨਸ਼ੀਨ ਹੋਇਆ। ਨਵਾਂ ਸ਼ਹਿਨਸ਼ਾਹ ਆਪ ਆਪਣੇ ਮਾਪਿਆਂ ਦਾ ਸੱਚਾ ਪੁੱਤਰ ਸਿੱਧ ਹੋ ਗਿਆ । ਜ਼ਨਾਨਖਾਨੇ ਵਿਚ ਪਲਿਆ ਹੋਇਆ ਹੋਣ ਕਾਰਣ ਉਸ ਨੂੰ ਜਨਤਕ ਕੰਮਾਂ ਦਾ ਕੋਈ ਅਨੁਭਵ ਨਹੀਂ ਸੀ । ਉਹ ਜੁਆਨੀ ਦੀਆਂ ਮੌਜਾਂ ਮਾਣਨ ਵਿਚ ਡੁੱਬ ਗਿਆ, ਤੇ ਆਪਣਾ ਸਾਰਾ ਸਮਾਂ, ਸ਼ੁਗਲਾਂ, ਖੇਡਾਂ, ਬਦਕਾਰੀ ਤੇ ਹੋਛੀਆਂ ਗੱਲਾਂ ਜਿਹੜੀਆਂ ਦੋਵਾਂ ਪਾਸਿਆਂ ਤੋਂ ਉਸ ਨੂੰ ਵਿਰਸੇ ਵਿਚ ਮਿਲੀਆਂ ਸਨ, ਵਿਚ ਗੁਆਉਣ ਲੱਗ ਪਿਆ । ਉਸ ਨੇ ਆਪਣੇ ਹਰਮ ਦਾ ਘੇਰਾ ਇੰਨਾ ਵਧਾ ਲਿਆ ਕਿ ਇਹ ਇਕ ਮੀਲ ਤਕ ਫੈਲ ਗਿਆ । ਉਹ ਲਗਾਤਾਰ ਮਹੀਨਾ ਜਾਂ ਦੋ ਮਹੀਨਿਆਂ ਲਈ ਬਾਗ਼ਾਂ ਵਿਚ ਰਹਿੰਦਾ ਤੇ ਹਫ਼ਤਾ-ਹਫ਼ਤਾ ਕਿਸੇ ਪੁਰਸ਼ ਦਾ ਮੂੰਹ ਵੇਖਿਆਂ ਬਗ਼ੈਰ ਹੀ ਨਿਕਲ ਜਾਂਦਾ ।

(ਸੱਯਦ ਮੁਹੰਮਦ ਲਤੀਫ਼)

2. ਮੁੱਖ ਦਰਬਾਰੀਆਂ ਵਿਚਲੇ ਦੁਫਾੜ, ਜਿਹੜੇ ਕਿ ਸਲਤਨਤ ਨੂੰ ਬਰਬਾਦ ਹੁੰਦਾ ਤਾਂ ਵੇਖ ਸਕਦੇ ਸਨ ਪਰੰਤੂ ਕਿਸੇ ਸ਼ਰੀਕ ਨੂੰ ਇਸ ਦੀ ਤਬਾਹੀ ਤੋਂ ਬਚਾਉਣ ਦਾ ਜਸ ਖਟਦਿਆਂ ਨਹੀਂ ਵੇਖ ਸਕਦੇ ਸਨ। ਦਰਬਾਰ ਵਿਚ ਇਕੋ-ਇਕ ਸਿਆਣੇ ਆਦਮੀ ਆਸਫ ਜਾਹ ਦੀ ਖਿੱਲੀ ਰਾਜੇ ਅੱਗੇ ਬਾਂਦਰ ਵਾਂਗ ਨਾਚ ਕਰਨ ਵਾਲਾ ਕਹਿ ਕੇ ਉਡਾਈ ਗਈ। "ਅੱਛਾ", ਆਸਫ ਜਾਹ ਨੇ ਉੱਤਰ ਦਿੱਤਾ, "ਮੈਂ ਉਸ ਸਮੇਂ ਤਕ ਸੰਤੁਸ਼ਟ ਨਹੀਂ ਹੋਵਾਂਗਾ ਜਦ ਤਕ ਕਿ ਮੈਂ ਦਿੱਲੀ ਦੀ ਹਰ ਮਮਟੀ ਅਤੇ ਮੀਨਾਰ ਤੇ ਬਾਂਦਰ ਨਚਦੇ ਨਹੀਂ ਵੇਖ ਲੈਂਦਾ।" ਉਹ ਆਪਣੇ ਬਚਨਾਂ ਦਾ ਪੱਕਾ ਰਿਹਾ। ਉਸ ਨੇ ਹੀ ਨਾਦਰ ਸ਼ਾਹ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ ਤੇ ਪਹਿਲੀ ਵਾਰ ਸਲਤਨਤ ਦੇ ਖੋਖਲੇਪਨ ਦਾ ਪਾਜ ਉਘੇੜਿਆ।

3. ਮਰਹੱਟਿਆਂ ਦੀ ਤੇ ਦੂਜੀਆਂ ਰਿਆਸਤਾਂ ਦੀ ਵਧਦੀ ਸ਼ਕਤੀ। "ਇਕ ਪੀੜ੍ਹੀ ਦੇ ਅੰਦਰ ਅੰਦਰ ਦਲੇਰ ਮੁਸਲਮਾਨਾਂ ਨੇ ਬੰਗਾਲ, ਲਖਨਊ ਅਤੇ ਹੈਦਰਾਬਾਦ ਵਿਖੇ ਵੱਖਰੀਆਂ ਰਿਆਸਤਾਂ ਸਥਾਪਿਤ ਕਰ ਲਈਆਂ ਸਨ। ਮਰੱਹਟਾ ਪੇਸ਼ਵਾ ਨੇ ਭਾਰਤ ਦੇ ਮੁਸਲਮਾਨਾਂ ਨੂੰ, ਜਦੋਂ ਬਾਜੀ ਰਾਓ ਨੇ 1737 ਵਿਚ ਆਗਰੇ ਤੋਂ ਦਿੱਲੀ ਵੱਲ ਚੜ੍ਹਾਈ ਕੀਤੀ, ਹਥਿਆਰ-ਬੰਦ ਰੂਪ ਵਿਚ ਪ੍ਰਗਟ ਹੋ ਕੇ ਤ੍ਰਿਭਕਾ ਦਿੱਤਾ ਸੀ।" ਰੁਹੇਲਿਆਂ ਨੇ ਰੁਹੇਲਖੰਡ ਵਿਖੇ ਤੇ ਹਿੰਦੂ ਜਾਟਾਂ ਨੇ ਭਰਤਪੁਰ ਵਿਖੇ ਸੁਤੰਤਰ ਰਾਜ ਸਥਾਪਿਤ ਕਰ ਲਏ ਸਨ ਜਦੋਂ ਕਿ ਰਾਜਪੂਤਾਂ ਨੇ ਪਹਿਲਾਂ ਹੀ ਮੁਗਲਾਂ ਦੀ ਪੰਜਾਲੀ ਨੂੰ ਅਮਲੀ ਰੂਪ ਵਿਚ ਗਲੋਂ ਲਾਹ ਦਿੱਤਾ ਸੀ।

4. ਨਾਦਰ ਸ਼ਾਹ ਦਾ ਹਮਲਾ।

5. ਅਹਿਮਦ ਸ਼ਾਹ ਦੁਰਾਨੀ ਦੇ ਦੋ ਹਮਲੇ—ਚੌਥਾ ਤੇ ਪੰਜਵਾਂ।

(ਅ) ਦੂਜੀ ਪਰਿਸਥਿਤੀ ਜੋ ਸਿੱਖਾਂ ਦੀ ਉੱਨਤੀ ਵਿਚ ਸਹਾਇਕ ਸਿੱਧ ਹੋਈ ਅਤੇ ਜਿਸ ਨੇ ਉਨ੍ਹਾਂ ਦੀ ਸ਼ਕਤੀ ਵਿਚ ਭਾਰੀ ਵਾਧਾ ਕੀਤਾ, ਉਹ ਲਾਹੌਰ ਸਰਕਾਰ ਦੀ ਕਮਜ਼ੋਰੀ ਸੀ। ਦਿੱਲੀ ਸਰਕਾਰ ਦੀ ਕਮਜ਼ੋਰੀ, ਪਹਿਲੀ ਨਜ਼ਰੇ ਜ਼ਰੂਰ ਅਵਧ, ਬੰਗਾਲ ਤੇ ਰੁਹੇਲਖੰਡ ਆਦਿ ਦੀ ਤਰ੍ਹਾਂ ਪੰਜਾਬ ਸਰਕਾਰ ਦੀ ਸ਼ਕਤੀ ਤੇ ਸੁਤੰਤਰਤਾ ਵਿਚ ਵਾਧਾ ਕਰਦੀ ਪ੍ਰਤੀਤ ਹੋਵੇਗੀ। ਪਰ ਪੰਜਾਬ ਕਿਉਂਕਿ ਮੁਗਲ ਸ਼ਹਿਨਸ਼ਾਹਾਂ ਦੀ ਮਨ-ਭਾਉਂਦੀ ਠਹਿਰ ਸੀ, ਇਸ ਲਈ ਦੂਜੇ ਸੂਬਿਆਂ ਨਾਲੋਂ ਤਕੜੇ ਨਿਯੰਤਰਣ ਅਧੀਨ ਸੀ। ਇਤਫਾਕ ਨਾਲ ਇਕ ਤੋਂ ਛੁੱਟ ਸਾਰੇ ਗਵਰਨਰ ਨਿਰਬਲ ਨਿਕਲੇ। ਮੀਰ ਮੰਨੂ ਜੋ ਸਭ ਤੋਂ ਨਿਵੇਕਲਾ ਰਿਹਾ ਤੇ ਜਿਹੜਾ ਅਹਿਮਦਸ਼ਾਹ ਦੁਰਾਨੀ ਦਾ ਜੇਤੂ ਹੋਣ ਕਾਰਣ ਆਪਣੀ ਸ਼ਕਤੀ ਤੇ ਯੋਗਤਾ ਬਾਰੇ ਚੇਤੰਨ ਸੀ, ਦਿੱਲੀ ਤੋਂ ਸੁਤੰਤਰ ਰਹਿਣ ਦਾ ਆਪਣਾ ਹੱਕ ਸਮਝਦਾ ਸੀ ਜੋ ਉਸ ਨੇ ਕਰ ਵੀ ਵਿਖਾਇਆ। ਪਰੰਤੂ ਉਸ ਦੀ ਅਭਿਲਾਸ਼ਾ ਦੁਰਾਨੀ ਦੇ ਹਮਲੇ ਤੇ ਉਸ ਦੀ ਆਪਣੀ ਬੇ-ਮੌਕਾ ਮੌਤ ਨੇ ਭੰਗ ਕਰ ਦਿੱਤੀ।

ਹੇਠ ਲਿਖੀਆਂ ਪਰਿਸਥਿਤੀਆਂ ਨੇ ਲਾਹੌਰ ਸਰਕਾਰ ਨੂੰ ਵਧੇਰੇ ਕਮਜ਼ੋਰ ਕਰ ਦਿੱਤਾ:

1. **ਸੂਬੇਦਾਰਾਂ ਤੇ ਸਰਕਾਰਾਂ ਦੀ ਲਗਾਤਾਰ ਤਬਦੀਲੀ :** 1712 ਤੋਂ 1768 ਤਕ ਜਦੋਂ ਕਿ ਪੰਜਾਬ ਸਥਾਈ ਤੌਰ ਤੇ ਸਿੱਖਾਂ ਦੇ ਹੱਥਾਂ ਵਿਚ ਚਲਾ ਗਿਆ, ਲਾਹੌਰ ਵੀ ਭਿੰਨ-ਭਿੰਨ ਸੂਬੇਦਾਰਾਂ ਦੇ ਸ਼ਾਸਨ ਅਧੀਨ ਰਿਹਾ । 1756 ਤੋਂ 1767 ਤਕ ਦਸ ਵਰ੍ਹਿਆਂ ਵਿਚ ਲਾਹੌਰ ਵਿਚ ਦਸ ਕ੍ਰਾਂਤੀਆਂ ਹੋਈਆਂ ਅਤੇ ਬਾਰਾਂ ਨਵਾਬਾਂ ਨੇ ਇਕ ਦੂਜੇ ਤੋਂ ਪਿੱਛੋਂ ਹਕੂਮਤ ਸੰਭਾਲੀ[1] । ਦੁਰਾਨੀ ਦੇ ਤੀਜੇ ਹਮਲੇ ਤੋਂ ਪਿੱਛੋਂ 1756 ਵਿਚ ਮੁਗਲ ਸੱਤਾ ਸਮਾਪਤ ਹੋ ਗਈ । ਦੁਰਾਨੀ ਦੇ ਪੁੱਤਰ ਨੇ ਕੋਈ ਇਕ ਸਾਲ ਰਾਜ ਕੀਤਾ ਤੇ ਪਿੱਛੋਂ ਉਸ ਨੂੰ ਜੱਸਾ ਸਿੰਘ ਕਲਾਲ ਨੇ ਬਾਹਰ ਕੱਢ ਦਿੱਤਾ ਜਿਸ ਨੂੰ ਇਕ ਸਾਲ ਪਿੱਛੋਂ ਮਰਹੱਟਿਆਂ ਨੇ ਬਾਹਰ ਕੱਢ ਦਿੱਤਾ । ਪਰ ਮਰਹੱਟੇ ਛੇਤੀ ਹੀ ਅਬਦਾਲੀ ਦੁਆਰਾ ਬੇਦਖ਼ਲ ਕਰ ਦਿੱਤੇ ਗਏ । ਅਬਦਾਲੀ ਦੇ ਨਾਇਬਾਂ ਨੇ ਲਾਹੌਰ ਤੇ ਲਗਭਗ ਤਿੰਨ ਵਰ੍ਹੇ ਹਕੂਮਤ ਕੀਤੀ । ਪਰ ਉਨ੍ਹਾਂ ਨੂੰ ਸੋਭਾ ਸਿੰਘ, ਲਹਿਣਾ ਸਿੰਘ ਤੇ ਗੁੱਜਰ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਬਾਹਰ ਕੱਢ ਦਿੱਤਾ । ਉਨ੍ਹਾਂ ਨੇ ਇਕ ਸਾਲ ਲਾਹੌਰ ਤੇ ਰਾਜ ਕੀਤਾ ਤੇ ਅਬਦਾਲੀ ਨੇ ਉਨ੍ਹਾਂ ਤੋਂ ਮੁੜ ਸਤਾ ਖੋਹ ਲਈ । ਪਰੰਤੂ ਅਬਦਾਲੀ ਦੁਆਰਾ ਨਿਯੁਕਤ ਸੂਬੇਦਾਰ ਨੂੰ ਇਕ ਸਾਲ ਦੇ ਅੰਦਰ ਅੰਦਰ ਫੇਰ ਸਿੱਖਾਂ ਨੇ ਗੱਦੀਉਂ ਲਾਹ ਦਿੱਤਾ ।

2. **ਕਰਮਚਾਰੀਆਂ ਦੀ ਈਰਖਾ ਤੇ ਗੱਦਾਰੀ :** ਜਸਪਤ ਰਾਏ ਜਲੰਧਰ ਦੁਆਬ ਦਾ ਸੂਬੇਦਾਰ ਸੀ । ਜਦੋਂ ਜ਼ਕਰੀਆ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆ,ਉਸ ਨੇ ਜੇਸਪਤ ਰਾਏ ਨੂੰ ਐਮਨਾਬਾਦ ਦੇ ਛੋਟੇ ਜੇਹੇ ਪਰਗਨੇ ਵਿਚ ਤਬਦੀਲ ਕਰਦਿਆਂ ਉਸ ਦੀ ਥਾਂ ਅਦੀਨਾ ਬੇਗ ਨਿਯੁਕਤ ਕਰ ਦਿੱਤਾ । ਅਦੀਨਾ ਸ਼ਕਤੀ-ਸ਼ਾਲੀ ਹਾਕਮ ਸੀ ਤੇ ਛੇਤੀ ਹੀ ਉਸ ਨੇ ਆਪਣੇ ਇਲਾਕੇ ਵਿਚ ਸ਼ਾਂਤੀ ਬਹਾਲ ਕਰ

---

1. 1712 ਤੋਂ 1767 ਤਕ ਦੇ ਸੂਬੇਦਾਰਾਂ ਦੇ ਨਾਂ ਹੇਠਾਂ ਦਿੱਤੇ ਜਾਂਦੇ ਹਨ :—
(1) ਅਸਲਮ ਖ਼ਾਂ (2) ਜ਼ਬਰਦਸਤ ਖ਼ਾਂ 1712 (3) ਅਬਦੁਲ ਸਮੱਦ ਖ਼ਾਂ 1714 (4) ਜ਼ਕਰੀਆ ਖ਼ਾਂ 1726 (5) ਯਾਹੀਆ ਖ਼ਾਂ 1743 (6) ਸ਼ਾਹਨਿਵਾਜ਼ ਖ਼ਾਂ 1746 (7) ਲਖਪਤ ਰਾਏ ਤੇ ਜੁਮਲਾ ਖ਼ਾਂ 1747 (8) ਮੀਰ ਮੰਨੂ 1748 (9) ਮੀਰ ਮੰਨੂ ਦੀ ਵਿਧਵਾ ਤੇ ਪੁੱਤਰ 1752 (10) ਸ਼ਹਿਜ਼ਾਦਾ ਤੈਮੂਰ ਤੇ ਜਹਾਨ ਖ਼ਾਂ 1756 (11) ਜੱਸਾ ਸਿੰਘ ਕਲਾਲ 1758 (12) ਮਿਰਜ਼ਾ ਖ਼ਾਂ (ਮਰਹੱਟਿਆਂ ਅਧੀਨ) 1758 (13) ਬਾਪੂ ਰਾਓ ਮਰਹੱਟਾ 1758 (14) ਹਾਜੀ ਕਰਮ ਦਾਦ ਖ਼ਾਂ 1759 (15) ਸਰਬੁਲੰਦ ਖ਼ਾਂ 1761 (16) ਓਬੇਦ ਖ਼ਾਂ 1761 (17) ਕਾਬਲੀ ਮੱਲ 1762 (18) ਗੁੱਜਰ ਸਿੰਘ, ਲਹਿਣਾ ਸਿੰਘ, ਸੋਭਾ ਸਿੰਘ 1765 (19) ਦਾਦਨ ਖ਼ਾਂ 1766 (20) ਗੁੱਜਰ ਸਿੰਘ, ਲਹਿਣਾ ਸਿੰਘ, ਸੋਭਾ ਸਿੰਘ 1767

ਲਈ। ਲਾਹੌਰ ਦੇ ਦਰਬਾਰ ਵਿਚ ਉਸ ਦੀ ਆਮ ਤੌਰ ਤੇ ਪ੍ਰਸ਼ੰਸਾ ਕੀਤੀ ਜਾਂਦੀ ਸੀ ਜਿਸ ਨਾਲ ਜਸਪਤ ਰਾਏ ਤੇ ਉਸ ਦੇ ਭਰਾ ਲਾਹੌਰ ਦੇ ਦੀਵਾਨ ਲਖਪਤ ਰਾਏ ਨੂੰ ਭਾਰੀ ਸਾੜਾ ਤੇ ਈਰਖਾ ਹੋਈ ਸੀ। ਈਰਖਾ ਦੇ ਡੰਗੇ ਹੋਏ ਖਤਰੀ ਭਰਾ ਸਦਾ ਆਪਣੇ ਸਫਲ ਨਿਕਟ ਵਿਰੋਧੀ ਨੂੰ ਸੂਬੇਦਾਰ ਦੀਆਂ ਨਜ਼ਰਾਂ ਵਿਚ ਗਿਰਾਉਣ ਲਈ ਉਤਾਵਲੇ ਰਹਿੰਦੇ ਸਨ। ਇਸ ਲਈ ਜਸਪਤ ਰਾਏ ਨੇ ਅਦੀਨਾ ਬੇਗ ਨੂੰ ਚਿੜਾਉਣ ਤੇ ਤੰਗ ਕਰਨ ਦੇ ਮਨੋਰਥ ਨਾਲ ਸਿੱਖਾਂ ਨੂੰ ਜਲੰਧਰ ਦੁਆਬ ਵਿਚ ਗੜਬੜ ਮਚਾਉਣ ਲਈ ਭੜਕਾਇਆ। ਦੂਜੇ ਪਾਸੇ ਅਦੀਨਾ ਨੇ "ਪੰਜਾਬ ਦੀ ਕਿਰਸਾਣੀ, ਜਿਨ੍ਹਾਂ ਵਿਚ ਵਧੇਰੇ ਕਰਕੇ ਸਿੱਖ ਸਨ, ਨੂੰ ਉਕਸਾਇਆ ਕਿ ਉਹ ਫ਼ਸਾਦ ਤੇ ਬਗ਼ਾਵਤਾਂ ਕਰਨ"।[1] ਇਸ ਤਰ੍ਹਾਂ ਜਦੋਂ ਅਫ਼ਸਰ ਨਿਜੀ ਈਰਖਾਵਾਂ ਵਿਚ ਫਸ ਕੇ ਆਪਣੇ ਜਾਤੀ ਵਿਰੋਧਾਂ ਨੂੰ ਸੰਤੁਸ਼ਟ ਕਰਨ ਲੱਗੇ ਤਾਂ ਸਿੱਖ ਜਿਨ੍ਹਾਂ ਨੂੰ ਸਭ ਤੋਂ ਉਤਸਾਹ ਮਿਲਦਾ ਸੀ ਤੇ ਕਿਸੇ ਦਾ ਡਰ ਨਹੀਂ ਸੀ, ਬੇਰੋਕ ਉੱਨਤੀ ਕਰਦੇ ਗਏ।

3. ਅਗਲਾ ਕਾਰਣ ਨਾਦਰ ਦੇ ਹਮਲੇ ਅਤੇ ਦੁਰਾਨੀ ਦੀਆਂ ਚੜ੍ਹਾਈਆਂ ਹਨ। ਪੰਜਾਬ ਉਤੇ ਵਿਦੇਸ਼ੀਆਂ ਨੇ ਬੜੀ ਵਾਰ ਕਬਜ਼ਾ ਕੀਤਾ ਤੇ ਹਰ ਵਾਰ ਉਨ੍ਹਾਂ ਨੇ ਇਸ ਨੂੰ ਪਹਿਲਾਂ ਨਾਲੋਂ ਵਧੇਰੇ ਨਿਰਬਲ ਪਾਇਆ ਤੇ ਜਾਂਦੇ ਹੋਏ ਇਸ ਨੂੰ ਹੋਰ ਵੀ ਖੇਰੂੰ-ਖੇਰੂੰ ਤੇ ਵਿਗਠਿਤ ਕਰ ਗਏ। ਅਹਿਮਦ ਸ਼ਾਹ ਦਿਆਂ ਨੌ ਹਮਲਿਆਂ[2] ਵਿਚੋਂ ਸੱਭ ਪੰਜਾਬ ਉਤੇ ਹੋਏ ਜਿਨ੍ਹਾਂ ਕਰਕੇ ਪੰਜਾਬ ਅਜੇਹੀ ਅਧੋਗਤੀ ਦਾ ਸ਼ਿਕਾਰ ਹੋ ਗਿਆ ਜਿਸ ਤੋਂ ਉਹ ਰਣਜੀਤ ਸਿੰਘ ਦੇ ਕਾਲ ਤੋਂ ਪਹਿਲੋਂ ਤਕ ਨ ਉਠ ਸਕਿਆ।

(ੲ) ਖ਼ਾਲਸੇ ਦੀ ਚੜ੍ਹਤ ਦਾ ਤੀਜਾ ਕਾਰਣ ਉਨ੍ਹਾਂ ਦੇ ਕੁਝ ਅਤਿ ਸਿਆਣੇ ਤੇ ਧਾਰਮਿਕ ਆਗੂਆਂ ਦੀ ਸ਼ਹੀਦੀ ਸੀ। ਭਾਈ ਮਨੀ ਸਿੰਘ ਤੇ ਤਾਰੂ ਸਿੰਘ ਨੂੰ ਖ਼ਾਲਸੇ ਵੱਲੋਂ

---

1. ਮੁਫ਼ਤੀ ਅਲੀ-ਉਦ-ਦੀਨ ਦਾ 'ਇਬਰਤ ਨਾਮਾ'। ਕਨਿੰਘਮ ਉਸ ਸ਼ੱਕ ਦਾ ਹਵਾਲਾ ਦਿੰਦਾ ਹੈ ਜਿਸ ਅਧੀਨ ਅਦੀਨਾ ਕਿਰਸਾਣੀ ਨਾਲ ਆਪਣੇ ਨਿਜੀ ਉੱਦੇਸ਼ਾਂ ਲਈ ਸਾਜ਼ਸ਼ਾਂ ਕਰਦਾ ਪਕੜਿਆ ਗਿਆ ਸੀ ਜਿਹੜੇ ਕਿ ਸਿੱਖਾਂ ਦੇ ਟੋਲੇ-ਗੋਲੇ ਕਾਰਣ ਹੋਰ ਵੀ ਵਧ ਗਏ ਸਮਝੇ ਜਾਂਦੇ ਸਨ। ਬੁਧ ਸਿੰਘ ਨੇ ਨਿਸਚੇ ਹੀ ਸਿੱਖਾਂ ਦੀ ਚਿਰਕਾਲੀ ਹਿਲਜੁਲ ਦਾ ਕਾਰਣ ਅਦੀਨਾ ਦਾ ਸਭ ਕੁਝ ਵੇਖ ਕੇ ਅਣ-ਡਿੱਠ ਕਰਨ ਤੇ ਸਿੱਖਾਂ ਨਾਲ ਗਠਜੋੜ ਕਰਨ ਨੂੰ ਠਹਿਰਾਇਆ। ਉਹ ਉਨ੍ਹਾਂ ਨੂੰ ਆਪਣੇ ਨਿਕਟ ਵਿਰੋਧੀਆਂ ਨੂੰ ਜਿਹੜੇ ਉਸ ਨੂੰ ਜਲੰਧਰ ਦੀ ਸੂਬੇਦਾਰੀ ਤੋਂ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ, ਰੋਕਣ ਲਈ, ਵਰਤਿਆਉਣਾ ਚਾਹੁੰਦਾ ਸੀ (ਰਿਸਾਲਾ-ਏ-ਨਾਨਕ ਸ਼ਾਹ)।
2. ਸਾਰੇ ਇਤਿਹਾਸਕਾਰ ਅਹਿਮਦਸ਼ਾਹ ਦੇ ਕੇਵਲ ਅੱਠ ਹਮਲਿਆਂ ਦਾ ਵਰਣਨ ਕਰਦੇ ਹਨ। ਮੁਫ਼ਤੀ ਅਲੀ-ਉਦ-ਦੀਨ ਨੌਵੇਂ ਹਮਲੇ ਦਾ ਵੀ ਜ਼ਿਕਰ ਕਰਦਾ ਹੈ ਜਿਸ ਦੌਰਾਨ ਹਮਲਾਵਰ ਜੁਕਾਲੀਆਂ, ਜਿਹੜਾ ਕਿ ਦਨਾਬ ਦੇ ਕੰਢੇ ਤੇ ਸਥਿਤ ਹੈ, ਤਕ ਪਹੁੰਚਿਆ ਤੇ ਕੈਂਸਰ ਦੀ ਬੀਮਾਰੀ ਕਾਰਣ ਨੱਠ ਗਿਆ।

ਸਭ ਤੋਂ ਵੱਧ ਸਤਿਕਾਰ ਪ੍ਰਾਪਤ ਸੀ ਤੇ ਭਾਈ ਮਨੀ ਸਿੰਘ[1] ਦੇ ਅਖੀਰਲੇ ਗੁਰੂ ਸਾਹਿਬ ਦਾ ਸਾਥੀ ਹੋਣ ਦੇ ਨਾਤੇ ਸਾਰੇ ਪੰਜਾਬ ਵਿਚ ਅਤਿ ਸਤਿਕਾਰ ਨਾਲ ਨਿਵਾਜਿਆ ਜਾਂਦਾ ਸੀ। ਉਹ ਦੋਵੇਂ ਹੀ ਗਰਿਫਤਾਰ ਕਰ ਲਏ ਗਏ ਤੇ ਰਾਜਧ੍ਰੋਹ ਦੇ ਝੂਠੇ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

1738 ਈ. ਤੋਂ ਲੈ ਕੇ ਲਾਹੌਰ ਵਿਚ ਸਿੱਖਾਂ ਦੇ ਸੱਤਾ ਪ੍ਰਾਪਤ ਕਰਨ ਤਕ ਦਾ ਇਤਿਹਾਸ ਜਿਥੇ ਅਸੀਂ ਇਸ ਨੂੰ ਪਿਛਲੇ ਅਧਿਆਇ ਵਿਚ ਛਡਿਆ ਸੀ, ਦਸ-ਦਸ ਵਰ੍ਹਿਆਂ ਦੇ ਤਿੰਨ ਬਰਾਬਰ ਕਾਲਾਂ ਵਿਚ ਵੰਡਿਆ ਹੋਇਆ ਹੈ ਤੇ ਹਰੇਕ ਕਾਲ ਸਿੱਖਾਂ ਦੀ ਰਾਜਨੀਤਿਕ ਜਥੇਬੰਦੀ ਦੀ ਸ਼ਕਤੀ ਵਿਚ ਵਾਧਾ ਕਰਦਾ ਹੈ।

1716 ਤੋਂ 1738 ਤਕ ਮੁਗ਼ਲ ਸਰਕਾਰ ਦੇ ਜਾਬਰ ਹੱਥਾਂ ਵਿਚ ਸਿੱਖਾਂ ਨੇ ਜਿਹੜੀਆਂ ਮੁਸੀਬਤਾਂ ਤੇ ਔਕੜਾਂ ਝੱਲੀਆਂ ਉਨ੍ਹਾਂ ਨੇ ਪਹਿਲਾਂ ਹੀ ਉਨ੍ਹਾਂ ਦੇ ਮੰਨਾਂ ਨੂੰ ਸਰਕਾਰ ਵਿਰੁੱਧ ਖੱਟਾ ਕਰ ਦਿੱਤਾ ਸੀ। ਉਨ੍ਹਾਂ ਨੇ ਬਦਲਾ ਕਢ ਲੈਣ ਲਈ ਕੋਈ ਮੌਕਾ ਨਹੀਂ ਖੁੰਝਾਇਆ ਸੀ ਤੇ ਜਿਸ ਤਰ੍ਹਾਂ ਉੱਪਰ ਦਸਿਆ ਗਿਆ ਹੈ ਪਹਿਲਾਂ ਹੀ ਹਰ ਪੱਖੋਂ ਸਰਕਾਰ ਨੂੰ ਤੰਗ ਕਰਨਾ ਆਰੰਭ ਕਰ ਦਿੱਤਾ ਸੀ। ਪਰੰਤੂ ਉਨ੍ਹਾਂ ਦਿਆਂ ਮਹਾਨ ਤੇ ਮੰਨੇ-ਪ੍ਰਮੰਨੇ ਸਤਿਕਾਰੀ ਆਗੂਆਂ ਦੀਆਂ ਸ਼ਹੀਦੀਆਂ ਨੇ ਉਨ੍ਹਾਂ ਦੇ ਦਿਲਾਂ ਵਿਚ ਬਦਲੇ ਦੀ ਅੱਗ ਭੜਕਾ ਦਿੱਤੀ ਤੇ ਉਹ ਅਜੇਹੇ ਮੌਕੇ ਦੀ ਭਾਲ ਵਿਚ ਰਹਿਣ ਲੱਗੇ ਜਿਸ ਨਾਲ ਸ਼ਹੀਦਾਂ ਦੇ ਖ਼ੂਨ ਦਾ ਨਿਰਦਈ ਜਲਾਦਾਂ ਤੋਂ ਬਦਲਾ ਲਿਆ ਜਾਵੇ, ਤੇ ਉਨ੍ਹਾਂ ਦੀ ਕੌਮ ਨੂੰ ਦਬਾਉਣ ਵਾਲਿਆਂ ਦਾ ਬੀਜ ਨਾਸ਼ ਕੀਤਾ ਜਾ ਸਕੇ।

ਇਹ ਮੌਕਾ ਨਾਦਰ ਸ਼ਾਹ ਦੇ ਹਮਲੇ ਨਾਲ ਮਿਲਿਆ ਜਿਹੜਾ ਪੰਜਾਬ ਦੇ ਮੈਦਾਨਾਂ ਵਿਚ 1738 ਦੇ ਮੁੱਢ ਵਿਚ ਆ ਟਪਕਿਆ। ਜਿਹੜੀ ਹਫੜਾ-ਦਫੜੀ ਤੇ ਬਦਅਮਨੀ ਇਸ ਨਾਲ ਉਤਪੰਨ ਹੋਈ, ਉਹ ਸਿੱਖਾਂ ਦਿਆਂ ਯਤਨਾਂ ਲਈ ਅਤਿ ਸਹਾਇਕ ਸਿੱਧ ਹੋਈ। ਲਾਹੌਰ ਦੀ ਸਰਕਾਰ ਵਧੇਰੇ ਖ਼ਤਰਨਾਕ ਸ਼ਤਰੂ ਦਾ ਟਾਕਰਾ ਕਰਨ ਵਿਚ ਰੁਝੀ ਹੋਈ ਸੀ ਜਿਸ ਕਰਕੇ ਸਿੱਖਾਂ ਨੂੰ ਆਪਣੀਆਂ ਯੋਜਨਾਵਾਂ ਨਿਰਵਿਘਨ ਪੂਰੀਆਂ ਕਰਨ ਦਾ ਖੁਲ੍ਹਾ ਅਵਸਰ ਮਿਲ ਗਿਆ। ਉਨ੍ਹਾਂ ਪਹਿਲਾਂ ਹੀ ਆਪਣੇ ਆਪ ਨੂੰ ਧਾੜਵੀਆਂ ਦੇ ਟੋਲਿਆਂ ਵਿਚ ਵੰਡ ਲਿਆ ਸੀ ਤੇ ਉਹ ਦੇਸ਼ ਦੀ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ (ਉਪਰੋ-ਥਲੀ) ਛਾਣ-ਬੀਣ ਕਰ ਰਹੇ ਸਨ। ਹੁਣ ਉਨ੍ਹਾਂ ਨੇ ਡੇਰਾ ਬਾਬਾ ਨਾਨਕ ਦੇ ਨੇੜੇ ਲਾਹੌਰ ਦੇ ਪੂਰਬ ਵਿਚ ਰਾਵੀ ਦੇ ਕੰਢੇ ਡੱਲੇਵਾਲ ਵਿਖੇ ਬਣੇ ਇਕ ਕਿਲ੍ਹੇ ਦੀ ਇੱਟ ਨਾਲ ਇੱਟ ਵਜਾ ਦਿੱਤੀ। ਇਨ੍ਹਾਂ ਕਾਰਵਾਈਆਂ ਦੇ ਖੇਤਰ ਤੋਂ ਉਹ ਭਾਰੀ ਸੰਖਿਆ ਵਿਚ ਨਿਕਲਦੇ ਅਤੇ ਮੁਸਲਮਾਨਾਂ ਦੇ ਪਿੰਡਾਂ, ਸਰਕਾਰੀ ਅਫ਼ਸਰਾਂ ਤੇ ਸਰਕਾਰ ਦੇ ਪੱਖਪਾਤੀ

1. ਕਨਿੰਘਮ ਭਾਈ ਤਾਰੂ ਸਿੰਘ ਨੂੰ ਵੀ ਗੁਰੂ ਸਾਹਿਬ ਦਾ ਪੁਰਾਣਾ ਸਾਥੀ ਲਿਖਦਾ ਹੈ (ਹਿਸਟਰੀ ਆਫ਼ ਦਿ ਸਿਖਸ, ਪੰਨਾ 91) ਪਰੰਤੂ ਇਹ ਅਸੰਭਵ ਜਾਪਦਾ ਹੈ।

ਹਿੰਦੂਆਂ ਦੀ ਲੁੱਟ-ਮਾਰ ਕਰਦੇ। ਉਨ੍ਹਾਂ ਨੇ ਸਹਿਮੇ ਹੋਏ ਨਾਦਰ ਨੂੰ ਵੀ ਨ ਛਡਿਆ ਸਗੋਂ ਉਸ ਦੀ ਉਸ ਸੈਨਿਕ ਟੁਕੜੀ ਤੇ ਪਿਛਿਉਂ ਟੁੱਟ ਕੇ ਪੈ ਗਏ ਜਿਹੜੀ ਕਿ ਦਿੱਲੀ ਦੀ ਲੁੱਟ-ਮਾਰ ਨਾਲ ਲੱਦੀ ਹੋਈ ਸੀ, ਤੇ ਜੋ ਕੁਝ ਉਨ੍ਹਾਂ ਦੇ ਹੱਥ ਲੱਗ ਸਕਦਾ ਸੀ, ਲੁੱਟ ਕੇ ਲੈ ਗਏ। "ਕਿਧਰੋਂ" ਜਾਬਰ ਨਾਦਰ ਸ਼ਾਹ ਨੇ ਹੈਰਾਨ ਹੋ ਕੇ ਪੁਛਿਆ "ਉਹ ਲੰਮੇ ਵਾਲਾਂ ਵਾਲੇ ਜਾਂਗਲੀ ਆ ਟਪਕੇ ਜਿਨ੍ਹਾਂ ਨੇ ਮੇਰੇ ਤੇ ਹੱਲਾ ਬੋਲਣ ਦਾ ਹੀਆ ਕੀਤਾ ਹੈ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਘਰ-ਘਾਟ ਨੂੰ ਤਬਾਹ ਕਰ ਸੁੱਟੋ।" "ਉਨ੍ਹਾਂ ਦੇ ਘਰ ਤਾਂ ਘੋੜਿਆਂ ਦੀਆਂ ਕਾਠੀਆਂ ਹੀ ਹਨ," ਉੱਤਰ ਮਿਲਿਆ।[1]

ਇਸ ਤਰ੍ਹਾਂ ਸਿੱਖ ਕੁਝ ਸਮੇਂ ਲਈ ਬੇਰੋਕ ਘੁੰਮਦੇ ਰਹੇ। ਪਰ ਸਰਕਾਰ ਦਾ ਧਿਆਨ ਉਸ ਸਮੇਂ ਇਧਰ ਖਿਚਿਆ ਗਿਆ ਜਦ ਉਹ 2000 ਸੈਨਿਕਾਂ ਨਾਲ ਐਮਨਾਬਾਦ ਵਿਖੇ ਇਕੱਤਰ ਹੋ ਕੇ ਗੁਆਂਢੀ ਪਿੰਡਾਂ ਤੋਂ ਰਕਮਾਂ ਵਸੂਲਣ ਲੱਗ ਪਏ। "ਇਕ ਦਿਨ ਇਕ ਪੇਂਡੂ ਨੇ ਐਮਨਾਬਾਦ ਦੇ ਫੌਜਦਾਰ ਜਸਪਤ ਰਾਏ, ਜਿਹੜਾ ਆਪਣੇ ਸਦਰ ਮਕਾਮ ਤੋਂ ਤਿੰਨ ਮੀਲ ਦੂਰ ਖੁਖਰਾਂ ਵਿਖੇ ਉਤਰਿਆ ਹੋਇਆ ਸੀ, ਅੱਗੇ ਸ਼ਿਕਾਇਤ ਕੀਤੀ ਕਿ ਦੋ ਹਜ਼ਾਰ ਸਿੱਖਾਂ ਦਾ ਇਕ ਟੋਲਾ ਪਿੰਡ ਤੇ ਚੜ੍ਹ ਆਇਆ ਹੈ ਤੇ ਉਸ ਦੇ ਭੇਡਾਂ-ਬਕਰੀਆਂ ਦੇ ਸਾਰੇ ਵੱਜੜ ਨੂੰ ਹੱਕ ਕੇ ਲੈ ਗਿਆ ਹੈ, ਜਿਨ੍ਹਾਂ ਨੂੰ ਉਹ ਐਮਨਾਬਾਦ ਦੇ ਨੇੜੇ ਰੋੜੀ ਸਾਹਿਬ[2] ਵਿਖੇ ਭੁੰਨ ਕੇ ਖਾ ਗਏ ਹਨ। ਦੀਵਾਨ ਨੇ ਉਨ੍ਹਾਂ ਨੂੰ ਖਿਡ ਪੁੰਡ ਜਾਣ ਦਾ ਹੁਕਮ ਭੇਜਿਆ ਪਰੰਤੂ ਸਿੱਖਾਂ ਨੇ ਏਨੀ ਛੇਤੀ ਚਲੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਤੇ ਦੀਵਾਨ ਨੇ ਆਪਣੇ ਸਿਪਾਹੀਆਂ ਨਾਲ ਉਨ੍ਹਾਂ ਤੇ ਹਮਲਾ ਕਰ ਦਿੱਤਾ ਤੇ ਘੋਰ ਲੜਾਈ ਆਰੰਭ ਹੋ ਗਈ। ਲੜਾਈ ਦੇ ਦਰਮਿਆਨ ਇਕ ਰੰਗਰੇਟਾ ਸਿੱਖ ਦੀਵਾਨ ਦੇ ਹਾਥੀ ਦੀ ਪੂਛ ਪਕੜ ਕੇ ਹੌਦੇ ਤਕ ਚੜ੍ਹ ਗਿਆ। ਉਸ ਨੇ ਦੀਵਾਨ ਦਾ ਸਿਰ ਕੱਟਿਆ ਤੇ ਨਾਲ ਲੈ ਕੇ ਭੱਜ ਗਿਆ। ਦੀਵਾਨ ਦੀ ਮੌਤ ਮੁਗਲ ਦਸਤਿਆਂ ਲਈ ਆਮ ਹਫੜਾ ਦਫੜੀ ਦਾ ਸੰਕੇਤ ਸੀ। ਸਿੱਖਾਂ ਨੇ ਇਕ ਵਿਅਕਤੀ ਬਾਬਾ ਕਿਰਪਾ ਰਾਮ[3] ਤੋਂ ਪੰਜ ਸੋ ਰੁਪਏ ਲੈ ਕੇ ਦੀਵਾਨ ਦਾ ਸਿਰ ਮੋੜ ਦਿੱਤਾ ਜਿਸ ਨੇ ਉਸ ਦੀ ਲਾਸ਼ ਦਾ ਦਾਹ ਸੰਸਕਾਰ ਕੀਤਾ।

ਦੀਵਾਨ ਦਾ ਭਰਾ ਲਖਪਤ ਰਾਏ ਆਪਣੇ ਭਰਾ ਦੀ ਦੁਖਾਂਤਕ ਹੋਣੀ ਨੂੰ ਸੁਣ ਕੇ ਗੁੱਸੇ ਨਾਲ ਕਪੜਿਆਂ ਤੋਂ ਬਾਹਰ ਹੋ ਗਿਆ। "ਇਸ ਵਿਚ ਸ਼ੱਕ ਨਹੀਂ ਕਿ ਸਿੱਖੀ ਦਾ

---

1. ਜੈਨਰਲ ਗੋਰਡਨ, ਦਿ ਸਿਖਸ, ਪੰਨਾ 58.

2. ਸਿੱਖਾਂ ਦਿਆਂ ਪਵਿੱਤਰ ਸਥਾਨਾਂ ਵਿਚੋਂ ਇਕ, ਐਮਨਾਬਾਦ ਤੋਂ ਇਕ ਮੀਲ ਦੀ ਵਿੱਥ ਤੇ (ਗੁਜਰਾਂਵਾਲਾ ਜ਼ਿਲ੍ਹਾ) ਜਿਥੇ ਗੁਰੂ ਨਾਨਕ ਆਪਣੀਆਂ ਉਦਾਸੀਆਂ ਸਮੇਂ ਕੁਝ ਸਮੇਂ ਲਈ ਠਹਿਰੇ ਸਨ।

3. ਇਹ ਬਾਬਾ ਸੋ ਵਿਸਵੇ ਪ੍ਰਸਿੱਧ ਪਿੰਡ ਬੱਦੋਕੀ ਗੋਸਾਈਆਂ ਦਾ ਇਕ ਗੋਸਾਈਂ ਸੀ, ਜਿਥੋਂ ਦੇ ਗੋਸਾਈਂ ਐਮਨਾਬਾਦ ਦੇ ਦੀਵਾਨਾਂ ਦੇ ਪੁਸ਼ਤੈਨੀ ਗੁਰੂ ਰਹੇ ਹਨ।

ਬਾਨੀ ਇਕ ਖਤਰੀ ਸੀ" ਉਸ ਨੇ ਕਿਹਾ, "ਪਰੰਤੂ ਮੈਂ ਆਪਣੇ ਆਪ ਨੂੰ ਖਤਰੀ ਨਹੀਂ ਕਹਾਵਾਂਗਾ ਜੇ ਮੈਂ ਧਰਤੀ ਉਤੋਂ ਇਨ੍ਹਾਂ ਦਾ ਨਾਉਂ ਨਿਸ਼ਾਨ ਨ ਮਿਟਾ ਦਿਆਂ।" ਇਹ ਕਹਿ ਕੇ ਉਹ ਸੂਬੇਦਾਰ[1] ਨਾਲ ਸਿੱਖਾਂ ਦਾ ਪਿੱਛਾ ਕਰਨ ਲਈ ਰਵਾਨਾ ਹੋ ਗਿਆ ਤੇ ਉਨ੍ਹਾਂ ਨੂੰ ਜਮੂੰ ਦੇ ਨੇੜੇ ਲੱਕ ਤੋੜਵੀਂ ਹਾਰ ਦਿੱਤੀ। ਉਸ ਨੇ ਭਾਰੀ ਗਿਣਤੀ ਵਿਚ ਸਿੱਖ ਕੈਦੀ ਬਣਾ ਕੇ ਲਾਹੌਰ ਲਿਆਂਦੇ ਤੇ ਉਨ੍ਹਾਂ ਦੇ ਕੇਸ ਕਟਵਾਉਣ ਪਿੱਛੋਂ ਦਿੱਲੀ ਦਰਵਾਜ਼ੇ ਦੇ ਬਾਹਰ ਖੁਲ੍ਹੇ ਆਮ ਉਨ੍ਹਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਉਨ੍ਹਾਂ ਦੇ ਕਤਲ ਦਾ ਸਥਾਨ ਹੁਣ 'ਸ਼ਹੀਦ ਗੰਜ' ਅਖਵਾਉਂਦਾ ਹੈ। ਉਸੇ ਸਮੇਂ ਇਕ ਐਲਾਨ ਜਾਰੀ ਕੀਤਾ ਗਿਆ ਤੇ ਧਮਕੀ ਦਿੱਤੀ ਗਈ ਕਿ "ਗੋਬਿੰਦ ਦਾ ਨਾਉਂ ਤਕ ਲੈਣ ਵਾਲੇ ਦਾ ਪੇਟ ਚਾਕ ਕਰ ਦਿੱਤਾ ਜਾਵੇਗਾ[2]।"

ਸਿੱਖਾਂ ਲਈ ਇਹ ਦਿਨ ਨਵੀਂ ਬਿਪਤਾ ਦੇ ਸਨ। 'ਪੰਥ ਪ੍ਰਕਾਸ਼' ਨੇ ਉਨ੍ਹਾਂ ਔਖਿਆਈਆਂ ਦਾ, ਜਿਹੜੀਆਂ ਭਗੌੜੇ ਸਿੱਖਾਂ ਨੂੰ ਬਸੌਲੀ ਦੀਆਂ ਬੰਜਰ ਪਹਾੜੀਆਂ ਤੇ ਫੇਰ ਮਾਲਵੇ ਦੇ ਤਪਦਿਆਂ ਟਿੱਬਿਆਂ ਵਿਚ ਝਲਣੀਆਂ ਪਈਆਂ ਜਿਥੇ ਕਿ ਉਨ੍ਹਾਂ ਨੂੰ ਬਦਲੇ ਦੀ ਅੱਗ ਵਿਚ ਸੜਦੇ ਲਖਪਤ ਰਾਏ ਨੇ ਧੱਕਿਆ ਸੀ,ਦਾ ਬੜਾ ਸਪਸ਼ਟ ਤੇ ਬਹੁਤ ਹੀ ਹਿਰਦੇਵੇਧਕ ਵਿਵਰਣ ਦਿਤਾ ਹੈ। ਪਰੰਤੂ ਉਨ੍ਹਾਂ ਦੇ ਬਿਪਤਾ ਦੇ ਦਿਨ ਬਹੁਤ ਲੰਮੇ ਨਹੀਂ ਸਨ। ਲਖਪਤ ਰਾਏ ਨੂੰ ਸਜ਼ਾ ਦੇਣ ਦਾ ਤੇ ਖ਼ਾਲਸੇ ਲਈ ਜਿੱਤ ਦਾ ਮੌਕਾ ਛੇਤੀ ਹੀ ਆ ਪਹੁੰਚਿਆ। ਯਾਹੀਆ ਖਾਂ ਦੇ ਛੋਟੇ ਭਾਈ ਸ਼ਾਹ ਨਵਾਜ਼ ਖਾਂ, ਜਿਹੜਾ ਮੁਲਤਾਨ ਦਾ ਗਵਰਨਰ ਸੀ, ਨੇ 1745 ਵਿਚ ਲਾਹੌਰ ਤੇ ਹਮਲਾ ਕਰ ਦਿੱਤਾ ਤੇ ਯਾਹੀਆ ਖ਼ਾਂ ਤੇ ਉਸ ਦੇ ਦੀਵਾਨ ਲਖਪਤ ਰਾਏ ਨੂੰ ਉਥੋਂ ਖਦੇੜ ਦਿੱਤਾ। ਇਸ ਤਰ੍ਹਾਂ ਲਾਹੌਰ ਨੂੰ ਖੋਹਣ ਨਾਲ ਦਿੱਲੀ ਸਰਕਾਰ ਦੇ ਕ੍ਰੋਧ ਤੋਂ ਡਰਦਿਆਂ ਸ਼ਾਹ ਨਵਾਜ਼ ਅਹਿਮਦ ਸ਼ਾਹ ਦੁਰਾਨੀ ਵੱਲ ਮੁੜਿਆ ਤੇ ਉਸ ਨੂੰ ਭਾਰਤ ਤੇ ਹਮਲਾ ਕਰਨ ਲਈ ਸੱਦਾ ਦਿੱਤਾ ਅਤੇ ਆਪਣੀ ਤੁਰਤ ਤਾਬੇਦਾਰੀ ਤੇ ਦਿਲੀ ਸਹਿਯੋਗ ਦਾ ਬਚਨ ਦਿੱਤਾ। ਦੁਰਾਨੀ ਬਾਦਸ਼ਾਹ ਨੇ, ਜਿਸ ਨੇ ਸਦਾ ਭਾਰਤ ਨੂੰ ਲਲਚਾਈਆਂ ਨਜ਼ਰਾਂ ਨਾਲ ਤੱਕਿਆ ਸੀ, ਇਸ ਪੇਸ਼ਕਸ਼ ਦਾ ਸਵਾਗਤ ਕੀਤਾ ਤੇ 10,000 ਆਦਮੀਆਂ ਦੀ ਸੈਨਾ ਨਾਲ ਪਿਸ਼ਾਵਰ ਵੱਲ ਚੜ੍ਹਾਈ ਕਰ ਦਿੱਤੀ। ਇਸ ਦੌਰਾਨ ਸ਼ਾਹ ਨਵਾਜ਼ ਨੂੰ ਦੇਸ ਧ੍ਰੋਹੀ ਹੋਣ ਕਰਕੇ ਫਿਟਕਾਰਿਆ ਗਿਆ। ਇਸ ਤੋਂ ਇਲਾਵਾ ਉਸ ਦੇ ਨਾਨੇ ਨੇ ਜਿਹੜਾ ਕਿ ਵਜ਼ੀਰੇ ਆਜ਼ਮ ਸੀ, ਉਸ ਨੂੰ ਇਹ ਵਚਨ ਦੇ ਕੇ ਸ਼ਾਂਤ ਕਰ ਲਿਆ ਕਿ ਜੇ ਉਹ ਹਮਲਾਵਰ ਦੀ ਚੜ੍ਹਾਈ ਦਾ ਵਿਰੋਧ ਕਰੇਗਾ ਤਾਂ ਉਸ ਨੂੰ ਲਾਹੌਰ ਦਾ ਗਵਰਨਰੀ ਬਣਾ ਦਿੱਤਾ ਜਾਵੇਗਾ।

---

1. ਯਾਹੀਆ ਖ਼ਾਂ 1743 ਤੋਂ 1745 ਤਕ ਸੂਬੇਦਾਰ ਰਿਹਾ ਜਿਸ ਸਮੇਂ ਵਿਚਕਾਰ ਉਪਰੋਕਤ ਵਰਣਿਤ ਘਟਨਾਵਾਂ ਵਾਪਰੀਆਂ ਦਰਜ ਕੀਤੀਆਂ ਗਈਆਂ ਹਨ।
2. 'ਇਬਰਤ ਨਾਮਾ', ਅਲੀ-ਉਦ-ਦੀਨ।

ਖ਼ੈਬਰ ਪਹੁੰਚ ਕੇ ਅਹਿਮਦ ਸ਼ਾਹ ਨੇ ਆਪਣੇ ਰਾਜਦੂਤ ਮਹੁੰਮਦ ਨਈਮ ਖ਼ਾਂ ਨੂੰ ਲਾਹੌਰ ਸ਼ਾਹ ਨਵਾਜ਼ ਨਾਲ ਮੋਰਚੇ ਦੀ ਯੋਜਨਾ ਬਾਰੇ ਸਲਾਹ ਕਰਨ ਲਈ ਭੇਜਿਆ। ਰਾਜਦੂਤ ਨੇ, ਜਿਹੜਾ ਕਿ ਗਰਮ ਮਜ਼ਾਜ ਤੇ ਕੁੱਚਜਾ ਆਦਮੀ ਸੀ, ਆਪਣੇ ਰੁੱਖੇਪਣ ਨਾਲ ਨਾਇਬ ਸੂਬੇਦਾਰ ਨੂੰ ਨਾਰਾਜ਼ ਕਰ ਲਿਆ ਤੇ ਉਸ ਨੂੰ ਸੂਬੇਦਾਰ ਨੇ ਨ-ਤਸੱਲੀ ਬਖਸ਼ ਜਵਾਬ ਦੇ ਕੇ ਵਾਪਸ ਘਲ ਦਿੱਤਾ। ਅਫ਼ਗਾਨ ਬਾਦਸ਼ਾਹ ਨੇ ਰੋਹਤਾਸ[1] ਵੱਲ ਚੜ੍ਹਾਈ ਕਰ ਦਿੱਤੀ ਤੇ ਇਸ ਵਾਰ ਇਕ ਹੋਰ ਰਾਜਦੂਤ ਸਾਬਿਰ ਸ਼ਾਹ, ਜਿਹੜਾ ਉਸ ਦੇ ਪੀਰ ਦਾ ਪੁੱਤਰ ਸੀ, ਨੂੰ ਘੱਲਿਆ। ਸ਼ਾਹ ਨਵਾਜ਼ ਹਮਲਾਵਰ ਸੈਨਾ ਦੀ ਸ਼ਕਤੀ ਨੂੰ ਜਾਣਦਾ ਸੀ ਤੇ ਉਸ ਨੇ ਬੜੇ ਘੁਮੰਡ ਵਿਚ ਰਾਜਦੂਤ ਨੂੰ ਲਾਪਰਵਾਹੀ ਨਾਲ ਪੁਛਿਆ, "ਸੁਣਾ ਭਰਾ ਅਹਿਮਦ ਦਾ ਕੀ ਹਾਲ ਹੈ ?" ਸਾਬਿਰ ਇਸ ਗੁਸਤਾਖ਼ੀ ਤੇ ਨਾਰਾਜ਼ ਹੋਇਆ ਤੇ ਗੁੱਸੇ ਨਾਲ ਇਸ ਘੁਮੰਡੀ ਛੋਕਰੇ ਨੂੰ ਬੁਰਾ ਭਲਾ ਕਿਹਾ। ਸ਼ਾਹ ਨਵਾਜ਼ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਦੂਤ ਨੂੰ ਮੂੰਹ[2] ਵਿਚ ਪਿਘਲਿਆ ਹੋਇਆ ਸਿੱਕਾ ਪਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਹਿਮਦ ਸ਼ਾਹ ਲਾਹੌਰ ਵੱਲ ਵਧਿਆ ਤੇ ਥੋੜ੍ਹੇ ਜੇਹੇ ਟਾਕਰੇ ਪਿੱਛੋਂ ਉਸ ਨੇ ਲਾਹੌਰ ਕਬਜ਼ੇ ਵਿਚ ਕਰ ਲਿਆ। ਇਸ ਤੇ ਸ਼ਾਹ ਨਵਾਜ਼ ਦਿੱਲੀ ਭੱਜ ਗਿਆ ਤੇ ਦੁਰਾਨੀ ਨੇ ਲਖਪਤ ਰਾਏ ਨੂੰ ਲਾਹੌਰ ਦਾ ਗਵਰਨਰ ਥਾਪ ਕੇ ਕਸੂਰ ਦੇ ਜੁਮਲਾ ਖ਼ਾਂ[3] ਨੂੰ ਉਸ ਦਾ ਸਲਾਹਕਾਰ ਨਿਯੁਕਤ ਕਰ ਦਿੱਤਾ। ਅਹਿਮਦ ਸ਼ਾਹ ਨੇ ਫੇਰ ਦਿੱਲੀ ਵੱਲ ਚੜ੍ਹਾਈ ਕੀਤੀ, ਪਰੰਤੂ, ਜਿਸ ਤਰ੍ਹਾਂ ਆਮ ਪ੍ਰਸਿੱਧ ਹੈ, ਉਸ ਨੂੰ ਸਰਹਿੰਦ ਵਿਖੇ ਹਾਰ ਹੋਈ ਜਿਸ ਪਿੱਛੋਂ ਉਹ ਬੜੀ ਤੇਜ਼ੀ ਨਾਲ ਕਾਬੁਲ ਵੱਲ ਪਿੱਛੇ ਪਰਤ ਗਿਆ।

ਇਹ ਲੜਾਈ-ਝਗੜੇ ਸਿੱਖ ਉਦੇਸ਼ਾਂ ਲਈ ਅਤਿ ਸਹਾਇਕ ਸਿੱਧ ਹੋਏ। ਉਹ ਦੁਬਾਰਾ ਮੈਦਾਨਾਂ ਵਿਚ ਕੁਦ ਪਏ ਅਤੇ ਉਨ੍ਹਾਂ ਨੇ ਪਹਿਲਾਂ ਵਾਂਗ ਆਪਣੀਆਂ ਲੁੱਟਾਂ ਆਰੰਭ ਕਰ ਦਿੱਤੀਆਂ। ਹਰਾਏ ਹੋਏ ਹਮਲਾਵਰ ਦੀ ਸੈਨਾ ਵਿਚੋਂ, ਜਿਹੜੀ ਬੜੀ ਤੇਜ਼ੀ ਨਾਲ ਆਪਣੀ ਮਾਤ ਭੂਮੀ ਨੂੰ ਪਰਤ ਰਹੀ ਸੀ, ਉਨ੍ਹਾਂ ਨੂੰ ਇਕ ਅੱਧ ਆਸਾਨ ਤੇ ਲਾਹੇਵੰਦ ਸ਼ਿਕਾਰ ਮਿਲ ਜਾਂਦਾ ਸੀ। "ਇਸ ਨੇ ਚੌਕਸ ਖ਼ਾਲਸੇ ਨੂੰ ਦੁਸ਼ਮਣ ਦੀਆਂ ਪਿਛਲੀਆਂ ਫੌਜਾਂ ਨੂੰ ਤੰਗ ਕਰਨ ਦਾ ਤੇ ਆਪਣੇ ਸਵੈ-ਵਿਸ਼ਵਾਸ ਤੇ ਭਰੋਸਾ ਵਧਾਉਣ ਦਾ ਅਵਸਰ ਦਿੱਤਾ।"[4] ਭਾਰੀ ਲੁੱਟ-ਖਸੁੱਟ ਨਾਲ, ਜਿਹੜੀ ਉਨ੍ਹਾਂ ਦੇ ਲੁਟੇਰਿਆਂ ਨੇ ਕੀਤੀ ਸੀ, ਉਨ੍ਹਾਂ ਦੇ ਸਾਧਨ ਵਧ ਗਏ

---

1. ਜਿਹਲਮ ਜ਼ਿਲ੍ਹੇ ਵਿਚ ਇਕ ਬਹੁਤ ਮਜ਼ਬੂਤ ਕਿਲ੍ਹਾ।
2. ਉਸ ਦਾ ਮਕਬਰਾ ਸ਼ਾਹੀ ਮਸਜਿਦ ਲਾਹੌਰ ਦੇ ਪਿੱਛੇ ਸਥਿਤ ਹੈ। ਇਹ ਤੁਕ ਅਲੀ-ਉਦ-ਦੀਨ ਦੇ 'ਇਬਰਤ ਨਾਮੇ' ਵਿਚੋਂ ਲਈ ਗਈ ਹੈ।
3. 'ਪੰਥ ਪ੍ਰਕਾਸ਼' ਅਨੁਸਾਰ ਮੋਮਨ ਖ਼ਾਂ।
4. ਕਨਿੰਘਮ, ਪੰਨਾ 93।

ਤੇ ਉਨ੍ਹਾਂ ਨੇ ਅੰਮ੍ਰਿਤਸਰ ਨੇੜੇ ਰਾਮਰੌਣੀ ਨਾਂ ਦੀ ਇਕ ਗੜ੍ਹੀ ਉਸਾਰੀ। ਉਸ ਸਮੇਂ ਇਕ ਬਹੁਤ ਹੀ ਲਾਇਕ ਆਗੂ ਜੱਸਾ ਸਿੰਘ ਕਲਾਲ, ਜਿਹੜਾ ਸ਼ਰਾਬ ਕੱਢਣ ਦਾ ਧੰਦਾ ਕਰਦਾ ਸੀ, ਉਨ੍ਹਾਂ ਵਿਚ ਪ੍ਰਗਟ ਹੋਇਆ ਜਿਸ ਨੇ ਬੜੀ ਦਲੇਰੀ ਨਾਲ ਰਾਜ ਵਿਚ ਇਕ ਨਵੀਂ ਸ਼ਕਤੀ ਦੇ ਜਨਮ ਦਾ ਐਲਾਨ ਕੀਤਾ। ਇਹ ਸੀ 'ਖ਼ਾਲਸੇ' ਦਾ 'ਦਲ' ਜਾਂ 'ਸਿੰਘਾਂ' ਦੇ ਧਰਮਤੰਤਰ ਦੀ ਸੈਨਾ।[1]

ਖ਼ਾਲਸਾ ਹੁਣ ਇਕ ਰਾਜ ਬਣ ਚੁਕਿਆ ਸੀ। ਇਹ ਇਕ ਅਜੇਹੀ ਸ਼ਕਤੀ ਸੀ ਜਿਸ ਨੂੰ ਮੰਨਣਾ ਪੈਣਾ ਸੀ ਤੇ ਭਾਵੇਂ ਕਈ ਵਾਰ ਹਾਰ ਜਾਂਦਾ ਸੀ ਪਰੰਤੂ ਇਸ ਨੇ ਮੁਗਲ ਸ਼ਕਤੀ ਦੀਆਂ ਬੁਨਿਆਦਾਂ ਹਿਲਾ ਦੇਣ ਦਾ ਤੇ ਉਸ ਦੇ ਖੰਡਰਾਂ ਤੇ ਆਪਣੀ ਪ੍ਰਭੁਸੱਤਾ ਉਸਾਰਨ ਦਾ ਪੱਕਾ ਨਿਸ਼ਚਾ ਕਰ ਲਿਆ ਸੀ।

---

1. ਚਰਸਾ ਸਿੰਘ, ਟੇਕਾ ਸਿੰਘ ਅਤੇ ਕਿਰਵਰ ਸਿੰਘ ਜੱਸਾ ਸਿੰਘ ਦੇ ਸਾਥੀਆਂ ਵਿਚੋਂ ਸਨ। ਕਨਿੰਘਮ, ਪੰਨਾ 93।

ਸਿੱਖਾਂ ਦਾ ਲਾਹੌਰ ਤੇ ਕਬਜ਼ਾ ਕਰ ਕੇ ਆਪਣਾ ਸਿੱਕਾ ਚਲਾਉਣਾ (1748-1758)

ਦਿੱਲੀ ਦੇ ਵਜ਼ੀਰ ਦੇ ਸਭ ਤੋਂ ਵੱਡੇ ਪੁੱਤਰ ਮੁਈਨ-ਉਦ ਦੀਨ ਨੇ ਸ਼ਾਹ ਦੁਰਾਨੀ ਦਾ ਪਹਿਲਾ ਹਮਲਾ ਆਪਣੀ ਯੋਗਤਾ ਨਾਲ ਪਛਾੜ ਦਿੱਤਾ ਸੀ। ਬਿਰਧ ਵਜ਼ੀਰ ਨੇ ਮੁਹਿੰਮ ਦੀ ਅਗਵਾਈ ਆਪ ਕੀਤੀ ਸੀ। ਪਰੰਤੂ ਉਹ ਲੜਾਈ ਦੇ ਆਰੰਭ ਵਿਚ ਹੀ ਖ਼ੇਮੇ ਵਿਚ ਕੁਰਾਨ ਦਾ ਪਾਠ ਕਰਦਾ ਮਾਰਿਆ ਗਿਆ ਸੀ। ਵਜ਼ੀਰ ਦਾ ਅਹੁਦਾ ਸਫ਼ਦਰ ਜੰਗ, ਜਿਹੜਾ ਕਿ ਅਵਧ ਦੇ ਨਵਾਬ ਸੁਆਦਤ ਖ਼ਾਂ ਦਾ. ਜੁਆਈ ਸੀ, ਨੂੰ ਪ੍ਰਦਾਨ ਕਰ ਦਿੱਤਾ ਗਿਆ। ਸਾਰੀਆਂ ਉੱਚੀਆਂ ਪਦਵੀਆਂ ਆਮ ਕਰਕੇ ਜੱਦੀ ਹੁੰਦੀਆਂ ਸਨ, ਇਸ ਲਈ ਨਵਾਂ ਮੰਤਰੀ ਆਪਣੇ ਸ਼ਰੀਕ ਮੁਈਨ-ਉਦ-ਦੀਨ, ਜਿਹੜਾ ਕਿ ਭੂਤਪੂਰਵ ਵਜ਼ੀਰ ਦਾ ਜੇਠੂ ਪੁੱਤਰ ਸੀ, ਦੇ ਤਕਾਜ਼ੇ ਤੋਂ ਡਰਦਾ ਸੀ। ਉਸ ਪ੍ਰਬਲ ਜੁਆਨ ਨੂੰ ਆਪਣੇ ਰਾਹ ਵਿਚੋਂ ਹਟਾਉਣ ਲਈ ਉਸ ਨੇ ਉਸ ਨੂੰ ਲਾਹੌਰ ਅਤੇ ਮੁਲਤਾਨ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ।

ਮੁਈਨ-ਉਦ-ਦੀਨ ਜਿਸ ਨੂੰ ਮੀਰ ਮੰਨੂ ਵੀ ਆਖਿਆ ਜਾਂਦਾ ਹੈ (ਇਹ ਉਪਨਾਮ ਜਿਸ ਨਾਲ ਉਹ ਵਧੇਰੇ ਮਸ਼ਹੂਰ ਹੈ ਸਿੱਖਾਂ ਨੇ ਰਖਿਆ ਸੀ) ਜਦੋਂ 1748 ਵਿਚ ਪੰਜਾਬ ਆਇਆ ਤਾਂ ਉਸ ਵੇਲੇ ਹਰ ਪਾਸੇ ਮੁਕੰਮਲ ਅਰਾਜਕਤਾ ਤੇ ਬਦਅਮਨੀ ਫੈਲੀ ਹੋਈ ਸੀ। ਸਿੱਖ ਅਤਿ ਦਰਜੇ ਦੇ ਨਿਡਰ ਹੋ ਜਾਣ ਕਾਰਣ ਪਰੇਸ਼ਾਨੀ ਦਾ ਕਾਰਣ ਬਣੇ ਹੋਏ ਸਨ। ਉਹ ਆਪਣੀ ਨਵੀਂ ਗੜ੍ਹੀ ਦੇ ਦੁਆਲੇ ਇਕੱਠੇ ਹੋ ਗਏ ਸਨ ਤੇ ਆਪਣੀਆਂ ਦ੍ਰਿੜ੍ਹ-ਧਰਮੀ ਮਿਸਲਾਂ ਸਥਾਪਿਤ ਕਰ ਕੈ ਦੇਸ਼ ਵਿਚ ਲੁੱਟ-ਮਾਰ ਕਰਦੇ ਅਤੇ ਲਾਹੌਰ ਦੀਆਂ ਜੂਹਾਂ ਵਿਚ ਤਬਾਹੀ ਮਚਾਉਂਦੇ ਹੋਏ ਘੁੰਮ-ਫਿਰ ਰਹੇ ਸਨ।[1]

ਇਸ ਲਈ ਜਿਉਂ ਹੀ ਮੀਰ ਮੰਨੂ ਨੇ ਪੱਕੇ ਤੌਰ ਤੇ ਆਪਣਾ ਅਹੁਦਾ ਸੰਭਾਲਿਆ, ਉਸ ਨੇ ਸਿੱਖਾਂ ਨੂੰ ਦਬਾਉਣ ਦਾ ਕਾਰਜ ਆਰੰਭ ਕਰ ਦਿੱਤਾ। ਉਸ ਦਾ ਪਹਿਲਾ ਕੰਮ ਰਾਮਰੌਣੀ ਦੀ ਗੜ੍ਹੀ ਤੇ ਧਾਵਾ ਬੋਲਣਾ ਸੀ ਜਿਸ ਨੂੰ ਕਬਜ਼ੇ ਵਿਚ ਕਰ ਕੇ ਤਬਾਹ ਕਰ ਦਿੱਤਾ ਗਿਆ। ਸਿੱਖਾਂ ਦੇ ਸਾਰੇ ਇਲਾਕਿਆਂ ਵਿਚ ਫ਼ੌਜੀ ਦਸਤੇ ਤਾਇਨਾਤ ਕਰ ਕੇ ਉਨ੍ਹਾਂ ਨੂੰ ਕਰੜਾ ਹੁਕਮ

---

1. ਲਤੀਫ਼, ਪੰਨਾ 220

ਦੇ ਦਿੱਤਾ ਗਿਆ ਕਿ ਜਿਥੇ ਵੀ ਸਿੱਖ ਮਿਲਣ ਉਥੇ ਹੀ ਉਨ੍ਹਾਂ ਦੇ ਕੇਸ ਤੇ ਦਾੜ੍ਹੀਆਂ ਮੁੰਨ ਦਿਤੀਆਂ ਜਾਣ। ਇਹ ਉਪਾ ਕਰੜਾਈ ਨਾਲ ਲਾਗੂ ਕੀਤੇ ਗਏ ਸਨ। ਇਸ ਲਈ ਇਨ੍ਹਾਂ ਨੇ ਸਿੱਖਾਂ ਦੇ ਵਿਕਾਸ ਨੂੰ ਰੋਕ ਦਿੱਤਾ ਤੇ ਗੁਰੂ ਸਾਹਿਬ ਜੀ ਦੇ ਮੁਰੀਦਾਂ ਨੂੰ ਪਹਾੜਾਂ ਤੇ ਜੰਗਲਾਂ ਵਿਚ ਸ਼ਰਨ ਲੈਣ ਤੇ ਮਜਬੂਰ ਕਰ ਦਿੱਤਾ। ਮੀਰ ਮੰਨੂ ਨੇ 'ਪਹਾੜੀ ਰਾਜਿਆਂ ਨੂੰ ਸਿੱਖ ਪਕੜ ਕੇ ਪਿੰਜਰਿਆਂ ਵਿਚ ਬੰਦ ਕਰ ਕੇ ਲਾਹੌਰ ਭੇਜਣ ਦੇ ਸਖ਼ਤ ਹੁਕਮ ਜਾਰੀ ਕਰ ਦਿੱਤੇ। ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਗਈ ਤੇ ਸੈਂਕੜੇ ਸਿੱਖ ਰੋਜ਼ਾਨਾ ਲਾਹੌਰ ਭੇਜੇ ਗਏ ਅਤੇ ਦਿੱਲੀ ਦਰਵਾਜ਼ੇ ਤੋਂ ਬਾਹਰ ਨਖ਼ਾਸ ਜਾਂ ਸ਼ਹੀਦ ਗੰਜ ਵਿਖੇ ਲਖੂਖਾ ਦਰਸ਼ਕਾਂ ਸਾਮ੍ਹਣੇ ਕਤਲ ਕੀਤੇ ਗਏ। ਨੌਜਵਾਨ ਮੰਨੂ ਸਿੱਖਾਂ ਦਾ ਅਮੋੜ ਵੈਰੀ ਬਣ ਗਿਆ ਤੇ ਉਸ ਨੇ ਇਨ੍ਹਾਂ ਦਾ ਬੀਜ ਨਾਸ ਕਰਨ ਦਾ ਤਹੀਆ ਕਰ ਲਿਆ।[1]

ਪਰ ਉਸ ਦੀਆਂ ਯੋਜਨਾਵਾਂ ਕੁਝ ਚਿਰ ਲਈ ਧਰੀਆਂ ਧਰਾਈਆਂ ਰਹਿ ਗਈਆਂ ਜਦੋਂ ਉਸ ਦੇ ਲਾਹੌਰ ਵਿਚ ਸਥਾਪਿਤ ਹੋ ਜਾਣ ਤੋਂ ਕੁਝ ਮਹੀਨੇ ਮਹੀਨੇ ਪਿੱਛੋਂ ਹੀ ਅਹਿਮਦ ਸ਼ਾਹ ਦੁਰਾਨੀ ਆ ਧਮਕਿਆ। ਵਰਖਾ ਰੁੱਤ ਦੇ ਅੰਤ ਤੇ ਇਸ ਅਫਗਾਨ ਬਾਦਸ਼ਾਹ ਨੇ ਆਪਣੇ ਪਹਿਲੇ ਹਮਲੇ ਦੇ ਸਮੇਂ ਹੋਏ ਨੁਕਸਾਨ ਨੂੰ ਪੂਰਿਆਂ ਕਰਨ ਦਾ ਪੱਕਾ ਨਿਸ਼ਚਾ ਕਰ ਕੇ ਭਾਰੀ ਸੈਨਾ ਨਾਲ ਸਿੰਧ ਪਾਰ ਕੀਤਾ। ਮੰਨੂ ਨੇ ਇਕ ਦਮ ਦਿੱਲੀ ਸੈਨਿਕ ਸਹਾਇਤਾ ਲਈ ਸੁਨੇਹਾ ਭੇਜਿਆ ਪਰੰਤੂ ਉਥੋਂ ਦੇ ਦਰਬਾਰੀਆਂ ਕੋਲ ਸ਼ਰਾਬ, ਰੰਗ-ਤਮਾਸ਼ੇ ਤੇ ਮੁਜਰਿਆਂ ਵਿਚੋਂ ਅਜੇਹੇ ਜ਼ਰੂਰੀ ਮੁਆਮਲਿਆਂ ਵੱਲ ਧਿਆਨ ਦੇਣ ਲਈ ਵੀ ਕੋਈ ਸਮਾਂ ਨਹੀਂ ਸੀ। ਇਸ ਦੌਰਾਨ ਦੁਰਾਨੀ ਚਨਾਬ ਦੇ ਕੰਢੇ ਤਕ ਪਹੁੰਚ ਗਿਆ ਅਤੇ ਮੰਨੂ ਨੇ ਦਿੱਲੀ ਤੋਂ ਕਿਸੇ ਭਾਂਤ ਦੀ ਵੀ ਸਹਾਇਤਾ ਵਲੋਂ ਨਿਰਾਸ਼ ਹੋ ਕੇ ਆਪਣੀਆਂ ਹੀ ਫੌਜਾਂ ਇਕੱਤਰ ਕੀਤੀਆਂ ਤੇ ਹਮਲਾਵਰ ਦਾ ਸਾਮ੍ਹਣਾ ਕਰਨ ਲਈ ਰਾਵੀ ਪਾਰ ਕੀਤੀ। ਦੋਹਾਂ ਫੌਜਾਂ ਵਿਚਕਾਰ ਚਨਾਬ ਦੇ ਕੰਢੇ ਤੇ ਸੋਧਰਾ ਦੇ ਨੇੜੇ ਮੁਠਭੇੜ ਹੋਈ।[2] ਥੋੜ੍ਹੀ ਜੇਹੀ ਲੜਾਈ ਹੋਈ ਪਰੰਤੂ ਮੰਨੂ ਨੇ ਛੇਤੀ ਹੀ ਹਮਲੇ ਦਾ ਮੁਕਾਬਲਾ ਕਰਨ ਲਈ ਆਪਣੀ ਅਯੋਗਤਾ ਭਾਂਪ ਲਈ। ਉਸ ਨੇ ਸੰਧੀ ਲਈ ਪੇਸ਼ਕਸ਼ ਕੀਤੀ ਤੇ ਅਫਗਾਨ ਬਾਦਸ਼ਾਹ ਕਿਉਂਕਿ ਇਸ ਜੁਆਨ ਦੀ ਯੋਗਤਾ, ਜਿਸ ਨੇ ਕਿ ਉਸ ਨੂੰ ਸਰਹਿੰਦ ਵਿਖੇ ਹਾਰ ਦਿੱਤੀ ਸੀ, ਤੋਂ ਪ੍ਰਭਾਵਿਤ ਸੀ ਅਤੇ ਕਿਉਂਕਿ ਉਸ ਨੇ ਕਾਬੁਲ ਵਿਚ ਰਾਜ ਦੇ ਕੁਝ ਗੁੰਝਲਦਾਰ ਮੁਆਮਲਿਆਂ ਨੂੰ ਸੁਲਝਾਉਣਾ ਸੀ, ਇਸ ਲਈ ਉਸ ਨੇ ਪਿਛਾਂਹ ਮੁੜਨ ਦੀ ਆਪਣੀ ਰਜ਼ਾਮੰਦੀ ਦੇ ਦਿੱਤੀ ਪਰ ਸ਼ਰਤ ਇਹ ਰੱਖੀ ਕਿ ਪਸਰੂਰ, ਗੁਜਰਾਤ, ਸਿਆਲਕੋਟ ਤੇ ਔਰੰਗਾਬਾਦ ਜਿਹੜੇ ਕਿ ਪੰਜਾਬ ਦੇ ਬਹੁਤ ਹੀ ਉਪਜਾਊ

1. ਲਤੀਫ, ਪੰਨਾ 221

2. ਵਜ਼ੀਰਾਬਾਦ ਦੇ ਨੇੜੇ ਵਸਿਆ 100 ਦਰਵਾਜ਼ਿਆਂ ਵਾਲਾ ਇਕ ਪ੍ਰਾਚੀਨ ਕਸਬਾ ਜਿਸ ਨੂੰ ਮਹਿਮੂਦ ਗਜ਼ਨੀ ਦੇ ਇਕ ਚਹੇਤੇ ਗੁਲਾਮ, ਅਯਾਜ਼ ਨੇ ਵਸਾਇਆ ਸੀ।

ਇਲਾਕਿਆਂ ਵਿਚੋਂ ਸਨ, ਦਿਆਂ ਚਾਰ ਜ਼ਿਲ੍ਹਿਆਂ ਦਾ ਲਗਾਨ ਉਸੇ ਤਰ੍ਹਾਂ ਉਸ ਨੂੰ ਦਿੱਤਾ ਜਾਵੇ ਜਿਸ ਤਰ੍ਹਾਂ ਕਿ ਨਾਦਰ ਸ਼ਾਹ ਨੂੰ ਦਿੱਤਾ ਜਾਂਦਾ ਸੀ ਜਿਸ ਤੋਂ ਕਿ ਉਸ ਨੇ ਆਪਣਾ ਇਹ ਹੱਕ ਪ੍ਰਾਪਤ ਕੀਤਾ ਜਤਾਇਆ ਸੀ। ਕਿਹਾ ਜਾਂਦਾ ਹੈ ਕਿ ਮੰਨੂ ਨੇ ਉਸ ਨਾਲ ਮੁਆਹਿਦਾ ਕੀਤਾ ਕਿ ਉਹ ਉਸ ਦੇ ਅਧੀਨ ਰਹਿ ਕੇ ਸਾਰੇ ਪੰਜਾਬ[1] ਤੇ ਰਾਜ ਕਰੇਗਾ।

ਲਾਹੌਰ ਤੋਂ ਸੂਬੇਦਾਰ ਤੇ ਉਸ ਦੀਆਂ ਫੌਜਾਂ ਦੀ ਗੈਰਹਾਜ਼ਰੀ ਨੇ ਸਿੱਖਾਂ ਨੂੰ ਇਕ ਵਾਰ ਫੇਰ ਆਪਣੀਆਂ ਗੁਪਤ ਥਾਵਾਂ ਤੋਂ ਬਾਹਰ ਆਉਣ ਲਈ ਪ੍ਰੇਰਿਆ। ਸੈਂਕੜੇ ਸਿੱਖਾਂ ਨੂੰ ਦਿੱਤੇ ਗਏ ਦੰਡਾਂ ਅਤੇ ਉਨ੍ਹਾਂ ਦਿਆਂ ਕਾਤਲਾਂ ਨੇ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਮੁਸਲਮਾਨੀ ਸਰਕਾਰ ਪ੍ਰਤਿ ਘ੍ਰਿਣਾ ਵਿਚ ਹੋਰ ਵੀ ਵਾਧਾ ਕਰ ਦਿੱਤਾ ਸੀ। ਉਨ੍ਹਾਂ ਨੇ ਮੰਨੂ ਦੇ ਜਬਰ ਨੂੰ ਟਿੱਚ ਜਾਣਿਆ ਤੇ ਇਉਂ ਜਾਪਦਾ ਹੈ ਕਿ ਹੇਠਲਾ ਗੀਤ ਉਨ੍ਹਾਂ ਵਿਚ ਅਤਿ ਹਰਮਨ ਪਿਆਰਾ ਰਿਹਾ ਹੋਵੇਗਾ :

ਮੰਨੂ ਅਸਾਡੀ ਦਾਤਰੀ
ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ
ਘਰੀਂ ਘਰੀਂ ਅਸੀਂ ਹੋਏ[2]।

ਉਹ ਮੰਨੂ ਦੀ ਰਾਜਧਾਨੀ ਤੋਂ ਗੈਰਹਾਜ਼ਰੀ ਦਾ ਪੂਰਾ ਪੂਰਾ ਲਾਭ ਉਠਾ ਕੇ ਅਚਾਨਕ ਹੀ ਭਾਰੀ ਸੰਖਿਆ ਵਿਚ ਲਾਹੌਰ ਤੇ ਟੁੱਟ ਪਏ ਤੇ ਸ਼ਹਿਰ ਦੇ ਬਾਹਰਲੇ ਇਲਾਕੇ ਨੂੰ ਲੁੱਟ-ਪੁੱਟ ਕੇ ਅਤੇ ਅੱਗ ਲਾ ਕੇ ਸੁਆਹ ਕਰ ਦਿੱਤਾ (ਪਾਕ ਬਿਸੇਖਤੇਦ)। ਮੀਰ ਮੰਨੂ ਆਪਣੀ ਵਾਪਸੀ ਤੇ ਸ਼ਹਿਰ ਨੂੰ ਤਬਾਹ ਹੋਇਆ ਵੇਖ ਕੇ ਗੁੱਸੇ ਨਾਲ ਭੜਕ ਉਠਿਆ ਤੇ ਸਿੱਖਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਸਖ਼ਤੀ ਨਾਲ ਤਸੀਹੇ ਦੇਣ ਤੇ ਉਤਰ ਆਇਆ। "ਹਜ਼ਾਰਾਂ ਸਿੱਖ ਉਸ ਦੀ ਬੇਕਿਰਕ ਤਲਵਾਰ ਦੇ ਸ਼ਿਕਾਰ ਬਣੇ।" ਇਕ ਮੁਸਲਮਾਨ ਲੇਖਕ ਬੜੇ ਦੁਖ ਨਾਲ ਲਿਖਦਾ ਹੈ, "ਜਿਵੇਂ ਇਕ ਵਾਰ ਛਡਿਆ ਤੀਰ ਕਦੀ ਵਾਪਸ ਨਹੀਂ ਆਉਂਦਾ, ਤਿਵੇਂ ਹੀ ਤਬਾਹ ਹੋ ਚੁਕਿਆ ਸ਼ਹਿਰ ਮੁੜ ਨਹੀਂ ਵਸ ਸਕਦਾ ਸੀ।"[3]

ਪਰ ਮੀਰ ਮੰਨੂ ਹਰੇਕ ਸਿੱਖ, ਜਿਹੜਾ ਫੜਿਆ ਜਾਂਦਾ, ਨੂੰ ਮਾਰ ਮੁਕਾਉਂਦਾ ਤੇ ਬਾਕੀਆਂ ਨੂੰ ਪਹਾੜਾਂ ਤੇ ਜੰਗਲਾਂ ਵਿਚ ਨਸਾ ਦਿੰਦਾ। ਇਸ ਤਰ੍ਹਾਂ ਉਹ ਛੇਤੀ ਹੀ ਆਪਣੇ

---

1. ਵੇਖੋ ਲਤੀਫ਼, ਕਨਿੰਘਮ, ਐਲਫਿਨਸਟੋਨ ਅਤੇ ਪ੍ਰਿੰਸਪ ਦੀ ਪੁਸਤਕ 'ਮੁੱਰੇ ਦਾ ਰਣਜੀਤ ਸਿੰਘ'।
2. 'ਇਬਰਤ ਨਾਮਾ,' ਅਲੀ-ਉਦ-ਦੀਨ।
3. 'ਇਬਰਤ ਨਾਮਾ,' ਅਲੀ-ਉਦ-ਦੀਨ। ਨ ਹੀ ਕਨਿੰਘਮ ਤੇ ਨ ਹੀ ਕੋਈ ਹੋਰ ਅੰਗ੍ਰੇਜ਼ ਇਤਿਹਾਸਕਾਰ ਸਿੱਖਾਂ ਦੀ ਇਸ ਚੜ੍ਹਾਈ ਦਾ ਵਰਣਨ ਕਰਦਾ ਹੈ। ਪਰ ਅਜੇਹਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ ਜਿਸ ਕਰਕੇ ਅਲਾ-ਉਦ-ਦੀਨ ਦੇ ਇਸ ਬਿਆਨ ਨੂੰ ਠੀਕ ਨ ਸਮਝਿਆ ਜਾਵੇ।

ਇਲਾਕੇ ਵਿਚ ਅਮਨ ਕਾਇਮ ਕਰਨ ਵਿਚ ਸਫਲ ਹੋ ਗਿਆ ਜਿਸ ਕਰਕੇ ਦਿੱਲੀ ਵਿਚ ਉਸ ਦੀ ਸਫਲਤਾ ਦੀ ਬੜੀ ਪ੍ਰਸੰਸਾ ਹੋਈ। ਹਰੇਕ ਵਿਅਕਤੀ ਉਸ ਨੂੰ ਪ੍ਰਾਪਤ ਹੋਈ ਕ੍ਰਿਪਾ ਤੇ ਰਸ਼ਕ ਕਰਨ ਲੱਗ ਪਿਆ ਸੀ। ਪਰ ਵਜ਼ੀਰ ਨੂੰ ਸੂਝਵਾਨ ਨੌਜਵਾਨ ਪ੍ਰਤਿ ਕੁਝ ਵਿਸ਼ੇਸ਼ ਭਾਂਤ ਦੇ ਆਸ਼ੰਕੇ ਸਨ।ਉਹ ਆਪ ਅਵਧ ਦਾ ਸੁਤੰਤਰ ਹੁਕਮਰਾਨ ਬਣਨ ਦੀਆਂ ਘਾੜਤਾਂ ਘੜ ਰਿਹਾ ਸੀ ਅਤੇ ਉਹ ਜਾਣਦਾ ਸੀ ਕਿ ਉਸ ਦੇ ਪੂਰਵਗਾਮੀ[1] ਦਾ ਪੁੱਤਰ ਵੀ ਉਸੇ ਤਰ੍ਹਾਂ ਕਰਨ ਤੋਂ ਸੰਕੋਚ ਨਹੀਂ ਕਰੇਗਾ। ਇਸ ਲਈ ਮੰਨੂ ਦੀ ਸ਼ਕਤੀ ਨੂੰ ਘਟਾਉਣ ਲਈ ਉਸ ਨੇ ਸ਼ਾਹ ਨਵਾਜ਼ ਖ਼ਾਂ ਨੂੰ ਮੁਲਤਾਨ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਜਿਸ ਦਾ ਕਿ ਉਹ ਇਕ ਵਾਰੀ ਪਹਿਲਾਂ 1745 ਤਕ ਸੂਬੇਦਾਰ ਰਹਿ ਚੁੱਕਾ ਸੀ ਜਦੋਂ ਕਿ ਉਹ ਆਪਣੇ ਵੱਡੇ ਭਾਈ ਯਾਹੀਆ ਖ਼ਾਂ ਦੀ ਥਾਂ ਮੱਲਣ ਲਈ ਲਾਹੌਰ ਆਇਆ ਸੀ ਪਰ ਜਿਸ ਵਿਚੋਂ ਉਸ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਬਾਹਰ ਕੱਢ ਦਿੱਤਾ ਸੀ।

ਇਸ ਦਮਨ ਨੇ ਮੰਨੂ ਨੂੰ ਬਹੁਤ ਕ੍ਰੋਧਿਤ ਕਰ ਦਿੱਤਾ ਤੇ ਉਸ ਨੇ ਇਕ ਦਮ ਆਪਣੇ ਨਾਇਬ ਦੀਵਾਨ ਕੌੜਾ ਮੱਲ ਨੂੰ ਨਵੇਂ ਸੂਬੇਦਾਰ ਦਾ ਟਾਕਰਾ ਕਰਨ ਲਈ ਮੁਲਤਾਨ ਭੇਜਿਆ। ਲੜਾਈ ਹੋਈ ਜਿਸ ਵਿਚ ਕੌੜਾ ਮੱਲ ਨੇ ਸਿੱਖ ਸਿਪਾਹੀਆਂ[2] ਦੀ ਸਹਾਇਤਾ ਨਾਲ ਜਿੱਤ ਪ੍ਰਾਪਤ ਕੀਤੀ। ਸ਼ਾਹ ਨਵਾਜ਼ ਕਤਲ ਕਰ ਦਿੱਤਾ ਗਿਆ। ਮੰਨੂ ਲਈ ਇਸ ਜਿੱਤ ਦਾ ਭਾਵ ਦਿੱਲੀ ਤੋਂ ਵਾਸਤਵਿਕ ਸੁਤੰਤਰਤਾ ਦੀ ਪ੍ਰਾਪਤੀ ਸੀ। ਉਸ ਨੇ ਇਸ ਦਾ ਭਾਰੀ ਗੌਰਵ ਮਹਿਸੂਸ ਕੀਤਾ ਤੇ ਕੌੜਾ ਮੱਲ ਨੂੰ ਉਸ ਦੀ ਸਫਲ ਜਰਨੈਲੀ ਕਾਰਣ 'ਮਹਾਰਾਜ' ਦਾ ਖ਼ਤਾਬ ਦੇ ਕੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ।

ਮੀਰ ਮੰਨੂ ਨੂੰ ਹੁਣ ਚੌਹੀਂ ਪਾਸੀਂ ਆਪਣੀ ਕਿਸਮਤ ਹਸਦੀ ਨਜ਼ਰ ਆਉਣ ਲੱਗੀ। ਸਿੱਖ ਸ਼ਾਂਤ ਸਨ, ਉਸ ਦੇ ਸ਼ਰੀਕ ਰਾਹ ਵਿਚੋਂ ਹਟਾ ਦਿੱਤੇ ਗਏ ਸਨ, ਦਿੱਲੀ ਦੀ ਸਰਕਾਰ ਇੰਨੀ ਕਮਜ਼ੋਰ ਤੇ ਘਬਰਾਈ ਹੋਈ ਸੀ ਕਿ ਉਸ ਦੇ ਕੰਮਾਂ ਵਿਚ ਦਖ਼ਲ ਨਹੀਂ ਸੀ ਦੇ ਸਕਦੀ ਅਤੇ ਨ ਹੀ ਉਸ ਦੀ ਸੁਤੰਤਰਤਾ ਤੇ ਕਿੰਤੂ ਕਰ ਸਕਦੀ ਸੀ। ਇਸ ਸਫਲਤਾ ਵਿਚ ਦੁਰਾਨੀ ਨੂੰ ਇਕ ਵਾਰ ਹਰਾ ਚੁੱਕਣ ਦਾ ਗੁਮਾਨ ਵੀ ਸ਼ਾਮਿਲ ਹੋ ਗਿਆ ਸੀ। ਇਸ ਲਈ ਉਸ ਨੇ ਹੁਣ ਆਪਣੇ ਆਪ ਨੂੰ ਆਪਣੀ ਸਵਾਧੀਨਤਾ ਦਾ ਐਲਾਨ ਕਰਨ ਅਤੇ ਉਸ ਦੀ ਈਨ ਮੰਨਣੀ ਬੰਦ ਕਰਨ ਲਈ ਪੂਰਾ ਬਲਵਾਨ ਸਮਝਿਆ ਜੇ ਉਸ ਨੇ ਜ਼ਰੂਰ ਹੀ ਕਦੀ ਉਸ

---

1. ਕਨਿੰਘਮ।
2. 'ਪੰਥ ਪ੍ਰਕਾਸ਼' ਕੌੜਾ ਮੱਲ ਦੇ ਸਿੱਖ ਸਹਾਇਕਾਂ ਦੀ ਗਿਣਤੀ 20,000 ਦਿੰਦਾ ਹੈ ਤੇ ਜਿੱਤ ਦਾ ਸਿਹਰਾ ਉਨ੍ਹਾਂ ਦੀ ਦਲੇਰੀ ਦੇ ਸਿਰ ਬੰਨ੍ਹਦਾ ਹੈ। ਕੌੜਾ ਮੱਲ ਆਪ ਵੀ ਗੁਰੂ ਨਾਨਕ ਦੇਵ ਦਾ ਸਿੱਖ ਸੀ ਤੇ ਜਦੋਂ ਉਸ ਦਾ ਮਾਲਿਕ ਸਿੱਖਾਂ ਨੂੰ ਤਸੀਹੇ ਦਿੰਦਾ ਸੀ, ਉਹ ਸਦਾ ਉਨ੍ਹਾਂ ਲਈ ਰਹਿਮ ਤੇ ਤਰਸ ਦੀ ਵਕਾਲਤ ਕਰਦਾ ਸੀ। ਸਿੱਖਾਂ ਨੂੰ ਮੁਲਤਾਨ ਲੈ ਜਾਣ ਦਾ ਇਕ ਕਾਰਣ ਮੀਰ ਮੰਨੂ ਉਤੇ ਉਨ੍ਹਾਂ ਦੇ ਪੱਖ ਵਿਚ ਪ੍ਰਭਾਵ ਪਾਉਣਾ ਵੀ ਸੀ—'ਪੰਥ ਪ੍ਰਕਾਸ਼'

ਨੂੰ ਆਪਣਾ ਨਾਇਬ ਖਿਆਲ ਕੀਤਾ ਹੋਵੇ। ਚਾਰ ਜ਼ਿਲ੍ਹਿਆਂ ਦੇ ਬਚਨ-ਬੱਧ ਮਾਮਲੇ ਦੀ ਅਦਾਇਗੀ ਦਾ ਸਮਾਂ ਲੰਘ ਚੁਕਿਆ ਸੀ ਤੇ ਇਕ ਦਮੜੀ ਵੀ ਅਦਾ ਨਹੀਂ ਸੀ ਕੀਤੀ ਗਈ। ਅਫ਼ਗਾਨ ਬਾਦਸ਼ਾਹ ਨੇ ਇਕ ਵਾਰੀ ਫਿਰ ਖ਼ਰਾਜ ਦੀ ਉਦੋਂ ਮੰਗ ਕੀਤੀ ਜਦੋਂ ਉਹ 1751-52 ਵਿਚ ਸਿੰਧ ਪਾਰ ਕਰ ਕੇ ਆਇਆ। ਚਨਾਬ ਦੇ ਸੱਜੇ ਕੰਢੇ ਤੇ ਪਹੁੰਚ ਕੇ ਉਸ ਨੇ ਆਪਣੇ ਦੂਤ ਦੀਵਾਨ ਸੁਖ ਜੀਵਨ ਮੱਲ ਨੂੰ ਲਾਹੌਰ ਵਿਖੇ ਮਾਮਲੇ ਦੇ ਬਕਾਏ ਦਾ ਤਕਾਜ਼ਾ ਕਰਨ ਲਈ ਭੇਜਿਆ। ਮੰਨੂ ਪਹਿਲਾਂ ਤਾਂ ਕਿਸੇ ਬਚਨ-ਬੱਧ ਰਕਮ ਦੀ ਅਦਾਇਗੀ ਤੋਂ ਮੁੱਕਰ ਹੀ ਗਿਆ ਪਰ ਉਸ ਨੇ ਕਿਹਾ ਕਿ ਕਿਉਂਜੋ ਸ਼ਾਹ ਨੇ ਪੰਜਾਬ ਆਉਣ ਦੀ ਤਕਲੀਫ਼ ਕੀਤੀ ਹੈ, ਉਹ ਅਜੇਹੇ ਬਕਾਏ ਖੁਸ਼ੀ-ਖੁਸ਼ੀ ਅਦਾ ਕਰੇਗਾ ਜਿਹੜੇ ਬਾਕੀ ਰਹਿੰਦੇ ਹੋਣਗੇ। ਪਰ ਸ਼ਰਤ ਇਹ ਹੈ ਕਿ ਉਹ ਤੁਰੰਤ ਕਾਬੁਲ ਵੱਲ ਪਿਛਲੇ ਪੈਰੀਂ ਪਰਤ ਜਾਵੇ ਕਿਉਂਕਿ ਸਾਰੇ ਜ਼ਿਮੀਂਦਾਰ ਅਬਦਾਲੀ ਰਾਜੇ ਦੀ ਆਮਦ ਦੀ ਖ਼ਬਰ ਸੁਣ ਕੇ ਹਫੜਾ-ਦਫੜੀ ਵਿਚ ਨੱਠ ਗਏ ਹਨ ਤੇ ਜਿੰਨੀ ਦੇਰ ਦੁਰਾਨੀ ਦੀਆਂ ਫ਼ੌਜਾਂ ਉਥੇ ਰਹਿਣਗੀਆਂ ਜਿਥੇ ਇਸ ਸਮੇਂ ਉਤਰੀਆਂ ਹੋਈਆਂ ਹਨ, ਉਸ ਵਾਸਤੇ ਲੋਕਾਂ ਤੋਂ ਇਕ ਪੈਸੇ ਦਾ ਟੈਕਸ ਇਕੱਠਾ ਕਰਨਾ ਵੀ ਅਸੰਭਵ ਹੋਵੇਗਾ।[1] ਇਹ ਦਲੀਲ ਇਤਨੀ ਫੋਕੀ ਸੀ ਕਿ ਇਸ ਨੂੰ ਦੁਰਾਨੀ ਮੰਨ ਨਹੀਂ ਸਕਦਾ ਸੀ ਤੇ ਮੀਰ ਮੰਨੂ ਆਪ ਇਹੀ ਮਹਿਸੂਸ ਕਰਦਾ ਸੀ। ਰਾਜਦੂਤ ਦੇ ਪਰਤਣ ਦੇ ਤੁਰੰਤ ਬਾਦ ਮੀਰ ਮੰਨੂ ਨੇ ਆਪਣੀਆਂ ਫੌਜਾਂ ਲੈ ਕੇ ਹਮਲਾਵਰ ਦਾ ਸਾਮ੍ਹਣਾ ਕਰਨ ਲਈ ਚਨਾਬ ਵੱਲ ਕੂਚ ਕਰ ਦਿੱਤਾ।[2] ਅਬਦਾਲੀ ਲਾਹੌਰ ਵੱਲ ਵਧਿਆ ਤੇ ਛੇ ਮਹੀਨਿਆਂ ਦੀ ਢਿਲਭਵੀਂ ਤੇ ਉਗੜ-ਦੁਗੜੀ ਲੜਾਈ ਪਿੱਛੋਂ ਇਕ ਘਮਸਾਨ ਦੀ ਲੜਾਈ ਵਿਚ, ਜਿਸ ਵਿਚ ਬਹਾਦਰ ਰਾਜਾ ਕੌੜਾ ਮੱਲ ਹਾਥੀ ਨਾਲ ਵਾਪਰੀ ਦੁਰਘਟਨਾ ਕਾਰਣ ਮਾਰਿਆ ਗਿਆ, ਮੰਨੂ ਨੂੰ ਸਖਤ ਹਾਰ ਹੋਈ। ਉਸ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਪਰੰਤੂ ਹੋਰ ਟਾਕਰੇ ਨੂੰ ਨਿਸਫਲ ਭਾਂਪ ਕੇ ਉਸ ਨੇ ਹਮਲਾਵਰ ਅੱਗੇ ਹਥਿਆਰ ਸੁੱਟ ਦਿੱਤੇ ਤੇ ਸ਼ਹਿਰ ਅਫ਼ਗਾਨੀ ਫੌਜਾਂ ਨੇ 1752 ਵਿਚ ਆਪਣੇ ਕਬਜ਼ੇ ਵਿਚ ਕਰ ਲਿਆ।[3]

---

1. ਲਤੀਫ, ਪੰਨਾ 222

2. 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਉਹ ਕੇਵਲ ਹਮਲਾਵਰ ਦਾ ਸਵਾਗਤ ਕਰਨ ਗਿਆ ਸੀ ਤੇ ਇਹ ਵਿਚਾਰ ਵਧੇਰੇ ਮੰਨਣਯੋਗ ਪ੍ਰਤੀਤ ਹੁੰਦਾ ਹੈ। ਨਹੀਂ ਤਾਂ ਇਹ ਗੱਲ ਸਮਝਣੀ ਕਠਿਨ ਹੈ ਕਿ ਅਬਦਾਲੀ ਨੂੰ ਲੜਾਈ ਕੀਤੇ ਬਿਨਾਂ ਰਾਵੀ ਵੱਲ ਵਧਣ ਦਿੱਤਾ ਗਿਆ ਹੋਵੇ। ਲਤੀਫ ਦੇ ਇਸ ਵਿਚਾਰ ਵਿਚ ਸਵੈ-ਵਿਰੋਧਤਾ ਹੈ ਕਿ ਮੰਨੂ ਆਪਣੀਆਂ ਸਾਰੀਆਂ ਫੌਜਾਂ ਜਿਨ੍ਹਾਂ ਵਿਚ ਜਲੰਧਰ ਤੇ ਮੁਲਤਾਨ ਦੀਆਂ ਫੌਜਾਂ ਵੀ ਸ਼ਾਮਿਲ ਸਨ, ਸਮੇਤ ਅਬਦਾਲੀ ਦਾ ਸੁਆਗਤ ਕਰਨ ਗਿਆ ਸੀ।

3. ਮੰਨੂ ਦੀ ਅਫ਼ਗਾਨ ਜੇਤੂ ਨਾਲ ਮੁਲਾਕਾਤ ਦੀ ਇਕ ਦਿਲਚਸਪ ਵਾਰਤਾ ਮੁਰਤਜ਼ੀ ਅਲੀ-ਉਦ-ਦੀਨ ਨੇ ਆਪਣੇ ਇਬਰਤਨਾਮੇ ਵਿਚ ਦਿੱਤੀ ਹੈ। ਹੇਠ ਲਿਖੀ ਵਾਰਤਾਲਾਪ ਦੁਰਾਨੀ ਬਾਦਸ਼ਾਹ ਤੇ ਮੀਰ ਮੰਨੂ ਵਿਚਕਾਰ ਹੋਈ।

(ਬਾਕੀ ਵੇਖੋ ਸਫ਼ਾ 147 ਤੇ)

ਇਸ ਹਫੜਾ-ਦਫੜੀ ਨੇ, ਜਿਸ ਦੇ ਸਿੱਟੇ ਵਜੋਂ ਲਾਹੌਰ ਤੇ ਵਿਦੇਸ਼ੀਆਂ ਦਾ ਦੂਜੀ ਵਾਰ ਕਬਜ਼ਾ ਹੋਇਆ, ਲਾਹੌਰ ਦੀ ਸਰਕਾਰ ਦੀ ਸ਼ਕਤੀ ਤੇ ਇਕ ਹੋਰ ਕਾਰੀ ਸੱਟ ਮਾਰੀ। ਉਸ ਸਮੇਂ ਜਦ ਕਿ ਮੁਸਲਮਾਨ ਹਮਲਾਵਰ ਵੀ ਤੇ ਰੱਖਿਅਕ ਵੀ ਆਪਣੇ ਆਪਣੇ ਕਾਰਜਾਂ ਵਿਚ ਰੁੱਝੇ ਹੋਏ ਸਨ, ਸਿੱਖ ਚੁਪ-ਚਾਪ ਬੈਠੇ ਨਹੀਂ ਰਹੇ ਸਨ। ਉਨ੍ਹਾਂ ਨੇ ਆਪਣੀਆਂ ਲੁਕਵੀਆਂ ਥਾਵਾਂ ਵਿਚੋਂ ਮੁੜ ਨਿਕਲ ਕੇ ਸਾਰੇ ਸੂਬੇ ਵਿਚ ਘਬਰਾਹਟ ਫੈਲਾ ਦਿੱਤੀ ਸੀ। ਉਨ੍ਹਾਂ ਨੇ ਪਹਾੜੀਆਂ ਅਤੇ ਅੰਮ੍ਰਿਤਸਰ ਵਿਚਕਾਰਲੇ ਸਾਰੇ ਪ੍ਰਦੇਸ਼ ਤੇ ਵਾਸਤਵਿਕ ਤੌਰ ਤੇ ਆਪਣਾ ਅਧਿਕਾਰ ਜਮਾ ਲਿਆ ਸੀ।[1] ਇਸ ਲਈ ਮੀਰ ਮੰਨੂ ਨੇ ਲਾਹੌਰ ਦੀ ਗੱਦੀ ਤੇ ਮੁੜ ਬੈਠਦਿਆਂ ਹੀ ਆਪਣਾ ਧਿਆਨ ਸਿੱਖਾਂ ਵੱਲ ਮੋੜ ਦਿੱਤਾ। ਉਨ੍ਹਾਂ ਨੂੰ ਸਿੱਧੇ ਕਰਨ ਲਈ ਅਦੀਨਾ ਬੇਗ ਨੂੰ ਨਿਯੁਕਤ ਕੀਤਾ ਗਿਆ। ਅਦੀਨਾ ਨੇ ਇਸ ਨਿਯੁਕਤੀ ਦਾ, ਉਨ੍ਹਾਂ ਸ਼ੱਕਾਂ ਨੂੰ ਦੂਰ ਕਰਨ ਲਈ ਜਿਹੜੇ ਲਾਹੌਰ ਦੀ ਤਾਜ਼ੀ ਲੜਾਈ ਸਮੇਂ ਉਸ ਦੀ ਚੁੱਪ ਤੇ ਗ਼ੱਦਾਰੀ ਨਾਲ ਜੋੜੇ ਜਾਂਦੇ ਸਨ ਅਤੇ ਉਸ ਤੇ ਪੰਜਾਬ ਦੀ ਆਕੀ ਕਿਰਸਾਣੀ ਨਾਲ ਸਮਝੌਤਾ ਕਰਨ ਦੇ ਇਲਜ਼ਾਮਾਂ ਨੂੰ ਦੂਰ ਕਰਨ ਲਈ ਇਕ ਅਵਸਰ ਸਮਝਦਿਆਂ, ਸੁਆਗਤ ਕੀਤਾ। ਉਸ ਨੇ ਸਿੱਖਾਂ ਤੇ ਮਾਖੋਵਾਲ ਵਿਖੇ ਜਿਥੇ ਕਿ ਉਹ ਸਾਰੇ ਪਾਸਿਆਂ ਤੋਂ ਇਕ ਪੁਰਬ ਮਨਾਉਣ ਲਈ ਇਕੱਤਰ ਹੋਏ ਸਨ, ਧਾਵਾ ਬੋਲ ਕੇ ਉਨ੍ਹਾਂ ਨੂੰ ਮੁਕੰਮਲ ਭਾਂਜ ਦਿੱਤੀ। ਪਰੰਤੂ ਉਸ ਦਾ ਉਦੇਸ਼ ਅਜੇ ਵੀ ਉਨ੍ਹਾਂ ਦਾ ਮਿੱਤਰ ਸਮਝਿਆ ਜਾਂਦਾ ਰਹਿਣਾ ਸੀ ਅਤੇ ਉਹ ਸਿੱਖਾਂ ਨੂੰ ਇਸ ਲਈ ਕੁਚਲਣ ਤੋਂ ਸੰਕੋਚ ਕਰਦਾ ਸੀ ਤਾਂ ਜੋ ਇਕ ਫਸਾਦੀ ਸੂਬੇ ਦੇ ਸੂਬੇਦਾਰ ਦੀ

(ਸਫ਼ਾ 146 ਦੀ ਬਾਕੀ)

ਦੁਰਾਨੀ—"ਤੁਸੀਂ ਪਹਿਲਾਂ ਮੈਨੂੰ ਆਪਣੀ ਸ਼ਰਧਾਂਜਲੀ ਭੇਟ ਕਰਨ ਕਿਉਂ ਨ ਆਏ।"

ਮੀਰ ਮੰਨੂ—"ਕਿਉਂਕਿ ਮੈਂ, ਉਸ ਸਮੇਂ, ਇਕ ਹੋਰ ਮਾਲਿਕ ਦੀ ਸੇਵਾ ਕਰਨੀ ਸੀ।"

ਦੁਰਾਨੀ—"ਉਹ ਮਾਲਿਕ ਹੁਣ ਕਿਉਂ ਨਹੀਂ ਤੇਰੀ ਮਦਦ ਤੇ ਬਹੁੜਿਆ।"

ਮੀਰ ਮੰਨੂ—"ਕਿਉਂਕਿ ਉਸ ਨੇ ਸੋਚਿਆ ਕਿ ਉਸ ਦਾ ਦਾਸ ਆਪਣੀ ਰਖਵਾਲੀ ਆਪ ਕਰ ਸਕਦਾ ਹੈ।"

ਦੁਰਾਨੀ—"ਜੇ ਮੈਂ ਤੈਥੋਂ ਹਾਰ ਖਾ ਜਾਂਦਾ ਤਾਂ ਤੂੰ ਕੀ ਕਰਦਾ।"

ਮੀਰ ਮੰਨੂ—"ਮੈਂ ਤੁਹਾਡਾ ਸਿਰ ਕੱਟ ਕੇ ਆਪਣੇ ਮਾਲਿਕ ਨੂੰ ਦਿੱਲੀ ਭੇਜ ਦਿੰਦਾ।"

ਦੁਰਾਨੀ—"ਹੁਣ ਜਦ ਕਿ ਤੂੰ ਮੇਰੇ ਰਹਿਮ ਤੇ ਹੈਂ ਮੈਥੋਂ ਕੀ ਉਮੀਦ ਕਰਦਾ ਹੈਂ?"

ਮੀਰ ਮੰਨੂ—"ਜੇ ਤੂੰ ਵਪਾਰੀ ਹੈਂ ਤਾਂ ਮੈਨੂੰ ਵੇਚ ਦੇ, ਜੇ ਇਕ ਹਤਿਆਰਾ ਹੈਂ ਤਾਂ ਮੈਨੂੰ ਮਾਰ ਦੇ, ਜੇ ਰਾਜਾ ਹੈਂ ਤਾਂ ਮੈਨੂੰ ਮੁਆਫ਼ ਕਰ ਦੇ।"

ਸ਼ਾਹ ਆਪਣੇ ਨੌਜਵਾਨ ਵਿਰੋਧੀ ਦੀ ਖੁਲ੍ਹੀ ਡੁੱਲ੍ਹੀ ਗੱਲ-ਬਾਤ ਤੋਂ ਬੜਾ ਪ੍ਰਭਾਵਿਤ ਹੋਇਆ। ਉਸ ਨੇ ਨ ਕੇਵਲ ਉਸ ਦੀ ਜਾਨ ਹੀ ਬਖ਼ਸ਼ ਦਿੱਤੀ ਸਗੋਂ ਉਸ ਨੂੰ ਫ਼ਰਜ਼ੰਦ ਖ਼ਾਨ ਬਹਾਦਰ ਰੁਸਤਮੇ-ਹਿੰਦ ਦਾ ਖ਼ਿਤਾਬ ਦੇ ਕੇ ਉਸ ਨੂੰ ਲਾਹੌਰ ਦਾ ਪੱਕਾ ਸੂਬੇਦਾਰ ਵੀ ਥਾਪ ਦਿੱਤਾ।

1. ਕਨਿੰਘਮ, ਪੰਨਾ 95

ਹੈਸੀਅਤ ਵਿਚ ਉਸ ਦੀ ਮਹੱਤਤਾ ਬਣੀ ਰਹੇ। ਇਸ ਲਈ "ਉਸ ਨੇ ਉਨ੍ਹਾਂ ਨਾਲ ਸਮਝੌਤਾ ਕੀਤਾ ਕਿ ਉਨ੍ਹਾਂ ਦੇ ਆਪਣੇ ਲਗਾਨ ਦੀ ਅਦਾਇਗੀ ਨਾਮ-ਮਾਤਰ ਜਾਂ ਥੋੜ੍ਹਵੀਂ ਹੋਣੀ ਚਾਹੀਦੀ ਹੈ ਤੇ ਦੂਜਿਆਂ ਤੋਂ ਉਨ੍ਹਾਂ ਦੀ ਜਬਰੀ ਮੰਗ ਵਾਜਬ ਤੇ ਨਿਯਮਬੱਧ ਹੋਣੀ ਚਾਹੀਦੀ ਹੈ।"[1] ਉਸ ਨੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਆਪਣੀ ਨੌਕਰੀ ਵਿਚ ਲੈ ਲਿਆ, ਜਿਨ੍ਹਾਂ ਵਿਚੋਂ ਇਕ ਜੱਸਾ ਸਿੰਘ ਸੀ, ਜਿਹੜਾ ਜਾਤ ਦਾ ਤਰਖਾਣ ਸੀ, ਅਤੇ ਜੋ ਪਿੱਛੋਂ ਜਾ ਕੇ ਇਕ ਸ਼ਕਤੀਸ਼ਾਲੀ ਮਿਸਲ ਦਾ ਬਾਨੀ ਤੇ ਮੁਖੀਆ ਬਣਿਆ।[2]

ਇਹ ਸਿੱਖਾਂ ਦੀ ਸੁਤੰਤਰਤਾ ਜਾਂ ਅਰਧ-ਸੁਤੰਤਰਤਾ ਦੀ ਪਹਿਲੀ ਮਾਨਤਾ ਸੀ ਪਰ ਵਡੇਰੀਆਂ ਸਫਲਤਾਵਾਂ ਉਨ੍ਹਾਂ ਦਾ ਰਾਹ ਤਕ ਰਹੀਆਂ ਸਨ। ਮੰਨੂ 1752[3] ਵਿਚ ਦੁਰਾਨੀ ਦੀ ਈਨ ਮੰਨਣ ਤੋਂ ਕੁਝ ਹੀ ਮਹੀਨੇ ਪਿੱਛੋਂ ਮਰ ਗਿਆ ਤੇ ਰਾਜ-ਭਾਗ ਦੀ ਵਾਗ ਡੋਰ ਉਸ ਦੀ ਵਿਧਵਾ ਮੁਰਾਦ ਬੇਗਮ ਦੇ ਹੱਥਾਂ ਵਿਚ ਆ ਗਈ ਜਿਸ ਨੇ ਆਪਣੇ ਬਾਲਕ ਪੁੱਤਰ ਮੁਹੰਮਦ ਅਮੀਨ ਖ਼ਾਂ ਦੇ ਨਾਂ ਤੇ ਕਾਬੁਲ ਦੇ ਰਾਜੇ ਦੇ ਅਧੀਨ ਰਾਜ ਕਰਨਾ ਆਰੰਭ ਕਰ ਦਿੱਤਾ। ਹਿਰਸੀ ਤੇ ਹੁਸ਼ਿਆਰ ਤਾਂ ਉਹ ਸੀ ਹੀ, ਪਰ ਸਮਾਂ ਇੰਨੀ ਬਦਅਮਨੀ ਦਾ ਸੀ ਕਿ ਇਸਤਰੀ ਦੀ ਸਰਕਾਰ ਨਹੀਂ ਸੀ ਚਲ ਸਕਦੀ। ਸਿੱਖਾਂ ਲਈ ਹੁਣ ਸੁਨਹਿਰੀ ਮੌਕਾ ਸੀ, ਤੇ ਉਨ੍ਹਾਂ ਨੇ ਆਪਣੀ ਲੁੱਟ-ਮਾਰ ਚੌਹੀਂ ਪਾਸੀਂ ਫੈਲਾ ਦਿੱਤੀ। ਬਾਲ ਅਮੀਨ ਖ਼ਾਂ ਇਸ ਪਿੱਛੋਂ ਛੇਤੀ ਹੀ ਚੇਚਕ ਕਾਰਣ ਮਰ ਗਿਆ। ਉਸ ਦੀ ਮਾਂ ਨੇ ਰਾਜ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਤੇ ਆਪਣੇ ਆਪ ਨੂੰ ਪੰਜਾਬ ਦੀ ਸੂਬੇਦਾਰ ਹੋਣ ਦਾ ਐਲਾਨ ਕਰ ਦਿੱਤਾ। ਲਾਹੌਰ ਦੇ ਹਾਕਮਾਂ ਨੇ ਜਿਨ੍ਹਾਂ ਦੇ ਦਿਲਾਂ ਵਿਚ ਉਸ ਦੇ ਮਰਹੂਮ ਪਤੀ ਦੀ ਯਾਦ ਦਾ ਡੂੰਘਾ ਸਤਿਕਾਰ ਸੀ ਤੇ ਜਿਨ੍ਹਾਂ ਨੂੰ ਉਹ ਇਨਾਮਾਂ ਤੇ ਸਨਮਾਨਾਂ ਦੇ ਬਚਨ ਦੇ ਕੇ ਖੁਸ਼ ਕਰਦੀ ਰਹੀ, ਉਸ ਨੂੰ ਆਪਣੀ ਪੂਰੀ ਹਮਾਇਤ ਦਿੱਤੀ। ਇਸ ਤੋਂ ਬਿਨਾਂ ਉਸ ਨੇ ਦਿੱਲੀ ਤੇ ਕਾਬੁਲ ਦੇ ਦਰਬਾਰਾਂ ਤੋਂ ਪ੍ਰੌੜ੍ਹਤਾ ਦੇ ਸ਼ਾਹੀ ਫਰਮਾਨ ਵੀ ਪ੍ਰਾਪਤ ਕਰ ਲਏ।

---

1. ਕਨਿੰਘਮ, ਪੰਨਾ 95
2. 'ਪੰਥ ਪ੍ਰਕਾਸ਼' ਅਨੁਸਾਰ ਵਾਸਤਵ ਵਿਚ ਜੱਸਾ ਸਿੰਘ ਨੇ ਇਸ ਤੋਂ ਬਹੁਤ ਪਹਿਲਾਂ ਰਾਮਰੌਣੀ ਦੀ ਲੜਾਈ (1748) ਤੋਂ ਵੀ ਪਹਿਲਾਂ ਅਦੀਨਾ ਬੇਗ ਦੀ ਨੌਕਰੀ ਕਰ ਲਈ ਸੀ। ਉਸ ਦਾ ਉਹਦੀ ਜਾਤ ਦੇ ਲੋਕਾਂ ਨੇ ਬੱਚ-ਮਾਰ ਹੋਣ ਕਾਰਣ ਹੁੱਕਾ ਪਾਣੀ ਛੇਕ ਦਿੱਤਾ ਸੀ ਤੇ ਸਿੱਟੇ ਵਜੋਂ ਉਸ ਨੇ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ ਸੀ। ਉਸ ਨੂੰ ਪਿੱਛੋਂ ਮੁਆਫ਼ ਕਰ ਕੇ ਵਾਪਸ ਲੈ ਲਿਆ ਗਿਆ ਸੀ ਕਿਉਂਕਿ ਉਸ ਨੇ ਕਦੀ ਵੀ ਸਿੱਖਾਂ ਨਾਲ ਬੇਵਫ਼ਾਈ ਨਹੀਂ ਸੀ ਕੀਤੀ, ਨ ਹੀ ਉਹ ਦਿਲੋਂ ਸਿੱਖਾਂ ਵਿਰੁੱਧ ਲੜਿਆ ਸੀ।
3. ਐਲਫਿਨਸਟਨ ਉਸ ਦੀ ਮੌਤ 1756 ਵਿਚ ਹੋਈ ਦਸਦਾ ਹੈ। ਇਹੀ ਵਿਚਾਰ ਲਤੀਫ਼ ਦਾ ਹੈ ਪਰ ਉਹ ਅਗਲੇ ਪੰਨਿਆਂ ਵਿਚ ਆਪਣੀ ਹੀ ਤਰਦੀਦ ਕਰਦਾ ਹੈ। ਅਲੀ-ਉਦ-ਦੀਨ ਆਪਣੇ ਇਬਰਤ ਨਾਮੇ ਵਿਚ ਇਸ ਨੂੰ 1167 ਹਿ: ਵਿਚ ਰਖਦਾ ਹੈ ਜਿਹੜੀ ਕਿ ਕਨਿੰਘਮ ਦੁਆਰਾ ਦਿੱਤੀ ਉਪਰੋਕਤ ਮਿਤੀ ਦੀ ਉਗਾਹੀ ਭਰਦੀ ਹੈ।

ਜਦੋਂ ਉਹ ਪੱਕੇ ਤੌਰ ਤੇ ਸਥਾਪਿਤ ਹੋ ਗਈ ਤਾਂ ਉਸ ਵਿਚ ਇਸਤਰੀ-ਸੁਲਭ ਕਮਜ਼ੋਰੀਆਂ ਪ੍ਰਤੀਤ ਹੋਣ ਲੱਗ ਪਈਆਂ। ਮੀਰ ਭਿਖਾਰੀ ਖ਼ਾਂ ਉਸ ਸਮੇਂ ਉਸ ਦਾ ਚਹੇਤਾ ਸੀ। ਪਰੰਤੂ ਉਸ ਨਾਲ ਆਪਣੇ ਲੁਕਵੇਂ ਪਿਆਰ ਨੂੰ ਸਿੱਝ ਲੈਣ ਵਿਚ ਅਸਫਲ ਰਹਿਣ ਕਾਰਣ ਉਸ ਨੂੰ ਪ੍ਰੇਮ-ਦੀਵਾਨੀ ਬੇਗਮ ਦੇ ਮਹਿਲ ਦੀਆਂ ਗੋਲੀਆਂ ਦੁਆਰਾ ਮੌਤ ਦੇ ਘਾਟ ਉਤਾਰ ਦਿੱਤਾ ਗਿਆ।[1] ਆਪਣੇ ਦੂਜੇ ਦਰਬਾਰੀਆਂ ਪ੍ਰਤਿ ਵੀ ਉਸ ਦਾ ਰਵਈਆ ਭਿੰਨ ਪ੍ਰਕਾਰ ਦਾ ਹੋ ਗਿਆ। ਲਗਭਗ ਸਭ ਦਰਬਾਰ ਵਿਚੋਂ ਗ਼ੈਰਹਾਜ਼ਰ ਰਹਿਣ ਲੱਗ ਪਏ ਜਿਥੇ ਕਿ ਕੇਵਲ ਸਤਿਕਾਰ ਹੀ ਨਹੀਂ ਸਗੋਂ ਜਾਨ ਵੀ ਖਤਰੇ ਵਿਚ ਰਹਿੰਦੀ ਸੀ, ਤੇ ਉਨ੍ਹਾਂ ਨੇ ਦਿੱਲੀ ਦੇ ਦਰਬਾਰ ਨੂੰ ਬੇਗਮ ਦੇ ਚਰਿਤਰ ਬਾਰੇ ਸ਼ਿਕਾਇਤਾਂ ਭਰੀਆਂ ਅਰਜ਼ੀਆਂ ਭੇਜਣੀਆਂ ਆਰੰਭ ਕਰ ਦਿੱਤੀਆਂ। ਗਾਜ਼ੀ-ਉਦ-ਦੀਨ ਜਿਹੜਾ ਸਫਦਰ ਜੰਗ ਨੂੰ ਬਾਹਰ ਕੱਢ ਕੇ ਵਜ਼ੀਰੇ ਆਜ਼ਮ ਦੀ ਪਦਵੀ ਤਕ ਪੁੱਜ ਚੁਕਿਆ ਸੀ, ਦੀ ਸਗਾਈ ਮੀਰ ਮੰਨੂ ਦੀ ਪੁੱਤਰੀ ਨਾਲ ਹੋਈ ਸੀ। ਤੇ ਆਪਣੀ ਹੋਣ ਵਾਲੀ ਸੱਸ ਲਈ ਉਸ ਅੰਦਰ ਭਾਰੀ ਸਤਿਕਾਰ ਹੋਣ ਕਾਰਣ, ਉਸ ਨੇ ਆਪਣੇ ਇਕ ਖੁਫੀਆ ਨੌਕਰ ਸੱਯਦ ਜਮੀਲ ਨੂੰ ਆਪਣੀ ਸਲਾਹ ਨਾਲ ਬੇਗਮ ਦੀ ਸਹਾਇਤਾ ਕਰਨ ਲਈ ਘਲਿਆ। ਇਸ ਤਰ੍ਹਾਂ ਕੁਝ ਹੱਦ ਤਕ ਸਥਿਤੀ ਸੁਧਰ ਗਈ, ਪਰੰਤੂ ਆਪਹੁਦਰੀ ਬੇਗਮ ਆਪਣੇ ਨਵੇਂ ਸਲਾਹਕਾਰ ਤੋਂ ਛੇਤੀ ਹੀ ਉਕਤਾ ਗਈ ਤੇ ਵਜ਼ੀਰ ਨੂੰ ਉਸ ਨੂੰ ਹਟਾ ਦੇਣ ਲਈ ਕਿਹਾ। ਉਸ ਦੀ ਇਹ ਬੇਨਤੀ ਉਸ ਦੇ ਵਾਰ-ਵਾਰ ਤਰਲੇ ਭਰਨ ਦੇ ਬਾਵਜੂਦ ਵੀ ਨ ਮੰਨੀ ਗਈ। ਬੇਗਮ ਨੇ ਇਸ ਤੋਂ ਚਿੜ੍ਹ ਕੇ ਕਾਬੁਲ ਦੇ ਬਾਦਸ਼ਾਹ ਕੋਲ ਦਿੱਲੀ ਸਰਕਾਰ ਦੇ ਦਖ਼ਲ ਦੇਣ ਦੀ ਸ਼ਿਕਾਇਤ ਕੀਤੀ। ਉਸ ਦੀ ਦੋਗਲੀ ਨੀਤੀ ਕਿਉਂਕਿ ਛੇਤੀ ਹੀ ਨੰਗੀ ਹੋ ਗਈ ਸੀ ਇਸ ਲਈ ਗਾਜ਼ੀ-ਉਦ-ਦੀਨ ਭਾਰੀ ਸੈਨਾ ਲੈ ਕੇ ਉਸ ਨੂੰ ਦੰਡ ਦੇਣ ਲਈ ਚਲ ਪਿਆ। ਉਸ ਨੂੰ ਕੈਦੀ ਬਣਾ ਕੇ ਦਿੱਲੀ ਲਿਆਂਦਾ ਗਿਆ ਜਿਥੇ ਜੁਆਨ ਵਜ਼ੀਰ ਨੇ ਉਸ ਦੀ ਪੁੱਤਰੀ ਨਾਲ ਨਿਕਾਹ ਪੜ੍ਹ ਲਿਆ ਤੇ ਉਸ ਨੂੰ ਕੈਦ ਵਿਚ ਸੁੱਟ ਦਿੱਤਾ। ਲਾਹੌਰ ਦੀ ਸੂਬੇਦਾਰੀ ਅਦੀਨਾ ਬੇਗ ਖ਼ਾਂ ਨੂੰ ਦਿੱਤੀ ਗਈ ਜਿਹੜਾ ਕਿ ਆਪਹੁਦਰੀ ਬੇਗਮ ਦੀ ਤਬਾਹੀ ਦਾ ਇਕ ਸਾਧਨ ਬਣਿਆ ਰਿਹਾ ਸੀ।

ਇਨ੍ਹਾਂ ਅੰਦਰੂਨੀ ਝਗੜਿਆਂ ਅਤੇ ਘਰੋਗੀ ਜੰਗਾਂ ਨੇ ਸਿੱਖਾਂ ਨੂੰ ਫੇਰ ਸਿਰ ਚੁਕਣ ਦਾ ਤੇ ਲੁੱਟ-ਮਾਰ ਕਰਨ ਦਾ ਅਵਸਰ ਦੇ ਦਿੱਤਾ। "ਇਨ੍ਹਾਂ ਦਾੜ੍ਹੀਆਂ ਵਾਲੇ ਲੁਟੇਰਿਆਂ ਨੇ" ਸਯਦ ਮੁਹੰਮਦ ਲਤੀਫ ਕਹਿੰਦਾ ਹੈ, "ਸੂਬੇ ਦੇ ਕਈ ਭਾਗਾਂ ਉਤੇ ਛਾ ਕੇ ਇਲਾਕੇ ਨੂੰ

---

1. ਵੇਖੋ ਮੈਲਕਮ।
2. ਅਲੀ-ਉਦ-ਦੀਨ ਉਸ ਦੀ ਮੌਤ ਦਾ ਕਾਰਣ ਉਸ ਦੀ ਨ ਫਰਮਾਨੀ ਤੇ ਗੁਸਤਾਖੀ ਦਸਦਾ ਹੈ। ਮੱਰੇ ਤੇ ਬ੍ਰਾਉਨ (Murry and Brown) ਭਿਖਾਰੀ ਖ਼ਾਂ ਤੇ ਮੁਰਾਦ ਬੇਗਮ ਦੇ ਪ੍ਰੇਮ-ਵਪਾਰ ਦਾ ਹਵਾਲਾ ਦਿੰਦੇ ਹਨ।

ਤਬਾਹ ਕਰ ਦਿੱਤਾ, ਪਿੰਡਾਂ ਤੇ ਨਗਰਾਂ ਨੂੰ ਉਜਾੜ ਸੁੱਟਿਆ ਤੇ ਉਥੋਂ ਦੇ ਡੰਗਰ ਢੋਰ ਕੱਢ ਕੇ ਲੈ ਗਏ। ਸ਼ਹਿਰੀ ਅਤੇ ਸੈਨਿਕ ਦੋਹਾਂ ਕਿਸਮਾਂ ਦੇ ਰਾਜ-ਪ੍ਰਬੰਧ ਦਾ ਅੰਤ ਹੋ ਚੁਕਿਆ ਸੀ। ਜ਼ਿਮੀਂਦਾਰਾਂ ਤੋਂ ਇਕ ਪੈਸਾ ਵੀ ਵਸੂਲਿਆ ਨਹੀਂ ਸੀ ਜਾ ਸਕਦਾ। ਬਦਅਮਨੀ, ਅਰਾਜਕਤਾ ਅਤੇ ਗੜਬੜ ਸਾਰੇ ਦੇਸ਼ ਵਿਚ ਪ੍ਰਧਾਨ ਸੀ।''

ਮਾਨੋ ਹੋ ਰਹੀ ਤਬਾਹੀ ਨੂੰ ਪੂਰੀ ਕਰਨ ਅਤੇ ਸਿੱਖਾਂ ਦੀ ਉੱਨਤੀ ਲਈ ਰਾਹ ਤਿਆਰ ਕਰਨ ਵਾਸਤੇ ਹੁਣ ਅਹਿਮਦ ਸ਼ਾਹ ਦੁਰਾਨੀ ਦਾ ਚੌਥਾ ਹਮਲਾ ਹੋਇਆ। ਦਿੱਲੀ ਦੀ ਸਰਕਾਰ ਦੁਆਰਾ ਲਾਹੌਰ ਤੇ ਕਬਜ਼ਾ ਹੋਇਆ ਸੁਣ ਕੇ ਉਸ ਨੇ 1755 ਦੀ ਪੱਤਝੜ ਦੀ ਰੁੱਤ ਵਿਚ ਪੰਜਾਬ ਵੱਲ ਕੂਚ ਕੀਤਾ। ਇਹ ਸੁਣ ਕੇ ਅਦੀਨਾ ਬੇਗ ਪਹਾੜਾਂ ਵਿਚ ਨੱਠ ਗਿਆ। ਆਪਣੇ ਨਾਇਬ ਨੂੰ ਲਾਹੌਰ ਛੱਡ ਕੇ ਹਮਲਾਵਰ ਇਕ ਦਮ ਸਰਹਿੰਦ ਤੋਂ ਦਿੱਲੀ ਵੱਲ ਵਧਿਆ। ਉਸ ਨੇ ਰਾਜਧਾਨੀ ਦੀ ਲੁੱਟ-ਮਾਰ ਕੀਤੀ, ਮੁਹੰਮਦ ਸ਼ਾਹ ਦੀ ਪੁੱਤਰੀ ਨਾਲ ਨਿਕਾਹ ਪੜ੍ਹ ਲਿਆ ਤੇ ਇਕ ਹੋਰ ਸ਼ਹਿਜ਼ਾਦੀ ਨਾਲ ਆਪਣੇ ਪੁੱਤਰ ਦੀ ਸ਼ਾਦੀ ਕੀਤੀ, ਦਰਬਾਰੀਆਂ ਤੇ ਭਾਰੀ ਕਰ ਲਾਏ ਅਤੇ ਨਜੀਬ-ਉਦ-ਦੌਲਾ, ਜਿਹੜਾ ਕਿ ਇਕ ਰੁਹੇਲਾ ਸਰਦਾਰ ਸੀ, ਨੂੰ ਆਪਣੇ ਵੱਲੋਂ ਮੁਗਲ ਫੌਜਾਂ ਦਾ ਪ੍ਰਧਾਨ ਸੈਨਾਪਤੀ ਨਿਯੁਕਤ ਕਰ ਦਿੱਤਾ ਅਤੇ ਮਥਰਾ ਤੇ ਆਗਰਾ ਦਿਆਂ ਨਗਰਾਂ ਨੂੰ ਲੁਟਦਾ ਹੋਇਆ, ਕਤਲਿਆਮ ਦੀਆਂ ਭੈੜੀਆਂ ਕਰਤੂਤਾਂ ਕਰਦਾ ਹੋਇਆ, ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਗੁਲਾਮ ਬਣਾ ਕੇ ਉਹ ਦਿੱਲੀ ਤੋਂ ਪਰਤਿਆ।

ਜਦੋਂ ਉਹ ਪੰਜਾਬ ਵਿਚੋਂ ਲੰਘ ਰਿਹਾ ਸੀ ਤਾਂ ਉਸ ਦੀਆਂ ਪਿਛਲੀਆਂ ਸੈਨਾਵਾਂ ਤੇ ਸਿੱਖਾਂ ਨੇ ਹਮਲਾ ਕਰ ਦਿੱਤਾ। ਖਿੰਡੇ ਪੁੰਡੇ ਸਿਪਾਹੀਆਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ ਤੇ ਸਿੱਖ ਉਸ ਦਾ ਸਾਜ਼-ਸਾਮਾਨ ਲੁੱਟ ਕੇ ਲੈ ਗਏ। ਸਿੱਖ ਲੁਟੇਰਿਆਂ ਦੀ ਗੁਸਤਾਖੀ ਤੇ ਉਸ ਨੂੰ ਭਾਰੀ ਗੁੱਸਾ ਆਇਆ ਪਰੰਤੂ ਉਸ ਸਮੇਂ ਤੁਰਕਿਸਤਾਨ ਵਿਚ ਇਕ ਬਗਾਵਤ ਫੁਟ ਪੈਣ ਤੇ ਉਹ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦੇ ਰੱਖਿਅਕ ਜਹਾਂ ਖ਼ਾਂ ਦੀ ਸਰਪ੍ਰਸਤੀ ਵਿਚ ਛੱਡ ਕੇ 1757 ਵਿਚ ਤੇਜ਼ੀ ਨਾਲ ਕਾਬੁਲ ਨੂੰ ਪਰਤ ਗਿਆ।

ਤੈਮੂਰ ਨੇ ਹੁਣ ਦੋ ਵੈਰੀਆਂ ਨੂੰ ਕੁਚਲਣਾ ਸੀ। ਇਕ ਤਾਂ ਅਦੀਨਾ ਸੀ ਜਿਸ ਨੇ ਕਿ ਆਪਣੇ ਮਾਲਿਕ ਵਿਰੁੱਧ ਦਿੱਲੀ ਸਰਕਾਰ ਕੋਲ ਗ਼ੱਦਾਰੀ ਕੀਤੀ ਸੀ। ਦੂਜੇ ਸਿੱਖ ਸਨ ਜਿਨ੍ਹਾਂ ਨੇ ਉਸ ਦੇ ਪਿਤਾ ਦੇ ਸਾਮਾਨ ਨੂੰ ਲੁੱਟਿਆ ਸੀ, ਅਤੇ ਉਦੋਂ ਵੀ ਮੁਸਲਮਾਨੀ ਇਲਾਕੇ ਵਿਚ ਮਾਰ-ਧਾੜ ਕਰ ਰਹੇ ਸਨ।

ਸਭ ਤੋਂ ਪਹਿਲਾਂ ਸਿੱਖਾਂ ਨੇ ਉਸ ਦਾ ਧਿਆਨ ਖਿੱਚਿਆ। ਜੱਸਾ ਸਿੰਘ ਤਰਖਾਣ ਨੇ ਅੰਮ੍ਰਿਤਸਰ ਵਿਖੇ ਰਾਮਰੌਣੀ ਨੂੰ ਰਾਮ ਗੜ੍ਹ[1] ਦਾ ਨਵਾਂ ਨਾਂ ਦੇ ਕੇ ਮੁੜ ਉਸਾਰ ਲਿਆ

---

1. ਇਸੇ ਕਿਲ੍ਹੇ ਤੋਂ ਹੀ ਉਸ ਮਿਸਲ ਦਾ ਨਾਂ ਰਖਿਆ ਗਿਆ ਜਿਸ ਦਾ ਮੁੱਢ ਜੱਸਾ ਸਿੰਘ ਨੇ ਬੰਨ੍ਹਿਆ

(ਬਾਕੀ ਦੇਖੋ ਸਫ਼ਾ 151 ਤੇ)

ਸੀ। ਉਸ ਥਾਂ ਤੇ ਹਮਲਾ ਕੀਤਾ ਗਿਆ, ਕਿਲ੍ਹੇ ਦੀ ਇੱਟ ਨਾਲ ਇੱਟ ਬਜਾ ਦਿੱਤੀ ਗਈ, ਪਵਿਤਰ ਇਮਾਰਤਾਂ ਗਿਰਾ ਦਿੱਤੀਆਂ ਗਈਆਂ ਤੇ ਅੰਮ੍ਰਿਤ-ਸਰੋਵਰ ਨੂੰ ਉਨ੍ਹਾਂ ਦੇ ਮਲਬੇ ਨਾਲ ਭਰ ਦਿੱਤਾ ਗਿਆ। ਸਿੱਖ ਆਪਣੇ ਧਰਮ ਦੀ ਇਸ ਬੇਹੁਰਮਤੀ ਕਾਰਣ ਗੁਸੇ ਨਾਲ ਸੜਦੇ ਹੋਏ ਪਹਾੜਾਂ ਵੱਲ ਨੱਠ ਗਏ।

ਇਸ ਦੌਰਾਨ ਅਦੀਨਾ ਬੇਗ ਨੇ ਨਾਸਰ ਅਲੀ ਨੂੰ, ਜਿਹੜਾ ਜਲੰਧਰ ਵਿਚ ਦੁਰਾਨੀ ਦਾ ਨਾਇਬ ਸੀ, ਸਿੱਖਾਂ ਦੀ ਸਹਾਇਤਾ ਨਾਲ ਬਾਹਰ ਕੱਢ ਦਿੱਤਾ ਸੀ। ਸਿੱਖ ਹੁਣ ਉਸ ਦੀਆਂ ਸੈਨਾਵਾਂ ਦਾ ਉਤਮ ਭਾਗ ਸਨ। ਉਸ ਨੇ ਆਪਣੇ ਆਪ ਨੂੰ ਆਪਣੇ ਪੁਰਾਣੇ ਸੂਬੇ ਵਿਚ ਸਥਾਪਿਤ ਕਰ ਲਿਆ ਸੀ।

ਇਸ ਲਈ ਸ਼ਹਿਜ਼ਾਦਾ ਤੈਮੂਰ ਨੇ ਇਸ ਤੋਂ ਪਿੱਛੋਂ ਆਪਣਾ ਧਿਆਨ ਉਸ ਵੱਲ ਮੋੜਿਆ। ਉਸ ਨੂੰ ਲਾਹੌਰ ਸੱਦ ਲਿਆ ਗਿਆ ਪਰੰਤੂ ਉਸ ਨੂੰ ਇਹ ਵਿਸ਼ਵਾਸ ਸੀ ਕਿ ਉਸ ਨਾਲ ਭੈੜਾ ਵਰਤਾਉ ਹੋਵੇਗਾ। ਇਸ ਲਈ ਉਸ ਨੇ ਸਿੱਖਾਂ ਦੇ ਫਸਾਦਾਂ ਦਾ ਬਹਾਨਾ ਕਰ ਕੇ ਇਹ ਕਿਹਾ ਕਿ ਇਹ ਫਸਾਦ ਇਤਨੇ ਗੰਭੀਰ ਹਨ ਕਿ ਉਸ ਦੇ ਆਉਣ-ਜਾਣ ਨਾਲ ਮਾਰੂ ਸਿੱਟੇ ਨਿਕਲ ਸਕਦੇ ਹਨ। ਸਿੱਟੇ ਵਜੋਂ ਸ਼ਹਿਜ਼ਾਦਾ ਤੈਮੂਰ ਨੇ ਮੁਰਾਦ ਖ਼ਾਂ ਅਧੀਨ ਇਕ ਸੈਨਿਕ ਦਸਤਾ ਉਸ ਨੂੰ ਸਿੱਧੇ ਰਾਹ ਤੇ ਲਿਆਉਣ ਲਈ ਘੱਲਿਆ। ਅਦੀਨਾ ਨੇ ਆਪਣੇ ਸਿੱਖਾਂ ਦੀ ਸਹਾਇਤਾ ਨਾਲ ਉਸ ਦੀ ਵਿਰੋਧਤਾ ਕੀਤੀ ਤੇ ਲਾਹੌਰ ਦੀਆਂ ਫੌਜਾਂ ਨੂੰ ਪੂਰਣ ਰੂਪ ਵਿਚ ਹਾਰ ਦਿੱਤੀ। ਗੁੱਸੇ ਨਾਲ ਭੜਕੇ ਸ਼ਹਿਜ਼ਾਦੇ ਨੇ ਹਾਰੇ ਹੋਏ ਜਰਨੈਲ ਨੂੰ ਗ਼ੱਦਾਰੀ ਦੇ ਸ਼ੱਕ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਅਦੀਨਾ ਬੇਗ ਨੂੰ ਸੋਧਣ ਲਈ ਆਪ ਚੜ੍ਹਾਈ ਕੀਤੀ। ਅਦੀਨਾ ਬੇਗ ਨੇ ਆਪਣੇ ਆਪ ਨੂੰ ਟਾਕਰਾ ਕਰਨ ਦੇ ਯੋਗ ਨ ਸਮਝਦਿਆਂ ਨਾਲ ਲਗਦੀਆਂ ਪਹਾੜੀਆਂ ਵਿਚ ਜਾ ਸ਼ਰਨ ਲਈ।

ਸਿੱਖਾਂ ਨੇ ਵੀ ਪਹਾੜੀਆਂ ਵਿਚ ਸ਼ਰਨ ਲੈ ਲਈ ਸੀ। ਹੈਰਾਨ ਪਰੇਸ਼ਾਨ ਹੋਏ ਦੋ ਵਿਰੋਧੀ ਹੁਣ ਦੇਸ਼ ਨਿਕਾਲੇ ਦੀ ਹਾਲਤ ਵਿਚ ਮਿਲੇ ਅਤੇ ਉਨ੍ਹਾਂ ਨੇ ਲਾਹੌਰ ਦੇ ਗਵਰਨਰ ਦੁਰਾਨੀ ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਸਿੱਖ, ਜਿਹੜੇ ਕਿ ਪਹਿਲਾਂ ਹੀ ਬਦਲੇ ਦੀ ਭਾਵਨਾ ਨਾਲ ਸੜ ਰਹੇ ਸਨ ਅਤੇ ਕੇਵਲ ਥੋੜ੍ਹਾ ਜੇਹਾ ਆਰਾਮ ਤੇ ਉਤਸਾਹ ਚਾਹੁੰਦੇ ਸਨ, ਨੇ ਹੁਣ ਆਪਣੇ ਕਮਰ ਕੱਸੇ ਕਰ ਲਏ ਤੇ ਜਾਬਰ ਦੁਰਾਨੀ ਨੂੰ ਤਬਾਹ ਕਰਨ ਲਈ ਜਾਂ ਇਨ੍ਹਾਂ ਯਤਨਾਂ ਵਿਚ ਆਪ ਤਬਾਹ ਹੋ ਜਾਣ ਦੇ ਪੱਕੇ ਨਿਸ਼ਚੇ ਨਾਲ ਉਹ ਪਹਾੜੀਆਂ

(ਸਫਾ 150 ਦੀ ਬਾਕੀ)

ਸੀ। ਸਾਰੇ ਸਿੱਖ-ਤਰਖਾਣ ਆਪਣੇ ਆਪ ਨੂੰ ਰਾਮਗੜ੍ਹੀਏ ਕਹਿਣ ਲੱਗੇ ਜਿਵੇਂ ਸਾਰੇ ਕਲਾਲ ਆਪਣੇ ਆਪ ਨੂੰ ਆਪਣੇ ਸਰਦਾਰ ਦੇ ਪਿੰਡ ਆਹਲੂ, ਜਿਹੜਾ ਲਾਹੌਰ ਦੇ ਨੇੜੇ ਹੈ, ਦੇ ਨਾਂ ਤੇ ਆਹਲੂਵਾਲੀਆ ਕਹਿੰਦੇ ਹਨ।

ਚੋਂ ਨਿਕਲ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਦੋ ਭਾਗਾਂ ਵਿਚ ਵੰਡ ਲਿਆ, ਇਕ ਪ੍ਰਸਿੱਧ ਜੱਸਾ ਸਿੰਘ ਕਲਾਲ ਦੀ ਅਗਵਾਈ ਅਧੀਨ ਅਤੇ ਦੂਜਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਅਦੀਨਾ ਬੇਗ ਅਧੀਨ। ਪਹਿਲੀ ਸੈਨਾ ਨੇ ਲਾਹੌਰ ਵੱਲ ਕੂਚ ਕੀਤਾ। ਆਲੇ ਦੁਆਲੇ ਦਾ ਇਲਾਕਾ ਘੋੜ-ਸਵਾਰਾਂ ਨਾਲ ਭਰਨਾ ਆਰੰਭ ਹੋ ਗਿਆ। ਇਹ ਧਾਰਮਿਕ ਯੁੱਧ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਮੁਰੀਦ ਆਪਣੇ ਧਰਮ ਦੀ ਬੇਹੁਰਮਤੀ ਦਾ ਬਦਲਾ ਲੈਣ ਲਈ ਇਕੱਤਰ ਹੋ ਗਏ। ਜਹਾਂ ਖ਼ਾਂ ਉਨ੍ਹਾਂ ਦਾ ਟਾਕਰਾ ਕਰਨ ਲਈ ਅੱਗੇ ਵਧਿਆ ਤੇ ਪਹਿਲੀ ਵਾਰ ਉਨ੍ਹਾਂ ਨੂੰ ਖਿੰਡਾਉਣ ਵਿਚ ਸਫਲ ਹੋ ਗਿਆ। ਪਰੰਤੂ ਸਿੱਖ ਦੁਬਾਰਾ ਭਾਰੀ ਸੰਖਿਆ ਵਿਚ ਇਕੱਠੇ ਹੋਏ, ਉਨ੍ਹਾਂ ਨੇ ਸ਼ਹਿਰ ਤੇ ਘੇਰਾ ਘੱਤ ਲਿਆ, ਸਾਰੇ ਸੰਚਾਰ ਸਾਧਨ ਕੱਟ ਦਿੱਤੇ ਤੇ ਲਾਹੌਰ ਦੁਆਲੇ ਦੇ ਸਾਰੇ ਇਲਾਕੇ ਦਾ ਲਗਾਨ ਉਗਰਾਹੁਣਾ ਆਰੰਭ ਕਰ ਦਿੱਤਾ ਤੇ ਆਪਣੀ ਮਰਜ਼ੀ ਨਾਲ ਉਸ ਨੂੰ ਵੇਚਣਾ ਆਰੰਭ ਕਰ ਦਿੱਤਾ।[1] ਕਈ ਮੁਠਭੇੜਾਂ ਪਿੱਛੋਂ 1758 ਦੇ ਆਰੰਭ ਵਿਚ ਇਕ ਨਿਰਣਾ-ਜਨਕ ਲੜਾਈ ਹੋਈ। "ਪਠਾਨ ਪੂਰਣ ਭਾਂਤ ਉਖਾੜ ਦਿੱਤੇ ਗਏ, ਤੇ ਇਹ ਇਤਿਹਾਸ ਵਿਚ ਪਹਿਲੀ ਫੈਸਲਾ ਕੁਨ ਜਿੱਤ ਸੀ ਜਿਹੜੀ ਸਿੱਖਾਂ ਨੇ ਅਫਗਾਨਾਂ ਦੇ ਟਾਕਰੇ ਵਿਚ ਪ੍ਰਾਪਤ ਕੀਤੀ।[2]"

ਖ਼ਾਲਸਾ ਫੌਜ ਦੇ ਦੂਜੇ ਭਾਗ ਦੇ ਸਿਰ ਉਤੇ ਅਜੇਹੀ ਹੀ ਜਿੱਤ ਦਾ ਸਿਹਰਾ ਜਲੰਧਰ ਦੁਆਬ ਵਿਚ ਬੱਝਿਆ। ਅਫਗਾਨ ਜਰਨੈਲ ਸਰਫਰਾਜ਼ ਖ਼ਾਂ ਹਰਾ ਦਿੱਤਾ ਗਿਆ ਤੇ ਉਸ ਦੀ ਸੈਨਾ ਬਿਖੇਰ ਦਿੱਤੀ ਗਈ। ਰਾਜਕੁਮਾਰ ਤੈਮੂਰ ਤੇ ਉਸ ਦੇ ਸਰਪ੍ਰਸਤ ਜਹਾਂ ਖ਼ਾਂ ਨੇ ਹੁਣ ਵਧਦੀ ਜਾ ਰਹੀ ਸਿੱਖਾਂ ਦੀ ਸੰਖਿਆ ਦਾ ਟਾਕਰਾ ਕਰਨ ਵਲੋਂ ਆਪਣੇ ਆਪ ਨੂੰ ਮਜਬੂਰ ਵੇਖ ਕੇ ਚਨਾਬ ਵੱਲ ਬਚ ਨਿਕਲਣ ਵਿਚ ਆਪਣੀ ਸੁਰੱਖਿਆ ਸਮਝੀ। "ਉਹ ਰਾਤ ਦੇ ਸਮੇਂ ਆਪਣੀਆਂ ਹਿੰਦੁਸਤਾਨੀ ਸੈਨਾਵਾਂ ਨੂੰ, ਜਿਨ੍ਹਾਂ ਤੇ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਸੀ, ਦਸੇ ਬਿਨਾਂ ਪਿੱਛੇ ਹਟੇ। ਉਹ ਇਤਨੀ ਕਾਹਲ ਵਿਚ ਸਨ ਕਿ ਸ਼ਾਹੀ ਪਰਿਵਾਰ ਦੁਸ਼ਮਣ ਦੇ ਹੱਥਾਂ ਵਿਚ ਆ ਗਿਆ, ਭਾਵੇਂ ਪਿੱਛੋਂ ਉਸ ਨੂੰ ਛੁੜਾ ਲਿਆ ਗਿਆ"।[3]

ਇਸ ਇਲਾਕੇ ਦੇ ਜੇਤੂ ਸਿੱਖਾਂ ਨੇ ਹੁਣ ਨਵੇਂ ਨੇਤਾ ਜੱਸਾ ਸਿੰਘ ਕਲਾਲ ਦੀ ਅਗਵਾਈ ਵਿਚ ਲਾਹੌਰ ਤੇ ਕਬਜ਼ਾ ਕਰ ਲਿਆ।[4] ਉਨ੍ਹਾਂ ਨੇ ਮੁਗਲਾਂ ਦੀ ਪੁਰਾਣੀ ਟਕਸਾਲ

---

1. ਸਯਦ ਮੁਹੰਮਦ ਲਤੀਫ, ਪੰਨਾ 230
2. ਉਹੀ
3. ਸੱਯਦ ਮੁਹੰਮਦ ਲਤੀਫ, ਪੰਨਾ 230
4. ਉਸ ਦੇ ਅਨੁਯਾਈ ਉਸ ਨੂੰ 'ਪਾਦਸ਼ਾਹ' ਕਹਿੰਦੇ ਸਨ, ਪਰੰਤੂ ਸਿੱਖਾਂ ਨੇ ਕਦੀ ਵੀ ਉਸ ਨੂੰ ਅਜੇਹਾ ਨਹੀਂ ਮੰਨਿਆ, ਨ ਹੀ ਉਸ ਨੇ ਆਪਣੇ ਆਪ ਨੂੰ ਕਦੀ ਖ਼ਾਲਸੇ ਤੋਂ ਉਤਮ ਹੋਣ ਦਾ ਦਾਅਵਾ ਕੀਤਾ।

ਨੂੰ ਰੁਪਏ ਬਣਾਉਣ ਲਈ ਵਰਤਿਆ ਜਿਨ੍ਹਾਂ ਤੇ ਫਾਰਸੀ ਵਿਚ ਇਹ ਉਕਰਿਆ ਹੋਇਆ ਸੀ "ਸਿੱਕਾ ਜ਼ਦ ਦਰ ਜਹਾਂ ਬਫਜ਼ਲੇ ਅਕਾਲ, ਮੁਲਕੇ ਅਹਿਮਦ ਗਰਿਫਤ ਜੱਸਾ ਕਲਾਲ।"[1]

ਪਹਿਲੀ ਵਾਰੀ ਹੁਣ ਸਿੱਖ ਪੰਜਾਬ ਵਿਚ ਸਰਵ ਸਮਰੱਥ ਸ਼ਕਤੀ ਬਣੇ, ਚਾਹੇ ਜਿਵੇਂ ਅਸੀਂ ਅੱਗੇ ਚਲ ਕੇ ਵੇਖਾਂਗੇ, ਉਸ ਸੂਬੇ ਤੇ ਪੱਕਾ ਕਬਜ਼ਾ ਕਰਨ ਲਈ ਅਜੇ ਕੁਝ ਸਮਾਂ ਹੋਰ ਲੱਗਣਾ ਸੀ।

---

1. ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲੇ ਅਕਾਲ, ਮੁਲਕੇ ਅਹਿਮਦ ਗਰਿਫ਼ਤ ਜੱਸਾ ਕਲਾਲ।

ਅਧਿਆਇ ੧੬

ਸਿੱਖਾਂ ਦਾ ਪ੍ਰਭੂ-ਸ਼ਕਤੀ ਪ੍ਰਾਪਤ ਕਰਨਾ

1758-1768

ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਸੀ ਪਰ ਉਨ੍ਹਾਂ ਦਾ ਇਕ ਸਰਵੋਤਮ ਸ਼ਕਤੀ ਦੇ ਤੌਰ ਤੇ ਰਾਜ ਕਰਨ ਦਾ ਸਮਾਂ ਅਜੇ ਨਹੀਂ ਆਇਆ ਸੀ।

ਅਦੀਨਾ ਬੇਗ ਜਿਹੜਾ ਕਿ ਹੁਣ ਤਕ ਸਿੱਖਾਂ ਨੂੰ ਆਪਣੀ ਕਠਪੁਤਲੀ ਸਮਝ ਕੇ ਵਰਤਦਾ ਰਿਹਾ ਸੀ, ਨੂੰ ਬੜੀ ਨਿਰਾਸਤਾ ਤੇ ਹੈਰਾਨੀ ਹੋਈ ਜਦੋਂ ਉਨ੍ਹਾਂ ਨੇ ਉਸ ਨੂੰ ਵੀ ਗੁਠੇ ਲਾ ਦਿੱਤਾ। ਉਸ ਦਾ ਖਿਆਲ ਸੀ ਕਿ ਸਿੱਖ ਤਾਂ ਮਾਨੋਂ ਉਸ ਲਈ ਹੀ ਲੜ ਰਹੇ ਸਨ ਤੇ ਮੁੱਖ ਸਤਾ ਉਸ ਦੇ ਹੱਥ ਵਿਚ ਰਹੇਗੀ। ਮਰਹੱਟੇ ਪਹਿਲਾਂ ਹੀ ਵਜ਼ੀਰ ਗਾਜ਼ੀ-ਉਦ-ਦੀਨ ਦੇ ਸੱਦੇ ਤੇ ਦਿੱਲੀ ਵਿਚ ਆ ਚੁੱਕੇ ਸਨ। ਇਸ ਲਈ ਅਦੀਨਾ ਬੇਗ ਨੇ ਰਘੋਬਾ ਨਾਲ ਭੇਂਟ ਕੀਤੀ ਤੇ ਉਸ ਨੂੰ ਮਰਹੱਟਿਆਂ ਦੇ ਹੱਥ ਸਿੰਧ ਵੱਲ ਵਧ ਆਉਣ ਦਾ ਸੱਦਾ ਦਿੱਤਾ। ਉਸ ਦੇ ਨਿਯੰਤ੍ਰਣ ਵਿਚ ਅਜੇ ਵੀ ਕੁਝ ਸਿੱਖ ਦਸਤੇ ਸਨ ਤੇ ਇਨ੍ਹਾਂ ਨਾਲ ਉਹ ਰਘੋਬਾ ਨਾਲ ਰਲ ਕੇ ਜਮਨਾ ਵੱਲੋਂ ਵਧਿਆ। ਸਰਹਿੰਦ ਤੇ ਕਬਜ਼ਾ ਕਰ ਲਿਆ ਗਿਆ ਤੇ ਦੁਰਾਨੀ ਦੇ ਸੂਬੇਦਾਰ ਸਮੁੰਦਰ ਖਾਂ ਨੂੰ ਕੱਢ ਦਿੱਤਾ ਗਿਆ ਪਰ ਸਿੱਖ ਸ਼ਹਿਰ ਤੇ ਟੁਟ ਪਏ ਜਿਸ ਨੂੰ ਉਹ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਸਨ। ਉਹ ਆਪਣੇ ਗੁਰੂ ਸਾਹਿਬ ਦੇ ਮਾਸੂਮ ਬੱਚਿਆਂ ਦੇ ਕਤਲ ਦਾ ਬਦਲਾ ਲੈਣ ਲਈ ਲੁੱਟ-ਮਾਰ ਕਰਨਾ ਪੁੰਨ ਖਿਆਲ ਕਰਦੇ ਸਨ। ਮਰਹੱਟੇ ਜਿਨ੍ਹਾਂ ਨੂੰ ਲੁੱਟ ਵਿਚੋਂ ਹਿੱਸਾ ਨ ਮਿਲਿਆ ਭੜਕ ਉਠੇ ਤੇ ਉਨ੍ਹਾਂ ਨੇ ਸਿਖਾਂ ਨੂੰ ਬਾਹਰ ਕੱਢ ਦਿੱਤਾ ਤੇ ਉਹ ਮਰਹੱਟਿਆਂ ਦੇ ਪਹੁੰਚਣ ਤੇ ਲਾਹੌਰ ਤੋਂ ਵੀ ਭਜ ਗਏ। ਅਦੀਨਾ ਬੇਗ ਨੇ 1,25,000 ਰੁਪਏ ਖਰਚ ਕੇ ਸ਼ਾਲੀਮਾਰ ਬਾਗ ਵਿਚ ਇਕ ਉੱਚਾ ਤੇ ਸ਼ਾਨਦਾਰ ਮੰਚ ਬਣਵਾਇਆ ਜਿਸ ਉਤੇ ਰਘੋਬਾ ਨੂੰ ਬਿਰਾਜਮਾਨ ਕੀਤਾ ਗਿਆ। ਬਾਗਾਂ ਨੂੰ ਰੋਸ਼ਨਾਇਆ ਗਿਆ ਤੇ ਫੁਹਾਰਿਆਂ ਵਿਚੋਂ ਗੁਲਾਬ ਦਾ ਪਾਣੀ ਉਛਲਣ ਲੱਗਾ। ਦੁਰਾਨੀ ਸ਼ਹਿਜ਼ਾਦੇ ਤੇ ਉਸ ਦੇ ਸਰਪ੍ਰਸਤ ਜਹਾਂ ਖਾਂ ਨੇ ਪੰਜਾਬ ਛੱਡ ਦਿੱਤਾ ਤੇ ਲਾਹੌਰ, ਮੁਲਤਾਨ ਤੇ ਅਟਕ ਉਤੇ ਮਰਹੱਟਿਆਂ ਦਾ ਝੰਡਾ ਝੁੱਲਣ ਲਗਿਆ। ਰਾਮਜੀ ਸ਼ਾਮਜੀ ਨੂੰ ਮੁਲਤਾਨ ਦਾ

ਅਤੇ ਸਾਹਿਬਾ ਪਟੇਲ ਨੂੰ ਅਟਕ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਜਦ ਕਿ ਲਾਹੌਰ ਦੀ ਸੂਬੇਦਾਰੀ ਅਦੀਨਾ ਬੇਗ ਨੂੰ ਸੌਂਪੀ ਗਈ ।[1]

ਸਿੱਖਾਂ ਨੂੰ ਭਾਵੇਂ ਲਾਹੌਰ ਤੋਂ ਕੱਢ ਦਿੱਤਾ ਗਿਆ ਸੀ ਪਰ ਉਹ ਨਿਚੱਲੇ ਹੋ ਕੇ ਨਹੀਂ ਬੈਠ ਗਏ ਸਨ । ਦੋਵੇਂ ਜੱਸਾ ਸਿੰਘ, ਹਰੀ ਸਿੰਘ ਭੰਗੀ, ਜੈ ਸਿੰਘ ਕਨ੍ਹਈਆ, ਹੀਰਾ ਸਿੰਘ ਨਿਕਈ, ਖੁਸ਼ਹਾਲ ਸਿੰਘ ਫੈਜ਼ਲਪੁਰੀਆ, ਆਲਾ ਸਿੰਘ ਫੂਲਕੀਆਂ ਅਤੇ ਰਣਜੀਤ ਸਿੰਘ ਦੇ ਬਾਬੇ ਚੜ੍ਹਤ ਸਿੰਘ ਸੁਕਰਚਕੀਆ ਦੀ ਸਿਆਣੀ ਤੇ ਨਿਧੜਕ ਅਗਵਾਈ ਹੇਠ ਉਹ ਹਰ ਥਾਂ ਸਰਵੋਤਮ ਸਨ ਅਤੇ ਸਾਰੇ ਦੇਸ਼ ਵਿਚ ਬੇਰੋਕ ਮਾਰ-ਧਾੜ ਕਰ ਰਹੇ ਸਨ । ਪਰ ਅਦੀਨਾ ਨੇ ਸਿੱਖਾਂ ਦੀ ਹਮਾਇਤ ਤੇ ਹੋਰ ਨਿਰਭਰ ਨ ਕਰਦਿਆਂ ਆਪਣੇ ਪੁਰਾਣੇ ਮਿੱਤਰਾਂ ਵੱਲ ਮੂੰਹ ਮੋੜ ਲਿਆ । ਉਹ ਉਨ੍ਹਾਂ ਦੀ ਹੈਂਕੜਬਾਜ਼ੀ ਤੇ ਉਨ੍ਹਾਂ ਦੇ ਹੱਥੋਂ ਆਪਣਾ ਨਿਰਾਦਰ ਹੋਇਆ ਹੋਣ ਕਾਰਣ ਅਤੇ ਉਨ੍ਹਾਂ ਦੀਆਂ ਚਾਲੂ ਲੁੱਟਾਂ-ਮਾਰਾਂ ਤੇ ਜਬਰੀ ਵਸੂਲੀਆਂ ਰੋਕਣ ਲਈ ਉਨ੍ਹਾਂ ਨੂੰ ਦੰਡ ਦੇਣਾ ਚਾਹੁੰਦਾ ਸੀ । ਸਭ ਤੋਂ ਬਹੁਤੀ ਬਦਅਮਨੀ ਮਾਝੇ ਦੇ ਇਲਾਕੇ ਵਿਚ ਫੈਲੀ ਹੋਈ ਸੀ । ਸਿੱਖਾਂ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੁਬਾਰਾ ਉਸਾਰ ਕੇ ਪਵਿਤਰ ਸਰੋਵਰ ਸਾਫ ਕਰ ਲਿਆ ਸੀ[2] ਅਤੇ ਮੁਸਲਮਾਨਾਂ ਨਾਲ ਉਹੋ ਜੇਹਾ ਹੀ ਵਿਵਹਾਰ ਕਰਨ ਲੱਗ ਪਏ ਸਨ ਜੇਹੋ ਜੇਹਾ ਕਿ ਉਨ੍ਹਾਂ ਨਾਲ ਕੀਤਾ ਗਿਆ ਸੀ ।[3] ਇਸ ਲਈ ਅਦੀਨਾ ਬੇਗ ਨੇ ਘੋੜ ਸਵਾਰਾਂ ਦਾ ਇਕ ਤਕੜਾ ਰਸਾਲਾ ਮੀਰ ਅਜ਼ੀਜ਼ ਬਖ਼ਸ਼ੀ ਦੇ ਅਧੀਨ ਇਹ ਹੁਕਮ ਦੇ ਕੇ ਭੇਜਿਆ ਕਿ ਜਿਥੇ ਕਿਤੇ ਵੀ ਸਿੱਖ ਮਿਲਣ ਉਨ੍ਹਾਂ ਨੂੰ ਨਸ਼ਟ ਕਰ ਦਿੱਤਾ ਜਾਵੇ । ਸਯੱਦ ਮੁਹੰਮਦ ਲਤੀਫ ਬਟਾਲੇ (ਕੁਝ ਸਮੇਂ ਲਈ ਅਦੀਨਾ ਦਾ ਸਦਰ ਮੁਕਾਮ) ਦੇ ਮੌਲਵੀ ਮੁਹੰਮਦ-ਦੀਨ ਦੇ ਸਮਕਾਲੀ ਦਾ ਹਵਾਲਾ ਦੇ ਕੇ ਲਿਖਦਾ ਹੈ, "ਚਾਰ ਹਜ਼ਾਰ ਸਿਪਾਹੀਆਂ ਦੀ ਮੁਹਰੈਲੀ ਸੈਨਾ ਉਨ੍ਹਾਂ ਜੰਗਲਾਂ ਨੂੰ, ਜਿਥੇ ਕਿ ਸਿੱਖ ਲੁਕੇ ਹੋਏ ਸਨ, ਸਾਫ ਕਰਨ ਲਈ ਤਿੱਖੇ ਸੰਦ ਲੈ ਕੇ ਮੀਰ ਨਾਲ ਗਈ । ਇਸ ਤਰ੍ਹਾਂ ਹਜ਼ਾਰਾਂ ਸਿੱਖਾਂ ਨੂੰ ਲੱਭ ਕੇ ਬੇਰਹਿਮੀ

---

1. ਅਲੀ-ਉਦ-ਦੀਨ ਦੇ ਇਬਰਤ ਨਾਮੇ ਵਿਚ ਵਰਣਿਤ ਹੈ ਕਿ ਅਦੀਨਾ ਬੇਗ ਨੂੰ ਜਲੰਧਰ ਦੁਆਬ ਦੀ ਸੂਬੇਦਾਰੀ ਮਿਲੀ ਅਤੇ ਲਾਹੌਰ ਮਿਰਜ਼ਾ ਖ਼ਾਂ ਨੂੰ ਦਿੱਤਾ ਗਿਆ ਜਿਹੜਾ ਕਿ ਬਾਪੂ ਰਾਓ ਦਾਦੂ ਅਤੇ ਸ਼ੀਸ਼ਾ ਪੰਡਿਤ ਲਈ ਥਾਂ ਬਣਾਉਣ ਵਾਸਤੇ ਛੇਤੀ ਹੀ ਹਟਾ ਦਿੱਤਾ ਗਿਆ । ਪਰ ਇਹ ਠੀਕ ਜਾਪਦਾ ਹੈ ਕਿ ਅਦੀਨਾ 1758 ਈ. ਦੇ ਅੰਤ ਵਿਚ ਹੋਈ ਆਪਣੀ ਮੌਤ ਤਕ ਕਈ ਮਹੀਨੇ ਲਾਹੌਰ ਦਾ ਸੂਬੇਦਾਰ ਰਿਹਾ ।
2. ਮੁਫਤੀ ਅਲੀ-ਉਦ-ਦੀਨ ਕਹਿੰਦਾ ਹੈ ਕਿ ਇਮਾਰਤਾਂ ਆਦਿ ਮਰਹੱਟਿਆਂ ਦੁਆਰਾ ਮੁੜ ਪ੍ਰਾਪਤ ਕਰ ਲਈਆਂ ਗਈਆਂ ।
3. ਮੁਸਲਮਾਨਾਂ ਨੂੰ ਸੰਗੀਨਾਂ ਦੀ ਛਾਂ ਹੇਠ ਸਰੋਵਰ ਆਦਿ ਨੂੰ ਸਾਫ ਕਰਨ ਲਾਇਆ ਗਿਆ ਸੀ ਜਿਹੜਾ ਕਿ ਉਨ੍ਹਾਂ ਦੇ ਧਰਮ ਦੇ ਲੋਕਾਂ ਨੇ ਢਹਿ ਢੇਰੀ ਕੀਤਾ ਸੀ ।

(ਸੱਯਦ ਮੁਹੰਮਦ ਲਤੀਫ)

ਨਾਲ ਕਤਲ ਕਰ ਦਿੱਤਾ ਗਿਆ। ਵਧੇਰੇ ਦਲੇਰ ਸਿੱਖਾਂ ਨੇ ਭੱਜ ਕੇ ਰਾਮਰੌਣੀ (ਅੱਜ ਕਲ੍ਹ ਰਾਮ ਗੜ੍ਹ) ਦੀ ਕੱਚੀ ਗੜ੍ਹੀ ਵਿਚ ਜਾ ਸ਼ਰਨ ਲਈ। ਉਨ੍ਹਾਂ ਵਿਚੋਂ ਮੁਖ ਸ਼ਰਨਾਰਥੀ ਨੌਧ ਸਿੰਘ ਰਾਮਗੜ੍ਹੀਆ, ਜੱਸਾ ਸਿੰਘ, ਮੱਲਾ ਸਿੰਘ, ਤਾਰਾ ਸਿੰਘ ਅਤੇ ਉਸ ਦੇ ਭਾਈ ਜੈ ਸਿੰਘ ਕਨ੍ਹਈਆ ਤੇ ਅਮਰ ਸਿੰਘ ਕੀਂਗੜਾ ਸਨ।" ਪਰ ਉਨ੍ਹਾਂ ਨੂੰ ਛੇਤੀ ਹੀ ਪਕੜ ਲਿਆ ਗਿਆ ਤੇ ਭਾਰੀ ਵੱਢ-ਟੁੱਕ ਪਿੱਛੋਂ ਖਿੰਡਾ ਦਿੱਤਾ ਗਿਆ!

1758 ਦੇ ਅੰਤ ਤੇ ਅਦੀਨਾ ਮਰ ਗਿਆ ਤੇ ਸਦਾ-ਸਾਵਧਾਨ ਸਿੱਖ ਮੁੜ ਸਰਗਰਮ ਹੋ ਗਏ। ਜੱਸਾ ਸਿੰਘ ਤਰਖਾਣ ਤੇ ਜੈ ਸਿੰਘ ਕਨ੍ਹਈਆ ਇਕ ਪਾਸੇ, ਅਤੇ ਜੱਸਾ ਸਿੰਘ ਕਲਾਲ, ਦੂਜੇ ਪਾਸੇ ਨਵੇਂ ਇਲਾਕਿਆਂ ਵਿਚ ਖ਼ਾਲਸੇ ਦਾ ਝੰਡਾ ਚੁੱਕੀ ਵਧਣ ਲੱਗੇ। ਇਸ ਦੌਰਾਨ ਅਹਿਮਦ ਸ਼ਾਹ ਕੋਲ ਉਸ ਦੇ ਪੁੱਤਰ ਨੂੰ ਸਿੱਖਾਂ ਦੁਆਰਾ ਹਟਾਉਣ ਦੀ ਅਤੇ ਮਰਹੱਟਿਆਂ ਦੁਆਰਾ ਲਾਹੌਰ ਤੇ ਕਬਜ਼ਾ ਕਰਨ ਦੀ ਖਬਰ ਪੁੱਜ ਗਈ ਤੇ ਉਹ 1759 ਵਿਚ ਇਕ ਵਾਰ ਫੇਰ ਸਰਦੀ ਦੀ ਰੁੱਤ ਵਿਚ ਆਪਣੇ ਖੁੱਸ ਚੁੱਕੇ ਪ੍ਰਦੇਸ਼ ਨੂੰ ਮੁੜ ਪ੍ਰਾਪਤ ਕਰਨ ਲਈ ਆਇਆ। ਮਰਹੱਟਾ ਸੂਬੇਦਾਰਾਂ ਨੇ ਉਸ ਦੇ ਪਹੁੰਚਣ ਤੇ ਪੰਜਾਬ ਖਾਲੀ ਕਰ ਦਿੱਤਾ। ਉਹ ਹਾਜੀ ਕਰੀਮ ਦਾਦ ਖਾਂ ਨੂੰ ਲਾਹੌਰ ਦਾ ਅਸਥਾਈ ਸੂਬੇਦਾਰ ਨਿਯੁਕਤ ਕਰ ਕੇ ਵਜ਼ੀਰ ਗਾਜ਼ੀ-ਉਦ-ਦੀਨ ਨੂੰ ਦੰਡ ਦੇਣ ਲਈ ਤੇ ਮਰਹੱਟਿਆਂ ਦੀ ਸ਼ਕਤੀ ਘਟਾਉਣ ਲਈ ਦਿੱਲੀ ਵੱਲ ਤੇਜ਼ੀ ਨਾਲ ਵਧਿਆ। ਉਹ 1761 ਦੇ ਆਰੰਭ ਤਕ ਮਰਹੱਟਿਆਂ ਨਾਲ ਉਲਝਿਆ ਰਿਹਾ ਜਦ ਕਿ ਪਾਨੀਪਤ ਦੀ ਵੱਡੀ ਲੜਾਈ ਹੋਈ।

ਦੁਰਾਨੀ ਤੇ ਉਸ ਦੇ ਨਾਇਬਾਂ ਦੀ ਪੰਜਾਬ ਵਿਚੋਂ ਗ਼ੈਰ-ਹਾਜ਼ਰੀ ਦੇ ਕਾਰਣ ਪੰਜਾਬ ਸਿੱਖਾਂ ਦੇ ਹੱਥਾਂ ਵਿਚ ਇਕ ਆਸਾਨ ਸ਼ਿਕਾਰ ਵਾਂਗ ਆ ਗਿਆ ਸੀ।[1] ਮੁੱਖ ਸਿੱਖ ਸਰਦਾਰ ਜਿਵੇਂ ਕਿ ਜੱਸਾ ਸਿੰਘ ਕਲਾਲ, ਚੇਤ ਸਿੰਘ ਕਨ੍ਹਈਆ, ਹਰੀ ਸਿੰਘ ਭੰਗੀ, ਗੁਜਰ ਸਿੰਘ ਭੰਗੀ ਅਤੇ ਲਹਿਣਾ ਸਿੰਘ ਭੰਗੀ ਵਿਸਾਖੀ ਦੇ ਦਿਨ (ਅਪਰੈਲ 1760 ਦੇ ਅੱਧ ਵਿਚ) ਅੰਮ੍ਰਿਤਸਰ ਵਿਖੇ ਇਕੱਤਰ ਹੋਏ। ਇਕ ਸਭਾ ਬੁਲਾਈ ਗਈ, ਅਤੇ ਲਾਹੌਰ ਉਤੇ ਹਮਲਾ ਕਰਨ ਦਾ ਫੈਸਲਾ ਕੀਤਾ ਗਿਆ ਤੇ ਸਰਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਵਿਚ ਖਲੋ ਕੇ ਇਸ ਮੁਹਿਮ ਵਿਚ ਫਤਿਹ ਦੀ ਅਰਦਾਸ ਕੀਤੀ। ਇਸ ਤੋਂ ਛੇਤੀ ਪਿੱਛੋਂ ਉਨ੍ਹਾਂ ਨੇ ਆਪਣੀਆਂ ਫੌਜਾਂ ਇਕੱਠੀਆਂ ਕੀਤੀਆਂ ਤੇ ਸੁਰੱਖਿਆ ਰਹਿਤ ਸ਼ਹਿਰ ਤੇ ਧਾਵਾ ਬੋਲ ਦਿੱਤਾ। ਮੋਰਚਾ ਬੰਦੀਆਂ ਨੂੰ ਅੱਗ ਲਾ ਦਿੱਤੀ ਗਈ ਤੇ ਸ਼ਹਿਰ ਵਿਚ ਲੁੱਟ-ਮਾਰ ਮਚਾ ਦਿੱਤੀ ਗਈ। ਪਰ ਸ਼ਹਿਰੀਆਂ ਨੇ ਈਨ ਮੰਨ ਲਈ ਤੇ ਇਕ ਪ੍ਰਤਿਨਿਧ ਮੰਡਲ ਜਿਸ ਵਿਚ ਪੀਰਜ਼ਾਦਾ ਗੁਲਾਮ

---

1. ਲਾਹੌਰ ਦਾ ਨਵਾਂ ਨਿਯੁਕਤ ਕੀਤਾ ਸੂਬੇਦਾਰ ਕਰੀਮ ਦਾਦ ਅਤੇ ਪਸਰੂਰ ਦਾ ਸੂਬੇਦਾਰ ਵੀ ਪਾਨੀਪਤ ਬੁਲਾ ਲਏ ਗਏ ਸਨ। ਅਮੀਰ ਮੁਹੰਮਦ ਖ਼ਾਂ ਨੂੰ ਅਸਥਾਈ ਸੂਬੇਦਾਰ ਮੁਕੱਰਰ ਕਰ ਕੇ ਲਾਹੌਰ ਉਸ ਦੇ ਸਪੁਰਦ ਕਰ ਦਿੱਤਾ ਗਿਆ ਸੀ।

ਹੁਸੈਨ ਸਰਹਿੰਦੀ, ਮੀਆਂ ਮੁਹੰਮਦ ਨਾਕੀ, ਮੀਰ ਨੱਥੂ ਸ਼ਾਹ, ਮੀਆਂ ਸ਼ਹਰ ਯਾਰ, ਹਾਫਿਜ਼ ਕਾਦਿਰ ਬਖਸ਼ ਅਤੇ ਹੋਰ ਕਈ ਵਿਅਕਤੀ ਸ਼ਾਮਿਲ ਸਨ ਜੇਤੂਆਂ ਨੂੰ ਮਿਲਿਆ। 30,000 ਰੁਪਏ ਦਾ ਨਜ਼ਰਾਨਾ ਪੇਸ਼ ਕੀਤਾ ਗਿਆ ਅਤੇ ਸਿੱਖ ਇਹ ਸਮਝਦੇ ਹੋਇਆਂ ਕਿ ਦੁਰਾਨੀ ਕਿਤੇ ਛੇਤੀ ਹੀ ਮੁੜ ਨ ਆਵੇ ਲੁੱਟ ਦਾ ਮਾਲ ਲੈ ਕੇ ਭੱਜ ਗਏ ।[1]

ਇਸ ਪਿੱਛੋਂ ਸਿੱਖਾਂ ਨੇ ਆਪਣਾ ਧਿਆਨ ਪਰਗਣਿਆਂ ਵੱਲ ਜਾਂ ਲਾਗਲੇ ਜ਼ਿਲ੍ਹਿਆਂ ਵਲ ਮੋੜਿਆ। ਜੱਸਾ ਸਿੰਘ ਤਰਖਾਣ ਅਤੇ ਜੈ ਸਿੰਘ ਕਨ੍ਹਈਆ ਦੇ ਅਧੀਨ ਇਕ ਟੁਕੜੀ ਨੇ ਬਟਾਲਾ, ਕਲਾਨੌਰ, ਹਰਿਗੋਬਿੰਦਪੁਰ, ਕਾਦੀਆਂ ਅਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਬਹੁਤ ਸਾਰੇ ਦੂਜੇ ਨਗਰਾਂ ਤੇ ਕਬਜ਼ਾ ਕਰ ਲਿਆ ਜਿਨ੍ਹਾਂ ਤੋਂ ਦਸ ਲੱਖ ਰੁਪਏ ਤਕ ਲਗਾਨ ਵਸੂਲ ਹੁੰਦਾ ਸੀ ।[2] ਖ਼ਾਲਸਾ ਫੌਜ ਦੇ ਦੂਜੇ ਭਾਗ ਨੇ ਜੱਸਾ ਸਿੰਘ ਕਲਾਲ ਅਧੀਨ ਸਰਹਿੰਦ ਤੇ ਦਿਪਾਲਪੁਰ ਨੂੰ ਲੁਟਿਆ, ਅਤੇ ਫੀਰੋਜ਼ਪੁਰ ਜ਼ਿਲ੍ਹੇ ਦੇ ਡੋਗਰ ਤੇ ਨੀਪਾਲ ਪਿੰਡਾਂ ਤੇ ਕਬਜ਼ਾ ਕਰ ਕੇ ਉਥੇ ਗੜ੍ਹੀਆਂ ਬਣਾਈਆਂ । ਉਸ ਨੇ ਹੁਸ਼ਿਆਰਪੁਰ ਤੇ ਅੰਬਾਲੇ ਜ਼ਿਲ੍ਹੇ ਦਾ ਕੁਝ ਭਾਗ ਵੀ ਆਪਣੇ ਇਲਾਕੇ ਵਿਚ ਮਿਲਾ ਲਿਆ ਅਤੇ ਰਾਇ ਇਬਰਾਹੀਮ ਭੱਟੀ, ਜਿਹੜਾ ਕਿ ਕਪੂਰਥਲੇ ਦਾ ਮੁਸਲਮਾਨ ਸਰਦਾਰ ਸੀ, ਤੋਂ ਤਾਵਾਨ ਲੈਣਾ ਸ਼ੁਰੂ ਕਰ ਦਿੱਤਾ। ਅਬਦਾਲੀ ਦਿੱਲੀ ਤੋਂ 1761 ਦੀ ਬਸੰਤ ਰੁੱਤ ਵਿਚ ਪਰਤਿਆ । ਪੰਜਾਬ ਉਸ ਦੇ ਹਵਾਲੇ ਕਰ ਦਿੱਤਾ ਗਿਆ ਤੇ ਭਾਵੇਂ ਉਸ ਨੇ ਲਾਹੌਰ ਤੇ ਉਸ ਦੇ ਲਾਗਲੇ ਜ਼ਿਲ੍ਹਿਆਂ ਵਿਖੇ ਸਿੱਖਾਂ ਦੀਆਂ ਧਾੜਾਂ ਬਾਰੇ ਸੁਣ ਰਖਿਆ ਸੀ ਪਰ ਉਹ ਸਿੱਖਾਂ ਨੂੰ ਸੋਧਣ ਲਈ ਨ ਰੁਕਿਆ । ਉਹ ਜ਼ੈਨ ਖ਼ਾਂ ਨੂੰ ਸਰਹਿੰਦ ਦਾ ਸੂਬੇਦਾਰ, ਸਰਬੁਲੰਦ ਖ਼ਾਂ ਨੂੰ ਮੁਲਤਾਨ ਦਾ ਅਫਸਰ ਅਤੇ ਖਵਾਜ਼ਾ ਉਬੈਦ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਕੇ ਮਈ 1761 ਵਿਚ ਕਾਬੁਲ ਲਈ ਰਵਾਨਾ ਹੋ ਗਿਆ ।

ਦੁਰਾਨੀ ਦੇ ਭਾਰਤ ਵਿਚੋਂ ਮੂੰਹ ਮੋੜਦੇ ਸਾਰ ਹੀ ਸਿੱਖਾਂ ਨੇ ਆਪਣਾ ਕੰਮ ਦੁਬਾਰਾ ਆਰੰਭ ਕਰ ਦਿੱਤਾ। ਭੀਮ ਸਿੰਘ ਤੇ ਸਰੂਪ ਸਿੰਘ ਨੇ ਲਾਹੌਰ ਦੇ ਨੇੜੇ ਤੇੜੇ ਕਿਲ੍ਹੇ ਉਸਾਰਨੇ ਆਰੰਭ ਕਰ ਦਿੱਤੇ ਅਤੇ ਚੜ੍ਹਤ ਸਿੰਘ, ਜਿਹੜਾ ਰਣਜੀਤ ਸਿੰਘ ਦਾ ਬਾਬਾ ਸੀ, ਨੇ ਲਾਹੌਰ[3] ਤੋਂ ਚਾਲੀ ਮੀਲ ਉੱਤਰ ਵੱਲ ਗੁਜਰਾਂਵਾਲਾ ਦੇ ਸਥਾਨ ਤੇ ਇਕ ਕੱਚੀ ਗੜ੍ਹੀ ਉਸਾਰ ਦਿਤੀ ਅਤੇ ਸਮੁੱਚੇ ਪੰਜਾਬ ਵਿਚ ਸਿੱਖਾਂ ਦੀਆਂ ਗੜ੍ਹੀਆਂ ਛੇਤੀ ਛੇਤੀ ਉਸਰਨ ਲੱਗੀਆਂ ।

ਅਬਦਾਲੀ ਬਾਦਸ਼ਾਹ ਦੀ ਸਿਆਣਪ ਸੀ ਕਿ ਉਹ ਪੰਜਾਬ ਤੇ ਕਬਜ਼ੇ ਨਾਲ ਹੀ

1. 'ਇਬਰਤ ਨਾਮਾ', ਅਲੀ-ਉਦ-ਦੀਨ ।
2. ਸੱਯਦ ਮੁਹੰਮਦ ਲਤੀਫ਼ ।
3. ਅਲੀ-ਉਦ-ਦੀਨ ਦਾ 'ਇਬਰਤ ਨਾਮਾ' ।

ਸੰਤੁਸ਼ਟ ਹੋ ਗਿਆ ਸੀ ਜਿਹੜਾ ਕਿ ਦਿੱਲੀ ਸਰਕਾਰ ਨੇ 1761 ਵਿਚ ਉਸ ਦੇ ਹਵਾਲੇ ਕੀਤਾ ਸੀ। ਪਰੰਤੂ ਹੁਣ ਪੰਜਾਬ ਵੀ ਉਸ ਦੇ ਹੱਥੋਂ ਨਿਕਲਦਾ ਵਿਖਾਈ ਦਿੰਦਾ ਸੀ। ਸਿੱਖਾਂ ਨੂੰ ਹਰ ਥਾਂ ਸਰਵੋਤਮ ਵੇਖ ਕੇ ਉਸ ਨੇ ਆਪਣੇ ਅਜ਼ਮਾਏ ਹੋਏ ਜਰਨੈਲਾਂ ਵਿਚੋਂ ਇਕ ਨੂਰ-ਉਦ-ਦੀਨ ਖ਼ਾਂ ਬਾਮਿਜ਼ਾਈ ਨੂੰ ਭਾਰੀ ਸੈਨਾ ਦੇ ਕੇ ਸਿੱਖਾਂ ਦੀ ਸਰਕੋਬੀ ਲਈ ਘਲਿਆ। 1762 ਦੇ ਆਰੰਭ ਵਿਚ ਸਿਰਲੱਥ ਲੜਾਈ ਹੋਈ ਜਿਸ ਵਿਚ ਅਫ਼ਗਾਨਾਂ ਨੂੰ ਹਾਰ ਹੋਈ ਤੇ ਉਨ੍ਹਾਂ ਨੂੰ ਸਿਆਲਕੋਟ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ ਤੇ ਫੇਰ ਉਥੋਂ ਕੱਢ ਕੇ ਜੰਮੂ ਦੀਆਂ ਪਹਾੜੀਆਂ ਵੱਲ ਨਠਾ ਦਿੱਤੇ ਗਏ।

ਹੁਣ ਸਿੱਖਾਂ ਦੇ ਹੌਸਲੇ ਹੋਰ ਵੀ ਵਧ ਗਏ ਅਤੇ ਉਨ੍ਹਾਂ ਨੇ ਖਜ਼ਾਨੇ ਰੋਕ ਕੇ ਲੁੱਟ ਸ਼ੁਰੂ ਕਰ ਦਿੱਤੀ।[1] ਅਜੇਹੀ ਦੁਰਦਸ਼ਾ ਵਿਚ ਘਿਰ ਜਾਣ ਕਾਰਣ ਲਾਹੌਰ ਦੇ ਦੁਰਾਨੀ ਸੂਬੇਦਾਰ ਨੇ ਭਾਰੀ ਸੈਨਾ ਅਤੇ 12 ਤੋਪਾਂ ਨਾਲ 1762 ਦੇ ਮੱਧ ਵਿਚ ਗੁਜਰਾਂਵਾਲੇ ਤੇ ਚੜ੍ਹਾਈ ਕਰ ਦਿੱਤੀ। ਬਾਬਾ ਰਾਮ ਸਿੰਘ ਜਿਸ ਦਾ ਸਿੱਖ ਗੁਰੂ ਸਾਹਿਬਾਨ ਦੇ ਉੱਤਰਾਧਿਕਾਰੀ ਵਜੋਂ ਆਦਰ ਕਰਦੇ ਸਨ, ਉਸ ਸਮੇਂ ਓਬੇਦ ਖ਼ਾਂ ਦੀ ਕੈਦ ਵਿਚ ਸੀ। ਜਦੋਂ ਲਾਹੌਰ ਦੀ ਫ਼ੌਜ ਗੁਜਰਾਂ-ਵਾਲੇ ਦੇ ਨੇੜ ਪੁੱਜੀ ਤਾਂ ਸਿੱਖਾਂ[2] ਨੇ 1500 ਘੋੜ ਸਵਾਰਾਂ ਨਾਲ ਇਸ ਦਾ ਸਾਮ੍ਹਣਾ ਕੀਤਾ ਤੇ ਓਬੇਦ ਖ਼ਾਂ ਨਾਲ ਉਸ ਧਰਮੀ ਪੁਰਸ਼ ਦੀ ਰਿਹਾਈ ਬਾਰੇ ਗੱਲ-ਬਾਤ ਆਰੰਭ ਕਰ ਦਿੱਤੀ ਜਦ ਕਿ ਚੜ੍ਹਤ ਸਿੰਘ ਨੇ ਕੇਵਲ 25 ਆਦਮੀਆਂ ਨਾਲ ਕਿਲ੍ਹੇ ਦੀ ਰਖਵਾਲੀ ਕੀਤੀ। ਇਸ ਦੌਰਾਨ ਰਾਤ ਹੋ ਜਾਣ ਤੇ ਅਫ਼ਗਾਨ ਸੈਨਾ ਵਿਚ ਡਰ ਫੈਲ ਗਿਆ। ਰਾਤ ਨੂੰ ਹਮਲੇ[3] ਦੇ ਡਰ ਕਾਰਣ ਅਫ਼ਗਾਨ ਆਪਣਾ ਸਾਜ਼-ਸਾਮਾਨ ਅਤੇ ਤੋਪਾਂ ਆਦਿ ਸਿੱਖਾਂ ਦੇ ਹੱਥ ਵਿਚ ਛਡ ਕੇ ਚੋਹੀ ਪਾਸੀਂ ਭੱਜ ਨਿਕਲੇ। ਲਾਹੌਰ ਦੇ ਜਰਨੈਲਾਂ ਵਿਚੋਂ ਇਕ ਜਰਨੈਲ ਸਾਹਿਬ ਸਿੰਘ ਨੇ ਅਫ਼ਗਾਨਾਂ ਦਾ ਸਾਥ ਛੱਡ ਦਿੱਤਾ ਅਤੇ ਆਪਣੀਆਂ ਫੌਜਾਂ ਸਮੇਤ ਸਿੱਖਾਂ ਨਾਲ ਰਲ ਗਿਆ। ਦੀਵਾਨ ਸੂਬਾ ਰਾਏ ਅਤੇ ਹਰੀ ਰਾਮ ਚੋਬਦਾਰ ਮਾਰੇ ਗਏ ਜਦ ਕਿ ਓਬੇਦ ਖ਼ਾਂ ਰਾਤ ਦੇ ਹਨੇਰੇ ਵਿਚ ਜੁਕਾਲੀਆਂ ਨੂੰ ਭੱਜ ਗਿਆ, ਅਤੇ ਮੋਨ ਖ਼ਾਂ ਚੱਠਾ ਦੇ ਤਿੰਨ ਜਾਂ ਚਾਰ ਸੌ ਘੋੜ ਸਵਾਰਾਂ ਦੀ ਨਿਗਰਾਨੀ ਵਿਚ ਲਾਹੌਰ ਪਹੁੰਚ ਗਿਆ ਜਿਥੇ ਪੂਰੇ ਇਕ ਸਾਲ ਤਕ ਕਿਸੇ ਮੁਹਿੰਮ ਲਈ ਬਾਹਰ ਨਿਕਲਣ ਦਾ ਸਾਹਸ ਨ ਕਰ ਸਕਿਆ[4]।

ਇਸ ਜਿੱਤ ਪਿੱਛੋਂ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਪਵਿੱਤਰ ਸਰੋਵਰ

1. 'ਇਬਰਤ ਨਾਮਾ', ਅਲੀ-ਉਦ-ਦੀਨ।
2. ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਅਤੇ ਗੁੱਜਰ ਸਿੰਘ, ਭੰਗੀ ਅਧੀਨ, 'ਇਬਰਤ ਨਾਮਾ', ਉਹੀ।
3. ਲਤੀਫ ਦਸਦਾ ਹੈ ਕਿ ਹਮਲਾ ਵਾਸਤਵਿਕ ਰੂਪ ਵਿਚ ਕੀਤਾ ਗਿਆ ਸੀ।
4. 'ਇਬਰਤ ਨਾਮਾ', ਅਲੀ-ਉਦ-ਦੀਨ ਮੁਫ਼ਤੀ।

ਵਿਚ ਇਸ਼ਨਾਨ ਕਰਨ ਉਪਰੰਤ ਪਹਿਲਾ[1] ਨਿਯਮਿਤ ਗੁਰਮਤਾ ਕੀਤਾ। ਮਲੇਰ ਕੋਟਲਾ ਦੇ ਹੀਂਗਨ ਖ਼ਾਂ ਨੇ ਸਰਹਿੰਦ ਦੇ ਸੂਬੇਦਾਰ ਦੀ ਉਸ ਦੇ ਸ਼ਹਿਰ ਤੇ ਜੱਸਾ ਸਿੰਘ ਕਲਾਲ ਦੇ ਹਮਲੇ ਵੇਲੇ ਸਹਾਇਤਾ ਕੀਤੀ ਸੀ। ਇਹ ਨਿਰਣਾ ਕੀਤਾ ਗਿਆ ਕਿ ਉਸ ਨੂੰ ਸਭ ਤੋਂ ਪਹਿਲਾਂ ਸਜ਼ਾ ਦਿੱਤੀ ਜਾਵੇ ਤੇ ਫੇਰ ਜੰਡਿਆਲੇ ਦੇ ਮਹੰਤ ਅਕਿਲ ਦਾਸ ਨੂੰ ਖ਼ਾਲਸੇ ਵਿਰੁੱਧ ਗ਼ੱਦਾਰੀ ਕਰਨ ਕਾਰਣ ਅਤੇ ਦੁਰਾਨੀ ਰਾਜੇ ਨਾਲ ਮਿਲਣ ਕਾਰਣ ਸੋਧਿਆ ਜਾਵੇ।

ਹੀਂਗਨ ਖ਼ਾਂ ਦਾ ਧਨ-ਮਾਲ ਲੁੱਟ ਲਿਆ ਗਿਆ ਤੇ ਜੰਡਿਆਲੇ ਤੇ ਘੇਰਾ ਘੱਤ ਲਿਆ ਗਿਆ। ਜੱਸਾ ਸਿੰਘ ਰਾਮਗੜ੍ਹੀਆ ਜਿਸ ਨੇ ਪਹਿਲਾਂ ਬਹੁਤ ਵਰ੍ਹਿਆਂ ਤਕ ਮੁਸਲਮਾਨਾਂ ਦੀ ਸੇਵਾ ਕੀਤੀ ਸੀ, ਦੁਰਾਨੀ ਬਾਦਸ਼ਾਹ ਨਾਲ ਮਿਤਰਤਾ ਪੂਰਣ ਸੰਬੰਧ ਕਾਇਮ ਰੱਖਣ ਲਈ ਉਤਾਵਲਾ ਜਾਪਦਾ ਸੀ। ਇਸ ਲਈ ਉਸ ਨੇ ਗੁਪਤ ਰੂਪ ਵਿਚ ਜੰਡਿਆਲੇ ਦੇ ਮਹੰਤ ਨੂੰ ਸੂਚਨਾ ਦੇ ਦਿੱਤੀ ਕਿ ਉਸ ਉਤੇ ਮੁਸੀਬਤ ਆਉਣ ਵਾਲੀ ਹੈ। ਉਸ ਨੇ ਅਹਿਮਦ ਸ਼ਾਹ ਅੱਗੇ ਇਕ ਤੁਰੰਤ ਜ਼ਰੂਰੀ ਬਿਨੈ ਪੱਤਰ ਘੱਲਿਆ ਜਿਸ ਵਿਚ ਆਪਣੀ ਤਰਸਯੋਗ ਹਾਲਤ ਦਾ ਵਰਣਨ ਕਰ ਕੇ ਵੇਲੇ ਸਿਰ ਸਹਾਇਤਾ ਦੀ ਪ੍ਰਾਰਥਨਾ ਕੀਤੀ।[2]

ਦੁਰਾਨੀ ਇਕ ਵਾਰ ਫੇਰ ਭਾਰਤ ਵੱਲ ਤੇਜ਼ੀ ਨਾਲ ਵਧਿਆ ਅਤੇ 1762 ਦੇ ਅੰਤ ਤੇ ਲਾਹੌਰ ਪੁਜ ਗਿਆ। ਉਸ ਦੇ ਪਹੁੰਚਣ ਤੇ ਸਿੱਖ ਨੱਠ ਗਏ ਤੇ ਆਪਣੇ ਭਰਾਵਾਂ ਦੀ, ਜਿਨ੍ਹਾਂ ਨੇ ਸਰਹਿੰਦ ਦੇ ਦੁਰਾਨੀ ਸੂਬੇਦਾਰ ਜ਼ੈਨ ਖ਼ਾਂ ਨੂੰ ਘੇਰਾ ਪਾਇਆ ਹੋਇਆ ਸੀ, ਸਹਾਇਤਾ ਕਰਨ ਦੇ ਖ਼ਿਆਲ ਨਾਲ ਸਤਲੁਜ ਪਾਰ ਚਲੇ ਗਏ। ਅਬਦਾਲੀ ਜਿਹੜਾ ਆਪਣੀਆਂ ਤੇਜ਼ ਚੜ੍ਹਾਈਆਂ ਕਾਰਣ ਪ੍ਰਸਿੱਧ ਸੀ, ਨੇ ਬਹੁਤ ਹੀ ਤੇਜ਼ ਚੜ੍ਹਾਈ ਕੀਤੀ ਅਤੇ 150 ਮੀਲਾਂ ਦਾ ਪੈਂਡਾ ਕੇਵਲ 2½ ਦਿਨਾਂ ਵਿਚ ਤਹਿ ਕਰ ਕੇ ਲੁਧਿਆਣੇ ਦੇ ਨੇੜੇ ਸਿੱਖਾਂ ਨੂੰ, ਜਿਹੜੇ ਐਨ ਉਸ ਵੇਲੇ ਜਦ ਕਿ ਉਹ ਜ਼ੈਨ ਖ਼ਾਂ ਨਾਲ ਟੱਕਰ ਲਈ ਤਿਆਰ ਸਨ, ਹੈਰਾਨ ਕਰ ਦਿੱਤਾ। ਘਮਸਾਨ ਦੀ ਲੜਾਈ ਹੋਈ ਪਰੰਤੂ ਅੰਤ ਵਿਚ ਸਿੱਖਾਂ ਨੂੰ ਹਾਰ ਹੋਈ ਅਤੇ ਹਜ਼ਾਰਾਂ ਸਿੱਖ ਮੈਦਾਨ ਵਿਚ ਮਾਰੇ ਗਏ।[3] ਸਿੱਖਾਂ ਦਾ ਇਤਨਾ

---

1. ਮੈਲਕਮ ਦਸਦਾ ਹੈ ਕਿ ਸਭ ਤੋਂ ਪਹਿਲਾ ਗੁਰਮਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕੀਤਾ ਸੀ। ਉਨ੍ਹਾਂ ਦੇ ਜੋਤੀ ਜੋਤ ਸਮਾਉਣ ਪਿੱਛੋਂ, ਮੇਰਾ ਖ਼ਿਆਲ ਹੈ, ਇਸ ਪ੍ਰਕਾਰ ਦਾ ਪਹਿਲਾ ਗੁਰਮਤਾ 1760 ਵਿਚ ਵਿਸਾਖੀ ਵਾਲੇ ਦਿਨ ਲਾਹੌਰ ਤੇ ਹਮਲਾ ਕਰਨ ਤੋਂ ਪਹਿਲਾਂ ਕੀਤਾ ਗਿਆ। ਵੇਖੋ ਉਕਤ।
2. 'ਇਬਰਤ ਨਾਮੇ' ਵਿਚ ਸ਼ਿਅਰ ਦਰਜ ਹੈ ਜਿਹੜਾ ਬਿਨੈ ਪੱਤਰ ਵਿਚੋਂ ਲਿਆ ਮੰਨਿਆ ਜਾਂਦਾ ਹੈ।

   "ਬਰ ਲਬ ਰਸੀਦਾ ਜਾਨਮ ਤੂ ਬਿਆ ਕਿ ਜ਼ਿੰਦਾ ਮਨਮ
   ਪਸ ਅਜ਼ਾਂ ਕਿ ਮਨ ਨ-ਮਾਨਮ ਬ-ਚਿ ਕਾਰ ਖਾਹੀ ਆਮਦ"

   ਮੇਰੇ ਮਰਨ ਦੇ ਪਿੱਛੋਂ ਜੇ ਤੂੰ ਬਹੁੜਿਆ ਤਾਂ ਫੇਰ ਤੂੰ ਕਿਸ ਕੰਮ।
3. ਸ਼ਹੀਦ ਹੋਏ ਸਿੱਖਾਂ ਦੀ ਗਿਣਤੀ ਬਾਰੇ ਮਤ-ਭੇਦ ਹੈ। ਕਨਿੰਘਮ 12 ਤੋਂ 25 ਹਜ਼ਾਰ ਤਕ ਦਿੰਦਾ ਹੈ। 'ਤਾਰੀਖ਼ੇ ਅਹਿਮਦੀ' 30,000; ਲਤੀਫ਼ ਕਨ੍ਹਈਆ ਲਾਲ ਨਾਲ ਸਹਿਮਤ ਹੈ ਜਿਹੜਾ 24000 ਦਸਦਾ

(ਬਾਕੀ ਵੇਖੋ ਸਫ਼ਾ 160 ਤੇ)

ਭਾਰੀ ਨੁਕਸਾਨ ਹੋਇਆ ਕਿ ਇਹ ਦੁਰਘਟਨਾ ਅੱਜ ਤਕ ਵੀ ਵੱਡਾ ਘੱਲੂਘਾਰਾ ਦੇ ਨਾਂ ਨਾਲ ਪ੍ਰਸਿੱਧ ਹੈ। ਆਲਾ ਸਿੰਘ ਜਿਹੜਾ ਕਿ ਪਟਿਆਲੇ ਦੇ ਅਜੋਕੇ ਹਾਕਿਮ ਪਰਿਵਾਰ ਦਾ ਮੋਢੀ ਸੀ, ਨੂੰ ਬਰਨਾਲਾ ਦੇ ਸਥਾਨ ਤੇ ਕੈਦੀ ਬਣਾ ਲਿਆ ਗਿਆ ਤੇ ਜ਼ੰਜੀਰਾਂ ਨਾਲ ਜਕੜ ਕੇ ਲਾਹੌਰ ਲਿਆਂਦਾ ਗਿਆ। ਉਸ ਦੀ ਪਤਨੀ ਨੇ, 4,00,000 ਰੁਪਏ ਦੇ ਭਾਰੀ ਤਾਵਾਨ ਦੀ ਅਦਾਇਗੀ ਕੀਤੀ ਅਤੇ ਸ਼ਾਹ ਕਿਉਂਕਿ ਕੈਦੀ ਸਰਦਾਰ ਦੀ ਮਰਦਾਵੀਂ ਦੱਖ ਨਾਲ ਪ੍ਰਸੰਨ ਹੋ ਗਿਆ ਸੀ ਇਸ ਲਈ ਉਸ ਨੂੰ ਮਹਾਂ ਮੰਤਰੀ (Grand Wazir) ਦੀ ਸਿਫਾਰਸ਼ ਤੇ ਰਿਹਾ ਕਰ ਦਿੱਤਾ ਗਿਆ ਅਤੇ ਉਸ ਦੇ ਇਲਾਕੇ ਉਸ ਨੂੰ ਵਾਪਸ ਕਰ ਕੇ ਰਾਜੇ ਦਾ ਖ਼ਤਾਬ ਵੀ ਦੇ ਦਿੱਤਾ ਗਿਆ। ਅਹਿਮਦ ਸ਼ਾਹ ਫੇਰ ਪੰਜਾਬ ਵਾਪਸ ਪਰਤਿਆ ਅਤੇ ਅੰਮ੍ਰਿਤਸਰ ਗਿਆ ਜਿਥੇ ਕੁਝ ਸਿੱਖ ਦੀਵਾਲੀ ਮਨਾਉਣ ਲਈ ਮੁੜ ਕੇ ਇਕੱਤਰ ਹੋ ਗਏ ਸਨ। ਉਸ ਦੇ ਪੁੱਜਣ ਤੇ ਉਹ ਖਿਡ ਪੁੰਡ ਗਏ ਤੇ ਜੇਤੂ ਅਫਗਾਨ ਨੇ ਆਪਣੇ ਮੁਰੀਦਾਂ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋ ਕੇ ਅੰਮ੍ਰਿਤਸਰ ਦੇ ਮੁੜ ਉਸਾਰੇ ਮੰਦਰਾਂ ਦੀ ਤਬਾਹੀ ਕਰ ਕੇ ਅਤੇ ਸਰੋਵਰਾਂ ਨੂੰ ਵੱਢੀਆਂ ਹੋਈਆਂ ਗਊਆਂ ਨਾਲ ਭਰਵਾ ਕੇ ਬੇਸ਼ੁਮਾਰ ਮੁਨਾਰਿਆਂ ਤੇ ਸਿੱਖਾਂ ਦੇ ਵੱਢੇ ਹੋਏ ਸਿਰ ਟੰਗ ਕੇ ਅਤੇ ਭ੍ਰਸ਼ਟ ਹੋਈਆਂ ਮਸੀਤਾਂ ਦੀਆਂ ਕੰਧਾਂ ਨੂੰ ਆਪਣੇ ਕਾਫਰ ਦੁਸ਼ਮਣਾਂ ਦੇ ਖੂਨ ਨਾਲ ਸਾਫ ਕਰ ਕੇ ਆਪਣੇ ਕ੍ਰੋਧ ਦੀ ਅੱਗ ਬੁਝਾਈ।[1] ਉਸ ਸਮੇਂ ਕੰਧਾਰ ਵਿਚ ਇਕ ਬਗਾਵਤ ਫੁੱਟ ਪੈਣ ਕਾਰਣ, ਦੁਰਾਨੀ ਕਾਬਲੀ ਮੱਲ[2] ਨੂੰ ਲਾਹੌਰ ਦੀ ਸੂਬੇਦਾਰੀ ਸੰਭਾਲ ਕੇ 1763 ਦੇ ਆਰੰਭ ਵਿਚ ਤੇਜ਼ੀ ਨਾਲ ਆਪਣੇ ਮੁਲਕ ਵੱਲ ਪਰਤ ਗਿਆ।

ਸਿੱਖ ਭਾਵੇਂ ਅਤਿ ਨਿਰਬਲ ਹੋ ਚੁੱਕੇ ਸਨ ਪਰ ਮੈਲਕਮ ਲਿਖਦਾ ਹੈ ਕਿ ਉਨ੍ਹਾਂ ਈਨ ਨਹੀਂ ਸੀ ਮੰਨੀ। ਸਿੱਖ ਕੌਮ ਆਪਣੇ ਸਮੁੱਚੇ ਮੁਢਲੇ ਇਤਿਹਾਸ ਵਿਚ ਉਸ ਲਾਟ ਵਾਂਗੂੰ ਬਲਦੀ ਰਹੀ ਹੈ ਜਿਸ ਨੂੰ ਜਿਨਾ ਬੁਝਾਉਣ ਦੀ ਕੋਸ਼ਿਸ਼ ਕੀਤੀ ਗਈ, ਉਹ ਵਧੇਰੇ ਜ਼ੋਰ ਨਾਲ ਭੜਕੀ। ਉਨ੍ਹਾਂ ਅੰਦਰ ਹੁਣ ਇਹ ਭਾਵਨਾ ਪੈਦਾ ਹੋ ਗਈ ਸੀ ਕਿ ਉਹ ਇਕ ਕੌਮ ਹਨ ਅਤੇ ਉਹ ਹੁਣ ਕੇਵਲ ਲੁਟੇਰਿਆਂ ਦਾ ਟੋਲਾ ਹੀ ਨਹੀਂ ਸਨ ਜਿਸ ਨੂੰ ਕਿਸੇ ਵੀ ਕਾਨੂੰਨ ਦੁਆਰਾ ਬਣੀ ਸਰਕਾਰ ਦੁਬਾਉਂਦੀ ਸਤਾਉਂਦੀ ਅਤੇ ਕੁਚਲਦੀ ਰਹੇ। ਸਗੋਂ ਉਨ੍ਹਾਂ ਦਾ ਵੀ ਰਾਜ ਤੇ ਉੱਨਾ ਹੀ ਹੱਕ ਹੈ ਜਿਨਾ ਕਿਸੇ ਵੀ ਮੁਸਲਮਾਨੀ ਸੱਤਾ ਦਾ,

---

(ਸਫਾ 159 ਦੀ ਬਾਕੀ)

ਹੈ; ਮੈਲਕਮ 20,000 ਤੋਂ ਵੱਧ; 'ਇਬਰਤ ਨਾਮਾ' 30,000; ਮੱਰੇ ਨੂੰ ਮਲੇਰ ਕੋਟਲੇ ਦੇ ਇਕ ਮੁਸਲਮਾਨ ਸਿਪਾਹੀ ਨੇ ਜਿਹੜਾ ਲੜਾਈ ਲੜਿਆ ਸੀ ਯਕੀਨ ਦੁਆਇਆ ਕਿ ਕੇਵਲ 12,000 ਸਿੱਖ ਮਰੇ ਤੇ ਜ਼ਖਮੀ ਹੋਏ (ਵੇਖੋ Prinsep, ਪੰਨਾ 20)।

1. ਕਨਿੰਘਮ, ਪੰਨਾ 101

2. ਕਾਬੁਲ ਦਾ ਇਕ ਬ੍ਰਾਹਮਣ; ਹੁਗਲ, ਪੰਨਾ 271

ਜਿਸ ਨੂੰ ਕਿ ਉਹ ਵਿਸ਼ੇਸ਼ ਕਰਕੇ ਦੁਰਾਨੀਆਂ ਦੀ ਸ਼ਕਲ ਵਿਚ, ਧਾੜਵੀ ਅਤੇ ਹੱਕ-ਮਾਰ ਸਮਝਦੇ ਸਨ। ਇਸ ਦੇ ਨਾਲ ਹੀ ਉਹ ਆਪਣੀ ਸ਼ਕਤੀ ਬਾਰੇ ਭਲੀ ਭਾਂਤ ਚੇਤੰਨ ਸਨ ਅਤੇ ਆਲਾ ਸਿੰਘ ਦੇ ਰਾਜੇ ਦਾ ਦਰਜਾ ਪ੍ਰਾਪਤ ਕਰਨ ਦੀ ਵਡਿਆਈ ਨੇ ਉਨ੍ਹਾਂ ਨੂੰ ਹੋਰ ਵੀ ਪੱਕਾ ਵਿਸ਼ਵਾਸ ਦੁਆ ਦਿੱਤਾ ਸੀ ਕਿ ਜਾਬਰ ਦੁਰਾਨੀ ਵੀ ਉਨ੍ਹਾਂ ਤੋਂ ਡਰ ਕੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਉਹ ਇਕ ਦਮ ਭਾਰੀ ਗਿਣਤੀ ਵਿਚ ਇਕੱਤਰ ਹੋ ਕੇ ਕਸੂਰ ਤੇ ਟੁੱਟ ਕੇ ਪੈ ਗਏ ਤੇ ਉਸ ਨੂੰ ਸਾੜ ਦਿੱਤਾ। ਉਨ੍ਹਾਂ ਦੇ ਕ੍ਰੋਧ ਦਾ ਦੂਸਰਾ ਸ਼ਿਕਾਰ ਮਲੇਰ ਕੋਟਲੇ ਦਾ ਬਿਰਧ ਨਵਾਬ ਬਣਿਆ। ਹੀਂਗਨ ਨੂੰ ਕਤਲ ਕਰ ਕੇ ਮਲੇਰ ਕੋਟਲੇ ਨੂੰ ਲੁੱਟ ਲਿਆ ਗਿਆ।

ਇਸ ਤੋਂ ਪਿੱਛੋਂ ਸਿੱਖਾਂ ਨੇ ਅਹਿਮਦ ਸ਼ਾਹ ਦੇ ਨਾਇਬ ਜ਼ੈਨ ਖ਼ਾਂ ਨਾਲ ਨਿਪਟਣ ਲਈ ਦਸੰਬਰ 1763 ਵਿਚ ਸਰਹਿੰਦ ਤੇ ਚੜ੍ਹਾਈ ਕਰ ਦਿੱਤੀ। ਦੋਵੇਂ ਜੱਸਾ ਸਿੰਘ, ਆਲਾ ਸਿੰਘ, ਜਿਹੜਾ ਹੁਣ ਪਟਿਆਲੇ ਦਾ ਰਾਜਾ ਸੀ, ਅਤੇ ਲਗਭਗ ਸਾਰੀਆਂ ਮਿਸਲਾਂ ਦੇ ਆਗੂ[1] ਘ੍ਰਿਣਿਤ ਸ਼ਹਿਰ ਵਿਰੁੱਧ ਮੁਹਿੰਮ ਲਈ ਜੁੜ ਗਏ। ਜ਼ੈਨ ਖ਼ਾਂ ਨੇ ਖ਼ਾਲਸਾ ਫ਼ੌਜਾਂ ਨਾਲ ਲੜਾਈ ਕੀਤੀ ਪਰੰਤੂ ਉਹ, ਸਮੇਤ ਨਾਇਬ ਕਮਾਂਡਰ ਲਛਮੀ ਨਰਾਇਣ ਦੇ, ਕਤਲ ਕਰ ਦਿੱਤਾ ਗਿਆ ਅਤੇ ਸਤਲੁਜ ਤੋਂ ਲੈ ਕੇ ਜਮਨਾ ਤਕ ਦਾ ਸਾਰਾ ਇਲਾਕਾ ਸਿੱਖਾਂ ਦੇ ਹੱਥਾਂ ਵਿਚ ਆ ਗਿਆ ਜਿਸ ਨੂੰ ਸਰਦਾਰਾਂ ਆਪਸ ਵਿਚ ਵੰਡ ਲਿਆ।[2] ਸਰਹਿੰਦ ਤਬਾਹ ਕਰ ਦਿੱਤਾ ਗਿਆ ਅਤੇ ਆਲਾ ਸਿੰਘ ਨੇ ਇਹ ਖੰਡਰਾਤ ਭਾਈ ਬੁੱਧ ਸਿੰਘ, ਜਿਹੜਾ ਅੰਤਿਮ ਗੁਰੂ ਸਾਹਿਬ ਦਾ ਪੁਰਾਣਾ ਸਾਥੀ ਸੀ, ਅਤੇ ਜਿਸ ਨੂੰ ਜੇਤੂਆਂ ਨੇ ਤੁਹਫੇ ਦੇ ਤੌਰ ਤੇ ਦਿੱਤਾ ਸੀ, ਤੋਂ 25,000 ਰੁਪਏ ਵਿਚ ਖਰੀਦ ਲਏ। ਆਪਣੀਆਂ ਜਿੱਤਾਂ ਨਾਲ ਫੁੱਲੇ ਹੋਏ ਸਿੱਖਾਂ ਨੇ ਜਮਨਾ ਪਾਰ ਕੀਤੀ ਤੇ ਸਹਾਰਨਪੁਰ ਲਾਗੇ ਦੇ ਇਲਾਕਿਆਂ ਨੂੰ ਸਾਫ ਕਰਦੇ ਅੱਗੇ ਨਿਕਲ ਗਏ। ਨਜੀਬ-ਉਦ-ਦੌਲਾ ਜਿਹੜਾ ਉਸ ਸਮੇਂ ਭਰਤਪੁਰ ਦਿਆਂ ਜਾਟਾਂ ਨਾਲ

---

1. ਕਨਿੰਘਮ ਸਿੱਖ ਸੈਨਿਕਾਂ ਦੀ ਗਿਣਤੀ 40,000 ਜਾਂ ਇਸ ਦੇ ਨੇੜੇ ਤੇੜੇ ਦਸਦਾ ਹੈ।

2. "ਪਰੰਪਰਾ ਹੁਣ ਵੀ ਦਸਦੀ ਹੈ" ਕਨਿੰਘਮ ਲਿਖਦਾ ਹੈ, "ਕਿ ਕਿਸ ਤਰ੍ਹਾਂ ਲੜਾਈ ਜਿੱਤ ਲੈਣ ਤੋਂ ਪਿੱਛੋਂ ਸਿੱਖ ਤੁਰੰਤ ਖਿੰਡ-ਪੁੰਡ ਗਏ, ਅਤੇ ਕਿਸ ਤਰ੍ਹਾਂ ਦਿਨ ਰਾਤ ਘੋੜਿਆਂ ਦੀ ਸਵਾਰੀ ਕਰਦਿਆਂ ਹਰੇਕ ਘੋੜਸਵਾਰ ਆਪਣੀ ਪੇਟੀ ਤੇ ਮਿਆਨ, ਆਪਣੀ ਵਰਦੀ ਦੀਆਂ ਵਸਤਾਂ ਅਤੇ ਸਾਜ਼-ਸਾਮਾਨ ਆਉਣ ਵਾਲੇ ਪਿੰਡਾਂ ਵਿਚ ਆਪਣੀ ਸਰਦਾਰੀ ਜਤਾਉਣ ਲਈ, ਉਸ ਵੇਲੇ ਤਕ ਸੁਟਦਾ ਜਾਂਦਾ ਜਦ ਤਕ ਕਿ ਲਗਭਗ ਨੰਗਾ ਨ ਹੋ ਜਾਂਦਾ।" ਮੁਫਤੀ ਅਲੀ-ਉਦ-ਦੀਨ ਕਹਿੰਦਾ ਹੈ ਕਿ ਇਹ ਘੋੜਸਵਾਰ ਪਹਿਲਾਂ ਤਾਂ ਉਨ੍ਹਾਂ ਪਿੰਡਾਂ ਦੇ ਜ਼ਿਮੀਂਦਾਰਾਂ ਤੋਂ ਧਨ ਮੰਗਦੇ ਜਿਨ੍ਹਾਂ ਵਿਚੋਂ ਦੀ ਇਹ ਲੰਘਦੇ। ਜੇ ਧਨ ਨ ਮਿਲਦਾ ਤਾਂ ਉਹ ਗੁੜ ਦੀ ਮੰਗ ਕਰਦੇ, ਜੇ ਇਹ ਵੀ ਨ ਮਿਲਦਾ ਤਾਂ ਉਹ ਕੁਝ ਰੋਟੀਆਂ ਲੈ ਲੈਂਦੇ। ਪਿੰਡਾਂ ਵਾਲੇ ਹਸਦੇ ਪਰੰਤੂ ਸਿੱਖ ਘੋੜਸਵਾਰ ਛੇਤੀ ਹੀ ਮੁੜ ਆਉਂਦੇ ਤੇ ਉਹ ਤੁਛ ਭੇਟਾਵਾਂ ਈਨ ਮੰਨਣ ਦੀ ਨਿਸ਼ਾਨੀ ਸਮਝ ਕੇ ਹਰ ਪਿੰਡ ਤੇ ਜਿਸ ਵਿਚੋਂ ਉਹ ਲੰਘਦੇ ਆਪਣਾ ਰਾਜ ਸਥਾਪਿਤ ਕਰਦੇ।" ਅਲੀ-ਉਦ-ਦੀਨ ਕਈ ਕਸਬਿਆਂ ਤੇ ਪਿੰਡਾਂ ਦੇ ਨਾਉਂ ਵੀ ਦਿੰਦਾ ਹੈ ਜਿਹੜੇ ਹਰੇਕ ਸਰਦਾਰ ਨੇ ਇਸ ਮਹਾਨ ਜਿੱਤ ਪਿੱਛੋਂ ਸੰਭਾਲੇ।

ਲੜ ਰਿਹਾ ਸੀ, ਤੁਰੰਤ ਆਪਣੀ ਜਾਗੀਰ ਨੂੰ ਬਚਾਉਣ ਲਈ ਵਧਿਆ ਅਤੇ ਸਿੱਖਾਂ ਨੂੰ ਰਿਸ਼ਵਤ ਦੇ ਕੇ ਆਪਣੇ ਇਲਾਕੇ ਤੋਂ ਬਾਹਰ ਰੱਖਣ ਵਿਚ ਸਫਲ ਹੋ ਗਿਆ। ਉਸ ਨੇ ਜਾਟਾਂ ਵਿਰੁੱਧ ਆਪਣੀ ਲੜਾਈ ਮੁੜ ਚਾਲੂ ਕਰ ਦਿੱਤੀ ਤੇ ਉਨ੍ਹਾਂ ਦੇ ਪ੍ਰਸਿੱਧ ਸਰਦਾਰ ਸੂਰਜ ਮੱਲ ਨੂੰ ਮਾਰ ਕੇ ਉਨ੍ਹਾਂ ਨੂੰ ਹਾਰ ਦਿੱਤੀ। ਪਰ ਭੂਤਪੂਰਵ ਸਰਦਾਰ ਦੇ ਪੁੱਤਰ ਨੇ ਸਿੱਖਾਂ ਤੇ ਮਰਹੱਟਿਆਂ ਦੀ ਸਹਾਇਤਾ ਨਾਲ ਦਿੱਲੀ ਨੂੰ ਘੇਰਾ ਪਾ ਲਿਆ ਤੇ ਰੁਹੀਲਾ ਸਰਦਾਰ ਉਤੇ ਭਾਰੀ ਭੀੜ ਆ ਬਣੀ।

ਸਰਹਿੰਦ ਹੱਥੋਂ ਨਿਕਲ ਜਾਣ ਅਤੇ ਆਪਣੇ ਰੁਹੀਲਾ ਨਾਇਬ ਦੀ ਮੁਸੀਬਤ ਦੀ ਖਬਰ ਸੁਣ ਕੇ ਦੁਰਾਨੀ ਇਕ ਵਾਰੀ ਫੇਰ, ਸੱਤਵੀਂ ਵਾਰ 1764 ਵਿਚ ਭਾਰਤ ਤੇ ਚੜ੍ਹ ਆਇਆ। ਇਸ ਦੌਰਾਨ ਹਮਲਾਵਰਾਂ ਵਿਚਕਾਰ ਝਗੜਿਆਂ ਕਾਰਣ ਦਿੱਲੀ ਨੂੰ ਘੇਰਾ ਪਾ ਲਿਆ ਗਿਆ ਸੀ ਅਤੇ ਅਫਗਾਨਿਸਤਾਨ ਵਿਚ ਬਗਾਵਤਾਂ ਮੁੜ ਫੁੱਟਣ ਕਾਰਣ ਅਹਿਮਦ ਸ਼ਾਹ ਨੇ ਸਰਹਿੰਦ ਵਾਪਸ ਲੈਣ ਲਈ ਕੋਈ ਕਦਮ ਨ ਚੁੱਕੇ। ਉਸ ਨੇ ਆਲਾ ਸਿੰਘ ਨੂੰ ਮਹਾਰਾਜ ਦਾ ਖ਼ਤਾਬ ਬਖਸ਼ ਕੇ ਆਪਣੇ ਨਾਂ ਦਾ ਸਿੱਕਾ ਚਲਾਉਣ ਦੀ ਆਗਿਆ ਦੇ ਦਿੱਤੀ ਅਤੇ ਉਸ ਨੂੰ ਆਪਣੇ ਨਾਇਬ ਦੇ ਤੌਰ ਤੇ ਸਰਹਿੰਦ ਦਾ ਸੂਬੇਦਾਰ ਥਾਪ ਦਿੱਤਾ।

ਇੰਨੇ ਸਮੇਂ ਵਿਚ ਸਿੱਖਾਂ ਨੇ ਲਾਹੌਰ ਦੇ ਨੇੜੇ ਦੇ ਇਲਾਕਿਆਂ ਵਿਚ ਆਪਣੀ ਸੱਤਾ ਸਥਾਪਿਤ ਕਰ ਲਈ ਸੀ। ਉਨ੍ਹਾਂ ਨੇ ਕਾਬਲੀ ਮੱਲ ਨੂੰ ਉਨ੍ਹਾਂ ਕਸਾਈਆਂ ਨੂੰ ਦੰਡ ਦੇਣ ਲਈ ਮਜਬੂਰ ਕਰ ਦਿੱਤਾ ਸੀ ਜਿਹੜੇ ਨਗਰ ਵਿਚ ਗਊਆਂ ਦਾ ਬੱਧ ਕਰਦੇ ਸਨ। ਸਰਦਾਰ ਹਰੀ ਸਿੰਘ ਭੰਗੀ ਦਾ ਪ੍ਰਤਿਨਿਧ, ਜਿਸ ਦਾ ਨਾਉਂ ਟੇਕ ਚੰਦ ਸੀ, ਸ਼ਾਸਨ ਦਿਆਂ ਕੰਮਾਂ ਵਿਚ ਨਿਰਦੇਸ਼ਨ ਦੇਣ ਲਈ ਲਾਹੌਰ ਦਰਬਾਰ ਵਿਚ ਰਹਿੰਦਾ ਸੀ। ਸੋਭਾ ਸਿੰਘ ਦਾ ਮੁਨਸ਼ੀ ਅਫਗਾਨ ਅਫ਼ਸਰਾਂ ਨਾਲ ਸ਼ਾਹ ਆਲਮੀ ਦਰਵਾਜ਼ੇ ਦੀ ਚੂੰਗੀ ਤੇ ਬੈਠਦਾ ਸੀ ਤੇ ਉਸ ਦੇ ਨਾਂ ਤੇ ਚੂੰਗੀ ਦਾ ਨਿਸ਼ਚਿਤ ਭਾਗ ਲੈਂਦਾ ਸੀ। ਜਦੋਂ ਸ਼ਾਹ ਦੁਰਾਨੀ ਮੁੜਨ ਲਗਿਆਂ ਲਾਹੌਰ ਵਿਚੋਂ ਲੰਘ ਰਿਹਾ ਸੀ ਤਾਂ ਉਸ ਨੂੰ ਇਨ੍ਹਾਂ ਪਰਿਸਥਿਤੀਆਂ ਤੋਂ ਜਾਣੂ ਕਰਵਾਇਆ ਗਿਆ ਅਤੇ ਉਸ ਨੇ ਕਲਾਨੌਰ ਤਕ ਸਿੱਖਾਂ ਦਾ ਪਿੱਛਾ ਕੀਤਾ ਅਤੇ ਬੁਲਾਕੀ ਚੱਕ ਦੇ ਨੇੜੇ ਹੋਈ ਲੜਾਈ ਵਿਚ ਕੋਈ 1500 ਸਿੱਖ ਮਾਰੇ ਗਏ ਪਰ ਉਸ ਨੇ ਹਾਲਾਤ ਸੁਧਾਰਨ ਲਈ ਹੋਰ ਕੁਝ ਨ ਕੀਤਾ ਤੇ ਨ ਹੀ ਉਹ ਕਰ ਸਕਦਾ ਸੀ। ਕਾਬਲੀ ਮੱਲ ਸੂਬੇਦਾਰ ਦੇ ਤੌਰ ਤੇ ਕੰਮ ਕਰਦਾ ਰਿਹਾ ਅਤੇ ਸ਼ਾਹ ਤੇਜ਼ੀ ਨਾਲ ਆਪਣੇ ਦੇਸ਼ ਲਈ ਰਵਾਨਾ ਹੋ ਗਿਆ।

ਉਸ ਨੇ ਹਾਲੇ ਪਿੱਠ ਮੋੜੀ ਹੀ ਸੀ ਕਿ ਸਿੱਖ ਫੇਰ ਹੁਮ ਹੁਮਾ ਕੇ ਲਾਹੌਰ ਦੇ ਨੇੜੇ ਇਕੱਤਰ ਹੋ ਗਏ। ਲਹਿਣਾ ਸਿੰਘ ਅਤੇ ਗੁੱਜਰ ਸਿੰਘ ਜਿਹੜੇ ਦੋਵੇਂ ਹੀ ਭੰਗੀ ਬੰਸ ਵਿਚੋਂ ਸਨ, ਨੇ ਆਪਣੀਆਂ ਫੌਜਾਂ ਸਮੇਤ ਲਾਹੌਰ ਦੇ ਨੇੜੇ ਬਾਗਬਾਨਪੁਰੇ ਵਿਚ ਡੇਰੇ ਲਾ ਲਏ

ਅਤੇ ਉਨ੍ਹਾਂ ਨੇ ਸੁਲਤਾਨ, ਗੁਲਾਮ ਰਸੂਲ, ਅਸਰਾ, ਚੰਨੂ ਅਤੇ ਬਾਗਰ, ਜੋ ਕਿ ਪਿੰਡ ਦ ਅਰਾਈਂ ਸਨ ਅਤੇ ਕਿਲ੍ਹੇ ਵਿਚ ਮਾਲੀ ਦਾ ਕੰਮ ਕਰਦੇ ਸਨ, ਨਾਲ ਇਕ ਸਾਜ਼ਸ਼ ਘੜੀ। ਕਿਲ੍ਹੇ ਦਾ ਥਾਣੇਦਾਰ ਨੰਦ ਲਾਲ ਪੂਰਬੀਆ ਵੀ ਨਾਲ ਰਲ ਗਿਆ। ਰਾਤ ਨੂੰ ਕਿਲ੍ਹੇ ਦੀ ਕੰਧ ਭੰਨ ਕੇ ਗੁੱਜਰ ਸਿੰਘ ਪੰਜਾਹ ਛਾਂਟਵੇਂ ਯੋਧਿਆਂ ਸਮੇਤ ਕਿਲ੍ਹੇ ਅੰਦਰ ਦਾਖ਼ਿਲ ਹੋ ਗਿਆ। ਗਿਣੀ-ਮਿਥੀ ਸਾਜ਼ਸ਼ ਅਨੁਸਾਰ ਉਸ ਬਾਰਾਂਦਰੀ ਨੂੰ ਜਿਥੇ ਅਹਿਮਦ ਸ਼ਾਹ ਆਪਣੇ ਲਾਹੌਰ ਵਿਖੇ ਕਿਆਮ ਸਮੇਂ ਰਿਹਾ ਕਰਦਾ ਸੀ, ਲਹਿਣਾ ਸਿੰਘ ਨੂੰ ਸੰਕੇਤ ਦੇਣ ਲਈ ਜਿਹੜਾ ਕਿ ਪੂਰੀ ਸੈਨਾ ਸਮੇਤ ਬਾਹਰ ਉਡੀਕ ਕਰ ਰਿਹਾ ਸੀ, ਅੱਗ ਲਗਾ ਦਿੱਤੀ ਗਈ। ਸੰਕੇਤ ਪਾ ਕੇ ਪੂਰੀ ਦੀ ਪੂਰੀ ਖ਼ਾਲਸਾ ਸੈਨਾ ਅੰਦਰ ਘੁਸ ਗਈ। ਕਾਬਲੀ ਮੱਲ ਕਿਤੇ ਬਾਹਰ ਗਿਆ ਹੋਇਆ ਸੀ। ਉਸ ਦੇ ਭਤੀਜੇ ਅਮਰ ਸਿੰਘ ਅਤੇ ਜੁਆਈ ਜਗਨ ਨਾਥ ਨੇ ਕੁਝ ਟਾਕਰਾ ਕੀਤਾ। ਪਰ ਛੇਤੀ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਅਤੇ ਖ਼ਾਲਸੇ ਦਾ ਝੰਡਾ ਕਿਲ੍ਹੇ ਉਤੇ ਗੱਡ ਦਿੱਤਾ ਗਿਆ।[1] ਸ਼ਹਿਰ ਵਿਚ ਲੁੱਟ-ਮਾਰ ਮਚ ਗਈ ਜਿਹੜੀ ਕਿ ਕੁਝ ਸਮੇਂ ਪਿੱਛੋਂ ਕੁਝ ਹਿੰਦੂ ਅਤੇ ਮੁਸਲਮਾਨ ਰਈਸਾਂ ਦੀ ਵਿਚੋਲਗੀ ਕਾਰਣ ਬੰਦ ਕਰ ਦਿੱਤੀ ਗਈ।[2] ਨਗਰ ਅਤੇ ਉਸ ਦੇ ਆਲੇ ਦੁਆਲੇ ਦਾ ਇਲਾਕਾ ਤਿੰਨ ਭਾਗਾਂ ਵਿਚ ਵੰਡਿਆ ਗਿਆ। ਨਿਆਜ਼ ਬੇਗ ਤਕ ਦਾ ਲਾਹੌਰ ਦਾ ਦੱਖਣੀ ਭਾਗ ਸੋਭਾ ਸਿੰਘ ਦੇ ਹਿੱਸੇ ਵਿਚ ਆਇਆ, ਕਾਬਲੀ ਮੱਲ ਦੀ ਹਵੇਲੀ ਨਗਰ ਦੇ ਪੂਰਬੀ ਭਾਗ ਸਮੇਤ ਗੁੱਜਰ ਸਿੰਘ ਨੂੰ ਦਿੱਤੀ ਗਈ,[3] ਜਦ ਕਿ ਲਹਿਣਾ ਸਿੰਘ ਨੇ ਕਿਲ੍ਹੇ ਅਤੇ ਸ਼ਾਹੀ ਮਸਜਿਦ ਤੇ ਕਬਜ਼ਾ ਕੀਤਾ।[4] ਇਸ ਜਿੱਤ ਨੇ ਸਿੱਖਾਂ ਦੀ ਜਾਗੀਰ ਜਿਹਲਮ ਦਿਆਂ ਕੰਢਿਆਂ ਤਕ ਪੁਚਾ ਦਿੱਤੀ। ਤੇ ਇਸ ਤਰ੍ਹਾਂ ਜਮਨਾ ਅਤੇ ਜਿਹਲਮ ਵਿਚਕਾਰ ਦਾ ਸਾਰਾ ਪ੍ਰਦੇਸ਼ ਹੁਣ ਖ਼ਾਲਸੇ ਦਾ ਸਾਂਝਾ ਭਾਈਚਾਰਕ ਰਾਜ ਬਣ ਗਿਆ।

ਫੇਰ ਸਿੱਖ ਮਿਸਲਾਂ ਨੇ 1765 ਵਿਚ ਅੰਮ੍ਰਿਤਸਰ ਵਿਖੇ ਗੁਰਮਤਾ ਕੀਤਾ ਅਤੇ ਖ਼ਾਲਸੇ ਦੇ ਆਦੇਸ਼ ਨਾਲ ਧਰਮ ਦੇ ਸਰਵੋਤਮ ਹੋਣ ਦੀ ਘੋਸ਼ਣਾ ਕਰ ਦਿੱਤੀ ਗਈ। ਪ੍ਰਭੁਤਾ ਦੀ ਧਾਕ ਇਕ ਸਿੱਕਾ ਢਾਲ ਕੇ ਬਿਠਾਈ ਗਈ ਜਿਸ ਉਪਰ ਫਾਰਸੀ ਵਿਚ ਇਹ ਉਕਰਿਆ ਹੋਇਆ ਸੀ

1. ਇਸ ਦਿਲਚਸਪ ਫ਼ੌਜੀ ਰਾਜ-ਪਲਟੇ ਦਾ ਹੋਰ ਹਾਲ ਜਾਣਨ ਲਈ ਅਲੀ-ਉਦ-ਦੀਨ ਦਾ 'ਇਬਾਰਤ ਨਾਮਾ' ਵੇਖੋ।

2. ਜਿਵੇਂ, ਚੌਧਰੀ ਰੂਪਾ, ਲਾਲਾ ਬਿਸ਼ਨ ਸਿੰਘ, ਮਹਾਰਾਜ ਸਿੰਘ, ਹਾਫ਼ਿਜ਼ ਕਾਦਿਰ ਬਖਸ਼ ਅਤੇ ਮੀਰ ਨੱਥੂ ਸ਼ਾਹ, ਜੋ ਕਿ ਪ੍ਰਸਿੱਧ ਮਹਾਤਮਾ ਸੀ (ਇਬਰਤ ਨਾਮਾ)।

3. ਲਾਹੌਰ ਦੇ ਨਾਲ ਲਗਦਾ ਪੂਰਬੀ ਇਲਾਕਾ ਅਜੇ ਵੀ ਗੁੱਜਰ ਸਿੰਘ ਦਾ ਕਿਲ੍ਹਾ ਕਹਾਉਂਦਾ ਹੈ।

4. ਜਿਹੜੀ, ਅਸਲ ਵਿਚ ਹੁਣ ਮਸਜਿਦ ਨ ਰਹੀ ਅਤੇ 1849 ਈ. ਤਕ ਸਿੱਖਾਂ ਦੇ ਬਾਰੂਦਖਾਨੇ ਦਾ ਇਕ ਭਾਗ ਬਣੀ ਰਹੀ।

"ਦੇਗੋ ਤੇਗੋ ਫਤੇ ਨੁਸਰਤ ਬੇਦਰੰਗ,
ਯਾਫਤ ਅਜ਼ ਨਾਨਕ, ਗੁਰੂ ਗੋਬਿੰਦ ਸਿੰਘ ।"

ਜਿਸ ਦਾ ਭਾਵ ਹੈ "ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਤੋਂ ਖੁਸ਼ਹਾਲੀ, ਸ਼ਕਤੀ ਅਤੇ ਫਤਿਹ ਪ੍ਰਾਪਤ ਕੀਤੀ ।"

ਕੋਈ ਦੋ ਵਰ੍ਹੇ ਅਮਨ ਤੇ ਸ਼ਾਂਤੀ ਨਾਲ ਲੰਘ ਗਏ । ਪਰ ਪੰਜਾਬ ਜਿਹੜਾ ਕਿ ਉਸ ਦੇ ਅਧੀਨ ਇਲਾਕੇ ਵਿਚੋਂ ਸਭ ਤੋਂ ਖੁਸ਼ਹਾਲ ਸੂਬਾ ਸੀ, ਨੂੰ ਮੁੜ ਪ੍ਰਾਪਤ ਕਰਨ ਲਈ ਅਬਦਾਲੀ ਇਕ ਵਾਰੀ ਫੇਰ 1767 ਈ. ਵਿਚ ਭਾਰਤ ਉਤੇ ਚੜ੍ਹ ਆਇਆ । ਪਰ ਉਹ ਬੁੱਢਾ ਹੋ ਗਿਆ ਸੀ, ਨੱਕ ਦੇ ਨਾਸੂਰ ਦਾ ਰੋਗੀ ਸੀ ਅਤੇ ਉਸ ਸਮੇਂ ਤਕ ਸਿੱਖ ਜਮਨਾ ਤੋਂ ਜਿਹਲਮ ਤਕ ਦੇ ਪ੍ਰਦੇਸ਼ ਦੇ ਮਾਲਿਕ ਬਣ ਚੁੱਕੇ ਸਨ । ਇਸ ਨਾਲ ਹਥਿਆਰਾਂ ਦੀ ਸ਼ਕਤੀ ਨਾਲ ਗੁਆਚੇ ਸੂਬੇ ਨੂੰ ਮੁੜ ਪ੍ਰਾਪਤ ਕਰਨ ਦੀ ਕੋਈ ਆਸ ਨਹੀਂ ਸੀ । ਸਿੱਟੇ ਵਜੋਂ ਉਸ ਨੇ ਆਪਣਾ ਰਾਜ ਸੁਲਾਹ-ਸਫਾਈ ਨਾਲ ਬਚਾਈ ਰੱਖਣ ਦੇ ਜਤਨ ਕੀਤੇ । ਲਾਹੌਰ ਦੇ ਸਿੱਖ ਹਾਕਿਮ ਉਸ ਦੀ ਆਮਦ ਤੇ ਨੱਠ ਗਏ ਸਨ । ਲਾਹੌਰ ਪਹੁੰਚ ਕੇ ਉਸ ਨੇ ਲਹਿਣਾ ਸਿੰਘ[1] ਨੂੰ ਸੱਦਿਆ ਪਰੰਤੂ ਉਸ ਨੇ ਹੁਕਮ ਦੀ ਪਾਲਣਾ ਨ ਕੀਤੀ । ਦਾਦਨ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ।[2] ਸ਼ੁਜਾ ਖ਼ਾਂ ਨੂੰ ਮੁਲਤਾਨ ਦਾ ਅਤੇ ਆਲਾ ਸਿੰਘ ਦੇ ਪੁੱਤਰ ਅਮਰ ਸਿੰਘ ਨੂੰ ਪਟਿਆਲਾ ਤੇ ਸਰਹਿੰਦ ਦੀ ਪ੍ਰਭੂ-ਸੱਤਾ ਦੇ ਮਾਲਿਕ ਦੇ ਤੌਰ ਤੇ ਪੱਕਿਆਂ ਕਰ ਦਿੱਤਾ ਗਿਆ । ਇਥੇ ਉਸ ਦੀਆਂ ਫੌਜਾਂ ਦੇ ਇਕ ਦਸਤੇ[3] ਨੇ

---

1. "ਲਾਹੌਰ ਦੇ ਨਾਗਰਿਕਾਂ ਦੇ ਇਕ ਪ੍ਰਤਿਨਿਧ ਮੰਡਲ ਨੇ ਬਾਦਸ਼ਾਹ ਨੂੰ ਮਿਲ ਕੇ ਬੇਨਤੀ ਕੀਤੀ ਕਿ ਲਹਿਣਾ ਸਿੰਘ ਬਹੁਤ ਹੀ ਚੰਗਾ ਅਤੇ ਹਮਦਰਦ ਹਾਕਿਮ ਹੈ । ਸ਼ਕਤੀਸ਼ਾਲੀ ਹੁੰਦੇ ਹੋਇਆਂ ਵੀ ਉਸ ਨੇ ਕਦੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵਿਤਕਰਾ ਨਹੀਂ ਕੀਤਾ । ਈਦ-ਉਲ-ਜ਼ੁਹਾ ਦੇ ਦਿਨ ਉਹ ਕਾਜ਼ੀ, ਮੁਫਤੀ ਅਤੇ ਮਸਜਿਦਾਂ ਦੇ ਇਮਾਮਾਂ ਨੂੰ ਸਿਰੋਪਾ ਭੇਟ ਕਰਦਾ ਹੈ ਅਤੇ ਸਾਰੇ ਨਾਗਰਿਕਾਂ ਨਾਲ ਬਹੁਤ ਪਿਆਰ ਕਰਦਾ ਹੈ । ਅਹਿਮਦ ਸ਼ਾਹ ਨੇ ਖੇਦ ਪ੍ਰਗਟ ਕੀਤਾ ਕਿ ਅਜੇਹਾ ਹਰਮਨ ਪਿਆਰਾ ਹਾਕਿਮ ਨੱਠ ਗਿਆ ਹੈ । ਉਸ ਨੇ ਲਹਿਣਾ ਸਿੰਘ ਨੂੰ ਮਾਣ-ਆਦਰ ਨਾਲ ਲਾਹੌਰ ਦੀ ਸੂਬੇਦਾਰੀ ਦੀ ਪੇਸ਼ਕਸ਼ ਲਿਖ ਕੇ ਭੇਜੀ । ਪਰੰਤੂ ਲਹਿਣਾ ਸਿੰਘ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਮੁਸਲਮਾਨ ਬਾਦਸ਼ਾਹ ਦੀ ਪੇਸ਼ਕਸ਼ ਪ੍ਰਵਾਨ ਕਰ ਕੇ ਆਪਣੇ ਸਹਿ-ਧਰਮੀਆਂ ਦੀਆਂ ਨਜ਼ਰਾਂ ਵਿਚ ਡਿਗਣਾ ਨਹੀਂ ਚਾਹੁੰਦਾ" । 'ਇਬਰਤਨਾਮਾ' । ਅਹਿਮਦ ਸ਼ਾਹ ਨੇ ਉਸ ਨੂੰ ਫਲਾਂ ਦੀ ਡਾਲੀ ਵੀ ਭੇਜੀ ਪਰੰਤੂ ਉਸ ਨੇ ਇਹ ਕਹਿ ਕੇ ਉਸ ਨੂੰ ਮੋੜ ਦਿੱਤਾ ਕਿ ਫਲ ਤਾਂ ਰਾਜਿਆਂ ਦੇ ਐਸ਼ਵਰਜ ਲਈ ਹੁੰਦੇ ਹਨ, ਉਹ ਤਾਂ ਇਕ ਨਿਗੂਣਾ ਜੇਹਾ ਕਿਰਸਾਣ ਹੈ ਤੇ ਛੋਲਿਆਂ ਦੇ ਦਾਣੇ ਉਸ ਲਈ ਸਭ ਤੋਂ ਉੱਤਮ ਭੋਜਨ ਹਨ।

(ਸੱਯਦ ਮੁਹੰਮਦ ਲਤੀਫ)

2. ਦਾਉਦ ਖ਼ਾਂ, ਸੱਯਦ ਮੁਹੰਮਦ ਲਤੀਫ ਅਨੁਸਾਰ ।
3. ਕਨਿੰਘਮ, ਲਤੀਫ ਅਤੇ ਫ੍ਰਾਸਟਰ ਅਨੁਸਾਰ ਬਾਰਾਂ ਹਜ਼ਾਰ; 'ਇਬਰਤ ਨਾਮਾ' ਅਨੁਸਾਰ ਕੇਵਲ 400 ਜਾਂ 500 ।

ਉਸ ਦਾ ਸਾਥ ਛੱਡ ਦਿੱਤਾ ਅਤੇ ਕਾਬੁਲ ਪਰਤ ਗਿਆ ਅਤੇ ਆਪਣੇ ਦੇਸ਼ ਵਿਚ ਕਿਸੇ ਗੜਬੜ ਦੇ ਡਰ ਤੋਂ ਅਹਿਮਦ ਸ਼ਾਹ ਤੇਜ਼ੀ ਨਾਲ ਉਨ੍ਹਾਂ ਦੇ ਪਿੱਛੇ ਪਿੱਛੇ ਵਾਪਸ ਚਲਾ ਗਿਆ।[1] ਉਸ ਨੇ ਲਾਹੌਰ ਤੋਂ ਬਾਹਰ ਕਦਮ ਧਰਿਆ ਹੀ ਸੀ ਕਿ ਸਿੱਖਾਂ ਨੇ ਉਸ ਦਾ ਪਿੱਛਾ ਕਰ ਕੇ ਉਸ ਦੀਆਂ ਪਿਛਲੀਆਂ ਫੌਜਾਂ ਨੂੰ ਸਤਾਉਣਾ ਅਤੇ ਉਨ੍ਹਾਂ ਦਾ ਸਾਜ਼-ਸਾਮਾਨ ਲੁੱਟਣਾ ਆਰੰਭ ਕਰ ਦਿੱਤਾ। ਜਿਵੇਂ ਹੀ ਉਸ ਨੇ ਸਿੰਧ ਪਾਰ ਕੀਤਾ ਕਿ ਸਿੱਖਾਂ ਨੇ ਚੜ੍ਹਤ ਸਿੰਘ ਤੇ ਹੋਰ ਆਗੂਆਂ ਦੀ ਅਗਵਾਈ ਵਿਚ ਰੋਹਤਾਸ ਦੇ ਕਿਲ੍ਹੇ ਤੇ ਚੜ੍ਹਾਈ ਕਰ ਦਿੱਤੀ ਅਤੇ ਦੁਰਾਨੀ ਦੇ ਸੂਬੇਦਾਰ ਸਰਫਰਾਜ਼ ਖ਼ਾਂ ਨੂੰ ਉਥੋਂ ਕੱਢ ਦਿੱਤਾ। ਲਾਹੌਰ ਦੇ ਤਿੰਨ ਸਾਂਝੇ ਹਾਕਿਮਾਂ ਨੇ ਇਸ ਨੂੰ ਫੇਰ ਸੰਭਾਲ ਲਿਆ ਤੇ ਰੋਹਤਾਸ ਦਾ ਕਿਲ੍ਹਾ ਹੱਥ ਆ ਜਾਣ ਨਾਲ ਖ਼ਾਲਸੇ ਦਾ ਇਲਾਕਾ ਸਿੰਧ ਦੇ ਕੰਢਿਆਂ ਨੂੰ ਛੂਹਣ ਲੱਗ ਪਿਆ। ਇਸ ਤਰ੍ਹਾਂ 1768 ਵਿਚ ਖ਼ਾਲਸੇ ਦਾ ਸਾਂਝਾ ਰਾਜ ਜਮਨਾ ਤੋਂ ਸਿੰਧ ਤਕ ਫੈਲ ਗਿਆ। ਗੁਰੂ ਨਾਨਕ ਦੁਆਰਾ ਸੁਟਿਆ ਬੀਜ, ਹੁਣ ਉਸ ਦੇ ਅਗਰਗਾਮੀਆਂ ਦੇ ਜੌਹਰ, ਗੁਰੂ ਗੋਬਿੰਦ ਸਿੰਘ ਦੀ ਮਹਾਨ ਸੈਨਿਕ ਪ੍ਰਤਿਭਾ ਅਤੇ ਬੰਦਾ ਬਹਾਦਰ ਦੀ ਅਜਿੱਤ ਭਾਵਨਾ ਕਾਰਣ, ਲਹਿ-ਲਹਾਉਂਦੀ ਫਸਲ ਬਣ ਗਿਆ। ਸਿੱਖ ਕੌਮ ਨਾਮ ਦੇ ਜਾਪ ਤੋਂ ਸ਼ੁਰੂ ਹੋਈ ਅਤੇ ਹਤਿਆਰੇ ਮਾਲਿਕਾਂ ਦੇ ਜਾਬਰ ਹੱਥਾਂ ਵਿਚੋਂ ਸੱਤਾ ਖੋਹਣ ਨਾਲ ਇਹ ਪ੍ਰਵਾਨ ਚੜ੍ਹੀ। ਸਿੱਖਾਂ ਦੀ ਰਾਜਨੀਤਿਕ ਜਥੇਬੰਦੀ ਹੁਣ ਸੰਪੂਰਣ ਸੀ ਅਤੇ ਪੰਜ ਦਰਿਆਵਾਂ ਦੀ ਧਰਤੀ ਦੀ ਪ੍ਰਭੁਤਾ ਹੁਣ ਸਥਾਈ ਤੌਰ ਤੇ[2] ਖ਼ਾਲਸੇ ਦੇ ਹੱਥਾਂ ਵਿਚ ਆ ਗਈ ਜਿਸ ਦੀ ਉਨ੍ਹਾਂ ਨੇ ਹੋਰ ਵੀ ਵਧੇਰੇ ਸ਼ਕਤੀ, ਜਿਸ ਨੇ ਕਿ ਕੋਈ ਇਕ ਸਦੀ ਉਪਰੰਤ ਉਨ੍ਹਾਂ ਦੇ ਭਵਿੱਖ ਨੂੰ ਢਾਲਣਾ ਸੀ, ਦੀ ਪ੍ਰਾਪਤੀ ਵਾਸਤੇ ਰੱਖਿਆ ਕਰਨੀ ਸੀ।

---

1. ਕਨਿੰਘਮ ਦਾ ਇਹ ਕਥਨ ਪੂਰਣ ਤੌਰ ਤੇ ਗ਼ਲਤ ਹੈ ਕਿ ਇਸ ਹਮਲੇ ਸਮੇਂ ਉਹ ਲਾਹੌਰ ਨੂੰ ਕੰਢ ਦੇ ਗਿਆ। ਵੇਖੋ, 'ਪੰਥ ਪ੍ਰਕਾਸ਼', 'ਇਬਰਤ ਨਾਮਾ', ਅਤੇ ਸੱਯਦ ਮੁਹੰਮਦ ਲਤੀਫ਼।

2. ਸਿੱਖ 1797 ਵਿਚ ਸ਼ਾਹ ਜ਼ਮਾਨ ਦੇ ਹੱਲੇ ਨਾਲ ਥੋੜ੍ਹੇ ਜੇਹੇ ਘਬਰਾਏ ਹੋਏ ਸਨ ਪਰੰਤੂ ਇਹ ਤਾਂ ਇਕ ਉਡਦਾ ਵਰੋਲਾ ਹੀ ਸੀ ਤੇ 1768 ਤੋਂ ਅੰਗ੍ਰੇਜ਼-ਸਿੱਖ ਲੜਾਈਆਂ ਤੱਕ ਸਿੱਖਾਂ ਦਾ ਕੋਈ ਬਾਹਰਲਾ ਸ਼ਤਰੂ ਨਹੀਂ ਰਹਿ ਗਿਆ ਸੀ ਜਿਸ ਦਾ ਉਨ੍ਹਾਂ ਨੂੰ ਟਾਕਰਾ ਕਰਨਾ ਪਿਆ ਹੋਵੇ।

ਅਧਿਆਇ ੧੭

ਮਿਸਲਾਂ ਦੇ ਸਮੇਂ ਦਾ ਪੰਜਾਬ (1768-1798)

ਖ਼ਾਲਸਾ ਹੁਣ ਪੰਜਾਬ ਵਿਚ ਸਰਵ–ਉੱਚ ਸ਼ਕਤੀ ਬਣ ਚੁੱਕਾ ਸੀ, ਪਰੰਤੂ ਇਸ ਨੇ ਇਕ ਸੰਗਠਿਤ ਸ਼ਕਤੀ ਦਾ ਰੂਪ ਹਾਲੇ ਧਾਰਨ ਕਰਨਾ ਸੀ। ਸਾਰਾ ਸੂਬਾ ਬਾਰਾਂ ਸੁਤੰਤਰ ਮਿਸਲਾਂ ਵਿਚ ਵੰਡਿਆ ਹੋਇਆ ਸੀ ਜਿਹੜੀਆਂ ਸਿੱਖ ਹਾਕਿਮਾਂ ਅਧੀਨ ਸਨ। ਉਨ੍ਹਾਂ ਵਿਚਕਾਰ ਸਾਂਝ ਦੀ ਇਕੋ ਇਕ ਕੜੀ ਉਨ੍ਹਾਂ ਦਾ ਸਾਂਝਾ ਧਰਮ ਅਤੇ ਸਾਂਝਾ ਵੈਰੀ ਹੁੰਦਾ ਸੀ, ਜਦੋਂ ਉਹ ਵੈਰੀ ਦਾ ਟਾਕਰਾ ਇਕ ਹੋ ਕੇ ਕਰਦੇ ਸਨ। ਨਹੀਂ ਤਾਂ ਇਹ ਮਿਸਲਾਂ ਇਕ ਦੂਜੇ ਤੋਂ ਪੂਰਣ ਤੌਰ ਤੇ ਸੁਤੰਤਰ ਸਨ ਅਤੇ ਜਿਵੇਂ ਕਿ ਅੱਗੇ ਜਾ ਕੇ ਪਤਾ ਲੱਗੇਗਾ, ਅਕਸਰ ਇਕ ਦੂਜੇ ਨਾਲ ਲੜਦੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਇਲਾਕੇ ਦੀਆਂ ਹੱਦਾਂ ਬਦਲ-ਦੀਆਂ ਰਹਿੰਦੀਆਂ ਸਨ, ਇਸੇ ਲਈ ਉਸ ਸਮੇਂ ਦੇ ਪੰਜਾਬ ਦਾ ਰਾਜਨੀਤਿਕ ਨਕਸ਼ਾ ਪੇਸ਼ ਕਰਨਾ ਪੂਰਣ ਤੌਰ ਤੇ ਅਸੰਭਵ ਹੈ। ਤਾਂ ਵੀ ਇਥੇ ਕਿਸੇ ਨ ਕਿਸੇ ਤਰ੍ਹਾਂ ਦੀ ਹਕੂਮਤ ਕਾਇਮ ਸੀ ਅਤੇ ਕਈ ਬਹੁਤ ਹੀ ਸ਼ਾਨਦਾਰ ਰਾਜਨੀਤਿਕ ਸੰਸਥਾਵਾਂ ਇਸ ਹਕੂਮਤ ਵਿਚ ਵੀ ਵਧੀਆਂ–ਫੁੱਲੀਆਂ। ਭਾਵੇਂ ਕੁਝ ਵੀ ਹੋਵੇ, ਮਿਸਲਾਂ ਦੀ ਹਕੂਮਤ ਨੇ ਮੁਗ਼ਲ ਰਾਜ ਦੇ ਅੰਤ ਅਤੇ ਰਣਜੀਤ ਸਿੰਘ ਦੇ ਪੱਕੇ ਸ਼ਾਸਨ ਦੇ ਵਿਚਕਾਰਲੇ ਖੱਪੇ ਨੂੰ ਪੂਰਿਆ। ਇਸ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਉਨ੍ਹਾਂ ਪ੍ਰਸਿੱਧ ਸੰਸਥਾਵਾਂ, ਜਿਹੜੀਆਂ ਸਾਰੀਆਂ ਮਿਸਲਾਂ ਦਾ ਸਾਂਝਾ ਲੱਛਣ ਸਨ, ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਸਰਵੇਖਣ ਕਰਨ ਤੋਂ ਪਹਿਲਾਂ, ਇਨ੍ਹਾਂ ਮਿਸਲਾਂ ਦਾ ਸੰਖੇਪ ਵਿਵਰਣ ਦਿੱਤਾ ਜਾਵੇ।

1. ਭੰਗੀ ਮਿਸਲ

ਭੰਗੀ ਮਿਸਲ ਦੀ ਨੀਂਹ ਅੰਮ੍ਰਿਤਸਰ ਦੇ ਨੇੜੇ ਦੇ ਇਕ ਪਿੰਡ ਪੰਜਵਾੜ ਦੇ ਇਕ ਜਟ ਛੱਜਾ ਸਿੰਘ ਨੇ ਰੱਖੀ। ਉਸ ਨੂੰ ਬੰਦਾ ਬਹਾਦਰ ਵਰਗੇ ਮਹਾਨ ਪੁਰਸ਼ ਦੇ ਹੱਥੋਂ ਅੰਮ੍ਰਿਤ ਛਕਣ ਦਾ ਸੁਭਾਗ ਪ੍ਰਾਪਤ ਹੋਇਆ ਸੀ ਅਤੇ ਇਹ ਜਾਪਦਾ ਹੈ ਕਿ ਮਹਾਨ ਆਗੂ ਦੇ ਅੰਮ੍ਰਿਤ ਛਕਾਉਣ ਵੇਲੇ ਦਿੱਤੇ ਆਦੇਸ਼ ਉਸ ਨੂੰ ਹੁਣ ਤਕ ਯਾਦ ਸਨ। ਉਸ ਨੇ ਜੱਟਾਂ ਦਾ ਇਕ ਛੋਟਾ ਜੇਹਾ ਜਥਾ ਤਿਆਰ ਕੀਤਾ ਜਿਨ੍ਹਾਂ ਨੂੰ ਉਸ ਨੇ ਆਪਣੇ ਹੱਥੀਂ

ਸਿੱਖ ਬਣਾਇਆ ਸੀ ਅਤੇ ਮੁਗਲਾਂ ਦੇ ਇਲਾਕੇ ਵਿਚ ਲੁੱਟ-ਮਾਰ ਦੀਆਂ ਵਾਰਦਾਤਾਂ ਕਰਨੀਆਂ ਆਰੰਭ ਕਰ ਦਿੱਤੀਆਂ। ਪਰ ਭੀਮ ਸਿੰਘ ਦੀ ਅਗਵਾਈ ਵਿਚ ਹੀ ਮਿਸਲ ਨੇ ਜਥੇਬੰਦਕ ਰੂਪ ਧਾਰ ਕੇ ਸ਼ਕਤੀ ਪ੍ਰਾਪਤ ਕੀਤੀ। ਇਹ ਭੀਮ ਸਿੰਘ ਇਕ ਵਿਹਲੜ ਤੇ ਫੱਕੜ ਮਨੁੱਖ ਪ੍ਰਤੀਤ ਹੁੰਦਾ ਹੈ ਜਿਹੜਾ ਭੰਗ ਦਾ ਆਦੀ ਸੀ ਅਤੇ ਦਰਬਾਰ ਸਾਹਿਬ ਵਿਚ ਭੰਗ[1] ਘੋਟ ਕੇ ਆਪਣਾ ਗੁਜ਼ਾਰਾ ਕਰਿਆ ਕਰਦਾ ਸੀ, ਜਦੋਂ ਛੱਜਾ ਸਿੰਘ ਨੇ ਉਸ ਨੂੰ ਸਿੱਖ ਬਣਾ ਕੇ ਸਿਪਾਹੀ ਭਰਤੀ ਕੀਤਾ। ਇਹੀ ਸਮਾਂ ਸੀ ਜਦੋਂ ਉਸ ਦੀ ਅੰਤਰੀਵ ਪ੍ਰਤਿਭਾ ਲੋਕਾਂ ਵਿਚ ਪ੍ਰਬੰਧਕ ਅਤੇ ਕਮਾਂਡਰ ਦੇ ਤੌਰ ਤੇ ਉਜਾਗਰ ਹੋਣ ਲੱਗੀ। ਨਾਦਰ ਸ਼ਾਹ ਦੇ ਹੱਲੇ ਨੇ ਦੇਸ਼ ਵਿਚ ਭਾਰੀ ਹਲਚਲ ਪੈਦਾ ਕਰ ਦਿੱਤੀ ਸੀ। ਭੀਮ ਸਿੰਘ ਨੇ ਇਸ ਦਾ ਪੂਰਾ ਪੂਰਾ ਲਾਭ ਉਠਾਇਆ ਅਤੇ ਧਾੜਵੀਆਂ ਦੇ ਨਿੱਕੇ ਜੇਹੇ ਟੋਲੇ ਨੂੰ, ਜਿਹੜਾ ਉਸ ਦੇ ਪੂਰਵਜ ਛੱਡ ਗਏ ਸਨ, ਇਕ ਸ਼ਕਤੀ-ਸ਼ਾਲੀ ਮਿਸਲ ਵਿਚ ਤਬਦੀਲ ਕਰ ਦਿੱਤਾ।

ਭੀਮ ਸਿੰਘ ਦੀ ਥਾਂ ਉਸ ਦੇ ਭਤੀਜੇ ਹਰੀ ਸਿੰਘ, ਜੋ ਕਿ ਉਸ ਦਾ ਗੋਦ-ਲਿਆ ਪੁੱਤਰ ਸੀ, ਨੇ ਸੰਭਾਲੀ ਜਿਹੜਾ ਕਿ ਵਧਨੀ ਨੇੜੇ ਦੇ ਪਿੰਡ ਪੱਤੋ ਦੇ ਜ਼ਿਮੀਂਦਾਰ ਭੂਪ ਸਿੰਘ ਦਾ ਪੁੱਤਰ ਸੀ। ਹਰੀ ਸਿੰਘ ਇਕ ਮਹਾਨ ਸਿਪਾਹੀ ਅਤੇ ਯੋਗ ਕਮਾਂਡਰ ਦੇ ਸਾਰੇ ਗੁਣਾਂ ਦਾ ਭੰਡਾਰ ਸੀ ਅਤੇ ਉਸ ਅਧੀਨ ਭੰਗੀ ਮਿਸਲ ਨੂੰ ਭਾਰੀ ਪ੍ਰਸਿੱਧੀ, ਧਨ ਅਤੇ ਸੱਤਾ ਪ੍ਰਾਪਤ ਹੋਏ।

ਉਸ ਪਾਸ ਵੀਹ ਹਜ਼ਾਰ ਸਿਪਾਹੀਆਂ ਦੀ ਫ਼ੌਜ ਸੀ ਅਤੇ ਉਸ ਸਮੇਂ ਵਿਚ ਉਹ ਸਭ ਤੋਂ ਸ਼ਕਤੀਸ਼ਾਲੀ ਸਿੱਖ ਸਰਦਾਰ ਸੀ। ਉਸ ਨੇ ਸਿਆਲਕੋਟ, ਕੜਿਆਲ ਅਤੇ ਨਾਰੋਵਾਲ ਤੇ ਕਬਜ਼ਾ ਕਰਨ ਪਿੱਛੋਂ ਚਨਿਓਟ ਤੇ ਝੰਗ ਨੂੰ ਵੀ ਆਪਣੇ ਇਲਾਕੇ ਵਿਚ ਮਿਲਾ ਲਿਆ। 1762 ਵਿਚ ਉਸ ਨੇ ਲਾਹੌਰ ਦੇ ਨੇੜੇ ਕੋਟ ਖਵਾਜਾ ਸਯੱਦ ਤੇ ਹਮਲਾ ਕੀਤਾ ਅਤੇ ਸਾਰਾ ਅਸਲਾ ਜਿਹੜਾ ਉਸ ਸਮੇਂ ਦੇ ਲਾਹੌਰ ਦੇ ਗਵਰਨਰ ਖਵਾਜ਼ਾ ਓਬੈਦ ਨੇ ਉਥੇ ਜਮ੍ਹਾਂ ਕੀਤਾ ਸੀ, ਹਥਿਆ ਲਿਆ। ਇਸ ਪਿੱਛੋਂ ਉਹ ਆਪਣੀਆਂ ਫ਼ੌਜਾਂ ਨਾਲ ਸਿੰਧ ਪਾਰ ਚਲਾ ਗਿਆ ਤੇ ਡੇਰਾ ਜਾਤ ਡਵੀਜ਼ਨ ਦੇ ਮੁਸਲਮਾਨੀ ਸਰਦਾਰਾਂ ਨੂੰ ਉਨ੍ਹਾਂ ਦੀ ਕੱਟੜਤਾ ਅਤੇ ਜ਼ੁਲਮਾਂ ਕਾਰਣ ਲੁੱਟ-ਪੁੱਟ ਕੇ ਦੰਡ ਦਿੱਤਾ। ਉਸ ਨੇ ਰਾਵਲਪਿੰਡੀ[2]

---

1. ਇਕ ਨਸ਼ੀਲੀ ਔਸ਼ਧੀ ਜਿਹੜੀ ਇਕ ਬੂਟੇ ਦੇ ਪੱਤਿਆਂ ਦੀ ਹੁੰਦੀ ਹੈ ਤੇ ਜਿਹੜੀ ਪੰਜਾਬ ਦੇ ਬਹੁਤ ਸਾਰੇ ਦਰਿਆਵਾਂ ਦੇ ਕੰਢਿਆਂ ਤੇ ਭਾਰੀ ਮਾਤਰਾ ਵਿਚ ਉਗਦੀ ਹੈ। ਭੀਮ ਸਿੰਘ ਦੀ ਭੰਗ ਪੀਣ ਦੀ ਆਦਤ ਤੇ ਹੀ ਮਿਸਲ ਦਾ ਭੰਗੀ ਨਾਂ ਟਿਕਿਆ। ਭੀਮ ਸਿੰਘ ਛੱਜਾ ਸਿੰਘ ਦਾ ਸੰਬੰਧੀ ਸੀ ਤੇ ਕਸੂਰ ਦਾ ਰਹਿਣ ਵਾਲਾ ਸੀ।

2. ਇਸ ਮਿਸਲ ਦਾ ਸਰਦਾਰ ਮਿਲਖਾ ਸਿੰਘ ਸੀ ਜਿਹੜਾ ਕਿ ਕਸੂਰ ਦੇ ਨੇੜੇ ਕਾਲੇਕੇ ਦਾ ਰਹਿਣ ਵਾਲਾ ਸੀ। ਪਿੰਡੀ ਜਾ ਕੇ ਉਸ ਨੇ ਥੇਹਪੁਰ ਦਾ ਪਿੰਡ ਵਸਾਇਆ ਅਤੇ ਉਥੇ ਰਹਿਣ ਲੱਗ ਪਿਆ।

ਤੇ ਕਬਜ਼ਾ ਕਰ ਲਿਆ ਅਤੇ ਮਾਝੇ ਅਤੇ ਮਾਲਵੇ ਦੇ ਸਾਰੇ ਇਲਾਕੇ ਨੂੰ ਅਧੀਨ ਕਰ ਲਿਆ। ਉਸ ਨੇ ਜੰਮੂ ਦੀ ਲੁੱਟ-ਮਾਰ ਕੀਤੀ ਤੇ ਰਾਜਾ ਰਣਜੀਤ ਦੇਵ ਨੂੰ ਆਪਣਾ ਕਰਦਾਇਕ ਬਣਾ ਕੇ ਉਹ ਕਸ਼ਮੀਰ ਵੱਲ ਵਧਿਆ ਜਿਥੇ ਉਸ ਦੀਆਂ ਫੌਜਾਂ ਨੂੰ ਭਾਰੇ ਮੁਕਾਬਲੇ ਦਾ ਸਾਮ੍ਹਣਾ ਕਰਨਾ ਪਿਆ ਤੇ ਉਸ ਨੂੰ ਭਾਰੀ ਨੁਕਸਾਨ ਪਿੱਛੋਂ ਪਿਛਾਂਹ ਹਟਣਾ ਪਿਆ। ਇਸ ਮਿਸਲ ਦੇ ਇਕ ਦਸਤੇ ਨੇ ਬੁੜੀਆ ਦੇ ਰਾਏ ਸਿੰਘ ਦੀ ਸਰਦਾਰੀ ਹੇਠ ਜਮਨਾ ਤਕ ਦਾ ਇਲਾਕਾ ਫਤਿਹ ਕਰ ਲਿਆ। ਕਸੂਰ ਜਿਸ ਉਤੇ ਇਕ ਤਕੜਾ ਅਫਗਾਨ ਸਖ਼ਤੀ ਨਾਲ ਸ਼ਾਸਨ ਕਰ ਰਿਹਾ ਸੀ ਹੁਣ ਤਕ ਸਿੱਖਾਂ ਦੀਆਂ ਮਾਰਾਂ ਤੋਂ ਬਚਿਆ ਰਿਹਾ ਸੀ। ਪਰ 1763 ਵਿਚ ਕਨ੍ਹਈਆ ਅਤੇ ਰਾਮਗੜ੍ਹੀਆ ਮਿਸਲਾਂ ਦੇ ਨਾਲ ਮਿਲ ਕੇ ਹਰੀ ਸਿੰਘ ਨੇ ਕਸੂਰ ਤੇ ਹਮਲਾ ਕਰ ਕੇ ਇਸ ਨੂੰ ਹਰਾ ਦਿੱਤਾ। 1764 ਵਿਚ ਹਰੀ ਸਿੰਘ ਇਕ ਸਾਥੀ ਸਿੱਖ ਸਰਦਾਰ ਅਮਰ ਸਿੰਘ, ਜਿਹੜਾ ਪਟਿਆਲੇ ਦਾ ਰਾਜਾ ਸੀ, ਨਾਲ ਭਿੜ ਪਿਆ ਅਤੇ ਮੈਦਾਨ ਵਿਚ ਹੀ ਮਾਰਿਆ ਗਿਆ।

ਹਰੀ ਸਿੰਘ ਦੀ ਥਾਂ ਉਸ ਦੇ ਵੱਡੇ ਪੁੱਤਰ ਝੰਡਾ ਸਿੰਘ ਨੇ ਸੰਭਾਲੀ ਜਿਸ ਅਧੀਨ ਭੰਗੀ ਮਿਸਲ ਆਪਣੀ ਸ਼ਕਤੀ ਦੇ ਸਿਖਰ ਤੇ ਪਹੁੰਚੀ। 1766 ਈ. ਵਿਚ ਉਸ ਨੇ ਮੁਲਤਾਨ ਵਿਰੁੱਧ ਅਤੇ ਬਹਾਵਲ ਪੁਰ ਦੇ ਸਰਦਾਰ ਵਿਰੁੱਧ ਇਕ ਮੁਹਿੰਮ ਦੀ ਅਗਵਾਈ ਕੀਤੀ, ਪਰ ਉਨ੍ਹਾਂ ਵਿਚ ਇਕ ਸੰਧੀ ਹੋ ਗਈ ਜਿਸ ਅਨੁਸਾਰ ਝੰਡਾ ਸਿੰਘ ਨੂੰ ਪਾਕਪਟਨ ਤਕ ਦੇ ਇਲਾਕੇ ਦਾ ਮਾਲਿਕ ਮੰਨ ਲਿਆ ਗਿਆ। 1767 ਵਿਚ ਉਸ ਨੇ ਅੰਮ੍ਰਿਤਸਰ ਵਿਖੇ ਲੂਣ ਮੰਡੀ ਦੇ ਪਿਛਵਾੜੇ ਇਕ ਕਿਲ੍ਹਾ ਉਸਾਰਿਆ ਜਿਹੜਾ ਚਿਰਕਾਲ ਤਕ ਭੰਗੀਆਂ ਦੇ ਕਿਲ੍ਹੇ ਦੇ ਨਾਉਂ ਨਾਲ ਪ੍ਰਸਿੱਧ ਰਿਹਾ।[1]

1771 ਵਿਚ ਮੁਲਤਾਨ ਤੇ ਦੁਬਾਰਾ ਹਮਲਾ ਹੋਇਆ ਪਰ ਮੁਲਤਾਨ ਤੇ ਬਹਾਵਲਪੁਰ ਦੀਆਂ ਫੌਜਾਂ ਨੇ ਮਿਲ ਕੇ ਹਮਲਾਵਰ ਨੂੰ ਪਛਾੜ ਦਿੱਤਾ। ਪਰ ਆਉਂਦੇ ਸਾਲ, ਮੁਲਤਾਨ ਦੇ ਉੱਤਰਾਧਿਕਾਰੀ ਸੂਬੇਦਾਰਾਂ ਵਿਚ ਝਗੜਾ ਹੋ ਗਿਆ ਤੇ ਉਨ੍ਹਾਂ ਵਿਚੋਂ ਇਕ ਸ਼ਰੀਫ ਬੇਗ ਤਕਲੂ ਨੇ ਝੰਡਾ ਸਿੰਘ ਨੂੰ ਆਪਣੀ ਸਹਾਇਤਾ ਲਈ ਸੱਦਾ ਦਿੱਤਾ। ਸਿੱਖ ਸਰਦਾਰ ਨੇ ਇਸ ਅਵਸਰ ਨੂੰ ਜੀ ਆਇਆਂ ਆਖਿਆ ਅਤੇ ਆਪਣੀ ਮਿਸਲ ਦੇ ਲਹਿਣਾ ਸਿੰਘ ਤੇ ਹੋਰ ਪ੍ਰਸਿੱਧ ਸਰਦਾਰਾਂ ਨੂੰ ਨਾਲ ਲੈ ਕੇ ਮੁਲਤਾਨ ਵੱਲ ਧਾਈ ਕੀਤੀ। ਸੁਜਾ ਖ਼ਾਂ ਤੇ ਉਸ ਦੇ ਸਾਥੀਆਂ ਦਾਊਦਪੁੱਤਰਾਂ ਨੂੰ ਹਾਰ ਹੋਈ ਅਤੇ ਮੁਲਤਾਨ ਨੂੰ ਜਿੱਤ ਕੇ ਸਿੱਖਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਸ਼ਰੀਫ ਬੇਗ ਸਿੰਧ ਵੱਲ ਭੱਜ ਗਿਆ ਅਤੇ ਮੁਲਤਾਨ ਦੀ ਸੂਬੇਦਾਰੀ ਝੰਡਾ ਸਿੰਘ ਦੇ ਇਕ ਨਾਇਬ ਦੀਵਾਨ ਸਿੰਘ ਨੂੰ ਸੌਂਪ ਦਿੱਤੀ ਗਈ।

---

1. ਲਤੀਫ ਅਨੁਸਾਰ (ਪੰਨਾ 297) ਇਹ ਕਿਲ੍ਹਾ 1772 ਵਿਚ ਮੁਲਤਾਨ ਦੀ ਜਿੱਤ ਪਿੱਛੋਂ ਉਸਾਰਿਆ ਗਿਆ, ਪਰ ਮੇਰਾ ਵਿਚਾਰ ਹੈ ਕਿ ਪੰਜਾਬ ਚੀਫਸ ਦਾ ਉਕਤ ਕਥਨ ਅਧਿਕ ਭਰੋਸੇ ਯੋਗ ਹੈ।

ਉਸੇ ਸਾਲ ਝੰਡਾ ਸਿੰਘ ਨੇ ਰਾਮ ਨਗਰ ਤੇ ਹੱਲਾ ਕਰ ਦਿੱਤਾ ਜਿਹੜਾ ਕਿ ਜ਼ਿਲ੍ਹਾ ਗੁਜਰਾਂਵਾਲਾ ਵਿਚ ਚੱਠਿਆਂ ਦੀ ਰਾਜਧਾਨੀ ਸੀ ਅਤੇ ਪ੍ਰਸਿੱਧ ਤੋਪ ਜਿਹੜੀ ਕਿ ਜ਼ਮਜ਼ਮਾ ਜਾਂ ਭੰਗੀਆਂ ਦੀ ਤੋਪ ਦੇ ਨਾਉਂ ਨਾਲ ਜਾਣੀ ਜਾਂਦੀ ਹੈ ਤੇ ਕਬਜ਼ਾ ਕਰ ਲਿਆ। ਅਗਲੇ ਸਾਲ ਜੰਮੂ ਦੇ ਰਣਜੀਤ ਦੇਵ ਅਤੇ ਉਸ ਦੇ ਪੁੱਤਰ ਬ੍ਰਿਜ ਰਾਜ ਦੇਵ ਵਿਚਕਾਰ ਝਗੜਾ ਹੋ ਗਿਆ ਜਿਸ ਕਰਕੇ ਸਾਰੇ ਪ੍ਰਸਿੱਧ ਸਿੱਖ ਸਰਦਾਰ ਉਥੇ ਚਲੇ ਗਏ ਅਤੇ ਝੰਡਾ ਸਿੰਘ ਜਿਸ ਨੇ ਰਣਜੀਤ ਦੇਵ ਦਾ ਪੱਖ ਲਿਆ ਸੀ ਨੂੰ 1774 ਵਿਚ ਇਕ ਮਜ਼ਬੀ ਸਿੱਖ, ਜਿਸ ਨੂੰ ਕਨ੍ਹਈਆ ਮਿਸਲ ਦੇ ਸਰਦਾਰਾਂ ਨੇ ਰਿਸ਼ਵਤ ਦਿੱਤੀ ਸੀ ਅਤੇ ਜਿਹੜਾ ਚੜ੍ਹਤ ਸਿੰਘ ਸ਼ੁਕਰਚਕੀਆ ਸਮੇਤ ਰਣਜੀਤ ਦੇਵ ਦੇ ਬਾਗੀ ਪੁੱਤਰ ਦਾ ਹਮਾਇਤੀ ਸੀ, ਨੇ ਕਤਲ ਕਰ ਦਿੱਤਾ।

ਉਸ ਦੇ ਛੋਟੇ ਭਾਈ ਗੰਡਾ ਸਿੰਘ ਨੇ ਝੰਡਾ ਸਿੰਘ ਦੀ ਥਾਂ ਸੰਭਾਲ ਕੇ ਅੰਮ੍ਰਿਤਸਰ ਵਿਖੇ ਭੰਗੀਆਂ ਦੇ ਕਿਲ੍ਹੇ ਨੂੰ ਮਜ਼ਬੂਤ ਕੀਤਾ ਅਤੇ ਇਸ ਪਵਿਤਰ ਨਗਰ ਨੂੰ ਵਧਾ-ਫੈਲਾ ਕੇ ਇਸ ਦੀ ਸੁੰਦਰਤਾ ਵਿਚ ਵਾਧਾ ਕੀਤਾ। ਉਹ ਕਨ੍ਹਈਆਂ ਤੋਂ ਆਪਣੇ ਭਾਈ ਦੀ ਮੌਤ ਦਾ ਬਦਲਾ ਲੈਣ ਬਾਰੇ ਲਗਾਤਾਰ ਸੋਚਦਾ ਰਹਿੰਦਾ ਸੀ। ਟੱਕਰ ਦਾ ਇਕ ਮੌਕਾ ਛੇਤੀ ਹੀ ਲੱਭ ਪਿਆ। ਪਠਾਨਕੋਟ ਝੰਡਾ ਸਿੰਘ ਦੇ ਇਕ ਮਿਸਲਦਾਰ ਨੰਦ ਸਿੰਘ ਦੀ ਵਿਧਵਾ ਦੇ ਕਬਜ਼ੇ ਵਿਚ ਸੀ। ਇਸ ਇਸਤਰੀ ਨੇ ਆਪਣੀ ਪੁੱਤਰੀ ਕਨ੍ਹਈਆ ਮਿਸਲ ਦੇ ਇਕ ਨੌਨਿਹਾਲ ਤਾਰਾ ਸਿੰਘ ਨਾਲ ਵਿਆਹ ਦਿੱਤੀ ਸੀ ਅਤੇ ਪਠਾਨਕੋਟ ਦਾ ਇਲਾਕਾ ਉਸ ਨੂੰ ਦਾਜ ਵਜੋਂ ਦੇ ਦਿੱਤਾ ਸੀ। ਗੰਡਾ ਸਿੰਘ ਇਸ ਨੂੰ ਵਾਪਸ ਲੈਣਾ ਚਾਹੁੰਦਾ ਸੀ। ਕਨ੍ਹਈਆਂ ਨੇ ਇਸ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਦੀਨਾ ਨਗਰ ਵਿਖੇ ਇਕ ਲੜਾਈ ਹੋਈ। ਗੰਡਾ ਸਿੰਘ ਬੀਮਾਰ ਪੈ ਕੇ ਮਰ ਗਿਆ ਅਤੇ ਉਸ ਦਾ ਭਤੀਜਾ ਤੇ ਉੱਤਰ-ਅਧਿਕਾਰੀ ਚੜ੍ਹਤ ਸਿੰਘ ਪਠਾਨਕੋਟ ਵਿਖੇ ਇਕ ਝੜੱਪ ਵਿਚ ਮਾਰਿਆ ਗਿਆ। ਭੰਗੀ ਆਪਣੇ ਆਗੂਆਂ ਦੀ ਮੌਤ ਤੇ ਹੌਸਲਾ ਛੱਡ ਬੈਠੇ ਅਤੇ ਮੈਦਾਨ ਵਿਚੋਂ ਨੱਠ ਗਏ ਜਿਸ ਕਰਕੇ ਪਠਾਨਕੋਟ ਦਾ ਸਾਰਾ ਇਲਾਕਾ ਕਨ੍ਹਈਆਂ ਦੇ ਕਬਜ਼ੇ ਵਿਚ ਆ ਗਿਆ।

ਭੰਗੀਆਂ ਨੇ ਹੁਣ ਆਪਣਾ ਸਰਦਾਰ ਗੰਡਾ ਸਿੰਘ ਦੇ ਨਾਬਾਲਗ ਪੁੱਤਰ ਦੇਸਾ ਸਿਘ, ਜਿਸ ਨੂੰ ਪਹਿਲਾਂ ਛੋਟੀ ਉਮਰ ਦਾ ਸਮਝ ਕੇ ਛੱਡ ਦਿੱਤਾ ਸੀ, ਨੂੰ ਚੁਣ ਲਿਆ। ਮਿਸਲ ਹੁਣ ਕਾਬੂ ਤੋਂ ਬਾਹਰ ਹੋ ਗਈ। ਬਹੁਤੇ ਸਰਦਾਰ ਸੁਤੰਤਰ ਹੋ ਗਏ। ਝੰਗ ਅਤੇ ਮੁਲਤਾਨ[1] ਹੱਥੋਂ ਨਿਕਲ ਗਏ। ਦੇਸਾ ਸਿੰਘ ਨੇ ਝੰਗ ਪ੍ਰਦੇਸ਼ ਤੇ ਮੁੜ ਕਬਜ਼ਾ

---

1. ਮੁਲਤਾਨ ਤੇ ਮੁਜ਼ੱਫਰ ਖ਼ਾਂ ਅਤੇ ਬਹਾਵਲਪੁਰ ਦੇ ਨਵਾਬ ਨੇ 1777 ਵਿਚ ਹਮਲਾ ਕੀਤਾ ਸੀ ਪਰ ਦੀਵਾਨ ਸਿੰਘ ਨੇ ਉਨ੍ਹਾਂ ਨੂੰ ਪਛਾੜ ਦਿੱਤਾ ਸੀ। ਆਉਂਦੇ ਸਾਲ ਅਹਿਮਦ ਸ਼ਾਹ ਦੁਰਾਨੀ

(ਬਾਕੀ ਦੇਖੋ ਸਫ਼ਾ 170 ਤੇ)

ਕਰਨ ਦਾ ਯਤਨ ਕੀਤਾ ਪਰ ਜਦੋਂ ਉਹ ਉਥੇ ਲੜ ਰਿਹਾ ਸੀ ਤਾਂ ਉਸ ਨੂੰ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਨਾਲ ਟੱਕਰ ਲੈਣੀ ਪੈ ਗਈ ਅਤੇ 1782 ਵਿਚ ਉਹ ਲੜਾਈ ਵਿਚ ਮਾਰਿਆ ਗਿਆ।

ਉਸ ਦੀ ਥਾਂ ਗੁਲਾਬ ਸਿੰਘ ਨੇ ਲਈ, ਜਿਹੜਾ ਕਿ ਉਸ ਦਾ ਨਾਬਾਲਗ ਪੁੱਤਰ ਸੀ, ਅਤੇ ਐਸ਼ਵਰਜ ਅਤੇ ਕੁਕਰਮਾਂ ਵਿਚ ਫਸ ਗਿਆ ਸੀ। ਉਸ ਦੀ ਇਕੋ ਪ੍ਰਾਪਤੀ ਇਹ ਹੈ ਕਿ ਉਸ ਨੇ ਇਕ ਵਾਰ ਫੇਰ ਕਸੂਰ ਨੂੰ ਆਪਣੇ ਅਧੀਨ ਕਰ ਲਿਆ ਭਾਵੇਂ ਨਿਜ਼ਾਮ-ਉਦ-ਦੀਨ ਖ਼ਾਂ ਅਤੇ ਕੁਤਬ-ਉਦ-ਦੀਨ ਖ਼ਾਂ ਪਠਾਨਾਂ ਨੇ ਇਸ ਨੂੰ 1794 ਵਿਚ ਮੁੜ ਵਾਪਸ ਲੈ ਲਿਆ। ਉਸ ਨੇ ਇਕ ਖੁਫੀਆ ਜੁੰਡੀ ਵੀ ਬਣਾਈ ਜਿਸ ਵਿਚ ਉਹ ਆਪ, ਸਾਹਿਬ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ ਅਤੇ ਕਸੂਰ ਦਾ ਨਿਜ਼ਾਮ-ਉਦ-ਦੀਨ ਖ਼ਾਂ ਸ਼ਾਮਿਲ ਸਨ। ਇਸ ਜੁੰਡਲੀ ਦਾ ਉਦੇਸ਼ ਰਣਜੀਤ ਸਿੰਘ ਨੂੰ ਕਤਲ ਕਰਨਾ ਸੀ ਜਿਸ ਨੇ ਪਿੱਛੇ ਜਹੇ 1799 ਵਿਚ ਲਾਹੌਰ ਤੇ ਕਬਜ਼ਾ ਕਰ ਲਿਆ ਸੀ। ਉਸ ਨੂੰ ਉਨ੍ਹਾਂ ਨੇ 1800 ਵਿਚ ਭਸੀਨ ਵਿਖੇ ਇਸ ਵਿਖਾਵੇ ਦੇ ਉਦੇਸ਼ ਲਈ ਬੁਲਾਇਆ ਕਿ ਉਸ ਨਾਲ ਕੌਮ ਸੰਬੰਧੀ ਮਹੱਤਵਪੂਰਣ ਸਲਾਹ-ਮਸ਼ਵਰਾ ਕਰਨਾ ਹੈ। ਰਣਜੀਤ ਸਿੰਘ ਹਾਜ਼ਰ ਹੋਇਆ ਪਰੰਤੂ ਆਪਣੇ ਨਾਲ ਭਾਰੀ ਸੈਨਾ ਲੈ ਕੇ। ਸਾਜ਼ਸ਼ ਛੱਡ ਦਿੱਤੀ ਗਈ ਅਤੇ ਸਰਦਾਰ ਦਾਅਵਤਾਂ ਵਿਚ ਰੁੱਝ ਗਏ ਜਿਸ ਦੌਰਾਨ ਗੁਲਾਬ ਸਿੰਘ, ਜਿਹੜਾ ਭਾਰੀ ਸ਼ਰਾਬੀ ਸੀ, ਸ਼ਰਾਬ ਵਿਚ ਬਦਮਸਤ ਹੋ ਕੇ ਮਾਰਿਆ ਗਿਆ। ਉਸ ਦਾ ਨਾਬਾਲਗ ਪੁੱਤਰ ਗੁਰਦਿੱਤ ਸਿੰਘ ਉਸ ਦਾ ਉੱਤਰ-ਅਧਿਕਾਰੀ ਬਣਿਆ। ਰਣਜੀਤ ਸਿੰਘ ਜਿਹੜਾ ਸਦਾ ਅੰਮ੍ਰਿਤਸਰ ਵੱਲ ਲਲਚਾਈਆਂ ਨਜ਼ਰਾਂ ਰਖਿਆ ਕਰਦਾ ਸੀ, ਨੇ ਉਸ ਤੋਂ ਭੰਗੀ ਤੋਪ ਦੀ ਮੰਗ ਕੀਤੀ, ਪਰ ਉਸ ਦੀ ਮਾਤਾ ਸੁੱਖਾਂ ਜਿਹੜੀ ਕਿ ਉਸ ਦੀ ਸਰਪ੍ਰਸਤ ਸੀ, ਨੇ ਤੋਪ ਦੇਣ ਤੋਂ ਇਨਕਾਰ ਕਰ ਦਿੱਤਾ। ਰਣਜੀਤ ਸਿੰਘ ਲਈ ਭੰਗੀ ਮਿਸਲ ਵਿਰੁੱਧ ਯੁੱਧ ਦੀ ਘੋਸ਼ਣਾ ਕਰਨ ਲਈ ਇਹ ਚੰਗਾ ਬਹਾਨਾ ਸੀ। ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ ਗਿਆ ਤੇ ਪੰਜ ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਭੰਗੀਆਂ ਦਾ ਕਿਲ੍ਹਾ ਸਰ ਕਰ ਲਿਆ ਗਿਆ। ਮਾਂ ਅਤੇ ਪੁੱਤਰ ਨੇ ਭੱਜ ਕੇ ਸਰਦਾਰ ਜੋਧ ਸਿੰਘ ਪਾਸ ਸ਼ਰਨ ਲਈ। ਗੁਰਦਿੱਤ ਸਿੰਘ ਪਿੱਛੋਂ ਆਪਣੇ ਜਨਮ ਸਥਾਨ ਪੰਜਵਾੜ, ਜਿਹੜਾ ਕਿ ਤਹਿਸੀਲ ਤਰਨਤਾਰਨ ਵਿਚ ਹੈ, ਵਿਖੇ ਰਹਿਣ ਲੱਗ ਪਿਆ ਤੇ ਉਥੇ ਹੀ ਉਸ ਦੀ ਮ੍ਰਿਤੂ ਹੋ

(ਸਫ਼ਾ 169 ਦੀ ਬਾਕੀ)

ਦੇ ਪੁੱਤਰ ਤੈਮੂਰ ਨੇ ਮੁਲਤਾਨ ਤੇ ਕਬਜ਼ਾ ਕਰਨ ਲਈ ਸੈਨਾ ਭੇਜੀ ਪਰ ਉਸ ਨੂੰ ਵੀ ਦੀਵਾਨ ਸਿੰਘ ਨੇ ਭਾਂਜ ਦੇ ਦਿੱਤੀ। ਹੁਣ ਬਾਦਸ਼ਾਹ ਨੇ ਆਪ 18,000 ਅਫ਼ਗਾਨ ਸੈਨਿਕਾਂ ਨਾਲ ਹਮਲਾ ਕੀਤਾ। ਜ਼ਬਰਦਸਤ ਲੜਾਈ ਪਿੱਛੋਂ ਸਿੱਖਾਂ ਨੂੰ ਹਾਰ ਹੋਈ ਜਿਸ ਵਿਚ ਉਨ੍ਹਾਂ ਦੇ 3,000 ਤੋਂ ਵੱਧ ਜੁਆਨ ਮਾਰੇ ਗਏ। ਬਾਦਸ਼ਾਹ ਨੇ ਮੁਲਤਾਨ ਇਸ ਦੇ ਪੁਰਾਣੇ ਸੂਬੇਦਾਰ ਸ਼ੁਜਾ ਖ਼ਾਂ ਨੂੰ ਬਖਸ਼ ਦਿੱਤਾ। ਸ਼ੁਜਾ ਖ਼ਾਂ ਰਣਜੀਤ ਸਿੰਘ ਦੁਆਰਾ ਕੱਢੇ ਜਾਣ ਤਕ ਸੂਬੇਦਾਰ ਬਣਿਆ ਰਿਹਾ।

ਗਈ। ਉਸ ਦਾ ਬੰਸ ਅਜੇ ਵੀ ਚਲਦਾ ਹੈ ਅਤੇ ਸਾਧਾਰਣ ਕਿਰਸਾਣਾਂ ਦੀ ਤਰ੍ਹਾਂ ਉਹ ਆਪਣੇ ਹੱਥਾਂ ਨਾਲ ਖੇਤੀ ਕਰ ਕੇ ਗੁਜ਼ਾਰਾ ਕਰਦਾ ਹੈ।

ਭੰਗੀ ਮਿਸਲ ਦੀ ਦੂਜੀ ਸ਼ਾਖ

ਭੰਗੀ ਮਿਸਲ ਦੀ ਦੂਜੀ ਸ਼ਾਖ ਨੇ ਵੀ ਭਾਰੀ ਸੱਤਾ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਤੇ ਆਪਣਾ ਅਸਰ ਛਡਿਆ। ਇਸ ਸ਼ਾਖ ਦੇ ਆਗੂ ਲਹਿਣਾ ਸਿੰਘ ਤੇ ਗੁੱਜਰ ਸਿੰਘ ਸਨ ਜਿਨ੍ਹਾਂ ਦੀਆਂ ਕੁਝ ਪ੍ਰਾਪਤੀਆਂ ਬਾਰੇ ਪਹਿਲਾਂ ਹੀ ਦਸਿਆ ਜਾ ਚੁੱਕਾ ਹੈ।

ਲਹਿਣਾ ਸਿੰਘ ਦਾ ਦਾਦਾ ਸੱਦੋਵਾਲ ਦਾ ਇਕ ਸਾਧਾਰਣ ਜੱਟ ਸੀ। ਬਹੁਤ ਹੀ ਕਰੜੀਆਂ ਪਰਿਸਥਿਤੀਆਂ ਵਿਚ ਘਿਰ ਜਾਣ ਕਾਰਣ ਉਹ ਕਰਤਾਰਪੁਰ ਦੇ ਨੇੜੇ ਮਸਤੀਪੁਰ ਵਿਖੇ ਚਲਾ ਗਿਆ ਤੇ ਉਥੇ ਦੇ ਇਕ ਤਰਖਾਣ ਨੇ ਉਸ ਨੂੰ ਆਪਣੇ ਪੁੱਤਰ ਦੇ ਤੌਰ ਤੇ ਰ.ਦ ਲੈ ਲਿਆ। ਉਥੇ ਉਸ ਦੇ ਇਕ ਪੁੱਤਰ ਦਰਗਾਹਾ ਪੈਦਾ ਹੋਇਆ। ਲਹਿਣਾ ਸਿੰਘ ਇਸੇ ਦਰਗਾਹਾ ਦਾ ਪੁੱਤਰ ਸੀ। ਲਹਿਣਾ ਅਜੇ ਛੋਟਾ ਜੇਹਾ ਮੁੰਡਾ ਹੀ ਸੀ ਜਦੋਂ ਉਹ ਘਰੋਂ ਭੱਜ ਗਿਆ ਤੇ ਅਟਾਰੀ ਦੇ ਨੇੜੇ ਇਕ ਪਿੰਡ ਰੋੜਾਂਵਾਲਾ ਪੁੱਜ ਕੇ ਸ. ਗੁਰਬਖਸ਼ ਸਿੰਘ ਜਿਹੜਾ ਹਰੀ ਸਿੰਘ ਭੰਗੀ ਦੇ ਮੁੱਖ ਮਿਸਲਦਾਰਾਂ ਵਿਚੋਂ ਸੀ, ਦੀ ਨੌਕਰੀ ਕਰਨ ਲੱਗ ਪਿਆ। ਗੁਰਬਖਸ਼ ਸਿੰਘ ਦੇ ਕੋਈ ਪੁੱਤਰ ਨਹੀਂ ਸੀ ਜਿਸ ਕਰਕੇ ਉਸ ਨੇ ਲਹਿਣੇ ਨੂੰ ਗੋਦ ਲੈ ਲਿਆ। ਇਸ ਸ਼ਾਖ ਦਾ ਦੂਜਾ ਆਗੂ ਗੁੱਜਰ ਸਿੰਘ ਸਰਦਾਰ ਗੁਰਬਖਸ਼ ਸਿੰਘ ਦਾ ਦੋਹਤਰਾ ਸੀ। ਸਰਦਾਰ ਦੀ ਮੌਤ ਪਿੱਛੋਂ ਗੁਜਰ ਸਿੰਘ ਤੇ ਲਹਿਣਾ ਸਿੰਘ ਵਿਚਕਾਰ ਇਕ ਝਗੜਾ ਹੋ ਗਿਆ ਪਰੰਤੂ ਥੋੜੀ ਜੇਹੀ ਲੜਾਈ ਤੋਂ ਪਿੱਛੋਂ ਉਨ੍ਹਾਂ ਨੇ ਸਮਝੌਤਾ ਕਰ ਲਿਆ ਅਤੇ ਸੁਰਗਵਾਸੀ ਸਰਦਾਰ ਦੀ ਜਾਗੀਰ ਨੂੰ ਅੱਧੋ-ਅੱਧ ਵੰਡ ਲਿਆ।

1765 ਵਿਚ ਉਨ੍ਹਾਂ ਨੇ ਸੋਭਾ ਸਿੰਘ ਨਾਲ ਰਲ ਕੇ ਲਾਹੌਰ ਤੇ ਕਬਜ਼ਾ ਕਰ ਲਿਆ ਜਿਥੇ ਉਨ੍ਹਾਂ ਨੇ, ਜਿਵੇਂ ਕਿ ਪਿਛਲੇ ਅਧਿਆਇ ਵਿਚ ਵਰਣਨ ਕੀਤਾ ਗਿਆ ਹੈ, ਆਪਣੇ ਮਰਨ ਤਕ, ਸਮੇਂ ਸਮੇਂ ਰਾਜ ਕੀਤਾ। 1797 ਵਿਚ ਲਹਿਣਾ ਸਿੰਘ ਦੀ ਮ੍ਰਿਤੂ ਤੋਂ ਪਿਛੋਂ ਉਸ ਦਾ ਪੁੱਤਰ ਚੇਤ ਸਿੰਘ ਉਸ ਦੇ ਇਲਾਕੇ ਦਾ ਮਾਲਿਕ ਬਣਿਆ। ਪਰੰਤੂ ਉਸ ਨੂੰ ਰਣਜੀਤ ਸਿੰਘ[1] ਨੇ 1799 ਵਿਚ ਬੇਦਖ਼ਲ ਕਰ ਦਿੱਤਾ। ਉਸ ਦਾ

1. ਚੇਤ ਸਿੰਘ ਅਤੇ ਮੋਹਰ ਸਿੰਘ ਸੋਭਾ ਸਿੰਘ ਦੇ ਪੁੱਤਰ ਦੀ ਮੂਰਖਤਾ ਵਸ ਨਿਰਾਸ ਹੋ ਕੇ ਲਾਹੌਰ ਦੇ ਤਿੰਨ ਪ੍ਰਸਿੱਧ ਰਈਸਾ ਭਾਈ ਗੁਰਬਖਸ਼ ਸਿੰਘ, ਹਕੀਮ ਹਾਕਮ ਰਾਏ ਅਤੇ ਮੀਆਂ ਆਸ਼ਕ ਮੁਹੰਮਦ ਨੇ ਰਣਜੀਤ ਸਿੰਘ ਨੂੰ ਲਾਹੌਰ ਆਉਣ ਦਾ ਸੱਦਾ ਦਿੱਤਾ। ਰਣਜੀਤ ਸਿੰਘ ਭਾਰੀ ਸੈਨਾ ਨਾਲ ਆਇਆ ਅਤੇ ਗਿਣੀ-ਮਿਥੀ ਸਾਜ਼ਸ਼ ਅਨੁਸਾਰ ਲਵਾਂ ਕੋਟ ਦੇ ਚੌਧਰੀ ਮੋਹਕਮ ਦੀਨ ਨੇ ਲਾਹੌਰੀ ਦਰਵਾਜ਼ਾ ਖੋਲ੍ਹ ਦਿੱਤਾ ਜਿਸ ਰਾਹੀਂ ਰਣਜੀਤ ਸਿੰਘ ਸ਼ਹਿਰ ਵਿਚ ਦਾਖ਼ਿਲ ਹੋ ਗਿਆ।

ਪੁੱਤਰ ਅਤਰ ਸਿੰਘ ਰਣਜੀਤ ਸਿੰਘ ਦਾ ਲਗਾਨਦਾਰ ਬਣ ਗਿਆ ਅਤੇ 1849 ਵਿਚ ਉਹ ਅਜੇ ਜਿਉਂਦਾ ਹੀ ਸੀ ਜਦੋਂ ਪਿੰਡ ਚੱਕ ਦੀਦੋਂ, ਜਿਹੜਾ ਉਸ ਦੀ ਜਾਗੀਰ ਦਾ ਇਕ ਭਾਗ ਸੀ, ਅੰਗ੍ਰੇਜ਼ੀ ਸਰਕਾਰ ਨੇ ਉਸ ਨੂੰ ਤੇ ਉਸ ਦੀ ਮਾਤਾ ਨੂੰ ਦੇ ਦਿੱਤਾ। ਅਤਰ ਸਿੰਘ ਦੇ ਉੱਤਰ-ਅਧਿਕਾਰੀਆਂ ਦਾ ਕੋਈ ਨਾਂ ਨਿਸ਼ਾਨ ਨਹੀਂ ਮਿਲਦਾ ਤੇ ਜਾਪਦਾ ਹੈ ਕਿ ਉਸ ਨਾਲ ਹੀ ਲਹਿਣਾ ਸਿੰਘ ਦਾ ਬੰਸ ਸਮਾਪਤ ਹੋ ਗਿਆ।

ਗੁੱਜਰ ਸਿੰਘ ਇਸ ਤੋਂ ਕਿਤੇ ਵੱਧ ਸ਼ਕਤੀਸ਼ਾਲੀ ਸਰਦਾਰ ਸੀ। ਲਾਹੌਰ ਦੀ ਫਤਿਹ ਪਿੱਛੋਂ ਉਹ ਉੱਤਰ ਵੱਲ ਵਧਿਆ ਅਤੇ ਗੁਜਰਾਤ ਨੂੰ ਨਾਲ ਮਿਲਾ ਲਿਆ ਜਿਸ ਨੂੰ ਉਸ ਨੇ ਸੁਲਤਾਨ ਮੁਕੱਰਬ, ਜਿਹੜਾ ਇਕ ਗੱਖੜ ਸਰਦਾਰ ਸੀ, ਤੋਂ ਜਿੱਤਿਆ ਸੀ। 1766 ਵਿਚ ਉਸ ਨੇ ਜੰਮੂ ਨੂੰ ਅਧੀਨ ਕੀਤਾ ਅਤੇ ਝੰਡਾ ਸਿੰਘ ਨਾਲ ਰਲ ਕੇ ਉਥੋਂ ਦੇ ਰਾਜੇ ਤੋਂ ਤਾਵਾਨ ਲੈਣ ਲੱਗਾ। ਉਸੇ ਸਾਲ ਉਸ ਨੇ ਪੁੰਛ, ਇਸਲਾਮ ਗੜ੍ਹ ਅਤੇ ਦੇਵਾ ਬਟਾਲਾ ਤੇ ਕਬਜ਼ਾ ਕਰ ਲਿਆ। 1767 ਵਿਚ ਉਹ ਅੰਮ੍ਰਿਤਸਰ ਗਿਆ ਅਤੇ ਉਥੇ ਆਪਣੇ ਨਾਂ ਤੇ ਕਿਲ੍ਹਾ ਗੁੱਜਰ ਸਿੰਘ ਬਣਵਾਇਆ। ਇਹ ਕਿਲ੍ਹਾ ਉਸ ਥਾਂ ਤੇ ਸਥਿਤ ਹੈ, ਜਿਥੇ ਅੱਜ ਕਲ੍ਹ ਗੋਬਿੰਦ ਗੜ੍ਹ ਦਾ ਕਿਲ੍ਹਾ ਬਣਿਆ ਹੋਇਆ ਹੈ।[1] ਗੁੱਜਰ ਸਿੰਘ ਦੇ ਤਿੰਨ ਪੁੱਤਰ ਸੁੱਖਾ ਸਿੰਘ, ਸਾਹਿਬ ਸਿੰਘ ਅਤੇ ਫਤਿਹ ਸਿੰਘ ਸਨ। ਸੁੱਖਾ ਸਿੰਘ ਸਾਹਿਬ ਸਿੰਘ ਨਾਲ ਹੋਈ ਇਕ ਲੜਾਈ ਵਿਚ ਮਾਰਿਆ ਗਿਆ ਸੀ ਜਿਹੜਾ ਮਹਾਂ ਸਿੰਘ ਦੀ ਭੈਣ ਅਰਥਾਤ ਰਣਜੀਤ ਸਿੰਘ ਦੀ ਭੂਆ ਨਾਲ ਵਿਆਹਿਆ ਹੋਇਆ ਸੀ। ਉਸ ਨੇ ਆਪਣੇ ਪਿਤਾ ਗੁੱਜਰ ਸਿੰਘ ਨੂੰ ਉਸ ਦੀ ਇੱਛਾ ਵਿਰੁੱਧ ਉਸ ਦੇ ਇਕ ਆਸ਼੍ਰਿਤ ਮੁਸਲਮਾਨ ਸਰਦਾਰ ਨੂੰ ਰਾਮ ਨਗਰ ਦੀ ਲੜਾਈ ਦੇ ਦੌਰਾਨ ਆਪਣੇ ਸਾਲੇ ਮਹਾਂ ਸਿੰਘ ਕੋਲ ਪਕੜਵਾ ਕੇ, ਨਾਰਾਜ਼ ਕਰ ਲਿਆ। ਜਿਉਂ ਹੀ ਇਸ ਸਰਦਾਰ ਨੂੰ ਮੌਤ ਦੇ ਘਾਟ ਉਤਾਰਿਆ ਗਿਆ, ਕਿ ਗੁੱਜਰ ਸਿੰਘ ਨੇ ਘੇਰਾ ਚੁੱਕ ਲਿਆ ਤੇ ਆਪਣਾ ਇਲਾਕਾ ਫਤਿਹ ਸਿੰਘ ਦੇ ਹਵਾਲੇ ਕਰ ਕੇ ਉਹ ਛੇਤੀ ਹੀ ਪਿੱਛੋਂ 1788 ਵਿਚ ਲਾਹੌਰ ਵਿਖੇ ਗੁੱਸੇ ਤੇ ਗਮ ਨਾਲ ਮਰ ਗਿਆ। ਲਾਹੌਰ ਦੇ ਕਿਲ੍ਹੇ ਵਿਚ ਸੰਮਨ ਬੁਰਜ ਹੇਠਾਂ ਉਸ ਦੀ ਸਮਾਧੀ ਬਣਾਈ ਗਈ।

ਗੁੱਜਰ ਸਿੰਘ ਦੇ ਉੱਤਰ-ਅਧਿਕਾਰੀ ਦੇ ਤੌਰ ਤੇ ਫਤਿਹ ਸਿੰਘ ਨੂੰ ਖ਼ਾਲਸੇ ਨੇ ਪ੍ਰਵਾਨ ਨ ਕੀਤਾ। ਇਸ ਲਈ ਉਨ੍ਹਾਂ ਨੇ ਸਾਹਿਬ ਸਿੰਘ ਨੂੰ ਆਪਣਾ ਆਗੂ ਚੁਣ ਲਿਆ। ਮਹਾਂ

---

1. ਅੰਮ੍ਰਿਤਸਰ ਵਿਚ ਚਾਰ ਕਿਲ੍ਹੇ ਸਨ। ਉੱਤਰ ਵਿਚ ਚੜ੍ਹਤ ਸਿੰਘ ਨੇ ਇਕ ਕਿਲ੍ਹਾ ਉਸਾਰਿਆ ਸੀ ਅਤੇ ਪੱਛਮ ਵਿਚ ਭੰਗੀਆਂ ਨੇ। ਜੱਸਾ ਸਿੰਘ ਰਾਮਗੜ੍ਹੀਆ ਨੇ ਪੂਰਬ ਵਿਚ ਅਤੇ ਹੁਣ ਗੁੱਜਰ ਸਿੰਘ ਨੇ ਪੱਛਮ ਵਿਚ ਇਕ ਕਿਲ੍ਹਾ ਬਣਾ ਲਿਆ ਸੀ। ਇਹ ਤਥ ਰਣਜੀਤ ਸਿੰਘ ਤੋਂ ਪਹਿਲਾਂ ਸਿੱਖ ਹਕੂਮਤ ਦੇ ਸੰਘੀ ਚਰਿੱਤਰ ਦਾ ਸੰਕੇਤ ਦਿੰਦਾ ਹੈ।

ਸਿੰਘ ਨੇ ਆਪਣੇ ਨਿਜੀ ਉਦੇਸ਼ਾਂ ਦੀ ਪੂਰਤੀ ਲਈ ਆਪਣੇ ਭਣੋਈ ਦੇ ਵਿਰੁੱਧ ਫਤਿਹ ਸਿੰਘ ਦਾ ਪੱਖ ਲਿਆ ਅਤੇ 1792 ਵਿਚ ਸੋਧਰਾ ਵਿਖੇ ਸਾਹਿਬ ਸਿੰਘ ਅਤੇ ਮਹਾਂ ਸਿੰਘ ਵਿਚਕਾਰ ਇਕ ਲੜਾਈ ਹੋਈ ਜਿਸ ਵਿਚ ਮਹਾਂ ਸਿੰਘ ਬੀਮਾਰ ਹੋ ਗਿਆ ਅਤੇ ਮੈਦਾਨ ਭੰਗੀ ਸਰਦਾਰ ਦੇ ਹੱਥ ਦੇ ਕੇ ਆਪ ਪਿਛਾਂਹ ਹਟ ਗਿਆ। ਸਾਹਿਬ ਸਿੰਘ ਨੇ ਇਲਾਕੇ ਤੇ ਕਈ ਸਾਲ ਸਫਲਤਾ ਪੂਰਵਕ ਰਾਜ ਕੀਤਾ ਅਤੇ ਉਹ ਉਨ੍ਹਾਂ ਸਿੰਘ ਸਰਦਾਰਾਂ ਵਿਚੋਂ ਇਕ[1] ਸੀ ਜਿਨ੍ਹਾਂ ਨੇ 1798 ਵਿਚ ਸ਼ਾਹਨਚੀ ਨੂੰ ਹਰਾਇਆ ਜਿਸ ਨੂੰ ਕਿ ਸ਼ਾਹ ਜ਼ਮਾਨ 7,000 ਸਿਪਾਹੀਆਂ ਦੀ ਸੈਨਾ ਦੇ ਕੇ ਪੰਜਾਬ ਨੂੰ ਅਧੀਨ ਕਰਨ ਲਈ ਛੱਡ ਗਿਆ ਸੀ। ਇਸ ਤੋਂ ਪਿੱਛੋਂ, 1800 ਈ. ਵਿਚ, ਜਿਸ ਤਰ੍ਹਾਂ ਕਿ ਉਪਰ ਦਸਿਆ ਗਿਆ ਹੈ, ਉਹ ਰਣਜੀਤ ਸਿੰਘ ਨੂੰ ਮਾਰਨ ਦੀ ਇਕ ਸਾਜ਼ਸ਼ ਵਿਚ ਰਲ ਗਿਆ ਪਰੰਤੂ ਜ਼ਮੀਨ ਦੇ ਸਥਾਨ ਤੇ ਉਸ ਦਾ ਮਿੱਤਰ ਬਣ ਗਿਆ। 1806 ਤਕ ਉਹ ਮਹਾਰਾਜ ਦਾ ਲਗਾਨਦਾਰ ਬਣ ਗਿਆ ਸੀ ਜਿਸ ਨੇ 1810 ਵਿਚ ਉਸ ਨੂੰ ਇਕ ਲੱਖ ਰੁਪਏ ਦੀ ਜਾਗੀਰ ਦਿੱਤੀ ਜਿਸ ਨੂੰ ਉਸ ਨੇ ਆਉਂਦੇ ਸਾਲ ਆਪਣੀ ਮ੍ਰਿਤੂ ਤਕ ਮਾਣਿਆ। ਫਤਿਹ ਸਿੰਘ ਕਪੂਰਥਲੇ ਜਾ ਕੇ ਉਥੋਂ ਦੇ ਰਾਜੇ ਦੀ ਨੌਕਰੀ ਕਰਨ ਲੱਗ ਪਿਆ। ਉਹ ਛੇਤੀ ਹੀ ਇਕ ਪੁੱਤਰ ਜੈਮਲ ਸਿੰਘ ਨੂੰ ਛੱਡ ਕੇ ਮਰ ਗਿਆ, ਜਿਸ ਦੀ 1871 ਵਿਚ ਇਕ ਬਹੁਤ ਹੀ ਗਰੀਬ ਆਦਮੀ ਦੇ ਤੌਰ ਤੇ ਮੌਤ ਹੋਈ। ਜੈਮਲ ਸਿੰਘ ਦਾ ਇਕ ਪੁੱਤਰ ਜਵਾਲਾ ਸਿੰਘ ਸੀ। ਅੱਗੇ ਇਸ ਦਾ ਪੁੱਤਰ ਬੁੱਧ ਸਿੰਘ ਸੀ ਜਿਹੜਾ ਬੰਸ ਦਾ ਆਖਰੀ ਪ੍ਰਤਿਨਿਧ ਮੰਨਿਆ ਜਾਂਦਾ ਹੈ।

2. ਆਹਲੂਵਾਲੀਆ ਮਿਸਲ

ਆਹਲੂਵਾਲੀਆ ਮਿਸਲ ਦੀ ਨੀਂਹ ਜੱਸਾ ਸਿੰਘ ਕਲਾਲ ਨੇ ਰੱਖੀ। ਉਸ ਦੇ ਮਾਪੇ ਆਹਲੂ ਪਿੰਡ ਦੇ ਸਨ। ਉਸ ਦੀ ਮਾਤਾ ਭਾਗ ਸਿੰਘ ਦੀ ਭੈਣ ਸੀ ਜਿਹੜਾ ਇਕ ਦਲੇਰ ਲੁਟੇਰਾ ਸੀ ਅਤੇ ਜਿਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਜੱਸਾ ਸਿੰਘ, ਜਿਹੜਾ ਕਿ 1718 ਵਿਚ ਪੈਦਾ ਹੋਇਆ ਸੀ, ਨੇ ਆਪਣੇ ਮਾਮੇ ਦੀਆਂ ਸਾਰੀਆਂ ਖੂਬੀਆਂ ਵਿਰਸੇ ਵਜੋਂ ਪ੍ਰਾਪਤ ਕੀਤੀਆਂ ਸਨ ਅਤੇ ਆਪਣੇ ਸਮੇਂ ਵਿਚ ਉਹ ਸਿੱਖਾਂ ਦਾ ਇਕ ਮਹਾਨ ਸਰਦਾਰ ਬਣ ਗਿਆ ਸੀ ਤੇ ਇਕ ਪੱਖੋਂ ਤਾਂ ਉਹ ਸਾਰਿਆਂ ਨਾਲੋਂ ਹੀ ਉਘੜਵਾਂ ਸਿੱਧ ਹੋਇਆ ਸੀ। 1748 ਵਿਚ ਜੱਸਾ ਸਿੰਘ ਨੇ ਰਾਜ ਵਿਚ ਇਕ ਨਵੀਂ ਸ਼ਕਤੀ 'ਖ਼ਾਲਸਾ ਦਲ' ਦੇ ਪੈਦਾ ਹੋ ਜਾਣ ਦਾ ਦਲੇਰ ਐਲਾਨ ਕਰ ਦਿੱਤਾ। ਉਸ ਨੇ ਹੀ ਸਭ ਤੋਂ ਪਹਿਲਾਂ ਖ਼ਾਲਸੇ ਨੂੰ ਸ਼ਾਹੀ ਕਿਰਦਾਰ ਪ੍ਰਦਾਨ ਕੀਤਾ ਕਿਉਂਕਿ ਉਸ ਨੇ ਹੀ ਸਭ ਤੋਂ ਪਹਿਲਾਂ ਆਪਣੇ ਨਾਂ ਦਾ ਸਿੱਕਾ ਚਲਾਇਆ।

1. ਅਟਾਰੀ ਦੇ ਨਿਹਾਲ ਸਿੰਘ ਅਤੇ ਵਜ਼ੀਰ ਸਿੰਘ, ਵਜ਼ੀਰਾਬਾਦ ਦਾ ਜੋਧ ਸਿੰਘ ਤੇ ਢਿਲਵਾਂ ਦਾ ਕਰਮ ਸਿੰਘ ਹੋਰ ਸਰਦਾਰ ਸਨ।

"ਅਕਾਲ ਪੁਰਖ ਦੀ ਕ੍ਰਿਪਾ ਨਾਲ ਜੱਸਾ ਕਲਾਲ ਦੁਆਰਾ ਜਿੱਤੇ ਅਹਿਮਦ ਦੇ ਇਲਾਕੇ ਦਾ ਸਿੱਕਾ।"

ਉਹ ਮਹਾਨ ਸੈਨਿਕ ਗੁਣਾਂ ਦਾ ਧਾਰਨੀ ਸੀ। ਭਾਵੇਂ ਉਸ ਨੇ ਆਪਣਾ ਜੀਵਨ ਨਵਾਬ ਕਪੂਰ ਸਿੰਘ ਦੀ ਫੌਜ ਵਿਚ ਇਕ ਸਿਪਾਹੀ ਦੇ ਤੌਰ ਤੇ ਆਰੰਭ ਕੀਤਾ ਸੀ ਪਰ ਨਵਾਬ ਦੀ ਮ੍ਰਿਤੂ ਤੋਂ ਪਿੱਛੋਂ ਉਸ ਨੇ ਆਪਣੀ ਸੁਤੰਤਰਤਾ ਸਥਾਪਿਤ ਕਰ ਲਈ ਅਤੇ ਛੇਤੀ ਹੀ ਆਹਲੂ, ਸਰਿਆਲਾ, ਸਿਲੇਵਾਲ, ਭੂਪਾਲਾ, ਗੋਗਰਵਾਲ ਆਦਿ ਪਿੰਡ ਜਿੱਤ ਲਏ। ਬਿਆਸ ਦੇ ਦੂਜੇ ਪਾਸੇ ਉਸ ਨੇ ਸੁਲਤਾਨਪੁਰ ਅਤੇ ਤਲਵੰਡੀ ਤੇ ਕਬਜ਼ਾ ਕਰ ਲਿਆ ਅਤੇ ਕਪੂਰਥਲਾ ਦੇ ਰਾਏ ਇਬਰਾਹੀਮ ਤੇ ਤਾਵਾਨ ਲਾ ਦਿੱਤਾ, ਜਿਸ ਨੂੰ ਉਸ ਨੇ 1780 ਵਿਚ ਆਪਣੇ ਅਧੀਨ ਕਰ ਕੇ ਆਪਣੀ ਰਾਜਧਾਨੀ ਬਣਾ ਲਿਆ ਸੀ। ਸਤਲੁਜ ਦੇ ਦੂਜੇ ਪਾਸੇ ਉਸ ਨੇ ਈਸਾ ਖਾਂ ਤੇ ਜਗਰਾਉਂ ਤੇ ਅਧਿਕਾਰ ਕਰ ਲਿਆ ਅਤੇ ਬਿਸਤ ਜਲੰਧਰ ਵਿਚ ਸਭ ਤੋਂ ਵੱਡਾ ਸਰਦਾਰ ਸਮਝਿਆ ਜਾਣ ਲੱਗ ਪਿਆ। ਉਸ ਦੇ ਅਨੁਯਾਈ ਉਸ ਨੂੰ ਪਾਦਸ਼ਾਹ ਕਹਿੰਦੇ ਸਨ ਭਾਵੇਂ ਖ਼ਾਲਸੇ ਦੀ ਸਾਂਝੀ ਕਮੇਟੀ ਉਸ ਨੂੰ ਪਾਦਸ਼ਾਹ ਨਹੀਂ ਆਖਦੀ ਸੀ। ਉਸ ਦਾ ਸੁਭਾ ਅਤਿ ਖੁਲ੍ਹਾ ਸੀ ਤੇ ਆਪਣੇ ਅਨੁਯਾਈਆਂ ਨੂੰ ਉਹ ਖੁਲ੍ਹੇ ਦਿਲ ਨਾਲ ਉਪਹਾਰ ਦਿਆ ਕਰਦਾ ਸੀ। ਉਹ ਮਹਾਨ ਦੇਸ਼ ਭਗਤ ਸੀ ਅਤੇ ਆਪਣੇ ਦੇਸ਼ ਦੀ ਜਨਤਾ ਲਈ ਤੇ ਆਪਣੇ ਧਰਮ ਲਈ ਆਪਣੀ ਜ਼ਿੰਦਗੀ ਤੇ ਨਿਜੀ ਸੁਤੰਤਰਤਾ ਨੂੰ ਖਤਰੇ ਵਿਚ ਪਾਉਣ ਲਈ ਸਦਾ ਤਿਆਰ ਰਹਿੰਦਾ ਸੀ। ਇਕ ਵਾਰ ਅਹਿਮਦ ਸ਼ਾਹ ਭਾਰਤ ਤੋਂ ਬਹੁਤ ਸਾਰੀਆਂ ਇਸਤ੍ਰੀਆਂ ਤੇ ਕੁੜੀਆਂ ਖਰਾਜ ਵਜੋਂ ਲੈ ਜਾ ਰਿਹਾ ਸੀ। ਇਹ ਖਬਰ ਜੱਸਾ ਸਿੰਘ ਕੋਲ ਪੁੱਜੀ। ਉਸ ਨੇ ਸ਼ਾਹ ਦਾ ਪਿੱਛਾ ਕਰਨਾ ਆਰੰਭ ਕੀਤਾ ਅਤੇ ਉਸ ਦੇ ਡੇਰੇ ਤੇ ਰਾਤੋ ਰਾਤ ਸਫਲ ਹਮਲਾ ਕਰ ਕੇ ਇਨ੍ਹਾਂ ਮਾਸੂਮ ਜੀਵਾਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਖੁਲ੍ਹਾ ਧਨ ਤੇ ਹੋਰ ਲੋੜੀਂਦੀਆਂ ਵਸਤਾਂ ਦੇ ਕੇ ਯੋਗ ਰਖਵਾਲ-ਦਸਤੇ ਦੀ ਰਾਖੀ ਵਿਚ ਆਪਣੇ ਆਪਣੇ ਘਰੀਂ ਪਹੁੰਚਾ ਦਿੱਤਾ। ਉਸ ਦਿਨ ਤੋਂ ਜੱਸਾ ਸਿੰਘ ਨੂੰ ਬੰਦੀ ਛੋੜ ਕਿਹਾ ਜਾਣ ਲੱਗ ਪਿਆ। ਇਸ ਬਹਾਦਰੀ ਅਤੇ ਦੇਸ਼ ਭਗਤੀ ਦੇ ਕਾਰਨਾਮੇ ਨੇ ਜੱਸਾ ਸਿੰਘ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਵਿਚ ਨ ਕੇਵਲ ਲੋਕ-ਪ੍ਰਿਯ ਬਣਾ ਕੇ ਉਸ ਦੀ ਸ਼ਕਤੀ ਤੇ ਪ੍ਰਭਾਵ ਵਿਚ ਹੀ ਵਾਧਾ ਕੀਤਾ ਸਗੋਂ ਸਿੱਖਾਂ ਦੀ ਮਾਨ-ਮਰਯਾਦਾ ਤੇ ਲੋਕ-ਪ੍ਰਿਯਤਾ ਵਿਚ ਵੀ ਵਾਧਾ ਕਰ ਦਿੱਤਾ। ਖ਼ਾਲਸੇ ਦੀ ਆਮ ਸੰਮਤੀ ਨਾਲ ਜੱਸਾ ਸਿੰਘ ਨੇ 1764 ਵਿਚ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ, ਜਿਸ ਨੂੰ ਪਹਿਲਾਂ ਖ਼ੋਰੀ ਦੁਰਾਨੀ ਨੇ ਢਾਹ ਦਿੱਤਾ ਸੀ।

1783 ਵਿਚ ਅੰਮ੍ਰਿਤਸਰ ਵਿਖੇ ਜੱਸਾ ਸਿੰਘ ਦੀ ਮ੍ਰਿਤੂ ਹੋ ਗਈ, ਅਤੇ ਉਸ ਦੀ ਥਾਂ ਉਸ ਦੇ ਚਚੇਰੇ ਭਰਾ ਭਾਗ ਸਿੰਘ ਨੇ ਲਈ। ਇਸ ਸਰਦਾਰ ਨੇ ਕੋਈ ਨਵਾਂ ਇਲਾਕਾ ਨ ਜਿੱਤਿਆ ਪਰੰਤੂ ਜ਼ਿਆਦਾ ਸਮਾਂ ਆਪਣੇ ਵਿਰੋਧੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਲੜਨ ਵਿਚ ਲਗਿਆ ਰਿਹਾ। 1801 ਵਿਚ ਉਸ ਦੇ ਜਰਨੈਲ ਹਮੀਰ ਸਿੰਘ ਨੂੰ ਰਾਮਗੜ੍ਹੀਆਂ

ਨੇ ਹਰਾ ਦਿੱਤਾ। ਉਹ ਫਗਵਾੜੇ ਵੱਲ ਭੱਜ ਗਿਆ ਪਰੰਤੂ ਰਾਹ ਵਿਚ ਬੀਮਾਰ ਹੋ ਗਿਆ ਤੇ ਉਸ ਨੂੰ ਕਪੂਰਥਲੇ ਵਾਪਸ ਲਿਆਂਦਾ ਗਿਆ, ਜਿਥੇ ਉਹ ਉਸੇ ਸਾਲ ਮਰ ਗਿਆ। ਉਸ ਦੀ ਸਮਾਧ ਦੇਵੀ ਤਾਲਾਬ ਦੇ ਨੇੜੇ ਅੱਜ ਵੀ ਕਾਇਮ ਹੈ।

ਉਸ ਦੇ ਇਕਲੌਤੇ ਪੁੱਤਰ ਫਤਿਹ ਸਿੰਘ ਨੇ ਭਾਗ ਸਿੰਘ ਦੇ ਇਲਾਕੇ ਦਾ ਅਧਿਕਾਰ ਸੰਭਾਲਿਆ। ਉਹ ਹੱਦ ਦਰਜੇ ਦਾ ਯੋਗ ਪੁਰਸ਼ ਸੀ ਅਤੇ ਜੇ ਉਸ ਪਾਸ ਰਣਜੀਤ ਸਿੰਘ ਵਰਗਾ ਦਲੇਰ ਤੇ ਰੋਅਬਦਾਰ ਚਰਿਤਰ ਹੁੰਦਾ ਤਾਂ ਉਹ ਪੰਜਾਬ ਦਾ ਮਹਾਰਾਜਾ ਬਣਦਾ। ਰਣਜੀਤ ਸਿੰਘ ਨੇ ਉਸ ਦੇ ਦਿਲ-ਦਿਮਾਗ ਦੀਆਂ ਮਹਾਨ ਖੂਬੀਆਂ ਨੂੰ ਪਛਾਣ ਕੇ ਉਸ ਨਾਲ ਛੇਤੀ ਹੀ ਸੰਧੀ ਕਰ ਲਈ। ਦੋਵੇਂ ਸਰਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਪੱਕੀ ਮਿਤਰਤਾ ਦੀਆਂ ਕਸਮਾਂ ਖਾਧੀਆਂ ਅਤੇ ਪੱਗਾਂ ਵਟਾਈਆਂ, ਜਿਹੜੀਆਂ ਪ੍ਰਚਲਿਤ ਰਿਵਾਜ ਅਨੁਸਾਰ ਭਰਾਪੁਣੇ ਦੀ ਨਿਸ਼ਾਨੀ ਅਤੇ ਬੰਧਨ ਸਮਝੀਆਂ ਜਾਂਦੀਆਂ ਸਨ। ਫਤਿਹ ਸਿੰਘ ਰਣਜੀਤ ਸਿੰਘ ਲਈ ਬਹੁਤ ਸਹਾਇਕ ਸਿੱਧ ਹੋਇਆ ਅਤੇ ਉਸ ਨੇ ਉਸ ਲਈ ਵਿਸ਼ਾਲ ਇਲਾਕਾ ਫਤਿਹ ਕੀਤਾ। ਫਤਿਹ ਸਿੰਘ ਇਕ ਅਜੇਹੀ ਪੌੜੀ ਸੀ, ਜਿਸ ਰਾਹੀਂ ਰਣਜੀਤ ਸਿੰਘ ਮਹਾਨਤਾ ਦੀ ਸਿਖਰ ਤੇ ਉਪੜਿਆ। ਜਨਵਰੀ 1806 ਨੂੰ ਸਦਭਾਵਨਾ ਤੇ ਮਿਤਰਤਾ ਦੀ ਇਕ ਸੰਧੀ ਤੇ ਈਸਟ ਇੰਡੀਆ ਕੰਪਨੀ ਜਿਸ ਦੀ ਪ੍ਰਤਿਨਿਧਤਾ ਲਾਰਡ ਲੇਕ ਨੇ ਕੀਤੀ ਅਤੇ ਫਤਿਹ ਸਿੰਘ ਜਿਹੜਾ ਕਪੂਰਥਲਾ ਦੀ ਰਿਆਸਤ ਅਤੇ ਲਾਹੌਰ ਰਾਜ ਦੀ ਪ੍ਰਤਿਨਿਧਤਾ ਕਰਦਾ ਸੀ, ਵਿਚਕਾਰ ਦਸਖਤ ਕੀਤੇ ਗਏ। ਇਸ ਤਰ੍ਹਾਂ ਉੱਤਰ ਵਿਚ ਅੰਗ੍ਰੇਜ਼ੀ ਸਰਕਾਰ ਨਾਲ ਸਭ ਤੋਂ ਪਹਿਲਾਂ ਸੰਧੀ ਕਰਨ ਵਾਲਾ ਕਪੂਰਥਲਾ ਰਾਜ ਸੀ। ਮਹਾਰਾਜਾ ਦੇ ਨਾਂ ਤੇ ਯੁੱਧ ਦੇ ਸਰਗਰਮ ਜੀਵਨ ਪਿੱਛੋਂ ਉਸ ਨੇ ਆਪਣੇ ਜੀਵਨ ਦੇ ਪਿਛਲੇ ਸੋਲਾਂ-ਸਤਾਰਾਂ ਵਰ੍ਹੇ ਅਮਨ-ਅਮਾਨ ਨਾਲ ਕਪੂਰਥਲੇ ਤੇ ਰਾਜ ਕੀਤਾ, ਜਿਥੇ ਉਹ 1837 ਵਿਚ ਮਰ ਗਿਆ। ਉਸ ਤੋਂ ਪਿੱਛੋਂ ਉਸ ਦੀ ਉਲਾਦ ਕਪੂਰਥਲੇ ਦੀ ਰਿਆਸਤ ਤੇ ਅੰਗ੍ਰੇਜ਼ੀ ਸਰਕਾਰ ਦੀ ਵਫਾਦਾਰ ਹਿਮਾਇਤੀ ਬਣ ਕੇ ਰਾਜ ਕਰਦੀ ਰਹੀ।[1]

---

1. ਸਿੱਖਾਂ ਦੀ ਦੂਸਰੀ ਲੜਾਈ ਵਿਚ ਨਿਹਾਲ ਸਿੰਘ ਨੇ ਅੰਗ੍ਰੇਜ਼ਾਂ ਦੀ ਭਾਰੀ ਮਦਦ ਕੀਤੀ। ਉਸ ਦੀ ਲਾਭਵੰਦ ਸੇਵਾ ਦੇ ਫਲ ਵਜੋਂ ਉਸ ਨੂੰ ਰਾਜੇ ਦਾ ਖ਼ਤਾਬ ਬਖਸ਼ ਦਿੱਤਾ ਗਿਆ।

   1857 ਦੇ ਗਦਰ ਵਿਚ ਕਪੂਰਥਲੇ ਦੇ ਰਾਜੇ ਨੇ ਬਰਤਾਨਵੀ ਸਰਕਾਰ ਦੀ ਬੜੀ ਮਦਦ ਕੀਤੀ। ਇਸ ਸਹਾਇਤਾ ਦੇ ਬਦਲੇ ਵਜੋਂ ਵੀਹ ਲੱਖ ਦੀ ਆਮਦਨੀ ਵਾਲਾ ਇਕ ਵੱਡਾ ਤਅਲਕਾ ਉਸ ਨੂੰ ਬਖਸ਼ਿਆ ਗਿਆ ਜਿਹੜਾ ਹੁਣ ਤਕ ਰਿਆਸਤ ਦੇ ਕਬਜ਼ੇ ਵਿਚ ਹੈ।

   ਆਹਲੂਵਾਲੀਆ ਮਿਸਲ ਅਤੇ ਕਪੂਰਥਲਾ ਰਿਆਸਤ ਦਾ ਪਿਛਲਾ ਮਹਾਰਾਜਾ ਜਗਤਜੀਤ ਸਿੰਘ ਸੀ ਜੋ ਕਿ ਅਤਿ ਸੱਭਯ ਰਾਜਾ ਸੀ ਅਤੇ ਜਿਸ ਨੇ ਦੂਰ ਦੂਰ ਦੇ ਦੇਸ਼ਾਂ ਦੀ ਯਾਤਰਾ ਕੀਤੀ ਸੀ ਤੇ ਰਾਜ-ਘਰਾਣਿਆਂ ਤੇ ਆਮ ਲੋਕਾਂ ਵਿਚ ਜਿਸ ਦਾ ਭਾਰੀ ਆਦਰ ਸੀ। ਉਸ ਦੀ ਹਕੂਮਤ ਦੇ ਸਮੇਂ ਵਿਚ ਰਿਆਸਤ ਨੇ ਹਰ ਪਾਸੇ ਖਾਸ ਕਰ ਕੇ ਉਦਯੋਗਾਂ ਵਿਚ ਉਘੜਵੀਂ ਉੱਨਤੀ ਕੀਤੀ ਸੀ।

3. ਰਾਮਗੜ੍ਹੀਆ ਮਿਸਲ

ਜੱਸਾ ਸਿੰਘ, ਜਿਹੜਾ ਜਾਤ ਦਾ ਤਰਖਾਣ ਸੀ, ਇਸ ਮਿਸਲ ਦਾ ਬਾਨੀ ਸੀ। ਉਸ ਦਾ ਪਿਤਾ ਭਗਵਾਨਾ ਇਕ ਗਰੀਬ ਤਰਖਾਣ ਸੀ ਪਰੰਤੂ ਉਹ ਇਕ ਉਤਸ਼ਾਹੀ ਸਿੱਖ ਸੀ, ਤੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਕਰਕੇ ਉਸ ਨੂੰ ਭਗਵਾਨਾ ਗਿਆਨੀ ਕਿਹਾ ਜਾਂਦਾ ਸੀ। ਉਸ ਦੇ ਪੰਜ ਪੁੱਤਰ ਸਨ ਤਾਰਾ ਸਿੰਘ, ਮਾਲੀ ਸਿੰਘ, ਖੁਸ਼ਹਾਲ ਸਿੰਘ, ਜੱਸਾ ਸਿੰਘ ਅਤੇ ਜੈ ਸਿੰਘ। ਜੱਸਾ ਸਿੰਘ ਤੇ ਉਸ ਦੇ ਭਰਾ ਪਹਿਲਾਂ ਜਲੰਧਰ ਦੁਆਬ ਦੇ ਫੌਜਦਾਰ ਅਦੀਨਾ ਬੇਗ ਦੀ ਨੌਕਰੀ ਕਰਦੇ ਸਨ, ਅਤੇ ਜੱਸਾ ਸਿੰਘ ਪਾਸ ਅਦੀਨਾ ਦੀ ਸਿੱਖ ਸਹਾਇਕ ਸੈਨਾ ਦੀ ਕਮਾਨ ਸੀ। ਜਦੋਂ ਤੈਮੂਰ ਜਲੰਧਰ ਆਇਆ ਤਾਂ ਅਦੀਨਾ ਪਹਾੜਾਂ ਵਿਚ ਭੱਜ ਗਿਆ ਅਤੇ ਜੱਸਾ ਸਿੰਘ ਤੇ ਉਸ ਦੇ ਭਰਾ ਅੰਮ੍ਰਿਤਸਰ ਜਾ ਕੇ ਨੰਦ ਸਿੰਘ ਸੰਘਾਨੀ ਦੀ ਨੌਕਰੀ ਕਰਨ ਲੱਗ ਪਏ। ਨੰਦ ਸਿੰਘ ਤੇ ਜੱਸਾ ਸਿੰਘ ਨੇ ਰਾਮ ਰੌਣੀ ਦਾ ਕਿਲ੍ਹਾ ਮੁੜ ਕਬਜ਼ੇ ਵਿਚ ਕਰ ਲਿਆ। ਪਰੰਤੂ ਇਸ ਨੂੰ ਅਦੀਨਾ ਦੇ ਜਰਨੈਲ ਪੀਰ ਅਜ਼ੀਜ਼ ਬਖਸ਼ ਨੇ ਤਬਾਹ ਕਰ ਦਿੱਤਾ, ਜਿਸ ਨੂੰ 1758 ਵਿਚ ਲਾਹੌਰ ਦੀ ਜਿੱਤ ਪਿੱਛੋਂ ਸਿੱਖਾਂ ਨੂੰ ਉਸ ਦਾ ਨਿਰਾਦਰ ਕਰਨ ਕਾਰਣ ਦੰਡ ਦੇਣ ਲਈ ਘੱਲਿਆ ਗਿਆ ਸੀ। ਪਰ ਉਹ ਉਸੇ ਸਾਲ ਮਰ ਗਿਆ ਅਤੇ ਜੱਸਾ ਸਿੰਘ ਨੇ ਕਿਲ੍ਹਾ ਦੁਬਾਰਾ ਉਸਾਰ ਲਿਆ ਤੇ ਹੁਣ ਇਸ ਦਾ ਨਾਉਂ ਰਾਮਗੜ੍ਹ ਰੱਖ ਦਿੱਤਾ, ਜਿਸ ਦੇ ਆਧਾਰ ਤੇ ਮਿਸਲ ਦਾ ਨਾਂ ਪਿਆ। ਜੱਸਾ ਸਿੰਘ ਨੇ ਹੁਣ ਕਨ੍ਹਈਆਂ ਨਾਲ ਮਿਲ ਕੇ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਦੇ ਬਹੁਤ ਸਾਰੇ ਨਗਰਾਂ, ਦੀਨਾ ਨਗਰ, ਬਟਾਲਾ, ਕਲਾਨੌਰ, ਸ੍ਰੀ ਹਰਗੋਬਿੰਦਪੁਰ, ਕਾਦੀਆਂ, ਘੁੰਮਣ ਤੇ ਜਲੰਧਰ ਦੁਆਬ ਦੇ ਕੁਝ ਇਲਾਕਿਆਂ ਨੂੰ ਜਿੱਤ ਲਿਆ। ਉਸ ਦੀ ਆਮਦਨ ਹੁਣ ਛੇ ਤੋਂ ਦਸ ਲੱਖ ਦੇ ਵਿਚਕਾਰ ਪਹੁੰਚ ਗਈ।

ਜੱਸਾ ਸਿੰਘ ਦੀ ਵਧਦੀ ਸ਼ਕਤੀ ਨੇ ਉਸ ਦੇ ਭਰਾਵਾਂ ਦਾ ਸਿਰ ਫੇਰ ਦਿੱਤਾ। ਜਾਪਦਾ ਹੈ ਇਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਸਿੱਖਾਂ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਅਤੇ ਹਰ ਥਾਂ ਸਤਿਕਾਰੇ ਜਾਣ ਵਾਲੇ ਸਿੱਖ ਸਰਦਾਰਾਂ ਵਿਚੋਂ ਇਕ ਸੀ। ਉਹ ਤੀਰਥ ਯਾਤਰਾ ਤੇ ਜਾ ਰਿਹਾ ਸੀ ਕਿ ਖੁਸ਼ਹਾਲ ਸਿੰਘ, ਮਾਲੀ ਸਿੰਘ ਅਤੇ ਤਾਰਾ ਸਿੰਘ ਉਸ ਤੇ ਟੁੱਟ ਪਏ ਅਤੇ ਉਸ ਨੂੰ ਲੁੱਟ ਪੁੱਟ ਕੇ ਤੇ ਕੈਦੀ ਬਣਾ ਕੇ ਘਰ ਲੈ ਆਏ। ਉਹ ਗੁੱਸੇ ਨਾਲ ਭੜਕ ਉਠਿਆ ਅਤੇ ਕਸਮ ਖਾਧੀ ਕਿ ਉਹ ਇਕ ਦਿਨ ਰਾਮਗੜ੍ਹੀਆ ਮਿਸਲ ਦਾ ਖਾਤਮਾ ਕਰ ਕੇ ਛੱਡੇਗਾ। ਇਸ ਤੋਂ ਛੇਤੀ ਹੀ ਪਿੱਛੋਂ ਝੰਡਾ ਸਿੰਘ ਅਧੀਨ ਭੰਗੀ, ਜੈ ਸਿੰਘ ਅਤੇ ਹਕੀਕਤ ਸਿੰਘ ਅਧੀਨ ਕਨ੍ਹਈਏ, ਚੜ੍ਹਤ ਸਿੰਘ ਅਤੇ ਚਿਮਿਆਰੀ ਦੇ ਸਰਦਾਰ ਨਾਹਰ ਸਿੰਘ ਅਧੀਨ ਸ਼ੁਕਰਚਕੀਏ, ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਗਏ ਅਤੇ ਰਾਮਗੜ੍ਹੀਆਂ ਨੂੰ ਹਰਾ ਦਿੱਤਾ ਤੇ ਜੱਸਾ ਸਿੰਘ ਨੂੰ ਸਤਲੁਜੋਂ ਪਾਰ ਕੱਢ ਦਿੱਤਾ। ਰਾਮਗੜ੍ਹੀਆ ਸਰਦਾਰ ਸਰਸੇ ਵਿਖੇ ਰਹਿਣ ਲੱਗ ਪਿਆ ਜਿਥੇ ਉਹ 1783 ਤਕ ਰਿਹਾ। ਉਹ ਡਾਕੇ ਮਾਰ ਕੇ ਗੁਜ਼ਾਰਾ ਕਰਦਾ ਅਤੇ ਉਸ ਨੇ ਆਪਣੀ ਲੁੱਟ-ਮਾਰ ਦਿੱਲੀ ਤਕ ਵਧਾ ਦਿੱਤੀ। ਇਕ ਵਾਰ ਉਹ ਦਿੱਲੀ ਦੇ ਮੁਗਲ ਮਹੱਲੇ ਤੇ ਟੁੱਟ

ਪਿਆ ਅਤੇ ਉਥੋਂ ਲੁੱਟ ਦੇ ਹੋਰ ਮਾਲ ਨਾਲ ਚਾਰ ਤੋਪਾਂ ਵੀ ਚੁਕ ਲਿਆਇਆ। ਮੇਰਠ ਦੇ ਨਵਾਬ ਨੇ ਆਪਣੇ ਇਲਾਕੇ ਨੂੰ ਲੁੱਟ-ਮਾਰ ਤੋਂ ਬਚਾਉਣ ਲਈ ਉਸ ਨੂੰ 10,000 ਰੁਪਏ ਦਾ ਨਜ਼ਰਾਨਾ ਭੇਂਟ ਕੀਤਾ। ਉਸ ਨੇ ਹਿਸਾਰ ਲੁਟਿਆ ਅਤੇ ਦੋ ਬ੍ਰਾਹਮਣ ਕੁੜੀਆਂ ਨੂੰ ਉਸ ਥਾਂ ਦੇ ਹਾਕਿਮ ਹੱਥੋਂ ਛੁਡਵਾਇਆ ਜਿਸ ਨੇ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਲਿਆਂਦਾ ਸੀ। ਉਸ ਨੂੰ ਉਸੇ ਨਗਰ ਦੇ ਇਕ ਖੂਹ ਵਿਚ ਦੱਬੀਆਂ ਹੋਈਆਂ ਪੰਜ ਲੱਖ ਅਸ਼ਰਫ਼ੀਆਂ ਵੀ ਲੱਭ ਗਈਆਂ। 1783 ਵਿਚ, ਕਾਲ ਅਤੇ ਸੋਕੇ ਨੇ ਉਸ ਨੂੰ ਸਰਸੇ ਤੋਂ ਵਾਪਸ ਮੋੜ ਲਿਆਂਦਾ। ਇਸ ਦੌਰਾਨ ਮਹਾਂ ਸਿੰਘ ਤੇ ਜੈ ਸਿੰਘ ਵਿਚਕਾਰ ਪਾਟਕ ਪੈ ਗਿਆ ਸੀ। ਇਸ ਲਈ ਉਸ ਨੇ ਮਹਾਂ ਸਿੰਘ ਅਤੇ ਰਾਜਾ ਸੰਸਾਰ ਚੰਦ ਕਟੋਚ ਜਿਸ ਤੋਂ ਜੈ ਸਿੰਘ ਨੇ ਕਾਂਗੜੇ ਦਾ ਕਿਲ੍ਹਾ ਖੋਹ ਲਿਆ ਸੀ, ਨਾਲ ਆਪਣਾ ਹਿਤ ਸਾਂਝਾ ਕੀਤਾ ਤੇ ਕਨ੍ਹਈਆਂ ਨੂੰ ਉਨ੍ਹਾਂ ਤੋਂ ਆਪਣੇ ਸਾਰੇ ਪਿਛਲੇ ਇਲਾਕੇ ਖੋਹ ਕੇ ਭਜਾ ਦਿੱਤਾ।

1796 ਵਿਚ ਰਣਜੀਤ ਸਿੰਘ ਦੀ ਸੱਸ ਸਦਾ ਕੌਰ, ਜਿਸ ਦਾ ਪਤੀ ਗੁਰਬਖਸ਼ ਸਿੰਘ ਕਨ੍ਹਈਆ ਜੱਸਾ ਸਿੰਘ ਰਾਮਗੜ੍ਹੀਆ ਨਾਲ ਇਕ ਲੜਾਈ ਵਿਚ ਮਾਰਿਆ ਗਿਆ ਸੀ, ਨੇ ਜੱਸਾ ਸਿੰਘ ਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਮਿਆਨੀ ਵਿਖੇ ਆਪਣੇ ਜੁਆਈ ਦੀ ਸਹਾਇਤਾ ਨਾਲ ਹਮਲਾ ਕਰ ਦਿੱਤਾ। ਸਖ਼ਤ ਦਬਾਉ ਕਾਰਣ ਜੱਸਾ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਦੀ ਮਿੰਨਤ ਕੀਤੀ ਕਿ ਉਹ ਉਸ ਵੱਲੋਂ ਵਿਚੋਲਗੀ ਕਰੇ। ਪਰੰਤੂ ਜ਼ਿੱਦੀ ਸਦਾ ਕੌਰ ਅੜ ਗਈ ਤੇ ਉਸ ਨੇ ਉਸ ਪਵਿਤਰ ਮਹਾ-ਪੁਰਸ਼ ਦੀ ਸਲਾਹ ਨ ਮੰਨੀ। ਕਿਹਾ ਜਾਂਦਾ ਹੈ ਕਿ ਬਾਬੇ ਨੇ ਉਸ ਨੂੰ ਸਰਾਪ ਦੇ ਦਿੱਤਾ। ਭਾਵੇਂ ਕੁਝ ਵੀ ਹੋਵੇ, ਜੋ ਵਾਪਰਿਆ ਇਕ ਕਰਾਮਾਤ ਤੋਂ ਘੱਟ ਨਹੀਂ ਸੀ। ਕੁਝ ਹੀ ਦਿਨਾਂ ਵਿਚ ਦਰਿਆ ਬਿਆਸ ਵਿਚ ਹੜ੍ਹ ਆ ਗਿਆ ਤੇ ਸਦਾ ਕੌਰ ਤੇ ਉਸ ਦੇ ਜੁਆਈ ਦਾ ਸਾਰਾ ਸਾਮਾਨ ਰੁੜ੍ਹ ਗਿਆ ਅਤੇ ਬੜੀ ਮੁਸ਼ਕਲ ਨਾਲ ਉਨ੍ਹਾਂ ਨੇ ਆਪਣੀਆਂ ਜਾਨਾਂ ਬਚਾਈਆਂ।

ਇਸ ਤੋਂ ਪਿੱਛੋਂ ਜੱਸਾ ਸਿੰਘ ਨੇ 1803 ਵਿਚ ਆਪਣੀ ਮ੍ਰਿਤੂ ਤਕ ਸ਼ਾਂਤੀ ਨਾਲ ਰਾਜ ਕੀਤਾ। ਉਸ ਦੇ ਪੁੱਤਰ ਜੋਧ ਸਿੰਘ ਨੇ ਰਣਜੀਤ ਸਿੰਘ ਦੀ ਈਨ ਮੰਨ ਲਈ ਅਤੇ 1808 ਵਿਚ ਮਹਾਰਾਜ ਦਾ ਲਗਾਨਦਾਰ ਬਣ ਗਿਆ। ਜੱਸਾ ਸਿੰਘ ਦੀ ਆਪਣੀ ਸੰਤਾਨ ਬਾਰੇ ਬਹੁਤਾ ਕੁਝ ਨਹੀਂ ਮਿਲਦਾ ਪਰ ਉਸ ਦੇ ਭਾਈ ਤਾਰਾ ਸਿੰਘ ਦਾ ਘਰਾਣਾ ਜਿਸ ਦਾ ਸਰਦਾਰ ਮੰਗਲ ਸਿੰਘ ਸੀ. ਆਈ. ਈ. ਮੁਖੀ ਹੈ, ਪੰਜਾਬ ਦਾ ਪ੍ਰਸਿੱਧ ਘਰਾਣਾ ਹੈ।

4. ਨਕਈ ਮਿਸਲ

ਇਸ ਮਿਸਲ ਦਾ ਮੁੱਢ ਹੀਰਾ ਸਿੰਘ ਨੇ ਬੰਨ੍ਹਿਆ ਜਿਹੜਾ ਕਿ ਜ਼ਿਲ੍ਹਾ ਲਾਹੌਰ ਦੀ ਦੀ ਚੂਨੀਆਂ ਤਹਿਸੀਲ ਦੇ ਪਿੰਡ ਭਰਵਾਲਾ ਦੇ ਇਕ ਸਿੰਧੂ ਜੱਟ ਚੌਧਰੀ ਹੇਮ ਰਾਜ ਦਾ ਪੁੱਤਰ ਸੀ। ਪੰਜਾਬ ਦੇ ਦੂਸਰੇ ਬਹੁਤ ਸਾਰੇ ਹਾਕਿਮ ਪਰਿਵਾਰਾਂ ਦੀ ਤਰ੍ਹਾਂ ਉਸ ਨੇ ਵੀ ਆਪਣਾ ਜੀਵਨ ਲੁਟੇਰੇ ਦੇ ਤੌਰ ਤੇ ਆਰੰਭ ਕੀਤਾ ਅਤੇ ਹੌਲੀ ਹੌਲੀ ਇੰਨਾ ਇਲਾਕਾ ਫਤਿਹ ਕਰ ਲਿਆ ਕਿ ਉਸ ਨੂੰ ਲਗਾਨ ਵਜੋਂ ਨੌ ਲੱਖ ਰੁਪਿਆ ਆਉਣ ਲੱਗ ਪਿਆ।

ਸ਼ੇਖ ਸੁਜਾ, ਜਿਹੜਾ ਬਾਬਾ ਫਰੀਦ ਸ਼ਕਰਗੰਜ ਦੇ ਡੇਰੇ ਦਾ ਗੱਦੀਦਾਰ ਸੀ ਅਤੇ ਗਊ-ਬੱਧ ਕਰਨ ਕਰਕੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਮਸ਼ਹੂਰ ਸੀ, ਦੇ ਵਿਰੁੱਧ ਉਸ ਪਾਸ ਪਾਕਪਟਨ ਦਿਆਂ ਹਿੰਦੂਆਂ ਨੇ 1767 ਸ਼ਿਕਾਇਤਾਂ ਕੀਤੀਆਂ। ਹੀਰਾ ਸਿੰਘ ਨੇ ਆਪਣੀਆਂ ਫੌਜਾਂ ਇਕੱਤਰ ਕਰ ਕੇ ਸ਼ੇਖਾਂ ਤੇ 2,000 ਸਿਪਾਹੀਆਂ ਨਾਲ ਹਮਲਾ ਕਰ ਦਿੱਤਾ। ਪਰ ਲੜਾਈ ਦੇ ਆਰੰਭ ਵਿਚ ਹੀ ਸਿਰ ਵਿਚ ਗੋਲੀ ਲੱਗਣ ਕਰਕੇ ਉਸ ਦੀ ਮ੍ਰਿਤੂ ਹੋ ਗਈ। ਸ਼ੇਖ ਨੇ 4,000 ਘੋੜਸਵਾਰਾਂ ਨਾਲ ਸਿੱਖਾਂ ਦਾ ਪਿੱਛਾ ਕਰ ਕੇ ਭਾਰੀ ਗਿਣਤੀ ਵਿਚ ਉਨ੍ਹਾਂ ਨੂੰ ਮਾਰ ਮੁਕਾਇਆ ਅਤੇ ਸੈਨਾ ਖਿੰਡਾ ਪੁੰਡਾ ਦਿੱਤੀ।

ਹੀਰਾ ਸਿੰਘ ਦਾ ਨਾਬਾਲਗ ਪੁੱਤਰ ਦਲ ਸਿੰਘ ਦਰਗੁਜ਼ਰ ਕਰ ਦਿੱਤਾ ਗਿਆ, ਤੇ ਉਸ ਦੇ ਭਾਈ ਨੱਥਾ ਸਿੰਘ ਦੇ ਪੁੱਤਰ ਨਾਹਰ ਸਿੰਘ ਨੂੰ ਸਰਦਾਰੀ ਸੌਂਪ ਦਿੱਤੀ ਗਈ। ਕੁਝ ਹੀ ਮਹੀਨਿਆਂ ਪਿੱਛੋਂ 1768 ਵਿਚ ਕੋਟ ਕਮਾਲੀਆਂ ਦੀ ਲੜਾਈ ਵਿਚ ਉਹ ਮਾਰਿਆ ਗਿਆ ਤੇ ਉਸ ਦੀ ਥਾਂ ਉਸ ਦੇ ਛੋਟੇ ਭਾਈ ਰਾਮ ਸਿੰਘ ਨੇ ਸੰਭਾਲੀ। ਰਾਮ ਸਿੰਘ ਤੇ ਉਸ ਦੇ ਉੱਤਰ-ਅਧਿਕਾਰੀਆਂ ਨੇ ਆਪਣਾ ਜੀਵਨ ਸਯੱਦਵਾਲ ਦੇ ਵਜ਼ੀਰ ਸਿੰਘ ਤੇ ਉਸ ਦੀ ਸੰਤਾਨ ਨਾਲ ਲੜਦਿਆਂ ਗੁਜ਼ਾਰਿਆ।

ਇਸ ਮਿਸਲ ਨੇ ਲਗਭਗ ਚੂਨੀਆਂ, ਕਸੂਰ, ਸ਼ਰਕਪੁਰ, ਗੁਗੇਰਾ ਤੇ ਇਕ ਸਮੇਂ ਕੋਟ ਕਮਾਲੀਆ ਦੇ ਇਲਾਕੇ ਤੇ ਵੀ ਰਾਜ ਕੀਤਾ। ਗਿਆਨ ਸਿੰਘ ਜਿਸ ਨੇ 1790 ਵਿਚ ਗੱਦੀ ਸੰਭਾਲੀ ਸੀ, ਨੇ ਆਪਣੀ ਭੈਣ ਰਾਜ ਕੌਰਾਂ[1] ਦੀ ਸ਼ਾਦੀ ਰਣਜੀਤ ਸਿੰਘ ਨਾਲ ਕਰ ਦਿੱਤੀ ਜਿਹੜੀ ਖੜਕ ਸਿੰਘ ਦੀ ਮਾਂ ਬਣੀ। ਗਿਆਨ ਸਿੰਘ ਨਕਈ ਮਿਸਲ ਦਾ ਅਖੀਰਲਾ ਸੁਤੰਤਰ ਸਰਦਾਰ ਸੀ ਤੇ ਉਸ ਦੀ ਮੌਤ ਤੋਂ ਤਿੰਨ ਸਾਲ ਪਿੱਛੋਂ 1807 ਵਿਚ ਰਣਜੀਤ ਸਿੰਘ ਨੇ ਉਸ ਦੇ ਇਲਾਕੇ ਤੇ ਕਬਜ਼ਾ ਕਰ ਕੇ ਗਿਆਨ ਸਿੰਘ ਦੇ ਪੁੱਤਰ ਕਾਹ੍ਨ[2] ਸਿੰਘ ਨੂੰ 15,000 ਰੁਪਏ ਦੀ ਜਾਗੀਰ ਲਾ ਦਿੱਤੀ, ਜਿਹੜਾ ਕਿ ਉਸ ਮਿਸਲ ਦਾ ਰਾਜਨੀਤਿਕ ਤੌਰ ਤੇ ਮਹੱਤਵਪੂਰਣ ਅੰਤਿਮ ਵਿਅਕਤੀ ਸੀ।

5. ਕਨ੍ਹਈਆ ਮਿਸਲ

ਇਸ ਮਿਸਲ ਦਾ ਮੋਢੀ ਜੈ ਸਿੰਘ ਸੀ ਜਿਹੜਾ ਕਿ ਲਾਹੌਰ ਤੋਂ ਲਗਭਗ ਪੰਦਰਾਂ ਮੀਲਾਂ ਤੇ ਸਥਿਤ ਇਕ ਪਿੰਡ ਕਾਨ੍ਹਾ ਦੇ ਗਰੀਬ ਸਿੰਧੂ ਜੱਟ ਖੁਸ਼ਾਲੀ ਦਾ ਪੁੱਤਰ ਸੀ। ਇਸ ਪਿੰਡ ਦੇ ਨਾਂ ਤੇ ਹੀ ਇਸ ਮਿਸਲ ਦਾ ਨਾਉਂ ਟਿਕਿਆ। ਜੈ ਸਿੰਘ ਦੇ ਝੰਡਾ ਸਿੰਘ ਅਤੇ ਸਿੰਘਾ ਦੋ ਭਰਾ ਸਨ ਪਰ ਸਿੰਘੇ ਦਾ ਇਤਿਹਾਸ ਵਿਚ ਕੋਈ ਨਾਂ ਨਹੀਂ ਆਉਂਦਾ ਭਾਵੇਂ

---

1. ਇਹ ਉਹ ਇਸਤਰੀ ਹੈ ਜਿਹੜੀ ਮਾਈ ਨਕੈਣ ਦੇ ਨਾਂ ਨਾਲ ਪ੍ਰਸਿੱਧ ਹੋਈ। ਇਸ ਦੀ ਹਵੇਲੀ ਜਿਹੜੀ ਹੁਣ ਨਜ਼ੂਲ ਭੂਮੀ ਦਾ ਇਕ ਟੁਕੜਾ ਹੈ, ਵੱਛੋਵਾਲੀ, ਲਾਹੌਰ ਵਿਚ ਸਥਿਤ ਸੀ।
2. ਕਾਹਨ ਸਿੰਘ 1872 ਵਿਚ ਲਾਹੌਰ ਵਿਖੇ ਮਰ ਗਿਆ। ਸਰਦਾਰ ਊਧਮ ਸਿੰਘ ਬਰ੍ਹਵਾਲ ਇਸ ਕੁਲ ਦਾ ਪ੍ਰਤਿਨਿਧੀ ਰਿਹਾ।

ਉਸ ਦੇ ਉੱਤਰ-ਅਧਿਕਾਰੀ ਇਸ ਮਿਸਲ ਦੇ ਵਾਰਸ ਬਣੇ। ਜੈ ਸਿੰਘ ਤੇ ਝੰਡਾ ਸਿੰਘ ਨੇ ਨਵਾਬ ਕਪੂਰ ਸਿੰਘ ਪਾਸ ਨੌਕਰੀ ਕਰ ਲਈ, ਪਰ ਨਵਾਬ ਦੀ ਮ੍ਰਿਤੂ ਤੋਂ ਪਿੱਛੋਂ ਦੋਵੇਂ ਭਰਾ ਅੰਮ੍ਰਿਤਸਰ ਤੋਂ ਨੌ ਮੀਲਾਂ ਦੀ ਵਿੱਥ ਤੇ ਵਸੇ ਇਕ ਪਿੰਡ ਸੋਹੀਆਂ ਵਿਖੇ ਚਲੇ ਗਏ ਜਿਥੇ ਜੈ ਸਿੰਘ ਵਿਆਹਿਆ ਹੋਇਆ ਸੀ। ਉਥੇ ਉਸ ਨੇ ਕੋਈ ਚਾਰ ਸੌ ਘੋੜਸਵਾਰ ਇਕੱਤਰ ਕਰ ਕੇ ਲਾਗਲੇ ਇਲਾਕੇ ਤੇ ਆਪਣਾ ਅਧਿਕਾਰ ਜਮਾਉਣਾ ਆਰੰਭ ਕਰ ਦਿੱਤਾ।

1763 ਵਿਚ ਕਸੂਰ ਦੇ ਘੇਰੇ ਅਤੇ ਲੁੱਟ ਸਮੇਂ ਉਹ ਆਹਲੂਵਾਲੀਆ, ਭੰਗੀ ਅਤੇ ਰਾਮਗੜ੍ਹੀਆ ਮਿਸਲਾਂ ਦੇ ਆਗੂਆਂ ਨਾਲ ਮਿਲ ਗਿਆ। ਉਹ ਜੰਮੂ ਦੇ ਘੇਰੇ ਸਮੇਂ ਮੌਜੂਦ ਸੀ ਅਤੇ ਉਸ ਨੇ ਝੰਡਾ ਸਿੰਘ ਭੰਗੀ ਦੀ ਹੱਤਿਆ ਲਈ ਘੜੀ ਸਾਜ਼ਸ਼ ਵਿਚ ਭਾਗ ਲਿਆ। ਇਕ ਜ਼ਬਰਦਸਤ ਵਿਰੋਧੀ ਨੂੰ ਹਟਾ ਕੇ ਜੈ ਸਿੰਘ, ਜੱਸਾ ਸਿੰਘ ਰਾਮਗੜ੍ਹੀਆ ਨੂੰ ਹਟਾਉਣ ਲਈ ਜੱਸਾ ਸਿੰਘ ਆਹਲੂਵਾਲੀਆ, ਜਿਸ ਨੇ ਜੱਸਾ ਸਿੰਘ ਰਾਮਗੜ੍ਹੀਆ ਤੋਂ ਆਪਣਾ ਬਦਲਾ ਲੈਣਾ ਸੀ, ਨਾਲ ਮਿਲ ਗਿਆ। ਇਸ ਤਰਖਾਣ (ਜੱਸਾ ਸਿੰਘ) ਨੂੰ ਜਿਸ ਤਰ੍ਹਾਂ ਕਿ ਉਪਰ ਦਸਿਆ ਗਿਆ ਹੈ ਹਾਂਸੀ ਤੇ ਹਿਸਾਰ ਦੇ ਮਾਰੂ ਇਲਾਕੇ ਵੱਲ ਧੱਕ ਦਿੱਤਾ ਗਿਆ ਅਤੇ ਜੈ ਸਿੰਘ ਹੁਣ ਪੰਜਾਬ ਵਿਚ ਸਭ ਤੋਂ ਸਰਵ ਸ੍ਰੇਸ਼ਠ ਪਦਵੀ ਦਾ ਮਾਲਿਕ ਬਣ ਗਿਆ।

ਇਸ ਪਿੱਛੋਂ ਉਹ ਸਰਹਿੰਦ ਵੱਲ ਵਧਿਆ ਤੇ ਉਸ ਭਾਰੀ ਲੜਾਈ ਵਿਚ ਭਾਗ ਲਿਆ ਜਿਸ ਵਿਚ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਨੂੰ ਹਰਾ ਕੇ ਕਤਲ ਕਰ ਦਿੱਤਾ ਗਿਆ ਅਤੇ ਸ਼ਹਿਰ ਸਿੱਖਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਪਿੱਛੋਂ ਉਸ ਨੇ ਗਰੋਟਾ, ਹਾਜੀਪੁਰ, ਨੂਰਪੁਰ, ਦਾਤਾਰਪੁਰ ਤੇ ਸਿਪਾਹ ਫਤਿਹ ਕੀਤੇ ਤੇ ਇਨ੍ਹਾਂ ਪਹਾੜੀ ਰਿਆਸਤਾਂ ਦੇ ਰਾਜਿਆਂ ਤੋਂ ਤਾਵਾਨ ਲਿਆ। ਉਸ ਨੇ ਮੁਕੇਰੀਆਂ ਦੇ ਅਵਾਨ ਵੰਸ਼ ਦੇ ਹਾਕਿਮਾਂ ਨੂੰ ਸਖ਼ਤ ਲੜਾਈ ਅਤੇ ਭਾਰੀ ਵੱਢ-ਟੁੱਕ ਪਿੱਛੋਂ ਹਰਾ ਕੇ ਮੁਕੇਰੀਆਂ ਤੇ ਵੀ ਕਬਜ਼ਾ ਕਰ ਲਿਆ। ਇਸ ਤੋਂ ਛੇਤੀ ਹੀ ਪਿੱਛੋਂ ਪ੍ਰਸਿੱਧ ਕਾਂਗੜੇ ਦੇ ਕਿਲ੍ਹੇ ਦੀ ਜਿੱਤ ਦੇ ਰੂਪ ਵਿਚ ਉਸ ਨੂੰ ਇਕ ਹੋਰ ਵੱਡੀ ਦਾਤ ਮਿਲੀ। ਰਾਜਾ ਸੰਸਾਰ ਚੰਦ ਕਟੋਚ ਸਦਾ ਇਸ ਕਿਲ੍ਹੇ ਤੇ ਲਲਚਾਈ ਨਜ਼ਰ ਰਖਦਾ ਸੀ, ਪਰੰਤੂ ਸੂਬੇਦਾਰ ਸੈਫ ਅਲੀ ਦਿੱਲੀ ਦਰਬਾਰ ਦੀ ਰਾਖੀ ਦਾ ਦਾਅਵਾ ਕਰਦਾ ਸੀ ਜਿਸ ਨੇ ਕਟੋਚ ਨੂੰ ਕਿਲ੍ਹੇ ਤੇ ਹਮਲਾ ਕਰਨ ਤੋਂ ਰੋਕੀ ਰਖਿਆ ਸੀ। ਜੈ ਸਿੰਘ ਦੀ ਪ੍ਰਸਿੱਧਤਾ ਹੁਣ ਸਿਖਰ ਤੇ ਪੁੱਜ ਚੁੱਕੀ ਸੀ, ਇਸ ਲਈ ਸੰਸਾਰ ਚੰਦ ਨੇ ਉਸ ਤੋਂ ਸਹਾਇਤਾ ਮੰਗੀ ਅਤੇ ਉਸ ਨੂੰ ਕਿਲ੍ਹਾ ਸਰ ਕਰਨ ਵਾਸਤੇ ਸਹਾਇਤਾ ਕਰਨ ਲਈ ਸੱਦਿਆ। ਕਨ੍ਹਈਆ ਸਰਦਾਰ ਨੇ ਇਹ ਸੱਦਾ ਤੁਰੰਤ ਪ੍ਰਵਾਨ ਕਰ ਲਿਆ ਅਤੇ ਆਪਣੇ ਪੁੱਤਰ ਨੂੰ ਭਾਰੀ ਸੈਨਾ ਦੇ ਕੇ ਕਿਲ੍ਹੇ ਵੱਲ ਭੇਜ ਦਿੱਤਾ। ਪੁਰਾਣਾ ਕਿਲ੍ਹੇਦਾਰ 1774 ਵਿਚ ਮਰ ਗਿਆ ਅਤੇ ਕੁਝ ਫੌਜ ਦੇ ਜ਼ੋਰ ਨਾਲ ਤੇ ਕੁਝ ਕੂਟਨੀਤੀ[1] ਰਾਹੀਂ ਕਿਲ੍ਹਾ ਸਰ

---

1. ਸੈਫ ਖ਼ਾਂ ਦੇ ਪੁੱਤਰ ਜੀਵਨ ਖ਼ਾਂ ਨੂੰ ਜੈ ਸਿੰਘ ਨੇ ਰਿਸ਼ਵਤ ਦਿੱਤੀ ਸੀ।

ਹੋ ਜਾਣ ਪਿੱਛੋਂ ਸਿੱਖ ਸਰਦਾਰ ਨੇ ਉਸ ਤੇ ਆਪਣਾ ਕਬਜ਼ਾ ਕਰ ਲਿਆ। ਕਟੋਚ ਨੂੰ ਰੋਕ ਲਿਆ ਗਿਆ ਜਿਸ ਨਾਲ ਉਸ ਨੂੰ ਭਾਰੀ ਨਿਰਾਸਾ ਹੋਈ। ਪਰ ਟਾਕਰੇ ਨਾਲ ਕੋਈ ਆਸ ਫਲਦੀ ਨ ਵੇਖ ਕੇ ਉਸ ਨੇ ਕਨ੍ਹਈਆ ਸਰਦਾਰ ਦੀ ਅਧੀਨਗੀ ਮੰਨ ਲਈ। ਕਾਂਗੜੇ ਦਾ ਕਿਲ੍ਹਾ ਸਾਰੀ ਕਾਂਗੜਾ ਵਾਦੀ ਦੀ ਮਾਨੋਂ ਕੁੰਜੀ[1] ਸੀ ਅਤੇ ਇਸ ਤੇ ਕਬਜ਼ੇ ਨੇ ਜੈ ਸਿੰਘ ਨੂੰ ਲਾਗਲੀਆਂ ਰਿਆਸਤਾਂ ਦੇ ਰਾਜਿਆਂ ਅਤੇ ਠਾਕਰਾਂ ਦਾ ਸਰਵੋਤਮ ਸਰਦਾਰ ਬਣਾ ਦਿੱਤਾ।

ਜੱਸਾ ਸਿੰਘ ਤਰਖਾਣ ਅਤੇ ਜੈ ਸਿੰਘ ਮਿੱਤਰ ਸਨ ਪਰੰਤੂ ਉਨ੍ਹਾਂ ਵਿਚਕਾਰ ਕਸੂਰ ਦੀ ਲੁੱਟ ਤੇ ਝਗੜਾ ਹੋ ਗਿਆ, ਜਿਸ ਕਰਕੇ, ਉਪਰੋਕਤ ਵਿਵਰਣ ਅਨੁਸਾਰ, ਜੈ ਸਿੰਘ ਨੇ ਆਪਣੇ ਆਪ ਨੂੰ ਆਹਲੂਵਾਲੀਆ ਤੇ ਭੰਗੀ ਮਿਸਲਾਂ ਨਾਲ ਮਿਲਾ ਕੇ ਇਸ (ਜੱਸਾ ਸਿੰਘ) ਤਰਖਾਣ ਨੂੰ ਪੰਜਾਬ ਵਿਚੋਂ ਬਾਹਰ ਕੱਢ ਦਿੱਤਾ। ਪਰ ਜੈ ਸਿੰਘ ਦਾ ਇਕ ਹੋਰ ਅਜੇਹਾ ਸ਼ਤਰੂ ਪੈਦਾ ਹੋ ਗਿਆ ਸੀ ਜਿਸ ਪਾਸ ਵਧੇਰੇ ਸੂਝ ਸੀ ਅਤੇ ਉਸ ਤੋਂ ਕਿਤੇ ਵੱਧ ਸਾਧਨ ਸਨ। ਇਹ ਰਣਜੀਤ ਸਿੰਘ ਦਾ ਪਿਤਾ ਮਹਾਂ ਸਿੰਘ ਸੀ। ਇਹ ਝਗੜਾ ਜੰਮੂ ਦੀ ਲੁੱਟ ਤੇ ਆਰੰਭ ਹੋਇਆ ਜਿਸ ਨੂੰ ਮਹਾਂ ਸਿੰਘ ਨੇ 1780 ਵਿਚ ਲੁਟਿਆ ਸੀ। ਕਨ੍ਹਈਆ ਸਰਦਾਰ ਨੇ ਮਹਾਂ ਸਿੰਘ ਨੂੰ ਆਪਣਾ ਪਿਛਲੱਗ ਸਮਝਿਆ ਸੀ ਪਰ ਮਹਾਂ ਸਿੰਘ ਦੀ ਆਪਣੇ ਲਈ ਹੀ ਜੰਮੂ ਦੀ ਫਤਿਹ ਤੇ ਲੁੱਟ-ਮਾਰ ਨੇ ਜੈ ਸਿੰਘ ਨੂੰ ਕੁਦਰਤੀ ਤੌਰ ਤੇ ਭੜਕਾ ਦਿੱਤਾ। ਮਹਾਂ ਸਿੰਘ ਡਰ ਗਿਆ ਅਤੇ ਉਹ ਜੈ ਸਿੰਘ ਤੋਂ ਖਿਮਾ ਮੰਗਣ ਲਈ ਅੰਮ੍ਰਿਤਸਰ ਪੁੱਜਿਆ। ਬਿਰਧ ਸਰਦਾਰ ਨੇ ਚਾਦਰ ਨਾਲ ਮੂੰਹ ਢਕ ਕੇ ਇਸ ਦੀ ਸ਼ਕਲ ਵੇਖਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨਾਲ ਉੱਕਾ ਹੀ ਕਲਾਮ ਨ ਕੀਤਾ।[2] ਮਹਾਂ ਸਿੰਘ ਗ੍ਰਿਫਤਾਰ ਕੀਤਾ ਹੀ ਜਾਣ ਵਾਲਾ ਸੀ ਜਦੋਂ ਉਸ ਨੂੰ ਉਸ ਦੀ ਖਤਰਨਾਕ ਸਥਿਤੀ ਬਾਰੇ ਖਬਰਦਾਰ ਕਰ ਦਿੱਤਾ ਗਿਆ। ਉਹ ਅੰਮ੍ਰਿਤਸਰ ਤੋਂ ਨੱਠ ਗਿਆ ਅਤੇ ਆਪਣੇ ਘੁਮੰਡੀ ਬਿਰਧ ਸਰਪ੍ਰਸਤ ਤੋਂ ਬਦਲਾ ਲੈਣ ਲਈ ਵਸੀਲੇ ਸੋਚਣ ਲੱਗ ਪਿਆ। ਉਸ ਨੂੰ ਜੱਸਾ ਸਿੰਘ ਤਰਖਾਣ ਅਤੇ ਰਾਜਾ ਸੰਸਾਰ ਚੰਦ ਕਟੋਚ, ਜਿਸ ਨੂੰ ਕਨ੍ਹਈਆ ਸਰਦਾਰ ਨੇ ਕਾਂਗੜੇ ਦੇ ਕਿਲ੍ਹੇ ਵਿਚੋਂ ਕੱਢ ਦਿੱਤਾ ਸੀ, ਦੋ ਮਿੱਤਰ ਸਾਥੀ ਮਿਲ ਗਏ। 1784 ਵਿਚ ਬਟਾਲੇ ਦੇ ਸਥਾਨ ਤੇ ਇਕ ਲੜਾਈ ਹੋਈ। ਜੈ ਸਿੰਘ ਦਾ ਇਕਲੌਤਾ ਪੁੱਤਰ ਗੁਰੂ ਸੁੰਦਰ ਦਾਸ ਦੇ ਇਕ ਮੁਰੀਦ ਦਾ ਤੀਰ ਲੱਗਣ ਨਾਲ ਮਰ ਗਿਆ। ਜੈ ਸਿੰਘ ਨੂੰ ਹਾਰ ਹੋਈ ਤੇ ਉਸ ਦਾ ਦਿਲ ਟੁੱਟ ਗਿਆ। ਉਸ ਨੂੰ ਆਪਣੇ ਦੁਸ਼ਮਣਾਂ ਨਾਲ ਸੁਲ੍ਹਾ ਕਰਨ ਤੋਂ ਛੁੱਟ ਹੋਰ ਕੋਈ ਚਾਰਾ ਨਜ਼ਰ ਨ ਆਇਆ। ਉਸ ਨੇ ਕਟੋਚ ਦੇ ਸਰਦਾਰ ਨੂੰ ਕੋਟ ਕਾਂਗੜਾ ਸੰਭਾਲ ਦਿੱਤਾ, ਜੱਸਾ ਸਿੰਘ

---

1. ਇਹ ਕਿਲ੍ਹਾ ਇਕ ਹਜ਼ਾਰ ਵਰ੍ਹਿਆਂ ਤੋਂ ਵੱਧ ਪੁਰਾਣਾ ਸੀ। ਇਸ ਦੀ ਮੁਰੰਮਤ ਰਣਜੀਤ ਸਿੰਘ ਨੇ ਕਰਵਾਈ ਸੀ ਅਤੇ 1905 ਵਿਚ ਭੁਚਾਲ ਨਾਲ ਤਬਾਹ ਹੋ ਜਾਣ ਤੋਂ ਪਹਿਲਾਂ ਇਹ ਬਹੁਤ ਚੰਗੀ ਹਾਲਤ ਵਿਚ ਸੀ।
2. ਅਲੀ-ਉਦ-ਦੀਨ ਦਾ 'ਇਬਰਤਨਾਮਾ'।

ਰਾਮਗੜ੍ਹੀਆ ਨੂੰ ਪੁਰਾਣਾ ਇਲਾਕਾ ਮੋੜ ਦਿੱਤਾ ਅਤੇ ਮਹਾਂ ਸਿੰਘ ਦੀ ਹਮਾਇਤ ਪ੍ਰਾਪਤ ਕਰਨ ਲਈ ਉਸ ਨੇ ਆਪਣੀ ਬਾਲੜੀਮਤੀ ਪੋਤੀ ਮਹਿਤਾਬ ਕੌਰ ਦੀ ਸਗਾਈ ਉਸ ਦੇ ਚਾਰ ਵਰ੍ਹਿਆਂ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ।

ਜੈ ਸਿੰਘ ਆਪਣੀ ਪੁਰਾਣੀ ਸ਼ਕਤੀ ਨੂੰ ਮੁੜ ਪ੍ਰਾਪਤ ਨ ਕਰ ਸਕਿਆ ਅਤੇ 1789 ਵਿਚ ਉਸ ਦਾ ਦੇਹਾਂਤ ਹੋ ਗਿਆ। ਸਰਦਾਰੀ ਉਸ ਦੀ ਨੂੰਹ ਸਦਾ ਕੌਰ ਨੂੰ ਮਿਲੀ। ਉਹ ਬਹੁਤ ਹੀ ਗੁਣਵਾਨ ਅਤੇ ਰਾਜਨੀਤੀ ਵਿਚ ਨਿਪੁੰਨ ਇਸਤਰੀ ਸੀ ਤੇ ਉਹ ਆਪਣੇ ਇਲਾਕੇ ਤੇ ਬੜੀ ਸਿਆਣਪ ਨਾਲ 1820 ਈ. ਤਕ ਰਾਜ ਕਰਦੀ ਰਹੀ ਜਦੋਂ ਕਿ ਉਸ ਦੇ ਜੁਆਈ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਇਲਾਕੇ ਆਪਣੀ ਰਿਆਸਤ ਵਿਚ ਸ਼ਾਮਿਲ ਕਰ ਲਏ।

ਜੈ ਸਿੰਘ ਦੇ ਇਕਲੌਤੇ ਪੁੱਤਰ ਗੁਰਬਖਸ਼ ਸਿੰਘ ਦੇ ਕੋਈ ਪੁੱਤਰ ਨਹੀਂ ਸੀ ਤੇ ਉਸ ਦੀ ਮੌਤ ਨਾਲ ਜੈ ਸਿੰਘ ਦਾ ਬੰਸ ਖਤਮ ਹੋ ਗਿਆ। ਜੈ ਸਿੰਘ ਦਾ ਦੂਸਰਾ ਭਰਾ ਝੰਡਾ ਸਿੰਘ ਬਚਪਨ ਵਿਚ ਹੀ ਮਰ ਗਿਆ ਸੀ ਪਰ ਉਸ ਦੇ ਸਭ ਤੋਂ ਛੋਟੇ ਭਰਾ ਸਿੰਘਾ ਦੇ ਇਕ ਪੁੱਤਰ ਹੇਮ ਸਿੰਘ ਸੀ ਜਿਸ ਦੀ ਔਲਾਦ ਹੁਣ ਕਨ੍ਹਈਆ ਮਿਸਲ ਦੀ ਨਿਸ਼ਾਨੀ ਬਾਕੀ ਹੈ।

ਸਰਦਾਰ ਕਾਹਨ ਸਿੰਘ ਘਰਾਣੇ ਦਾ ਮੁਖੀਆ ਹੈ ਅਤੇ ਚੂਨੀਆਂ ਬਸਤੀ ਵਿਚ ਰੁੱਖਾਂ-ਵਾਲਾ ਪਿੰਡ ਵਿਚ ਉਸ ਦੀ ਜਾਗੀਰ ਹੈ।

6. ਡੱਲੇਵਾਲੀਆ ਮਿਸਲ

ਇਸ ਮਿਸਲ ਦੀ ਨੀਂਹ ਡੇਰਾ ਬਾਬਾ ਨਾਨਕ ਦੇ ਲਾਗੇ ਰਾਵੀ ਦੇ ਕੰਢੇ ਤੇ ਵਸਦੇ ਇਕ ਛੋਟੇ ਜੇਹੇ ਪਿੰਡ ਡੱਲੇਵਾਲ ਦੇ ਇਕ ਖੱਤਰੀ ਗੁਲਾਬਾ ਨੇ ਰੱਖੀ। ਉਸ ਨੇ ਸਿੱਖ ਧਰਮ ਧਾਰਨ ਕਰ ਕੇ ਆਪਣਾ ਨਾਉਂ ਗੁਲਾਬ ਸਿੰਘ ਰੱਖ ਲਿਆ ਅਤੇ ਹਾਕਿਮ ਘਰਾਣਿਆਂ ਦਿਆਂ ਦੂਸਰੇ ਮੋਢੀਆਂ ਦੀ ਤਰ੍ਹਾਂ ਲੁੱਟ-ਮਾਰ ਕਰਨ ਲੱਗ ਪਿਆ। ਇਸ ਤਰ੍ਹਾਂ ਉਸ ਨੇ ਬਹੁਤ ਸਾਰਾ ਧਨ ਇਕੱਤਰ ਕਰ ਲਿਆ ਅਤੇ ਸਿਪਾਹੀਆਂ ਦੀ ਭਾਰੀ ਸੈਨਾ ਇਕੱਠੀ ਕਰ ਕੇ ਉਸ ਦੀ ਸਹਾਇਤਾ ਨਾਲ ਉਸ ਨੇ ਆਪਣੇ ਲਈ ਇਕ ਛੋਟੀ ਜੇਹੀ ਜਾਗੀਰ (principality) ਬਣਾ ਲਈ। ਉਸ ਦਾ ਨਾਇਬ ਤਾਰਾ ਸਿੰਘ ਗੈਬਾ ਸੀ ਜਿਹੜਾ ਉਸ ਦੇ ਮਰਨ ਪਿੱਛੋਂ ਉਸ ਦਾ ਉੱਤਰ-ਅਧਿਕਾਰੀ ਬਣਿਆ। ਇਹ ਤਾਰਾ ਸਿੰਘ ਬਹੁਤ ਹੀ ਹੁਸ਼ਿਆਰ ਅਤੇ ਉੱਦਮੀ ਪੁਰਸ਼ ਜਾਪਦਾ ਹੈ। ਉਹ ਇਕ ਆਜੜੀ ਸੀ ਪਰ ਇਤਨੇ ਨੀਵੇਂ ਮੁੱਢ ਦਾ ਹੁੰਦੇ ਹੋਏ ਵੀ ਭਵਿਖੀ ਮਹਾਨਤਾ ਦੇ ਚਿੰਨ੍ਹ ਉਸ ਵਿਚ ਨਜ਼ਰ ਆ ਗਏ ਸਨ। ਉਸ ਦਾ ਪਿੰਡ ਇਕ ਡੂੰਘੀ ਖਾਈ ਦੇ ਇਕ ਪਾਸੇ ਸਥਿਤ ਸੀ ਜਿਸ ਦੇ ਪਾਰ ਇਕ ਤਕੜੀ ਚਰਾਂਦ ਸੀ। ਉਸ ਨੇ ਖਾਈ ਉਪਰ ਰੱਸਿਆਂ ਦੇ ਇਕ ਕੰਮ-ਚਲਾਊ ਪੁਲ ਨਾਲ ਰਾਹ ਬਣਾ ਕੇ ਹਰ ਸਵੇਰ-ਸ਼ਾਮ ਆਪਣਾ ਇੱਜੜ ਪਾਰ ਲੰਘਾਉਣ ਦੀ ਵਿਉਂਤ ਬਣਾਈ। ਇਸ ਕਰਾਮਾਤੀ ਕਾਢ ਨੂੰ ਵੇਖ ਕੇ ਲੋਕ ਉਸ ਨੂੰ ਗੈਬਾ ਜਾਂ ਕਰਾਮਾਤੀ ਕਹਿਣ ਲੱਗ ਪਏ। ਮਿਸਲ ਦੀ ਸਰਦਾਰੀ ਸੰਭਾਲਣ

ਤੋਂ ਪਿੱਛੋਂ ਉਹ ਭੰਗੀਆਂ ਅਤੇ ਦੂਸਰੇ ਮਿਸਲਦਾਰਾਂ ਨਾਲ ਕਸੂਰ ਵਿਰੁੱਧ ਮੁਹਿੰਮ ਵਿਚ ਮਿਲ ਗਿਆ ਅਤੇ ਇਸ ਨਗਰ ਦੀ ਲੁੱਟ ਸਮੇਂ ਨਕਦ ਰੁਪਏ ਅਤੇ ਹੋਰ ਕੀਮਤੀ ਸੰਪੱਤੀ ਤੋਂ ਛੁੱਟ ਚਾਰ ਲੱਖ ਰੁਪਏ ਦੇ ਜ਼ੇਵਰ ਲੁੱਟ ਲਿਆਂਦੇ। ਉਸ ਨੇ ਆਪਣੀ ਮਿਸਲ ਰੀਜ ਦੇ ਪ੍ਰਭਾਵਸ਼ਾਲੀ ਚੌਧਰੀ ਗੋਹਰ ਦਾਸ ਨੂੰ ਸਿੱਖ ਬਣਾ ਕੇ ਮਜਬੂਰ ਕੀਤੀ। ਉਹ ਆਪਣੇ ਸਾਰੇ ਅਨੁਯਾਈਆਂ ਸਮੇਤ ਅੰਮ੍ਰਿਤ ਛਕ ਕੇ ਡੱਲੇਵਾਲੀਆ ਮਿਸਲ ਵਿਚ ਸ਼ਾਮਿਲ ਹੋ ਗਿਆ। ਤਾਰਾ ਸਿੰਘ ਸਰਹਿੰਦ ਦੀ ਲੁੱਟ ਵਿਚ ਵੀ ਸ਼ਾਮਿਲ ਸੀ। ਉਸ ਦੀ ਕਮਾਨ ਅਧੀਨ ਹੁਣ 3,000 ਘੋੜਸਵਾਰ ਸਨ ਅਤੇ ਉਸ ਨੇ ਫਤਿਆਬਾਦ ਅਤੇ ਉਸ ਦੇ ਸਾਰੇ ਲਾਗਲੇ ਇਲਾਕੇ ਕਬਜ਼ੇ ਕਰ ਲਏ ਸਨ।

ਪਰ ਇਸ ਸਮੇਂ ਹੀ ਰਣਜੀਤ ਸਿੰਘ ਨੇ ਸਿੱਖ ਰਾਜ ਨੂੰ ਇਕੱਤਰ ਕਰਨ ਦਾ ਕਾਰਜ ਆਰੰਭ ਕਰ ਦਿੱਤਾ ਸੀ ਅਤੇ ਫਤਿਹ ਸਿੰਘ ਆਹਲੂਵਾਲੀਆ ਅਧੀਨ ਇਕ ਮੁਹਿੰਮ ਡੱਲੇਵਾਲੀਆ ਸਰਦਾਰ ਵਿਰੁੱਧ ਘੱਲੀ ਗਈ। ਤਾਰਾ ਸਿੰਘ ਨੱਠ ਗਿਆ। ਉਸ ਦੀ ਜਾਗੀਰ ਤੇ ਕਬਜ਼ਾ ਕਰ ਕੇ, ਸਿੱਖ ਰਾਜ ਵਿਚ ਸ਼ਾਮਿਲ ਕਰ ਲਈ ਗਈ। ਤਾਰਾ ਸਿੰਘ ਦੀ ਮ੍ਰਿਤੂ ਪਿੱਛੋਂ ਉਸ ਦੇ ਪੁੱਤਰਾਂ ਦਸੌਂਧਾ ਸਿੰਘ ਅਤੇ ਚੰਦਾ ਸਿੰਘ ਨੂੰ ਰਣਜੀਤ ਸਿੰਘ ਨੇ ਜਾਗੀਰ ਵਜੋਂ ਕੁਝ ਪਿੰਡ ਦੇ ਦਿੱਤੇ, ਪਰ ਉਨ੍ਹਾਂ ਦੇ ਵਤੀਰੇ ਤੋਂ ਅਸੰਤੁਸ਼ਟ ਹੋ ਕੇ, ਮਾਹਾਰਾਜਾ ਨੇ ਉਨ੍ਹਾਂ ਦੀ ਇਹ ਜਾਗੀਰ ਜ਼ਬਤ ਕਰ ਕੇ ਬਾਬਾ ਬਿਕਰਮ ਸਿੰਘ ਬੇਦੀ ਨੂੰ ਬਖਸ਼ ਦਿੱਤੀ। ਇਸ ਤਰ੍ਹਾਂ ਇਹ ਮਿਸਲ ਸਮਾਪਤ ਹੋ ਗਈ।

7. ਨਿਸ਼ਾਨਵਾਲੀਆ ਮਿਸਲ

ਇਸ ਮਿਸਲ ਦੀ ਮਹੱਤਤਾ ਦਾ ਕਾਰਣ ਇਹ ਹੈ ਕਿ ਇਸ ਦਾ ਬਾਨੀ ਅੰਬਾਲੇ ਦਾ ਸਗਤ ਸਿੰਘ ਸੀ ਜੋ ਸਿੱਖਾਂ ਦੀਆਂ ਮੁਹਿੰਮਾਂ ਸਮੇਂ ਕੌਮੀ ਝੰਡਾ ਚੁਕਿਆ ਕਰਦਾ ਸੀ। ਸੰਗਤ ਸਿੰਘ ਦਾ ਇਲਾਕਾ ਸਤਲੁਜ ਦੇ ਪਾਰਲੇ ਕੰਢੇ ਸੀ ਅਤੇ ਉਹ ਉੱਤਰ ਪ੍ਰਦੇਸ਼ ਦੇ ਇਲਾਕੇ ਵਿਚ ਲੁੱਟ-ਮਾਰ ਕਰਿਆ ਕਰਦਾ ਸੀ। ਮੋਹਰ ਸਿੰਘ ਸੰਗਤ ਸਿੰਘ ਦਾ ਉੱਤਰ-ਅਧਿਕਾਰੀ ਬਣਿਆ। ਪਰ ਉਹ ਕੋਈ ਉਘੜਵਾਂ ਕੰਮ ਕੀਤੇ ਬਗੈਰ ਹੀ ਮਰ ਗਿਆ। ਕਿਉਂਕਿ ਉਸ ਦੀ ਕੋਈ ਉਲਾਦ ਨਹੀਂ ਸੀ, ਇਸ ਲਈ ਮਿਸਲ ਦਾ ਵਾਸਤਵ ਵਿਚ ਕੋਈ ਆਗੂ ਨ ਰਿਹਾ। ਐਨ ਉਸ ਸਮੇਂ ਰਣਜੀਤ ਸਿੰਘ ਸਤਲੁਜ ਦਿਆਂ ਕੰਢਿਆਂ ਤੇ ਘੁੰਮ ਰਿਹਾ ਸੀ ਉਸ ਨੇ ਇਸ ਨੂੰ ਉੱਤਮ ਅਵਸਰ ਸਮਝਿਆ ਅਤੇ ਆਪਣੇ ਪ੍ਰਸਿੱਧ ਜਰਨੈਲ ਮੋਹਕਮ ਚੰਦ ਨੂੰ ਇਕ ਤਕੜੀ ਸੈਨਾ ਦਾ ਮੁਖੀਆ ਬਣਾ ਕੇ ਇਸ ਮਿਸਲ ਨੂੰ ਅਧੀਨ ਕਰਨ ਲਈ ਭੇਜਿਆ। ਦੀਵਾਨ ਨੇ ਬੜੀ ਆਸਾਨੀ ਨਾਲ ਜਿੱਤ ਪ੍ਰਾਪਤ ਕਰ ਲਈ। ਨਿਸ਼ਾਨਵਾਲੀਆਂ ਨੂੰ ਮੈਦਾਨੋਂ ਭਜਾ ਦਿੱਤਾ ਗਿਆ ਅਤੇ ਮਿਸਲ ਦੀ ਹੋਂਦ ਸਮਾਪਤ ਹੋ ਗਈ। ਇਹ ਘਟਨਾ 1808 ਈ. ਵਿਚ ਵਾਪਰੀ।

8. ਸਿੰਘਪੁਰੀਆ ਮਿਸਲ

ਇਸ ਮਿਸਲ ਦੀ ਨੀਂਹ ਪ੍ਰਸਿੱਧ ਨਵਾਬ ਕਪੂਰ ਸਿੰਘ ਨੇ ਰੱਖੀ। ਇਹ ਪਹਿਲਾਂ ਦਸਿਆ ਜਾ[1] ਚੁਕਿਆ ਹੈ ਕਿ ਕਿਵੇਂ ਫੈਜ਼ੁਲਾਪੁਰ ਦਾ ਇਹ ਗਰੀਬ ਜੱਟ ਕਪੂਰ ਸਿੰਘ ਪੰਜਾਬ ਦਾ ਸਭ ਤੋਂ ਸ਼ਕਤੀਸ਼ਾਲੀ ਆਗੂ ਬਣਿਆ। ਸਿਰੋਪਾ ਅਤੇ ਨਵਾਬ ਦਾ ਖ਼ਤਾਬ ਦਿੱਲੀ ਸਰਕਾਰ ਨੇ ਅੰਮ੍ਰਿਤਸਰ ਵਿਖੇ ਸਿੱਖਾਂ ਦੀ ਇਕ ਸੰਗਤ ਵਿਚ ਭੇਜੇ ਸਨ ਪਰ ਸਿੱਖਾਂ ਵਿਚੋਂ ਕੋਈ ਵੀ ਇਨ੍ਹਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਕਪੂਰ ਸਿੰਘ ਸੰਗਤਾਂ ਨੂੰ ਦੀਵਾਨ ਵਿਚ ਪੱਖਾ ਝੱਲ ਰਿਹਾ ਸੀ। ਕਿਸੇ ਨੇ ਹਾਸੀ-ਹਾਸੀ ਵਿਚ ਇਹ ਕਿਹਾ ਕਿ ਨਵਾਬ ਦੀ ਪਦਵੀ ਉਸ ਪੱਖਾ ਝੱਲਣ ਵਾਲੇ ਨੂੰ ਬਖਸ਼ ਦਿੱਤੀ ਜਾਵੇ। ਇਸ ਤੇ ਉਸ ਨੂੰ ਸਿਰੋਪਾ ਬਖਸ਼ ਦਿੱਤਾ ਗਿਆ ਅਤੇ ਉਹ ਨਵਾਬ ਕਪੂਰ ਸਿੰਘ ਦੇ ਨਾਉਂ ਨਾਲ ਪ੍ਰਸਿੱਧ ਹੋ ਗਿਆ। ਮਖੌਲ ਵਿਚ ਕਹੀ ਗੱਲ ਕਈ ਵਾਰੀ ਸੱਚ ਸਿੱਧ ਹੋ ਜਾਂਦੀ ਹੈ। ਕਪੂਰ ਸਿੰਘ ਦੇ ਭਾਗ ਉਸ ਦੇ ਹਥਿਆਰਬੰਦ ਭਰਾਵਾਂ ਵੱਲੋਂ ਮਖੌਲ ਵਿਚ ਬਖਸ਼ੀ ਪਦਵੀ ਨਾਲ ਹੀ ਜਾਗ ਪਏ। ਉਸ ਨੇ ਕੁਝ ਸਿਪਾਹੀ ਇਕੱਠੇ ਕੀਤੇ ਅਤੇ ਆਪਣੇ ਜਨਮ-ਸਥਾਨ ਫੈਜ਼ੁਲਾਪੁਰ ਨੂੰ ਇਸ ਦੇ ਮੋਢੀ ਅਤੇ ਮਾਲਿਕ ਫੈਜ਼ੁਲਾ ਤੋਂ ਖੋਹ ਲਿਆ ਅਤੇ ਇਸ ਦਾ ਨਾਉਂ ਬਦਲ ਕੇ ਸਿੰਘਪੁਰ ਰੱਖ ਦਿੱਤਾ ਜਿਸ ਦੇ ਆਧਾਰ ਤੇ ਉਸ ਦੀ ਮਿਸਲ ਦਾ ਨਾਂ ਸਿੰਘਪੁਰੀਆ ਪਿਆ[2]। ਉਸ ਨੇ ਲਾਗਲੇ ਇਲਾਕੇ ਫਤਿਹ ਕਰ ਲਏ ਅਤੇ ਉਸ ਦੀ ਸੈਨਾ ਵਿਚ ਘੋੜਸਵਾਰਾਂ ਦੀ ਗਿਣਤੀ 2500 ਹੋ ਗਈ ਜਿਨ੍ਹਾਂ ਨੇ ਆਪਣੇ ਆਗੂ ਜਿਤਨੀ ਨਿਧੜਕਤਾ, ਦ੍ਰਿੜ੍ਹਤਾ ਅਤੇ ਦਲੇਰੀ ਵਿਖਾਈ। ਇਨ੍ਹਾਂ ਲੋਹ-ਪੁਰਸ਼ਾਂ ਦੀ ਸਹਾਇਤਾ ਨਾਲ ਉਸ ਨੇ ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਤਕ ਦਾ ਇਲਾਕਾ ਜਿੱਤ ਲਿਆ। ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ ਉਹ ਜੱਸਾ ਸਿੰਘ ਕਲਾਲ ਅਤੇ ਪਟਿਆਲੇ ਦੇ ਆਲਾ ਸਿੰਘ ਦੇ ਪ੍ਰਸਿੱਧੀ ਪ੍ਰਾਪਤ ਕਰਨ ਤੋਂ ਪਹਿਲਾਂ ਸਭ ਤੋਂ ਵੱਧ ਸ਼ਕਤੀਸ਼ਾਲੀ ਸਿੱਖ ਸਰਦਾਰ ਸੀ। ਉਹ ਖ਼ਾਲਸੇ ਵਿਚ ਸਭ ਤੋਂ ਵੱਧ ਪਵਿਤਰ ਪੁਰਸ਼ ਸਮਝਿਆ ਜਾਂਦਾ ਸੀ ਕਿਉਂਕਿ ਉਸ ਨੇ ਆਪਣੇ ਹੱਥੀਂ ਪੰਜ ਸੌ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਉਸ ਦੇ ਹੱਥਾਂ ਤੋਂ ਅੰਮ੍ਰਿਤ ਛਕਣਾ ਭਾਰੀ ਮਹਾਤਮ ਸਮਝਿਆ ਜਾਂਦਾ ਸੀ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਨੂੰ ਉਸ ਨੇ ਅੰਮ੍ਰਿਤ ਛਕਾਇਆ ਉਨ੍ਹਾਂ ਵਿਚੋਂ ਬਹੁਤ ਸਾਰੇ ਸ਼ਕਤੀਸ਼ਾਲੀ ਸਰਦਾਰ ਬਣੇ।

ਬੰਦਾ ਬਹਾਦਰ ਤੋਂ ਪਿੱਛੋਂ ਉਸੇ ਨੇ ਹੀ ਪਹਿਲੀ ਬਾਕਾਇਦਾ ਸਿੱਖ ਸੈਨਾ ਜਥੇਬੰਦ ਕੀਤੀ ਜਿਸ ਨੂੰ ਖ਼ਾਲਸਾ ਦਲ ਕਿਹਾ ਜਾਂਦਾ ਸੀ। ਇਹ ਉਸ ਦੇ ਹੀ ਦਿੱਤੇ ਸਾਹਸ,

---

1. ਵੇਖੋ ਅਧਿਆਇ 13

2. ਇਸ ਮਿਸਲ ਨੂੰ ਕੁਝ ਸਮਾਂ ਪਿੰਡ ਦੇ ਮੌਲਿਕ ਨਾਂ ਦੇ ਆਧਾਰ ਤੇ ਫੈਜ਼ੁਲਾਪੁਰੀਆ ਮਿਸਲ ਵੀ ਕਿਹਾ ਜਾਂਦਾ ਰਿਹਾ। ਇਹ ਪਿੰਡ ਅੰਮ੍ਰਿਤਸਰ ਦੇ ਨੇੜੇ ਸਥਿਤ ਹੈ।

ਉਤਸ਼ਾਹ ਅਤੇ ਦ੍ਰਿੜ੍ਹਤਾ ਦਾ ਸਿੱਟਾ ਸੀ ਕਿ ਸਿੱਖ ਆਗੂਆਂ ਨੇ ਆਪਣੀਆਂ ਜਾਗੀਰਾਂ ਬਣਾਉਣੀਆਂ ਆਰੰਭ ਕਰ ਦਿੱਤੀਆਂ। ਉਸ ਤੋਂ ਪਿੱਛੋਂ ਪੰਜਾਬ ਵਿਚ ਸਿੱਖ ਮਿਸਲਾਂ ਹਰ ਥਾਂ ਖੁੰਬਾਂ ਵਾਂਗੂੰ ਉਭਰਣੀਆਂ ਆਰੰਭ ਹੋ ਗਈਆਂ।

ਨਵਾਬ ਕਪੂਰ ਸਿੰਘ ਆਪਣਾ ਸਤਿਕਾਰ ਜਿਹੜਾ ਉਹ ਸਿੱਖ ਸੈਨਾ ਵਿਚ ਮਾਣਦਾ ਸੀ ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਕੇ 1753 ਵਿਚ ਅੰਮ੍ਰਿਤਸਰ ਵਿਖੇ ਸੁਰਗਵਾਸ ਹੋ ਗਿਆ।

ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਫੌਲਾਦੀ ਗੁਰਜ[1] ਉਸ ਦੇ ਸਪੁਰਦ ਕਰ ਕੇ ਉਸ ਨੂੰ ਖ਼ਾਲਸੇ ਦਾ ਆਗਾਮੀ ਆਗੂ ਘੋਸ਼ਿਤ ਕਰ ਦਿੱਤਾ। ਪਰ ਉਸ ਦਾ ਭਤੀਜਾ ਖੁਸ਼ਹਾਲ ਸਿੰਘ ਉਸ ਦੀ ਮਿਸਲ ਦਾ ਵਾਰਸ ਬਣਿਆ। ਇਸ ਸਰਦਾਰ ਨੇ ਬਹਾਦਰੀ ਅਤੇ ਸਿਆਣਪ ਵਿਚ ਆਪਣੇ ਚਾਚੇ ਦੇ ਤੁੱਲ ਉਤਰ ਕੇ ਸਤਲੁਜ ਦੇ ਦੋਹੀਂ ਪਾਸੀਂ ਆਪਣੇ ਇਲਾਕੇ ਦਾ ਵਿਸਤਾਰ ਕੀਤਾ। ਉਸ ਦੇ ਇਲਾਕੇ ਵਿਚ ਜਲੰਧਰ, ਨੂਰਪੁਰ, ਬਹਰਾਮਪੁਰ, ਭਰਤਗੜ੍ਹ, ਪੱਟੀ ਆਦਿ ਸ਼ਾਮਿਲ ਸਨ। ਆਪਣੇ ਅਦੁੱਤੀ ਬਜ਼ੁਰਗ ਦੀ ਤਰ੍ਹਾਂ ਉਸ ਨੇ ਬਹੁਤ ਸਾਰੇ ਸਿੱਖ ਸਾਜੇ, ਜਿਨ੍ਹਾਂ ਵਿਚ ਪਟਿਆਲੇ ਦਾ ਰਾਜਾ ਆਲਾ ਸਿੰਘ ਵੀ ਸ਼ਾਮਿਲ ਸੀ। ਖੁਸ਼ਹਾਲ ਸਿੰਘ 1795 ਵਿਚ ਮਰ ਗਿਆ ਤੇ ਉਸ ਦਾ ਪੁੱਤਰ ਬੁੱਧ ਸਿੰਘ ਉਸ ਦਾ ਉੱਤਰ-ਅਧਿਕਾਰੀ ਬਣਿਆ। ਪਰੰਤੂ ਇਸ ਦੌਰਾਨ ਰਣਜੀਤ ਸਿੰਘ ਸਾਰੀਆਂ ਛੋਟੀਆਂ-ਛੋਟੀਆਂ ਸਿੱਖ ਰਿਆਸਤਾਂ ਨੂੰ ਇਕੱਠਾ ਕਰ ਰਿਹਾ ਸੀ ਜਿਸ ਕਰਕੇ ਬੁੱਧ ਸਿੰਘ ਦਾ ਇਲਾਕਾ ਵੀ ਇਸ ਤੋਂ ਬਚ ਨ ਸਕਿਆ। ਉਸ ਦਾ ਸਤਲੁਜ ਦੇ ਉਰਲੇ ਕੰਢੇ ਦਾ ਸਾਰਾ ਪ੍ਰਦੇਸ਼ ਜਿੱਤ ਲਿਆ ਗਿਆ ਅਤੇ ਸਰਦਾਰ ਨੂੰ ਅੰਗ੍ਰੇਜ਼ੀ ਇਲਾਕੇ ਵਿਚ ਸ਼ਰਨ ਲੈਣੀ ਪਈ ਜਿਥੇ ਉਹ 1816 ਵਿਚ ਆਪਣੀ ਮੌਤ ਤਕ ਸ਼ਾਂਤੀ ਨਾਲ ਜੀਵਨ ਬਤੀਤ ਕਰਦਾ ਰਿਹਾ।

9. ਕਰੋੜਾ ਸਿੰਘੀ ਮਿਸਲ

ਇਹ ਮਿਸਲ ਜੋ ਕਿ ਇਸ ਦੇ ਪਹਿਲੇ ਆਗੂ ਦੇ ਜਨਮ ਸਥਾਨ ਦੇ ਨਾਉਂ ਤੇ ਪੰਜਗੜ੍ਹੀਆ ਮਿਸਲ ਵੀ ਅਖਵਾਉਂਦੀ ਹੈ, ਪੰਜਗੜ੍ਹ ਦੇ ਇਕ ਜੱਟ ਕਰੋੜੀ ਮੱਲ ਨੇ ਥੰਨ੍ਹੀ ਸੀ।

ਬੇਸ਼ਕ ਉਸ ਨੇ ਇਕ ਲੁਟੇਰੇ ਦੇ ਤੌਰ ਤੇ ਜੀਵਨ ਆਰੰਭ ਕੀਤਾ ਪਰ ਆਪਣੇ ਪ੍ਰਸਿੱਧ ਸਹਾਇਕਾਂ ਮਸਤਾਨ ਸਿੰਘ ਅਤੇ ਕਰਮ ਸਿੰਘ ਦੀ ਸਹਾਇਤਾ ਨਾਲ ਉਹ ਇਕ ਹਾਕਿਮ ਘਰਾਣੇ ਦੀ ਸਥਾਪਨਾ ਕਰਨ ਵਿਚ ਸਫਲ ਹੋ ਗਿਆ। ਸੰਤਾਨਹੀਣ ਮਰਨ ਕਾਰਣ ਉਸ ਦੀ ਥਾਂ ਬਘੇਲ ਸਿੰਘ ਨੇ ਸੰਭਾਲੀ ਜਿਹੜਾ ਕਿ ਉਸ ਦੇ ਅਨੁਯਾਈਆਂ ਵਿਚੋਂ

1. ਇਹ ਸ਼ਸਤਰ ਹੁਣ ਵੀ ਅੰਮ੍ਰਿਤਸਰ ਵਿਖੇ ਅਕਾਲ ਬੁੰਗਾ ਵਿਚ ਸੰਭਾਲਿਆ ਪਿਆ ਹੈ।

ਸਭ ਤੋਂ ਵੱਧ ਉੱਦਮੀ ਸੀ। ਇਸ ਸਰਦਾਰ ਅਧੀਨ ਮਿਸਲ ਨੇ ਭਾਰੀ ਸ਼ਕਤੀ ਪ੍ਰਾਪਤ ਕੀਤੀ। ਇਸ ਦੀ ਸੈਨਾ 12,000 ਸਿਪਾਹੀਆਂ ਤਕ ਅਪੜ ਗਈ ਅਤੇ ਇਸ ਦੇ ਇਲਾਕੇ ਦਾ ਵਿਸਤਾਰ ਸਤਲੁਜ ਤੋਂ ਜਲੰਧਰ ਤਕ ਹੋ ਗਿਆ ਜਿਸ ਦੀ ਰਾਜਧਾਨੀ ਕਰਨਾਲ ਦੇ ਨੇੜੇ ਚੰਡਾਲੀ ਸੀ।

ਪਰ ਕੌਮੀ ਦ੍ਰਿਸ਼ਟੀਕੋਣ ਤੋਂ ਬਘੇਲ ਸਿੰਘ ਦਾ ਨਾਂ ਸਿੱਖਾਂ ਵਿਚ ਘੱਟ ਹੀ ਸਤਿਕਾਰਿਆ ਜਾਂਦਾ ਹੈ। ਇਹ ਵਿਅਕਤੀ ਉਹੀ ਸੀ ਜਿਹੜਾ ਸਭ ਤੋਂ ਪਹਿਲਾਂ ਮੁਗਲੀਆ ਸ਼ਾਹੀ ਫੌਜਾਂ ਵਿਚ ਸ਼ਾਮਿਲ ਹੋਇਆ ਜਦੋਂ ਸ਼ਹਿਜ਼ਾਦਾ ਜਵਾਂ ਬਖ਼ਤ 20,000 ਸਿਪਾਹੀਆਂ ਦੀ ਸੈਨਾ ਲੈ ਕੇ ਸਿੱਖਾਂ ਦੇ ਵਿਰੁੱਧ ਚੜ੍ਹ ਆਇਆ। ਯੁੱਧ ਵਿਚ ਸ਼ਾਹੀ ਸੈਨਾ ਨੇ ਕੁਝ ਜਿੱਤਾਂ ਪ੍ਰਾਪਤ ਕੀਤੀਆਂ ਪਰ ਅਖੀਰ ਵਿਚ ਪਟਿਆਲੇ ਦੇ ਰਾਜੇ ਅਤੇ ਹੋਰ ਫੂਲਕੀਆਂ ਸਰਦਾਰਾਂ ਦੀਆਂ ਸਾਂਝੀਆਂ ਫੌਜਾਂ ਨੇ ਕਨ੍ਹਈਆ ਅਤੇ ਰਾਮਗੜ੍ਹੀਆ ਮਿਸਲਾਂ ਦੀਆਂ ਫੌਜਾਂ ਨਾਲ ਰਲ ਕੇ, ਉਨ੍ਹਾਂ ਨੂੰ ਖਦੇੜ ਦਿੱਤਾ। ਇਸ ਲੜਾਈ ਵਿਚ ਜਿਹੜੀ ਕਿ 1778-79 ਦੀ ਸਾਰੀ ਸਰਦੀ ਲੱਗੀ ਰਹੀ, ਬਘੇਲ ਸਿੰਘ ਆਪਣੇ ਸਹਿਧਰਮੀਆਂ ਵਿਰੁੱਧ ਦਿੱਲੀ ਦੀ ਸਰਕਾਰ ਵੱਲੋਂ ਲੜਿਆ।

ਇਸ ਤੋਂ ਪਿੱਛੋਂ ਇਕ ਵਾਰੀ ਫੇਰ ਬਘੇਲ ਸਿੰਘ ਨੇ ਹੀ ਮਰਹੱਟਿਆਂ ਨੂੰ, ਜਦੋਂ ਉਨ੍ਹਾਂ ਨੇ 1788 ਵਿਚ ਅੰਬਾ ਰਾਓ ਅਧੀਨ ਸਿੱਖ ਇਲਾਕੇ ਤੇ ਹਮਲਾ ਕੀਤਾ, ਜੀ ਆਇਆਂ ਆਖ ਕੇ ਆਪਣੀ ਪੂਰੀ ਹਿਮਾਇਤ ਦਿੱਤੀ।

ਬਘੇਲ ਸਿੰਘ ਦੀ ਮੌਤ ਤੇ, ਮਿਸਲ ਦੀ ਅਗਵਾਈ ਜੋਧ ਸਿੰਘ ਦੇ ਹੱਥ ਆ ਗਈ ਜਿਹੜਾ ਕਿ ਕਲਸੀਆ ਘਰਾਣੇ ਦੇ ਮੋਢੀ ਬਘੇਲ ਸਿੰਘ ਦੇ ਪਰਮ ਮਿੱਤਰ ਅਤੇ ਸਾਥੀ ਗੁਰਬਖਸ਼ ਸਿੰਘ ਦਾ ਪੁੱਤਰ ਸੀ। ਜੋਧ ਸਿੰਘ ਬਹੁਤ ਚਤੁਰ ਆਦਮੀ ਸੀ ਤੇ ਉਸ ਨੇ ਆਪਣੇ ਇਲਾਕੇ ਦਾ ਦੂਰ ਤਕ ਵਿਸਤਾਰ ਕੀਤਾ। ਉਸ ਨੇ ਫੂਲਕੀਆਂ ਸਰਦਾਰਾਂ ਦੇ ਇਲਾਕੇ ਨੂੰ ਵੀ ਮੁਆਫ ਨ ਕੀਤਾ ਜਿਨ੍ਹਾਂ ਨੇ ਉਸ ਦੀਆਂ ਆਪਣੇ ਪ੍ਰਦੇਸ਼ ਉੱਤੇ ਲਗਾਤਾਰ ਚੜ੍ਹਾਈਆਂ ਤੋਂ ਤੰਗ ਆ ਕੇ ਉਸ ਨਾਲ ਵਿਆਹ-ਸੰਬੰਧ ਕਾਇਮ ਕਰ ਕੇ ਉਸ ਨੂੰ ਮਾਨੋ ਖਰੀਦ ਲਿਆ। ਪਟਿਆਲੇ ਦੇ ਰਾਜੇ ਨੇ ਆਪਣੀ ਪੁੱਤਰੀ ਉਸ ਦੇ ਪੁੱਤਰ ਹਰੀ ਸਿੰਘ ਨੂੰ ਵਿਆਹ ਦਿੱਤੀ। ਪਰ ਇਸ ਤੋਂ ਛੇਤੀ ਹੀ ਪਿੱਛੋਂ ਜੋਧ ਸਿੰਘ ਰਣਜੀਤ ਸਿੰਘ ਦਾ ਲਗਾਨਦਾਰ ਬਣ ਗਿਆ ਅਤੇ 1807 ਵਿਚ ਨਰੈਣਗੜ੍ਹ ਦੇ ਘੇਰੇ ਸਮੇਂ ਅਤੇ 1808 ਵਿਚ ਮੁਲਤਾਨ ਦੇ ਘੇਰੇ ਸਮੇਂ ਉਹ ਆਪਣੀ ਸੈਨਾ ਨਾਲ ਸ਼ਾਮਿਲ ਹੋਇਆ ਜਿਸ ਤੋਂ ਪਿੱਛੋਂ ਉਸ ਦੀ ਮ੍ਰਿਤੂ ਹੋ ਗਈ। ਉਸ ਦੀ ਮੌਤ ਪਿੱਛੋਂ ਉਸ ਦਾ ਇਲਾਕਾ ਕਲਸੀਆ ਸਰਦਾਰ ਨੂੰ ਚਲਾ ਗਿਆ ਜਿਹੜਾ ਅੱਜ ਕਲ੍ਹ ਵੀ ਪੰਜਾਬ ਦੇ ਹਾਕਿਮ ਰਾਜਿਆਂ ਵਿਚੋਂ ਹੈ।

10. ਸ਼ਹੀਦ ਅਤੇ ਨਿਹੰਗ ਮਿਸਲ

ਇਸ ਮਿਸਲ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ। ਇਸ ਦੇ ਕਬਜ਼ੇ

ਵਿਚ ਸਤਲੁਜ ਦੇ ਪੂਰਬੀ ਕੰਢੇ ਤੇ ਬਹੁਤ ਸਾਰਾ ਇਲਾਕਾ ਸੀ, ਅਤੇ ਕਰਮ ਸਿੰਘ ਤੇ ਗੁਰਬਖ਼ਸ਼ ਸਿੰਘ ਦੇ ਅਧੀਨ ਇਸ ਮਿਸਲ ਦੀ 2,000 ਘੋੜਸਵਾਰਾਂ ਦੀ ਸੈਨਾ ਸੀ, ਪਰੰਤੂ ਇਸ ਦੀ ਮੁੱਖ ਵਿਸ਼ੇਸ਼ਤਾ ਦਾ ਕਾਰਣ ਇਹ ਹੈ ਕਿ ਇਹ ਉਨ੍ਹਾਂ ਦ੍ਰਿੜ੍ਹ ਧਰਮੀ ਪੁਜਾਰੀਆਂ ਨੇ ਬਣਾਈ ਸੀ ਜਿਹੜੇ ਆਪਣੇ ਆਪ ਨੂੰ ਸਿੱਖ ਸ਼ਹੀਦਾਂ ਦੀ ਬੰਸ ਵਿਚੋਂ ਦਸਦੇ ਸਨ ਅਤੇ ਸਿੱਖੀ ਦੀ ਮੁੱਢਲੀ ਪਵਿੱਤਰਤਾ ਜਿਹੜੀ ਗੁਰੂ ਗੋਬਿੰਦ ਸਿੰਘ ਨੇ ਸਥਾਪਿਤ ਕੀਤੀ ਸੀ, ਨੂੰ ਸੁਰੱਖਿਅਤ ਰੱਖਣਾ ਆਪਣਾ ਕਰਤੱਵ ਸਮਝਦੇ ਸਨ। ਨਿਹੰਗ ਜਾਂ ਅਕਾਲੀ ਜਿਵੇਂ ਕਿ ਉਨ੍ਹਾਂ ਨੂੰ ਦੂਜੇ ਸ਼ਬਦਾਂ ਵਿਚ ਕਿਹਾ ਜਾਂਦਾ ਹੈ, ਹੁਣ ਮੁੱਕ ਰਹੀ ਨਸਲ ਹੈ ਪਰ ਉਨ੍ਹਾਂ ਦਾ ਨਾਉਂ ਫੂਲਾ ਸਿੰਘ, ਜਿਹੜਾ ਕਿ ਰਣਜੀਤ ਸਿੰਘ ਦੇ ਮਹਾਨ ਜਰਨੈਲਾਂ ਵਿਚੋਂ ਸੀ, ਦੇ ਕਾਰਨਾਮਿਆਂ ਕਰਕੇ ਇਤਿਹਾਸ ਵਿਚ ਸਦਾ ਜਿਉਂਦਾ ਰਹੇਗਾ।

11. ਫੂਲਕੀਆਂ ਮਿਸਲ

ਫੂਲਕੀਆਂ ਮਿਸਲ ਦੀ ਸਭ ਤੋਂ ਮਹੱਤਵਪੂਰਣ ਸ਼ਾਖ ਪਟਿਆਲਾ ਰਿਆਸਤ ਦੇ ਰੂਪ ਵਿਚ ਕਾਇਮ ਹੋਈ। ਇਸ ਦੀ ਵਡਿਆਈ ਦਾ ਇਕ ਕਾਰਨ ਤਾਂ ਇਹ ਹੈ ਕਿ ਇਸ ਦਾ ਮੋਢੀ ਰਾਜਾ ਆਲਾ ਸਿੰਘ ਸਿੱਖਾਂ ਵਿਚ ਪਹਿਲਾ ਵਿਅਕਤੀ ਸੀ ਜਿਸ ਨੂੰ ਮੁਗ਼ਲ ਰਾਜ ਦੇ ਪਤਨ ਨਾਲ ਪੈਦਾ ਹੋਏ ਖੱਪੇ ਵਿਚੋਂ ਇਕ ਰਾਜ ਸਥਾਪਿਤ ਕਰਨ ਦਾ ਵਿਚਾਰ ਫੁਰਿਆ ਅਤੇ ਉਹ ਪਹਿਲਾ ਸਿੱਖ ਸਰਦਾਰ ਸੀ ਜਿਸ ਨੂੰ ਮੁਸਲਮਾਨਾਂ ਅਤੇ ਸਿੱਖਾਂ ਨੇ ਇਕ ਸੁਤੰਤਰ-ਹੁਕਮਰਾਨ ਮੰਨਿਆ।

ਇਸ ਮਿਸਲ ਦਾ ਬਾਨੀ ਫੂਲ ਸੀ, ਜਿਹੜਾ ਭੱਟੀ ਕਬੀਲੇ ਦੀ ਸਿੱਧੂ ਬਰਾੜ ਸ਼ਾਖ ਦਾ ਨੌਨਿਹਾਲ ਸੀ। ਉਸ ਨੂੰ ਜੈਸਲਮੇਰ ਦੇ ਬਾਨੀ ਜੱਸਲ ਦੇ ਕੁਲ ਵਿਚ ਤੀਹਵੀਂ ਪੁਸ਼ਤ ਦਾ ਖਿਆਲ ਕੀਤਾ ਜਾਂਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਫੂਲ ਇਕ ਪਤਵੰਤੇ ਘਰਾਣੇ ਵਿਚੋਂ ਸੀ। ਜਾਪਦਾ ਹੈ ਕਿ ਸਿੱਖ ਅਸੂਲਾਂ ਲਈ ਫੂਲ ਦਾ ਪਿਆਰ ਸ਼ੁਰੂ ਵਿਚ ਹੀ ਪ੍ਰਗਟ ਹੋ ਗਿਆ ਸੀ ਅਤੇ ਉਸ ਨੇ ਗੁਰੂ ਹਰਿ ਰਾਇ ਦੀ ਕਿਰਪਾ ਪ੍ਰਾਪਤ ਕਰ ਲਈ ਸੀ ਜਿਸ ਨੇ, ਕਹਿੰਦੇ ਹਨ, ਫੂਲ ਦੇ ਅਤੇ ਉਸ ਦੀ ਉਲਾਦ ਦੇ ਉੱਤਮ ਭਵਿੱਖ ਬਾਰੇ ਭਵਿੱਖ ਬਾਣੀ ਕੀਤੀ ਸੀ। ਇਹ ਭਵਿੱਖ ਬਾਣੀ ਸਹੀ ਸਿੱਧ ਹੋਈ ਕਿਉਂਕਿ ਫੂਲ ਦੇ ਪੁੱਤਰ ਪਟਿਆਲਾ, ਨਾਭਾ ਅਤੇ ਜੀਂਦ ਜਿਨ੍ਹਾਂ ਨੂੰ ਸੰਮਿਲਤ ਤੌਰ ਤੇ ਉਸ ਦੇ ਨਾਂ ਤੇ ਫੂਲਕੀਆਂ ਰਿਆਸਤਾਂ ਕਿਹਾ ਜਾਂਦਾ ਹੈ ਅਤੇ ਭਦੌੜ, ਮਲੌਦ ਅਤੇ ਜਿਆਂਦਾ ਆਦਿ ਦੇ ਪ੍ਰਸਿੱਧ ਸਰਦਾਰ ਹਾਕਿਮ ਘਰਾਣਿਆਂ ਦੇ ਵਡੇਰੇ ਬਣੇ।

ਫੂਲ ਦਾ ਬਹੁਤਾ ਸਮਾਂ ਜੈਸਲਮੇਰ ਦੇ ਭੱਟੀਆਂ ਤੇ ਜਗਰਾਓਂ ਦੇ ਮੁਗ਼ਲ ਮਾਲਗੁਜ਼ਾਰ ਨਾਲ ਲੜਨ ਵਿਚ ਲੰਘਿਆ, ਅਤੇ ਅਖੀਰ ਸਰਹਿੰਦ ਦੇ ਸੂਬੇਦਾਰ ਨੇ ਉਸ ਨੂੰ ਕੈਦ ਕਰ

ਲਿਆ। ਉਸ ਦੀ ਮੌਤ 1682 ਜਾਂ 1689 ਵਿਚ ਮਿਰਗੀ ਕਾਰਣ ਹੋਈ ਮੰਨੀ ਜਾਂਦੀ ਹੈ।[1]

ਫੂਲ ਦਾ ਉੱਤਰ-ਅਧਿਕਾਰੀ ਰਾਮ ਚੰਦ ਬਣਿਆ ਜੋ ਕਿ ਇਕ ਉੱਤਮ ਸਿਪਾਹੀ ਅਤੇ ਯੋਗ ਆਗੂ ਸੀ। ਉਸ ਨੇ ਭੱਟੀਆਂ ਅਤੇ ਕੋਟ ਦੇ ਸਰਦਾਰ ਨਾਲ ਲਗਾਤਾਰ ਲੜਾਈਆਂ ਕਰ ਕੇ ਉਨ੍ਹਾਂ ਸਾਰਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਪਰ ਅੰਤ ਵਿਚ ਉਸ ਨੂੰ ਉਸ ਦੇ ਇਕ ਨਾਇਬ ਚੈਨ ਸਿੰਘ, ਜਿਸ ਨੂੰ ਉਸ ਨੇ ਜਾਨੋਂ ਮਾਰ ਦਿੱਤਾ ਸੀ, ਦੇ ਪੁੱਤਰ ਨੇ ਮਾਰ ਦਿੱਤਾ। ਇਹ 1714 ਈ. ਦੀ ਗੱਲ ਹੈ।

ਰਾਮ ਚੰਦ ਦਾ ਵਾਰਸ ਉਸ ਦਾ ਤੀਸਰਾ ਪੁੱਤਰ ਪ੍ਰਸਿੱਧ ਵਿਅਕਤੀ ਆਲਾ ਸਿੰਘ ਬਣਿਆ ਜਿਸ ਦਾ ਜਨਮ 1690 ਈ. ਵਿਚ ਹੋਇਆ ਸੀ ਅਤੇ ਜਿਸ ਦੇ ਅਧੀਨ ਸਿੱਖਾਂ ਨੇ ਪਹਿਲੀ ਵੇਰ ਆਜ਼ਾਦ ਕੌਮ ਦੀ ਪਦਵੀ ਪ੍ਰਾਪਤ ਕੀਤੀ। ਆਪਣੇ ਮੁਸਲਮਾਨ ਪੜੋਸੀਆਂ ਅਤੇ ਵਿਰੋਧੀਆਂ ਨਾਲ ਉਘੜ-ਦੁਘੜ ਲੜਾਈਆਂ ਕਰਨ ਉਪਰੰਤ, ਆਲਾ ਸਿੰਘ ਦੀ ਜਲੰਧਰ ਦੁਆਬ ਦੇ ਸ਼ਾਹੀ ਸੂਬੇਦਾਰ ਨਵਾਬ ਅਸਦ ਅਲੀ ਨਾਲ ਮੁੱਠ-ਭੇੜ ਹੋ ਗਈ ਜੋ ਕਿ ਸਿਰ ਲੱਥ ਲੜਾਈ ਅਤੇ ਭਾਰੀ ਖ਼ੂਨ ਖਰਾਬੇ ਤੋਂ ਪਿੱਛੋਂ ਹਾਰ ਗਿਆ ਅਤੇ ਲੜਦਾ ਹੋਇਆ ਮਾਰਿਆ ਗਿਆ। ਭੱਟੀ ਰਾਜਪੂਤਾਂ ਅਤੇ ਸ਼ਾਹੀ ਫੌਜਾਂ ਦੇ ਸੰਯੁਕਤ ਦਸਤਿਆਂ ਵਿਰੁੱਧ ਪ੍ਰਾਪਤ ਕੀਤੀ ਇਸ ਜਿੱਤ ਨੇ ਆਲਾ ਸਿੰਘ ਦੇ ਵਕਾਰ ਵਿਚ ਭਾਰੀ ਵਾਧਾ ਕਰ ਦਿੱਤਾ ਅਤੇ ਸਤਲੁਜ ਦੇ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸਿੱਖ ਉਸ ਦੇ ਝੰਡੇ ਥੱਲੇ ਜਮ੍ਹਾਂ ਹੋ ਗਏ। ਉਸ ਦੀ ਪ੍ਰਸਿਧਤਾ ਦਿੱਲੀ ਪਹੁੰਚ ਗਈ ਅਤੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਆਲਾ ਸਿੰਘ ਨੂੰ ਸ਼ਕਤੀਸ਼ਾਲੀ ਸ਼ੱਤਰੂ ਮਹਿਸੂਸ ਕਰ ਕੇ, ਆਪਣੇ ਪੱਖ ਵਿਚ ਕਰ ਲੈਣ ਦਾ ਨਿਰਣਾ ਕਰ ਲਿਆ। ਉਸ ਨੇ ਆਲਾ ਸਿੰਘ ਕੋਲ ਸਰਹਿੰਦ ਦੇ ਪ੍ਰਬੰਧ ਵਿਚ ਉਸ ਦੀ ਸਹਾਇਤਾ ਦੀ ਮੰਗ ਕਰਨ ਲਈ ਇਕ ਫਰਮਾਨ ਅਤੇ ਰਾਜਦੂਤ ਭੇਜੇ ਅਤੇ ਉਸ ਨੂੰ ਇਸ ਸ਼ਰਤ ਤੇ ਰਾਜਾ ਦਾ ਖ਼ਤਾਬ ਦੇ ਦੇਣ ਦਾ ਵਾਅਦਾ ਕੀਤਾ ਕਿ ਦਿੱਲੀ ਦਰਬਾਰ ਪ੍ਰਤਿ ਉਸ ਦਾ ਵਤੀਰਾ ਸੰਤੋਸ਼ਜਨਕ ਰਹੇ।

ਆਪਣੀ ਉਮਰ ਦੇ ਅਗਲੇ ਅਠਾਰਾਂ ਵਰ੍ਹੇ ਆਲਾ ਸਿੰਘ ਨੇ ਆਪਣੇ ਉੱਤਰ-ਅਧਿਕਾਰੀ ਸ਼ਤਰੂਆਂ, ਭੱਟੀਆਂ ਅਤੇ ਸਰਹਿੰਦ ਦੇ ਸ਼ਾਹੀ ਫੌਜਦਾਰ ਨਾਲ ਲੜਨ ਵਿਚ ਬਤੀਤ ਕੀਤੇ। ਸਰਹਿੰਦ ਦੇ ਫੌਜਦਾਰ ਨੇ ਉਸ ਨੂੰ ਕੈਦ ਕਰ ਲਿਆ ਪਰ ਇਕ ਸ਼ਰਧਾਲੂ ਦੀ ਸਿਆਸਤ ਅਤੇ ਕੁਰਬਾਨੀ ਕਾਰਣ ਉਹ ਕੈਦ ਵਿਚੋਂ ਛੁੱਟ ਗਿਆ। 1749 ਈ. ਵਿਚ ਉਸ ਨੇ

1. ਇਕ ਪ੍ਰਚਲਿਤ ਪਰੰਪਰਾ ਅਨੁਸਾਰ ਉਹ ਇਕ ਯੋਗੀ ਸੀ ਅਤੇ ਜਦ ਉਸ ਨੂੰ ਨਜ਼ਰਾਨਾ ਭੇਂਟ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਆਪਣਾ ਸਾਹ ਘਸੀਟ ਲਿਆ ਅਤੇ ਮਰ ਜਾਣ ਦਾ ਬਹਾਨਾ ਕੀਤਾ। ਕਿਉਂਕਿ ਉਸ ਦੇ ਮੁਰੀਦਾਂ ਵਿਚੋਂ ਕਿਸੇ ਨੂੰ ਵੀ ਉਸ ਦੀਆਂ ਯੋਗਕ ਸ਼ਕਤੀਆਂ ਦਾ ਪਤਾ ਨਹੀਂ ਸੀ, ਇਸ ਲਈ ਮੁਰਦਾ ਸਮਝ ਕੇ ਉਸ ਦੀ ਸਮਾਧੀ ਟੁੱਟਣ ਤੋਂ ਪਹਿਲਾਂ ਹੀ ਉਸ ਦਾ ਦਾਹ-ਸੰਸਕਾਰ ਕਰ ਦਿੱਤਾ ਗਿਆ।

ਭਵਾਨੀਗੜ੍ਹ ਦਾ ਕਿਲ੍ਹਾ ਉਸਾਰਿਆ ਅਤੇ 1752 ਵਿਚ ਪਰਗਣਾ ਸਨੌਰ ਦੀ ਚੌਰਾਸੀ ਤੇ ਕਬਜ਼ਾ ਕਰ ਲਿਆ। ਇਨ੍ਹਾਂ ਪਿੰਡਾਂ ਵਿਚ ਪਟਿਆਲਾ ਵੀ ਸੀ ਜਿਹੜਾ ਕਿ ਪਟਿਆਲਾ ਰਾਜ ਦੀ ਅੱਜ ਕਲ੍ਹ ਰਾਜਧਾਨੀ ਹੈ। ਇਥੇ ਉਸ ਨੇ ਸੋਢੀਆਂ ਦੀ ਗੜ੍ਹੀ ਨਾਮਕ ਇਕ ਕੱਚਾ ਕਿਲ੍ਹਾ ਬਣਵਾਇਆ ਜਿਸ ਦੇ ਖੰਡਰ ਉਨੀਵੀਂ ਸਦੀ ਦੀ ਪਿਛਲੀ ਚੌਥਾਈ ਵਿਚ ਵੀ ਮੌਜੂਦ ਸਨ। 1757 ਈ. ਵਿਚ ਅੱਠਾਂ ਦਿਨਾਂ ਦੇ ਸਿਰਲੱਥ ਯੁੱਧ ਉਪਰੰਤ ਉਸ ਨੇ ਭੱਟੀਆਂ ਅਤੇ ਹਿਸਾਰ ਦੇ ਮੁਗਲ ਸੂਬੇਦਾਰ ਨੂੰ ਹਾਰ ਦਿੱਤੀ।

ਸਿੱਖਾਂ ਦੀਆਂ ਵਿਸ਼ੇਸ਼ ਤੌਰ ਤੇ ਆਲਾ ਸਿੰਘ ਦੀਆਂ ਜਿੱਤਾਂ ਨੇ ਅਹਿਮਦ ਸ਼ਾਹ ਦੁਰਾਨੀ ਦਾ ਧਿਆਨ ਪੰਜਾਬ ਵੱਲ ਖਿੱਚਿਆ। ਉਹ ਸਰਹਿੰਦ ਦੇ ਫੌਜਦਾਰ ਨੂੰ ਬਚਾਉਣ ਲਈ 1762 ਵਿਚ ਤੇਜ਼ੀ ਨਾਲ ਆਇਆ ਅਤੇ ਸਿੱਖਾਂ ਨੂੰ ਕੁੱਪ ਤੋਂ ਬਰਨਾਲਾ ਤਕ ਹੋਈ ਲੜਾਈ ਵਿਚ ਹਰਾ ਦਿੱਤਾ ਜਿਸ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਅਤੇ ਜ਼ਖਮੀ ਹੋ ਗਏ।[1] ਆਲਾ ਸਿੰਘ ਨੂੰ ਬੰਦੀ ਬਣਾ ਲਿਆ ਗਿਆ ਪਰ ਦੁਰਾਨੀ ਉਸ ਦੇ ਮਰਦਾਵੇਂ ਜਲੌ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੂੰ ਉਸ ਦੀ ਰਾਣੀ ਫੱਤੋ ਦੇ ਚਾਰ ਲੱਖ ਜੁਰਮਾਨਾ ਭਰਨ ਤੇ ਛੱਡ ਦਿੱਤਾ ਗਿਆ। ਉਸ ਦੀ ਸੁਤੰਤਰਤਾ ਪ੍ਰਵਾਨ ਕਰ ਕੇ ਬਾਦਸ਼ਾਹ ਨੇ ਉਸ ਨੂੰ ਖਿਲ੍ਹਤ ਪੇਸ਼ ਕੀਤਾ ਅਤੇ ਬਹੁਤ ਹੀ ਮਿਤਰਾਨਾ ਢੰਗ ਨਾਲ ਬਗਲਗੀਰ ਹੋਇਆ।

ਆਲਾ ਸਿੰਘ ਦੀ 1765 ਵਿਚ ਮ੍ਰਿਤੂ ਹੋ ਜਾਣ ਉਪਰੰਤ ਉਸ ਦਾ ਪੋਤਾ ਅਮਰ ਸਿੰਘ ਉਸ ਦਾ ਉੱਤਰ-ਅਧਿਕਾਰੀ ਬਣਿਆ। ਇਸ ਦੌਰਾਨ ਸਿੱਖਾਂ ਦੀ ਸ਼ਕਤੀ ਪੰਜਾਬ ਵਿਚ ਬੜੀ ਤੇਜ਼ੀ ਨਾਲ ਵਧ ਰਹੀ ਸੀ ਤੇ ਜਦੋਂ ਦੁਰਾਨੀ ਜੋ ਕਿ ਦਿਨ-ਬਦਿਨ ਬੁੱਢਾ ਹੋ ਰਿਹਾ ਸੀ ਦੁਬਾਰਾ 1767 ਵਿਚ ਭਾਰਤ ਆਇਆ, ਤਾਂ ਉਸ ਨੇ ਅਮਰ ਸਿੰਘ ਦੇ ਸੈਨਿਕ ਕੰਮਾਂ ਵਿਚ ਦਖਲ ਦੇਣਾ ਉਚਿਤ ਨ ਸਮਝਿਆ। ਸਗੋਂ ਉਸ ਨੇ ਇਸ ਗੱਲ ਵਿਚ ਸਿਆਣਪ ਸਮਝੀ ਕਿ ਇਸ ਭੈੜੀ ਸਥਿਤੀ ਤੋਂ ਲਾਭ ਉਠਾਇਆ ਜਾਵੇ ਅਤੇ ਇਸ ਨੂੰ ਲੋੜ ਦਾ ਵਰਦਾਨ ਸਮਝ ਕੇ, ਉਸ ਨੂੰ ਰਾਜਾਏ-ਰਾਜਗਾਨ ਦੀ ਪਦਵੀ, ਇਕ ਝੰਡਾ ਅਤੇ ਇਕ ਢੋਲ ਜਿਹੜੇ ਕਿ ਸ਼ਾਹੀ ਚਿੰਨ੍ਹ ਸਨ, ਪੇਸ਼ ਕਰ ਕੇ ਉਸ ਦੀ ਪ੍ਰਭੁਤਾ ਤਸਲੀਮ ਕਰ ਲਈ। ਅਮਰ ਸਿੰਘ ਦਾ ਆਪਣੇ ਨਾਂ ਦਾ ਸਿੱਕਾ ਚਲਾਉਣ ਦਾ ਅਧਿਕਾਰ ਵੀ ਪ੍ਰਵਾਨ ਕਰ ਲਿਆ ਗਿਆ।

ਅਮਰ ਸਿੰਘ ਨੇ ਆਪਣਾ ਸੈਨਿਕ ਜੀਵਨ ਮਲੇਰਕੋਟਲੇ ਤੇ ਹਮਲਾ ਕਰ ਕੇ ਅਤੇ ਪਾਇਲ ਤੇ ਹੋਰ ਕਈ ਥਾਵਾਂ ਨੂੰ ਉਨ੍ਹਾਂ ਦਿਆਂ ਸਰਦਾਰਾਂ ਤੋਂ ਖੋਹ ਕੇ ਆਰੰਭ ਕੀਤਾ। ਇਸ ਤੋਂ ਛੇਤੀ ਹੀ ਪਿੱਛੋਂ ਉਸ ਨੇ ਸੈਫਾਬਾਦ ਅਤੇ ਸਰਸਾ ਦੇ ਕਿਲ੍ਹਿਆਂ ਅਤੇ ਮਨੀ ਮਾਜਰਾ ਤੇ ਕੋਟਕਪੂਰੇ ਉਪਰ ਕਬਜ਼ਾ ਕਰ ਲਿਆ ਅਤੇ ਫਰੀਦਕੋਟ ਨੂੰ ਉਜਾੜ ਕੇ ਅਤੇ ਬਠਿੰਡੇ ਦੇ ਸਰਦਾਰ ਸੁਖ ਚੈਨ ਨੂੰ ਗੱਦੀਓਂ ਲਾਹ ਕੇ ਬਠਿੰਡਾ ਆਪਣੇ ਰਾਜ ਵਿਚ ਮਿਲਾ ਲਿਆ।

---

1. ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਉਹ ਪ੍ਰਸਿੱਧ ਵੱਡਾ ਘੱਲੂਘਾਰਾ ਸੀ।

ਸੁਖ ਚੈਨ ਨੂੰ ਉਸ ਨੇ ਜਾਗੀਰ ਵਿਚ 12 ਪਿੰਡ ਦੇ ਦਿੱਤੇ । ਇਸ ਤੋਂ ਚਾਰ ਸਾਲ ਪਿੱਛੋਂ ਮਾਰਚ 1782 ਵਿਚ ਅਮਰ ਸਿੰਘ ਜਲੋਧਰ ਕਾਰਣ ਮਰ ਗਿਆ ।

ਉਸ ਦੀ ਥਾਂ ਉਸ ਦੇ ਪੁੱਤਰ ਸਾਹਿਬ ਸਿੰਘ ਨੇ ਲਈ ਜਿਹੜਾ ਛੇ ਵਰ੍ਹਿਆਂ ਦਾ ਬਾਲਕ ਸੀ । ਇਸ ਰਾਜਕੁਮਾਰ ਦੇ ਰਾਜ ਸਮੇਂ ਮਹੱਤਵਪੂਰਣ ਘਟਨਾਵਾਂ ਵਾਪਰੀਆਂ । ਮਰਹੱਟਿਆਂ ਨੇ ਉਸ ਤੋਂ ਤਾਵਾਨ ਲੈਣ ਦੇ ਯਤਨ ਕੀਤੇ ਅਤੇ ਇਹ ਵਿਵਰਣ ਮਿਲਦਾ ਹੈ ਕਿ ਬੀਬੀ ਰਾਜਿੰਦਰ ਕੌਰ ਅਤੇ ਬੀਬੀ ਸਾਹਿਬ ਕੌਰ ਨੇ ਉਨ੍ਹਾਂ ਨਾਲ ਸੰਘਰਸ਼ ਵਿਚ ਭਾਰੀ ਪ੍ਰਸਿੱਧੀ ਪ੍ਰਾਪਤ ਕੀਤੀ । ਜਾਰਜ ਟਾਮਸ ਜਿਹੜਾ ਆਇਰਲੈਂਡ ਦਾ ਪ੍ਰਸਿੱਧ ਸਾਹਸੀ ਵਿਅਕਤੀ ਸੀ, ਨੇ ਉਸ ਦੇ ਪ੍ਰਦੇਸ਼ ਤੇ ਕਈ ਹਮਲੇ ਕੀਤੇ ਪਰ ਮਰਹੱਟੇ ਜਰਨੈਲਾਂ ਦੀ ਸਹਾਇਤਾ ਨਾਲ 1801 ਵਿਚ ਉਸ ਤੋਂ ਈਨ ਮਨਾ ਲਈ ਗਈ । ਇਸ ਦੌਰਾਨ ਰਣਜੀਤ ਸਿੰਘ ਨੇ ਆਪਣਾ ਧਿਆਨ ਸਤਲੁਜੋਂ ਪਾਰ ਦੇ ਇਲਾਕਿਆਂ ਵੱਲ ਲਾ ਦਿੱਤਾ ਸੀ ਅਤੇ ਉਸ ਦਾ ਸਭ ਤੋਂ ਮਹਾਨ ਜਰਨੈਲ ਮੋਹਕਮ ਚੰਦ ਸਤਲੁਜੋਂ ਪਾਰ ਦਾ ਇਲਾਕਾ ਥੋੜ੍ਹਾ ਥੋੜ੍ਹਾ ਕਰ ਕੇ ਨਾਲ ਮਿਲਾਉਣ ਲੱਗ ਪਿਆ ਸੀ । ਮਹਾਰਾਜੇ ਦਾ ਕੁਝ ਚਿਰ ਪਿੱਛੋਂ ਸਾਹਿਬ ਸਿੰਘ ਵੱਲ ਧਿਆਨ ਗਿਆ । ਪਰ ਦੋਹਾਂ ਨੇ ਇਕ ਸੰਧੀ ਤੇ ਦਸਖਤ ਕਰ ਕੇ ਪੱਗਾਂ ਵਟਾ ਕੇ ਸਦੀਵੀ ਮਿੱਤਰਤਾ ਦੀ ਕਸਮ ਚੁੱਕੀ । ਇਸ ਦੌਰਾਨ ਬਰਤਾਨਵੀ ਸਰਕਾਰ ਭਾਰਤ ਤੇ ਨਿਪੋਲੀਅਨ ਦੇ ਹਮਲੇ ਦੀਆਂ ਅਫਵਾਹਾਂ ਕਾਰਣ ਭਾਰੀ ਬੇਚੈਨੀ ਅਨੁਭਵ ਕਰ ਰਹੀ ਸੀ ਅਤੇ ਆਉਣ ਵਾਲੀ ਬਿਪਤਾ ਦਾ ਟਾਕਰਾ ਕਰਨ ਲਈ ਹਰ ਤਰ੍ਹਾਂ ਦਾ ਸੰਭਵ ਉਪਾ ਵਰਤ ਰਹੀ ਸੀ । ਬਰਤਾਨਵੀ ਸਰਕਾਰ ਅਤੇ ਈਰਾਨ ਤੇ ਅਫਗਾਨਿਸਤਾਨ ਵਿਚ ਗੱਲ ਬਾਤ ਚੱਲ ਰਹੀ ਸੀ । ਲਾਰਡ ਮਿੰਟੋ ਰਣਜੀਤ ਸਿੰਘ ਨਾਲ ਵੀ ਸੰਧੀ ਕਰਨਾ ਚਾਹੁੰਦਾ ਸੀ ਪਰ ਇਸ ਦੇ ਨਾਲ ਹੀ ਰਣਜੀਤ ਸਿੰਘ ਨੂੰ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਬਣ ਜਾਣ ਦੀ ਖੁਲ੍ਹ ਵੀ ਦੇਣਾ ਨਹੀਂ ਚਾਹੁੰਦਾ ਸੀ । ਇਸੇ ਕਾਰਣ ਮਹਾਰਾਜੇ ਨੂੰ ਇਹ ਆਖਣ ਲਈ ਕਿ ਉਹ ਸਤਲੁਜ ਦੀ ਦੱਖਣੀ ਦਿਸ਼ਾ ਵਿਚੋਂ ਆਪਣੀਆਂ ਫੌਜਾਂ ਵਾਪਸ ਕਰ ਲਵੇ ਅਤੇ ਉਸ ਨਾਲ ਮਿੱਤਰ-ਸੰਧੀ ਕਰਨ ਦਾ ਯਤਨ ਕਰਨ ਲਈ, ਸਰਕਾਰ ਨੇ ਮੈਟਕਾਫ ਨੂੰ ਭੇਜਿਆ । ਬਰਤਾਨਵੀ ਸਰਕਾਰ ਦੀ ਯੋਜਨਾ ਸੀ ਕਿ ਜੇਕਰ ਉਹ ਇਨ੍ਹਾਂ ਸਾਰੀਆਂ ਥਾਵਾਂ ਤੇ ਸਫਲ ਹੋ ਜਾਣ ਤਾਂ ਭਾਰਤ ਅਤੇ ਨਿਪੋਲੀਅਨ ਦੇ ਵਿਚਕਾਰ ਚਾਰ ਸੁਰੱਖਿਆ-ਰੇਖਾਵਾਂ ਈਰਾਨ, ਅਫਗਾਨਿਸਤਾਨ, ਰਣਜੀਤ ਸਿੰਘ ਅਤੇ ਦੱਖਣੀ ਸਤਲੁਜ ਦੀਆਂ ਸਿੱਖ ਰਿਆਸਤਾਂ ਬਣ ਜਾਣਗੀਆਂ । ਘੱਟੋ ਘੱਟ ਇਸ ਯੋਜਨਾ ਅਨੁਸਾਰ ਰਣਜੀਤ ਸਿੰਘ ਨੂੰ ਸਤਲੁਜ ਦੇ ਦੱਖਣੀ ਪਾਸਿਉਂ ਕੱਢਣ ਨਾਲ, ਸਤਲੁਜ ਦੇ ਦੱਖਣ ਵੱਲ ਦੀਆਂ ਸਿੱਖ ਰਿਆਸਤਾਂ ਦੇ ਸਾਧਨ ਬਰਤਾਨਵੀ ਸਰਕਾਰ ਦੇ ਨਿਯੰਤਰਣ ਵਿਚ ਅਤੇ ਮਰਜ਼ੀ ਤੇ ਹੋ ਜਾਣਗੇ । ਇਸ ਤੋਂ ਛੁੱਟ ਰਣਜੀਤ ਸਿੰਘ ਜੋ ਉਤਰੀ ਭਾਰਤ ਵਿਚ ਬਰਤਾਨੀਆ ਸਰਕਾਰ ਵਿਰੁੱਧ ਬਲਵਾਨ ਦੁਸ਼ਮਣ ਦੇ ਤੌਰ ਤੇ ਤੇਜ਼ੀ ਨਾਲ

ਉਭਰ ਰਿਹਾ ਸੀ ਦੀ ਸ਼ਕਤੀ ਵੀ ਕਾਫ਼ੀ ਘਟ ਜਾਵੇਗੀ। ਮੈਟਕਾਫ਼ ਦੀ ਕੂਟਨੀਤੀ, ਅਖਤਰਲੋਨੀ ਦੀ ਸੈਨਿਕ ਮੁਹਿੰਮ ਦੀ ਸਹਾਇਤਾ ਨਾਲ, ਆਖਿਰ ਸਫਲ ਹੋ ਗਈ ਅਤੇ 30 ਮਈ 1809 ਨੂੰ ਰਣਜੀਤ ਸਿੰਘ ਨਾਲ ਪ੍ਰਸਿੱਧ ਮਿੰਟੋ-ਮੈਟਕਾਫ਼ ਸੰਧੀ ਹੋਈ।

ਇਸ ਸੰਧੀ ਰਾਹੀਂ ਪਟਿਆਲਾ ਅਤੇ ਇਸ ਦੀਆਂ ਸੰਬੰਧੀ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਸਤਲੁਜੋਂ ਪਾਰ ਹੋਰ ਰਿਆਸਤਾਂ ਸਮੇਤ, ਬਰਤਾਨੀਆ ਸਰਕਾਰ ਦੀ ਸੁਰੱਖਿਆ ਅਧੀਨ ਆ ਗਈਆਂ ਅਤੇ ਇਸ ਸਮੇਂ ਤੋਂ ਹੀ ਇਹ ਬਰਤਾਨਵੀ ਸਰਕਾਰ ਦੀਆਂ ਵਫ਼ਾਦਾਰ ਮਿੱਤਰ ਬਣੀਆਂ ਰਹੀਆਂ ਹਨ।

ਪਟਿਆਲਾ ਰਿਆਸਤ ਅਤੇ ਨਾਭੇ ਦੇ ਸਵਰਗੀ ਮਹਾਰਾਜਾ ਰਿਪੁਦਮਨ ਸਿੰਘ ਵਿਚਕਾਰ ਸੰਬੰਧ ਬਹੁਤ ਵਿਗੜ ਗਏ। ਉਨ੍ਹਾਂ ਦੇ ਝਗੜੇ ਸਾਲਸ ਦੇ ਸਪੁਰਦ ਕਰਨੇ ਪਏ ਅਤੇ ਅੰਤ ਵਿਚ ਪਟਿਆਲਾ ਦੇ ਪੱਖ ਵਿਚ ਫ਼ੈਸਲਾ ਹੋ ਗਿਆ। ਨਾਭਾ ਅਤੇ ਸਰਵੋਤਮ ਬਰਤਾਨਵੀ ਸਾਮਰਾਜ ਵਿਚਕਾਰ ਸੰਬੰਧ ਬਹੁਤ ਕਸ਼ੀਦਾ ਰਹੇ ਜਿਸ ਦਾ ਸਿੱਟਾ ਇਹ ਹੋਇਆ ਕਿ ਮਹਾਰਾਜਾ ਰਿਪੁਦਮਨ ਸਿੰਘ ਨੂੰ ਮਦਰਾਸ ਵਿਚ ਕੋਡਾਈ ਕੇਨਾਲ ਦੇ ਸਥਾਨ ਤੇ ਦੇਸ਼ ਨਿਕਾਲਾ ਦੇ ਦਿੱਤਾ ਗਿਆ ਜਿਥੇ ਉਸ ਦੀ ਮ੍ਰਿਤੂ ਹੋ ਗਈ।

ਮਹਾਰਾਜਾ ਯਾਦਵਿੰਦਰ ਸਿੰਘ ਇਸ ਮਿਸਲ ਦੇ ਵਰਤਮਾਨ ਮੁਖੀ ਹਨ। ਉਹ ਖਿਡਾਰੀ ਹਨ ਅਤੇ ਮਾਨਵਤਾ ਦਾ ਸਰਵ-ਪੱਖੀ ਸੁੰਦਰ ਨਮੂਨਾ, ਉਚੇ ਲੰਮੇਂ ਅਤੇ ਸੁੰਦਰ ਜਵਾਨ ਹਨ। ਉਹ ਸਭਜ ਅਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਹਨ। ਉਨ੍ਹਾਂ ਦੇ ਰਾਜ ਸਮੇਂ ਰਿਆਸਤ ਨੇ ਭਾਰੀ ਉੱਨਤੀ ਕੀਤੀ ਹੈ। ਅਮਲੀ ਤੌਰ ਤੇ ਉਹੀ ਪਜਾਬ ਅਤੇ ਪੰਜਾਬ ਦੀਆਂ ਰਿਆਸਤਾਂ ਦੇ ਸਿੱਖਾਂ ਦੇ ਆਗੂ ਹਨ।

12. ਸ਼ੁਕਰਚਕੀਆ ਮਿਸਲ

ਇਸ ਮਿਸਲ ਦਾ ਨਾਉਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸ਼ੁਕਰਚਕ ਤੇ ਪਿਆ। ਇਹ ਉਹ ਮਿਸਲ ਹੈ ਜਿਸ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਪਿਤਾਮਾ ਹੋਏ ਹਨ। ਸ਼ੁਕਰ-ਚਕੀਆ ਸਰਦਾਰਾਂ ਦਾ ਘਰਾਣਾ ਜੱਟ ਸਾਂਸੀ ਕਬੀਲੇ ਵਿਚੋਂ ਸੀ ਜਿਸ ਦਾ ਸੰਧਾਵਾਲੀਆ ਸਰਦਾਰ ਨਾਲ ਨਿਕਟ ਸੰਬੰਧ ਸੀ। ਮੈਂ ਨਹੀਂ ਕਹਿ ਸਕਦਾ ਕਿ ਰਣਜੀਤ ਸਿੰਘ ਦੇ ਜੀਵਨੀਕਾਰ ਕੇ. ਸੀ. ਐਸ. ਆਈ. ਸਰ ਲੇਪਲ ਗ੍ਰਿਫਿਨ ਦੇ ਇਸ ਮਿਸਲ ਦੇ ਸਾਂਸੀ ਕਬੀਲੇ ਨਾਲ ਸੰਬੰਧ ਬਾਬਤ ਕਥਨ ਵਿਚ ਕੋਈ ਸਚਾਈ ਹੈ ਜਾਂ ਨਹੀਂ। ਅੰਮ੍ਰਿਤਸਰ ਤੋਂ ਪੰਜ ਮੀਲ ਦੀ ਵਿਥ ਤੇ ਸਥਿਤ ਉਨ੍ਹਾਂ ਦੇ ਪਿਤਾ-ਪੁਰਖੀ ਘਰ ਪਿੰਡ ਰਾਜਾ ਸਾਂਸੀ ਦਾ ਨਾਂ, ਮੇਰੇ ਵਿਚਾਰ ਵਿਚ, ਗ੍ਰਿਫਿਨ ਦੇ ਇਸ ਸਿੱਧਾਂਤ ਦੀ ਪ੍ਰੋੜਤਾ ਨਹੀਂ ਕਰਦਾ ਕਿ ਇਹ ਘਰਾਣਾ ਚੋਰਾਂ ਅਤੇ ਨੀਚਾਂ ਦੇ ਸਾਂਸੀ ਕਬੀਲੇ ਨਾਲ ਨਿਕਟ-ਸੰਬੰਧ ਰਖਦਾ ਹੈ, ਜਿਹੜਾ ਕਿ ਅੱਜ ਕਲ੍ਹ ਵੀ ਅਪਰਾਧੀ ਕਬੀਲਾ ਅਖਵਾਉਂਦਾ ਹੈ। ਮੇਰਾ ਵਿਚਾਰ ਹੈ ਕਿ ਸ਼ਬਦ 'ਸਾਂਸੀ' ਸੰਸਕ੍ਰਿਤ

ਸ਼ਬਦ 'ਸਹਾਸਿਕ' ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ ਬਲਵਾਨ ਅਤੇ ਸਿਰਲੱਥ। ਇਹ ਅਜੇਹਾ ਨਾਉਂ ਹੈ ਜਿਹੜਾ ਇਹ ਸੋਚਿਆਂ ਕਬੀਲੇ ਨੂੰ ਜ਼ਿਆਦਾ ਢੁੱਕੇਗਾ, ਜਿਸ ਤਰ੍ਹਾਂ ਗ੍ਰਿਫਿਨ ਨੇ ਆਪ ਵੀ ਕਿਹਾ ਹੈ, ਕਿ ਸੰਧਾਵਾਲੀਏ ਰਾਜਪੂਤਾਂ ਦੀ ਸੰਤਾਨ ਹੋਣ ਦਾ ਦਾਅਵਾ ਕਰਦੇ ਸਨ।

ਇਸ ਮਿਸਲ ਦਾ ਬਾਨੀ ਬੁੱਧਾ ਸਿੰਘ ਦੂਜੇ ਬਹੁਤੇ ਆਗੂਆਂ ਦੀ ਤਰ੍ਹਾਂ ਇਕ ਤਕੜਾ ਅਤੇ ਸਫਲ ਲੁਟੇਰਾ ਸੀ। ਕਿਹਾ ਜਾਂਦਾ ਹੈ ਕਿ ਉਹ ਆਪਣੀਆਂ ਧਾੜਾਂ ਸਮੇਂ ਕੋਈ ਚਾਲੀ ਵਾਰ ਜ਼ਖਮੀ ਹੋਇਆ। ਉਹ 1718 ਈ. ਵਿਚ ਕਾਲਵਾਸ ਹੋਇਆ ਤੇ ਆਪਣੇ ਪਿੱਛੇ ਦੋ ਯੋਧੇ ਅਤੇ ਉੱਦਮੀ ਪੁੱਤਰ ਚੰਦਾ ਸਿੰਘ ਅਤੇ ਨੋਧ ਸਿੰਘ ਨੂੰ ਛੱਡ ਗਿਆ। 1730 ਵਿਚ ਇਨ੍ਹਾਂ ਨੌਜਵਾਨਾਂ ਨੇ ਸੁਕਰਚੱਕ ਦੇ ਪਿੰਡ ਨੂੰ ਨਵੇਂ ਸਿਰੇ ਉਸਾਰਿਆ ਅਤੇ ਸਖਤਜਾਨ ਸਿੱਖ ਘੋੜਸਵਾਰਾਂ ਦਾ ਇਕ ਟੋਲਾ ਇਕੱਤਰ ਕਰ ਕੇ ਗੁਆਂਢ ਦੇ ਅਤੇ ਗੁਜਰਾਂਵਾਲਾ ਦੇ ਦੁਆਲੇ ਦੇ ਬਹੁਤ ਸਾਰੇ ਪਿੰਡਾਂ ਤੇ ਕਬਜ਼ਾ ਕਰ ਲਿਆ। ਚੰਦਾ ਸਿੰਘ ਸੰਧਾਵਾਲੀਆ ਸਰਦਾਰਾਂ ਦਾ ਪੂਰਵਜ ਬਣਿਆ ਜਦ ਕਿ ਨੋਧ ਸਿੰਘ ਰਣਜੀਤ ਸਿੰਘ ਦਾ ਸਿੱਧਾ ਵੱਡ-ਵਡੇਰਾ ਸੀ। ਜਦੋਂ ਮਜੀਠਾ ਵਿਖੇ ਅਫਗਾਨਾਂ ਨਾਲ ਲੜਦਿਆਂ ਉਸ ਦੀ ਮ੍ਰਿਤੂ ਹੋਈ ਤਾਂ ਉਸ ਦੇ ਇਕਲੌਤੇ ਪੁੱਤਰ ਚੜ੍ਹਤ ਸਿੰਘ ਦੀ ਉਮਰ ਪੰਜ ਸਾਲ ਦੀ ਸੀ ਜਿਹੜਾ ਕੁਝ ਸਮੇਂ ਪਿੱਛੋਂ ਇਕ ਤਕੜਾ ਸਰਦਾਰ ਅਤੇ ਮਿਸਲ ਦਾ ਕਮਾਂਡਰ ਬਣਿਆ। ਚੜ੍ਹਤ ਸਿੰਘ ਨੇ ਹੀ ਆਹਲੂਵਾਲੀਆਂ ਅਤੇ ਭੰਗੀ ਸਰਦਾਰਾਂ ਦੀ ਸਹਾਇਤਾ ਨਾਲ, ਅਫਗਾਨ ਸੂਬੇਦਾਰ ਉਬੇਦ ਖਾਂ ਨੂੰ ਉਸ ਦੇ ਸਦਰ-ਮੁਕਾਮ ਗੁਜਰਾਂਵਾਲੇ ਵਿਚੋਂ ਕੱਢ ਕੇ ਉਸ ਦੀਆਂ ਸਾਰੀਆਂ ਬੰਦੂਕਾਂ ਅਤੇ ਸਾਜ਼-ਸਾਮਾਨ ਤੇ ਕਬਜ਼ਾ ਕੀਤਾ। ਉਸ ਨੇ ਇਸ ਮਿਸਲ ਦੇ ਅਧੀਨ ਇਲਾਕੇ ਵਿਚ ਭਾਰੀ ਵਾਧਾ ਕੀਤਾ। ਉਸ ਨੇ ਜੰਮੂ ਦੇ ਰਾਜਾ ਰਣਜੀਤ ਦੇਵ ਦੇ ਵਿਰੁੱਧ ਉਸ ਦੇ ਪੁੱਤਰ ਬ੍ਰਿਜ ਲਾਲ ਦੇਵ, ਜਿਹੜਾ ਆਪਣੇ ਪਿਤਾ ਨਾਲ ਝਗੜ ਪਿਆ ਸੀ, ਦੇ ਹਿਮਾਇਤੀ ਦੇ ਤੌਰ ਤੇ ਇਕ ਮੁਹਿੰਮ ਦੀ ਅਗਵਾਈ ਕੀਤੀ। ਉਥੇ ਹੀ ਉਸ ਦੀ ਆਪਣੀ ਇਕ ਬੰਦੂਕ ਦੀ ਨਾਲੀ ਫਟ ਜਾਣ ਕਰਕੇ ਮ੍ਰਿਤੂ ਹੋ ਗਈ। ਇਹ 1773 ਈ. ਦੀ ਗੱਲ ਹੈ।[1]

ਚੜ੍ਹਤ ਸਿੰਘ ਦਾ ਸਭ ਤੋਂ ਵੱਡਾ ਪੁਤਰ ਮਹਾਂ ਸਿੰਘ ਇਸ ਮਿਸਲ ਦਾ ਉੱਤਰ-ਅਧਿਕਾਰੀ ਬਣਿਆ। ਛੋਟੀ ਉਮਰ ਵਿਚ ਹੀ ਉਸ ਦਾ ਵਿਵਾਹ ਜੀਂਦ ਦੇ ਰਾਜਾ ਗਜਪਤ ਰਾਏ ਦੀ ਪੁੱਤਰੀ ਰਾਜ ਕੌਰ ਨਾਲ ਹੋ ਗਿਆ ਸੀ। ਛੇ ਵਰ੍ਹਿਆਂ ਪਿੱਛੋਂ ਅਰਥਾਤ 1780 ਵਿਚ ਇਸੇ ਰਾਜਕੁਮਾਰੀ ਦੀ ਕੁੱਖੋਂ ਰਣਜੀਤ ਸਿੰਘ ਨੇ ਜਨਮ ਲਿਆ। ਰਣਜੀਤ ਸਿੰਘ ਦੇ

---

1. ਉਸ ਦੀ ਸਮਾਧ ਐਮ. ਬੀ. ਸਕੂਲ ਗੁਜਰਾਂਵਾਲਾ ਦੇ ਕੋਲ ਬਣੀ ਹੋਈ ਹੈ ਜਿਥੋਂ ਕਿ ਲੇਖਕ ਨੇ 1894 ਵਿਚ ਮਿਡਲ ਦਾ ਇਮਤਿਹਾਨ ਪਾਸ ਕੀਤਾ ਸੀ। ਹੁਣ ਇਹ ਸਕੂਲ ਕੰਨਿਆ ਸਕੂਲ ਬਣਾ ਦਿੱਤਾ ਗਿਆ ਹੈ।

ਜੀਵਨੀਕਾਰ ਨੇ ਮਹਾਂ ਸਿੰਘ ਦੇ ਚਿੱਤਰ ਵਿਚ ਕੋਈ ਚੰਗੇਰੇ ਰੰਗ ਨਹੀਂ ਭਰੇ ਕਿਉਂਕਿ ਉਸ ਉਤੇ ਜੰਮੂ ਦੇ ਰਾਜਾ ਬ੍ਰਿਜ ਲਾਲ ਦੇਵ ਨਾਲ ਧ੍ਰੋਹ ਕਮਾਉਣ ਦਾ ਦੋਸ਼ ਲਾਇਆ ਗਿਆ ਹੈ ਭਾਵੇਂ ਉਸ ਨੇ ਉਸ ਨਾਲ ਪੱਗਾਂ ਵਟਾਈਆਂ ਹੋਈਆਂ ਸਨ। ਭੰਗੀ ਅਤੇ ਕਨ੍ਹਈਆ ਸਰਦਾਰਾਂ ਨੂੰ ਜੰਮੂ ਦੀ ਦੌਲਤ ਦੀ ਲੁੱਟ ਤੋਂ ਰੋਕਣ ਲਈ ਉਹ ਉਨ੍ਹਾਂ ਨੂੰ ਪਹਿਲਾਂ ਹੀ ਟੱਕਰ ਪਿਆ। ਉਸ ਨੇ ਖੁਦ ਸ਼ਹਿਰ ਤੇ ਹਮਲਾ ਕੀਤਾ ਅਤੇ ਰਾਜੇ ਨਾਲ ਆਪਣੀ ਪੱਕੀ ਮਿੱਤਰਤਾ ਨੂੰ ਭੁੱਲ ਕੇ ਸ਼ਹਿਰ ਨੂੰ ਲੁੱਟ-ਪੁੱਟ ਕੇ ਸਾੜ ਦਿੱਤਾ ਅਤੇ ਲੁੱਟ-ਮਾਰ ਦਾ ਬਹੁਤ ਸਾਰਾ ਸਾਮਾਨ ਲੈ ਕੇ ਇਸ ਤੋਂ ਪਹਿਲਾਂ ਕਿ ਹੋਰ ਕੋਈ ਸਰਦਾਰ ਉਸ ਥਾਂ ਉਪੜਦਾ, ਪਰਤ ਆਇਆ। ਇਸ ਗੱਲ ਨੇ ਕਨ੍ਹਈਆ ਆਗੂ ਜੈ ਸਿੰਘ ਨੂੰ ਰੋਹ ਵਿਚ ਲੈ ਆਂਦਾ ਅਤੇ ਉਸ ਨੇ ਮਹਾਂ ਸਿੰਘ ਉਤੇ ਹਮਲਾ ਕਰ ਕੇ ਉਸ ਦਾ ਬਹੁਤ ਸਾਰਾ ਇਲਾਕਾ ਕਬਜ਼ੇ ਵਿਚ ਕਰ ਲਿਆ। ਮਹਾਂ ਸਿੰਘ ਨੇ ਮੁਆਫੀ ਮੰਗੀ ਪਰ ਜੈ ਸਿੰਘ ਇਨਾ ਗੁੱਸੇ ਵਿਚ ਸੀ ਕਿ ਉਸ ਨੇ ਉਦੋਂ ਤਕ ਮੁਆਫ ਕਰਨ ਤੋਂ ਨਾਂਹ ਕਰ ਦਿੱਤੀ ਜਦ ਤਕ ਕਿ ਜੰਮੂ ਦੀ ਲੁੱਟ ਵਿਚੋਂ ਉਸ ਨੂੰ ਹਿੱਸਾ ਨਹੀਂ ਦਿੱਤਾ ਜਾਂਦਾ। ਮਹਾਂ ਸਿੰਘ ਨੇ ਇਹ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਜੱਸਾ ਸਿੰਘ ਰਾਮਗੜ੍ਹੀਆ, ਜਿਹੜਾ ਕਿ ਜੈ ਸਿੰਘ ਦਾ ਪੁਰਾਣਾ ਦੁਸ਼ਮਣ ਸੀ, ਅਤੇ ਰਾਜਾ ਸੰਸਾਰ ਚੰਦ ਨਾਲ ਮਿਲ ਕੇ ਜੈ ਸਿੰਘ ਨਾਲ ਲੜਾਈ ਕੀਤੀ ਅਤੇ ਉਸ ਨੂੰ ਇਸ ਖੂਨੀ ਲੜਾਈ ਵਿਚ ਹਾਰ ਦਿੱਤੀ। ਇਹ ਹਾਰ ਕਨ੍ਹਈਆ ਮਿਸਲ ਦੀ ਤਬਾਹੀ ਸਿੱਧ ਹੋਈ ਅਤੇ ਜੈ ਸਿੰਘ ਨੂੰ ਆਪਣੇ ਪ੍ਰਦੇਸ਼ ਦਾ ਬਹੁਤ ਸਾਰਾ ਇਲਾਕਾ ਦੇ ਕੇ ਅਤੇ ਆਪਣੀ ਨਾਬਾਲਗ ਪੋਤਰੀ ਮਹਿਤਾਬ ਕੌਰ ਨੂੰ ਮਹਾਂ ਸਿੰਘ ਨਾਲ ਵਿਆਹ ਕੇ ਹੀ ਵਾਸਤਵਿਕ ਰੂਪ ਵਿਚ ਸ਼ਾਂਤੀ ਨਸੀਬ ਹੋ ਸਕੀ। ਇਸ ਸੰਧੀ ਨੇ ਮਹਾਂ ਸਿੰਘ ਦੀ ਸ਼ਕਤੀ ਵਿਚ ਬਹੁਤ ਵਾਧਾ ਕੀਤਾ ਅਤੇ ਹੌਲੀ ਹੌਲੀ ਉਸ ਨੇ ਆਪਣੀ ਮਿਸਲ ਵਿਚ ਬਹੁਤ ਸਾਰਾ ਇਲਾਕਾ ਸ਼ਾਮਿਲ ਕਰ. ਲਿਆ। 1790 ਵਿਚ ਮਹਾਂ ਸਿੰਘ ਨੇ ਮਨਚਾਰ ਜਿਹੜਾ ਕਿ ਚੌ: ਗੁਲਾਮ ਮੁਹੰਮਦ ਚੱਠੇ (ਖਿਆਲ ਕੀਤਾ ਜਾਂਦਾ ਹੈ ਕਿ ਇਹ ਅਹਿਮਦ ਨਗਰ, ਜਿਹੜਾ ਕਿ ਵਜ਼ੀਰਾਬਾਦ ਦੇ ਨੇੜੇ ਇਕ ਪ੍ਰਸਿੱਧ ਪਿੰਡ ਹੈ, ਦੇ ਚੱਠਿਆਂ ਦਾ ਵੱਡ-ਵਡੇਰਾ ਸੀ) ਦਾ ਕਿਲ੍ਹਾ ਸੀ ਤੇ ਘੇਰਾ ਘੱਤ ਲਿਆ। ਲੜਾਈ ਦੇ ਦੌਰਾਨ ਗੁਲਾਮ ਮੁਹੰਮਦ ਦਾ ਇਕ ਚਾਚਾ ਹਸ਼ਮਤ ਖਾਂ ਉਸ ਹਾਥੀ ਤੇ ਚੜ੍ਹ ਗਿਆ ਜਿਸ ਉਪਰ 10 ਵਰ੍ਹਿਆਂ ਦਾ ਬਾਲਕ ਰਣਜੀਤ ਸਿੰਘ ਬੈਠਾ ਹੋਇਆ ਸੀ। ਉਹ ਬਾਲਕ ਰਣਜੀਤ ਸਿੰਘ ਨੂੰ ਮਾਰਨ ਹੀ ਵਾਲਾ ਸੀ ਕਿ ਰਣਜੀਤ ਸਿੰਘ ਦੇ ਸੁਰੱਖਿਅਕਾਂ ਵਿਚੋਂ ਇਕ ਨੇ ਉਸ ਨੂੰ ਮਾਰ ਗਿਰਾਇਆ। ਗ੍ਰਿਫਿਨ ਨੇ ਬਹੁਤ ਹੀ ਠੀਕ ਕਿਹਾ ਹੈ ਕਿ ਜੇ ਹਸ਼ਮਤ ਖ਼ਾਂ ਸਫਲ ਹੋ ਜਾਂਦਾ ਤਾਂ "ਭਾਰਤ ਤੇ ਬਰਤਾਨੀਆ ਦੇ ਇਤਿਹਾਸ ਵਿਚ ਠੋਸ ਤਬਦੀਲੀ ਹੋ ਜਾਂਦੀ"। ਮਹਾਂ ਸਿੰਘ ਦੁਆਰਾ ਮਨਚਾਰ ਦੀ ਜਿੱਤ ਮੈਨੂੰ ਇਕ ਕਹਾਣੀ ਦੀ ਯਾਦ ਦਿਲਾਉਂਦੀ ਹੈ ਜਿਹੜੀ ਮੈਨੂੰ ਚੇਲਿਆਂਵਾਲੇ ਦੇ ਇਕ ਅਨੁਭਵੀ ਭਾਈ ਮੋਹਰ ਸਿੰਘ, ਜਿਹੜਾ ਮੇਰੇ ਜਨਮ ਸਥਾਨ (ਪਿੰਡ ਬੱਦੋਕੀ ਗੋਸਾਈਆਂ, ਜ਼ਿਲ੍ਹਾ ਗੁਜਰਾਂਵਾਲਾ) ਵਿਚ ਸਾਡਾ

ਗੁਆਂਢੀ ਵੀ ਸੀ ਅਤੇ ਜਿਸ ਤੋਂ ਬਚਪਨ ਵਿਚ ਸਿੱਖਾਂ ਬਾਰੇ ਅਤੇ ਸਿੱਖ ਲੜਾਈਆਂ ਬਾਰੇ ਮੈਂ ਬਹੁਤ ਸਾਰੀਆਂ ਸਾਖੀਆਂ ਸੁਣਿਆ ਕਰਦਾ ਸੀ, ਨੇ ਸੁਣਾਈ ਸੀ। ਉਸ ਨੇ ਦਸਿਆ ਕਿ ਕਿਸ ਤਰ੍ਹਾਂ ਮਹਾਂ ਸਿੰਘ ਨੇ ਮਨਚਾਰ ਜਿੱਤਿਆ। ਇਹ ਥਾਂ ਸਾਡੇ ਪਿੰਡ ਤੋਂ ਜ਼ਿਆਦਾ ਦੂਰ ਨਹੀਂ ਸੀ। ਮਹਾਂ ਸਿੰਘ ਤੇ ਚੱਠਿਆਂ ਵਿਚਕਾਰ ਛੋਟੀਆਂ ਛੋਟੀਆਂ ਝੜੱਪਾਂ ਹੀ ਚੱਲ ਰਹੀਆਂ ਸਨ। ਇਨ੍ਹਾਂ ਝੜੱਪਾਂ ਨੂੰ ਖਤਮ ਕਰਨ ਲਈ ਦੋਵਾਂ ਧਿਰਾਂ ਨੇ ਆਪਣੇ ਪਵਿਤਰ ਗ੍ਰੰਥਾਂ ਅੱਗੇ ਸ਼ਾਂਤੀਪੂਰਣ ਗੁਆਂਢੀਆਂ ਦੀ ਤਰ੍ਹਾਂ ਰਹਿਣ ਦੀਆਂ ਕਸਮਾਂ ਖਾਧੀਆਂ। ਪਰ ਮੁਸਲਮਾਨਾਂ ਦੀ ਖੁਸ਼ਹਾਲ ਭੂਮੀ ਨੂੰ ਹਥਿਆਉਣ ਦੀ ਭੁੱਖ ਸਿੱਖ ਸਰਦਾਰ ਲਈ ਅਤਿ ਪ੍ਰਬਲ ਸੀ ਤੇ ਜਦੋਂ ਚੱਠੇ ਮਹਾਂ ਸਿੰਘ ਦੇ ਬਚਨਾਂ ਨਾਲ ਚੁੱਪ ਕਰ ਕੇ ਬੈਠ ਗਏ ਤਾਂ ਉਸ ਨੇ ਉਨ੍ਹਾਂ ਤੇ ਹਮਲਾ ਕਰ ਕੇ ਉਨ੍ਹਾਂ ਦਾ ਸਾਰਾ ਇਲਾਕਾ ਆਪਣੇ ਨਾਲ ਮਿਲਾ ਲਿਆ। ਇਸ ਨੇ ਲਾਗਲੇ ਪਿੰਡਾਂ ਵਿਚ ਇਕ ਗੀਤ ਨੂੰ ਜਨਮ ਦਿੱਤਾ ਜਿਸ ਦੀ ਇਕ ਤੁਕ ਜਿਹੜੀ ਭਾਈ ਮੇਹਰ ਸਿੰਘ ਨੇ ਸੁਣਾਈ ਸੀ, ਮੈਨੂੰ ਅਜੇ ਵੀ ਯਾਦ ਹੈ :

ਮਾਨੂ ਸਿੰਘ ਮਨਚਾਰ ਮਾਰਿਆ ਹੱਥ ਪੋਥੀ ਫੜ ਕੇ।

ਮਹਾਂ ਸਿੰਘ ਆਪਣੇ ਜੀਜੇ ਸਾਹਿਬ ਸਿੰਘ ਭੰਗੀ ਨਾਲ ਵੀ ਲੜ ਪਿਆ। ਉਹ ਗੁਜਰਾਤ ਉਪਰ ਲਲਚਾਈਆਂ ਨਜ਼ਰਾਂ ਲਾਈ ਬੈਠਾ ਸੀ, ਜਿਹੜਾ ਕਿ ਸਾਹਿਬ ਸਿੰਘ ਦੇ ਕਬਜ਼ੇ ਵਿਚ ਇਕ ਬਹੁਤ ਵੱਡਾ ਨਗਰ ਸੀ। ਇਸ ਲਾਲਚ ਕਰਕੇ ਅਖੀਰ ਮਹਾਂ ਸਿੰਘ ਨੇ ਹਮਲਾ ਕਰ ਦਿੱਤਾ। ਵਜ਼ੀਰਾਬਾਦ ਤੋਂ ਚਾਰ ਮੀਲ ਦੂਰ ਸੋਧਰਾ ਦੇ ਸਥਾਨ ਤੇ ਇਕ ਖ਼ੂਨੀ ਲੜਾਈ ਹੋਈ ਪਰ ਲੜਾਈ ਦੇ ਦੌਰਾਨ ਮਹਾਂ ਸਿੰਘ ਬੀਮਾਰ ਹੋ ਗਿਆ ਤੇ ਉਸ ਦੇ ਮਹਾਵਤ ਨੇ ਉਸ ਦੇ ਹਾਥੀ ਨੂੰ ਲੜਾਈ ਦੇ ਮੈਦਾਨ ਵਿਚੋਂ ਹਟਾ ਲਿਆ। ਇਸ ਨੇ ਉਸ ਦੀਆਂ ਫ਼ੌਜਾਂ ਵਿਚ ਹਰਾਸ ਫੈਲਾ ਦਿੱਤਾ, ਜਿਹੜੀਆਂ ਕਿ ਉਸ ਦੇ ਲਾਂਭੇ ਹੁੰਦਿਆਂ ਹੀ ਜੰਗ ਦੇ ਮੈਦਾਨ ਵਿਚੋਂ ਨੱਠ ਗਈਆਂ। ਮਹਾਂ ਸਿੰਘ ਗੁਜਰਾਂਵਾਲੇ ਮੁੜ ਆਇਆ ਪਰ ਉਹ ਆਪਣੀ ਬੀਮਾਰੀ ਤੋਂ ਰਾਜ਼ੀ ਨ ਹੋ ਸਕਿਆ ਤੇ ਤੀਹ ਵਰ੍ਹਿਆਂ ਦੀ ਛੋਟੀ ਉਮਰ ਵਿਚ ਹੀ 1792 ਵਿਚ ਉਸ ਦੀ ਮ੍ਰਿਤੂ ਹੋ ਗਈ। ਮਹਾਰਾਜਾ ਰਣਜੀਤ ਸਿੰਘ ਜਿਹੜਾ ਉਸ ਵੇਲੇ ਬਾਰਾਂ ਵਰ੍ਹਿਆਂ ਦਾ ਸੀ, ਮਿਸਲ ਦਾ ਮੁਖੀ ਬਣਿਆ। ਇਸ ਮਹਾਨ ਵਿਅਕਤੀ ਦਾ, ਜਿਸ ਨੇ ਪਿੱਛੋਂ ਪੰਜਾਬ ਉਤੇ ਚਾਲੀ ਵਰ੍ਹੇ ਹਕੂਮਤ ਕੀਤੀ, ਸੰਖੇਪ ਵਿਵਰਣ ਅਧਿਆਇ 19 ਵਿਚ ਦਿੱਤਾ ਗਿਆ ਹੈ।

ਅਧਿਆਇ ੧੯

ਮਿਸਲਾਂ ਦੇ ਸਮੇਂ ਪੰਜਾਬ ਦਾ ਰਾਜ-ਪ੍ਰਬੰਧ

ਰਣਜੀਤ ਸਿੰਘ ਦੇ ਸਮੇਂ ਤੋਂ ਪਹਿਲਾਂ ਸਿੱਖ ਮਿਸਲਦਾਰ ਕੇਵਲ ਛੋਟੇ ਛੋਟੇ ਸੈਨਿਕ ਹੀ ਸਨ। ਇਸ ਲਈ ਉਨ੍ਹਾਂ ਸਿੱਖ ਫੌਜਾਂ ਦਾ ਸੰਖੇਪ ਵਰਣਨ ਕਰਨਾ ਜ਼ਰੂਰੀ ਜਾਪਦਾ ਹੈ ਜਿਹੜੀਆਂ ਕਿ ਇਨ੍ਹਾਂ ਛੋਟੀਆਂ ਛੋਟੀਆਂ ਰਜਵਾੜਾ ਸ਼ਾਹੀਆਂ ਦਾ ਮੁੱਖ ਆਧਾਰ ਬਣੀਆਂ ਸਨ।

ਰਣਜੀਤ ਸਿੰਘ ਦੇ ਸਮੇਂ ਤੋਂ ਪਹਿਲਾਂ ਖ਼ਾਲਸੇ ਦੀ ਸਾਰੀ ਸੈਨਾ ਕੇਵਲ ਘੋੜਸਵਾਰਾਂ ਦੀ ਫੌਜ ਸੀ। ਆਮ ਤੌਰ ਤੇ ਘੋੜੇ ਬਠਿੰਡੇ ਦੇ ਲਾਗੇ ਲੱਖੀ ਜੰਗਲ ਵਿਚ ਪਾਲੇ ਜਾਂਦੇ ਸਨ ਅਤੇ ਖ਼ਾਲਸੇ ਦੇ ਹਰੇਕ ਸੱਚੇ ਸਿੱਖ ਤੋਂ ਘੋੜਸਵਾਰ ਹੋਣ ਦੀ ਆਸ ਰੱਖੀ ਜਾਂਦੀ ਸੀ। ਵਾਸਤਵ ਵਿਚ ਕਈ ਪੀੜ੍ਹੀਆਂ ਤਕ ਘੋੜੇ ਦੀ ਕਾਠੀ ਹੀ ਖ਼ਾਲਸੇ ਦਾ ਘਰ ਬਣਿਆ ਸੀ। 1783 ਵਿਚ ਸਿੱਖ ਸੈਨਾ ਦੀ ਗਿਣਤੀ ਦਾ ਅੰਦਾਜ਼ਾ 300,000 ਲਾਇਆ ਗਿਆ ਸੀ, ਪਰ ਇਹ ਗਿਣਤੀ 200,000 ਮੰਨੀ ਜਾ ਸਕਦੀ ਹੈ।[1] ਪਰ ਇਸ ਦੀ ਅਸਲੀ ਸੈਨਾ ਬ੍ਰਾਊਨ ਦੇ ਅੰਦਾਜ਼ੇ ਅਨੁਸਾਰ 73,000 ਘੋੜ ਸਵਾਰ, ਅਤੇ 25,000 ਪਿਆਦਿਆਂ ਤੋਂ ਵੱਧ ਨਹੀਂ ਸੀ।[2] ਇਸ ਤੋਂ ਵਧੇਰੇ ਭਰੋਸੇ ਯੋਗ ਅਨੁਮਾਨ ਆਇਰਲੈਂਡ ਦੇ ਸਾਹਸੀ ਯੋਧੇ ਜਾਰਜ ਟਾਮਸ ਦਾ ਹੈ ਜੋ ਆਪ ਵੀ ਸਿੱਖਾਂ ਨਾਲ ਲੜਿਆ ਸੀ। ਉਹ ਸਿੱਖ ਸੈਨਾ ਵਿਚ 60,000 ਘੋੜਸਵਾਰ ਅਤੇ 5,000 ਪਿਆਦਿਆਂ ਦਾ ਜ਼ਿਕਰ ਕਰਦਾ ਹੈ।

ਪਿਆਦਾ ਫੌਜ, ਜਿਸ ਦਾ ਟਾਮਸ ਦੁਆਰਾ ਦਿੱਤਾ ਅਨੁਮਾਨ ਬਿਲਕੁਲ ਠੀਕ ਜਾਪਦਾ ਹੈ, ਸਾਰੀ ਦੀ ਸਾਰੀ ਕਿਲ੍ਹਿਆਂ ਵਿਚ ਹੁੰਦੀ ਸੀ।[3]

1762 ਵਿਚ ਖਵਾਜਾ ਓਬੇਦ ਦੀ ਕਮਾਨ ਅਧੀਨ ਹਾਰੀ ਲਾਹੌਰ ਦੀ ਸੈਨਾ

1. ਫ਼ਾਸਟਰ, 'ਏ ਜਰਨੀ ਫ੍ਰਾਮ ਬੰਗਾਲ ਟੂ ਇੰਗਲੈਂਡ' 1,333।
2. ਇੰਡੀਆ ਟ੍ਰੈਕਟਸ। ਕਰਨਲ ਫ੍ਰੈਂਕਲਿਨ ਆਪਣੀ 'ਜਾਰਜ ਟਾਮਸ ਦਾ ਜੀਵਨ' ਨਾਮਕ ਪੁਸਤਕ ਵਿਚ ਕਾਰਗਰ ਸਿਪਾਹੀਆਂ ਦੀ ਗਿਣਤੀ 64,000 ਦਸਦਾ ਹੈ।
3. ਕਨਿੰਘਮ।

ਦੀਆਂ ਗੁਜਰਾਂਵਾਲੇ ਰਹਿ ਗਈਆਂ 12 ਤੋਪਾਂ ਹਥਿਆਉਣ ਤੋਂ ਪਹਿਲਾਂ ਸਿੱਖਾਂ ਪਾਸ ਸ਼ਾਇਦ ਕੋਈ ਤੋਪ ਨਹੀਂ ਸੀ। ਪਰੰਤੂ ਉਨ੍ਹਾਂ ਨੇ ਕਿਸੇ ਲੜਾਈ ਵਿਚ ਇਨ੍ਹਾਂ ਦੀ ਵੀ ਵਰਤੋਂ ਕੀਤੀ ਨਹੀਂ ਜਾਪਦੀ। 1800 ਈ. ਤਕ ਸਿੱਖਾਂ ਪਾਸ 40 ਜੰਗੀ ਤੋਪਾਂ ਤੋਂ ਵੱਧ ਨਹੀਂ ਸਨ।[1]

"ਰਣਖੇਤਰ ਵਿਚ ਜਾਣ ਸਮੇਂ ਉਨ੍ਹਾਂ ਕੋਲ ਆਮ ਕਰਕੇ ਕਿਰਪਾਨ, ਭੱਲਾ ਅਤੇ ਤੁਪਕ ਹੁੰਦੇ ਸਨ।"[2] ਘੋੜੇ ਤੇ ਚੜ੍ਹ ਕੇ ਤੋੜੇਦਾਰ ਬੰਦੂਕ ਦੀ ਅਸਰਦਾਰ ਵਰਤੋਂ ਕਰਨ ਲਈ ਸਿੱਖ ਬੜੀ ਛੇਤੀ ਪ੍ਰਸਿੱਧ ਹੋ ਗਏ। ਇਹ ਹੁਨਰ ਉਨ੍ਹਾਂ ਨੂੰ ਆਪਣੇ ਵੱਡ-ਵਡੇਰਿਆਂ ਤੋਂ ਮਿਲਿਆ ਕਿਹਾ ਜਾਂਦਾ ਹੈ ਜਿਨ੍ਹਾਂ ਦਿਆਂ ਹੱਥਾਂ ਵਿਚ ਤੀਰ-ਕਮਾਨ ਇਕ ਮਾਰੂ ਹਥਿਆਰ ਸੀ।[3]

ਸ਼ੁਰੂ ਵਿਚ ਸਿੱਖਾਂ ਕੋਲ ਚੰਗੀਆਂ ਵਰਦੀਆਂ ਨਹੀਂ ਸਨ। ਆਮ ਸਿਪਾਹੀ ਦੇ ਪਗ, ਕੁੜਤਾ, ਕਛਹਿਰਾ ਅਤੇ ਤੰਗ ਜੁੱਤੇ ਪਹਿਨੇ ਹੁੰਦੇ ਸਨ। ਸਰਦਾਰ ਆਮ ਤੌਰ ਤੇ ਲੋਹੇ ਦੀ ਖੋਦ, ਸੰਜੋਅ, ਢਾਲ, ਕਲਾਈ ਰੱਖਿਅਕ ਅਤੇ ਕਵਚ-ਖੰਡ, ਸਮੇਤ ਜ਼ੰਜੀਰ ਵਾਲਾ ਕਵਚ, ਪਹਿਨਦੇ ਸਨ।

ਬਰਤਾਨਵੀ ਭਾਰਤੀ ਸੈਨਾ ਦੇ ਭਗੌੜਿਆਂ ਅਤੇ ਫਰਾਂਸੀਸੀ, ਇਤਾਲਵੀ ਅਤੇ ਅਮਰੀਕੀ ਅਫ਼ਸਰਾਂ ਜਿਨ੍ਹਾਂ ਵਿਚੋਂ ਕੁਝ ਨੇ ਨੈਪੋਲੀਅਨ ਦੇ ਯੁੱਧਾਂ ਵਿਚ ਭਾਗ ਲਿਆ ਸੀ, ਦੀ ਸਹਾਇਤਾ ਨਾਲ ਰਣਜੀਤ ਸਿੰਘ ਦੁਆਰਾ ਅਨੁਸ਼ਾਸਿਤ ਕੀਤੇ ਜਾਣ ਤੋਂ ਪਹਿਲਾਂ ਸਿੱਖਾਂ ਨੂੰ ਪਰੇਡ ਦਾ ਕੋਈ ਗਿਆਨ ਨਹੀਂ ਸੀ। ਅਨੁਸ਼ਾਸਨ ਦੀ ਕਮੀ ਉਤਸ਼ਾਹ ਅਤੇ ਸਾਹਸ ਦੁਆਰਾ ਪੂਰੀ ਹੁੰਦੀ ਸੀ। ਹਰ ਕੋਈ ਜਾਣਦਾ ਸੀ ਕਿ ਉਸ ਨੇ ਜਿੱਤ ਪ੍ਰਾਪਤ ਕਰਨੀ ਹੈ ਜਾਂ ਮਰਨਾ ਹੈ। ਤਾਂ ਵੀ ਹਰੇਕ ਮੁਹਿੰਮ ਦੀ ਅਗਵਾਈ ਇਕ ਸਰਦਾਰ ਕਰਦਾ ਸੀ ਜਿਸ ਨੂੰ ਦੂਜੇ ਸਰਦਾਰ ਕਮਾਨ ਲਈ ਚੁਣਦੇ ਸਨ ਜਿਹੜੇ ਉਸ ਤੋਂ ਹਿਦਾਇਤਾਂ ਲੈ ਕੇ ਆਪਣੇ ਆਪਣੇ ਦਸਤਿਆਂ ਦੀ ਕਮਾਨ ਕਰਦੇ ਸਨ, ਭਾਵੇਂ ਬਹੁਤ ਕੁਝ ਅਧੀਨ ਅਫ਼ਸਰਾਂ ਦੀ ਆਪਣੀ ਮਰਜ਼ੀ ਤੇ ਛੱਡ ਦਿੱਤਾ ਜਾਂਦਾ ਸੀ।

ਸਿੱਖਾਂ ਦਾ ਕੌਮੀ ਝੰਡਾ ਹਿੰਦੂਆਂ ਦੇ ਪ੍ਰਾਚੀਨ ਝੰਡੇ ਦੇ ਵਾਂਗ ਕੇਸਰੀ ਰੰਗ ਦਾ ਸੀ। ਪਰ ਮੈਂ ਇਹ ਲੱਭਣ ਵਿਚ ਸਫਲ ਨਹੀਂ ਹੋਇਆ ਕਿ ਸਿੱਖਾਂ ਦਾ ਉਸ ਸਮੇਂ ਕੋਈ ਸ਼ਾਹੀ ਚਿੰਨ੍ਹ ਵੀ ਸੀ।

---

1. ਫ੍ਰੈਂਕਲਿਨ (ਜਾਰਜ ਟਾਮਸ ਦਾ ਜੀਵਨ) ਜਿਹੜਾ ਜਾਰਜ ਟਾਮਸ ਦਾ ਹਵਾਲਾ ਦਿੰਦਾ ਹੈ।
2. ਸੱਯਦ ਮੁਹੰਮਦ ਲਤੀਫ਼।
3. ਕਨਿੰਘਮ।

ਸਿੱਖਾਂ ਦਾ ਯੁੱਧ ਦਾ ਨਾਅਰਾ ਸੀ "ਸਤਿ ਸ੍ਰੀ ਅਕਾਲ" ਅਤੇ "ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਿਹ"।

ਸਿੱਖਾਂ ਦੀ ਯੁੱਧ-ਵਿਧੀ ਮੇਜਰ ਫ੍ਰੈਂਕਲਿਨ ਨੇ ਇਸ ਤਰ੍ਹਾਂ ਬਿਆਨ ਕੀਤੀ ਹੈ।[1] ਸਿੱਖ ਭੱਲੇ, ਤੋੜੇਦਾਰ ਬੰਦੂਕ ਅਤੇ ਟਕੂਏ (Scimitar) ਨਾਲ ਲੈਸ ਹੁੰਦੇ ਹਨ। ਉਨ੍ਹਾਂ ਦਾ ਲੜਾਈ ਦਾ ਢੰਗ ਜਿਸ ਤਰ੍ਹਾਂ ਕਿ ਮਿਸਟਰ ਟਾਮਸ ਨੇ ਦਸਿਆ ਹੈ, ਅਦੁੱਤੀ ਹੈ। ਅਸ਼ਨਾਨ ਅਤੇ ਅਰਦਾਸ ਦੇ ਜ਼ਰੂਰੀ ਧਾਰਮਿਕ ਨਿਤਨੇਮਾਂ ਤੋਂ ਵਿਹਲੇ ਹੋ ਕੇ ਉਹ ਆਪਣੇ ਕੇਸ-ਦਾੜ੍ਹੀ ਨੂੰ ਵਿਸ਼ੇਸ਼ ਧਿਆਨ ਨਾਲ ਕੰਘਾ ਕਰਦੇ ਹਨ। ਫੇਰ ਆਪਣੇ ਘੋੜਿਆਂ ਤੇ ਚੜ੍ਹ ਕੇ ਦੁਸ਼ਮਣ ਵਲ ਅੱਗੇ ਵਧਦੇ ਹਨ ਜਿਸ ਨਾਲ ਉਹ ਉਸ ਸਮੇਂ ਤਕ ਲਗਾਤਾਰ ਕਦੀ ਅੱਗੇ ਵਧ ਕੇ ਕਦੀ ਪਿੱਛੇ ਹਟ ਕੇ ਮੁਠਭੇੜ ਕਰਦੇ ਰਹਿੰਦੇ ਹਨ ਜਦ ਤਕ ਕਿ ਉਹ ਅਤੇ ਘੋੜੇ ਦੋਵੇਂ ਹੰਭ ਨਹੀਂ ਜਾਂਦੇ। ਫੇਰ ਉਹ ਦੁਸ਼ਮਣ ਤੋਂ ਕੁਝ ਦੂਰੀ ਤੇ ਚਲੇ ਜਾਂਦੇ ਹਨ ਅਤੇ ਵਾਹੀ ਬੀਜੀ ਭੂਮੀ ਲੱਭ ਕੇ ਆਪਣੇ ਘੋੜਿਆਂ ਨੂੰ ਜੀ ਭਰ ਕੇ ਚਰਨ ਲਈ ਛੱਡ ਦਿੰਦੇ ਹਨ। ਆਪਣੇ ਲਈ ਥੋੜ੍ਹੇ ਜੇਹੇ ਦਾਣੇ ਭੁੰਨਦੇ ਹਨ ਅਤੇ ਇਸ ਸੰਜਮੀ ਭੋਜਨ ਨਾਲ ਆਪਣੀ ਭੁੱਖ ਮਿਟਾ ਕੇ, ਜੇ ਦੁਸ਼ਮਣ ਨੇੜੇ ਹੋਵੇ ਤਾਂ ਉਸ ਨਾਲ ਦੁਬਾਰਾ ਮੁੱਠਭੇੜ ਸ਼ੁਰੂ ਕਰ ਦਿੰਦੇ ਹਨ। ਵੈਰੀ ਪਿਛਾਂਹ ਪਰਤ ਗਿਆ ਹੋਵੇ ਤਾਂ ਉਹ ਆਪਣੇ ਪਸ਼ੂਆਂ ਲਈ ਚਾਰੇ ਅਤੇ ਆਪਣੇ ਲਈ ਭੋਜਨ ਦੀ ਪ੍ਰਾਪਤੀ ਦਾ ਉਪਰਾਲਾ ਕਰਦੇ ਹਨ। ਜਦੋਂ ਉਹ ਦੁਸ਼ਮਣ ਦੇ ਇਲਾਕੇ ਵਿਚ ਹੋਣ ਤਾਂ ਕਦੀ ਵੀ ਤੰਬੂਆਂ ਵਿਚ ਆਰਾਮ ਨਹੀਂ ਕਰਦੇ। ਇਸ ਲਈ ਕਿਸੇ ਸਿੱਖ ਦੇ ਠਾਠਦਾਰ ਆਰਾਮ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਭੁੰਜੇ ਬੈਠੇ ਸਿੱਖਾਂ ਲਈ ਉਨ੍ਹਾਂ ਸਾਹਮਣੇ ਵਿਛੀ ਚਟਾਈ ਉਤੇ, ਇਕ ਬ੍ਰਾਹਮਣ, ਜਿਸ ਨੂੰ ਇਸ ਕਾਰਜ ਲਈ ਹੀ ਨਿਯੁਕਤ ਕੀਤਾ ਹੁੰਦਾ ਹੈ, ਭੋਜਨ ਪਰੋਸ ਦਿੰਦਾ ਹੈ। ਰੋਟੀਆਂ ਹੀ ਉਨ੍ਹਾਂ ਲਈ ਥਾਲੀਆਂ ਅਤੇ ਤਸ਼ਤਰੀਆਂ ਦਾ ਕੰਮ ਦਿੰਦੀਆਂ ਹਨ। ਆਪਣੇ ਬਚਪਨ ਤੋਂ ਹੀ ਸਖ਼ਤ ਅਤੇ ਕਠਿਨ ਜੀਵਨ ਦੇ ਆਦੀ ਹੋਣ ਕਾਰਣ ਸਿੱਖ ਤੰਬੂਆਂ ਦੇ ਆਰਾਮ ਨੂੰ ਘ੍ਰਿਣਾ ਕਰਦੇ ਹਨ। ਇਸ ਦੀ ਥਾਂ ਹਰ ਘੋੜਸਵਾਰ ਕੋਲ ਦੋ ਕੰਬਲ ਹੁੰਦੇ ਹਨ—ਇਕ ਉਸ ਦੇ ਆਪਣੇ ਲਈ ਅਤੇ ਦੂਜਾ ਉਸ ਦੇ ਘੋੜੇ ਲਈ। ਦਾਣਿਆਂ ਦੇ ਥੈਲੇ ਸਮੇਤ ਕਾਠੀ ਦੇ ਹੇਠਾਂ ਰੱਖੇ ਇਹ ਦੋਵੇਂ ਕੰਬਲ ਅਤੇ ਰਕਾਬ ਦੀਆਂ ਰੱਸੀਆਂ ਹੀ ਜੰਗ ਦੇ ਦਿਨਾਂ ਵਿਚ ਸਿੱਖ ਦਾ ਸਾਮਾਨ ਹੁੰਦਾ ਹੈ। ਉਨ੍ਹਾਂ ਦੇ ਖਾਣਾ ਪਕਾਉਣ ਦੇ ਭਾਂਡੇ ਟੱਟੂਆਂ ਤੇ ਲੱਦੇ ਹੁੰਦੇ ਹਨ।"

ਰਾਜ-ਪ੍ਰਬੰਧ

ਇਹ ਕਿਹਾ ਜਾ ਚੁਕਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸਿੱਖ ਮਤ ਨੂੰ ਧਰਮਤੰਤਰ ਵਿਚ ਬਦਲ ਦਿੱਤਾ ਸੀ। ਸਾਰੀ ਕੌਮ ਦਾ ਪੱਕਾ ਨਿਸਚਾ ਸੀ ਕਿ ਉਸ ਉਤੇ

1. ਮੈਮਾਇਰਜ਼ ਆਫ ਜਾਰਜ ਟਾਮਸ, ਪੰਨਾ 71।

ਵਾਹਿਗੁਰੂ ਦੀ ਕਿਪਾ ਹੈ। ਵਾਹਿਗੁਰੂ ਤੋਂ ਉਤਰ ਕੇ ਗੁਰੂ ਸੀ ਜਿਹੜਾ ਆਪਣੇ ਅਨੁਯਾਈਆਂ ਦੀ ਸਦਾ ਮਦਦ ਤੇ ਰਖਵਾਲੀ ਕਰਦਾ ਮੰਨਿਆ ਜਾਂਦਾ ਸੀ। ਕੌਮ ਦੀ ਪ੍ਰਭੂ-ਸੱਤਾ ਸਾਰੀ ਕੌਮ ਦੇ ਹੀ ਹੱਥ ਵਿਚ ਸੀ। ਬਾਰਾਂ ਮਿਸਲਾਂ ਦਾ ਨਿਯੰਤਰਣ ਸ਼ਕਤੀਸ਼ਾਲੀ ਸਰਦਾਰਾਂ ਦੇ ਹੱਥਾਂ ਵਿਚ ਸੀ। ਪਰ ਇਹ ਸਰਦਾਰ ਆਪਣਾ ਹੁਕਮ ਆਪਣੇ ਅਨੁਜਾਈਆਂ ਦੀ ਰਜ਼ਾਮੰਦੀ ਨਾਲ ਹੀ ਚਲਾਉਂਦੇ ਸਨ, ਜਿਹੜੇ ਸਦਾ ਆਪਣੇ ਸਰਦਾਰਾਂ ਨੂੰ ਆਪ ਚੁਣਿਆ ਕਰਦੇ ਸਨ। ਇਨ੍ਹਾਂ ਚੋਣਾਂ ਦਾ ਨਾਂ-ਮਾਤਰ ਨ ਹੋਣਾ ਇਸ ਤੱਥ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਬਹੁਤ ਵਾਰੀ ਹੱਕੀ ਵਾਰਸਾਂ ਨੂੰ ਲਾਂਭੇ ਰੱਖ ਦਿੱਤਾ ਜਾਂਦਾ ਸੀ ਅਤੇ ਵਾਸਤਵ ਵਿਚ ਯੋਗ ਹਾਕਿਮ ਨੂੰ ਸਵਰਗੀ ਸਰਦਾਰ ਦੀ ਬੰਸ ਵਿਚੋਂ ਜਾਂ ਸੰਬੰਧੀਆਂ ਵਿਚੋਂ, ਇਥੋਂ ਤਕ ਕਿ ਕਈ ਵਾਰੀ ਫੌਜਾਂ ਵਿਚੋਂ ਹੀ, ਚੁਣ ਲਿਆ ਜਾਂਦਾ ਸੀ।[1]

ਸਮੁੱਚੀ ਕੌਮ ਨਾਲ ਸੰਬੰਧਿਤ ਸਮਸਿਆਵਾਂ ਅੰਮ੍ਰਿਤਸਰ ਦੁਸਹਿਰੇ ਦੇ ਸਮੇਂ ਸਾਰੇ ਸਰਦਾਰਾਂ ਦੇ ਇਕੱਠ ਰਾਹੀਂ ਨਜਿੱਠੀਆਂ ਜਾਂਦੀਆਂ ਸਨ ਜਿਸ ਨੂੰ ਗੁਰਮਤਾ ਕਿਹਾ ਜਾਂਦਾ ਸੀ। ਦੁਸਹਿਰਾ ਇਕ ਸੈਨਿਕ ਤਿਉਹਾਰ ਹੈ ਜਿਹੜਾ ਅੱਜ ਕਲ੍ਹ ਵੀ ਹਿੰਦੂ ਰਿਆਸਤਾਂ ਵਿਚ ਸਜ-ਧਜ. ਨਾਲ ਮਨਾਇਆ ਜਾਂਦਾ ਹੈ ਅਤੇ ਖਾਸ ਦਰਬਾਰ ਤੇ ਰਾਜ ਦੀਆਂ ਸੈਨਾਵਾਂ ਦਾ ਨਿਰੀਖਣ ਕੀਤਾ ਜਾਂਦਾ ਹੈ। ਗੁਰਮਤਾ ਅਕਾਲੀ ਸੱਦਦੇ ਸਨ ਜਿਹੜੇ ਕਿਸੇ ਦੀ ਈਨ ਨਹੀਂ ਸਨ ਮੰਨਦੇ। ਉਹ ਗੁਰਦਵਾਰੇ ਦਾ ਕੰਮ-ਕਾਰ ਸੰਭਾਲਦੇ ਅਤੇ ਵਿਮੱਤੀਆਂ ਅਤੇ ਗੱਦਾਰਾਂ ਨੂੰ ਦੰਡ ਦੇ ਕੇ ਅਤੇ ਉਪਦੇਸ਼ਾਂ ਤੇ ਦੂਜਿਆਂ ਦੀ ਉਦਾਹਰਣ ਰਾਹੀਂ ਖ਼ਾਲਸੇ ਦੀ ਧਾਰਮਿਕ ਸੁਹਿਰਦਤਾ ਅਤੇ ਲੜਾਕੂ ਜੋਸ਼ ਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਕੇ ਕੌਮ ਦੀ ਸੇਵਾ ਕਰਦੇ ਸਨ। ਗੁਰਮਤੇ ਦੀ ਕਾਰਵਾਈ ਦਾ ਵਰਣਨ ਮੈਲਕਮ ਨੇ ਇਸ ਤਰ੍ਹਾਂ ਕੀਤਾ ਹੈ :

"ਜਦੋਂ ਸਰਦਾਰ ਇਸ ਸ਼ੁਭ ਅਵਸਰ ਤੇ ਇਕੱਠੇ ਹੁੰਦੇ ਹਨ ਤਾਂ ਇਹ ਫਰਜ਼ ਕਰ ਲਿਆ ਜਾਂਦਾ ਹੈ ਕਿ ਉਨ੍ਹਾਂ ਦੀਆਂ ਨਿਜੀ ਦੁਸ਼ਮਣੀਆਂ ਉਸ ਦਿਨ ਤੋਂ ਖਤਮ ਹਨ ਅਤੇ ਹਰੇਕ ਮਨੁੱਖ ਆਪਣੀਆਂ ਵਿਅਕਤੀਗਤ ਭਾਵਨਾਵਾਂ ਸਾਂਝੀ ਭਲਾਈ ਲਈ ਕੁਰਬਾਨ ਕਰੇਗਾ ਅਤੇ ਸ਼ੁੱਧ ਦੇਸ਼ ਭਗਤੀ ਦੇ ਅਸੂਲਾਂ ਦੁਆਰਾ ਪ੍ਰੇਰਿਆ ਹੋਇਆ ਉਹ ਆਪਣੇ ਧਰਮ ਦੇ ਹਿਤ ਅਤੇ ਸੰਬੰਧਿਤ ਸਾਂਝੇ ਰਾਜ ਦੇ ਹਿਤ ਤੋਂ ਛੁੱਟ ਹੋਰ ਕੁਝ ਨਹੀਂ ਸੋਚੇਗਾ। ਜਦੋਂ ਸਰਦਾਰ ਅਤੇ ਮੁੱਖ-ਅਧਿਕਾਰੀ ਬੈਠੇ ਹੁੰਦੇ ਹਨ ਤਾਂ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦਾ ਉਸ ਥਾਂ ਪ੍ਰਕਾਸ਼ ਕੀਤਾ ਜਾਂਦਾ ਹੈ। ਉਹ ਸਭ ਇਨ੍ਹਾਂ ਧਾਰਮਿਕ ਗ੍ਰੰਥਾਂ ਅੱਗੇ ਆਪਣੇ ਸਿਰ ਨਿਵਾਂਦੇ ਹਨ ਅਤੇ 'ਵਾਹਿਗੁਰੂ ਜੀ ਕਾ ਖ਼ਾਲਸਾ' ਦਾ ਉਚਾਰਣ ਕਰਦੇ ਹਨ।

---

1. ਮੁਫ਼ਤੀ ਅਲੀ-ਉਦ-ਦੀਨ ਦਾ 'ਇਬਰਤਨਾਮਾ'।

ਇਸ ਤੋਂ ਪਿੱਛੋਂ ਸੰਗਤ ਵਿਚ ਕੜਾਹ ਪ੍ਰਸ਼ਾਦ[1] ਵਰਤਾਇਆ ਜਾਂਦਾ ਹੈ। ਸਾਰੇ ਵਿਅਕਤੀ ਖੜੇ ਹੋ ਜਾਂਦੇ ਹਨ ਅਤੇ ਅਕਾਲੀ ਉੱਚੀ ਆਵਾਜ਼ ਵਿਚ ਅਰਦਾਸ ਕਰਦੇ ਹਨ।" ਅਰਦਾਸ ਪਿੱਛੋਂ ਸਾਰੇ ਆਪਣੀਆਂ ਥਾਵਾਂ ਤੇ ਮੁੜ ਬਹਿ ਜਾਂਦੇ ਹਨ ਅਤੇ ਫੇਰ ਇਕੋ ਮਨੋਰਥ ਲਈ ਸਾਂਝੀ ਅਤੇ ਪੂਰਣ ਏਕਤਾ ਦੀ ਨਿਸ਼ਾਨੀ ਵਜੋਂ, ਕੜਾਹ ਪ੍ਰਸ਼ਾਦ ਵਰਤਾਇਆ ਅਤੇ ਛਕਿਆ ਜਾਂਦਾ ਹੈ। ਅਕਾਲੀ ਫੇਰ ਉੱਚੀ ਆਵਾਜ਼ ਵਿਚ ਸਰਦਾਰਾਂ ਨੂੰ ਸੰਬੋਧਨ ਕਰ ਕੇ ਗੁਰਮਤਾ ਪੜ੍ਹਦੇ ਹਨ ਜਿਸ ਤੇ ਦੁਬਾਰਾ ਉੱਚੀ ਆਵਾਜ਼ ਵਿਚ ਅਰਦਾਸ ਕੀਤੀ ਜਾਂਦੀ ਹੈ। ਸਰਦਾਰ ਫੇਰ ਇਕ ਦੂਜੇ ਦੇ ਨੇੜੇ ਆ ਕੇ ਕਹਿੰਦੇ ਹਨ: "ਪਵਿਤਰ ਗ੍ਰੰਥ ਸਾਡੇ ਵਿਚਕਾਰ ਹੈ, ਆਓ ਅਸੀਂ ਆਪਣੇ ਪਵਿਤਰ ਗ੍ਰੰਥ ਤੇ ਹੱਥ ਰੱਖ ਕੇ ਸਾਰੇ ਨਿਜੀ ਝਗੜੇ ਭੁਲਾਉਣ ਅਤੇ ਇਕ ਮੁਠ ਹੋਣ ਦਾ ਪ੍ਰਣ ਲਈਏ।"

"ਧਾਰਮਿਕ ਜੋਸ਼ ਅਤੇ ਤੀਬਰ ਦੇਸ਼ ਭਗਤੀ ਦੀ ਇਹ ਘੜੀ ਸਾਰੀਆਂ ਪਰਸਪਰ ਦੁਸ਼ਮਣੀਆਂ ਮਿਟਾਉਣ ਦਾ ਸਾਧਨ ਸਮਝੀ ਜਾਂਦੀ ਹੈ। ਫੇਰ ਉਹ ਉਸ ਖਤਰੇ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ ਜਿਹੜਾ ਉਨ੍ਹਾਂ ਦੇ ਸਿਰ ਆਇਆ ਹੁੰਦਾ ਹੈ, ਅਤੇ ਜਿਸ ਨੂੰ ਟਾਲਣ ਲਈ ਅਤੇ ਉਨ੍ਹਾਂ ਜਰਨੈਲਾਂ ਨੂੰ ਚੁਣਨ ਲਈ ਜਿਨ੍ਹਾਂ ਨੇ ਸਾਂਝੇ ਸ਼ਤਰੂ ਵਿਰੁੱਧ ਫੌਜਾਂ ਦੀ ਅਗਵਾਈ ਕਰਨੀ ਹੁੰਦੀ ਹੈ, ਉੱਤਮ ਯੋਜਨਾਵਾਂ ਤਿਆਰ ਕਰਦੇ ਹਨ। ਸਭ ਤੋਂ ਪਹਿਲਾ ਗੁਰਮਤਾ ਗੁਰੂ ਗੋਬਿੰਦ ਸਿੰਘ ਨੇ ਕੀਤਾ ਸੀ ਅਤੇ ਸਭ ਤੋਂ ਅਖੀਰਲਾ (1805 ਤਕ) 1805 ਵਿਚ ਉਸ ਸਮੇਂ ਸੱਦਿਆ ਗਿਆ ਜਦੋਂ ਬਰਤਾਨੀਆ ਦੀ ਫੌਜ ਨੇ ਹੋਲਕਰ ਦਾ ਪਿੱਛਾ ਪੰਜਾਬ ਤਕ ਕੀਤਾ"।[2]

ਆਪਣੇ ਇਲਾਕੇ ਦੇ ਅੰਦਰੂਨੀ ਮੁਆਮਲਿਆਂ ਵਿਚ ਹਰੇਕ ਸਰਦਾਰ ਸੁਤੰਤਰ ਸੀ। ਸਾਰੀ ਲੁੱਟ ਸਰਦਾਰਾਂ ਵਿਚ ਬਰਾਬਰ ਵੰਡੀ ਜਾਂਦੀ ਸੀ ਜਿਹੜੇ ਇਸ ਨੂੰ ਅਗਾਂਹ ਆਪਣੇ ਅਨੁਯਾਈਆਂ ਵਿਚ ਵੰਡ ਦਿੰਦੇ ਸਨ। ਇਹ ਅਨੁਯਾਈ ਭੋਂ-ਦਾਸ ਨਹੀਂ ਸਨ ਸਗੋਂ ਸਾਮੰਤੀ ਜਾਗੀਰਦਾਰਾਂ ਦੀ ਤਰ੍ਹਾਂ ਸੈਨਿਕ ਸੇਵਾ ਦੇਣ ਦੀ ਸ਼ਰਤ ਤੇ ਜ਼ਮੀਨਾਂ ਦੇ ਮਾਲਿਕ ਹੁੰਦੇ ਸਨ। ਕੇਵਲ ਇਕੋ ਇਕ ਛੋਟ ਹੁੰਦੀ ਸੀ ਕਿ ਹਰ ਕੋਈ ਆਪਣੇ ਮਾਲਿਕ ਨੂੰ ਛੱਡਣ ਲਈ ਅਤੇ ਦੂਜੇ ਪਾਸ ਜਾਣ ਲਈ ਸੁਤੰਤਰ ਹੁੰਦਾ ਸੀ। ਇਸ ਤੋਂ ਸਾਨੂੰ ਸਿੱਖ ਕੌਮ ਦੀ ਏਕਤਾ ਦਾ ਇਕ ਹੋਰ ਪ੍ਰਮਾਣ ਮਿਲਦਾ ਹੈ ਜਿਸ ਵਿਚ ਹਰ ਸਿੱਖ ਨੂੰ ਪੂਰਣ ਵਿਸ਼ਵਾਸ ਹੁੰਦਾ ਸੀ।

---

1. ਇਕ ਪ੍ਰਕਾਰ ਦਾ ਕੜਾਹ ਜਿਹੜਾ ਬਰਾਬਰ ਦੇ ਕਣਕ ਦੇ ਆਟੇ, ਖੰਡ ਅਤੇ ਘੀ ਦਾ ਬਣਿਆ ਹੁੰਦਾ ਹੈ। ਇਹ ਹੁਣ ਵੀ ਸਿੱਖਾਂ ਦੀਆਂ ਸਾਰੀਆਂ ਮਹੱਤਵਪੂਰਣ ਰੀਤਾਂ ਵੇਲੇ ਜ਼ਰੂਰੀ ਸਮਝਿਆ ਜਾਂਦਾ ਹੈ।
2. ਸਕੈਚ ਆਫ ਦਿ ਸਿਖਸ (ਪੰਨਾ 77, 78)।

ਸਰਦਾਰਾਂ ਦੀ ਆਮਦਨੀ ਦੋ ਪ੍ਰਕਾਰ ਦੀ ਹੁੰਦੀ ਸੀ। ਇਕ ਉਹ ਜਿਹੜੀ ਉਨ੍ਹਾਂ ਅਧੀਨ ਇਲਾਕੇ ਵਿਚੋਂ ਪ੍ਰਾਪਤ ਹੁੰਦੀ ਸੀ ਅਤੇ ਦੂਜੀ "ਰਾਖੀ" ਜਿਹੜੀ ਉਸ ਪ੍ਰਦੇਸ਼ ਤੋਂ ਲਈ ਜਾਂਦੀ ਸੀ ਜਿਹੜਾ ਅਧੀਨ ਤਾਂ ਹੁੰਦਾ ਸੀ ਪਰ ਸਿੱਖਾਂ ਦਾ ਉਸ ਉਤੇ ਕਬਜ਼ਾ ਨਹੀਂ ਹੁੰਦਾ ਸੀ। ਰਾਖੀ ਪੈਦਾਵਾਰ ਦੇ ਸਰਕਾਰੀ ਹਿੱਸੇ ਦੇ ਪੰਜਵੇਂ ਤੋਂ ਲੈ ਕੇ ਅੱਧੇ ਭਾਗ ਤਕ ਹੁੰਦੀ ਸੀ।[1] ਹੋਰ ਪ੍ਰਕਾਰ ਦੀ ਆਮਦਨੀ ਸੰਬੰਧੀ ਮੈਲਕਮ ਲਿਖਦਾ ਹੈ, "ਇਹ ਆਮ ਨਿਯਮ ਦਸਿਆ ਜਾਂਦਾ ਹੈ ਕਿ ਉਨ੍ਹਾਂ ਸਰਦਾਰਾਂ ਨੇ ਜਿਨ੍ਹਾਂ ਅਧੀਨ ਇਲਾਕਾ ਹੁੰਦਾ ਹੈ ਸਾਰੀ ਪੈਦਾਵਾਰ ਦਾ ਅੱਧਾ ਭਾਗ ਵਸੂਲ ਕਰਨਾ ਹੁੰਦਾ ਹੈ ਅਤੇ ਬਾਕੀ ਅੱਧਾ ਕਿਰਸਾਣ ਨੂੰ ਮਿਲਣਾ ਚਾਹੀਦਾ ਹੈ ਪਰ ਸਰਦਾਰ ਕਦੀ ਵੀ ਆਪਣੇ ਭਾਗ ਦਾ ਪੂਰਾ ਹਿੱਸਾ ਵਸੂਲ ਨਹੀਂ ਕਰਦਾ ਅਤੇ ਕਿਸੇ ਵੀ ਹੋਰ ਦੇਸ਼ ਵਿਚ ਵਾਹੀਕਾਰ ਨੂੰ ਇਸ ਤੋਂ ਵੱਧ ਛੋਟ ਨਹੀਂ ਮਿਲਦੀ।"[2] ਪਹਿਲਾਂ ਪਹਿਲ ਵਪਾਰ ਉਤੇ ਭਾਰੀ ਕਰ ਲੱਗੇ ਹੋਏ ਸਨ ਪਰ ਸਿੱਖ ਸਰਦਾਰਾਂ ਨੇ ਛੇਤੀ ਹੀ "ਉਸ ਹਾਨੀ ਨੂੰ ਭਾਂਪ ਲਿਆ ਜਿਹੜੀ ਇਸ ਕਾਰਣ ਉਨ੍ਹਾਂ ਦਿਆਂ ਹਿਤਾਂ ਨੂੰ ਪਹੁੰਚੀ, ਅਤੇ ਉਨ੍ਹਾਂ ਨੇ ਵਪਾਰੀ ਦਾ ਵਿਸ਼ਵਾਸ ਸੁਰਜੀਤ ਕਰਨ ਦੇ ਸਫਲ ਯਤਨ ਕੀਤੇ। ਅੱਜ ਕਲ੍ਹ ਹਿੰਦੁਸਤਾਨ ਵਿਚ ਸ਼ਾਲਾਂ ਦਾ ਸਭ ਤੋਂ ਵੱਧ ਵਪਾਰ ਲਾਹੌਰ, ਅੰਮ੍ਰਿਤਸਰ ਅਤੇ ਪਟਿਆਲੇ ਦੇ ਸ਼ਹਿਰਾਂ ਵਿਚ ਹੁੰਦਾ ਹੈ।" ਹਰ ਵੱਡਾ ਅਤੇ ਛੋਟਾ ਸਰਦਾਰ ਤਜਵੀਜ਼ ਅਨੁਸਾਰ ਵਪਾਰ ਤੇ ਕਰ ਲਾਉਣ ਦਾ ਅਧਿਕਾਰ ਵਰਤਦਾ ਸੀ, ਫੇਰ ਵੀ ਕਰ ਦੀ ਦਰ ਬੜੀ ਘੱਟ ਹੁੰਦੀ ਸੀ ਭਾਵੇਂ ਉਹ ਹਰ ਦਸ ਤੋਂ ਵੀਹ ਮੀਲਾਂ ਦੀ ਵਿੱਥ ਤੇ ਲੱਗ ਜਾਂਦਾ ਸੀ।

ਭਾਰਤ ਦੇ ਸਾਰੇ ਭਾਗਾਂ ਲਈ ਬੀਮਾ ਸਸਤੀਆਂ ਦਰਾਂ ਤੇ ਨਰ੍ਹੀਆ ਕੌਮ ਦੇ ਵਪਾਰੀਆਂ ਤੋਂ ਕਰਵਾਇਆ ਜਾ ਸਕਦਾ ਸੀ।

ਨਿਆਇ-ਪ੍ਰਬੰਧ

ਜਾਇਦਾਦ ਦੇ ਮੁਕੱਦਮੇ ਅਤੇ ਹੋਰ ਦੀਵਾਨੀ ਮੁਕੱਦਮਿਆਂ ਦੇ ਫੈਸਲੇ ਪੰਚਾਇਤ ਜਾਂ ਪੰਜਾਂ ਦੀ ਅਦਾਲਤ ਰਾਹੀਂ ਕੀਤੇ ਜਾਂਦੇ ਸਨ ਜਿਸ ਵਿਚ ਪਿੰਡ ਦੇ ਉਘੇ ਵਿਅਕਤੀ ਹੁੰਦੇ ਸਨ। ਪੰਚਾਇਤ ਦੇ ਪੰਚ ਕਿਉਂਕਿ ਪੰਚਾਇਤ ਦੇ ਪਿੰਡ ਦੇ ਸਭ ਤੋਂ ਉੱਚੇ ਚਰਿਤਰ ਵਾਲੇ ਵਿਅਕਤੀ ਹੁੰਦੇ ਸਨ ਇਸ ਲਈ ਪੰਚਾਇਤ ਦਾ ਚਰਿਤਰ ਨਿਆਇ ਲਈ ਅਤਿ ਉੱਚਾ

---

1. ਕਨਿੰਘਮ।
2. 'ਸਕੇਚ', ਪੰਨਾ 80। "ਅਨਾਜ ਕਿਉਂਕਿ ਅੰਦਾਜ਼ੇ ਨਾਲ ਜੋਖਿਆ ਜਾਂਦਾ ਹੈ ਇਸ ਲਈ ਜਿਨਸ ਵਿਚ ਦਿੱਤਾ ਜਾਂਦਾ ਹੈ, ਗੰਨਾ, ਕਪਾਹ, ਪੋਸਤ ਆਦਿ ਬੱਝਵੀਆਂ ਦਰਾਂ ਨਾਲ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਮੁੱਲ ਨਕਦੀ ਦੇ ਰੂਪ ਵਿਚ ਦਿੱਤਾ ਜਾਂਦਾ ਹੈ।" (ਮਰੇ)।

ਹੁੰਦਾ ਸੀ।[1] ਕੋਈ ਵੀ ਮੁਕੱਦਮਾ ਸਰਦਾਰ ਪਾਸ ਵੀ ਲੈ ਜਾਇਆ ਜਾ ਸਕਦਾ ਸੀ। ਫੌਜਦਾਰੀ ਮੁਕੱਦਮਿਆਂ ਦਾ ਫੈਸਲਾ ਸਰਦਾਰ ਕਰਦਾ ਸੀ।

ਜੁਰਮ ਅਤੇ ਮਦਾਖਲਤਾਂ, ਜਿਵੇਂ ਕਿ ਮੱਧ ਕਾਲ ਵਿਚ ਚਲਦਾ ਸੀ, ਪੈਸਾ ਦੇ ਦੁਆ ਕੇ ਨਿਬੇੜ ਦਿੱਤੀਆਂ ਜਾਂਦੀਆਂ ਹਨ: ਜੁਰਮਾਨਿਆਂ ਦੀ ਕੋਈ ਕਾਨੂੰਨੀ ਹੱਦ ਨਹੀਂ, ਅਤੇ ਆਮ ਤੌਰ ਤੇ ਮੁਜਰਮ ਦੇ ਸਾਧਨਾਂ ਮੁਤਾਬਕ ਕੀਤਾ ਜਾਂਦਾ ਹੈ। ਮੁਜਰਮ ਦੀ ਜਾਇਦਾਦ ਕੁਰਕ ਕਰ ਲਈ ਜਾਂਦੀ ਹੈ ਅਤੇ ਉਸ ਦਾ ਪਰਿਵਾਰ ਅਦਾਇਗੀ ਕਰਾਉਣ ਲਈ ਕੈਦ ਕਰ ਲਿਆ ਜਾਂਦਾ ਹੈ।

ਜਿਹੜਾ ਮੁਕੱਦਮਾ ਜਿਤਦਾ ਹੈ ਸ਼ੁਕਰਾਨਾ ਅਦਾ ਕਰਦਾ ਹੈ ਅਤੇ ਜਿਹੜਾ ਹਾਰ ਜਾਂਦਾ ਹੈ ਜੁਰਮਾਨਾ ਭਰਦਾ ਹੈ। ਸਰਦਾਰ ਦੇ ਅਧੀਨ ਸਾਰੇ ਅਧਿਕਾਰੀ ਅਤੇ ਉਸ ਰਾਹੀਂ ਜ਼ਿਲ੍ਹਿਆਂ ਵਿਚ ਅਤੇ ਮਹਿਕਮਿਆਂ ਵਿਚ ਨਿਯੁਕਤ ਕੀਤੇ ਹੋਏ ਸਭ ਕਰਮਚਾਰੀ ਉਸ ਦੇ ਪਾਏ ਪੂਰਨਿਆਂ ਤੇ ਚਲਦੇ ਹਨ, ਪਰ ਜੇ ਕੋਈ ਕਰਮਚਾਰੀ ਕੋਈ ਵਧੀਕੀ ਕਰੇ ਤਾਂ ਉਸ ਨੂੰ ਭੋਰੇ ਵਿਚ ਸੁੱਟ ਕੇ ਧਨ ਮੋੜਨ ਲਈ ਕਿਹਾ ਜਾਂਦਾ ਹੈ। ਅਤੇ ਜਦੋਂ ਉਹ ਆਪਣੇ ਉੱਚ ਅਧਿਕਾਰੀਆਂ ਦੀ ਤਸੱਲੀ ਕਰ ਦੇਂਦੇ ਹਨ ਤਾਂ ਉਨ੍ਹਾਂ ਨੂੰ ਆਮ ਤੌਰ ਤੇ ਬਹਾਲ ਕਰ ਦਿੱਤਾ ਜਾਂਦਾ ਹੈ ਤੇ ਆਪਣੀ ਮਿਹਰ ਦੀ ਨਿਸ਼ਾਨੀ ਵਜੋਂ ਦੁਸ਼ਾਲਾ ਬਖਸ਼ਿਆ ਜਾਂਦਾ ਹੈ।

ਮੌਤ ਦੀ ਸਜ਼ਾ ਬਹੁਤ ਹੀ ਘੱਟ ਦਿੱਤੀ ਜਾਂਦੀ ਹੈ। ਬਹੁਤ ਹੀ ਢੀਠ ਮੁਜਰਮਾਂ ਨੂੰ ਇਕ ਜਾਂ ਦੋਵੇਂ ਹੱਥ ਵੱਢ ਕੇ ਅਤੇ ਨੱਕ ਜਾਂ ਕੰਨ ਤੋਂ ਵਾਂਝਿਆਂ ਕਰ ਕੇ ਦੰਡ ਦਿੱਤਾ ਜਾਂਦਾ ਹੈ।[2] ਪਰ ਅੰਗ ਕੱਟ ਦੇਣ ਦੀ ਇਹ ਸਜ਼ਾ ਉਸ ਨੂੰ ਘੱਟ ਹੀ ਮਿਲਦੀ ਹੈ ਜਿਹੜਾ ਅਦਾਇਗੀ ਕਰ ਸਕਦਾ ਹੈ ਜਾਂ ਅਦਾਇਗੀ ਲਈ ਨਿਯਤ ਸਮੇਂ ਅੰਦਰ ਕੋਈ ਇਜ਼ਤਦਾਰ ਜ਼ਮਾਨਤ ਪੇਸ਼ ਕਰ ਸਕਦਾ ਹੈ। ਇਉਂ ਅਤਿ ਘੋਰ ਅਪਰਾਧ ਦੀ ਵੀ ਤਲਾਫੀ ਹੋ ਸਕਦੀ ਹੈ।

ਡਕੈਤੀ: ਡਾਕਾ ਜਾਂ ਆਮ ਸ਼ਾਹ ਰਾਹ ਤੇ ਡਕੈਤੀ ਪੈਣ ਤੇ ਉਸ ਸਰਦਾਰ ਨੂੰ, ਜਿਸ ਦੀ ਹਦ ਵਿਚ ਇਹ ਅਪਰਾਧ ਕੀਤਾ ਗਿਆ ਹੋਵੇ, ਤਲਾਫੀ ਲਈ ਕਿਹਾ ਜਾਂਦਾ ਹੈ ਅਤੇ ਜੇ ਉਹ ਇਨਕਾਰ ਕਰ ਦੇਵੇ, ਤਾਂ ਉਹ ਸਰਦਾਰ ਜਿਸ ਦੀ ਪਰਜਾ ਨੇ ਹਾਨੀ ਉਠਾਈ, "ਅਦਲੇ ਦਾ ਬਦਲਾ" ਨਿਯਮ ਵਰਤਦਾ ਹੈ ਅਤੇ ਕਈ ਸੌ ਪਸ਼ੂਆਂ ਨੂੰ ਹੱਕ ਕੇ ਲੈ ਜਾਂਦਾ

---

1. ਮੈਲਕਮ; 'ਸਕੈਚ', ਪੰਨਾ 81

2. ਹੈਨਰੀ ਅੱਠਵੇਂ, ਐਡਵਰਡ ਛੇਵੇਂ, ਐਲਜ਼ਬੈਥ ਅਤੇ ਜੇਮਜ਼ ਪਹਿਲੇ ਦੇ ਰਾਜ ਵਿਚ ਕਾਨੂੰਨ ਪਾਸ ਕੀਤੇ ਗਏ ਸਨ ਅਤੇ ਸੰਜੇ ਤੇ ਖੱਬੇ ਹੱਥ ਅਤੇ ਕੰਨ ਦਾ ਵੱਢਣਾ ਉਨ੍ਹਾਂ ਜੁਰਮਾਂ ਲਈ ਕਰਾਰ ਦਿੱਤਾ ਗਿਆ ਸੀ ਜਿਹੜੇ ਕਿ ਸਿੱਖ ਜੁਰਮਾਨੇ ਲਈ ਵੀ ਹੱਕੀ ਨਹੀਂ ਸਮਝਦੇ—ਮਤੇ।

ਹੈ ਜਾਂ ਕਿਸੇ ਹੋਰ ਢੰਗ ਨਾਲ ਇਸ ਦਾ ਬਦਲਾ ਲੈਂਦਾ ਹੈ ।

ਚੋਰੀਆਂ : "ਜਦ ਕੋਈ ਚੋਰੀ ਕਿਸੇ 'ਮੁਹਰਖਈ' ਰਾਹੀਂ ਜਾਂ ਕਿਸੇ 'ਮੁਡ੍ਹ' ਜਾਂ 'ਨਮੂਨੇ' ਦੇ ਪੇਸ਼ ਕਰਨ ਨਾਲ (ਚੋਰਾਂ ਵਿਚੋਂ ਕਿਸੇ ਇਕ ਦੇ ਮੰਨਣ ਨਾਲ ਜਾਂ ਚੋਰੀ ਦੇ ਮਾਲ ਵਿਚੋਂ ਕੋਈ ਚੀਜ਼ ਮਿਲਣ ਤੇ) ਸਾਬਤ ਹੋ ਜਾਂਦੀ ਹੈ ਤਾਂ ਪੀੜਿਤ ਨੂੰ ਆਮ ਤੌਰ ਤੇ ਮੁਢਲੀ ਪੁਛ ਗਿਛ ਲਈ 'ਚਹਾਰਮ' ਜਾਂ ਚੌਥਾ ਹਿੱਸਾ ਦਸਤੂਰੀ (ਉਤਲੀ ਆਮਦਨ) ਦੇ ਤੌਰ ਤੇ ਸਰਦਾਰ ਨੂੰ ਜਾਂ ਉਸ ਦੇ ਥਾਣੇਦਾਰ ਨੂੰ ਦੇਣਾ ਪੈਂਦਾ ਹੈ ਤਾਂ ਜੋ ਉਹ ਉਸ ਦੇ ਨੁਕਸਾਨ ਦਾ ਮੁੱਲ ਵਸੂਲ ਕਰ ਸਕੇ । ਇਸ ਤੋਂ ਬਿਨਾਂ ਮੁਹਰਖਈ ਸੁਲਤਾਨੀ ਗਵਾਹ ਆਮ ਤੌਰ ਤੇ ਪੂਰਣ ਮੁਆਫ਼ੀ ਲਈ ਸ਼ਰਤ ਪੱਕੀ ਕਰਦਾ ਹੈ ਅਤੇ ਇਹ ਮਨਾਉਂਦਾ ਹੈ ਕਿ ਮੰਨ ਜਾਣ ਵਾਲੇ ਦੋਸ਼ੀ ਤੋਂ ਉਸ ਦੀ ਕੁੰਡੀ ਅਥਵਾ ਲੁੱਟ ਦੇ ਮਾਲ ਵਿਚੋਂ ਉਸ ਨੂੰ ਮਿਲਿਆ ਹਿੱਸਾ ਵਾਪਸ ਨਹੀਂ ਮੰਗਿਆ ਜਾਵੇਗਾ । ਲੁਟਮਾਰ ਦਾ ਇਹ ਭਾਗ ਦੂਜੇ ਚੋਰਾਂ ਤੋਂ ਵਸੂਲਣ ਯੋਗ ਹੋ ਜਾਂਦਾ ਹੈ ਅਤੇ ਨਿਬੇੜਾ ਹੋਣ ਤੇ ਇਸ ਨੂੰ ਉਨ੍ਹਾਂ ਵਿਚਕਾਰ ਬਰਾਬਰ ਵੰਡ ਦਿੱਤਾ ਜਾਂਦਾ ਹੈ ।"

ਡੰਗਰਾਂ ਦੀ ਚੋਰੀ : ਡੰਗਰਾਂ ਦੀ ਚੋਰੀ ਦੇ ਸਾਰੇ ਮੁਕੱਦਮਿਆਂ ਵਿਚ ਇਹ ਨਿਯਮ ਸਥਾਪਿਤ ਹੈ ਕਿ ਜਦੋਂ ਪੈੜ ਕਿਸੇ ਬੂਹੇ ਤਕ ਜਾਂ ਕਿਸੇ ਪਿੰਡ ਦੇ ਖੇਤ ਤਕ ਮਿਲ ਜਾਵੇ ਤਾਂ ਉਸ ਪਿੰਡ ਦੇ ਜ਼ਿਮੀਦਾਰ ਜਾਂ ਤਾਂ ਆਪਣੀ ਹੱਦ ਤੋਂ ਅਗਾਂਹ ਪੈੜ ਜਾਂਦੀ ਵਿਖਾਉਣ ਤੇ ਪਿੰਡ ਦੀ ਤਲਾਸ਼ੀ ਕਰਾਉਣ ਜਾਂ ਪਸ਼ੂਆਂ ਦਾ ਮੁੱਲ ਭਰਨ ।[1]

ਭੂਮੀ ਦਾ ਉੱਤਰ-ਅਧਿਕਾਰੀ : ਸਿੱਖ ਰਿਆਸਤਾਂ ਵਿਚ ਭੂਮੀ ਦੇ ਉੱਤਰ-ਅਧਿਕਾਰ ਦੇ ਨਿਯਮ ਆਪਹੁਦਰੇ ਹਨ ਅਤੇ ਬਹੁਤ ਵਾਰੀ ਭਿੰਨ-ਭਿੰਨ ਪਰਿਵਾਰਾਂ ਦੇ ਹਿੱਤਾਂ ਅਤੇ ਪੱਖਪਾਤਾਂ ਅਨੁਸਾਰ ਬਦਲੇ ਜਾਂਦੇ ਰਹੇ ਹਨ । ਨ ਹੀ ਇਹ ਅਮਲ ਯੋਗ ਹੈ ਕਿ ਅਣਮੇਲਵੀਂ ਵਿਵਸਥਾ ਨੂੰ ਕਿਸੇ ਬੱਝਵੇਂ ਅਤੇ ਅਗਵਾਈ ਦੇਣ ਵਾਲੇ ਸਿੱਧਾਂਤ ਵਿਚ ਬਦਲ ਦਿੱਤਾ ਜਾਵੇ । ਮਾਝੇ ਅਤੇ ਮਾਲਵੇ ਦੇ ਸਿੱਖਾਂ ਦੇ ਵਿਰਸੇ ਦਿਆਂ ਮਰਯਾਦਾ-ਨੇਮਾਂ (canons) ਵਿਚ ਫ਼ਰਕ ਹੈ ।

ਜੱਦੀ ਜਾਂ ਨਿਜੀ—ਦੋਵੇਂ ਪ੍ਰਕਾਰ ਦੀ ਸੰਪੱਤੀ ਦੀ ਵਿਰਾਸਤ ਦਾ ਨਿਯਮ ਮਾਝੇ ਦੇ ਸਿੱਖਾਂ ਵਿਚ ਭਾਈਬੰਦ ਅਤੇ ਚੂੰਡਾਬੰਦ ਰਾਹੀਂ ਹੈ । ਪਹਿਲੇ ਨਿਯਮ ਅਨੁਸਾਰ ਸਾਰੀ ਭੂਮੀ, ਕਿਲ੍ਹੇ, ਕੱਚੇ ਕੋਠੇ ਅਤੇ ਚੀਜ਼-ਵਸਤ ਨੂੰ ਪੁੱਤਰਾਂ ਵਿਚਕਾਰ ਬਰਾਬਰ-ਬਰਾਬਰ ਵੰਡਿਆ

1. ਹਯੂਮ ਐਂਗਲੋ ਸਿੱਖਸ਼ਨਾਂ ਤੇ ਵਿਚਾਰ ਕਰਦਾ ਲਿਖਦਾ ਹੈ : "ਜੇ ਕੋਈ ਆਦਮੀ ਆਪਣੇ ਚੋਰੀ ਹੋਏ ਪਸ਼ੂਆਂ ਦੀ ਪੈੜ ਦੂਜੇ ਦੇ ਖੇਤ ਵਿਚ ਲਭ ਲੈਂਦਾ ਹੈ ਤਾਂ ਦੂਜਾ ਇਸ ਤੋਂ ਬਾਹਰ ਪੈੜ ਵਿਖਾਉਣ ਲਈ ਮਜਬੂਰ ਹੁੰਦਾ ਜਾਂ ਪਸ਼ੂਆਂ ਦਾ ਮੁੱਲ ਤਾਰਦਾ ਹੈ ।"

ਜਾਂਦਾ ਹੈ। ਕਈ ਹਾਲਤਾਂ ਵਿਚ ਸਭ ਤੋਂ ਵੱਡੇ ਨੂੰ ਇਸ ਤੋਂ ਅਲੱਗ ਜਾਂ ਦੁੱਗਣਾ ਭਾਗ ਦਿੱਤਾ ਜਾਂਦਾ ਹੈ ਜਿਸ ਨੂੰ ਖਰਚ ਸਰਦਾਰੀ ਕਿਹਾ ਜਾਂਦਾ ਹੈ ਜਿਹੜੀ ਹਜ਼ਰਤ ਮੂਸੇ ਦੇ ਕਾਨੂੰਨ ਵਿਚ ਦੁੱਗਣੇ ਹਿੱਸੇ ਨਾਲ ਮੇਲ ਖਾਂਦੀ ਹੈ।

ਚੂੰਡਾਬੰਦ : ਮਾਵਾਂ ਵਿਚਕਾਰ ਉਨ੍ਹਾਂ ਦਿਆਂ ਪੁੱਤਰਾਂ ਲਈ ਬਰਾਬਰ ਦੀ ਵੰਡ ਨੂੰ ਚੂੰਡਾਬੰਦ ਕਹਿੰਦੇ ਹਨ।

ਜਦੋਂ ਨਰ-ਸੰਤਾਨ ਨ ਹੋਵੇ : ਜਦੋਂ ਕੋਈ ਮਾਝਾ ਸਿੱਖ ਸੰਤਾਨਹੀਣ ਮਰ ਜਾਂਦਾ ਹੈ ਤਾਂ ਉਸ ਦੇ ਭਾਈ ਜਾਂ ਸਕੇ ਭਤੀਜੇ ਵਿਰਾਸਤ ਸੰਭਾਲਦੇ ਹਨ ਜਿਸ ਦਾ ਹਿੱਸਾ ਵਿਧਵਾ ਜਾਂ ਵਿਧਵਾਵਾਂ ਨੂੰ ਵੀ ਮਿਲਦਾ ਹੈ। ਸ਼ਾਸਤਰਾਂ ਮੁਤਾਬਕ ਵਿਧਵਾਵਾਂ ਦੇ ਹੱਕ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਸਿੱਖ ਇਸ ਤੋਂ ਬਚਣ ਲਈ ਚਾਦਰ ਅੰਦਾਜ਼ੀ ਦੀ ਵਰਤੋਂ ਕਰਦੇ ਹਨ।

ਚਾਦਰ ਅੰਦਾਜ਼ੀ : ਮ੍ਰਿਤ ਵਿਅਕਤੀ ਦਾ ਸਭ ਤੋਂ ਵੱਡਾ ਭਾਈ ਵਿਧਵਾ ਉੱਤੇ ਇਕ ਚਿੱਟੀ ਚਾਦਰ ਅਤੇ ਨੱਕ ਵਿਚ ਨੱਥ ਪਾ ਦਿੰਦਾ ਹੈ ਜਿਸ ਨਾਲ ਉਹ ਉਸ ਦਾ ਪਤੀ ਬਣ ਜਾਂਦਾ ਹੈ।

ਜਿਥੇ ਕੋਈ ਭਤੀਜਾ ਆਦਿ ਨ ਹੋਵੇ : ਭਰਾਵਾਂ ਅਤੇ ਭਤੀਜਿਆਂ ਦੀ ਅਣਹੋਂਦ ਸਮੇਂ ਮਾਝੇ ਦੇ ਸਿੱਖਾਂ ਵਿਚ ਆਮ ਰਿਵਾਜ ਇਹ ਹੈ ਕਿ ਜ਼ਮੀਨ ਅਤੇ ਮਾਲ ਅਸਬਾਬ ਨੂੰ ਉਨ੍ਹਾਂ ਦੀਆਂ ਜਿਉਂਦੀਆਂ ਵਿਧਵਾਵਾਂ ਵਿਚਕਾਰ ਬਰਾਬਰ ਵੰਡ ਦਿੱਤਾ ਜਾਵੇ।

ਵਿਧਵਾਵਾਂ ਦਾ ਪੁੱਤਰ ਗੋਦ ਲੈਣਾ : ਵਿਧਵਾਵਾਂ ਨੂੰ ਪੁੱਤਰ ਗੋਦ ਲੈਣ ਦੀ ਆਗਿਆ ਨਹੀਂ ਅਤੇ ਮਾਤਰੀ-ਪੀੜ੍ਹੀ ਨੂੰ ਪੂਰਣ ਤੌਰ ਤੇ ਉੱਤਰ-ਅਧਿਕਾਰ ਵਿਚੋਂ ਕੱਢ ਦਿੱਤਾ ਗਿਆ ਹੈ ਤਾਂ ਜੋ ਭੂਮੀ ਦੂਜੇ ਪਰਿਵਾਰਾਂ ਦੇ ਹੱਥਾਂ ਵਿਚ ਨ ਚਲੀ ਜਾਵੇ।

ਮਾਲਵੇ ਦੇ ਸਿੰਘ : ਮਾਲਵੇ ਦੇ ਸਿੰਘਾਂ ਵਿਚ ਸਭ ਤੋਂ ਵੱਡੇ ਪੁੱਤਰ ਦੇ ਹੱਕ ਸਤਿਕਾਰੇ ਜਾਂਦੇ ਹਨ ਅਤੇ ਛੋਟੇ ਬੱਚਿਆਂ ਦੀ ਪਾਲਣਾ ਲਈ ਜਾਗੀਰਾਂ ਦਿੱਤੀਆਂ ਜਾਂਦੀਆਂ ਹਨ। ਮਾਲਵੇ ਦੇ ਸਿੰਘ ਵੀ, ਭਾਈ ਬੰਸ ਨੂੰ ਛੱਡ ਕੇ, ਕਰੇਵੇ ਦੀ ਵਰਤੋਂ ਦੀ ਪ੍ਰਵਾਨਗੀ ਦਿੰਦੇ ਹਨ ਤਾਂ ਜੋ ਸਵਰਗੀ ਸਰਦਾਰ ਦੀਆਂ ਵਿਧਵਾਵਾਂ, ਭਾਈ ਅਤੇ ਭਤੀਜਿਆਂ ਵਿਚਕਾਰ ਵਿਵਾਦਗ੍ਰਸਤ ਵਿਰਸਿਆਂ ਤੇ ਲੱਗੀਆਂ ਬੰਦਸ਼ਾਂ ਦਾ ਵਿਰੋਧ ਕੀਤਾ ਜਾ ਸਕੇ। ਕੈਥਲ **(Kythul)** ਅਤੇ ਦੂਜੀਆਂ ਥਾਵਾਂ ਦੇ ਭਾਈ ਭਾਵੇਂ ਕਰੇਵੇ ਦੇ ਵਿਰੁੱਧ ਹਨ, ਪਰ ਵਿਧਵਾਵਾਂ ਦਿਆਂ ਹੱਕਾਂ ਨੂੰ ਸਾਮ੍ਹਣੇ ਰੱਖ ਕੇ ਗੁਜ਼ਾਰੇ ਲਈ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਦੇ ਦਿੰਦੇ ਹਨ।

ਮੁਸਲਮਾਨਾਂ ਨੂੰ ਉਨ੍ਹਾਂ ਦੇ ਆਪਣੇ ਵਿਰਾਸਤ-ਕਾਨੂੰਨ ਮੰਨਣ ਦੀ ਖੁਲ੍ਹ ਹੈ।

ਸੀਮਾ ਸੰਬੰਧੀ ਝਗੜੇ ਗੁਆਂਢੀ ਜ਼ਿਮੀਦਾਰਾਂ ਦੇ ਮਤ ਰਾਹੀਂ ਨਿਪਟਾ ਦਿੱਤੇ ਜਾਂਦੇ

ਹਨ ਜਿਹੜੇ ਨਿਰਪੱਖ ਫ਼ੈਸਲਾ ਕਰਨ ਲਈ ਸੁਗੰਧ ਚੁਕਦੇ ਹਨ।[1]

ਮੁੱਦਈ ਬਰਾਬਰ ਦੀ ਸੰਖਿਆ ਵਿਚ ਮੁਨਸਫ਼ਾਂ ਜਾਂ ਮਧਿਅਸਥਾਂ ਦੀ ਚੋਣ ਕਰਦਾ ਸੀ, ਕਝ ਮੁਕੱਦਮਿਆਂ ਵਿਚ, ਹਰੇਕ ਵਿਚ ਇਕ ਦੀ, ਦੂਜਿਆਂ ਵਿਚ ਦੋ ਤੋਂ ਤਿੰਨ ਤਕ ਦੀ। ਇਨ੍ਹਾਂ ਪੰਚਾਇਤਾਂ ਵਿਚਕਾਰ ਸਮਝੌਤੇ ਦੇ ਵੱਖ ਵੱਖ ਪੰਜ ਢੰਗ ਆਮ ਵਰਤੋਂ ਵਿਚ ਸਨ :

1. ਝਗੜੇ ਵਾਲੀ ਭੂਮੀ ਦੀ ਬਰਾਬਰ ਵੰਡ।

2. ਪੰਚਾਇਤ ਆਪਣੀ ਕਮੇਟੀ ਦਾ ਸਭ ਤੋਂ ਬਿਰਧ ਅਤੇ ਸਭ ਤੋਂ ਪਤਵੰਤਾ ਮੈਂਬਰ ਸੀਮਾ ਨਿਰਧਾਰਿਤ ਕਰਨ ਲਈ ਚੁਣ ਲੈਂਦੀ ਸੀ। ਦੂਜੇ ਉਸ ਦੇ ਫ਼ੈਸਲੇ ਨੂੰ ਮੰਨਣ ਦੀ ਅਨੁਮਤੀ ਦੇ ਦਿੰਦੇ ਸਨ।

3. ਸੀਮਾ ਦੀ ਅੱਧੀ ਰੇਖਾ ਮਧਿਅਸਥਾਂ ਰਾਹੀਂ ਲਾਈ ਜਾਂਦੀ ਸੀ ਅਤੇ ਬਾਕੀ ਦੀ ਦੂਜੇ ਲਾਉਂਦੇ ਸਨ।

4. ਪੰਚਾਇਤ ਅੰਤਿਮ ਨਿਬੇੜਾ ਗੁਆਂਢੀ ਪਿੰਡ ਦੇ ਕਿਸੇ ਬਿਰਧ ਵਾਸੀ ਤੇ ਛੱਡ ਦਿੰਦੀ ਸੀ ਜਿਸ ਦਾ ਸਥਾਨਕ ਗਿਆਨ ਅਤੇ ਅਨੁਭਵ ਉਹ ਆਪਣੀ ਸੀਮਿਤ ਸੂਚਨਾ ਤੋਂ ਵਧੇਰੇ ਭਰੋਸੇ ਯੋਗ ਮੰਨਦੇ ਸਨ।

5. ਕਈ ਵਾਰ ਪੰਚਾਇਤ ਵੰਡ ਦਾ ਕੰਮ ਝਗੜੇ ਵਾਲਿਆਂ ਵਿਚੋਂ ਇਕ ਨੂੰ ਸੰਭਾਲ ਦਿੰਦੀ ਜਿਸ ਦੀ ਨੇਕਨੀਤੀ ਅਤੇ ਮਾਨ-ਮਰਯਾਦਾ ਆਸੇ ਪਾਸੇ ਸਥਾਪਿਤ ਹੋਈ ਹੁੰਦੀ।

ਸੀਮਾ ਝਗੜੇ ਅਤੇ ਖ਼ੂਨ-ਖ਼ਰਾਬਾ : ਸੀਮਾ ਝਗੜੇ ਵਿਚ ਜ਼ਿਮੀਦਾਰਾਂ ਵਿਚਕਾਰ ਖ਼ੂਨ-ਖ਼ਰਾਬਾ ਕਈ ਵਾਰ ਸੁਰਗਵਾਸੀ ਦੇ ਕਿਸੇ ਸੰਬੰਧੀ ਨੂੰ ਨਾਤਾ ਕਰ ਕੇ ਜਾਂ ਇਸ ਦੇ ਬਦਲੇ ਵਿਚ 150 ਰੁਪਏ ਤੋਂ 200 ਰੁਪਏ ਤਕ ਜਾਂ 125 ਵਿਘੇ ਭੂਮੀ ਦੇ ਕੇ ਨਿਪਟਾ ਲਿਆ ਜਾਂਦਾ ਸੀ। ਆਮ ਤੌਰ ਤੇ ਬਦਲਾ ਚੁਕਾਇਆ ਜਾਂਦਾ ਕਿਉਂਕਿ ਹੱਤਿਆ ਦਾ ਪੈਸੇ ਦੇ ਕੇ ਹਰਜਾਨਾ ਪੂਰਾ ਕਰਨਾ ਨ ਕਾਫ਼ੀ ਸਮਝਿਆ ਜਾਂਦਾ ਹੈ।

ਦਰਿਆ ਵਿਚ ਟਾਪੂ : ਦੋ ਜਾਗੀਰਾਂ ਵਿਚੋਂ ਵਗਦੇ ਦਰਿਆ ਵਿਚਲੇ ਟਾਪੂ ਅਤੇ ਹੜ੍ਹ ਦੀਆਂ ਮੱਲਾਂ ਤੇ ਦਾਈਏ (Alluvions) ਦਾ ਫ਼ੈਸਲਾ ਜਿਵੇਂ ਕੀਤਾ ਜਾਂਦਾ ਹੈ ਉਸ ਨੂੰ "ਕੱਚਮਚ" ਜਾਂ "ਕਿਸ਼ਤੀ ਬਾਨਾ" ਕਹਿੰਦੇ ਹਨ। ਇਹ ਨਿਯਮ ਕੰਢੇ ਦੇ ਉਸ ਮਾਲਕ

---

1. ਜਿਹੜਾ ਹੱਦ-ਬੰਦੀ ਕਰਦਾ ਹੈ ਉਸ ਨੂੰ ਜੇ ਉਹ ਹਿੰਦੂ ਹੈ ਤਾਂ ਗੰਗਾਜਲ ਦੀ ਜਾਂ ਪੁੱਤਰ ਦੀ ਕਸਮ ਖੁਆਈ ਜਾਂਦੀ ਹੈ। ਜੇ ਉਹ ਮੁਸਲਮਾਨ ਹੈ ਤਾਂ ਕੁਰਾਨ ਦੀ ਜਾਂ ਉਸ ਦੇ ਹੱਥ ਉਸ ਦੇ ਪੁੱਤਰ ਦੇ ਸਿਰ ਤੇ ਰਖਾ ਕੇ ਕਸਮ ਖੁਆਈ ਜਾਂਦੀ ਹੈ ਅਤੇ ਉਸ ਦੇ ਆਪਣੇ ਬੱਚੇ ਦੀ ਕਸਮ ਬਹੁਤ ਜ਼ਰੂਰੀ ਹੁੰਦੀ ਹੈ।

ਜਾਂ ਇਮਾਨੀ ਨੂੰ ਭੂਮੀ ਦਾ ਹੱਕਦਾਰ ਸਮਝਦਾ ਹੈ ਜਿਸ ਉਪਰ ਰੇਤ ਡਿਗਦੀ ਹੈ ਅਤੇ ਜਿਸ ਤੋਂ ਪਾਣੀ ਉਤਰਦਾ ਹੈ। ਦਰਿਆ ਦੇ ਵਿਚਕਾਰਲਾ ਟਾਪੂ ਜਿਥੇ ਕਿਸ਼ਤੀਆਂ ਚਲਾਉਣ ਲਈ ਪਾਣੀ ਕਾਫੀ ਡੂੰਘਾ ਹੁੰਦਾ ਹੈ, ਦੋਹਾਂ ਕੰਢਿਆਂ ਦਿਆਂ ਸਰਦਾਰਾਂ ਦੀ ਸਾਂਝੀ ਸੰਪੱਤੀ ਬਣ ਜਾਂਦਾ ਹੈ। ਢਾਹ ਲੱਗਣ ਦੀ ਹਾਲਤ ਵਿਚ ਉਹ ਸਰਦਾਰ ਜਿਸ ਦੀ ਭੂਮੀ ਵਹਿ ਜਾਂਦੀ ਸੀ, ਆਪਣੇ ਅਧਿਕਾਰ ਤੋਂ ਵਾਂਝਾ ਨਹੀਂ ਸੀ ਹੁੰਦਾ।

ਰਿਸ਼ਤੇ ਨਾਤੇ : ਬਚਨ-ਭੰਗ ਦੇ ਮੁਕੱਦਮਿਆਂ ਨੂੰ ਸਰਦਾਰ ਪਚਾਇਤਾਂ ਪਾਸ ਭੇਜ ਦਿੰਦਾ ਸੀ। ਉਨ੍ਹਾਂ ਦਾ ਫਤਵਾ ਹੇਠਲਿਆਂ ਵਿਚੋਂ ਕੋਈ ਇਕ ਹੁੰਦਾ ਸੀ :

1. ਮੁਦੱਈ ਨੂੰ ਕੁੜੀ ਦੇ ਪਰਿਵਾਰ ਵਿਚੋਂ ਕੋਈ ਦੂਜੀ ਔਰਤ ਦੇ ਦਿੱਤੀ ਜਾਂਦੀ ਸੀ।
2. ਜੇ ਕੋਈ ਹੋਰ ਲੜਕੀ ਨ ਹੋਵੇ ਤਾਂ ਉਸ ਪਰਿਵਾਰ ਨੂੰ ਉਸ ਦੀ ਥਾਂ ਕੋਈ ਹੋਰ ਲੜਕੀ ਦੇਣੀ ਪੈਂਦੀ ਸੀ।
3. ਵਾਸਤਵਿਕ ਨੁਕਸਾਨ ਜਾਂ ਕੁਝ ਵੱਧ ਧਨ।

ਪ੍ਰਤਿ-ਸੰਪਣ ਦੇ ਕਾਨੂੰਨ : ਜੇ ਕੋਈ ਇਸਤਰੀ ਦੂਜੇ ਇਲਾਕੇ ਵਿਚੋਂ ਉਧਾਲੀ ਗਈ ਹੋਵੇ ਤਾਂ ਜਵਾਬੀ ਕਾਰਵਾਈ ਤੋਂ ਛੁਟ ਕੋਈ ਚਾਰਾ ਨਹੀਂ ਹੁੰਦਾ ਸੀ ਜਾਂ ਪੰਚਾਇਤ ਵਲੋਂ ਇਸਤਰੀ ਦੀ ਵਾਪਸੀ ਦੀ ਬੇਨਤੀ ਕੀਤੀ ਜਾਂਦੀ। ਆਮ ਤੌਰ ਤੇ ਕਰਜ਼ਦਾਰ ਜਾਂ ਲਗਾਨ ਨ ਭਰਨ ਵਾਲਿਆਂ ਨੂੰ ਵਾਪਸ ਨਹੀਂ ਸੀ ਕੀਤਾ ਜਾਂਦਾ ਜਦ ਤਕ ਕਿ ਪੰਚਾਇਤ ਉਸ ਦੀ ਸੁਰੱਖਿਆ ਦੀ ਜ਼ਮਾਨਤ ਦੇ ਕੇ, ਉਸ ਨੂੰ ਵਾਪਸ ਲੈਣ ਦੀ ਬੇਨਤੀ ਨ ਕਰਦੀ।

ਨਿਰਧਨਾਂ ਦੀ ਖੈਰਾਤ ਦਾ ਪ੍ਰਬੰਧ : ਗਰੀਬ ਨਿਰਧਨਾਂ ਦੀ ਰੱਖਿਆ ਦਾ ਕੋਈ ਕਾਨੂੰਨ ਨਹੀਂ ਸੀ। ਹਰੇਕ ਪਿੰਡ ਵਿਚ ਅਚਨਚੇਤੀ ਖਰਚ ਜਿਸ ਨੂੰ "ਆਇਆ ਗਿਆ" ਕਹਿੰਦੇ ਸਨ ਅਤੇ ਜਿਹੜਾ ਅਤਿਥੀਆਂ ਤੇ ਸਰਕਾਰੀ ਕਰਮਚਾਰੀਆਂ ਦੀ ਮਹਿਮਾਨ ਨਿਵਾਜ਼ੀ ਤੇ ਖਰਚ ਕੀਤਾ ਜਾਂਦਾ ਸੀ ਲਈ 'ਮਲਬਾ' ਨਾਮਕ ਪ੍ਰਣਾਲੀ ਹੁੰਦੀ ਸੀ। ਸਦਾਵਰਤ ਅਤੇ ਠਾਕੁਰਦਵਾਰੇ ਵੀ ਹੁੰਦੇ ਸਨ ਜਿਥੇ ਲੋੜਵੰਦਾਂ ਨੂੰ ਕਪੜੇ ਤੇ ਖੁਰਾਕ ਦੇ ਰੂਪ ਵਿਚ ਦਾਨ-ਪੁੰਨ ਕੀਤਾ ਜਾਂਦਾ ਸੀ।

ਭੌਂਦਾਰੀ

ਚਾਰ ਪ੍ਰਕਾਰ ਦੀ ਭੌਂਦਾਰੀ ਸੀ ਜਿਨ੍ਹਾਂ ਦੁਆਰਾ ਮਿਸਲਾਂ ਦੀ ਹਕੂਮਤ ਅਧੀਨ ਭੌਂ ਤੇ ਕਬਜ਼ਾ ਹੁੰਦਾ ਸੀ ਜਿਵੇਂ (1) ਪੱਤੀਦਾਰੀ, (2) ਮਿਸਲਦਾਰੀ, (3) ਤਾਬੇਦਾਰੀ ਤੇ (4) ਜਾਗੀਰਦਾਰੀ। ਪੱਤੀਦਾਰੀ ਅਜੇਹੀ ਪ੍ਰਣਾਲੀ ਸੀ ਜਿਸ ਅਧੀਨ ਸਰਦਾਰ ਅਤੇ ਉਸ ਦੇ ਨਾਇਬਾਂ, ਮਿਸਲ ਦੇ ਹਿੱਸੇਦਾਰਾਂ, ਇਥੋਂ ਤਕ ਕਿ ਘੋੜਸਵਾਰਾਂ ਨੂੰ ਵੀ ਮਿਸਲ ਨਾਲ ਸੰਬੰਧਿਤ ਭੂਮੀ ਵਿਚੋਂ ਹਿੱਸਾ ਦਿੱਤਾ ਜਾਂਦਾ ਸੀ। "ਇਹ ਸਾਰੇ ਪੱਤੀਦਾਰ ਆਪਣੀ

ਪੱਤੀ ਦੇ ਪ੍ਰਬੰਧ ਨੂੰ ਆਪ ਚਲਾਉਂਦੇ ਸਨ। ਉਹ ਹਰ ਕਿਸਮ ਦੇ ਸਾਧਨਾਂ ਨੂੰ ਵਰਤ ਸਕਦੇ ਸਨ, ਆਪਣਾ ਕਿਤੇ ਜ਼ਿਮੀਂਦਾਰ ਜਾਂ ਮੁਜ਼ਾਰੇ ਵਿਰੁੱਧ ਜੁਰਮਾਨਾ, ਕੈਦ ਜਾਂ ਆਪਣੀ ਮਰਜ਼ੀ ਅਨੁਸਾਰ ਰਈਅਤ ਨੂੰ ਨਿਯੰਤ੍ਰਿਤ ਕਰਦੇ ਸਨ। ਉਨ੍ਹਾਂ ਦੀ ਭੌਂਦਾਰੀ ਦੀ ਇਕੋ ਇਕ ਸ਼ਰਤ ਇਹ ਹੁੰਦੀ ਸੀ ਕਿ ਸਰਦਾਰ ਤੇ ਪੱਤੀਦਾਰ ਇਕ ਦੂਜੇ ਦੀ ਰੱਖਿਆ ਅਤੇ ਸਹਾਇਤਾ ਕਰਨਗੇ। ਪਰਸਪਰ ਬਚਾਉ ਅਤੇ ਸੁਰੱਖਿਆ ਲਈ ਦੁਤਰਫੀ ਸਹਾਇਤਾ ਵੀ ਅਜੇਹਾ ਸੰਬੰਧ ਸੀ ਜਿਸ ਕਾਰਣ ਪੱਤੀਦਾਰ ਸਰਦਾਰ ਦਾ ਹੋਰ ਪੱਖਾਂ ਵਿਚ ਵੀ ਸਾਥ ਦਿੰਦਾ ਸੀ, ਤੇ ਇਹੀ ਉਸ ਦੀ ਭੋਂਦਾਰੀ ਦੀ ਇਕੋ ਸ਼ਰਤ ਸੀ।[1]

ਮਿਸਲਦਾਰੀ ਅਜੇਹਾ ਭੌਂ-ਕਾਨੂੰਨ ਸੀ ਜਿਸ ਵਿਚ ਛੋਟੇ ਟੋਲੇ ਜਾਂ ਅਦਨਾ ਸਰਦਾਰ ਅਨੁਯਾਈਆਂ ਸਮੇਤ, ਭਾਈਵਾਲ ਜਾਂ ਨਿਰਭਰਤਾ ਦੀਆਂ ਕਿਸੇ ਭਾਂਤ ਦੀਆਂ ਸ਼ਰਤਾਂ ਤੋਂ ਬਿਨਾਂ, ਕਿਸੇ ਮਿਸਲ ਵਿਚ ਆ ਸ਼ਾਮਿਲ ਹੁੰਦੇ ਸਨ। ਜਿਹੜੀ ਭੌਂ ਇਨ੍ਹਾਂ ਨੂੰ ਦਿੱਤੀ ਜਾਂਦੀ ਸੀ, ਉਹ ਉਨ੍ਹਾਂ ਦੇ ਸਹਿਯੋਗ ਦੇ ਬਦਲੇ ਵਿਚ ਮੁਫਤ ਦਿੱਤੀ ਸਮਝੀ ਜਾਂਦੀ ਸੀ ਅਤੇ ਕਿਸੇ ਤਰ੍ਹਾਂ ਵੀ ਉਹ ਉਨ੍ਹਾਂ ਦੇ ਅਧੀਨ ਨਹੀਂ ਹੁੰਦੇ ਸਨ। ਜੇ ਮਿਸਲਦਾਰ ਆਪਣੇ ਸਰਦਾਰ ਤੋਂ ਅਸੰਤੁਸ਼ਟ ਹੁੰਦਾ ਤਾਂ ਉਹ ਆਪਣੀ ਜਾਗੀਰ ਸਮੇਤ ਦੂਜੇ ਸਰਦਾਰ ਨਾਲ ਜਿਸ ਦੀ ਸੁਰੱਖਿਆ ਅਤੇ ਹਮਾਇਤ ਵਿਚ ਉਹ ਰਹਿਣਾ ਚਾਹੁੰਦਾ, ਜੁੜ ਸਕਦਾ ਸੀ।

''ਦੂਜੇ ਪਾਸੇ ਤਾਬੇਦਾਰ ਅਰਦਲੀ ਹੁੰਦਾ ਸੀ, ਜਿਵੇਂ ਕਿ ਇਹ ਸ਼ਬਦ ਯੂਰਪ ਵਿਚ ਸਮਝਿਆ ਗਿਆ ਹੈ। ਉਹ ਪੂਰਣ ਰੂਪ ਵਿਚ ਅਧੀਨ ਹੁੰਦਾ ਸੀ। ਉਸ ਨੂੰ ਦਿੱਤੀ ਭੌਂ ਨ-ਫੁਰਮਾਨੀ ਜਾਂ ਬਗਾਵਤ ਦੀ ਸੂਰਤ ਵਿਚ ਜ਼ਬਤ ਕੀਤੀ ਜਾ ਸਕਦੀ ਸੀ ਜਾਂ ਸਰਦਾਰ ਆਪਣੀ ਮਨ-ਮਰਜ਼ੀ ਕਰ ਕੇ ਵੀ ਇਹ ਭੌਂ ਵਾਪਸ ਲੈ ਸਕਦਾ ਸੀ।''

ਚੌਥੀ ਭਾਂਤ ਦੀਆਂ ਜਾਗੀਰਾਂ ਉਹ ਹੁੰਦੀਆਂ ਸਨ ਜਿਹੜੀਆਂ ਜ਼ਰੂਰਤਮੰਦ ਸੰਬੰਧੀਆਂ, ਆਸ਼ਿ੍ਤ ਵਿਅਕਤੀਆਂ ਜਾਂ ਉਨ੍ਹਾਂ ਮੁਲਾਜ਼ਮ ਸਿਪਾਹੀਆਂ ਨੂੰ ਦਿੱਤੀਆਂ ਜਾਂਦੀਆਂ ਸਨ ਜਿਹੜੇ ਸਹੀ ਹੱਕਦਾਰ ਸਮਝੇ ਜਾਂਦੇ ਸਨ। ਇਨ੍ਹਾਂ ਵਿਅਕਤੀਆਂ ਤੋਂ ਜ਼ਮੀਨ ਦੇ ਬਦਲੇ ਹਰ ਸਮੇਂ ਕਈ ਪ੍ਰਕਾਰ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਸਨ। ਉਨ੍ਹਾਂ ਨੇ ਭੌਂ ਦੀ ਪ੍ਰਾਪਤੀ ਦੇ ਅਨੁਸਾਰ ਸਰਦਾਰ ਨੂੰ ਘੋੜਸਵਾਰ ਅਤੇ ਹਥਿਆਰਬੰਦ ਦਸਤੇ ਦੇਣੇ ਹੁੰਦੇ ਸਨ। ਇਹ ਲੋਕ ਤਾਬੇਦਾਰਾਂ ਤੋਂ ਵੀ ਵਧੇਰੇ ਸਰਦਾਰ ਦੇ ਅਧੀਨ ਹੁੰਦੇ ਸਨ। ਸਰਦਾਰ ਦੀ ਖੁਸ਼ੀ ਨਾਲ ਹੀ ਉਹ ਮੌਰੂਸੀ ਹੱਕ ਪ੍ਰਾਪਤ ਕਰ ਸਕਦੇ ਸਨ। ਉਨ੍ਹਾਂ ਦੀਆਂ ਜ਼ਮੀਨਾਂ ਸਰਦਾਰੀ ਜਾਂ ਮਿਸਲ ਦਾ ਹਿੱਸਾ ਸਮਝੀਆਂ ਜਾਂਦੀਆਂ ਸਨ ਅਤੇ ਦੋਹਾਂ ਜਾਗੀਰਾਂ ਦੀ ਵਿਰਾਸਤ ਦਾ ਹੱਕ ਸਰਦਾਰ ਦੀ ਮਨ-ਮਰਜ਼ੀ ਤੇ ਨਿਰਭਰ ਹੁੰਦਾ ਸੀ। ਮਿਸਲ ਜਾਂ ਸੰਘ ਦਾ ਅਜੇਹੀ ਵੰਡ ਬਾਰੇ ਕੋਈ ਦਖ਼ਲ ਨਹੀਂ ਹੁੰਦਾ ਸੀ।[2]

1. ਪ੍ਰਿੰਸਪ, ਪੰਨਾ 28।
2. ਪ੍ਰਿੰਸਪ, ਪੰਨਾ 29।

ਮਹਾਰਾਜਾ ਰਣਜੀਤ ਸਿੰਘ

ਮਹਾਰਾਜਾ ਰਣਜੀਤ ਸਿੰਘ ਸਿੱਖ ਸੂਰਬੀਰਤਾ ਦਾ ਆਦਰਸ਼-ਮਨੁੱਖ ਸੀ। ਉਸ ਵਿਚ ਸਿੱਖ ਸ਼ਕਤੀ ਸਿਖਰ ਤੇ ਸੀ। ਕੇਵਲ ਸਿੱਖਾਂ ਨੇ ਹੀ ਨਹੀਂ ਸਗੋਂ ਸਾਰੀ ਹਿੰਦੂ ਕੌਮ ਨੇ ਅਨੁਭਵ ਕੀਤਾ ਕਿ ਉਸ ਦੇ ਸਦਕੇ ਹਿੰਦੂਆਂ ਦੀ ਸ਼ਾਨ ਦਾ ਸੂਰਜ ਇਕ ਵੇਰ ਫੇਰ ਭਾਰਤ ਦੇ ਰਾਜਨੀਤਿਕ ਦੁਮੇਲ ਤੇ ਚਮਕ ਪਿਆ ਹੈ। ਉਨ੍ਹਾਂ ਨੇ ਆਪਣੀਆਂ ਡੂੰਘੀਆਂ ਹਾਰਦਿਕ ਅਸੀਸਾਂ ਉਸ ਨੂੰ ਭੇਂਟ ਕੀਤੀਆਂ ਅਤੇ ਉਸ ਨੂੰ ਆਪਣੇ ਮੁਕਤੀ ਦਾਤਾ ਅਤੇ ਰੱਖਿਅਕ ਦੇ ਰੂਪ ਵਿਚ ਅਪਣਾਇਆ। ਉਸ ਨੇ ਉੱਤਰ ਵਲੋਂ ਸਦੀਆਂ ਤੋਂ ਹੁੰਦੇ ਆਏ ਵਹਿਸ਼ੀਆਨਾ ਹੱਲਿਆਂ ਪਿੱਛੋਂ ਹਮਲਾਵਰਾਂ ਅਤੇ ਛਾਪੇਮਾਰਾਂ ਨੂੰ ਪਹਾੜੀ ਗੁਫਾਵਾਂ ਵਿਚ ਵਾਪਸ ਧੱਕ ਦਿੱਤਾ ਸੀ। ਗੈਰ ਮੁਸਲਮਾਨਾਂ ਨੇ ਉਸ ਨੂੰ ਆਪਣਾ ਅਸੀਮ ਪਿਆਰ ਅਤੇ ਸਨੇਹ ਦਿੱਤਾ ਅਤੇ ਆਪਣੇ ਘਰਾਂ ਤੇ ਪਰਿਵਾਰਾਂ ਦਾ ਰੱਬੀ ਰੱਖਿਅਕ ਅਤੇ ਕੌਮੀ ਗੌਰਵ ਦਾ ਸਮਰਥਕ ਖਿਆਲ ਕੀਤਾ। ਮੈਂ ਉਸ ਦੇ ਦੇਹਾਂਤ ਤੋਂ ਕੋਈ ਚਾਲੀ ਵਰ੍ਹੇ ਪਿੱਛੋਂ ਜਨਮ ਲਿਆ ਸੀ ਪਰੰਤੂ ਮੇਰੇ ਅਜੇਹੇ ਸੰਬੰਧੀ ਸਨ ਜਿਨ੍ਹਾਂ ਨੇ ਉਸ ਦੇ ਰਾਜਕਾਲ ਵਿਚ ਰਹਿਣ ਦਾ ਆਨੰਦ ਮਾਣਿਆ ਸੀ। ਕੋਈ ਨ ਕੋਈ ਹਰ ਰੋਜ਼ ਉਸ ਦੀਆਂ ਗੱਲਾਂ ਸੁਣਾਉਂਦਾ। ਸਰਕਾਰ ਇਹ ਕੰਮ ਕਰਦੀ ਸੀ, ਸਰਕਾਰ ਉਹ ਕਰਦੀ ਸੀ। ਇਹ ਸਭ ਕੁਝ ਉਹ ਇਤਨੀ ਸ਼ਰਧਾ ਅਤੇ ਸਤਿਕਾਰ ਨਾਲ ਦਸਦੇ ਸਨ ਕਿ ਮੈਂ ਆਪਣੇ ਬਚਪਨ ਵਿਚ ਹੀ ਇਹ ਮਹਿਸੂਸ ਕਰ ਕੇ ਦੁਖੀ ਹੁੰਦਾ ਕਿ ਮੈਂ ਕਿਤਨਾ ਅਭਾਗਾ ਹਾਂ ਜਿਹੜਾ ਸਰਕਾਰ ਦੇ ਦਰਸ਼ਨ ਨਹੀਂ ਕਰ ਸਕਿਆ। ਮੇਰੀ ਇਕ ਬਿਰਧ ਚਾਚੀ ਦਾ ਨਿਸਚਾ ਸੀ ਕਿ ਮਹਾਰਾਜਾ ਇਕ 'ਅਵਤਾਰ' ਸੀ ਤੇ ਉਸ ਨੂੰ ਪਰਮਾਤਮਾ ਵਲੋਂ ਕਰਾਮਾਤੀ ਸ਼ਕਤੀਆਂ ਮਿਲੀਆਂ ਹੋਈਆਂ ਸਨ। ਉਸ ਦਾ ਵਿਸ਼ਵਾਸ ਇਸ ਤੱਥ ਤੇ ਆਧਾਰਿਤ ਸੀ, ਜਿਵੇਂ ਕਿ ਉਹ ਦਸਦੀ ਸੀ, ਕਿ ਜਦ ਸਰਕਾਰ ਪਠਾਨਾਂ ਨਾਲ ਲੜਨ ਲਈ ਪੇਸ਼ਾਵਰ ਵਲ ਗਏ ਤਾਂ ਉਨ੍ਹਾਂ ਨੇ ਆਪਣਾ ਘੋੜਾ ਸਿੰਧ ਦਰਿਆ ਦੇ ਪਾਣੀਆਂ ਵਿਚ ਉਤਾਰ ਦਿੱਤਾ ਅਤੇ ਉਥੇ ਉੱਨਾ ਚਿਰ ਉਡੀਕ ਕਰਦੇ ਰਹੇ ਜਦ ਤਕ ਕਿ ਉਨ੍ਹਾਂ ਦਾ ਇਕ ਇਕ ਸਿਪਾਹੀ ਜਾਂ ਨੌਕਰ-ਚਾਕਰ ਪਾਰ ਨ ਉਤਰ

ਗਿਆ ਅਤੇ ਦਰਿਆ ਪਾਰ ਕਰਨ ਵਿਚ ਇਕ ਵੀ ਸਿਪਾਹੀ ਜਾਂ ਨੌਕਰ-ਚਾਕਰ ਦੀ ਮੌਤ ਨ ਹੋਈ। ਜਿਨ੍ਹਾਂ ਨੇ ਮਹਾਰਾਜੇ ਦੇ ਚਲੇ ਜਾਣ ਪਿਛੋਂ ਦਰਿਆ ਪਾਰ ਕਰਨ ਦਾ ਯਤਨ ਕੀਤਾ, ਉਹ ਪਾਣੀ ਦੇ ਵੇਗ ਨਾਲ ਹੀ ਰੁੜ੍ਹ ਗਏ।

ਸਰ ਲੇਪਲ ਗ੍ਰਿਫਿਨ ਰਣਜੀਤ ਸਿੰਘ ਤੇ ਲਿਖੀ ਆਪਣੀ ਪੁਸਤਕ ਵਿਚ ਕਹਿੰਦਾ ਹੈ, "ਭਾਵੇਂ ਮਹਾਰਾਜਾ ਦਾ ਦੇਹਾਂਤ ਹੋਇਆਂ ਅੱਧੀ ਸਦੀ ਬੀਤ ਗਈ ਹੈ ਤਾਂ ਵੀ ਉਸ ਦਾ ਨਾਂ ਸੂਬੇ ਵਿਚ ਇਕ ਘਰੇਲੂ ਸ਼ਬਦ ਬਣਿਆ ਹੋਇਆ ਹੈ। ਉਸ ਦਾ ਚਿੱਤਰ ਅੱਜ ਵੀ ਮਹਿਲਾਂ ਤੇ ਝੁੱਗੀਆਂ ਵਿਚ ਸੰਭਾਲਿਆ ਹੋਇਆ ਹੈ। ਅੰਮ੍ਰਿਤਸਰ ਤੇ ਦਿੱਲੀ ਦੇ ਹਾਥੀ ਦੰਦ ਦੇ ਕਾਰੀਗਰ ਉਸ ਦਾ ਚਿੱਤਰ ਬੜੀ ਚਾਹ ਨਾਲ ਬਣਾਉਂਦੇ ਹਨ।" ਮੈਨੂੰ ਯਾਦ ਹੈ ਕਿ ਜਦੋਂ ਮੈਂ ਬੱਚਾ ਸਾਂ ਤਾਂ ਅਸੀਂ ਕਿਸ ਸ਼ਰਧਾ ਤੇ ਸਤਿਕਾਰ ਨਾਲ ਖੂਬਸੂਰਤ ਕਾਲੇ ਰੰਗ ਦੇ ਜੰਗੀ ਘੋੜੇ ਤੇ ਸਵਾਰ ਮਹਾਰਾਜੇ, ਜਿਸ ਦੇ ਸਿਰ ਉਤੇ ਇਕ ਰਿਸ਼ਟਪੁਸ਼ਟ ਪਹਿਰੇਦਾਰ ਸ਼ਾਹੀ ਛਤਰ ਝੁਲਾਉਂਦਾ ਹੋਵੇ, ਦੇ ਚਿੱਤਰ ਨੂੰ ਨੀਝ ਲਾ ਕੇ ਵੇਖਿਆ ਕਰਦੇ ਸਾਂ। ਬਰਤਾਨਵੀ ਰਾਜ ਦੀ ਅੱਧੀ ਸਦੀ ਪਿਛੋਂ ਵੀ ਹਿੰਦੂਆਂ ਦੇ ਹਿਰਦੇ ਆਪਣੇ ਰਾਸ਼ਟਰੀ ਨਾਇਕ ਦੇ ਤੌਰ ਤੇ ਰਣਜੀਤ ਸਿੰਘ ਵਲ ਹੀ ਝਾਕਦੇ ਸਨ।

ਭਾਵੇਂ ਮਹਾਰਾਜ ਕੱਦ ਦਾ ਬਹੁਤ ਲੰਮਾ ਨਹੀਂ ਸੀ ਅਤੇ ਚੇਚਕ ਨੇ ਉਸ ਨੂੰ ਇਕ ਅੱਖ ਤੋਂ ਵਾਂਝਿਆਂ ਵੀ ਕਰ ਦਿੱਤਾ ਸੀ, ਪਰ ਉਹ ਗ੍ਰਿਫਿਨ ਦਿਆਂ ਸ਼ਬਦਾਂ ਵਿਚ ਸ਼ਕਤੀ-ਸ਼ਾਲੀ ਇਕਹਿਰੇ ਸਰੀਰ ਵਾਲੇ ਚੁਸਤ, ਸਾਹਸੀ ਅਤੇ ਦ੍ਰਿੜ੍ਹ ਸਿਪਾਹੀ ਦਾ ਸਾਕਾਰ ਚਿੱਤਰ ਸੀ। ਇਕ ਸ਼ਾਹ ਘੋੜਸਵਾਰ ਦੇ ਤੌਰ ਤੇ ਉਹ ਸਾਰਾ ਦਿਨ ਬਿਨਾਂ ਥਕਾਨ ਮਹਿਸੂਸ ਕੀਤੇ ਕਾਠੀ ਉਪਰ ਸਵਾਰ ਰਹਿ ਸਕਦਾ ਸੀ। "ਜਦੋਂ ਉਸ ਨੇ ਪੇਸ਼ਾਵਰ ਦੀ ਲੜਾਈ ਵਿਚ ਜਰਨੈਲ ਹਰੀ ਸਿੰਘ ਨਲੂਆ ਦੀ ਮੌਤ ਬਾਰੇ ਸੁਣਿਆ ਤਾਂ ਉਹ ਤੇਜ਼ੀ ਨਾਲ ਪੇਸ਼ਾਵਰ ਵਲ ਅਤੇ ਲਾਹੌਰ ਤੋਂ ਜਿਹਲਮ ਤਕ 102 ਮੀਲਾਂ ਦਾ ਫਾਸਲਾ ਘੋੜੇ ਉਪਰ ਇਕ ਦਿਨ ਵਿਚ ਤੈ ਕਰ ਗਿਆ। ਸ਼ਾਇਦ ਉਹ ਆਪਣੇ ਸਮੇਂ ਦੇ ਭਾਰਤ ਦਾ ਸਭ ਤੋਂ ਉੱਤਮ ਘੋੜਸਵਾਰ ਅਤੇ ਤਲਵਾਰ ਦਾ ਧਨੀ ਸੀ। ਜਦੋਂ ਉਸ ਦੀ 1831 ਵਿਚ ਗਵਰਨਰ ਜੈਨਰਲ ਨਾਲ ਰੋਪੜ ਦੇ ਜਰੀ ਦੇ ਜੜੇ ਵਿਛੇ ਕਪੜਿਆਂ ਤੇ ਮੁਲਾਕਾਤ ਹੋਈ ਤਾਂ ਉਸ ਨੇ ਖੁਦ ਸਕਿਨਰਜ਼ ਰਸਾਲੇ ਨਾਲ ਤੰਬੂ ਲਾਉਣ ਅਤੇ ਤਲਵਾਰ-ਅੰਦਾਜ਼ੀ ਦਿਆਂ ਕਰਤੱਵਾਂ ਵਿਚ ਟਾਕਰਾ ਕੀਤਾ। ਜਦ ਉਹ ਆਪਣੇ ਘੋੜੇ ਨੂੰ ਸਰਪਟ ਦੌੜਾ ਰਿਹਾ ਸੀ ਤਾਂ ਉਸ ਨੇ ਇਕ ਸਿਪਾਹੀ ਦੇ ਹੱਥ ਤੇ ਰਖਿਆ ਨੌਂਬੂ ਸਿਪਾਹੀ ਨੂੰ ਕੋਈ ਜਰਬ ਨ ਪਹੁੰਚਾਉਂਦਿਆਂ, ਦੋ ਟੁਕੜਿਆਂ ਵਿਚ ਕੱਟ ਦਿੱਤਾ। ਇਹ ਅਜੇਹਾ ਕਰਤੱਵ ਸੀ ਜਿਸ ਨੂੰ ਹੋਰ ਕੋਈ ਨਹੀਂ ਸੀ ਵਿਖਾ ਸਕਿਆ। ਜਿਹੜੇ ਸਰੀਰਕ ਪ੍ਰਬੀਨਤਾ ਅਤੇ ਸਾਹਸ ਨੂੰ ਹੋਰ ਗੁਣਾਂ ਨਾਲੋਂ ਤਰਜੀਹ ਦਿੰਦੇ ਸਨ, ਉਨ੍ਹਾਂ ਨੂੰ ਉਸ ਦੇ ਦੂਜੇ ਗੁਣਾਂ ਨਾਲੋਂ ਉਸ ਦੇ ਸਾਹਸ ਅਤੇ ਸੂਰਬੀਰਤਾ ਨੇ ਉਚੇਰੀ ਖਿੱਚ ਪਾਈ। ਰਣਜੀਤ

ਸਿੰਘ ਦੀ ਆਪਣੇ ਲੋਕਾਂ ਵਿਚ ਅਤੇ ਆਪਣੀ ਸੈਨਾ ਅਤੇ ਸੈਨਿਕ ਤੇ ਅਸੈਨਿਕ ਅਫਸਰਾਂ ਵਿਚ ਲੋਕ ਪ੍ਰਿਯਤਾ ਅਪਾਰ ਅਤੇ ਅਦੁੱਤੀ ਸੀ। ਉਸ ਦੇ ਮੂੰਹੋਂ ਨਿਕਲੇ ਸ਼ਬਦ ਨੂੰ ਹੀ ਉਹ ਪਵਿਤਰ ਕਾਨੂੰਨ ਸਮਝਦੇ ਸਨ ਅਤੇ ਲੋਕ-ਮਨਾਂ ਵਿਚ ਉਸ ਪ੍ਰਤਿ ਸ਼ਰਧਾ ਪੂਜਾ ਦੀ ਹੱਦ ਤਕ ਪਹੁੰਚ ਚੁੱਕੀ ਸੀ। ਉਹ ਸਾਧਾਰਣ ਜੀਵਨ ਬਤੀਤ ਕਰਦਾ ਸੀ ਅਤੇ ਉਸ ਦਾ ਪਹਿਰਾਵਾ ਪੂਰਣ ਤੌਰ ਤੇ ਸਾਦਾ ਸੀ। ਉਹ ਹਰ ਭਾਂਤ ਦੇ ਆਭੂਸ਼ਨਾਂ ਦੇ ਵਿਖਾਵੇ ਨੂੰ ਘ੍ਰਿਣਾ ਕਰਦਾ ਸੀ। ਗ੍ਰਿਫਿਨ ਲਿਖਦਾ ਹੈ, "ਉਹ ਇਕ ਅਜੇਹਾ ਹਾਕਿਮ ਸੀ ਜਿਸ ਵਿਚ ਹਕੂਮਤ ਦੇ ਜਮਾਂਦਰੂ ਗੁਣ ਸਨ।" ਲੋਕ ਉਸ ਦੀ ਆਗਿਆ ਦਾ ਇਸ ਤਰ੍ਹਾਂ ਪਾਲਣ ਕਰਦੇ ਸਨ ਜਿਵੇਂ ਉਨ੍ਹਾਂ ਉਪਰ ਜਾਦੂ ਹੋਇਆ ਹੋਵੇ ਅਤੇ ਉਨ੍ਹਾਂ ਅੰਦਰ ਉਲੰਘਣਾ ਕਰਨ ਦੀ ਕੋਈ ਸ਼ਕਤੀ ਨ ਹੋਵੇ। ਇਕ ਅੰਗ੍ਰੇਜ਼ ਜੀਵਨੀਕਾਰ ਲਿਖਦਾ ਹੈ, "ਇਹ ਵੇਖ ਕੇ ਬਹੁਤ ਹੀ ਅਚੰਭਾ ਹੁੰਦਾ ਹੈ ਕਿ ਪ੍ਰਚੰਡ ਅਤੇ ਖਰੂਦੀ ਸਰਦਾਰਾਂ ਦੇ ਵਚਿੱਤਰ ਦਰਬਾਰ ਉਤੇ ਨਿਰਬਲ, ਕਾਣਾ ਅਤੇ ਮਾੜਾ ਹੁੰਦੇ ਹੋਏ ਵੀ ਉਹ ਕਿਸ ਤਰ੍ਹਾਂ ਕਾਬੂ ਪਾ ਸਕਿਆ।" "ਤੁਹਾਡੇ ਬਾਦਸ਼ਾਹ ਦੀ ਕਿਹੜੀ ਅੱਖ ਕਾਣੀ ਹੈ?" ਇਹ ਪ੍ਰਸ਼ਨ ਸੀ ਜਿਹੜਾ ਉਸ ਦੇ ਵਿਦੇਸ਼ੀ ਮੁਆਮਲਿਆਂ ਦੇ ਮੰਤਰੀ ਫਕੀਰ ਅਜ਼ੀਜ਼-ਉਦ-ਦੀਨ ਨੂੰ ਸ਼ਿਮਲੇ ਵਿਚ ਇਕ ਬਰਤਾਨਵੀ ਅਧਿਕਾਰੀ ਨੇ ਪੁਛਿਆ। ਫਕੀਰ ਸਾਹਿਬ ਦਾ ਉੱਤਰ ਮਹਾਰਾਜ ਦੇ ਗੁਣਾਂ ਦਾ ਅਤੇ ਉਸ ਦੇ ਅਧਿਕਾਰੀਆਂ ਦੇ ਉਸ ਪ੍ਰਤਿ ਵਰਤਾਰੇ ਦਾ ਪ੍ਰਗਟਾਵਾ ਕਰਦਾ ਹੈ। "ਉਨ੍ਹਾਂ ਦੇ ਚਿਹਰੇ ਦਾ ਜਲਾਲ ਹੀ ਅਜੇਹਾ ਹੈ," ਉਸ ਨੇ ਕਿਹਾ, "ਕਿ ਮੈਂ ਕਦੀ ਵੀ ਉਨ੍ਹਾਂ ਦੇ ਚਿਹਰੇ ਵਲ ਝਾਕਣ ਦੀ ਜੁਰਅੱਤ ਨਹੀਂ ਕਰ ਸਕਿਆ।" ਇਹ ਉੱਤਰ ਉਸ ਉੱਤਰ ਦੀ ਯਾਦ ਦਿਲਾਉਂਦਾ ਹੈ ਜਿਹੜਾ ਲਛਮਣ ਨੇ ਆਪਣੇ ਭਰਾ ਰਾਮ ਨੂੰ ਦਿੱਤਾ ਸੀ, ਜਦੋਂ ਉਸ ਨੂੰ ਸੀਤਾ ਦੇ ਜੇਵਰ ਪਛਾਣਨ ਲਈ ਕਿਹਾ ਗਿਆ ਸੀ। "ਮੈਂ ਕੇਵਲ ਉਨ੍ਹਾਂ ਗਹਿਣਿਆਂ ਨੂੰ ਪਛਾਣ ਸਕਦਾ ਹਾਂ ਜਿਹੜੇ ਉਹ ਆਪਣੇ ਪੈਰਾਂ ਵਿਚ ਪਹਿਨਦੀ ਸੀ, ਦੂਜੇ ਨਹੀਂ" ਕਿਉਂਕਿ ਉਸ ਨੇ ਕਦੀ ਵੀ ਆਪਣੀਆਂ ਨਜ਼ਰਾਂ ਉਸ ਦੇ ਚਿਹਰੇ ਵਲ ਨਹੀਂ ਚੁੱਕੀਆਂ ਸਨ।

ਮਹਾਰਾਜੇ ਦੇ ਮਹਾਨ ਗੁਣਾਂ ਵਿਚੋਂ ਇਕ ਉਸ ਦੀ ਉਹ ਸੂਖਮ ਸੂਝ ਸੀ ਜਿਸ ਨਾਲ ਉਹ ਆਪਣੇ ਅਫ਼ਸਰਾਂ ਦੀ ਚੋਣ ਕਰਦਾ ਸੀ। ਉਹ ਸਦਾ ਉਚਿਤ ਪਦਵੀ ਲਈ ਯੋਗ ਵਿਅਕਤੀ ਚੁਣਦਾ ਸੀ ਅਤੇ ਵੱਡੇ ਤੋਂ ਵੱਡੇ ਅਧਿਕਾਰੀ ਦੀ ਵੀ ਤਬਦੀਲੀ ਕਰਨ ਜਾਂ ਉਸ ਨੂੰ ਨੌਕਰੀਉਂ ਹਟਾਉਣ ਤੋਂ ਕਦੀ ਨਹੀਂ ਝਿਜਕਦਾ ਸੀ, ਜਦੋਂ ਉਸ ਦੀ ਕੋਈ ਕਮਜ਼ੋਰੀ ਨੰਗੀ ਹੋ ਜਾਂਦੀ। ਇਹ ਗੱਲ ਧਿਆਨ ਯੋਗ ਹੈ ਕਿ ਉਸ ਦੇ ਅਫ਼ਸਰ, ਮੰਤਰੀ ਜਾਂ ਜਰਨੈਲ ਨੇ, ਭਾਵੇਂ ਉਹ ਕਿਸੇ ਜਾਤ ਜਾਂ ਧਰਮ ਦਾ ਹੋਵੇ, ਉਸ ਨਾਲ ਕਦੀ ਧੋਖਾ ਨਹੀਂ ਸੀ ਕੀਤਾ।

ਅਕਬਰ ਵਾਂਗ ਅਨਪੜ੍ਹ ਹੁੰਦੇ ਹੋਏ ਵੀ ਮਹਾਰਾਜਾ ਰਣਜੀਤ ਸਿੰਘ ਨੂੰ ਉਸ ਵਰਗੀ ਹੀ ਸੁਭਾਵਿਕ ਸੂਝ ਪ੍ਰਾਪਤ ਸੀ। ਉਹ ਅਕਬਰ ਜਿੰਨਾ ਹੀ ਸਹਿਨਸ਼ੀਲ ਸੀ ਅਤੇ ਧਰਮ,

ਜਾਤ ਜਾਂ ਰੰਗ ਦੇ ਵਿਤਕਰੇ ਤੋਂ ਨਿਰਲੇਪ ਉਹ ਹਰੇਕ ਧਰਮ ਦੇ ਵਿਅਕਤੀ ਦੇ ਗੁਣਾਂ ਦਾ ਮੁੱਲ ਪਾਉਣ ਲਈ ਤਿਆਰ ਰਹਿੰਦਾ ਸੀ। ਸਰ ਲੇਪਨ ਗ੍ਰਿਫਿਨ ਲਿਖਦਾ ਹੈ, "ਧਰਮ ਦਾ ਮੂਲ ਮਨੋਰਥ ਇਸਲਾਮ ਨੂੰ ਤਬਾਹ ਕਰਨਾ ਸੀ, ਅਤੇ ਮੁਸਲਮਾਨਾਂ ਨੂੰ ਸਲਾਮ ਕਰਨਾ, ਉਨ੍ਹਾਂ ਨਾਲ ਮਿਲਵਰਤਨ ਰੱਖਣਾ, ਜਾਂ ਉਨ੍ਹਾਂ ਨਾਲ ਕਿਸੇ ਵੀ ਸ਼ਰਤ ਤੇ ਸ਼ਾਂਤੀ ਸਥਾਪਿਤ ਕਰਨੀ ਵਰਜਿਤ ਸੀ।" ਪਰ ਮਹਾਰਾਜ ਨੇ ਅਜੇਹੀ ਕੋਈ ਪਾਬੰਦੀ ਨ ਮੰਨੀ ਅਤੇ ਉਸ ਦੀ ਹਕੂਮਤ ਦੀਆਂ ਉੱਤਮ ਪਦਵੀਆਂ ਤੇ ਮੁਸਲਮਾਨਾਂ ਦਾ ਸਿੱਖਾਂ ਅਤੇ ਹਿੰਦੂਆਂ ਜਿਤਨਾ ਹੀ ਹੱਕ ਸੀ। ਉਸ ਦਾ ਸਭ ਤੋਂ ਭਰੋਸੇ ਯੋਗ ਮੰਤਰੀ ਫ਼ਕੀਰ-ਅਜ਼ੀਜ਼-ਉਦ-ਦੀਨ ਸੀ ਜਿਸ ਨੇ ਸਾਰੀ ਉਮਰ ਉਸ ਦੀ ਪੂਰੀ ਵਫ਼ਾਦਾਰੀ ਨਾਲ ਸੇਵਾ ਕੀਤੀ। ਹੋਰ ਵੀ ਬਹੁਤ ਸਾਰੇ ਮੁਸਲਮਾਨ ਸਨ ਜਿਹੜੇ ਸੂਬੇਦਾਰਾਂ, ਕਿਲ੍ਹੇਦਾਰਾਂ ਅਤੇ ਫੌਜਾਂ ਦੇ ਕਮਾਂਡਰਾਂ ਦੀਆਂ ਉੱਚੀਆਂ ਪਦਵੀਆਂ ਤੇ ਨਿਯੁਕਤ ਸਨ। ਮਹਾਰਾਜ ਦੀ ਨਿਜੀ ਸੁਰੱਖਿਆ ਸੈਨਾ ਵਿਚ ਪੰਜਾਹ ਟਿਵਾਨੇ ਸਨ ਜਿਨ੍ਹਾਂ ਦੇ ਉੱਚੇ ਫੜਫੜਾਉਂਦੇ ਤੁੱਰੇ ਮਹਾਰਾਜ ਦੀ ਸੈਨਾ ਦਾ ਦਿਲਖਿਚਵਾਂ ਦ੍ਰਿਸ਼ ਪੇਸ਼ ਕਰਦੇ ਸਨ। ਭਾਵੇਂ ਮਹਾਰਾਜਾ ਆਪ ਇਕ ਜੱਟ ਸੀ, ਉਸ ਦੇ ਹਿੰਦੂ ਅਫਸਰਾਂ ਵਿਚ, ਬ੍ਰਾਹਮਣ ਤੇ ਖਤਰੀ ਦੀਵਾਨੀ ਅਤੇ ਫੌਜੀ ਵਿਭਾਗਾਂ ਵਿਚ ਉੱਨੇ ਹੀ ਮਹੱਤਵਪੂਰਣ ਸਨ ਜਿੰਨੇ ਕਿ ਜੱਟ। ਅਸਲ ਵਿਚ ਜਿਥੋਂ ਤਕ ਵਜ਼ੀਰਾਂ ਦੀ ਚੋਣ ਦਾ ਸੰਬੰਧ ਸੀ, ਰਣਜੀਤ ਸਿੰਘ ਜਾਤਾਂ ਅਤੇ ਗੋਤਾਂ ਦੇ ਵਿਤਕਰੇ ਤੋਂ ਇਤਨਾ ਸੁਤੰਤਰ ਸੀ ਕਿ ਜੱਟ ਹੁੰਦੇ ਹੋਏ ਵੀ ਉਸ ਨੇ ਕਦੀ ਕਿਸੇ ਜੱਟ ਨੂੰ ਵਜ਼ੀਰ ਨ ਬਣਾਇਆ। ਉਸ ਦੇ ਸਾਰੇ ਮੰਤਰੀ ਜਾਂ ਤਾਂ ਰਾਜਪੂਤ ਸਨ ਜਾਂ ਬ੍ਰਾਹਮਣ ਜਾਂ ਗੈਰ ਜੱਟ ਮੁਸਲਮਾਨ।

ਮਹਾਰਾਜ ਦੇ ਮੰਤਰੀਆਂ ਤੇ ਅਫਸਰਾਂ ਵਿਚੋਂ ਸਭ ਤੋਂ ਮਹੱਤਵਪੂਰਣ ਸਨ ਧਿਆਨ ਸਿੰਘ ਅਤੇ ਉਸ ਦੇ ਭਾਈ ਜੰਮੂ ਦੇ ਡੋਗਰੇ ਰਾਜਪੂਤ, ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਉਸ ਦੇ ਭਾਈ ਇਮਾਮ-ਉਦ-ਦੀਨ ਅਤੇ ਨੂਰਦੀਨ ਜਿਹੜੇ ਸ਼ਾਇਦ ਉਸ ਸਮੇਂ ਦੇ ਸਭ ਤੋਂ ਵੱਧ ਸਭ ਸੂਫੀ ਮੁਸਲਮਾਨ ਸਨ, ਇਲਾਹੀ ਬਖਸ਼ ਜਿਹੜਾ ਤੋਪਖਾਨੇ ਦਾ ਸੈਨਾਪਤੀ ਸੀ, ਜਮਾਂਦਾਰ ਖੁਸ਼ਹਾਲ ਸਿੰਘ, ਰਾਜਾ ਤੇਜਾ ਸਿੰਘ, ਰਾਜਾ ਸਾਹਿਬ ਦਿਆਲ, ਰਾਜਾ ਰੁਲੀਆ ਰਾਮ, ਦੀਵਾਨ ਅਜੁਧਿਆ ਪ੍ਰਸ਼ਾਦ ਅਤੇ ਰਾਜਾ ਦੀਨਾ ਨਾਥ ਜਿਹੜੇ ਸਾਰੇ ਬ੍ਰਾਹਮਣ ਸਨ, ਦੀਵਾਨ ਮੋਹਕਮ ਚੰਦ, ਦੀਵਾਨ ਰਾਮ ਦਿਆਲ ਅਤੇ ਦੀਵਾਨ ਸਾਵਣ ਮੱਲ ਜਿਹੜੇ ਸਾਰੇ ਖੱਤਰੀ ਸਨ, ਭਾਈ ਰਾਮ ਸਿੰਘ, ਭਾਈ ਗੋਬਿੰਦ ਰਾਮ ਅਤੇ ਭਾਈ ਗੁਰਮੁਖ ਸਿੰਘ ਜਿਹੜੇ ਸਾਰੇ ਅਰੋੜੇ ਸਨ ਤੇ ਪ੍ਰਸਿੱਧ ਸੰਤ ਰਾਜਨੀਤਿਗ ਭਾਈ ਬਸਤੀ ਰਾਮ ਦੀ ਔਲਾਦ ਸਨ। ਜੱਟਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਣ ਸਨ ਸਰਦਾਰ ਅਤਰ ਸਿੰਘ ਸੰਧਾਂਵਾਲੀਆ ਸਰਦਾਰ ਸ਼ਾਮ ਸਿੰਘ ਜਿਹੜਾ ਸਭਰਾਓਂ ਦਾ ਨੇਕ ਯੋਧਾ ਸੀ, ਸਰਦਾਰ ਚਤਰ ਸਿੰਘ ਅਤੇ ਉਸ ਦਾ ਪੁੱਤਰ ਰਾਜਾ ਸ਼ੇਰ ਸਿੰਘ ਜੋ ਦੂਜੇ ਸਿੱਖ-ਯੁੱਧ ਦੇ ਨਾਇਕ ਅਤੇ ਚੇਲਿਆਂਵਾਲੇ ਦੀ ਪ੍ਰਸਿੱਧ ਲੜਾਈ ਦੇ ਸੈਨਾਪਤੀ ਸਨ, ਸ. ਲਹਿਣਾ ਸਿੰਘ ਮਜੀਠੀਆ ਜਿਹੜਾ

ਮਸ਼ੀਨੀ ਕੰਮ ਅਤੇ ਹੋਰ ਵਿਗਿਆਨ ਦਿਆਂ ਕੰਮਾਂ ਵਿਚ ਆਪਣੀ ਮੁਹਾਰਤ ਕਾਰਣ ਪ੍ਰਸਿੱਧ ਸੀ। ਜੱਟ ਲਗਭਗ ਸਾਰੇ ਹੀ ਸੈਨਾ ਵਿਚ ਭਰਤੀ ਸਨ। ਮਹਾਰਾਜੇ ਨੇ ਕਈ ਯੂਰਪੀ ਅਤੇ ਕੁਝ ਅਮਰੀਕਨ ਵੀ ਆਪਣੀ ਸੇਵਾ ਵਿਚ ਰੱਖੇ ਹੋਏ ਸਨ। ਉਹ ਯੂਰਪੀ ਪ੍ਰਣਾਲੀ ਅਨੁਸਾਰ ਫੌਜਾਂ ਦੀ ਸਿਖਲਾਈ ਵਾਸਤੇ ਨਿਯੁਕਤ ਸਨ ਅਤੇ ਆਪਣਾ ਕੰਮ ਇੰਨੀ ਚੰਗੀ ਤਰ੍ਹਾਂ ਕਰਦੇ ਸਨ ਕਿ ਸਿੱਖ ਫੌਜਾਂ ਭਾਰਤ ਵਿਚ ਸਭ ਤੋਂ ਵੱਧ ਯੋਗ ਲੜਾਕੀ-ਸ਼ਕਤੀ ਬਣ ਗਈਆਂ ਸਨ। ਉਨ੍ਹਾਂ ਦੀ ਤੁਲਨਾ ਕਰੌਮਵੈਲ ਦੀਆਂ ਲੋਹ-ਸੈਨਾਵਾਂ (Ironsides) ਨਾਲ ਠੀਕ ਹੀ ਕੀਤੀ ਗਈ ਹੈ। ਵੈਨਤੂਰਾ (Ventura) ਅਤੇ ਅਵੀਤਬੇਲਾ (Avitable) ਯੂਰਪੀਨਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧ ਸਨ। ਨੌਕਰੀ ਦੇਣ ਤੋਂ ਪਹਿਲਾਂ ਵਿਦੇਸ਼ੀਆਂ ਉੱਤੇ ਸ਼ਰਤ ਲਾਈ ਜਾਂਦੀ ਸੀ ਕਿ ਨੌਕਰੀ ਦੇ ਦੌਰਾਨ ਉਹ ਗਊ ਦੇ ਮਾਸ ਤੋਂ ਪਰਹੇਜ਼ ਕਰਨਗੇ, ਆਪਣੀ ਦਾੜ੍ਹੀ ਨਹੀਂ ਮੁਨਵਾਉਣਗੇ ਅਤੇ ਜੇ ਸੰਭਵ ਹੋਵੇ ਤਾਂ ਭਾਰਤੀ ਇਸਤਰੀਆਂ ਨਾਲ ਵਿਆਹ ਕਰਨਗੇ।

ਮਹਾਰਾਜ ਦੇ ਚਰਿਤਰ ਵਿਚ ਦੂਜੀ ਵੱਡੀ ਖੂਬੀ ਜਬਰ ਅਤੇ ਬਦਲਾ ਲਊ ਭਾਵਨਾ ਦੀ ਪੂਰਣ ਅਣਹੋਂਦ ਸੀ। ਕਿਸੇ ਕਿਲ੍ਹੇ ਦੀ ਜਿੱਤ ਜਾਂ ਲੁੱਟ ਪਿੱਛੋਂ ਉਹ ਪਰਾਜਿਤ ਧਿਰ ਨਾਲ ਨਰਮੀ ਅਤੇ ਦਿਆਲਤਾ ਵਾਲਾ ਵਿਵਹਾਰ ਕਰਦਾ ਸੀ ਭਾਵੇਂ ਉਨ੍ਹਾਂ ਨੇ ਕਿਤਨਾ ਵੀ ਸਖਤ ਮੁਕਾਬਲਾ ਕਿਉਂ ਨ ਕੀਤਾ ਹੋਵੇ। ਉਸ ਦੇ ਦਰਬਾਰ ਵਿਚ ਬਹੁਤ ਸਾਰੇ ਅਜੇਹੇ ਸਰਦਾਰ ਸਨ ਜਿਨ੍ਹਾਂ ਦੇ ਇਲਾਕੇ ਉਸ ਨੇ ਆਪਣੇ ਰਾਜ ਵਿਚ ਮਿਲਾ ਲਏ ਸਨ। ਉਸ ਨੇ ਉਨ੍ਹਾਂ ਨੂੰ ਢੁਕਵੀਆਂ ਨੌਕਰੀਆਂ ਜਾਂ ਜਾਗੀਰਾਂ ਦੇ ਕੇ ਉਨ੍ਹਾ ਦੀ ਵਫਾਦਾਰੀ ਤੇ ਸਮਰਪਣ ਪ੍ਰਾਪਤ ਕਰ ਲਏ ਸਨ। ਜਿਹੜੇ ਸਰਦਾਰ ਪਹਿਲਾਂ ਕਈ ਮਿਸਲਾਂ ਦੇ ਆਗੂ ਰਹੇ ਸਨ ਅਤੇ ਜਿਨ੍ਹਾਂ ਨੂੰ ਉਸ ਨੇ ਹਟਾ ਦਿੱਤਾ ਸੀ, ਉਹ ਸਾਰੇ ਇਸ ਢੰਗ ਨਾਲ ਬਰਾਬਰੀ ਅਤੇ ਵਿਰੋਧਤਾ ਤੋਂ ਹਟਾ ਕੇ ਸਤਿਕਾਰਯੋਗ ਪਰਜਾ ਵਿਚ ਬਦਲ ਦਿੱਤੇ ਸਨ, ਅਤੇ ਇਸ ਤੋਂ ਵੀ ਵੱਧ ਮੁਸਲਮਾਨ ਖਾਨਾਂ ਅਤੇ ਹਾਕਿਮਾਂ ਦਾ ਇਕ ਭਾਰੀ ਟੋਲਾ ਅਜੇਹਾ ਸੀ ਜਿਨ੍ਹਾਂ ਨੂੰ ਰਣਜੀਤ ਸਿੰਘ ਨੇ ਸਿਆਣਪ ਨਾਲ ਆਪਣੇ ਰਾਜ ਨਾਲ ਜੋੜ ਲਿਆ ਸੀ। ਇਸ ਤਰ੍ਹਾਂ ਉਸ ਨੇ ਪੱਛਮੀ ਜ਼ਿਲ੍ਹਿਆਂ ਵਿਚ ਠੋਸ ਸ਼ਕਤੀ ਪ੍ਰਾਪਤ ਕਰ ਲਈ ਸੀ। ਸਿਆਲ, ਘੇਬੇ, ਟਿਵਾਨੇ ਤੇ ਖਰਲ ਕਬੀਲਿਆਂ ਦੇ ਮੁਸਲਮਾਨ ਆਗੂ ਅਤੇ ਮੁਲਤਾਨ ਦਾ ਨਵਾਬ ਮੁਜ਼ੱਫਰ ਖ਼ਾਂ ਅਤੇ ਉਸ ਦਾ ਬੰਸ ਇਸ ਪ੍ਰਕਾਰ ਰਣਜੀਤ ਸਿੰਘ ਨਾਲ ਬੱਝ ਗਏ ਸਨ।

ਇਸ ਛੋਟੀ ਜੇਹੀ ਪੁਸਤਕ ਦੇ ਘੇਰੇ ਵਿਚ ਰਣਜੀਤ ਸਿੰਘ ਦੀਆਂ ਜਿੱਤਾਂ ਦਾ ਇਤਿਹਾਸ ਨਹੀਂ ਸਮਾ ਸਕਦਾ। ਉਹ ਵਾਸਤਵ ਵਿਚ ਉਮਰ ਭਰ ਲੜਦਾ ਤੇ ਜਿਤਾਂ ਪ੍ਰਾਪਤ ਕਰਦਾ ਰਿਹਾ। ਉਸ ਦਾ ਜਨਮ 1780 ਵਿਚ ਗੁਜਰਾਂਵਾਲਾ ਵਿਖੇ ਪੁਰਾਣੀ ਮੰਡੀ ਵਿਚ ਗੁਜਰਾਂਵਾਲਾ ਨਗਰ ਪਾਲਿਕਾ ਦੇ ਨੇੜੇ, ਇਕ ਥਾਂ ਤੇ ਹੋਇਆ ਜਿਥੇ ਇਕ ਖਜੂਰ ਦੇ ਦਰਖਤ

ਦਾ ਨਿਸ਼ਾਨ ਹੈ ਅਤੇ ਇਕ ਸਿਲ ਲੱਗੀ ਹੋਈ ਹੈ ਜਿਹੜੀ ਸ਼ਾਇਦ ਨਗਰ ਪਾਲਿਕਾ ਨੇ ਲਗਵਾਈ ਹੈ। ਉਸ ਦਾ ਵਿਵਾਹ ਚਾਰ ਸਾਲ ਦੀ ਉਮਰ ਵਿਚ ਪ੍ਰਸਿੱਧ ਕਨ੍ਹਈਏ ਸਰਦਾਰ ਜੈ ਸਿੰਘ ਦੀ ਪੋਤਰੀ ਨਾਲ ਹੋਇਆ।

ਉਹ ਮੁਸ਼ਕਲ ਨਾਲ ਦਸ ਵਰ੍ਹਿਆਂ ਦਾ ਹੋਇਆ ਸੀ ਕਿ ਉਸ ਨੇ ਆਪਣੇ ਪਿਤਾ ਨਾਲ ਸੈਨਿਕ ਮੁਹਿੰਮਾਂ ਤੇ ਜਾਣਾ ਆਰੰਭ ਕਰ ਦਿੱਤਾ ਅਤੇ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਇਕ ਚੱਠਾ ਸਰਦਾਰ ਦੇ ਹੱਥੋਂ ਮੁਸ਼ਕਲ ਨਾਲ ਉਸ ਦੀ ਜਾਨ ਬਚੀ। ਉਸ ਦਾ ਪਿਤਾ ਸਰਦਾਰ ਮਹਾਂ ਸਿੰਘ 1792 ਵਿਚ, ਜਦੋਂ ਉਹ ਕੇਵਲ 13 ਵਰ੍ਹਿਆਂ ਦੀ ਉਮਰ ਦਾ ਸੀ, ਮਰ ਗਿਆ। ਰਣਜੀਤ ਸਿੰਘ ਦੀ ਨਾਬਾਲਗੀ ਦਾ ਲਾਭ ਉਠਾਉਂਦਿਆਂ ਵਿਰੋਧੀ ਸਰਦਾਰਾਂ ਨੇ ਉਸ ਦਾ ਵਿਰਸਾ ਹਥਿਆਉਣ ਦੇ ਕਈ ਅਯੋਗ ਯਤਨ ਕੀਤੇ। ਇਕ ਦਿਨ ਉਸ ਦੀ ਮਾਂ ਨੇ ਉਸ ਦਾ ਧਿਆਨ ਵੈਰੀਆਂ ਦੁਆਰਾ ਉਨ੍ਹਾਂ ਦੇ ਖੋਹੇ ਜਾ ਰਹੇ ਇਲਾਕੇ ਵਲ ਦੁਆਇਆ। "ਮਾਂ, ਸਬਰ ਰੱਖ" ਉਸ ਨੇ ਉੱਤਰ ਦਿੱਤਾ, "ਮੈਂ ਕੇਵਲ ਆਪਣੇ ਪ੍ਰਦੇਸ਼ ਹੀ ਵਾਪਸ ਨਹੀਂ ਲਵਾਂਗਾ ਸਗੋਂ ਉਪਦਰਵੀਆਂ ਨੂੰ ਵੀ ਖਤਮ ਕਰ ਦੇਵਾਂਗਾ।" ਉਹ ਆਪਣੇ ਵਚਨਾਂ ਦਾ ਪੂਰਾ ਨਿਕਲਿਆ। ਉਹ ਕੇਵਲ ਸੋਲ੍ਹਾਂ ਵਰ੍ਹਿਆਂ ਦਾ ਸੀ ਜਦੋਂ ਉਸ ਨੇ ਜਿੱਤਾਂ ਪ੍ਰਾਪਤ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਆਪਣੀ ਸੱਸ ਸਰਦਾਰ ਗੁਰਬਖਸ਼ ਸਿੰਘ ਕਨ੍ਹਈਆ ਦੀ ਵਿਧਵਾ ਪਤਨੀ ਸਦਾ ਕੌਰ ਨੇ ਉਸ ਦੀ ਬੜੀ ਮਦਦ ਕੀਤੀ। ਉਨ੍ਹਾਂ ਨੇ ਪਹਿਲਾਂ ਰਾਮਗੜ੍ਹੀਆਂ ਨੂੰ ਸਮਾਪਤ ਕੀਤਾ ਜੋ ਕਿ ਬਟਾਲੇ ਉਤੇ ਹਮਲਾ ਕਰਨ ਵਾਲਿਆਂ ਦੇ ਨਾਲ ਸਨ ਜਿਸ ਵਿਚ ਸਦਾ ਕੌਰ ਦਾ ਪਤੀ ਮਰਿਆ ਸੀ। ਉਸ ਸਮੇਂ ਲਾਹੌਰ ਭੰਗੀ ਸਰਦਾਰਾਂ ਦੇ ਕਬਜ਼ੇ ਵਿਚ ਸੀ ਪਰ ਕਿਉਂਕਿ ਹੁਕਮਰਾਨ ਲਾਹੌਰ ਦੇ ਲੋਕਾਂ ਵਿਚ ਹਰਮਨ ਪਿਆਰੇ ਨਹੀਂ ਸਨ, ਇਸ ਲਈ ਰਣਜੀਤ ਸਿੰਘ ਨੂੰ ਸ਼ਹਿਰ ਤੇ ਕਬਜ਼ਾ ਕਰਨ ਲਈ ਸੱਦਾ ਦਿੱਤਾ ਗਿਆ। ਸੋ ਉਸ ਨੇ ਲਾਹੌਰ ਵਲ ਕੂਚ ਕਰ ਦਿੱਤਾ ਅਤੇ ਜੁਲਾਈ 1799 ਵਿਚ ਇਸ ਤੇ ਕਬਜ਼ਾ ਕਰ ਲਿਆ। ਹੁਣ ਉਸ ਨੂੰ ਰਾਜਾ ਮੰਨ ਲਿਆ ਗਿਆ। ਉਸ ਦਾ ਪਹਿਲਾ ਉੱਦੇਸ਼ ਮਿਸਲਾਂ ਨੂੰ ਸਮਾਪਤ ਕਰ ਕੇ ਸਿੱਖ ਸੱਤਾ ਨੂੰ ਆਪਣੇ ਹੱਥਾਂ ਵਿਚ ਇਕੱਤਰ ਕਰਨਾ ਸੀ। ਅਜੇਹਾ ਕਰਨ ਲਈ ਉਸ ਨੂੰ ਬਹੁਤਾ ਸਮਾਂ ਨ ਲਗਿਆ। ਬਹੁਤੀਆਂ ਮਿਸਲਾਂ ਨੇ ਇਕ ਇਕ ਕਰਕੇ ਉਸ ਦੀ ਈਨ ਮੰਨ ਲਈ। ਜਦੋਂ ਮੈਦਾਨ ਵਿਚ ਕੋਈ ਵੀ ਸਿੱਖ ਵਿਰੋਧੀ ਨ ਬਚਿਆ ਤਾਂ ਉਸ ਨੇ ਆਪਣਾ ਧਿਆਨ ਮੁਸਲਮਾਨ ਰਿਆਸਤਾਂ (principalities) ਵਲ ਮੋੜਿਆ ਜਿਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਸਨ ਮੁਲਤਾਨ, ਝੰਗ, ਕਸੂਰ ਤੇ ਮਨਕੇਰਾ, ਜਿਨ੍ਹਾਂ ਵਿਚ ਟਿਵਾਨਿਆਂ, ਖਰਲਾਂ, ਬਲੋਚਾਂ, ਅਵਾਨਾਂ, ਜੰਜੋਆਂ, ਚਿੱਬਾਂ ਅਤੇ ਹੋਰਾਂ ਅਧੀਨ ਛੋਟੀਆਂ ਛੋਟੀਆਂ ਰਿਆਸਤਾਂ ਵੀ ਸ਼ਾਮਿਲ ਸਨ। ਮੁਲਤਾਨ ਦੇ ਅਫਗਾਨਾਂ ਤੋਂ ਛੁੱਟ ਕਿਸੇ ਨੇ ਵੀ ਜ਼ਿਆਦਾ ਟਾਕਰਾ ਨ ਕੀਤਾ। ਮੁਲਤਾਨ ਵਿਚ ਰਣਜੀਤ ਸਿੰਘ ਨੂੰ ਭਾਰੀ ਔਕੜ ਦਾ

ਸਾਮ੍ਹਣਾ ਕਰਨਾ ਪਿਆ। ਨਵਾਬ ਨੇ ਕਈ ਵਾਰੀ ਉਸ ਨੂੰ ਧਨ ਦੇ ਕੇ ਵਾਪਸ ਭੇਜ ਦਿੱਤਾ ਸੀ ਪਰ ਇਹ ਗੱਲ ਰਣਜੀਤ ਸਿੰਘ ਦੇ ਪਕੇਰਾ ਰਾਜ ਕਰਨ ਦੀ ਵਿਉਂਤ ਦੇ ਅਨੁਕੂਲ ਨਹੀਂ ਸੀ। ਸੰ 1818 ਵਿਚ ਉਸ ਨੇ ਮਿਸਰ ਦੀਵਾਨ ਚੰਦ ਦੀ ਕਮਾਨ ਹੇਠ ਮੁਲਤਾਨ ਨੂੰ ਅਧੀਨ ਕਰਨ ਲਈ ਭਾਰੀ ਸੈਨਾ ਘੱਲੀ। ਨਵਾਬ ਮੁਜ਼ੱਫਰ ਖ਼ਾਂ ਨੇ ਭਾਰੀ ਟਾਕਰਾ ਕੀਤਾ ਅਤੇ ਆਪਣੇ ਪੰਜਾਂ ਪੁੱਤਰਾਂ ਸਮੇਤ ਆਪ ਨੰਗੀ ਤਲਵਾਰ ਲੈ ਕੇ, ਅਖੀਰੀ ਸਿਪਾਹੀ ਤਕ ਕਿਲ੍ਹੇ ਦੇ ਪਾੜ ਵਿਚ ਲੜਿਆ। ਸੂਰਬੀਰ ਜੁਆਨ ਲੜਾਕੇ ਸਾਰੇ ਮਾਰੇ ਗਏ ਅਤੇ ਮੁਲਤਾਨ ਦੁਆਲੇ ਦੇ ਇਲਾਕੇ ਸਮੇਤ ਮਹਾਰਾਜ ਦੇ ਕਬਜ਼ੇ ਵਿਚ ਆ ਗਿਆ। ਮਿਸਰ ਦੀਵਾਨ ਚੰਦ ਨੂੰ "ਮੁਲਤਾਨ ਦਾ ਜੇਤੂ" ਦਾ ਖਤਾਬ ਦਿੱਤਾ ਗਿਆ। ਆਉਂਦੇ ਸਾਲ ਰਣਜੀਤ ਸਿੰਘ ਨੇ ਕਸ਼ਮੀਰ ਤੇ ਕਬਜ਼ਾ ਕਰ ਲਿਆ ਅਤੇ 1820 ਤਕ ਉਹ ਸਤਲੁਜ ਤੋਂ ਸਿੰਧ ਅਤੇ ਕਸ਼ਮੀਰ ਤਕ ਅਤੇ ਤਿੱਬਤ ਦੀਆਂ ਜੂਹਾਂ ਦੇ ਪਹਾੜੀ ਇਲਾਕੇ ਤਕ ਸਾਰੇ ਪੰਜਾਬ ਦਾ ਹੁਕਮਰਾਨ ਮੰਨ ਲਿਆ ਗਿਆ। ਅਗਲੇ ਦੋ ਜਾਂ ਤਿੰਨ ਵਰ੍ਹਿਆਂ ਵਿਚ ਉਸ ਨੇ ਪੇਸ਼ਾਵਰ ਦਾ ਸੂਬਾ ਅਤੇ ਬਹੁਤ ਸਾਰਾ ਸਿੰਧੋਂ ਪਾਰ ਦਾ ਇਲਾਕਾ ਜਿਹੜਾ ਹੁਣ ਉੱਤਰੀ ਪੱਛਮੀ ਸਰਹੱਦ ਅਖਵਾਉਂਦਾ ਹੈ, ਜਿੱਤ ਲਿਆ। ਇਸ ਸੂਬੇ ਨੂੰ ਕਾਬੂ ਕਰਨ ਅਤੇ ਸੰਭਾਲਣ ਲਈ ਉਸ ਨੂੰ ਭਾਰੀ ਮੁੱਲ ਤਾਰਨਾ ਪਿਆ ਜਿਸ ਵਿਚ ਉਸ ਦੇ ਅਤਿ ਜੋਸ਼ੀਲੇ ਜਰਨੈਲ ਹਰੀ ਸਿੰਘ ਨਲੂਏ ਦੀ ਮੌਤ ਵੀ ਸ਼ਾਮਿਲ ਹੈ। ਪਰ ਆਪਣੇ ਜੀਵਨ ਦੀ ਅਖੀਰਲੀ ਘੜੀ ਤਕ ਉਸ ਨੇ ਇਸ ਸੂਬੇ ਤੇ ਆਪਣਾ ਅਸਰ ਬਣਾਈ ਰਖਿਆ। ਆਪਣੇ ਇਲਾਕੇ ਤੇ ਉਸ ਅਖੀਰ ਦਮ ਤਕ ਇਤਨਾ ਦ੍ਰਿੜ੍ਹ ਕਾਬੂ ਰਖਿਆ ਕਿ ਉਸ ਦੀ ਮੌਤ ਤੋਂ ਪਿੱਛੋਂ ਵੀ ਖ਼ਾਲਸੇ ਵਿਰੁੱਧ ਕੋਈ ਸਿਰ ਨ ਚੁੱਕ ਸਕਿਆ।

ਇਨ੍ਹਾਂ ਜਿੱਤਾਂ ਨਾਲ ਰਣਜੀਤ ਸਿੰਘ ਦੀ ਅਭਿਲਾਸ਼ਾ ਤ੍ਰਿਪਤ ਨ ਹੋਈ। ਉਹ ਸਾਰੇ ਸਿੱਖਾਂ ਅਤੇ ਸਾਰੀਆਂ ਸਿੱਖ ਰਿਆਸਤਾਂ ਦਾ ਮੁਖੀਆ ਬਣਨਾ ਚਾਹੁੰਦਾ ਸੀ। ਉਹ ਸਿੰਧ ਨੂੰ ਵੀ ਆਪਣੇ ਰਾਜ ਵਿਚ ਮਿਲਾ ਕੇ ਸਮੁੰਦਰ ਤਕ ਰਸਾਈ ਕਰਨਾ ਚਾਹੁੰਦਾ ਸੀ ਪਰ ਬਰਤਾਨਵੀ ਸਰਕਾਰ ਦੀ ਯੁੱਧ ਦੀ ਧਮਕੀ ਨੇ ਉਸ ਦੀ ਇਹ ਇੱਛਾ ਪੂਰੀ ਨ ਹੋਣ ਦਿੱਤੀ। ਆਪਣੇ ਵਿਜੇਤਾ ਜੀਵਨ ਦੇ ਮੁਢਲੇ ਦਿਨਾਂ ਵਿਚ ਉਸ ਨੇ ਸਤਲੁਜ ਪਾਰ ਕਰ ਲਿਆ ਸੀ ਅਤੇ ਉਹ ਆਸਾਨੀ ਨਾਲ ਪਟਿਆਲਾ, ਜੀਂਦ, ਨਾਭਾ, ਫਰੀਦਕੋਟ ਆਦਿ ਦੀਆਂ ਰਿਆਸਤਾਂ ਨੂੰ ਆਪਣੇ ਅਧੀਨ ਕਰ ਸਕਦਾ ਸੀ। ਇਹ ਸਰਦਾਰ ਪਹਿਲਾਂ ਪਹਿਲ ਮਰਹੱਟਿਆਂ ਦੀ ਰੱਖਿਆ ਵਿਚ ਸਨ ਪਰ ਜਦ ਅੰਗ੍ਰੇਜ਼ਾਂ ਨੇ ਮਰਹੱਟਿਆਂ ਨੂੰ ਹਰਾ ਦਿੱਤਾ, ਤਾਂ ਉਨ੍ਹਾਂ ਨੂੰ ਨਿਰਣਾ ਕਰਨਾ ਪਿਆ ਕਿ ਉਹ ਆਪਣਾ ਸੰਬੰਧ ਕਿਸ ਨਾਲ ਜੋੜਨ। ਮੈਨੂੰ ਮੇਰੇ ਇਕ ਚਾਚੇ ਨੇ ਦਸਿਆ ਕਿ ਇਕ ਇਕੱਤਰਤਾ ਵਿਚ ਉਨ੍ਹਾਂ ਨੇ ਇਹ ਫੈਸਲਾ ਕਿਸ ਤਰ੍ਹਾਂ ਕੀਤਾ। ਉਨ੍ਹਾਂ ਨੇ ਰਣਜੀਤ ਸਿੰਘ ਤੇ ਅੰਗ੍ਰੇਜ਼ਾਂ ਵਿਚੋਂ ਇਕ ਦੀ ਅਧੀਨਗੀ ਨੂੰ ਚੁਣਨਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਉਨ੍ਹਾਂ ਦੀ ਹੋਂਦ ਨੂੰ ਦੋਵੇਂ ਪਾਸਿਉਂ ਖਤਰਾ ਹੈ। ਕਾਫੀ ਸੋਚ-ਵਿਚਾਰ ਪਿੱਛੋਂ ਉਹ ਇਸ

ਸਿਟੇ ਤੇ ਪਹੁੰਚੇ ਕਿ ਰਣਜੀਤ ਸਿਘ ਹੈਜ਼ੇ ਦੇ ਸਮਾਨ ਹੈ ਅਤੇ ਅੰਗ੍ਰੇਜ਼ ਤਪਦਿਕ ਦੇ ਸਮਾਨ। ਉਨ੍ਹਾਂ ਨੇ ਅੰਗ੍ਰੇਜ਼ ਨੂੰ ਚੁਣਿਆ ਕਿਉਂਕਿ ਭਾਵੇਂ ਇਹ ਬਰਾਬਰ ਦੀ ਮਾਰੂ ਬੀਮਾਰੀ ਸੀ ਪਰ ਇਨ੍ਹਾਂ ਨੂੰ ਜੀਊਣ ਦਾ ਲੰਮੇਰਾ ਅਵਸਰ ਮਿਲ ਸਕਦਾ ਸੀ। ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਆਪਣੀ ਰੱਖਿਆ ਅਧੀਨ ਲੈ ਲਿਆ ਅਤੇ ਰਣਜੀਤ ਸਿੰਘ ਨੂੰ ਅੰਗ੍ਰੇਜ਼ੀ ਸਰਕਾਰ ਨਾਲ ਇਕ ਸੰਧੀ ਅਧੀਨ ਪਿਛਾਂਹ ਹਟਣਾ ਪਿਆ। ਉਸ ਨੂੰ ਭਾਰੀ ਰੰਜ ਹੋਇਆ ਪਰ ਬਰਤਾਨਵੀ ਸਰਕਾਰ ਦੀ ਸ਼ਕਤੀ ਨੂੰ ਭਾਂਪਦਿਆਂ ਉਹ ਚੁਪ ਕਰ ਰਿਹਾ ਅਤੇ ਵਫ਼ਾਦਾਰੀ ਨਾਲ ਉਮਰ ਭਰ ਸੰਧੀ ਤੇ ਕਾਇਮ ਰਿਹਾ।

ਰਣਜੀਤ ਸਿੰਘ ਨੇ ਪੰਜਾਬ, ਸਰਹੱਦੀ ਸੂਬੇ ਅਤੇ ਕਸ਼ਮੀਰ ਤੇ ਲਗਭਗ ਚਾਲੀ ਵਰ੍ਹੇ ਰਾਜ ਕੀਤਾ। ਪੰਜਾਬ ਨੂੰ ਮਹਾਨ ਅਕਬਰ ਦੀ ਮੌਤ ਪਿੱਛੋਂ ਪਹਿਲੀ ਵਾਰ ਧਾਰਮਿਕ ਕੱਟੜਤਾ, ਹਠਧਰਮੀ ਅਤੇ ਅਤਿਆਚਾਰਾਂ ਤੋਂ ਸ਼ਾਂਤੀ ਅਤੇ ਸੁਤੰਤਰਤਾ ਪ੍ਰਾਪਤ ਹੋਈ। ਸ਼ਾਸਨ-ਪ੍ਰਬੰਧ ਵਰਤਮਾਨ ਵਿਸਤ੍ਰਿਤ ਰਾਜ-ਪ੍ਰਬੰਧ ਦੇ ਟਾਕਰੇ ਵਿਚ ਸਿੱਧਾ-ਸਾਦਾ ਸੀ। ਪਰ ਉਸ ਸਮੇਂ ਦੀਆਂ ਅਣ-ਯੂਰਪੀ ਰਿਆਸਤਾਂ ਦੇ ਟਾਕਰੇ ਵਿਚ ਇਹ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਅੱਜ ਕਲ੍ਹ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਅਤੇ ਹੋਰ ਸੈਨਾਵਾਂ ਹੋਣ ਦੇ ਬਾਵਜੂਦ ਵੀ ਕਤਲ ਦੀਆਂ ਵਾਰਦਾਤਾਂ ਅੱਜ ਦੇ ਸਮੇਂ ਤੋਂ ਉਸ ਸਮੇਂ ਬਹੁਤ ਘੱਟ ਸਨ।

ਵਟਾਈ ਪ੍ਰਣਾਲੀ ਤੇ ਆਧਾਰਿਤ ਲਗਾਨ ਦਾ ਭਾਰ ਕੁਝ ਜ਼ਿਆਦਾ ਹੀ ਸੀ ਪਰ ਇਨਾ ਜ਼ਿਆਦਾ ਮਹਿਸੂਸ ਨਹੀਂ ਸੀ ਹੁੰਦਾ ਜਿੰਨੀ ਕਿ ਬਰਤਾਨਵੀ ਸਰਕਾਰ ਦੀ ਨਕਦੀ ਦੇ ਰੂਪ ਵਿਚ ਚਲਾਈ ਪ੍ਰਣਾਲੀ।

ਦੂਜੇ ਪੱਖਾਂ ਵਿਚ ਪੰਜਾਬੀਆਂ ਨੂੰ ਸਰਕਾਰੀ ਮੁਦਾਖਲਤ ਤੋਂ ਪੂਰਣ ਸੁਤੰਤਰਤਾ ਸੀ ਕਿਉਂਕਿ ਕੇਵਲ ਲਗਾਨ ਉਗਰਾਹੁਣ ਲਈ ਹੀ ਸਰਕਾਰ ਦਾ ਲੋਕਾਂ ਨਾਲ ਵਾਹ ਪੈਂਦਾ ਸੀ ਅਤੇ ਇਹ ਵੀ ਬਹੁਤ ਘੱਟ ਲੋਕਾਂ ਨਾਲ। ਉਨ੍ਹੀਂ ਦਿਨੀਂ ਨ ਤਾਂ ਅੱਜ ਕਲ੍ਹ ਵਰਗੀ ਪੁਲਿਸ ਤੇ ਨ ਹੀ ਕੋਈ ਅਦਾਲਤਾਂ ਸਨ। ਕੋਈ ਹਥਿਆਰ ਕਾਨੂੰਨ ਨਹੀਂ ਸੀ ਅਤੇ ਲੋਕ ਪੁਲਿਸ ਦੀ ਸਹਾਇਤਾ ਤੋਂ ਬਿਨਾਂ ਹੀ ਆਪਣੀ ਰੱਖਿਆ ਕਰ ਸਕਦੇ ਸਨ ਅਤੇ ਆਪਣੇ ਸਾਰੇ ਝਗੜੇ ਪੰਚਾਇਤਾਂ ਦੁਆਰਾ ਸੁਲਝਾ ਲੈਂਦੇ ਸਨ। ਇਹ ਪੰਚਾਇਤਾਂ ਸਰਕਾਰ ਦੀਆਂ ਬਣਾਈਆਂ ਹੋਈਆਂ ਨਹੀਂ ਸਨ ਹੁੰਦੀਆਂ ਸਗੋਂ ਇਹ ਪਿੰਡ ਦੇ ਅਜੇਹੇ ਬਜ਼ੁਰਗਾਂ ਦੀਆਂ ਉਚੇਚੀਆਂ ਕਮੇਟੀਆਂ ਹੁੰਦੀਆਂ ਸਨ ਜਿਹੜੇ ਕਿ ਆਪਣੀ ਈਮਾਨਦਾਰੀ ਅਤੇ ਨਿਰਪੱਖਤਾ ਲਈ ਪ੍ਰਸਿੱਧ ਹੁੰਦੇ ਸਨ। ਉਹ ਕਿਸੇ ਭਾਂਤ ਦੀ ਕਾਰਜ ਵਿਧੀ ਨਾਲ ਬੱਝੇ ਹੋਏ ਨਹੀਂ ਸਨ। ਉਹ ਸਾਰੇ ਮੁਕੱਦਮਿਆਂ ਦੇ ਫੈਸਲੇ ਨਿਜੀ ਗਿਆਨ ਜਾਂ ਜਿਥੇ ਜ਼ਬਾਨੀ ਗਵਾਹੀਆਂ ਦੀ ਲੋੜ ਪੈਂਦੀ ਸੀ ਉਥੇ ਉਨ੍ਹਾਂ ਵਿਅਕਤੀਆਂ ਜਿਨ੍ਹਾਂ ਦਾ ਸਮਾਜਕ ਦਰਜਾ ਅਤੇ ਆਚਰਣ ਉਨ੍ਹਾਂ ਨੂੰ ਚੰਗੀ ਤਰ੍ਹਾਂ ਗਿਆਤ ਹੁੰਦਾ ਸੀ, ਦੇ ਬਿਆਨਾਂ ਦੇ ਆਧਾਰ ਤੇ ਕਰਦੇ ਸਨ। ਇਨ੍ਹਾਂ ਪੰਚਾਇਤਾਂ ਦੀ

ਇਨੀ ਮਾਣਤਾ ਹੁੰਦੀ ਸੀ ਕਿ ਇਨ੍ਹਾਂ ਅੱਗੇ ਕਿਸੇ ਧਿਰ ਦਾ ਵੀ ਝੂਠ ਬੋਲਣ ਦਾ ਹੀਆ ਨਹੀਂ ਸੀ ਪੈਂਦਾ।

ਸਮੁੱਚੇ ਤੌਰ ਤੇ ਲੋਕ ਸੁਖੀ ਸਨ। ਉਹ ਆਪਣੇ ਮਹਾਰਾਜੇ ਨੂੰ ਤੇ ਮਹਾਰਾਜਾ ਪਰਜਾ ਨੂੰ ਪਿਆਰ ਕਰਦਾ ਸੀ। ਜਦੋਂ 1839 ਵਿਚ ਮਹਾਰਾਜਾ ਦਾ ਦੇਹਾਂਤ ਹੋਇਆ ਤਾਂ ਸਾਰੇ ਦੇਸ਼ ਵਿਚ ਸ਼ੋਕ ਛਾ ਗਿਆ ਅਤੇ ਹਰੇਕ ਨੇ ਮਹਿਸੂਸ ਕੀਤਾ ਜਿਵੇਂ ਉਸ ਦਾ ਆਪਣਾ ਪਿਤਾ ਅਤੇ ਸਰਪ੍ਰਸਤ ਸੁਰਗਵਾਸ ਹੋ ਗਿਆ ਹੋਵੇ। ਹਰ ਪਾਸੇ ਇਹ ਮਹਿਸੂਸ ਕੀਤਾ ਗਿਆ ਕਿ ਉਸ ਦੀ ਮੌਤ ਨਾਲ ਪੰਜਾਬ ਦੇ ਸਿਰ ਦਾ ਸੁਆਮੀ ਚਲਾਣਾ ਕਰ ਗਿਆ ਹੈ।

ਅਧਿਆਇ ੨੦

ਮਹਾਰਾਜੇ ਪਿੱਛੋਂ ਤਬਾਹੀ

"ਮੇਰੇ ਪਿੱਛੋਂ ਤਬਾਹੀ।" ਇਹ ਗੱਲ ਇਕ ਫਰਾਂਸੀਸੀ ਬਾਦਸ਼ਾਹ ਨੇ ਉਨ੍ਹਾਂ ਦੁਰ-ਘਟਨਾਵਾਂ ਬਾਰੇ ਪਹਿਲੋਂ ਹੀ ਆਖ ਦਿੱਤੀ ਸੀ ਜਿਹੜੀਆਂ ਉਹ ਸਮਝਦਾ ਸੀ,ਫਰਾਂਸ ਵਿਚ ਉਸ ਦੀ ਮੌਤ ਪਿੱਛੋਂ ਵਾਪਰਣਗੀਆਂ। ਅਤੇ ਅਜੇਹਾ ਕੁਝ ਹੀ ਪੰਜਾਬ ਵਿਚ ਰਣਜੀਤ ਸਿੰਘ ਦੇ ਦੇਹਾਂਤ ਤੋਂ ਤੁਰੰਤ ਬਾਦ ਵਾਪਰਿਆ। ਇਕ ਵਾਰ ਉਸ ਨੇ ਪੁਛਿਆ ਕਿ ਭਾਰਤ ਦੇ ਨਕਸ਼ੇ ਤੇ ਪਏ ਲਾਲ ਨਿਸ਼ਾਨਾਂ ਦਾ ਕੀ ਅਰਥ ਹੈ। ਜੁਆਬ ਮਿਲਣ ਤੇ ਉਸ ਨੇ ਹਉਕਾ ਭਰ ਕੇ ਕਿਹਾ ਸੀ, "ਇਕ ਦਿਨ ਸਭ ਲਾਲ ਹੋ ਜਾਏਗਾ।" ਪਰ ਉਸ ਨੂੰ ਵੀ ਕਦੀ ਖਿਆਲ ਨਹੀਂ ਸੀ ਆਇਆ ਕਿ ਉਹ ਢਾਂਚਾ ਜਿਸ ਨੂੰ ਬਣਾਉਣ ਲਈ ਸਿੱਖਾਂ ਦੇ ਸੌ ਸਾਲ ਲੱਗ ਗਏ ਸਨ ਅਤੇ ਉਹ ਰਾਜ ਜਿਸ ਨੂੰ ਸੰਗਠਿਤ ਕਰਨ ਲਈ ਉਸ ਨੂੰ ਚਾਲੀ ਵਰ੍ਹੇ ਲੱਗ ਗਏ ਸਨ, ਉਸ ਦੀ ਮੌਤ ਦੇ ਨਾਲ ਹੀ ਖੇਰੂੰ ਖੇਰੂੰ ਹੋ ਜਾਵੇਗਾ। ਇਹੀ ਵਾਸਤਵ ਵਿਚ ਵਾਪਰਿਆ। ਉਸ ਦਾ ਪੁੱਤਰ ਖੜਕ ਸਿੰਘ ਜਿਹੜਾ ਉਸ ਦਾ ਉੱਤਰ-ਅਧਿਕਾਰੀ ਬਣਿਆ, ਘੱਟ ਬੁੱਧੀ ਵਾਲਾ ਮਨੁੱਖ ਸੀ ਅਤੇ ਉਨ੍ਹਾਂ ਗੁਣਾਂ ਤੋਂ ਪੂਰਨ ਤੌਰ ਤੇ ਸੱਖਣਾ ਸੀ ਜਿਨ੍ਹਾਂ ਦੇ ਸਦਕਾ ਉਸ ਦਾ ਪਿਤਾ ਹਰੇਕ ਵਿਅਕਤੀ ਨੂੰ ਆਪਣੇ ਕਾਬੂ ਵਿਚ ਰੱਖਣ ਦੇ ਯੋਗ ਸਿੱਧ ਹੋਇਆ ਸੀ। ਇਥੋਂ ਤਕ ਕਿ ਖੜਕ ਸਿੰਘ ਦਾ ਆਪਣਾ ਪੁੱਤਰ ਅਤੇ ਉੱਤਰ-ਅਧਿਕਾਰੀ ਨੌਨਿਹਾਲ ਸਿੰਘ ਵੀ ਉਸ ਦਾ ਜਾਂ ਉਸ ਦੀਆਂ ਭਾਵਨਾਵਾਂ ਦਾ ਕੋਈ ਆਦਰ ਨਹੀਂ ਸੀ ਕਰਦਾ। ਆਪਣੇ ਪਿਤਾ ਦੀ ਗੱਦੀ-ਨਸ਼ੀਨੀ ਤੋਂ ਛੇਤੀ ਹੀ ਪਿੱਛੋਂ ਅਤੇ ਖੁੱਲ੍ਹੇ ਦਰਬਾਰ ਉਸ ਦੀ ਹਾਜ਼ਰੀ ਵਿਚ ਨੌਨਿਹਾਲ ਸਿੰਘ ਨੇ ਖੜਕ ਸਿੰਘ ਦੇ ਇਕ ਨਿਜੀ ਮਿੱਤਰ ਤੇ ਚਹੇਤੇ ਦਰਬਾਰੀ ਚੇਤ ਸਿੰਘ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਸੀ। 'ਇਹ ਦਰਬਾਰ ਖੂਹ ਵਿਚ ਡਿੱਗੇ' ਕਹਿ ਕੇ ਖੜਕ ਸਿੰਘ ਨੇ ਆਪਣੇ ਪੁੱਤਰ ਨੂੰ ਇਕ ਨਿਰਦੋਸ਼ ਆਦਮੀ ਦੇ ਕਤਲ ਲਈ ਸਰਾਪ ਦੇ ਦਿੱਤਾ। ਇਹ ਸੱਟ ਉਸ ਲਈ ਅਸਹਿ ਸੀ ਜਿਸ ਕਰਕੇ ਉਹ ਬੀਮਾਰ ਪੈ ਗਿਆ ਅਤੇ ਕੋਈ ਇਕ ਸਾਲ ਉਪਰੰਤ ਹੀ ਉਸ ਦੀ ਮੌਤ ਹੋ ਗਈ। ਉਸ ਦੇ ਸਰਾਪ ਨੇ ਬੜੀ ਛੇਤੀ ਅਸਰ ਦਿਖਾ-ਇਆ। ਜਦੋਂ ਨੌਨਿਹਾਲ ਸਿੰਘ ਆਪਣੇ ਪਿਤਾ ਦਾ ਦਾਹ-ਸੰਸਕਾਰ ਕਰ ਕੇ ਦਰਿਆ ਵਲੋਂ

ਪਰਤ ਰਿਹਾ ਸੀ, ਅਤੇ ਆਪਣੇ ਮਿੱਤਰ ਊਧਮ ਸਿੰਘ ਨਾਲ ਹਜ਼ੂਰੀ ਬਾਗ ਦੇ ਉੱਤਰੀ ਦਰਵਾਜ਼ੇ ਵਿਚੋਂ ਦੀ ਲੰਘ ਰਿਹਾ ਸੀ, ਤਾਂ ਇਕ ਜੰਗਲਾ ਜਿਹੜਾ ਕਿਸੇ ਨੇ ਇਸ ਮਤਲਬ ਲਈ ਹਿਲਾ ਰਖਿਆ ਸੀ, ਦੋਹਾਂ ਤੇ ਆ ਡਿੱਗਾ ਜਿਸ ਦੇ ਸਿੱਟੇ ਵਜੋਂ ਊਧਮ ਸਿੰਘ ਤਾਂ ਮੌਕੇ ਤੇ ਹੀ ਮਾਰਿਆ ਗਿਆ ਅਤੇ ਨੌਨਿਹਾਲ ਸਿੰਘ ਦੇ ਸਖਤ ਸੱਟਾਂ ਲੱਗੀਆਂ, ਜਿਨ੍ਹਾਂ ਕਰਕੇ ਉਹ ਕੁਝ ਹੀ ਦਿਨਾਂ ਵਿਚ ਦਮ ਤੋੜ ਗਿਆ। ਉਸ ਦੀ ਮੌਤ ਨੇ ਦਰਬਾਰ ਵਿਚ ਅਰਾਜਕਤਾ ਦਾ ਹੜ੍ਹ ਲੈ ਆਂਦਾ। ਖੜਕ ਸਿੰਘ ਦੀ ਵਿਧਵਾ ਰਾਣੀ ਚੰਦ ਕੌਰ ਨੇ ਰਾਜ ਦੀ ਵਾਗ ਡੋਰ ਆਪਣੇ ਹੱਥਾਂ ਵਿਚ ਲੈ ਲਈ ਅਤੇ ਰਾਜਾ ਧਿਆਨ ਸਿੰਘ ਮੁੱਖ ਮੰਤਰੀ ਦੇ ਤੌਰ ਤੇ ਕੰਮ ਕਰਦਾ ਰਿਹਾ। ਸ਼ੇਰ ਸਿੰਘ ਜਿਹੜਾ ਉਸ ਵੇਲੇ ਬਟਾਲੇ ਦਾ ਸੂਬੇਦਾਰ ਸੀ, ਮਾਤਮ ਕਰਨ ਲਈ ਅਤੇ ਇਹ ਵੇਖਣ ਲਈ ਕਿ ਤਖਤ ਤੇ ਕਬਜ਼ਾ ਕਰਨ ਦਾ ਕੀ ਉਸ ਲਈ ਵੀ ਕੋਈ ਅਵਸਰ ਹੈ, ਤੁਰੰਤ ਲਾਹੌਰ ਪੁੱਜਾ। ਚੰਦ ਕੌਰ ਨੂੰ ਪਹਿਲਾਂ ਹੀ ਸ਼ੱਕ ਸੀ ਜਿਸ ਕਰਕੇ ਸ਼ੇਰ ਸਿੰਘ ਦੇ ਮਹਿਲ ਵਿਚ ਪੈਰ ਰਖਦਿਆਂ ਹੀ ਉਸ ਨੂੰ ਕਤਲ ਕਰਨ ਦੀਆਂ ਹਿਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਰਾਜਾ ਧਿਆਨ ਸਿੰਘ ਨੇ ਰਾਜਕੁਮਾਰ ਨੂੰ ਚੇਤਾਵਨੀ ਦੇ ਦਿੱਤੀ ਜਿਸ ਕਰਕੇ ਉਹ ਬਚ ਨਿਕਲਿਆ। ਪਰ ਛੇਤੀ ਹੀ ਰਾਜਾ ਛੁੱਟੀ ਤੇ ਜੰਮੂ ਚਲਾ ਗਿਆ ਅਤੇ ਉਥੋਂ ਸ਼ੇਰ ਸਿੰਘ ਨੂੰ ਫੌਜਾਂ ਸਮੇਤ ਲਾਹੌਰ ਪੁੱਜਣ ਲਈ ਲਿਖਿਆ। ਸ਼ੇਰ ਸਿੰਘ ਬਹੁਤ ਛੇਤੀ ਲਾਹੌਰ ਪੁੱਜ ਗਿਆ ਅਤੇ ਰਾਣੀ ਦੀਆਂ ਫੌਜਾਂ ਨਾਲ ਤਿੱਖੀ ਲੜਾਈ ਪਿੱਛੋਂ ਉਸ ਨੇ ਕਿਲ੍ਹੇ ਤੇ ਕਬਜ਼ਾ ਕਰ ਕੇ ਰਾਣੀ ਨੂੰ ਕੈਦ ਕਰ ਲਿਆ। ਪਰ ਉਸ ਨੇ ਉਸ ਨੂੰ ਆਪਣੀ ਸੱਤਾ ਦੇ ਰਾਹ ਵਿਚ ਸਦੀਵੀ ਅੜਿਕਾ ਸਮਝਦੇ ਹੋਏ ਇਕ ਸਾਲ ਜਾਂ ਇਸ ਤੋਂ ਕੁਝ ਹੀ ਸਮਾਂ ਪਿੱਛੋਂ ਉਸ ਦੀਆਂ ਗੋਲੀਆਂ ਦੇ ਹੱਥੀਂ ਮਰਵਾ ਦਿੱਤਾ। ਕੰਘੀ-ਪੱਟੀ ਕਰਦੀਆਂ ਨੇ ਉਸ ਦਾ ਸਿਰ ਰੋੜਿਆਂ ਨਾਲ ਫੇਹ ਸੁਟਿਆ। ਸ਼ੇਰ ਸਿੰਘ ਨੇ ਕਤਲ ਦੇ ਦੂਸ਼ਨ ਤੋਂ ਬਚਣ ਲਈ ਇਨ੍ਹਾਂ ਗੋਲੀਆਂ ਦੇ ਨੱਕ ਕੰਨ ਕਟਵਾ ਕੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ। ਇਸ ਬੇਤਰਸੀ ਨੇ ਸੰਧਾ-ਵਾਲੀਆ ਸਰਦਾਰਾਂ ਦਾ ਸ਼ੇਰ ਸਿੰਘ ਵਿਰੁੱਧ ਕਰੋਧ ਭੜਕਾ ਦਿੱਤਾ, ਕਿਉਂਕਿ ਭਾਵੇਂ ਉਹ ਕਿੰਨੇ ਹੀ ਦੂਰ ਸਨ ਫੇਰ ਵੀ ਮਹਾਰਾਜ ਰਣਜੀਤ ਸਿੰਘ ਦੇ ਸ਼ਰੀਕ ਹੋਣ ਦੀ ਹੈਸੀਅਤ ਵਿਚ ਉਹ ਸ਼ੇਰ ਸਿੰਘ ਨੂੰ ਇਕ ਰਾਜ ਅਪਹਾਰੀ ਸਮਝਦੇ ਸਨ, ਕਿਉਂਕਿ ਉਸ ਦਾ ਮਹਾਨ ਮਹਾਰਾਜੇ ਦਾ ਜਾਇਜ਼ ਪੁੱਤਰ ਹੋਣ ਬਾਰੇ ਸ਼ਕ ਸੀ। ਇਕ ਸੰਗਰਾਂਦ ਨੂੰ ਸ਼ੇਰ ਸਿੰਘ ਸਦਾ ਵਾਂਗ ਪੂਜਾ ਕਰਨ ਲਈ ਹਕੀਕਤ ਰਾਏ ਧਰਮੀ ਦੀ ਸਮਾਧ ਦੇ ਨੇੜੇ ਬਾਗ ਵਿਚ ਗਿਆ ਹੋਇਆ ਸੀ। ਅਜੀਤ ਸਿੰਘ ਉਸ ਕੋਲ ਪੁੱਜਾ ਅਤੇ ਉਸ ਨੂੰ ਇਕ ਪੁਰਾਣੀ ਕਿਸਮ ਦੀ ਪਸਤੌਲ ਵਿਖਾਈ ਜਿਹੜੀ ਉਸ ਨੇ ਦੱਸੀ ਕਿ ਸਭ ਤੋਂ ਨਵੀਂ ਕਿਸਮ ਦੀ ਹੈ ਅਤੇ ਪਸਤੌਲ ਪਕੜਾਉਣ ਲੱਗੇ ਨੇ ਪਸਤੌਲ ਦਾ ਘੋੜਾ ਦਬਾ ਕੇ ਮਹਾਰਾਜੇ ਨੂੰ ਉਸੇ ਥਾਂ ਢੇਰੀ ਕਰ ਦਿੱਤਾ। ਉਸੇ ਦੌਰਾਨ ਉਸ ਦਾ ਚਾਚਾ ਲਹਿਣਾ ਸਿੰਘ ਸ਼ੇਰ ਸਿੰਘ ਦੇ ਬਾਰਾਂ ਵਰ੍ਹਿਆਂ ਦੇ ਪੁੱਤਰ ਅਤੇ ਉੱਤਰ-ਅਧਿਕਾਰੀ ਪ੍ਰਤਾਪ ਸਿੰਘ ਵਲ ਦੌੜਿਆ ਜੋ ਉਸ ਸਮੇਂ ਬ੍ਰਾਹਮਣਾਂ ਨਾਲ ਹਵਨ ਕਰਵਾ ਰਿਹਾ ਸੀ ਅਤੇ ਉਸ

ਦੀਆਂ ਦਰਦ ਭਰੀਆਂ ਮਿੰਨਤਾਂ ਦੇ ਬਾਵਜੂਦ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ।

ਮਹਾਰਾਜੇ ਅਤੇ ਉਸ ਦੇ ਉੱਤਰ-ਅਧਿਕਾਰੀ ਨੂੰ ਖਤਮ ਕਰਨ ਪਿਛੋਂ ਰਾਜ-ਘਾਤੀ ਕਿਲ੍ਹੇ ਵਲ ਵਧੇ। ਉਹ ਮੁੱਖ ਮੰਤਰੀ ਨੂੰ ਮਿਲੇ ਅਤੇ ਅਜੇ ਉਹ ਉਸ ਨੂੰ ਪੁੱਛ ਹੀ ਰਹੇ ਸਨ ਕਿ ਰਾਣੀ ਚੰਦ ਕੌਰ ਦਾ ਕਤਲ ਕਿਥੇ ਅਤੇ ਕਿਵੇਂ ਕੀਤਾ ਗਿਆ ਸੀ, ਕਿ ਉਨ੍ਹਾਂ ਦੇ ਇਕ ਅਰਦਲੀ ਨੇ ਮੁੱਖ ਮੰਤਰੀ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਫੇਰ ਸੰਧਾਵਾਲੀਏ ਬਾਲ-ਰਾਜਕੁਮਾਰ ਦਲੀਪ ਸਿੰਘ ਨੂੰ ਮਿਲੇ, ਉਸ ਦੇ ਮੱਥੇ ਉਤੇ ਰਾਜਾ ਧਿਆਨ ਸਿੰਘ ਦੇ ਖੂਨ ਦਾ ਟਿੱਕਾ ਲਾਇਆ, ਉਸ ਦੇ ਦੁਆਲੇ ਵਫਾਦਾਰੀ ਅਤੇ ਸਮਰਪਣ ਦੀ ਨਿਸ਼ਾਨੀ ਵਜੋਂ ਚਾਰ ਵਾਰ ਪਰਿਕ੍ਰਮਾ ਕੀਤੀ ਅਤੇ ਕਿਹਾ ਕਿ ਹੁਣ ਉਹ ਪੰਜਾਬ ਦਾ ਰਾਜਾ ਹੈ ਅਤੇ ਉਹ ਸਦਾ ਉਸ ਦੀ ਸੇਵਾ ਵਿਚ ਹਾਜ਼ਰ ਰਹਿਣਗੇ।

ਰਾਜਾ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੇ ਜਦ ਆਪਣੇ ਪਿਤਾ ਦੇ ਕਤਲ ਬਾਰੇ ਸੁਣਿਆ ਤਾਂ ਉਹ ਕ੍ਰੋਧ ਨਾਲ ਕਪੜਿਆਂ ਤੋਂ ਬਾਹਰ ਹੋ ਗਿਆ। ਉਹ ਆਪਣੀਆਂ ਫੌਜਾਂ ਲੈ ਕੇ ਸੰਧਾਵਾਲੀਆ ਤੇ ਚੜ੍ਹ ਆਇਆ। ਉਸ ਨੇ ਉੱਨਾ ਚਿਰ ਅਨ-ਜਲ ਨ ਕੀਤਾ ਜਦੋਂ ਤੀਕ ਕਿ ਭਾਰੀ ਟਾਕਰੇ ਪਿਛੋਂ ਸੰਧਾਵਾਲੀਆਂ ਦਾ ਖਾਤਮਾ ਨ ਕਰ ਦਿੱਤਾ।

ਹੁਣ ਇਹ ਗੱਲ ਸਪਸ਼ਟ ਹੋ ਚੁੱਕੀ ਸੀ ਕਿ ਹੁਲੜਬਾਜ਼ੀ ਦਾ ਰਾਜ ਆਰੰਭ ਹੋ ਚੁਕਿਆ ਹੈ ਅਤੇ ਰਾਜ-ਸਰਕਾਰ ਨਾਲ ਸੰਬੰਧਿਤ ਕਿਸੇ ਵੀ ਉਘੇ ਵਿਅਕਤੀ ਦਾ ਜੀਵਨ ਸੁਰੱਖਿਅਤ ਨਹੀਂ। ਇਹੀ ਵੇਲਾ ਸੀ ਜਦੋਂ ਸਿੱਖਾਂ ਵਿਚ ਇਕੋ ਇਕ ਸੂਝਵਾਨ ਵਿਅਕਤੀ ਸ. ਲਹਿਣਾ ਸਿੰਘ ਮਜੀਠੀਆ[1] ਨਿਰਾਸ਼ਾ ਤੇ ਦੁੱਖ ਦੀ ਹਾਲਤ ਵਿਚ ਪੰਜਾਬ ਛੱਡ ਕੇ ਹਰਦੁਆਰ ਅਤੇ ਹੋਰ ਧਾਰਮਿਕ ਸਥਾਨਾਂ ਤੇ ਤੀਰਥ ਯਾਤਰਾ ਲਈ ਚਲਾ ਗਿਆ। ਉਸ ਉਪਰ ਦੇਸ਼ ਭਗਤੀ ਦੀ ਘਾਟ ਦਾ ਦੋਸ਼ ਠੀਕ ਹੀ ਲਾਇਆ ਜਾਂਦਾ ਹੈ। ਆਪਣੇ ਸਮੇਂ ਦਾ ਅਤਿ ਬੁੱਧੀਮਾਨ ਸਿੱਖ ਹੋਣ ਦੇ ਨਾਤੇ ਉਸ ਨੂੰ ਇਸ ਔਖੇ ਸਮੇਂ ਵਿਚ ਆਪਣੀ ਪਰਜਾ ਦਾ ਸਾਥ ਦੇਣਾ ਚਾਹੀਦਾ ਸੀ, ਅਤੇ ਲੋੜ ਅਨੁਸਾਰ ਉਨ੍ਹਾਂ ਲਈ ਜਾਨ ਦੇ ਦੇਣੀ ਚਾਹੀਦੀ ਸੀ।

ਚਾਰ ਵਰ੍ਹਿਆਂ ਦਾ ਬਾਲਕ ਦਲੀਪ ਸਿੰਘ ਹੁਣ ਰਾਜਾ ਸੀ ਅਤੇ ਹੀਰਾ ਸਿੰਘ ਪ੍ਰਧਾਨ ਮੰਤਰੀ। ਪਰ ਹੀਰਾ ਸਿੰਘ ਇਕ ਕਪਟੀ ਬ੍ਰਾਹਮਣ ਜੱਲ੍ਹੇ ਦੇ ਹੱਥਾਂ ਦਾ ਪੂਰਣ ਤੌਰ ਤੇ ਖਿਡਾਉਣਾ ਸੀ ਜਿਹੜਾ ਕਿ ਇੰਨੇ ਦਬਾ ਵਾਲਾ ਸੀ ਕਿ ਹੱਥਾਂ ਵਿਚੋਂ ਨਿਕਲ ਰਹੀਆਂ ਸਿੱਖ ਫੌਜਾਂ ਉਸ ਨੂੰ ਪ੍ਰਵਾਨ ਨਹੀਂ ਸਨ ਕਰ ਸਕਦੀਆਂ। ਸਿੱਖ ਫੌਜਾਂ ਨੇ ਆਪਣੀਆਂ ਵਖਰੀਆਂ ਪੰਚਾਇਤਾਂ ਚੁਣ ਲਈਆਂ ਸਨ ਅਤੇ ਸਾਰੇ ਸਰਕਾਰੀ ਹੁਕਮਾਂ ਅਤੇ ਅਨੁਸ਼ਾਸਨ

---

1. ਉਹ ਪ੍ਰਸਿੱਧ ਪਰਉਪਕਾਰੀ ਸਰਦਾਰ ਦਿਆਲ ਸਿੰਘ ਮਜੀਠੀਆ ਜਿਹੜਾ ਲਾਹੌਰ ਦੇ 'ਟ੍ਰੀਬਿਊਨ' ਅਖਬਾਰ, ਦਿਆਲ ਸਿੰਘ ਪਬਲਿਕ ਲਾਇਬ੍ਰੇਰੀ, ਅਤੇ ਦਿਆਲ ਸਿੰਘ ਕਾਲਿਜ ਲਾਹੌਰ ਦਾ ਬਾਨੀ ਸੀ, ਦਾ ਪਿਤਾ ਸੀ।

ਵਿਧੀਆਂ ਨੂੰ ਜਿਹੜੀਆਂ ਉਨ੍ਹਾਂ ਨੂੰ ਠੀਕ ਨਹੀਂ ਜਾਪਦੀਆਂ ਸਨ, ਲਾਂਭੇ ਰੱਖ ਕੇ, ਆਪਣੇ ਹੀ ਫੈਸਲਿਆਂ ਅਨੁਸਾਰ ਕੰਮ ਕਰਦੀਆਂ ਸਨ। ਉਨ੍ਹਾਂ ਨੇ ਹੀਰਾ ਸਿੰਘ ਦੇ ਇਕ ਚਾਚੇ, ਜੰਮੂ ਦੇ ਰਾਜਾ ਸੁਚੇਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਤੌਰ ਤੇ ਸਰਕਾਰ ਸੰਭਾਲਣ ਲਈ ਸੱਦਾ ਦਿੱਤਾ। ਉਹ ਆਇਆ ਪਰੰਤੂ ਆਪਣੇ ਭਤੀਜੇ ਤੋਂ ਹਾਰ ਗਿਆ ਤੇ ਮਾਰਿਆ ਗਿਆ। ਪਰ ਸੈਨਾ ਨੇ ਹੀਰਾ ਸਿੰਘ ਅਤੇ ਉਸ ਦੇ ਧੜੇ ਲਈ ਸਖਤ ਬਿਪਤਾ ਪੈਦਾ ਕਰ ਦਿੱਤੀ। ਉਨ੍ਹਾਂ ਨੇ ਸੋਨੇ ਦੇ ਹੌਦਿਆਂ ਸਮੇਤ ਸਰਕਾਰੀ ਹਾਥੀਆਂ ਉਤੇ ਭਾਰੀ ਖਜ਼ਾਨਾ ਲੈ ਕੇ ਜੰਮੂ ਵਲ ਬਚ ਨਿਕਲਣ ਦਾ ਯਤਨ ਕੀਤਾ ਪਰ ਸਿੱਖਾਂ ਨੇ ਪਿੱਛਾ ਕੀਤਾ ਅਤੇ ਉਹ ਦੋਵੇਂ ਰਾਹ ਵਿਚ ਮਾਰੇ ਗਏ।

ਫੌਜ ਨੇ ਹੁਣ ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਨੂੰ ਪ੍ਰਧਾਨ ਮੰਤਰੀ ਚੁਣ ਲਿਆ। ਪ੍ਰਧਾਨ ਮੰਤਰੀ ਦੀ ਪਦਵੀ ਸੁੱਖਾਂ ਦੀ ਸੇਜ ਨਹੀਂ ਸੀ। ਰਾਜਧਾਨੀ ਵਿਚ ਪੂਰਣ ਅਰਾਜਕਤਾ ਛਾਈ ਹੋਈ ਸੀ। ਸਰਕਾਰ ਹਰ ਤਰ੍ਹਾਂ ਦੀ ਸ਼ਕਤੀ ਤੋਂ ਵਾਂਝੀ ਕਰ ਦਿੱਤੀ ਗਈ ਸੀ। ਸਾਰੀ ਸ਼ਕਤੀ ਫੌਜ ਨੇ ਹਥਿਆ ਲਈ ਸੀ। ਇਸ ਨੇ ਆਪਣੀਆਂ ਤਲਬਾਂ ਵਧਾ ਲਈਆਂ ਸਨ ਅਤੇ ਉਨ੍ਹਾਂ ਦੀ ਵਸੂਲੀ ਸੰਗੀਨਾਂ ਦੇ ਜ਼ੋਰ ਨਾਲ ਕੀਤੀ ਜਾਂਦੀ ਸੀ। ਸਿੱਖ ਸਿਪਾਹੀ ਕਿਲ੍ਹੇ ਨੂੰ ਅਤੇ ਸ਼ਹਿਰ ਨੂੰ ਲੁੱਟਣ ਲੱਗ ਪਏ ਸਨ, ਜਿਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਪ੍ਰਧਾਨ ਮੰਤਰੀ ਤੋਂ ਬੇਅੰਤ ਮੰਗਾਂ ਮੰਗੀਆਂ ਗਈਆਂ, ਜਿਨ੍ਹਾਂ ਨੂੰ ਉਹ ਕਿਸੇ ਤਰ੍ਹਾਂ ਵੀ ਪੂਰੀਆਂ ਨਹੀਂ ਸੀ ਕਰ ਸਕਦਾ। ਉਹ ਸੈਨਾ ਜਿਸ ਨੂੰ ਇਕੱਤਰ ਕਰਨ ਲਈ ਅਤੇ ਅਜਿੱਤ ਬਣਾਉਣ ਲਈ ਰਣਜੀਤ ਸਿੰਘ ਨੇ ਭਾਰੀ ਘਾਲਾਂ ਘਾਲੀਆਂ ਸਨ, ਹੁਣ ਅਜੇਹੇ ਦੈਂਤ ਦਾ ਰੂਪ ਧਾਰਨ ਕਰ ਚੁੱਕੀ ਸੀ ਜਿਸ ਨੂੰ ਕੋਈ ਵੀ ਕਾਬੂ ਵਿਚ ਨਹੀਂ ਸੀ ਕਰ ਸਕਦਾ। ਇਕ ਦਿਨ, ਦੁਖੀ ਹੋ ਕੇ ਜਵਾਹਰ ਸਿੰਘ ਬਾਲ-ਮਹਾਰਾਜਾ ਨੂੰ ਲੈ ਕੇ ਪਰੇਡ ਲਈ ਇਕੱਠੇ ਹੋਏ ਸੈਨਿਕਾਂ ਅੱਗੇ ਅਪੀਲ ਕਰਨ ਲਈ ਹਾਥੀ ਤੇ ਬਾਹਰ ਆਇਆ। ਰਾਜਮਾਤਾ ਉਨ੍ਹਾਂ ਨਾਲ ਕਨਾਤ ਪਿੱਛੇ ਬੈਠੀ ਸੀ। ਉਸ ਨੇ ਅਜੇ ਆਪਣਾ ਮੂੰਹ ਖੋਲ੍ਹਿਆ ਹੀ ਸੀ ਕਿ ਉਨ੍ਹਾਂ ਨੇ ਉਸ ਨੂੰ ਹੌਦੇ ਵਿਚੋਂ ਆਪਣੀਆਂ ਸੰਗੀਨਾਂ ਤੇ ਟੰਗ ਕੇ ਹੇਠਾਂ ਲਾਹ ਲਿਆ ਤੇ ਉਸ ਦੇ ਤਰਲੇ-ਹਾੜਿਆਂ ਵਲ ਕੋਈ ਧਿਆਨ ਨ ਦਿੰਦਿਆਂ, ਉਸ ਨੂੰ ਬਾਲ-ਰਾਜੇ ਅਤੇ ਉਸ ਦੀ ਮਾਂ ਪ੍ਰਸਿੱਧ ਰਾਣੀ ਜਿੰਦ ਕੌਰ ਜਾਂ ਜਿੰਦਾਂ ਦੀਆਂ ਅੱਖਾਂ ਸਾਮ੍ਹਣੇ ਟੁਕੜੇ-ਟੁਕੜੇ ਕਰ ਦਿੱਤਾ।

ਇਸ ਢੰਗ ਨਾਲ ਵੀ ਸੰਤੁਸ਼ਟ ਨ ਹੋ ਕੇ ਹਤਿਆਰਿਆਂ ਨੇ ਰਾਣੀ ਦਾ ਮਖੌਲ ਉਡਾਉਣਾ ਅਤੇ ਉਸ ਦੀ ਬੇਇਜ਼ਤੀ ਕਰਨੀ ਆਰੰਭ ਕਰ ਦਿੱਤੀ। ਉਹ ਚੀਖ-ਚੀਖ ਕੇ ਕਹਿਣ ਲੱਗੇ, "ਤੂੰ ਆਪਣੇ ਕਮੀਨੇ ਭਰਾ ਲਈ ਇਹ ਉੱਚੇ ਉੱਚੇ ਵੈਣ ਕਿਉਂ ਪਾ ਰਹੀ ਹੈਂ। ਉਹ ਕਿਹੜਾ ਰਾਜੇ ਦਾ ਪੁੱਤਰ ਸੀ। ਤੈਨੂੰ ਤਾਂ ਭਾਰੀ ਇਨਾਮ ਦੇਣੇ ਚਾਹੀਦੇ ਹਨ ਕਿਉਂਕਿ ਤੂੰ ਸਾਡੀ ਸਹਾਇਤਾ ਤੋਂ ਬਿਨਾਂ ਰਾਜ ਨਹੀਂ ਕਰ ਸਕਦੀ।"

ਜਾਪਦਾ ਹੈ ਕਿ ਰਾਣੀ ਨੇ ਉਸੇ ਵੇਲੇ ਫੌਜ ਵਿਚੋਂ ਸਿੱਖ ਤੱਤ ਸਮਾਪਤ ਕਰਨ ਦਾ ਨਿਸਚਾ ਕਰ ਲਿਆ ਕਿਉਂਕਿ ਉਸ ਨੂੰ ਜਚ ਚੁਕਿਆ ਸੀ ਕਿ ਇਸ ਨੂੰ ਕੋਈ ਕਾਬੂ ਨਹੀਂ ਕਰ ਸਕਦਾ। ਉਸ ਨੇ ਆਪਣੀਆਂ ਯੋਜਨਾਵਾਂ ਪਕਾ ਲਈਆਂ। ਉਸ ਨੇ ਆਪਣਾ ਤਾਲ ਮੇਲ ਅੰਗ੍ਰੇਜ਼ੀ ਅਧਿਕਾਰੀਆਂ ਨਾਲ ਕਾਇਮ ਕੀਤਾ ਅਤੇ ਅੰਗ੍ਰੇਜ਼ਾਂ ਨੂੰ ਸਤਲੁਜ ਦੇ ਖੱਬੇ ਕੰਢੇ ਲਾਗਲੇ ਸਿੱਖ ਪ੍ਰਦੇਸ਼ ਦਾ ਇਕ ਭਾਗ ਆਪਣੇ ਕਬਜ਼ੇ ਵਿਚ ਕਰ ਕੇ ਸਿੱਖਾਂ ਨੂੰ ਜੰਗ ਲਈ ਭੜਕਾਉਣ ਵਾਸਤੇ ਉਕਸਾਇਆ। ਉਸ ਨੇ ਉਨ੍ਹਾਂ ਨੂੰ ਵਿਸ਼ਵਾਸ ਦਿੱਤਾ ਕਿ ਉਹ ਸਿੱਖ ਸੈਨਾ ਦੀ ਮਾਇਕ ਸਹਾਇਤਾ ਨਹੀਂ ਕਰੇਗੀ ਅਤੇ ਸਿੱਖਾਂ ਦੇ ਕੇਵਲ ਬੇਮੁਹਾਰੇ ਅਧਿਕਾਰੀ ਹੀ ਟਾਕਰੇ ਵਿਚ ਆਉਣਗੇ ਜਿਨ੍ਹਾਂ ਨੂੰ ਆਸਾਨੀ ਨਾਲ ਹਰਾਇਆ ਜਾ ਸਕੇਗਾ। ਦੂਜੇ ਪਾਸੇ ਉਸ ਨੇ ਸਿੱਖ ਸੈਨਾ ਦੇ ਆਗੂਆਂ ਨੂੰ ਸੱਦ ਕੇ ਉਨ੍ਹਾਂ ਨੂੰ ਦਸਿਆ ਕਿ ਉਸ ਦਾ ਖਜ਼ਾਨਾ ਪੂਰਣ ਭਾਂਤ ਖਾਲੀ ਹੋ ਚੁਕਿਆ ਹੈ ਜਦ ਕਿ ਸਤਲੁਜ ਤੇ ਜਮਨਾ ਵਿਚਕਾਰਲਾ ਸਾਰਾ ਇਲਾਕਾ ਅਣ-ਸੁਰੱਖਿਅਤ ਪਿਆ ਹੈ ਜਿਸ ਤੇ ਉਹ ਆਸਾਨੀ ਨਾਲ ਕਬਜ਼ਾ ਕਰ ਸਕਦੇ ਹਨ। ਸਿੱਖ ਜਿਹੜੇ ਸਦਾ ਲੜਾਈ ਲਈ ਉਤਾਵਲੇ ਰਹਿੰਦੇ ਸਨ ਛੇਤੀ ਹੀ ਜਾਲ ਵਿਚ ਫਸ ਗਏ ਅਤੇ ਵਿਦੇਸ਼ੀਆਂ ਵਿਰੁੱਧ ਲੜਨ ਲਈ ਆਪਣੇ ਕਮਰ ਕੱਸੇ ਕਰ ਲਏ। ਰਾਣੀ ਨੇ ਫਰਾਂਸੀਸੀ ਜਰਨੈਲਾਂ ਨੂੰ ਉਨ੍ਹਾਂ ਦੀ ਵਿਰੋਧਤਾ ਦੇ ਬਾਵਜੂਦ ਕਸ਼ਮੀਰ ਭੇਜ ਦਿੱਤਾ। ਮੁਸਲਮਾਨੀ ਫੌਜਾਂ ਨੂੰ ਲਾਹੌਰ ਰੋਕ ਲਿਆ ਗਿਆ ਅਤੇ ਸਿੱਖਾਂ ਨੂੰ ਮੋਰਚੇ ਉਤੇ ਮੌਤ ਦੇ ਮੂੰਹ ਵਿਚ ਘੱਲ ਦਿੱਤਾ ਗਿਆ। ਉਹ ਇਹ ਗੱਲ ਨ ਭਾਂਪ ਸਕੇ ਕਿ ਉਨ੍ਹਾਂ ਨੂੰ ਮੋਰਚੇ ਤੇ ਇਸ ਲਈ ਘੱਲਿਆ ਜਾ ਰਿਹਾ ਹੈ ਕਿਉਂਕਿ ਰਾਣੀ ਉਨ੍ਹਾਂ ਤੋਂ ਪਿੱਛਾ ਛਡਾਉਣਾ ਚਾਹੁੰਦੀ ਹੈ। ਉਹ ਸ਼ਤਰੂਆਂ ਉਤੇ ਆਪਣੀਆਂ ਜਿੱਤਾਂ ਦੇ ਅਭਿਮਾਨ ਵਿਚ ਪੂਰੀ ਸ਼ਕਤੀ ਨਾਲ ਅਗਾਂਹ ਵਧੇ। ਉਨ੍ਹਾਂ ਨੇ ਆਪਣੀ ਵਿਸ਼ੇਸ਼ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਚਾਰ ਜਾਨ ਤੋੜ ਲੜਾਈਆਂ ਲੜੀਆਂ ਜਿਹੜੀਆਂ ਸਾਰੀਆਂ ਹੀ ਵਧੇਰੇ ਨਾਮਵਰ ਸਨ ਕਿਉਂਕਿ ਉਹ ਆਪਣੇ ਸੈਨਾਪਤੀਆਂ ਤੋਂ ਬਗੈਰ ਅਤੇ ਕਿਸੇ ਅਨੁਸ਼ਾਸਨ ਜਾਂ ਮੋਰਚੇ ਦੀ ਕਿਸੇ ਪੱਕੀ ਯੋਜਨਾ ਜਾਂ ਢੰਗ ਤੋਂ ਬਿਨਾਂ ਹੀ ਲੜ ਰਹੇ ਸਨ। ਇਨ੍ਹਾਂ ਕਮੀਆਂ ਕਰਕੇ ਧੋਖੇ ਦਾ ਸ਼ਿਕਾਰ ਹੋ ਜਾਣ ਕਾਰਣ ਉਹ ਚੰਗੀ ਤਰ੍ਹਾਂ ਅਨੁਸ਼ਾਸਿਤ ਅਤੇ ਉੱਤਮ ਕਮਾਨ ਅਧੀਨ ਬਰਤਾਨਵੀ ਸੈਨਾਵਾਂ ਦੇ ਟਾਕਰੇ ਦੇ ਵਿਚ ਕੁਝ ਵੀ ਨਹੀਂ ਸਨ ਅਤੇ ਆਪਣੀ ਅਦੁੱਤੀ ਸੂਰਬੀਰਤਾ ਤੇ ਦ੍ਰਿੜ੍ਹਧਰਮੀ ਜੋਸ਼ ਦੇ ਹੁੰਦੇ ਹੋਇਆਂ ਵੀ ਉਹ ਚਾਰੇ ਲੜਾਈਆਂ ਵਿਚ ਹਾਰ ਗਏ।

ਇਸ ਤਰ੍ਹਾਂ ਪਹਿਲਾ ਸਿੱਖ-ਯੁੱਧ ਸਮਾਪਤ ਹੋਇਆ। ਬਰਤਾਨਵੀ ਸਰਕਾਰ ਨੇ ਸਿੱਖ ਪ੍ਰਦੇਸ਼ ਦਾ ਇਕ ਚੰਗਾ ਹਿੱਸਾ ਹਰਜਾਨੇ ਦੇ ਇਕ ਭਾਗ ਵਜੋਂ ਕਬਜ਼ੇ ਵਿਚ ਲੈ ਲਿਆ ਅਤੇ ਬਾਕੀ ਦਾ ਜੰਮੂ ਦੇ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦੇ ਕੇ ਪੂਰਾ ਕਰ ਲਿਆ। ਇਸ ਤੋਂ ਇਲਾਵਾ ਲਾਹੌਰ ਵਿਚ ਅਤੇ ਹੋਰ ਮਹੱਤਵਪੂਰਣ ਸਥਾਨਾਂ ਤੇ ਬਾਲਕ ਮਹਾਰਾਜੇ ਨੂੰ ਅਤੇ ਉਸ ਦੀ ਮਾਤਾ ਨੂੰ ਸਲਾਹ ਦੇਣ ਲਈ ਅਤੇ ਸਥਾਨਕ ਸ਼ਾਸਕਾਂ ਦੀ ਸਹਾਇਤਾ ਕਰਨ ਲਈ ਬਰਤਾਨਵੀ ਰੇਜ਼ੀਡੈਂਟ ਨਿਯੁਕਤ ਕਰ ਦਿੱਤੇ ਗਏ।

ਇਸ ਪ੍ਰਕਿਰਿਆ ਦੇ ਦੌਰਾਨ ਬਰਤਾਨਵੀ ਪ੍ਰਤਿਨਿਧਾਂ ਨੂੰ ਮੁਲਤਾਨ ਵੀ ਭੇਜਿਆ ਗਿਆ। ਪਰ ਕੰਮ ਸੰਭਾਲਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਇਸ ਕਰਕੇ ਬਰਤਾਨਵੀ ਫੌਜਾਂ ਨੇ ਮੁਲਤਾਨ ਤੇ ਹਮਲਾ ਕਰ ਦਿੱਤਾ ਜਿਨ੍ਹਾਂ ਨੇ ਲਾਹੌਰ ਦਰਬਾਰ ਦੇ ਨਾਉਂ ਤੇ ਸੂਬੇ ਦੇ ਸੂਬੇਦਾਰ ਦੀਵਾਨ ਮੂਲ ਰਾਜ ਚੋਪੜਾ ਨੂੰ ਭਾਰੀ ਟਾਕਰੇ ਪਿੱਛੋਂ ਲਾਹ ਦਿੱਤਾ, ਅਤੇ ਕੈਦੀ ਦੇ ਰੂਪ ਵਿਚ ਲਾਹੌਰ ਲਿਆ ਕੇ ਅਤੇ ਕੋਰਟ ਮਾਰਸ਼ਲ ਮੁਕੱਦਮਾ ਚਲਾਉਣ ਪਿੱਛੋਂ ਦੇਸ਼-ਨਿਕਾਲਾ ਦੇ ਦਿੱਤਾ। ਇਸ ਤੋਂ ਛੇਤੀ ਹੀ ਪਿੱਛੋਂ ਸਰਹੱਦੀ ਇਲਾਕੇ ਵਿਚ ਗੜਬੜ ਹੋ ਗਈ। ਸ. ਚਤਰ ਸਿੰਘ ਅਟਾਰੀਵਾਲਾ ਹਜ਼ਾਰੇ ਦਾ ਸੂਬੇਦਾਰ ਸੀ ਜਿਸ ਦਾ ਸਦਰ ਮੁਕਾਮ ਹਰੀਪੁਰ ਵਿਖੇ ਸੀ। ਇਕ ਅੰਗ੍ਰੇਜ਼ ਅਫਸਰ ਜਿਸ ਦਾ ਨਾਉਂ ਐਬਟ ਸੀ ਅਤੇ ਜਿਸ ਦੇ ਨਾਂ ਤੇ ਐਬਟਾਬਾਦ ਨਗਰ ਦਾ ਨਾਂ ਪਿਆ ਹੋਇਆ ਹੈ, ਉਥੇ ਦੇ ਸੂਬੇਦਾਰ ਦੇ ਬਰਤਾਨਵੀ ਸਲਾਹਕਾਰ ਦੇ ਤੌਰ ਤੇ ਨਿਯੁਕਤ ਸੀ। ਜਾਪਦਾ ਹੈ ਕਿ ਉਸ ਦੇ ਯਤਨਾਂ ਨਾਲ ਸਰਹੱਦ ਪਾਰ ਵਸਦੇ ਕਬੀਲਿਆਂ ਦੀ ਇਕ ਭਾਰੀ ਸੈਨਾ ਸਰਹੱਦ ਤੇ ਇਕੱਤਰ ਹੋ ਗਈ। ਜਦੋਂ ਉਨ੍ਹਾਂ ਨੇ ਹਰੀਪੁਰ ਤੇ ਚੜ੍ਹਾਈ ਕਰਨ ਦੀ ਧਮਕੀ ਦਿੱਤੀ, ਤਾਂ ਸਰਦਾਰ ਚਤਰ ਸਿੰਘ ਨੇ ਕਰਨੈਲ ਕਨੋਰਾ (ਇਕ ਅਮਰੀਕੀ) ਜਿਹੜਾ ਕਿ ਤੋਪਖਾਨੇ ਦਾ ਕਮਾਂਡਰ ਸੀ, ਨੂੰ ਦੁਸ਼ਮਣ ਤੇ ਗੋਲਾਬਾਰੀ ਕਰਨ ਦਾ ਹੁਕਮ ਦੇ ਦਿੱਤਾ। ਕਨੋਰਾ ਜਿਹੜਾ, ਜਾਪਦਾ ਹੈ, ਕਿ ਐਬਟ ਨਾਲ ਮਿਲਿਆ ਹੋਇਆ ਸੀ ਨੇ ਨਾਂਹ ਕਰ ਦਿੱਤੀ ਅਤੇ ਸਰਦਾਰ ਨੇ ਹੁਕਮ ਅਦੂਲੀ ਕਾਰਣ ਉਸ ਨੂੰ ਤੁਰੰਤ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਸਰਦਾਰ ਨੇ ਕਮਾਨ ਆਪਣੇ ਹੱਥੀਂ ਲੈ ਕੇ ਹਮਲਾਵਰਾਂ ਨੂੰ ਖਦੇੜ ਦਿੱਤਾ। ਐਬਟ ਨੇ ਉਸ ਤੇ ਕਤਲ ਦਾ ਦੋਸ਼ ਹੋਣ ਦੀ ਰਿਪੋਰਟ ਭੇਜ ਦਿੱਤੀ। ਸਰਦਾਰ ਨੂੰ ਪਦਵੀ ਤੋਂ ਹਟਾ ਦਿੱਤਾ ਗਿਆ ਅਤੇ ਕਤਲ ਦੇ ਮੁਕੱਦਮੇ ਲਈ ਉਸ ਨੂੰ ਲਾਹੌਰ ਪੇਸ਼ ਹੋਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ। ਉਸ ਨੇ ਆਪਣੇ ਪੁੱਤਰ ਰਾਜਾ ਸ਼ੇਰ ਸਿੰਘ ਨੂੰ ਸਾਰੀ ਘਟਨਾ ਦੀ ਸੂਚਨਾ ਭੇਜ ਦਿੱਤੀ ਅਤੇ ਜਿਹੜੀਆਂ ਫੌਜਾਂ ਅਤੇ ਗੋਲਾ ਬਾਰੂਦ (ਅਸਲਾ) ਉਸ ਦੇ ਹੱਥ ਲਗਿਆ, ਇਕੱਠਾ ਕਰ ਕੇ, ਫਾਂਸੀ ਟੰਗੇ ਜਾਣ ਨਾਲੋਂ ਲੜ ਕੇ ਮਰਨ ਨੂੰ ਚੰਗੇਰਾ ਸਮਝਦਾ ਹੋਇਆ ਲਾਹੌਰ ਵਲ ਕੂਚ ਕਰ ਦਿੱਤਾ। ਰਾਜਾ ਸ਼ੇਰ ਸਿੰਘ ਨੇ ਸਿੱਖ ਫੌਜਾਂ ਦੀਆਂ ਸਾਰੀਆਂ ਬਚਦੀਆਂ ਟੁਕੜੀਆਂ ਜਿਹੜੀਆਂ ਸਤਲੁਜ ਦੇ ਮੋਰਚਿਆਂ ਵਿਚ ਹਾਰ ਗਈਆਂ ਸਨ ਅਤੇ ਇਸੇ ਲਈ ਬਦਲੇ ਦੀ ਅੱਗ ਵਿਚ ਸੜ ਰਹੀਆਂ ਸਨ, ਇਕੱਤਰ ਕੀਤੀਆਂ ਅਤੇ ਉੱਤਰ ਵਲ ਆਪਣੇ ਪਿਤਾ ਨੂੰ ਮਿਲਣ ਲਈ ਚੜ੍ਹਾਈ ਕਰ ਦਿੱਤੀ। ਪਿਤਾ ਅਤੇ ਪੁੱਤਰ ਚੇਲਿਆਂਵਾਲੇ ਸਥਾਨ ਤੇ ਇਕੱਠੇ ਹੋਏ। ਸ਼ੇਰ ਸਿੰਘ ਦਾ ਅੰਗ੍ਰੇਜ਼ਾਂ ਨੇ ਪਿੱਛਾ ਕੀਤਾ। ਕੁਝ ਝੜਪਾਂ ਪਿੱਛੋਂ ਇਸੇ ਥਾਂ ਤੇ ਸਭ ਤੋਂ ਖੂਨੀ ਅਤੇ ਪ੍ਰਸਿੱਧ ਲੜਾਈ ਲੜੀ ਗਈ। ਅੰਗ੍ਰੇਜ਼ਾਂ ਦਾ ਇੰਨਾ ਭਾਰੀ ਨੁਕਸਾਨ ਹੋਇਆ ਕਿ ਲਾਰਡ ਗੱਫ ਜਿਹੜਾ ਉਸ ਸਮੇਂ ਬਰਤਾਨਵੀ ਫੌਜਾਂ ਦਾ ਮੁੱਖ ਕਮਾਂਡਰ ਸੀ,

ਨੂੰ ਵਾਪਸ ਬੁਲਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਪਰ ਉਸ ਕੋਲ ਹੁਕਮ ਪਹੁੰਚਣ ਤੋਂ ਪਹਿਲਾਂ ਹੀ ਉਸ ਨੇ ਗੁਜਰਾਤ ਵਿਖੇ ਪੂਰਣ ਅਤੇ ਫੈਸਲਾਕੁਨ ਜਿੱਤ ਪ੍ਰਾਪਤ ਕਰ ਲਈ। ਇਹ ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚਕਾਰ ਅੰਤਲੀ ਲੜਾਈ ਸੀ ਅਤੇ ਇਸ ਤਰ੍ਹਾਂ ਸਿੱਖਾਂ ਦਾ ਦੂਜਾ ਯੁੱਧ ਸਮਾਪਤ ਹੋ ਗਿਆ। ਸਿੱਖ ਫੌਜਾਂ ਨਿਹੱਥੀਆਂ ਕਰ ਕੇ ਖਿੰਡਾ-ਪੁੰਡਾ ਦਿੱਤੀਆਂ ਗਈਆਂ ਅਤੇ ਸਿੱਖ ਸ਼ਕਤੀ ਸਦਾ ਲਈ ਕੁਚਲ ਦਿੱਤੀ ਗਈ। ਇਸ ਤੋਂ ਛੇਤੀ ਹੀ ਪਿੱਛੋਂ 1849 ਵਿਚ ਰਣਜੀਤ ਸਿੰਘ ਦਾ ਸਾਰਾ ਰਾਜ ਅੰਗ੍ਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ ਅਤੇ ਭਾਰਤ ਦੇ ਨਕਸ਼ੇ ਵਿਚ ਉਸ ਤੇ ਵੀ ਉਹ ਲਾਲ ਨਿਸ਼ਾਨ ਲਗ ਗਏ ਜਿਨ੍ਹਾਂ ਨੂੰ ਰਣਜੀਤ ਸਿੰਘ ਨੇ ਬਹੁਤ ਹੀ ਗਹੁ ਅਤੇ ਬੇਚੈਨੀ ਨਾਲ ਇਕ ਵਾਰ ਵੇਖਿਆ ਸੀ।

ਰਣਜੀਤ ਸਿੰਘ ਬੇਸ਼ਕ ਮਹਾਨ ਪੁਰਸ਼ ਸੀ ਪਰ ਉਸ ਨੇ ਪ੍ਰਗਟ ਰੂਪ ਵਿਚ ਆਪਣੀ ਉਸਾਰੀ ਰੇਤ ਦੀ ਨੀਂਹ ਉਪਰ ਕੀਤੀ ਸੀ। ਉਸ ਦੀ ਕੌਮ ਰਾਜਨੀਤਿਕ ਸੂਝ ਤੋਂ ਬਿਲਕੁਲ ਕੋਰੀ ਸੀ। ਸਿੱਖ ਫੌਜਾਂ ਵਿਚ ਅਨਪੜ੍ਹ ਹਲਵਾਹਕ ਸਨ, ਜਿਹੜੇ ਦੇਸ਼ ਭਗਤੀ ਦੀਆਂ ਭਾਵਨਾਵਾਂ ਤੋਂ ਪੂਰਣ ਤੌਰ ਤੇ ਸੱਖਣੇ ਸਨ। ਉਨ੍ਹਾਂ ਦੇ ਆਗੂ, ਕੁਝ ਇਕ ਨੂੰ ਛੱਡ ਕੇ, ਜਾਂ ਤਾਂ ਅਤਿ ਸਵਾਰਥੀ ਸਨ ਜਾਂ ਹੱਦ ਦਰਜੇ ਦੇ ਕਾਇਰ ਜਿਹੜੇ ਰਾਸ਼ਟਰੀ ਭਾਵਨਾ ਤੇ ਦੇਸ਼ ਭਗਤੀ ਦਿਆਂ ਜਜ਼ਬਿਆਂ ਤੋਂ ਬਿਲਕੁਲ ਖਾਲੀ ਸਨ। ਜਿਵੇਂ ਡੁਬਦੀ ਬੇੜੀ ਚੋਂ ਚੂਹੇ ਭੱਜ ਨਿਕਲਦੇ ਹਨ ਇਸੇ ਤਰ੍ਹਾਂ ਉਹ ਆਪਣੀਆਂ ਜਾਨਾਂ ਬਚਾਉਣ ਲਈ ਖਿਸਕ ਗਏ। ਬੇਵੱਸ ਅਤੇ ਲਾਚਾਰ ਬਾਲਕ ਰਾਜੇ ਨੂੰ ਕਾਬੂ ਕਰ ਕੇ ਲੰਡਨ ਭੇਜ ਦਿੱਤਾ ਗਿਆ ਜਿਥੇ ਉਸ ਨੂੰ ਈਸਾਈ ਧਰਮ ਵਿਚ ਸ਼ਾਮਿਲ ਕਰ ਲਿਆ ਗਿਆ। ਉਸ ਦੀ ਮਾਤਾ ਨੂੰ ਨੱਠ ਕੇ ਨਿਪਾਲ ਵਿਚ ਸ਼ਰਨ ਲੈਣੀ ਪਈ। ਇਸ ਤਰ੍ਹਾਂ ਰਣਜੀਤ ਸਿੰਘ ਦੇ ਰਾਜ ਅਤੇ ਰਾਜ ਬੰਸ ਦੋਹਾਂ ਦਾ ਅੰਤ ਹੋਇਆ। ਮਹਾਨ ਮਹਾਰਾਜੇ ਦੀ ਕੇਵਲ ਇਕੋ ਬਾਕੀ ਰਹਿ ਗਈ ਯਾਦ ਮਹਾਰਾਜਾ ਦਲੀਪ ਸਿੰਘ ਦੀ ਸਪੁੱਤਰੀ ਵਡੇਰੀ ਉਮਰ ਦੀ ਸ਼ਹਿਜ਼ਾਦੀ ਬੰਬਾ ਦਲੀਪ ਸਿੰਘ ਹੈ ਜੋ ਲਾਹੌਰ ਵਿਚ ਕਦੀ ਕਦਾਈਂ ਨਜ਼ਰ ਆਉਂਦੀ ਹੈ। ਬੰਬਾ ਦਲੀਪ ਸਿੰਘ ਦੇ ਨਾਂ ਨਾਲ ਉਹ ਪੰਜਾਬੀਆਂ ਵਿਚ ਪ੍ਰਸਿੱਧ ਹੈ। ਉਹ ਸਵਰਗੀ ਕਰਨੈਲ ਸਦਰਲੈਂਡ ਦੀ, ਜਿਹੜਾ ਪ੍ਰਸਿੱਧ ਚਿਕਿਤਸਕ ਅਤੇ ਕਿੰਗ ਐਡਵਰਡ ਮੈਡੀਕਲ ਕਾਲਿਜ ਲਾਹੌਰ ਦਾ ਪ੍ਰਿੰਸੀਪਲ ਸੀ, ਵਿਧਵਾ ਹੈ। ਪਰ ਹੁਣ ਲੋਕ, ਵਧੇਰੇ ਕਰ ਕੇ ਉਸ ਨੂੰ ਕਿੰਗ ਐਡਵਰਡ ਮੈਡੀਕਲ ਕਾਲਿਜ ਲਾਹੌਰ ਦੇ ਪ੍ਰਿੰਸੀਪਲ ਸਦਰਲੈਂਡ ਦੀ ਵਿਧਵਾ ਕਰਕੇ ਜਾਣਦੇ ਹਨ।

ਪਿਛਲੇਰੀਆਂ ਘਟਨਾਵਾਂ

ਨਾਮਧਾਰੀ ਸੰਪ੍ਰਦਾਇ

ਇਸ ਸੰਪ੍ਰਦਾਇ ਦੀ ਨੀਂਹ ਭਾਈ ਰਾਮ ਸਿੰਘ ਨੇ ਰੱਖੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਹ ਇਕ ਸਿਪਾਹੀ ਦੇ ਤੌਰ ਤੇ ਸੇਵਾ ਕਰਦਾ ਰਿਹਾ ਸੀ। ਖ਼ਾਲਸਾ ਸੈਨਾ ਦੇ ਖਿੰਡ-ਪੁੰਡ ਜਾਣ ਪਿੱਛੋਂ ਉਸ ਦਾ ਮਾਨਸਿਕ ਝੁਕਾ ਧਰਮ ਵਲ ਹੋ ਗਿਆ ਅਤੇ ਕੈਂਬਲਪੁਰ ਦੇ ਜ਼ਿਲ੍ਹੇ ਦੇ ਇਕ ਪਿੰਡ ਹਜ਼ਰੋਂ ਦੇ ਉਦਾਸੀ ਫਕੀਰ ਬਾਬਾ ਬਾਲਕ ਸਿੰਘ ਤੋਂ ਉਸ ਨੇ ਉਪਦੇਸ਼ ਲਿਆ। ਬਾਬਾ ਰਾਮ ਸਿੰਘ ਉਤੇ ਸਿੱਖਾਂ ਦੀ ਨਿਘਰਦੀ ਹਾਲਤ ਦਾ ਬੜਾ ਡੂੰਘਾ ਅਸਰ ਪਿਆ। ਸਿੱਖਾਂ ਦੀਆਂ ਪੁਰਾਤਨ ਰਸਮਾਂ ਅਤੇ ਖੁਸ਼ਹਾਲੀ ਦੇ ਦਿਨਾਂ ਵਿਚ ਵਿਲਾਸ-ਮਈ ਜੀਵਨ ਨੇ ਬਾਬਾ ਰਾਮ ਸਿੰਘ ਉਤੇ ਡੂੰਘਾ ਅਸਰ ਪਾਇਆ। ਇਸ ਲਈ ਉਸ ਨੇ ਸਿੱਖਾਂ ਨੂੰ ਅਤੇ ਸਿੱਖ ਧਰਮ ਨੂੰ ਉਨ੍ਹਾਂ ਅੰਦਰ ਮਰਿਆਦਾ ਅਨੁਸਾਰ ਜੀਵਨ ਬਿਤਾਉਣ ਦਾ ਢੰਗ ਪ੍ਰਚਲਿਤ ਕਰ ਕੇ ਸੁਧਾਰਨ ਦਾ ਪੱਕਾ ਨਿਸ਼ਚਾ ਕਰ ਲਿਆ। ਉਸ ਅੰਦਰ ਜ਼ਰੂਰ ਹੀ ਕੋਈ ਵਿਅਕਤੀਗਤ ਖਿੱਚ ਹੋਵੇਗੀ ਕਿਉਂਕਿ ਬਹੁਤ ਹੀ ਥੋੜੇ ਸਮੇਂ ਵਿਚ ਉਸ ਦੁਆਲੇ ਭਾਰੀ ਸੰਖਿਆ ਵਿਚ ਸਿੱਖ ਇਕੱਤਰ ਹੋ ਕੇ ਉਸ ਦੇ ਪੱਕੇ ਅਨੁਯਾਈ ਬਣ ਗਏ। ਉਸ ਦਾ ਆਪਣਾ ਨਿਜੀ ਜੀਵਨ ਅਤਿ ਪਵਿਤਰ ਸੀ ਅਤੇ ਉਸ ਦੇ ਅਨੁਯਾਈ ਉਸ ਨੂੰ ਦਸਵੇਂ ਗੁਰੂ ਸਾਹਿਬ ਦਾ ਉੱਤਰ-ਅਧਿਕਾਰੀ ਸਮਝਦੇ ਸਨ। ਅੱਜ ਕਲ੍ਹ ਵੀ ਉਸ ਦੇ ਅਨੁਯਾਈ ਬਾਬਾ ਬਾਲਕ ਸਿੰਘ ਨੂੰ ਗਿਆਰਵ੍ਹਾਂ ਅਤੇ ਬਾਬਾ ਰਾਮ ਸਿੰਘ ਨੂੰ ਬਾਰ੍ਹਵਾਂ ਗੁਰੂ ਮੰਨਦੇ ਹਨ, ਭਾਵੇਂ ਸਿੱਖਾਂ ਦੀ ਬਹੁਸੰਖਿਆ ਇਸ ਵਿਚਾਰ ਨੂੰ ਪ੍ਰਵਾਨ ਨਹੀਂ ਕਰਦੀ। ਹੌਲੀ ਹੌਲੀ ਉਸ ਦੇ ਅਨੁਯਾਈਆਂ ਦੀ ਇਕ ਸੰਪ੍ਰਦਾਇ ਬਣ ਗਈ ਜਿਹੜੀ ਨਾਮਧਾਰੀ ਜਾਂ ਆਮ ਤੌਰ ਤੇ ਕੂਕਾ ਲਹਿਰ ਦੇ ਨਾਂ ਨਾਲ ਪ੍ਰਸਿੱਧ ਹੋਈ। ਇਹ ਸੰਪ੍ਰਦਾਇ ਆਪਣੇ ਅਨੁਯਾਈਆਂ ਦੀ ਸੰਖਿਆ ਕਈ ਲੱਖਾਂ ਵਿਚ ਹੋਣ ਦਾ ਦਾਅਵਾ ਕਰਦੀ ਹੈ ਅਤੇ ਉਹ ਦੂਜੇ ਸਿੱਖਾਂ ਤੋਂ ਆਪਣੇ ਪਹਿਰਾਵੇ ਅਤੇ ਨਿਯਮਨਿਸ਼ਠ ਜੀਵਨ ਢੰਗ ਦੀ ਵਿਲੱਖਣਤਾ ਕਰਕੇ ਅੱਡਰੇ ਹਨ। ਉਹ ਸ਼ੁੱਧ ਵੈਸ਼ਨੂੰ ਅਤੇ ਪੂਰਨ ਪਰਹੇਜ਼ਗਾਰ ਹਨ। ਉਹ ਨਾਮਧਾਰੀਆਂ ਤੋਂ ਬਿਨਾਂ ਹੋਰ ਕਿਸੇ ਦੇ

ਹੱਥੀਂ ਪਕਾਇਆ ਭੋਜਨ ਨਹੀਂ ਕਰਦੇ । ਉਹ ਖੱਦਰ ਦੇ ਕਪੜੇ ਪਹਿਨਦੇ ਹਨ। ਉਹ ਆਪਣੇ ਝਗੜੇ ਕਿਸੇ ਅੰਗ੍ਰੇਜ਼ੀ ਅਦਾਲਤ ਵਿਚ ਨਹੀਂ ਲਿਜਾਂਦੇ ਅਤੇ ਪਿਛਲੇ ਦਿਨਾਂ ਵਿਚ ਤਾਂ ਉਨ੍ਹਾਂ ਨੇ ਅੰਗ੍ਰੇਜ਼ਾਂ ਦੇ ਡਾਕ-ਤਾਰ ਵਿਭਾਗ ਦੀ ਵਰਤੋਂ ਤੋਂ ਅਤੇ ਬਰਤਾਨਵੀ ਸਰਕਾਰ ਦੁਆਰਾ ਉਪਲਬਧ ਹੋਰ ਸਹੂਲਤਾਂ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ । ਉਹ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਕਰਦੇ ਹਨ ਅਤੇ ਉਸ ਦੇ ਵਿਅਕਤਿਤ੍ਵ ਨਾਲ ਸ਼ਰਧਾ ਪੂਰਬਕ ਬੱਝੇ ਹੁੰਦੇ ਹਨ ਅਤੇ ਉਸ ਦੇ ਹੁਕਮ ਦੀ ਪਾਲਣਾ ਆਪਣੇ ਜੀਵਨ ਦੀ ਬਾਜ਼ੀ ਲਾ ਕੇ ਵੀ ਕਰਦੇ ਹਨ ।

ਇਹ ਲਹਿਰ ਮੁੱਢ ਵਿਚ ਪੂਰਣ ਤੌਰ ਤੇ ਧਾਰਮਿਕ ਸੀ ਜਿਸ ਦਾ ਉੱਦੇਸ਼ ਸਿੱਖ ਜੀਵਨ ਦਾ ਸੁਧਾਰ ਕਰਨਾ ਅਤੇ ਇਸ ਨੂੰ ਆਪਣਾ ਮੂਲ ਸੁਭਾਵ ਪ੍ਰਦਾਨ ਕਰਨਾ ਸੀ । ਪਰ ਜਿਉਂ ਜਿਉਂ ਇਸ ਸੰਪ੍ਰਦਾਇ ਦੇ ਅਨੁਯਾਈਆਂ ਦੀ ਸੰਖਿਆ ਵਧਣ ਲੱਗੀ, ਇਸ ਦੀਆਂ ਆਸਾਂ ਵੀ ਉੱਚੀਆਂ ਹੋਣ ਲੱਗੀਆਂ ਅਤੇ ਅੰਤ ਵਿਚ ਇਸ ਨੇ ਖ਼ਾਲਸੇ ਦੀ ਨਵਸਿਰਜਨਾ ਅਤੇ ਜਿਸ ਤਰ੍ਹਾਂ ਕਿ ਸਰ ਲੇਪਲ ਗ੍ਰਿਫਿਨ ਨੇ ਲਿਖਿਆ ਹੈ, ਬਰਤਾਨਵੀ ਸਰਕਾਰ ਦੇ ਪਤਨ ਦਾ ਪ੍ਰਚਾਰ ਆਰੰਭ ਕਰ ਦਿੱਤਾ ।

ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੇ ਮੁੱਢ ਵਿਚ ਵਧੇਰੇ ਸਰਗਰਮ ਨਾਮਧਾਰੀਆਂ ਦੇ ਮਨ ਮੁਸਲਮਾਨਾਂ ਪ੍ਰਤਿ ਘ੍ਰਿਣਾ ਨਾਲ ਭਰ ਗਏ ਕਿਉਂਕਿ ਮੁਸਲਮਾਨਾਂ ਨੇ ਗੋ-ਹੱਤਿਆ ਨਾਲ ਉਨ੍ਹਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਸੀ ਅਤੇ ਉਹ ਗਊ ਨੂੰ ਬਾਕੀ ਹਿੰਦੂ ਸਿੱਖਾਂ ਵਾਂਗ ਪੂਜਨੀਕ ਸਮਝਦੇ ਸਨ । ਉਨ੍ਹਾਂ ਵਿਚੋਂ ਕਈਆਂ ਨੇ ਅੰਮ੍ਰਿਤਸਰ ਦੇ ਕੁਝ ਕਸਾਈ ਕਤਲ ਕਰ ਦਿੱਤੇ ਅਤੇ ਉਨ੍ਹਾਂ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ ।[1]

---

1. ਉਨ੍ਹਾਂ ਦੇ ਧਰਮ ਦੀ ਦ੍ਰਿੜ੍ਹਤਾ ਅਤੇ ਉਨ੍ਹਾਂ ਦਾ ਗਊ ਪ੍ਰਤਿ ਸਤਿਕਾਰ ਇਸ ਤੱਥ ਤੋਂ ਪ੍ਰਗਟ ਹੈ ਕਿ ਜਦੋਂ ਇਨ੍ਹਾਂ ਕਾਤਲਾਂ ਵਿਚੋਂ ਬਹੁਤੇ ਫੜ ਲਏ ਗਏ ਤਾਂ ਇਕ ਛੋਟਾ ਜਿਹਾ ਬਾਲਕ ਅੱਗੇ ਵਧਿਆ ਤੇ ਉਸ ਨੇ ਐਲਾਨ ਕੀਤਾ ਕਿ ਉਸ ਨੂੰ ਵੀ ਪਕੜ ਲਿਆ ਜਾਵੇ ਕਿਉਂਕਿ ਉਹ ਵੀ ਉਨ੍ਹਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਕਸਾਈਆਂ ਦੇ ਕਤਲ ਵਿਚ ਭਾਗ ਲਿਆ ਸੀ। ਉਸ ਨੂੰ ਚੁੱਪ ਰਹਿਣ ਲਈ ਕਿਹਾ ਗਿਆ ਕਿਉਂਕਿ ਪੁਲਿਸ ਨੇ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਸੀ ਪਰ ਉਸ ਨੇ ਜ਼ਿਦ ਕੀਤੀ ਕਿਉਂਕਿ ਉਹ ਸਮਝਦਾ ਸੀ ਕਿ ਗਊਆਂ ਦੀ ਰੱਖਿਆ ਕਰਦਿਆਂ ਮਰਨਾ ਸ਼ਹੀਦੀ ਪ੍ਰਾਪਤ ਕਰਨਾ ਹੈ । ਗੁਰੂ ਰਾਮ ਸਿੰਘ ਦੀ ਸਿਖਿਆ ਦਾ ਕਈ ਅਨੁਯਾਈਆਂ ਤੇ ਬੜਾ ਡੂੰਘਾ ਪ੍ਰਭਾਵ ਸੀ। ਉਨ੍ਹਾਂ ਦਾ ਇਕ ਹੋਰ ਅਨੁਯਾਈ ਜਿਸ ਨੇ ਅਨੁਯਾਈ ਬਣਨ ਤੋਂ ਬਹੁਤ ਪਹਿਲਾਂ ਗੁਜਰਾਂਵਾਲੇ ਦੇ ਜ਼ਿਲ੍ਹੇ ਵਿਚ ਕਤਲ ਕੀਤਾ ਸੀ, ਸੰਪ੍ਰਦਾਇ ਵਿਚ ਰਲਣ ਪਿੱਛੋਂ ਜ਼ਿਲ੍ਹਾ ਮ ਜਸਟ੍ਰੇਟ ਪਾਸ ਗਿਆ ਅਤੇ ਉਸ ਅੱਗੇ ਜੁਰਮ ਕਬੂਲ ਕਰ ਲਿਆ । ਜਦੋਂ ਉਸ ਨੂੰ ਪੁਛਿਆ ਗਿਆ ਕਿ ਉਹ ਇੰਨੇ ਲੰਮੇ ਸਮੇਂ ਪਿੱਛੋਂ ਅਜੇਹੇ ਗੰਭੀਰ ਜੁਰਮ ਜਿਸ ਦੀ ਸਜ਼ਾ ਮੌਤ ਹੈ, ਦਾ ਇਕਬਾਲ ਕਿਉਂ ਕਰ ਰਿਹਾ ਹੈ ਤਾਂ ਉਸ ਨੇ ਉੱਤਰ ਦਿੱਤਾ ਕਿ ਇਹ ਸਭ ਗੁਰੂ ਰਾਮ ਸਿੰਘ ਦੀ ਕ੍ਰਿਪਾ ਦਾ ਸਦਕਾ ਹੈ ।

ਇਸ ਤੋਂ ਛੇਤੀ ਹੀ ਪਿੱਛੋਂ ਬਹੁਤ ਸਾਰੇ ਕੂਕਿਆਂ ਨੇ ਮਲੇਰਕੋਟਲੇ ਦੇ ਸ਼ਹਿਰ ਤੇ ਹਮਲਾ ਕਰ ਦਿੱਤਾ ਜਿਹੜਾ ਕਿ ਇਸੇ ਨਾਂ ਦੀ ਮੁਸਲਮਾਨ ਰਿਆਸਤ ਦੀ ਰਾਜਧਾਨੀ ਸੀ। ਇਹ ਵਿਦ੍ਰੋਹ ਸਖਤੀ ਨਾਲ ਦਬਾ ਦਿੱਤਾ ਗਿਆ ਅਤੇ ਬਾਗੀਆਂ ਵਿਚੋਂ 50 ਨੂੰ ਅੰਬਾਲਾ ਡਿਵੀਜ਼ਨ ਦੇ ਅਧਿਕਾਰੀਆਂ ਨੇ ਸੰਖੇਪ ਸੁਣਵਾਈ ਪਿੱਛੋਂ ਤੋਪਾਂ ਨਾਲ ਉਡਾ ਦਿੱਤਾ। ਇਸ ਦੇ ਨਾਲ ਹੀ ਪੰਜਾਬ ਦੇ ਭਿੰਨ-ਭਿੰਨ ਭਾਗਾਂ 'ਚੋਂ ਸਾਰੇ ਨਾਮਧਾਰੀ ਆਗੂ ਇਕੋ ਰਾਤ 'ਚ ਗ੍ਰਿਫਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਕਈਆਂ ਨੂੰ ਰੰਗੂਨ ਭੇਜ ਦਿੱਤਾ ਗਿਆ ਅਤੇ ਕਈਆਂ ਨੂੰ ਕਾਲੇ ਪਾਣੀ। ਘੱਟ ਉਘੇ ਵਿਅਕਤੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਹੀ ਬੰਦ ਕਰ ਦਿੱਤਾ ਗਿਆ। ਗੁਰੂ ਰਾਮ ਸਿੰਘ ਨੂੰ ਰੰਗੂਨ ਭੇਜਿਆ ਗਿਆ ਅਤੇ ਉਸ ਨੂੰ ਕਦੀ ਵੀ ਉਥੋਂ ਮੁੜਨ ਦੀ ਆਗਿਆ ਨ ਮਿਲੀ। ਉਸ ਤੋਂ ਪਿੱਛੋਂ ਸਾਰੇ ਸੂਬੇ 'ਚ ਨਾਮਧਾਰੀਆਂ ਨੂੰ ਇਕ ਪ੍ਰਕਾਰ ਦੀ ਨਿਗਰਾਨੀ ਅਧੀਨ ਰਖਿਆ ਗਿਆ ਜਿਹੜੀ ਕਿ ਕੇਵਲ ਕੁਝ ਸਾਲ ਪਹਿਲਾਂ ਹੀ ਢਿੱਲੀ ਕੀਤੀ ਗਈ ਹੈ। ਉਹ ਇਕ ਸ਼ਾਂਤ-ਮਈ ਸੰਪ੍ਰਦਾਇ ਦਾ ਰੂਪ ਗ੍ਰਹਿਣ ਕਰ ਕੇ ਰਹਿ ਗਏ ਅਤੇ ਲੰਮੇ ਸਮੇਂ ਤਕ ਉਨ੍ਹਾਂ ਬਾਰੇ ਕੁਝ ਨਹੀਂ ਸੁਣਿਆ ਗਿਆ। ਪਰ ਉਨ੍ਹਾਂ ਦੀਆਂ ਸਰਗਰਮੀਆਂ ਮੁੜ ਤੇਜ਼ ਹੋ ਗਈਆਂ ਹਨ ਅਤ ਉਨ੍ਹਾਂ ਦਾ ਸਨਮਾਨ ਸੰਪ੍ਰਦਾਇ ਦੇ ਵਰਤਮਾਨ ਮੁਖੀ ਗੁਰੂ ਪਰਤਾਪ ਸਿੰਘ, ਜਿਹੜੇ ਕਿ ਬਾਬਾ ਰਾਮ ਸਿੰਘ ਦੇ ਭਤੀਜੇ ਹਨ, ਅਧੀਨ ਵਧ ਗਿਆ ਹੈ। ਇਸ ਸੰਪ੍ਰਦਾਇ ਦੀ ਵਰਤਮਾਨ ਸੰਖਿਆ ਕੋਈ ਸੱਤ ਲੱਖ ਦੱਸੀ ਜਾਂਦੀ ਹੈ।

ਸੰਪ੍ਰਦਾਇ ਸਖਤ ਅਨੁਸ਼ਾਸਨ ਅਧੀਨ ਚਲਦੀ ਹੈ ਅਤੇ ਗੁਰੂ ਪਰਤਾਪ ਸਿੰਘ ਇਸ ਨੂੰ ਉਸੇ ਤਰ੍ਹਾਂ ਚਲਾ ਰਿਹਾ ਹੈ ਜਿਵੇਂ ਪੋਪ ਰੋਮਨ ਕੈਥੋਲਿਕ ਚਰਚ ਨੂੰ। ਉਸ ਨੇ ਨਾਮਧਾਰੀਆਂ ਨੂੰ ਪੰਜਾਬੀ ਸੂਬੇ ਸੰਬੰਧੀ ਰਾਜਨੀਤਿਕ ਅੰਦੋਲਨ ਅਤੇ ਭਾਸ਼ਾ ਪ੍ਰਤਿ ਮਤਭੇਦਾਂ ਤੋਂ ਲਾਂਭੇ ਰਖਿਆ। ਇਸ ਸੰਪ੍ਰਦਾਇ ਦੇ ਸਦੱਸ ਮੁੱਖ ਤੌਰ ਤੇ ਰਾਮਗੜ੍ਹੀਆ ਜਾਤੀ ਵਿਚੋਂ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਹੱਥੀਂ ਮਜ਼ਦੂਰੀ ਕਰ ਕੇ ਨਿਰਬਾਹ ਕਰਦੇ ਹਨ, ਭਾਵੇਂ ਗੈਰ-ਰਾਮਗੜ੍ਹੀਏ ਵਪਾਰ ਵੀ ਕਰਦੇ ਹਨ।

ਉਨ੍ਹਾਂ ਦੀਆਂ ਆਦਤਾਂ ਸਾਦਾ ਹਨ ਅਤੇ ਉਨ੍ਹਾਂ ਨੂੰ ਸੁਦੇਸ਼ੀ ਨਾਲ ਪਿਆਰ ਹੈ। ਗੁਰੂ ਦੀਆਂ ਹਿਦਾਇਤਾਂ ਅਧੀਨ ਉਹ ਨਸ਼ੀਲੀਆਂ ਵਸਤਾਂ ਅਤੇ ਅਵੈਸ਼ਨੂੰ ਭੋਜਨ ਤੋਂ ਹੀ ਪਰਹੇਜ਼ ਨਹੀਂ ਕਰਦੇ ਸਗੋਂ ਮੁਕੱਦਮੇ ਬਾਜ਼ੀ ਅਤੇ ਫਜ਼ੂਲ ਖਰਚੀ ਤੋਂ ਵੀ ਬਚਾ ਰਖਦੇ ਹਨ। ਉਹ ਆਪਣੇ ਪਰਸਪਰ ਝਗੜੇ ਗੁਰੂ ਦੁਆਰਾ ਨਿਪਟਵਾਉਂਦੇ ਹਨ, ਜਿਸ ਦਾ ਫੈਸਲਾ ਅੰਤਿਮ ਸਮਝਿਆ ਜਾਂਦਾ ਹੈ। ਪਿੱਛੇ ਜਿਹੇ ਹੋਏ ਇਕ ਸਮਾਗਮ, ਜਿਸ ਵਿਚ ਭਾਰੀ ਸੰਖਿਆ ਵਿਚ ਨਾਮਧਾਰੀ ਹਾਜ਼ਰ ਹੋਏ ਸਨ, ਬਾਰੇ ਅਖਬਾਰਾਂ ਵਿਚ ਛਪਿਆ ਸੀ ਕਿ ਗੁਰੂ ਨੇ ਇਕੋ ਦਿਨ ਵਿਚ ਅਜੇਹੇ ਤੀਹ ਮੁਕੱਦਮਿਆਂ ਦਾ ਫੈਸਲਾ ਕੀਤਾ ਅਤੇ ਸਭ ਧਿਰਾਂ ਨੇ ਉਨ੍ਹਾਂ ਦਿਆਂ ਫੈਸਲਿਆਂ ਨੂੰ ਅੰਤਿਮ ਮੰਨਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਚੋਖਾਂ ਵਿਆਹਾਂ

ਦਾ ਕਾਰਜ ਨੇਪਰੇ ਚੜ੍ਹਵਾਇਆ ਅਤੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਚੋਦਾਂ ਵਿਆਹਾਂ ਤੇ 14 ਰੁਪਏ ਤੋਂ ਵੱਧ ਖਰਚ ਨਹੀਂ ਆਇਆ। ਇਕ ਵਿਆਹ ਦਾ ਗੁਰੂ ਦੁਆਰਾ ਪ੍ਰਵਾਣਿਤ ਵੱਧ ਤੋਂ ਵੱਧ ਖਰਚ ਸਵਾ ਰੁਪਿਆ ਹੈ।

ਨਾਮਧਾਰੀਆਂ ਦਾ ਗੁਰੂ (ਗੁਰੂ ਪਰਤਾਪ ਸਿੰਘ) ਸ਼ਰਧਾ ਉਪਜਾਊ ਸ਼ਖਸੀਅਤ ਹੈ ਅਤੇ ਸਾਰੇ ਫਿਰਕੇ ਉਸ ਦਾ ਭਾਰੀ ਸਤਿਕਾਰ ਕਰਦੇ ਹਨ। ਆਪਣੇ ਗੁਰੂ ਦੀ ਦੇਖ ਰੇਖ ਅਧੀਨ, ਇਹ ਸੰਪ੍ਰਦਾਇ ਸਮੇਂ ਦੀ ਸਰਕਾਰ ਪ੍ਰਤਿ ਵਫਾਦਾਰ ਹੈ ਅਤੇ ਗੁਰੂ ਨੇ ਅਧਿਕਾਰੀਆਂ ਨੂੰ ਸਦਾ ਸਹਿਯੋਗ ਦਿੱਤਾ ਹੈ।

ਅਧਿਆਇ ੨੨

ਅਜੋਕੀਆਂ ਘਟਨਾਵਾਂ

1849 ਵਿਚ ਬਰਤਾਨਵੀ ਸਾਮਰਾਜ ਨਾਲ ਪੰਜਾਬ ਦਾ ਇਲਹਾਕ ਹੋ ਜਾਣ ਉਪਰੰਤ ਸਿੱਖ ਰਾਜਸੀ ਸੱਤਾ ਦਾ ਸਿਤਾਰਾ ਸਦਾ ਲਈ ਡੁੱਬ ਗਿਆ। ਸਿੱਖ ਸੈਨਾਵਾਂ ਖਿੰਡਾ-ਪੁੰਡਾ ਦਿੱਤੀਆਂ ਗਈਆਂ ਸਨ ਅਤੇ ਪੰਜਾਬ ਵਿਚੋਂ ਸਿੱਖ ਸ਼ਕਤੀ ਨੂੰ ਮਿਟਾ ਦਿੱਤਾ ਗਿਆ ਸੀ। ਸਤਲੁਜੋਂ ਪਾਰ ਦੀਆਂ ਸਿੱਖ ਰਿਆਸਤਾਂ ਨੇ ਪਹਿਲਾਂ ਹੀ ਬਰਤਾਨਵੀ ਸਰਕਾਰ ਦੀ ਰੱਖਿਆ ਪ੍ਰਾਪਤ ਕਰ ਲਈ ਸੀ ਅਤੇ ਸੁਤੰਤਰਤਾ ਪ੍ਰਾਪਤੀ ਤਕ ਉਹ ਬਰਤਾਨੀਆ ਦੀਆਂ ਅਧੀਨ-ਸਰਕਾਰਾਂ ਬਣੀਆਂ ਰਹੀਆਂ ਸਨ। ਭਾਰਤ ਦੀ ਰਾਜਨੀਤੀ ਵਿਚ ਸਿੱਖਾਂ ਨੇ ਅੱਠ ਵਰ੍ਹੇ ਸਿੱਧੇ ਤੌਰ ਤੇ ਕੋਈ ਭਾਗ ਨ ਲਿਆ। 1857 ਵਿਚ ਵਿਦ੍ਰੋਹ ਹੋਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਖਿੰਡੀਆਂ ਪੁੰਡੀਆਂ ਫੌਜਾਂ ਨੂੰ ਆਪਣੀਆਂ ਸੈਨਿਕ ਸਰਗਰਮੀਆਂ ਮੁੜ ਸੁਰਜੀਤ ਕਰਨ ਦਾ ਅਵਸਰ ਮਿਲ ਗਿਆ। ਉਨ੍ਹੀਂ ਦਿਨੀਂ ਬਰਤਾਨਵੀ ਸਰਕਾਰ ਬੜੀ ਬਿਪਤਾ ਵਿਚ ਫਸੀ ਹੋਈ ਸੀ ਅਤੇ ਪੰਜਾਬ ਵਿਚ ਉਸ ਦੇ ਪ੍ਰਤਿਨਿਧਾਂ ਨੇ ਸਿੱਖ ਆਗੂਆਂ ਤੋਂ ਇਸ ਔਕੜ ਦੇ ਸਮੇਂ, ਮਦਦ ਦੀ ਮੰਗ ਕੀਤੀ। ਸਿੱਖਾਂ ਨੇ ਹੁਣੇ ਹੁਣੇ ਆਪਣਾ ਰਾਜ ਗੁਆਇਆ ਸੀ ਜਿਸ ਕਰਕੇ ਉਹ ਡੂੰਘੇ ਦਿਲੋਂ ਬਰਤਾਨੀਆ ਨੂੰ ਘ੍ਰਿਣਾ ਕਰਦੇ ਸਨ, ਪਰ ਕਿਉਂਕਿ ਉਹ ਸਰਲ ਹਿਰਦੇ ਵਾਲੇ ਸਨ ਇਸ ਲਈ ਉਨ੍ਹਾਂ ਨੇ ਛੇਤੀ ਹੀ ਘ੍ਰਿਣਾ ਵਿਸਾਰ ਦਿੱਤੀ। ਨੌਵੇਂ ਗੁਰੂ ਸਾਹਿਬ ਜਿਨ੍ਹਾਂ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ, ਦੇ ਨਾਂ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਇਕ ਚਲਾਕੀ-ਭਰੀ ਅਪੀਲ ਕੀਤੀ ਗਈ ਅਤੇ ਇਹ ਦਸਿਆ ਗਿਆ ਕਿ ਉਨ੍ਹਾਂ ਲਈ ਗੁਰੂ ਸਾਹਿਬ ਦੇ ਕਾਤਲ ਔਰੰਗਜ਼ੇਬ ਦੇ ਉੱਤਰ-ਅਧਿਕਾਰੀ ਅਤੇ ਦਿਲੀ ਤੋਂ ਬਦਲਾ ਲੈਣ ਦਾ ਇਹ ਉੱਤਮ ਅਵਸਰ ਹੈ। ਇਸ ਤੋਂ ਇਲਾਵਾ ਉਹ ਸਿੱਖ ਜਿਨ੍ਹਾਂ ਨੇ ਕਈ ਪੀੜ੍ਹੀਆਂ ਸਿਪਾਹੀਗੀਰੀ ਕੀਤੀ ਸੀ, ਆਸਾਨੀ ਨਾਲ ਵਾਹੀ ਦਾ ਕਿੱਤਾ ਨਹੀਂ ਅਪਣਾ ਸਕਦੇ ਸਨ। ਉਨ੍ਹਾਂ ਨੇ ਇਸ ਅਵਸਰ ਦਾ ਸਵਾਗਤ ਕੀਤਾ ਕਿਉਂਕਿ ਇਸ ਤੋਂ ਉਨ੍ਹਾਂ ਨੂੰ ਜਾਗੀਰਾਂ ਅਤੇ ਪੈਨਸ਼ਨਾਂ ਮਿਲਣ ਦੀ ਆਸ ਸੀ। ਉਨ੍ਹਾਂ ਨੇ ਭਾਰੀ ਸੰਖਿਆ ਵਿਚ ਇਕੱਠੇ ਹੋ ਕੇ ਕਈ ਲੜਾਈਆਂ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਜੇ ਉਨ੍ਹਾਂ ਦੀ ਸਮੇਂ ਸਿਰ ਸਹਾਇਤਾ ਨ ਮਿਲਦੀ ਤਾਂ ਬਰਤਾਨੀਆ

ਸਰਕਾਰ ਲਈ ਵਿਦ੍ਰੋਹ ਨੂੰ ਕੁਚਲਣਾ ਬਹੁਤ ਹੀ ਕਠਿਨ ਹੋ ਜਾਂਦਾ। ਹੁਣ ਸਿੱਖ ਆਪਣੀ ਵਫ਼ਾਦਾਰੀ ਲਈ ਪ੍ਰਸਿੱਧ ਹੋ ਗਏ ਅਤੇ, ਅਸਲ ਵਿਚ, ਅੰਗ੍ਰੇਜ਼ੀ ਸਰਕਾਰ ਦੇ ਵਿਸ਼ੇਸ਼ ਚਹੇਤੇ ਬਣ ਗਏ। ਉਨ੍ਹਾਂ ਦੀ ਇਹ ਵਫ਼ਾਦਾਰੀ ਕੇਵਲ ਗੱਲੀਂ-ਬਾਤੀਂ ਨਹੀਂ ਸੀ ਸਗੋਂ ਅਜੇਹਾ ਜਾਪਦਾ ਹੈ ਕਿ ਉਨ੍ਹਾਂ ਦੇ ਦਿਲ ਅੰਗ੍ਰੇਜ਼ਾਂ ਨੇ, ਲਗਾਤਾਰ ਥਾਪੀਆਂ ਦੇ ਕੇ ਅਤੇ ਸਾਰੇ ਜਨਤਕ ਸਮਾਗਮਾਂ ਉਤੇ ਉਨ੍ਹਾਂ ਦੀ ਵਫ਼ਾਦਾਰੀ ਅਤੇ ਬਹਾਦਰੀ ਦੇ ਸੋਹਲੇ ਗਾ ਕੇ ਵਾਸਤਵਿਕ ਰੂਪ ਵਿਚ, ਜਿੱਤ ਲਏ ਸਨ। ਮੈਨੂੰ ਯਾਦ ਹੈ ਕਿ ਜਦੋਂ ਮਲਕਾ ਵਿਕਟੋਰੀਆ ਦੀ ਮ੍ਰਿਤੂ ਹੋਈ ਤਾਂ ਦੁਆਬੇ ਦੇ ਇਕ ਮਹੱਤਵਪੂਰਣ ਸ਼ਹਿਰ ਦਾ ਇਕ ਸਰਦਾਰ ਖੂਹ ਤੇ ਦਹੀਂ ਦਾ ਇਕ ਭਾਂਡਾ ਭਰ ਕੇ ਲੈ ਗਿਆ ਅਤੇ ਉਸ ਮਹਾਨ ਰਾਣੀ ਜਿਸ ਨੂੰ ਉਸ ਨੇ ਕੇਵਲ ਆਪਣੀ ਹੀ ਨਹੀਂ ਸਗੋਂ ਸਾਰੇ ਖ਼ਾਲਸੇ ਦੀ ਮਾਂ ਦਸਿਆ, ਦੀ ਮੌਤ ਦੇ ਮਾਤਮ ਵਜੋਂ ਸਾਰੇ ਸਿੱਖਾਂ ਨੂੰ ਉਸ ਨਾਲ ਕੇਸ ਧੋਣ ਲਈ ਕਿਹਾ।

ਅੰਮ੍ਰਿਤਸਰ ਦਾ ਪਵਿੱਤਰ ਦਰਬਾਰ ਸਾਹਿਬ ਸਰਕਾਰੀ ਨਿਯੰਤ੍ਰਣ ਅਧੀਨ ਕਰ ਲਿਆ ਗਿਆ ਅਤੇ ਇਸੇ ਤਰ੍ਹਾਂ ਸਿੱਖਾਂ ਦੀ ਸਭ ਤੋਂ ਵੱਡੀ ਵਿਦਿਅਕ ਸੰਸਥਾ, ਖ਼ਾਲਸਾ ਕਾਲਿਜ, ਅੰਮ੍ਰਿਤਸਰ ਉਤੇ ਵੀ ਅਮਲੀ ਤੌਰ ਤੇ ਸਰਕਾਰੀ ਨਿਯੰਤ੍ਰਣ ਹੋ ਗਿਆ। ਲਾਹੌਰ ਦਾ ਕਮਿਸ਼ਨਰ ਇਸ ਦਾ ਪ੍ਰਧਾਨ ਸੀ, ਅਤੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ, ਸਿਖਿਆ ਨਿਰਦੇਸ਼ਕ, ਰਾਜਨੀਤਿਕ ਏਜੰਟ ਅਤੇ ਪ੍ਰਿੰਸੀਪਲ ਨੂੰ ਸਰਕਾਰ ਨੇ ਕਾਲਿਜ-ਕੌਂਸਿਲ ਦੇ ਸਦੱਸ ਨਿਯੁਕਤ ਕਰ ਦਿੱਤਾ।

ਉਕਤ ਭਾਂਤ ਦੀ ਵਫ਼ਾਦਾਰੀ ਦੀ ਲਹਿਰ 1913 ਤਕ ਬਰਕਰਾਰ ਰਹੀ। ਪਰ 1913 ਵਿਚ ਦਿੱਲੀ ਅੰਦਰ ਇਕ ਅਜੇਹੀ ਘਟਨਾ ਵਾਪਰੀ ਜਿਸ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਬੜੀ ਭਾਰੀ ਠੇਸ ਪਹੁੰਚਾਈ। ਉਨ੍ਹਾਂ ਦਿਨਾਂ ਵਿਚ ਦਿੱਲੀ ਦੀ ਰਾਜਧਾਨੀ ਦਾ ਨਿਰਮਾਣ ਹੋ ਰਿਹਾ ਸੀ ਅਤੇ ਨਵੀਂ ਰਾਜਧਾਨੀ ਨੂੰ ਆਲੀਸ਼ਾਨ ਅਤੇ ਸੁੰਦਰ ਬਣਾਉਣ ਲਈ ਸਰਕਾਰ ਨੇ ਇਹ ਜ਼ਰੂਰੀ ਸਮਝਿਆ ਕਿ ਗੁਰੂ ਤੇਗ ਬਹਾਦਰ ਦੇ ਪ੍ਰਸਿੱਧ ਗੁਰਦਵਾਰੇ, ਜਿਸ ਨੂੰ ਸ੍ਰੀ ਰਕਾਬ ਗੰਜ ਕਹਿੰਦੇ ਹਨ, ਦੀਆ ਬਾਹਰਲੀਆਂ ਦੀਵਾਰਾਂ ਢਾਹ ਦਿੱਤੀਆਂ ਜਾਣ ਤਾਂ ਜੋ ਇਸ ਦੇ ਘੇਰੇ ਵਿਚੋਂ ਕੁਝ ਥਾਂ ਇਸ ਦੇ ਨੇੜਿਉਂ ਲੰਘਦੀ ਸੜਕ ਵਿਚ ਮਿਲਾ ਲਈ ਜਾਵੇ। ਕੌਮ ਦੇ ਆਗੂ ਇਸ ਨੂੰ ਆਪਣੇ ਧਰਮ ਦੀ ਬੇਇਜ਼ਤੀ ਸਮਝ ਕੇ ਅੰਦੋਲਨ ਚਲਾਉਣ ਦੀ ਸੋਚ ਹੀ ਰਹੇ ਸਨ ਕਿ ਪਹਿਲਾ ਮਹਾਂਯੁੱਧ ਛਿੜ ਪਿਆ। ਇਕ ਤਰ੍ਹਾਂ ਦੀ ਗੰਢ-ਤ੍ਰੁੱਪ ਕਰ ਕੇ ਸਰਕਾਰ ਨੇ ਸਿੱਖਾਂ ਨਾਲ ਸੰਧੀ ਕਰ ਲਈ ਅਤੇ ਯੁੱਧ ਦੇ ਸਮੇਂ ਵਿਚਕਾਰ ਇਹ ਸਮੱਸਿਆ ਉਸੇ ਤਰ੍ਹਾਂ ਹੀ ਬਣੀ ਰਹੀ। 1918 ਵਿਚ ਯੁੱਧ ਬੰਦ ਹੋ ਗਿਆ ਪਰ ਗੁਰਦਵਾਰੇ ਦੀਆਂ ਕੰਧਾਂ ਅਜੇ ਵੀ ਢਹੀਆਂ ਪਈਆਂ ਰਹੀਆਂ। ਕੁਝ ਸਮਾਂ ਗੱਲਬਾਤ ਵਿਚ ਨਿਕਲ ਗਿਆ। ਅੰਤ ਵਿਚ ਸਿੱਖਾਂ ਦੇ ਇਕ ਆਗੂ ਸਰਦਾਰ ਸਰਦੂਲ ਸਿੰਘ ਕਵੀਸ਼ਰ

ਨੇ ਇਕ ਸੌ ਸਿੱਖਾਂ ਦੇ ਜੀਵਨਦਾਨੀ ਬਣਨ ਦੀ ਅਪੀਲ ਕੀਤੀ ਜਿਹੜੇ ਆਪਣੇ ਘਰਾਂ ਤੋਂ ਸਿਰਾਂ ਤੇ ਕਫਨ ਬੰਨ੍ਹ ਕੇ ਚੱਲ ਸਕਣ ਅਤੇ ਜਾਨ ਦੇ ਕੇ ਵੀ ਕੰਧਾਂ ਨੂੰ ਆਪਣੀ ਪਹਿਲੀ ਥਾਂ ਤੇ ਮੁੜ ਉਸਾਰਨ ਦਾ ਸਾਹਸ ਕਰ ਸਕਣ। ਸੈਂਕੜੇ ਸਿੱਖਾਂ ਨੇ ਇਸ ਅਪੀਲ ਨੂੰ ਹੁੰਗਾਰਾ ਦਿੱਤਾ ਤੇ ਸ਼ਹੀਦੀ ਜਥੇ ਲਈ ਆਪਣੇ ਸੀਸ ਵਾਰਨ ਦੀ ਪੇਸ਼ਕਸ਼ ਕੀਤੀ। ਪਰ ਸਵਰਗੀ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਵਿਚ ਪੈ ਜਾਣ ਨਾਲ ਸਮੇਂ ਦੇ ਪੰਜਾਬ ਦੇ ਗਵਰਨਰ ਸਰ ਐਡਵਰਡ ਮੈਕਲੈਗਨ ਨੇ ਇਸ ਸਮੱਸਿਆ ਨੂੰ ਹੱਲ ਕਰ ਦਿੱਤਾ। ਗੁਰਦਵਾਰੇ ਦੀਆਂ ਕੰਧਾਂ ਦੁਬਾਰਾ ਖੜੀਆਂ ਕਰ ਦਿੱਤੀਆਂ ਗਈਆਂ ਅਤੇ ਸਿੱਖਾਂ ਦੀਆਂ ਭਾਵਨਾਵਾਂ ਸ਼ਾਂਤ ਹੋ ਗਈਆਂ। ਇਹ ਪਹਿਲਾ ਮੋਰਚਾ ਸੀ ਜਿਸ ਵਿਚ ਸਿੱਖਾਂ ਦੀ ਪਹਿਲੀ ਜਿੱਤ ਹੋਈ।

ਇਸ ਘਟਨਾ ਦੇ ਤੁਰੰਤ ਬਾਦ 'ਬੱਜ-ਬੱਜ ਘਾਟ ਦੁਰਘਟਨਾ' ਵਾਪਰੀ ਜਦ ਕੈਨੇਡਾ ਤੋਂ ਆਉਣ ਵਾਲੇ ਸਿੱਖਾਂ ਦੇ ਇਕ ਜਥੇ ਦੇ ਵਿਅਕਤੀ ਅੰਗ੍ਰੇਜ਼ਾਂ ਦੀਆਂ ਗੋਲੀਆਂ ਨਾਲ ਮਾਰੇ ਗਏ ਜਾਂ ਫੱਟੜ ਹੋ ਗਏ। ਕੁਝ ਸਿੱਖ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਵਿਚ ਵੀ ਮਾਰੇ ਗਏ ਸਨ। ਇਹ ਸਾਕਾ ਜਨਰਲ ਡਾਇਰ ਦੁਆਰਾ ਅਪ੍ਰੈਲ 1919 ਵਿਚ ਵਾਪਰਿਆ ਸੀ।

ਇਨ੍ਹਾਂ ਘਟਨਾਵਾਂ ਨੇ ਸਿੱਖਾਂ ਦੀ ਵਫਾਦਾਰੀ ਨੂੰ ਕਰੜੀ ਠੇਸ ਲਾਈ ਅਤੇ ਇਤਫਾਕ ਨਾਲ ਕੁਝ ਅਜੇਹੀਆਂ ਹੋਰ ਘਟਨਾਵਾਂ ਵੀ ਵਾਪਰ ਗਈਆਂ ਜਿਨ੍ਹਾਂ ਨੇ ਸਰਕਾਰ ਅਤੇ ਸਿੱਖਾਂ ਵਿਚਕਾਰ ਪਿਛਲੇ ਸੱਠ ਵਰ੍ਹਿਆਂ ਤੋਂ ਚਲੇ ਆ ਰਹੇ ਮਿੱਤਰਤਾਪੂਰਣ ਸੰਬੰਧਾਂ ਦਾ ਅੰਤ ਕਰ ਦਿੱਤਾ। ਸਿੱਖ ਆਗੂਆਂ ਪਾਸ ਕਈ ਪ੍ਰਕਾਰ ਦੇ ਅਜੇਹੇ ਦੁਰਾਚਾਰਾਂ ਦੀਆਂ ਸ਼ਿਕਾਇਤਾਂ ਪਹੁੰਚ ਚੁੱਕੀਆਂ ਸਨ ਜਿਹੜੇ ਨਨਕਾਣਾ ਸਾਹਿਬ, ਜੋ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਹੈ, ਦੇ ਗੁਰਦਵਾਰੇ ਵਿਚ ਹੋ ਰਹੇ ਸਨ। ਸਿੱਖਾਂ ਨੇ ਗੁਰਦਵਾਰੇ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦਾ ਮਤਾ ਪਕਾ ਲਿਆ ਜਿਵੇਂ ਕਿ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਦੋ ਅਤਿ ਮਹੱਤਵਪੂਰਣ ਪਵਿਤਰ ਸਥਾਨਾਂ, ਦਰਬਾਰ ਸਾਹਿਬ ਅਤੇ ਅਕਾਲ ਤਖਤ ਦੇ ਪ੍ਰਬੰਧ ਨੂੰ ਪਹਿਲਾਂ ਹੀ ਆਪਣੇ ਹੱਥਾਂ ਵਿਚ ਲੈ ਲਿਆ ਹੋਇਆ ਸੀ। ਇਸ ਅਨੁਸਾਰ ਭਾਈ ਲਛਮਣ ਸਿੰਘ ਦੀ ਅਗਵਾਈ ਵਿਚ ਸਿੱਖਾਂ ਦਾ ਇਕ ਜਥਾ ਗੁਰਦਵਾਰੇ ਦਾ ਕਬਜ਼ਾ ਲੈਣ ਲਈ ਤੁਰ ਪਿਆ ਅਤੇ ਉਹ ਗੁਰਦਵਾਰੇ ਵਿਚ ਸਾਧਾਰਣ ਯਾਤਰੀਆਂ ਵਾਂਗੂ ਗਏ। ਗੁਰਦਵਾਰੇ ਦੇ ਮਹੰਤ (ਨਰਾਇਣ ਦਾਸ) ਨੂੰ ਸਿੱਖਾਂ ਦੀ ਅਜੇਹੀ ਕਾਰਵਾਈ ਬਾਰੇ ਖੁੜਕ ਗਈ ਸੀ। ਉਸ ਨੇ ਗੁਰਦਵਾਰੇ ਵਿਚ ਭਾਰੀ ਸੰਖਿਆ ਵਿਚ ਰੀਵਾਲਵਰ ਅਤੇ ਕਾਫੀ ਮਾਤਰਾ ਵਿਚ ਗੋਲਾ-ਬਾਰੂਦ ਜਮ੍ਹਾਂ ਕਰ ਰਖਿਆ ਸੀ ਅਤੇ ਕਾਫੀ ਗਿਣਤੀ ਵਿਚ ਪਠਾਨਾਂ ਨੂੰ ਸਿੱਖਾਂ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਲਿਆ ਸੀ। ਸਿੱਖ ਯਾਤਰੂਆਂ ਨੇ ਅਜੇ ਗੁਰਦਵਾਰੇ ਵਿਚ ਪੈਰ ਹੀ ਪਾਏ ਸਨ ਕਿ ਮਹੰਤ ਦੇ ਆਦਮੀਆਂ ਨੇ ਉਨ੍ਹਾਂ ਉਤੇ ਗੋਲੀ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਸਿੱਖ ਮਾਰੇ ਗਏ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਲੋਥਾਂ ਨਾਲ ਕੁਝ ਜ਼ਖਮੀ ਸਿੱਖਾਂ ਨੂੰ ਵੀ ਇਕ ਟੋਏ ਵਿਚ ਸੁਟ ਦਿੱਤਾ ਗਿਆ ਜਿਵੇਂ ਕਿ ਉਨ੍ਹਾਂ ਨੂੰ ਅੱਗ ਵਿਚ ਸੁਟ ਕੇ

ਸਾੜਨ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਸਾਕੇ ਪ੍ਰਤਿ ਸਰਕਾਰ ਦੇ ਰਵਈਏ ਨਾਲ ਸਿੱਖ ਸੰਤੁਸ਼ਟ ਨ ਹੋਏ। ਮਾਸਟਰ ਤਾਰਾ ਸਿੰਘ ਦੇ ਜੀਵਨੀਕਾਰ ਨੇ ਲਿਖਿਆ ਹੈ ਕਿ 'ਸਿੱਖਾਂ ਨਾਲ ਕੋਈ ਅਮਲੀ ਸਹਾਨੁਭੂਤੀ ਵਿਖਾਉਣ ਦੀ ਬਜਾਏ ਬਹੁਤ ਸਾਰੇ ਸਰਕਾਰੀ ਅਫਸਰਾਂ ਨੇ ਅਸਲ ਵਿਚ ਇਸ ਘਟਨਾ ਦੀ ਗੰਭੀਰਤਾ ਨੂੰ ਘਟਾ ਕੇ ਪੇਸ਼ ਕਰਨ ਦਾ ਯਤਨ ਕੀਤਾ।' ਇਹ ਮੁਆਮਲਾ ਕੇਂਦਰੀ ਲੈਜਿਸਲੇਟਿਵ ਕੌਂਸਿਲ ਵਿਚ ਲੈ ਜਾਇਆ ਗਿਆ ਅਤੇ ਕਈ ਅਧਿਕਾਰੀਆਂ ਵਿਰੁੱਧ ਕੌਂਸਿਲ ਵਿਚ ਦੋਸ਼ ਲਾਏ ਗਏ ਪਰ ਇਨ੍ਹਾਂ ਦੋਸ਼ਾਂ ਦੀ ਸਰ ਮੈਲਕਮ ਨੇ, ਜਿਹੜਾ ਹੁਣ ਲਾਰਡ ਹੈਲੇ ਅਖਵਾਉਂਦਾ ਹੈ, ਭਾਰੀ ਨਿਖੇਧੀ ਕੀਤੀ। ਭਾਵੇਂ ਇਨ੍ਹਾਂ ਦੋਸ਼ਾਂ ਦੀ ਕੋਈ ਬੁਨਿਆਦ ਸੀ ਜਾਂ ਨਹੀਂ ਪਰ ਇਕ ਕੌਮ ਦੇ ਤੌਰ 'ਤੇ ਸਿੱਖਾਂ ਉਤੇ ਪਿਆ ਇਸ ਦਾ ਪ੍ਰਭਾਵ ਸਰਕਾਰ ਦੇ ਪੱਖ ਵਿਚ ਨਹੀਂ ਗਿਆ।

ਸਿੱਖਾਂ ਦੀ ਅਸੰਤੁਸ਼ਟਤਾ ਵਿਚ ਵਾਧਾ ਕਰਨ ਵਾਲੀਆਂ ਹੋਰ ਵੀ ਕਈ ਘਟਨਾਵਾਂ ਛੇਤੀ ਛੇਤੀ ਅਤੇ ਲਗਾਤਾਰ ਵਾਪਰ ਗਈਆਂ। 7 ਨਵੰਬਰ 1921 ਨੂੰ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੇ ਦਰਬਾਰ ਸਾਹਿਬ ਦੇ ਤੋਸ਼ਾ ਖਾਨੇ ਦੀਆਂ ਚਾਬੀਆਂ 'ਤੇ ਕਬਜ਼ਾ ਕਰ ਲਿਆ। ਇਸ ਨੇ 'ਕੁੰਜੀਆਂ ਦਾ ਮੋਰਚਾ' ਨਾਮਕ ਅੰਦੋਲਨ ਨੂੰ ਜਨਮ ਦਿੱਤਾ। ਡਿਪਟੀ ਕਮਿਸ਼ਨਰ ਦੇ ਇਸ ਕਰਮ ਨਾਲ ਅੰਦੋਲਨ ਦੂਰ ਦੂਰ ਤਕ ਫੈਲ ਗਿਆ। ਇਸ ਅੰਦੋਲਨ ਨੂੰ ਰੋਕਣ ਲਈ ਰਾਜਧ੍ਰੋਹੀ ਬੈਠਕ ਕਾਨੂੰਨ(Seditious Meetings Act)ਦਾ ਆਸਰਾ ਲਿਆ ਗਿਆ ਅਤੇ ਬਹੁਤ ਸਾਰੇ ਸਿੱਖ ਆਗੂਆਂ ਜਿਨ੍ਹਾਂ ਵਿਚ ਬਾਬਾ ਖੜਕ ਸਿੰਘ,ਮਾਸਟਰ ਤਾਰਾ ਸਿੰਘ ਅਤੇ ਸਵਰਗੀ ਸਰਦਾਰ ਬਹਾਦਰ ਮਹਿਤਾਬ ਸਿੰਘ ਜਿਹੜੇ ਕਿ ਪੰਜਾਬ ਵਿਧਾਨ ਪਰਿਸ਼ਦ ਦੇ ਉਪ-ਪ੍ਰਧਾਨ ਅਤੇ ਸਰਕਾਰੀ ਵਕੀਲ ਰਹਿ ਚੁਕੇ ਸਨ, ਉਤੇ ਮੁਕੱਦਮੇ ਚਲਾਏ ਗਏ ਅਤੇ ਉਨ੍ਹਾਂ ਨੂੰ ਦੋਸ਼ੀ ਸਿੱਧ ਕਰ ਕੇ ਵੱਖ ਵੱਖ ਮਿਆਦ ਦੀ ਕੈਦ ਬਾ-ਮੁਸ਼ੱਕਤ ਦੀ ਸਜ਼ਾ ਦਿੱਤੀ ਗਈ। ਕੋਈ 200 ਆਗੂ ਗਰਿਫਤਾਰ ਕਰ ਲੈਣ ਪਿੱਛੋਂ ਸਰਕਾਰ ਨੇ ਆਪਣੀ ਦਬੇਲ ਨੀਤੀ ਵਿਚ ਸੋਧ ਕੀਤੀ ਅਤੇ ਕੁੰਜੀਆਂ ਦੇ ਮੋਰਚੇ ਦੇ ਸਾਰੇ ਕੈਦੀ ਬਰੀ ਕਰ ਕੇ ਕੁੰਜੀਆਂ ਸਿੱਖਾਂ ਨੂੰ ਦੇ ਦਿੱਤੀਆਂ। ਸਰਕਾਰ ਨੇ ਇਕ ਐਲਾਨਨਾਮਾ ਜਾਰੀ ਕੀਤਾ ਜਿਸ ਵਿਚ ਇਹ ਕਿਹਾ ਗਿਆ ਕਿ "ਸਮੁਚੇ ਤੌਰ 'ਤੇ ਸਿੱਖ ਕੌਮ ਕੋਈ 70 ਸਾਲਾਂ ਤੋਂ ਵੱਧ ਸਮੇਂ ਤਕ ਸਰਕਾਰ ਦੀ ਪੱਕੀ ਮਿੱਤਰ ਅਤੇ ਕਾਨੂੰਨ ਦੀ ਜ਼ਬਰਦਸਤ ਰੱਖਿਅਕ ਰਹੀ ਹੈ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਸਿੱਖਾਂ ਅਤੇ ਸਰਕਾਰ ਵਿਚਕਾਰ ਚਲੇ ਆ ਰਹੇ ਮਿੱਤਰਤਾਨਾ ਸੰਬੰਧ ਨਿਰਵਿਘਨ ਬਣੇ ਰਹਿਣਗੇ।"

ਪਰ ਇਸ ਤੋਂ ਪਿੱਛੋਂ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਐਲਾਨਨਾਮੇ ਵਿਚ ਬੰਨ੍ਹਾਈਆਂ ਆਸਾਂ ਨੂੰ ਝੁਠਲਾ ਦਿੱਤਾ। ਸਿੱਖ ਇਤਿਹਾਸ ਦੇ ਇਸ ਭਾਗ ਨਾਲ ਸੰਬੰਧਿਤ ਅਗਲਾ ਸਾਕਾ ਸਿੱਖਾਂ ਦੇ ਕਿਰਪਾਨਾਂ ਧਾਰਨ ਕਰਨ ਦੇ ਅੰਦੋਲਨ ਨਾਲ ਸੰਬੰਧਿਤ ਹੈ। ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਨਿਰਧਾਰਿਤ ਕੀਤੇ ਕੱਕਿਆਂ ਵਿਚੋਂ ਇਕ ਕੱਕੇ ਦੇ ਤੌਰ 'ਤੇ

ਕਿਰਪਾਨ ਪਹਿਨਣ ਦਾ ਆਦੇਸ਼ ਹੈ, ਪਰੰਤੂ, ਉਸ ਵੇਲੇ ਤੋਂ ਹੀ ਬਹੁਤੇ ਸਿੱਖ ਇਕ ਛੋਟੀ ਜੇਹੀ ਕਿਰਪਾਨ ਜਿਸ ਉਤੇ ਮਿਆਨ ਚੜ੍ਹੀ ਹੁੰਦੀ ਹੈ, ਧਾਰਨ ਕਰਨ ਲੱਗ ਪਏ ਹਨ। ਇਹ ਕਿਰਪਾਨ ਕਈ ਵਾਰੀ ਤਾਂ ਇਤਨੀ ਛੋਟੀ ਹੁੰਦੀ ਹੈ ਕਿ ਸਿਰ ਦੇ ਵਾਲਾਂ ਦੇ ਜੂੜੇ ਵਿਚ ਰੱਖੀ ਹੁੰਦੀ ਹੈ। ਪੂਰੇ ਆਕਾਰ ਦੀ ਕਿਰਪਾਨ ਧਾਰਨ ਕਰਨ ਦਾ ਅੰਦੋਲਨ ਚਲ ਪਿਆ। ਜਦੋਂ ਸਰਕਾਰ ਨੇ ਇਸ ਨੂੰ ਨਵੀਂ ਕਾਢ ਸਮਝ ਕੇ ਸਵੀਕਾਰ ਨ ਕੀਤਾ ਤਾਂ ਸਿੱਟਾ ਇਹ ਹੋਇਆ ਕਿ ਕੋਈ 1700 ਕਾਲੀਆਂ ਪੱਗਾਂ ਵਾਲੇ ਸਿੱਖਾਂ, ਜਿਨ੍ਹਾਂ ਨੂੰ ਆਮ ਤੌਰ ਤੇ ਅਕਾਲੀ ਕਿਹਾ ਜਾਂਦਾ ਸੀ, ਨੂੰ ਪੰਜਾਬ ਦੇ ਕਈ ਚੁਣੇ ਹੋਏ ਜ਼ਿਲ੍ਹਿਆਂ ਅਤੇ ਪਟਿਆਲੇ ਅਤੇ ਕਪੂਰਥਲੇ ਦੀਆਂ ਰਿਆਸਤਾਂ ਵਿਚੋਂ ਗਰਿਫਤਾਰ ਕਰ ਲਿਆ ਗਿਆ ਅਤੇ ਬਹੁਤ ਸਾਰੇ ਆਗੂਆਂ ਜਿਨ੍ਹਾਂ ਵਿਚ ਕਈ ਇਕ ਪੈਨਸ਼ਨ-ਪ੍ਰਾਪਤ ਵਿਅਕਤੀ ਵੀ ਸਨ, ਉਤੇ ਦੋਸ਼ ਲਾ ਕੇ ਉਨ੍ਹਾਂ ਨੂੰ ਲੰਮੀਆਂ ਕੈਦਾਂ ਦੀ ਸਜ਼ਾ ਦਿੱਤੀ ਗਈ। ਪਰ ਅਖੀਰ ਵਿਚ ਸਰਕਾਰ ਨੇ ਸਿੱਖਾਂ ਦੀ ਮੰਗ ਮੰਨ ਲਈ ਅਤੇ ਪੂਰੇ ਆਕਾਰ ਦੀ ਕਿਰਪਾਨ ਉਤੋਂ ਪ੍ਰਤਿਬੰਧ ਚੁੱਕ ਲਿਆ ਗਿਆ। ਪਿਛੋਂ ਕੇਵਲ ਸਿੱਖਾਂ ਨੂੰ ਹੀ ਨਹੀਂ ਸਗੋਂ ਸਭ ਸੰਪਰਦਾਵਾਂ ਨੂੰ ਕਿਰਪਾਨ ਰੱਖਣ ਦੀ ਆਗਿਆ ਦੇ ਦਿੱਤੀ ਗਈ ਅਤੇ ਕਿਰਪਾਨ ਦਾ ਰੱਖਣਾ ਆਰਮਸ ਐਕਟ ਵਿਚੋਂ ਕੱਢ ਦਿੱਤਾ ਗਿਆ।

ਦੂਜੀ ਘਟਨਾ ਜਿਸ ਨੇ ਭਾਰੀ ਅੰਦੋਲਨ ਖੜਾ ਕਰ ਦਿੱਤਾ, ਸਿੱਖਾਂ ਦੀ ਗੁਰੂ ਕੇ ਬਾਗ ਵਿਚੋਂ ਬਾਲਣ ਕੱਟਣ ਦੀ ਮੰਗ ਬਾਰੇ ਸੀ। ਇਸ ਥਾਂ ਦੇ ਮਹੰਤ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਿਆਂ ਹੁਕਮਾਂ ਦੀ ਪਾਲਣਾ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸਿੱਖ ਹਿੰਸਾ ਦਾ ਪ੍ਰਯੋਗ ਕੀਤੇ ਬਿਨਾਂ ਬਾਗ ਤੇ ਜ਼ਬਰਦਸਤੀ ਅਧਿਕਾਰ ਜਮਾਉਣਾ ਚਾਹੁੰਦੇ ਸਨ। ਸਿੱਟਾ ਇਹ ਹੋਇਆ ਕਿ ਅੰਮ੍ਰਿਤਸਰ ਸ਼ਹਿਰ ਤੋਂ ਗੁਰੂ ਕੇ ਬਾਗ ਵਿਖੇ ਸਿੱਖਾਂ ਦੇ ਜਥੇ ਦੇ ਜਥੇ ਭੇਜੇ ਜਾਣ ਲੱਗੇ ਜਿਨ੍ਹਾਂ ਨੂੰ ਸਖਤ ਹਿਦਾਇਤਾਂ ਹੁੰਦੀਆਂ ਸਨ ਕਿ ਉਹ ਸ਼ਾਂਤੀ ਤੋਂ ਕੰਮ ਲੈਂਦੇ ਹੋਏ ਪੁਲਿਸ ਵਲੋਂ ਕੀਤੀਆਂ ਗਈਆਂ ਸਾਰੀਆਂ ਵਧੀਕੀਆਂ ਅਤੇ ਹੋਰ ਔਕੜਾਂ, ਕਿਸੇ ਭਾਂਤ ਦੀ ਬਦਲਾ ਲਊ ਕਾਰਵਾਈ ਕੀਤੇ ਬਿਨਾਂ, ਬਰਦਾਸ਼ਤ ਕਰਨ। ਅੰਦੋਲਨ ਨੇ ਇਤਨਾ ਗਭੀਰ ਰੂਪ ਧਾਰਨ ਕਰ ਲਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੇ 17 ਸਤੰਬਰ 1922 ਨੂੰ ਇਕ ਜਾਂਚ ਕਮੇਟੀ ਬੈਠਾਉਣ ਦਾ ਫੈਸਲਾ ਕੀਤਾ ਜਿਸ ਵਿਚ ਬਹੁਤ ਸਾਰੇ ਉਘੇ ਵਕੀਲ ਅਤੇ ਦੂਜੇ ਆਗੂ ਸ਼ਾਮਿਲ ਸਨ ਜਿਨ੍ਹਾਂ ਵਿਚੋਂ ਮਿਸਟਰ ਐਸ. ਸੀ. ਸਟੋਕਸ ਸੀ ਜੋ ਇਕ ਅਮਰੀਕੀ ਮਿਸ਼ਨਰੀ ਸੀ ਅਤੇ ਸ਼ਿਮਲੇ ਦੀਆਂ ਪਹਾੜੀਆਂ ਤੇ ਰਹਿੰਦਾ ਸੀ। ਜਿਵੇਂ ਕਿ ਇਸ ਕਮੇਟੀ ਦੀ ਰਿਪੋਰਟ ਤੋਂ ਜ਼ਾਹਰ ਹੈ, ਪੁਲਿਸ ਨੇ ਅਜੇਹੇ ਸੈਂਕੜੇ ਅਕਾਲੀਆਂ ਤੇ ਲਾਠੀ ਚਾਰਜ ਕੀਤਾ ਜਿਨ੍ਹਾਂ ਨੇ ਗੁਰੂ ਕੇ ਬਾਗ ਪਹੁੰਚਣ ਦਾ ਯਤਨ ਕੀਤਾ। ਸਿੱਖਾਂ ਦੇ ਜਥਿਆਂ ਨੂੰ ਗੁਰੂ ਕੇ ਬਾਗ ਤੋਂ ਮੀਲਾਂ ਦੂਰ ਰੋਕ ਲਿਆ ਜਾਂਦਾ ਅਤੇ ਉਨ੍ਹਾਂ ਉਤੇ ਵਾਰ ਵਾਰ ਜਬਰ ਕੀਤਾ ਜਾਂਦਾ ਜਿਸ ਦੇ ਸਿੱਟੇ ਵਜੋਂ ਬਹੁਤਿਆਂ ਦੇ ਸਿਰਾਂ ਨੂੰ ਕਰਾਰੀਆਂ ਸੱਟਾਂ ਵੱਜੀਆਂ ਜਿਸ ਕਰਕੇ

ਕਈ ਦਿਮਾਗਾਂ ਵਿਚ ਸੋਜ ਆ ਜਾਣ ਕਾਰਣ ਪਾਗਲ ਹੋ ਗਏ। ਅਕਾਲੀਆਂ ਨੇ ਇਹ ਸਭ ਕੁਝ ਬਿਨਾਂ ਕਿਸੇ ਟਾਕਰੇ ਜਾਂ ਬਦਲੇ ਦੇ ਸਿਹਾ। "ਸਾਰੇ ਰਾਜਨੀਤਿਕ ਆਧਾਰਾਂ ਨੂੰ ਲਾਂਭੇ ਰਖਦਿਆਂ" ਕਮੇਟੀ ਦੇ ਮੈਂਬਰ ਲਿਖਦੇ ਹਨ, "ਅਸੀਂ ਸਮਝਦੇ ਹਾਂ ਕਿ ਪੰਜਾਬ ਸਰਕਾਰ ਦੀਆਂ ਇਹ ਵਧੀਕੀਆਂ ਉਸ ਦੇ ਭਾਰੀ ਘਟੀਆਪਣ ਦਾ ਸਬੂਤ ਹਨ ਅਤੇ ਕਿਸੇ ਵੀ ਸਭਜ ਸਰਕਾਰ ਲਈ ਸ਼ਰਮ ਦਾ ਕਾਰਣ ਹਨ। ਸਾਨੂੰ ਇਹ ਨਿਰਣਾ ਕਰਨ ਵਿਚ ਕੋਈ ਸੰਕੋਚ ਨਹੀਂ ਕਿ ਜਿਹੜੀ ਸ਼ਕਤੀ ਵਰਤੀ ਗਈ ਹੈ, ਉਸ ਨੂੰ ਹਰ ਪੱਖੋਂ ਪਰਖਿਆਂ ਪਤਾ ਲਗਦਾ ਹੈ ਕਿ ਉਹ ਨਿਰੀ ਜ਼ਿਆਦਤੀ ਸੀ। ਅਸੀਂ ਇਹ ਲਿਖਣ ਲਈ ਮਜਬੂਰ ਹਾਂ ਕਿ ਜਿਸ ਆਪਹੁਦਰੇ ਅਤੇ ਗੈਰਕਾਨੂੰਨੀ ਢੰਗ ਨਾਲ ਹਿੰਸਾ ਦੀ ਵਰਤੋਂ ਹੋਈ ਉਹ ਗਿਣੀ-ਮਿਥੀ ਸੀ ਅਤੇ ਇਹ ਮਨੁਖਤਾ ਦਾ ਜਿਹੜੀ ਕਿ ਸਰਕਾਰ ਲਈ ਵੀ ਅਪਣਾਉਣੀ ਜ਼ਰੂਰੀ ਹੈ, ਭਾਰੀ ਅਪਮਾਨ ਹੈ। ਅੰਤ ਵਿਚ ਅਸੀਂ ਸ਼ਹੀਦੀ ਦੇ ਉਸ ਜੋਸ਼ ਅਤੇ ਸ਼ਾਂਤੀ ਜਿਸ ਨਾਲ ਅਕਾਲੀਆਂ ਦੇ ਦਿਲ ਭਰੇ ਪਏ ਸਨ, ਉਨ੍ਹਾਂ ਦੇ ਅਹਿੰਸਾ ਦੇ ਸਿੱਧਾਂਤ ਨਾਲ ਅਹਿੱਲ ਪਿਆਰ ਅਤੇ ਉਹ ਸਿਆਣਾ ਢੰਗ ਜਿਸ ਨਾਲ ਉਨ੍ਹਾਂ ਨੇ ਲੰਮੇ ਅਤੇ ਅਚਾਨਕ ਰੋਹ ਦੀਆਂ ਸਥਿਤੀਆਂ ਵਿਚ ਆਪਣੇ ਆਪ ਨੂੰ ਅਡੋਲ ਰਖਿਆ, ਪ੍ਰਤਿ ਭਾਰੀ ਪ੍ਰਸ਼ੰਸਾ ਦਾ ਪ੍ਰਗਟਾ ਕਰੇ ਬਿਨਾਂ ਨਹੀਂ ਰਹਿ ਸਕਦੇ।"

ਅਖੀਰ ਇਹ ਅੰਦੋਲਨ ਲਾਹੌਰ ਦੇ ਪ੍ਰਸਿੱਧ ਪਰਉਪਕਾਰੀ ਹਿੰਦੂ ਸਵਰਗੀ ਸਰ ਗੰਗਾ ਰਾਮ ਦੇ ਵਿਚ ਪੈ ਜਾਣ ਨਾਲ ਸਮਾਪਤ ਹੋਇਆ। ਸਰਕਾਰ ਤੇ ਮਹੰਤ ਦੀ ਸਹਾਇਤਾ ਨਾਲ ਉਸ ਨੇ ਇਸ ਬਾਗ ਤੇ ਅਧਿਕਾਰ ਕਰ ਕੇ ਅਕਾਲੀਆਂ ਨੂੰ ਦੇ ਦਿੱਤਾ। ਸਿੱਖਾਂ ਦੀ ਇਹ ਇਕ ਹੋਰ ਜਿੱਤ ਸੀ। ਪਰ ਇਸ ਨਾਲੋਂ ਵੀ ਗੰਭੀਰ ਅੰਦੋਲਨ ਅਜੇ ਆਉਣਾ ਸੀ। ਇਹ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਉਂ ਉਤਾਰਨ ਕਾਰਣ ਚਲਿਆ। ਇਹ ਮੰਨਿਆ ਜਾਂਦਾ ਹੈ ਕਿ ਉਹ ਅਕਾਲੀ ਅੰਦੋਲਨ ਨਾਲ ਹਮਦਰਦੀ ਰਖਦਾ ਸੀ। ਉਹ ਇੰਨਾ ਆਜ਼ਾਦ ਖਿਆਲ ਸੀ ਕਿ ਪੋਲਿਟੀਕਲ ਡੀਪਾਰਟਮੈਂਟ ਉਸ ਤੋਂ ਤੰਗ ਸੀ। ਕਿਹਾ ਜਾਂਦਾ ਹੈ ਹੈ ਕਿ ਉਸ ਨੇ ਨਾਭੇ ਦੀ ਗੱਦੀ ਤੇ ਬੈਠਦਿਆਂ ਹੀ ਰਾਜਨੀਤਿਕ ਏਜੰਟ ਨੂੰ ਨਜ਼ਰਾਨਾ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਅਵਸਰ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਵੀ ਨਿਮੰਤ੍ਰਿਤ ਨ ਕੀਤਾ। ਸਿੱਖ ਆਗੂਆਂ ਨੇ ਇਕ ਵਿਸ਼ਾਲ ਅੰਦੋਲਨ ਆਰੰਭ ਕੀਤਾ ਜਿਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਨੇ ਕੀਤੀ। ਇਸ ਅੰਦੋਲਨ ਦਾ ਇਕ ਭਾਗ ਰਿਆਸਤ ਨਾਭਾ ਦੀ ਮੰਡੀ ਜੈਤੋਂ ਦੇ ਗੁਰਦਵਾਰੇ ਵਿਚ ਅਖੰਡ-ਪਾਠ ਆਰੰਭਿਆ ਜਾਣਾ ਸੀ ਜਿਹੜਾ ਸਪਸ਼ਟ ਤੌਰ ਤੇ ਮਹਾਰਾਜੇ ਦੇ ਰਾਜ ਗੱਦੀ ਤੇ ਬਹਾਲੀ ਲਈ ਅਰਦਾਸ ਵਜੋਂ ਸੀ। ਨਾਭੇ ਦੀ ਪੁਲਿਸ ਨੇ ਗੁਰਦਵਾਰੇ ਵਿਚ ਦਾਖਲ ਹੋ ਕੇ ਅਕਾਲੀ ਕਾਰਕੁਨਾਂ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਠੀਆਂ ਨੂੰ ਗਰਿਫਤਾਰ ਕਰ ਲਿਆ। ਇਸ ਤਰ੍ਹਾਂ ਅਖੰਡ ਪਾਠ ਜਿਹੜਾ ਕਿ ਸਿੱਖਾਂ

ਵਿਚ ਬੇਅੰਤ ਪਵਿੱਤਰ ਸਮਝਿਆ ਜਾਂਦਾ ਹੈ, ਭੰਗ ਹੋ ਗਿਆ। ਇਸ ਨੂੰ ਉਨ੍ਹਾਂ ਨੇ ਆਪਣੀਆਂ ਧਾਰਮਿਕ ਭਾਵਨਾਵਾਂ ਤੇ ਅਸਹਿ ਸੱਟ ਖਿਆਲ ਕੀਤਾ। ਇਸ ਦਾ ਸਿੱਟਾ ਇਹ ਹੋਇਆ ਕਿ 500 ਅਕਾਲੀ ਜੋਧਿਆਂ ਦੇ ਇਕ ਜਥੇ ਨੇ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਪ੍ਰਾਪਤ ਕਰਨ ਲਈ ਅਤੇ ਨਾਭੇ ਦੇ ਸ਼ਾਸਕ ਅੱਗੇ ਆਪਣੇ ਰੋਸ ਦਾ ਪ੍ਰਗਟਾਵਾ ਕਰਨ ਲਈ ਅੰਮ੍ਰਿਤਸਰ ਤੋਂ ਜੈਤੋਂ ਵਲ ਸਤਿ ਸ੍ਰੀ ਅਕਾਲ ਗਜਾਉਂਦਿਆਂ ਹੋਇਆਂ ਚਾਲੇ ਪਾ ਦਿੱਤੇ। ਨਾਭਾ ਰਿਆਸਤ ਦੀਆਂ ਜੂਹਾਂ ਵਿਚ ਦਾਖ਼ਲ ਹੁੰਦਿਆਂ ਹੀ ਇਸ ਨੂੰ ਰੋਕ ਲਿਆ ਗਿਆ ਅਤੇ ਵਿਲਸਨ ਜੌਨਸਟਨ, ਜਿਹੜਾ ਉਦੋਂ ਰਾਜ ਦਾ ਸ਼ਾਸਕ ਸੀ, ਨੇ ਇਸ ਤੇ ਅਚਨਚੇਤੀ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਜਿਸ ਦੇ ਸਿੱਟੇ ਵਜੋਂ ਕੋਈ ਪੰਜਾਹ ਅਕਾਲੀ ਮਾਰੇ ਗਏ ਅਤੇ ਇਕ ਸੌ ਜ਼ਖਮੀ ਹੋਏ। ਜਿਹੜੇ ਜਿਉਂਦੇ ਬਚ ਗਏ ਉਨ੍ਹਾਂ ਤੇ ਨਾਭੇ ਦੀ ਅਦਾਲਤ ਵਿਚ ਮੁਕੱਦਮੇ ਚਲਾਏ ਗਏ ਅਤੇ ਹਿੰਸਾ ਤੇ ਬਗਾਵਤ ਦੇ ਦੋਸ਼ ਲਾ ਕੇ ਉਨ੍ਹਾਂ ਨੂੰ ਦਸ ਦਸ ਵਰ੍ਹਿਆਂ ਤਕ ਦੀ ਅੱਡ ਅੱਡ ਮਿਆਦ ਦੀ ਕੈਦ ਕਰ ਦਿੱਤੀ ਗਈ। 500 ਸਿੱਖਾਂ ਦਾ ਦੂਜਾ ਸ਼ਹੀਦੀ ਜਥਾ ਤਿਆਰ ਕੀਤਾ ਗਿਆ, ਅਤੇ ਮਹਾਤਮਾ ਗਾਂਧੀ ਦੇ ਸੰਦੇਸ਼ ਦੇ ਬਾਵਜੂਦ ਕਿ ਜਥੇ ਨੂੰ ਜਾਣਾ ਨਹੀਂ ਚਾਹੀਦਾ, ਇਹ ਅਕਾਲ ਤਖਤ ਅੰਮ੍ਰਿਤਸਰ ਤੋਂ ਜੈਤੋਂ ਵਲ ਚਲ ਪਿਆ। ਇਸ ਵਾਰ ਕੋਈ ਗੋਲੀ ਨ ਚਲਾਈ ਗਈ ਪਰ ਇਸ ਦੇ ਸਾਰੇ ਮੈਂਬਰ ਗਰਿਫ਼ਤਾਰ ਕਰ ਲਏ ਗਏ। ਇਸ ਤਰ੍ਹਾਂ ਮਾਨੋਂ ਇਕ ਲੜਾਈ ਛਿੜ ਪਈ ਅਤੇ ਧਾਰਮਿਕ ਸੁਤੰਤਰਤਾ ਦਾ ਹੱਕ ਪ੍ਰਾਪਤ ਕਰਨ ਲਈ ਜਥੇ ਤੇ ਜਥਾ ਜੈਤੋਂ ਪਹੁੰਚਣ ਲਗਿਆ। ਇਨ੍ਹਾਂ ਵਿਚੋਂ ਕੁਝ ਗੋਲੀ ਦਾ ਨਿਸ਼ਾਨਾ ਬਣ ਗਏ, ਕੁਝ ਯੋਗ ਧਿਆਨ ਦੀ ਅਣਹੋਂਦ ਅਤੇ ਵਹਿਸ਼ੀ ਵਿਵਹਾਰ ਕਾਰਣ ਜੇਲਾਂ ਵਿਚ ਮਰ ਗਏ, ਦੂਜਿਆਂ ਨੂੰ ਨਾਭੇ ਦੀ ਜੇਲ ਵਿਚ ਅਜੇਹੀ ਹਾਲਤ ਵਿਚ ਰਖਿਆ ਗਿਆ ਜਿਹੜੀ ਇਕ ਸਭ੍ਯ ਸ਼ਾਸਨ ਲਈ ਉਚਿਤ ਨਹੀਂ ਹੁੰਦੀ। ਜਿਉਂ ਹੀ ਹਾਲਾਤ ਇਤਨੇ ਗੰਭੀਰ ਹੋਏ ਕਿ ਨਾਭੇ ਦੀ ਰਿਆਸਤ ਦੇ ਕਾਬੂ ਵਿਚ ਨ ਰਹੇ ਤਾਂ ਪੰਜਾਬ ਸਰਕਾਰ ਇਸ ਫ਼ਸਾਦ ਵਿਚ ਸ਼ਾਮਿਲ ਹੋ ਗਈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ ਅਤੇ ਲਗਭਗ ਸਾਰੇ ਮਹੱਤਵਪੂਰਣ ਸਿੱਖ ਆਗੂਆਂ ਨੂੰ ਕੈਦ ਕਰ ਕੇ ਜੇਲਾਂ ਵਿਚ ਡੱਕ ਦਿੱਤਾ ਗਿਆ। ਇਸ ਨੇ ਪ੍ਰਸਿਧ ਅਕਾਲੀ ਲੀਡਰਜ਼ ਕੇਸ ਨੂੰ ਜਨਮ ਦਿੱਤਾ। ਇਹ ਕੋਈ ਤਿੰਨ ਵਰ੍ਹੇ ਚਲਦਾ ਰਿਹਾ। ਪਰ ਕੇਸ ਸਮਾਪਤ ਹੋਣ ਤੋਂ ਪਹਿਲਾ ਭਾਰਤ ਸਰਕਾਰ ਨੇ ਇਸ ਨੂੰ ਆਪਣੇ ਹੱਥਾਂ ਵਿਚ ਲੈ ਕੇ ਜਨਰਲ ਸਰ ਵਿਲੀਅਮ ਬਰਡਵੁਡ, ਜਿਹੜਾ ਉਸ ਵੇਲੇ ਦਾ ਭਾਰਤ ਦਾ ਮੁੱਖ-ਸੈਨਾਪਤੀ ਸੀ, ਨੂੰ ਸਿੱਖਾਂ ਨਾਲ ਸ਼ਾਂਤੀ ਵਾਰਤਾ ਆਰੰਭ ਕਰਨ ਲਈ ਨਿਯੁਕਤ ਕਰ ਦਿੱਤਾ। ਪਰ ਉਸ ਦੇ ਯਤਨ ਅਸਫਲ ਰਹੇ ਅਤੇ ਸਰਕਾਰ ਤੇ ਸਿੱਖਾਂ ਵਿਚਕਾਰ ਖਿੱਚੋਤਾਣ ਜਾਰੀ ਰਹੀ। ਹਜ਼ਾਰਾਂ ਹੀ ਸਿੱਖ ਗਰਿਫ਼ਤਾਰ ਕਰ ਕੇ ਜੇਲਾਂ ਵਿਚ ਸੁੱਟ ਦਿੱਤੇ ਗਏ ਤੇ ਅੰਦੋਲਨ ਦਿਨੋ ਦਿਨ ਜ਼ਿਆਦਾ ਗੰਭੀਰ ਹੁੰਦਾ ਗਿਆ। ਇਸ ਨੇ ਸਰਕਾਰ ਨੂੰ ਆਪਣੀ ਸਥਿਤੀ ਤੇ ਮੁੜ

ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਾਭਾ ਅਤੇ ਪੰਜਾਬ ਵਿਚ ਜਬਰ ਬੰਦ ਕਰਨਾ ਪਿਆ। ਨਾਭੇ ਵਿਖੇ ਬਾਰਾਂ ਸ਼ਹੀਦੀ ਜਥਿਆਂ ਨਾਲ ਨਿਪਟ ਲਿਆ ਗਿਆ ਸੀ। ਪਰ ਤੇਰ੍ਹਵੇਂ ਨੂੰ ਹੁਣ ਅਛੋਹ ਛੱਡ ਦਿੱਤਾ ਗਿਆ ਅਤੇ ਇਹ ਜਥਾ ਸਫਲਤਾ ਨਾਲ ਜੈਤੋਂ ਦੇ ਗੁਰਦਵਾਰੇ ਵਿਚ ਪਹੁੰਚ ਗਿਆ। ਉਸੇ ਸਮੇਂ ਸਰ ਮੈਲਕਮ ਹੈਲੀ, ਗਵਰਨਰ ਪੰਜਾਬ ਨੇ ਅਕਾਲੀਆਂ ਨਾਲ ਗੱਲਬਾਤ ਆਰੰਭ ਕਰ ਦਿੱਤੀ ਅਤੇ ਸੂਬੇ ਵਿਚਲੇ ਸਾਰੇ ਪ੍ਰਸਿੱਧ ਗੁਰਦਵਾਰਿਆਂ ਤੇ ਅਧਿਕਾਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਹਿਮਤੀ ਪ੍ਰਗਟਾਈ। ਨਰਮ ਖਿਆਲੀਏ ਸਿੱਖਾਂ ਨੇ ਇਹ ਮੰਨ ਲਿਆ ਕਿ ਗੁਰਦਵਾਰਾ-ਬਿਲ ਤਿਆਰ ਕਰ ਕੇ ਇਸ ਨੂੰ ਸਰਕਾਰ ਦੀ ਸਹਾਇਤਾ ਨਾਲ ਲੇਜਿਸਲੇਟਿਵ ਕੌਂਸਿਲ ਵਿਚ ਪਾਸ ਕੀਤਾ ਜਾਵੇ ਅਤੇ ਸਾਰੇ ਅਕਾਲੀ ਆਗੂ ਜਿਹੜੇ ਗੁਰਦਵਾਰਾ ਐਕਟ ਪਾਸ ਹੋਣ ਪਿੱਛੋਂ ਇਸ ਅਨੁਸਾਰ ਕੰਮ ਚਲਾਉਣਾ ਮੰਨ ਜਾਣ ਰਿਹਾ ਕਰ ਦਿੱਤੇ ਜਾਣ।

ਗੁਰਦਵਾਰਾ ਬਿਲ 1925 ਵਿਚ ਪਾਸ ਹੋਇਆ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਸਾਰੇ ਮਹੱਤਵਪੂਰਨ ਗੁਰਦਵਾਰੇ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਚਲੇ ਗਏ।

ਇਸ ਤਰ੍ਹਾਂ ਸਿੱਖ ਆਪਣੇ ਅੰਦੋਲਨ ਵਿਚ ਸਫਲ ਹੋ ਗਏ ਪਰ ਇਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਤੇ ਸਰਕਾਰ ਵਿਚਕਾਰ ਸੰਬੰਧ ਵਿਗੜ ਗਏ ਅਤੇ ਪ੍ਰਗਟ ਰੂਪ ਵਿਚ ਸਿੱਖਾਂ ਦੀ ਵਫਾਦਾਰੀ ਅਤੇ ਸ਼ਰਧਾ ਤੋਂ ਅੰਗ੍ਰੇਜ਼ਾਂ ਦਾ ਵਿਸ਼ਵਾਸ ਥਿੜਕ ਗਿਆ। ਅੰਗ੍ਰੇਜ਼ਾਂ ਦੇ ਸਮੇਂ ਦੀ ਹਿੰਦੁਸਤਾਨੀ ਫੌਜ ਵਿਚ ਪੰਜਾਬ, ਸਰਹੱਦੀ ਸੂਬਾ ਅਤੇ ਕਸ਼ਮੀਰ ਵਿਚੋਂ 47 ਪ੍ਰਤਿਸ਼ਤ ਫੌਜੀ ਸਨ ਜਿਸ ਵਿਚੋਂ ਸਿੱਖ 19.2% ਸਨ। ਪਰ 1930 ਵਿਚ ਸਿੱਖਾਂ ਦੀ ਸੰਖਿਆ ਘਟਾ ਕੇ 13.58% ਕਰ ਦਿੱਤੀ ਗਈ ਕਿਉਂਕਿ ਸਰਕਾਰ ਦਾ ਵਿਸ਼ਵਾਸ ਉਨ੍ਹਾਂ ਦਿਨਾਂ ਵਿਚ ਸਿੱਖਾਂ ਵਲੋਂ ਹਟ ਕੇ ਮੁਸਲਮਾਨਾਂ ਤੇ ਹੋ ਗਿਆ ਸੀ ਜਿਨ੍ਹਾਂ ਪ੍ਰਤਿ ਸਰਕਾਰ ਦਾ ਵਿਸ਼ਵਾਸ 1857 ਦੇ ਵਿਦ੍ਰੋਹ (ਗਦਰ) ਤੋਂ ਬਾਦ ਹਿੱਲ ਗਿਆ ਸੀ। ਸਿੱਟਾ ਇਹ ਹੋਇਆ ਕਿ ਜਿਥੇ ਪੰਜਾਬੀ ਮੁਸਲਮਾਨ 1914 ਵਿਚ ਕੇਵਲ 11.1 ਪ੍ਰਤਿਸ਼ਤ ਸਨ, ਉਹ 1930 ਵਿਚ 22.2% ਹੋ ਗਏ।[1]

ਦੂਜੇ ਮਹਾਂਯੁੱਧ ਦੇ ਐਲਾਨ ਤੇ ਅੰਗ੍ਰੇਜ਼ੀ ਸਰਕਾਰ ਤੇ ਸਿੱਖਾਂ ਦੇ ਸੰਬੰਧ ਸੁਧਰ ਗਏ ਜਿਸ ਦਾ ਕਾਰਣ ਸਪਸ਼ਟ ਹੀ ਸੀ। ਸਿੱਖ ਆਗੂਆਂ ਨੇ ਹਿਜ਼ ਹਾਈਨੈਸ ਮਹਾਰਾਜਾ ਪਟਿਆਲਾ ਦੀ ਅਗਵਾਈ ਅਧੀਨ ਇਕ ਖ਼ਾਲਸਾ ਡੀਫੈਂਸ ਲੀਗ ਚਲਾਈ ਅਤੇ ਸਿੱਖਾਂ ਦੀ ਸੈਨਾ ਵਿਚ ਭਰਤੀ ਲਈ ਤਕੜਾ ਪ੍ਰਚਾਰ ਆਰੰਭ ਕਰ ਦਿੱਤਾ। ਸਰਕਾਰ ਨੇ ਇਸ ਯੋਜਨਾ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਉਤਸਾਹਿਤ ਕਰਨ ਲਈ ਸਰਕਾਰ ਨੇ ਸਿੱਖਾਂ ਨੂੰ ਲਾਹੌਰ ਹਾਈ ਕੋਰਟ ਦੇ ਇਕ ਜੱਜ ਦੀ ਪਦਵੀ ਅਤੇ ਵਾਇਸਰਾਏ ਦੀ ਕਾਰਜ ਸਾਧਕ ਕੌਂਸਿਲ ਦੀ ਇਕ ਥਾਂ ਦੇ ਦਿੱਤੀ।

---

1. 'ਥਾਟਸ ਔਨ ਪਾਕਿਸਤਾਨ', ਡਾਕਟਰ ਅੰਬੇਦਕਰ, ਪੰਨਾ 75 (ਪਹਿਲਾ ਸੰਸਕਰਣ)

ਅਧਿਆਇ ੨੩

ਨਿਕਟ ਕਾਲੀਨ ਸਰਗਰਮੀਆਂ

1. ਖਾਲਿਸਤਾਨ ਲਈ ਸੰਘਰਸ਼

ਸੁਤੰਤਰਤਾ ਦੀ ਪ੍ਰਾਪਤੀ ਤੋਂ ਲੈ ਕੇ 1956 ਦੇ ਅੰਤ ਤਕ ਅੱਠ-ਨੌਂ ਵਰ੍ਹਿਆਂ ਦੇ ਸਮੇਂ ਨੂੰ ਅਸਲ ਵਿਚ ਪੰਜਾਬ ਦੇ ਇਤਿਹਾਸ ਦਾ 'ਅਕਾਲੀ ਯੁਗ' ਕਹਿਣਾ ਚਾਹੀਦਾ ਹੈ ਕਿਉਂਕਿ ਇਹ ਸਮਾਂ ਸਿੱਖਾਂ ਦੇ ਮੋਹਰੀ ਅਕਾਲੀਆਂ ਦੇ ਇਤਿਹਾਸਕ ਸੰਘਰਸ਼ਾਂ ਲਈ ਦੇਰ ਤਕ ਯਾਦ ਰਹੇਗਾ। ਇਸ ਕਾਲ ਦੇ ਆਰੰਭ ਬਾਬਤ ਕੁਝ ਆਖਣਾ ਆਵਸ਼ਕ ਜਾਪਦਾ ਹੈ।

ਸਵਰਗੀ ਮਿਸਟਰ ਜਿਨਾਹ ਦੀ ਪ੍ਰਧਾਨਗੀ ਅਧੀਨ ਮੁਸਲਮ ਲੀਗ ਨੇ ਆਪਣੇ 1944 ਦੇ ਅਧਿਵੇਸ਼ਨ ਵਿਚ ਪਾਸ ਕੀਤੇ ਇਕ ਮਤੇ ਦੁਆਰਾ 'ਸਿੱਧੀ ਕਾਰਵਾਈ' ਕਰਨ ਦਾ ਐਲਾਨ ਕਰ ਦਿੱਤਾ ਸੀ। ਸਰ ਫਿਰੋਜ਼ ਖ਼ਾਂ ਨੂਨ ਨੇ ਅਖਬਾਰਾਂ ਵਿਚ ਛਪੇ ਆਪਣੇ ਇਕ ਬਿਆਨ ਵਿਚ ਕੁਝ ਇਉਂ ਕਿਹਾ ਸੀ: "ਅਸੀਂ ਅਹਿੰਸਾ ਵਿਚ ਵਿਸ਼ਵਾਸ ਨਹੀਂ ਕਰਦੇ ਅਤੇ ਸਾਨੂੰ ਕੁਝ ਅਜੇਹੇ ਕਦਮ ਚੁੱਕਣੇ ਪੈ ਸਕਦੇ ਹਨ ਜਿਹੜੇ ਹਲਾਕੂ ਤੇ ਚੰਗੇਜ਼ ਖ਼ਾਂ ਦੇ ਅਮਲਾਂ ਨੂੰ ਵੀ ਮਾਤ ਕਰ ਦੇਣ।" ਉਸ ਸਮੇਂ ਹਿੰਦੂ ਅਖਬਾਰਾਂ ਨੇ ਸਰ ਫਿਰੋਜ਼ ਦੀ ਇਤਿਹਾਸਕ ਅਗਿਆਨਤਾ ਦਾ ਕੇਵਲ ਮਜ਼ਾਕ ਉਡਾ ਕੇ ਹੀ ਬਸ ਕਰ ਦਿੱਤਾ, ਜਿਵੇਂ ਕਿ ਕੁਝ ਅਖਬਾਰਾਂ ਵਿਚ ਛਪਿਆ ਸੀ ਕਿ ਹਲਾਕੂ ਅਤੇ ਚੰਗੇਜ਼ ਖ਼ਾਂ ਵਿਚੋਂ ਕੋਈ ਵੀ ਮੁਸਲਮਾਨ ਨਹੀਂ ਸੀ। ਗਿਣਤੀ ਦੇ ਹਿੰਦੂਆਂ ਨੇ ਹੀ ਇਨ੍ਹਾਂ ਧਮਕੀਆਂ ਨੂੰ ਗੰਭੀਰਤਾ ਪੂਰਬਕ ਲਿਆ। ਪਰ ਉਨ੍ਹਾਂ ਦੇ ਭਰਮ ਦਾ ਭਾਂਡਾ ਛੇਤੀ ਹੀ ਫੁੱਟ ਗਿਆ। ਇਸ ਪੁਸਤਕ ਦੇ ਲੇਖਕ ਨੇ 1938 ਵਿਚ ਐਬਟਾਬਾਦ ਵਿਖੇ ਮਹਾਤਮਾ ਗਾਂਧੀ ਨਾਲ ਹੋਈ ਇਕ ਵਿਸ਼ੇਸ਼ ਮਿਲਣੀ ਤੇ ਆਉਣ ਵਾਲੇ ਹਾਲਾਤ ਦਾ ਚਿੱਤਰ ਪੇਸ਼ ਕੀਤਾ ਸੀ। ਪਰ ਭਾਵੇਂ ਮਹਾਤਮਾ ਗਾਂਧੀ ਨੇ ਮਹਿਸੂਸ ਕੀਤਾ ਸੀ ਕਿ ਘਰੇਲੂ ਲੜਾਈ ਅਨਿਵਾਰੀ ਹੈ ਤਾਂ ਵੀ ਸਾਡੇ ਵਿਚੋਂ ਕੋਈ ਵੀ ਆਉਣ ਵਾਲੇ ਹਾਲਾਤ ਦਾ ਸਹੀ ਅੰਦਾਜ਼ਾ ਨ ਲਾ ਸਕਿਆ।

ਇਸ ਤੋਂ ਛੇਤੀ ਹੀ ਪਿੱਛੋਂ ਜਦੋਂ ਮਿ. ਸੁਹਰਾਵਰਦੀ (ਜੋ ਪਾਕਿਸਤਾਨ ਦਾ ਪਿੱਛੋਂ ਪ੍ਰਧਾਨ ਮੰਤਰੀ ਬਣਿਆ) ਸੰਯੁਕਤ ਬੰਗਾਲ ਦਾ ਮੁੱਖ ਮੰਤਰੀ ਸੀ, ਤਾਂ ਕਲਕੱਤੇ ਵਿਚ ਕਤਲਿਆਮ ਦੀ ਇਕ ਮੁਹਿੰਮ ਸ਼ੁਰੂ ਹੋ ਗਈ ਜਿਸ ਵਿਚ ਤਿੰਨ ਦਿਨਾਂ ਵਿਚ ਹਜ਼ਾਰਾਂ ਹਿੰਦੂ

ਕਤਲ ਕਰ ਦਿੱਤੇ ਗਏ ਅਤੇ ਇਹ ਵੱਢ-ਟੁੱਕ ਉਸ ਸਮੇਂ ਤਕ ਬੰਦ ਨ ਹੋਈ ਜਦ ਤਕ ਕਿ ਕਲਕੱਤੇ ਦੇ ਹਿੰਦੂਆਂ ਨੇ ਜਵਾਬੀ ਹਮਲਾ ਕਰ ਕੇ ਉਤਨੇ ਹੀ ਜਾਂ ਉਸ ਤੋਂ ਵੀ ਕੁਝ ਵੱਧ ਮੁਸਲਮਾਨਾਂ ਨੂੰ ਮੌਤ ਦੇ ਘਾਟ ਨ ਉਤਾਰ ਦਿੱਤਾ। ਇਸ ਤੋਂ ਤੁਰੰਤ ਪਿੱਛੋਂ ਹਿੰਦੂਆਂ ਅਤੇ ਸਿੱਖਾਂ ਦੇ ਕਤਲਿਆਮ ਦੀ ਮੁਹਿੰਮ ਧੁਰ ਉੱਤਰ ਵਾਲੇ ਪਾਸੇ ਤੋਂ ਆਰੰਭ ਹੋ ਗਈ ਜਦੋਂ ਨਥਿਆਗਲੀ ਦੇ ਦੁਆਲੇ ਰਹਿੰਦੇ ਸਾਰੇ ਹਿੰਦੂ ਜਾਂ ਤਾਂ ਕਤਲ ਕਰ ਦਿੱਤੇ ਗਏ ਜਾਂ ਉਨ੍ਹਾਂ ਨੂੰ ਉਥੋਂ ਨੱਠਣਾ ਪਿਆ। ਪਰ ਮੁਸਲਮਾਨਾਂ ਦੀ ਵੱਢ-ਟੁੱਕ ਦੀ ਭੁੱਖ ਅਜੇ ਤ੍ਰਿਪਤ ਨਹੀਂ ਹੋਈ ਸੀ ਜਿਸ ਕਰਕੇ ਲੁੱਟ, ਅੱਗਾਂ, ਉਧਾਲੇ, ਜਬਰ-ਜਨਾਹ ਅਤੇ ਕਤਲ ਦੀ ਭਾਰੀ ਮੁਹਿੰਮ ਸਾਰੇ ਰਾਵਲਪਿੰਡੀ ਡਿਵੀਜ਼ਨ ਵਿਚ ਆਰੰਭ ਕਰ ਦਿੱਤੀ ਗਈ। ਉਸ ਡਿਵੀਜ਼ਨ ਦੇ 160 ਤੋਂ ਵੱਧ ਪਿੰਡਾਂ ਦੇ ਹਿੰਦੂ-ਸਿੱਖ ਜਾਂ ਤਾਂ ਕਤਲ ਕਰ ਦਿੱਤੇ ਗਏ ਜਾਂ ਉਨ੍ਹਾਂ ਨੂੰ ਆਪਣੇ ਘਰ ਛੱਡ ਕੇ ਨੱਠਣਾ ਪਿਆ। ਜੀਵਿਤ ਇਸਤਰੀਆਂ, ਪੁਰਸ਼ਾਂ ਤੇ ਬੱਚਿਆਂ ਨੂੰ ਜ਼ਿਲ੍ਹਾ ਕੈਂਬਲਪੁਰ ਦੇ ਇਕ ਸਥਾਨ ਵਾਹ ਵਿਖੇ ਸ਼ਰਨਾਰਥੀ ਕੈਂਪ ਵਿਚ ਸ਼ਰਨ ਲੈਣੀ ਪਈ।

ਸਰ ਸਿਕੰਦਰ ਹਯਾਤ ਖ਼ਾਂ ਦੀ, ਜੋ ਕਿ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ, ਅਚਾਨਕ ਮੌਤ ਹੋ ਗਈ ਸੀ ਅਤੇ ਪੰਜਾਬ ਦੀ ਹਕੂਮਤ ਸਰ ਖਿਜ਼ਰ ਹਯਾਤ ਖ਼ਾਂ ਟਿਵਾਨਾ ਦੇ ਹੱਥਾਂ ਵਿਚ ਆ ਗਈ ਸੀ। ਮੁਸਲਮ ਲੀਗ ਨੇ ਉਸ ਵਿਰੁੱਧ ਸਖਤ ਮੁਹਿੰਮ ਆਰੰਭ ਕਰ ਦਿੱਤੀ ਅਤੇ ਲਾਹੌਰ ਵਿਚ ਹਰ ਰੋਜ਼ ਜਲੂਸ ਨਿਕਲਣ ਲੱਗੇ ਜਿਸ ਵਿਚ ਵਜ਼ਾਰਤ ਵਿਰੁੱਧ, ਵਿਸ਼ੇਸ਼ ਕਰਕੇ ਸਰ ਖਿਜ਼ਰ ਦੇ ਵਿਰੁੱਧ ਗੰਦਾ-ਮੰਦਾ ਬੋਲਿਆ ਜਾਂਦਾ। ਖਿਜ਼ਰ ਹਯਾਤ ਦੁਚਿੱਤੀ ਵਿਚ ਸੀ, ਪਰ ਜਿਵੇਂ ਕਿ ਆਮ ਮੰਨਿਆ ਜਾਂਦਾ ਹੈ ਉਸ ਉਤੇ ਉਸ ਦੀ ਮਾਂ ਨੇ ਅਸਤੀਫਾ ਦੇਣ ਲਈ ਦਬਾਉ ਪਾਇਆ ਕਿਉਂਕਿ ਉਹ ਆਪਣੇ ਪੁੱਤਰ ਅਤੇ ਆਪਣੇ ਆਪ ਨੂੰ ਕੱਢੀਆਂ ਜਾਣ ਵਾਲੀਆਂ ਗਾਲ੍ਹਾਂ ਹੋਰ ਬਰਦਾਸ਼ਤ ਨਹੀਂ ਕਰ ਸਕਦੀ ਸੀ।

ਉਨ੍ਹਾਂ ਦਿਨਾਂ ਵਿਚ ਹੀ ਸਰ ਮੁਹੰਮਦ ਜ਼ਫਰਉੱਲਾ ਖ਼ਾਂ ਨੇ ਖਿਜ਼ਰ ਨੂੰ ਤਿਆਗ ਪੱਤਰ ਦੇਣ ਲਈ ਤਿਆਰ ਕਰਨ ਵਾਸਤੇ ਲਾਹੌਰ ਦਾ ਵਿਸ਼ੇਸ਼ ਦੌਰਾ ਕੀਤਾ ਅਤੇ ਉਨ੍ਹਾਂ ਦੀ ਮੁਲਾਕਾਤ ਪਿੱਛੋਂ ਸਰ ਖਿਜ਼ਰ ਦੇ ਤਿਆਗ ਪੱਤਰ ਦਾ ਤੁਰੰਤ ਐਲਾਨ ਕਰ ਦਿੱਤਾ ਗਿਆ। ਇਹ ਖਿਆਲ ਕੀਤਾ ਜਾਂਦਾ ਹੈ ਕਿ ਸਰ ਜ਼ਫਰਉੱਲਾ ਨੂੰ ਸਵਰਗੀ ਮਿ. ਜਿਨਾਹ ਨੇ ਵਿਸ਼ੇਸ਼ ਤੌਰ ਤੇ ਇਸ ਉੱਦੇਸ਼ ਲਈ ਭੇਜਿਆ ਸੀ।

ਹੁਣ ਮੁਸਲਮ ਲੀਗ ਪੰਜਾਬ ਦੀ ਸਭ ਤੋਂ ਪ੍ਰਭਾਵਸ਼ਾਲੀ ਪਾਰਟੀ ਬਣ ਚੁੱਕੀ ਸੀ। ਇਹ ਸਿੱਖਾਂ ਅਤੇ ਹਿੰਦੂਆਂ ਲਈ ਖਤਰੇ ਦੀ ਚਿਤਾਵਨੀ ਸੀ। ਇਸ ਦਾ ਸਿੱਟਾ ਇਹ ਹੋਇਆ ਕਿ 2 ਮਾਰਚ, 1947 ਨੂੰ ਮਾਸਟਰ ਤਾਰਾ ਸਿੰਘ ਆਪਣੇ ਅਨੁਯਾਈਆਂ ਦੇ ਇਕ ਜਥੇ ਸਮੇਤ, ਅਸੰਬਲੀ ਹਾਲ ਵਲ ਵਧੇ ਅਤੇ ਉਨ੍ਹਾਂ ਨੇ ਆਪਣੀ ਕਿਰਪਾਨ ਮਿਆਨ ਵਿਚੋਂ

ਧੂਹ ਕੇ ਐਲਾਨ ਕੀਤਾ ਕਿ ਉਹ ਮੁਸਲਮ ਲੀਗ ਨੂੰ ਕੰਮ ਨਹੀਂ ਚਲਾਉਣ ਦੇਣਗੇ, ਭਾਵੇਂ ਇਸ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਉਨ੍ਹਾਂ ਨੇ ਆਪਣੇ ਇਕ ਅਨੁਯਾਈ ਸ. ਅਜੀਤ ਸਿੰਘ ਨੂੰ ਸਰਹੱਦੀ ਸੂਬੇ ਵਿਚ ਮੁਸਲਮ ਲੀਗ ਮੰਤਰੀ ਮੰਡਲ ਵਿਚ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਸੀ।

ਮਾਸਟਰ ਤਾਰਾ ਸਿੰਘ ਦੁਆਰਾ ਦਿੱਤੀ ਗਈ ਵੰਗਾਰ ਨੇ ਮਾਨੋ ਬਾਰੂਦ ਨੂੰ ਪਲੀਤਾ ਲਾ ਦਿੱਤਾ। ਮੁਸਲਮ ਲੀਗ ਵਿਰੁੱਧ ਨਾਅਰੇ ਲਾਉਂਦਾ ਹੋਇਆ ਹਿੰਦੂ ਅਤੇ ਸਿੱਖ ਵਿਦਿਆਰਥੀਆਂ ਦਾ ਇਕ ਜਲੂਸ ਨਿਕਲਿਆ। ਪੁਲਿਸ ਨੇ ਭੀੜ ਨੂੰ ਤਿੱਤਰ ਬਿੱਤਰ ਕਰਨ ਲਈ ਗੋਲੀ ਚਲਾ ਦਿੱਤੀ। ਡੀ. ਏ. ਵੀ. ਕਾਲਜ ਲਾਹੌਰ ਦੇ ਮੈਦਾਨ ਵਿਚ ਇਕ ਭਾਰੀ ਵਿਸ਼ੇਸ਼ ਬੈਠਕ ਹੋਈ ਜਿਸ ਵਿਚ ਗਿਆਨੀ ਕਰਤਾਰ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਹੋਰ ਆਗੂਆਂ ਨੇ ਤਕਰੀਰਾਂ ਕੀਤੀਆਂ। ਇਸ ਤੋਂ ਛੇਤੀ ਪਿੱਛੋਂ ਪੰਜਾਬ ਵਿਚ ਹਿੰਸਾ ਦਾ ਲਾਵਾ ਫੁੱਟ ਨਿਕਲਿਆ। ਹਿੰਦੂਆਂ ਦੇ ਘਰਾਂ ਨੂੰ ਅੱਗ ਲਾਉਣਾ ਅਤੇ ਹਿੰਦੂਆਂ ਅਤੇ ਸਿੱਖਾਂ ਦੇ ਕਤਲ ਆਮ ਹੋ ਗਏ। ਅੰਮ੍ਰਿਤਸਰ ਦੇ ਕਈ ਬਾਜ਼ਾਰ ਸਾੜ ਕੇ ਸੁਆਹ ਕਰ ਦਿੱਤੇ ਗਏ। ਇਥੋਂ ਤਕ ਕਿ ਜਦੋਂ ਅੰਮ੍ਰਿਤਸਰ ਦੇ ਬਹੁਤ ਸਾਰੇ ਸਿੱਖ ਸ਼ਹਿਰ ਤੋਂ ਬਾਹਰ ਗਏ ਹੋਏ ਸਨ ਤਾਂ ਦਰਬਾਰ ਸਾਹਿਬ ਤੇ ਵੀ ਇਕ ਹੱਲਾ ਕੀਤਾ ਗਿਆ ਪਰ ਚੰਗੇ ਭਾਗਾਂ ਨੂੰ ਰਾਸ਼ਟਰੀਯ ਸਵੈਮ ਸੇਵਕ ਸੰਘ (R.S.S.S.) ਦੇ ਜੁਆਨਾਂ ਨੇ ਉਨ੍ਹਾਂ ਦੀ ਇਹ ਯੋਜਨਾ ਸਿਰੇ ਨ ਚੜ੍ਹਨ ਦਿੱਤੀ ਅਤੇ ਅਤੇ ਇਸ ਤਰ੍ਹਾਂ ਗੁਰਦੁਆਰਾ ਬੇਹੁਰਮਤੀ ਅਤੇ ਸੰਭਵ ਤਬਾਹੀ ਤੋਂ ਬਚ ਗਿਆ।

ਇਸੇ ਦੌਰਾਨ ਕੈਬਨਿਟ ਐਵਾਰਡ ਦਾ ਐਲਾਨ ਹੋ ਗਿਆ ਜਿਸ ਰਾਹੀਂ ਭਾਰਤ ਦੀ ਸੁਤੰਤਰਤਾ ਦੀ ਅਤੇ ਪਾਕਿਸਤਾਨ ਦੀ ਸਿਰਜਨਾ ਦੀ ਘੋਸ਼ਣਾ ਕੀਤੀ ਗਈ ਜੋ ਕਿ 15 ਅਗਸਤ, 1947 ਨੂੰ ਹੋਂਦ ਵਿਚ ਆਉਣਾ ਸੀ। ਇਸ ਦਿਨ ਤੋਂ ਤੁਰੰਤ ਪਿੱਛੋਂ ਪੱਛਮੀ ਪੰਜਾਬ ਵਿਚ ਜਿਸ ਨੇ ਕਿ ਪਾਕਿਸਤਾਨ ਦਾ ਇਕ ਭਾਗ ਬਣਨਾ ਸੀ, ਹਿੰਦੂਆਂ ਅਤੇ ਸਿੱਖਾਂ ਦੇ ਕਤਲਿਆਮ ਦੀ ਭਾਰੀ ਮੁਹਿਮ ਸ਼ੁਰੂ ਹੋ ਗਈ। ਹਜ਼ਾਰਾਂ ਲੋਕ ਇਸ ਵਹਿਸ਼ੀਆਨਾ ਮੁਹਿਮ ਦੇ ਸ਼ਿਕਾਰ ਹੋ ਗਏ ਕਿਉਂਕਿ ਹੋਰ ਗਲਤੀਆਂ ਤੋਂ ਬਿਨਾਂ ਇਕ ਗਲਤੀ ਜੋ ਸਰਕਾਰ ਨੇ ਕੀਤੀ ਉਹ ਹਿੰਦੂ ਅਤੇ ਸਿੱਖ ਸਰਕਾਰੀ ਕਰਮਚਾਰੀਆਂ ਨੂੰ ਭਾਰਤ-ਜਾਣ ਦੀ ਆਗਿਆ ਦੇ ਦੇਣਾ ਸੀ, ਜਿਸ ਦਾ ਸਿੱਟਾ ਇਹ ਹੋਇਆ ਕਿ ਸਾਰੇ ਸਿੱਖ ਅਤੇ ਹਿੰਦੂ ਅਧਿਕਾਰੀ, ਪੁਲਿਸ ਅਤੇ ਸੈਨਾ ਪੱਛਮੀ ਪੰਜਾਬ ਛੱਡ ਗਏ। ਜਿਉਂਦੇ ਬਚ ਗਏ ਸਾਰੇ ਸਿੱਖਾਂ ਅਤੇ ਹਿੰਦੂਆਂ ਨੂੰ ਬਾਹਰ ਕੱਢ ਦਿੱਤਾ ਗਿਆ ਅਤੇ ਇਸੇ ਤਰ੍ਹਾਂ ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ, ਪਰ ਬਾਹਰ ਕੱਢਣ ਤੋਂ ਪਹਿਲਾਂ ਬਹੁਤ ਸਾਰੇ ਮੁਸਲਮਾਨ ਵੀ, ਪਟਿਆਲਾ ਆਦਿ ਸਿੱਖ ਰਿਆਸਤਾਂ ਵਿਚ ਮਾਰ ਦਿੱਤੇ ਗਏ ਸਨ।

ਪੱਛਮੀ ਪਾਕਿਸਤਾਨ ਚੋਂ ਹਿੰਦੂਆਂ ਅਤੇ ਸਿੱਖਾਂ ਨੂੰ ਕੱਢਣ ਲਈ ਸਰਕਾਰ ਨੂੰ ਕਈ ਮਹੀਨੇ ਲੱਗ ਗਏ। ਸ਼ਰਨਾਰਥੀਆਂ ਨੂੰ ਸਰਕਾਰ ਦੇ ਮੁੜ ਵਸਾਊ ਵਿਭਾਗ ਦੁਆਰਾ ਰਹਿਣ ਲਈ ਕੋਈ ਥਾਂ ਮਿਲਣ ਤੋਂ ਪਹਿਲਾਂ ਸ਼ਰਨਾਰਥੀ ਕੈਂਪਾਂ ਵਿਚ ਸਿਰ ਛੁਪਾਣ ਲਈ ਥਾਂ ਦੇਣੀ ਪਈ।

ਇਸ ਤਰ੍ਹਾਂ ਪਾਕਿਸਤਾਨ ਹੋਂਦ ਵਿਚ ਆਇਆ ਅਤੇ ਭਾਰਤ ਸੁਤੰਤਰ ਹੋਇਆ।

ਸੁਤੰਤਰਤਾ ਦੇ ਐਲਾਨ ਤੋਂ ਛੇਤੀ ਹੀ ਪਿੱਛੋਂ ਸਰਦਾਰ ਪਟੇਲ ਅਤੇ ਉਸ ਦੇ ਰਿਆਸਤਾਂ ਸੰਬੰਧੀ ਸਕੱਤਰ ਮਿ. ਵੀ.ਪੀ. ਮੈਨਨ ਨੇ ਹੈਦਰਾਬਾਦ ਤੋਂ ਛੁੱਟ ਸਾਰੀਆਂ ਸੁਤੰਤਰ ਰਿਆਸਤਾਂ ਨੂੰ ਭਾਰਤ ਵਿਚ ਸੰਮਿਲਿਤ ਕਰ ਦਿੱਤਾ। ਹੈਦਰਾਬਾਦ ਨੂੰ ਪੁਲਿਸ ਦੀ ਕਾਰਵਾਈ ਨਾਲ ਮਜਬੂਰ ਕਰ ਕੇ ਮਿਲਾਉਣਾ ਪਿਆ ਕਿਉਂਕਿ ਅਜੇਹੀ ਕਾਰਵਾਈ ਰਿਆਸਤ ਵਿਚੋਂ ਹਿੰਸਕ ਜੁਰਮਾਂ ਨੂੰ ਰੋਕਣ ਵਿਚ ਨਿਜ਼ਾਮ ਦੀ ਅਸਫਲਤਾ ਕਾਰਣ ਜ਼ਰੂਰੀ ਹੋ ਗਈ ਸੀ। ਸਾਰੀਆਂ ਸਿੱਖ ਰਿਆਸਤਾਂ ਅਰਥਾਤ ਪਟਿਆਲਾ, ਜੀਂਦ, ਨਾਭਾ ਅਤੇ ਕਪੂਰਥਲਾ ਨੂੰ ਵੀ ਨਾਲਾਗੜ੍ਹ ਸਮੇਤ ਪੈਪਸੂ ਨਾਮਕ ਸੰਘ ਵਿਚ ਸ਼ਾਮਿਲ ਹੋਣ ਲਈ ਰਾਜ਼ੀ ਕਰ ਲਿਆ ਗਿਆ ਜਿਸ ਦਾ ਰਾਜ ਪ੍ਰਮੁਖ ਮਹਾਰਾਜਾ ਪਟਿਆਲਾ ਅਤੇ ਉਪ ਰਾਜ ਪ੍ਰਮੁਖ ਕਪੂਰਥਲੇ ਦਾ ਮਹਾਰਾਜਾ ਬਣਾ ਦਿੱਤਾ ਗਿਆ।

ਸਿੱਖਾਂ ਨੂੰ ਹੁਣ ਆਪਣੇ ਲਈ ਕੋਈ ਰਾਹ ਨ ਦਿਸਿਆ। ਭਾਵੇਂ ਉਨ੍ਹਾਂ ਦਾ ਆਪਣਾ ਰਾਜ ਸੌ ਵਰ੍ਹੇ ਪਹਿਲਾਂ ਖੁੱਸ ਗਿਆ ਸੀ, ਪਰ ਪੰਜਾਬ ਵਿਚ ਹਾਲੀਂ ਵੀ ਉਨ੍ਹਾਂ ਦੀ ਮਹੱਤਤਾ ਅਤੇ ਪ੍ਰਭਾਵ ਕਾਇਮ ਸਨ। ਇਸ ਤੋਂ ਬਿਨਾਂ ਉਨ੍ਹਾਂ ਦੀਆਂ ਚਾਰ ਅਰਧ-ਸੁਤੰਤਰ ਸਿੱਖ ਰਿਆਸਤਾਂ ਵੀ ਮੌਜੂਦ ਸਨ। ਪਰ ਉਨ੍ਹਾਂ ਨੂੰ ਹੁਣ ਆਪਣੇ ਹੱਥੋਂ ਹਰ ਪਾਸਿਉਂ ਰਾਜ ਖੁਸਦਾ ਨਜ਼ਰ ਆਇਆ। ਜ਼ਾਹਰ ਹੈ ਕਿ ਅਜੇਹੀ ਸਥਿਤੀ ਨੂੰ ਉਹ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸ ਲਈ ਉਨ੍ਹਾਂ ਦਿਆਂ ਆਗੂਆਂ ਨੇ ਸਿੱਖ ਸੱਤਾ ਦੀ ਕਿਸੇ ਨ ਕਿਸੇ ਤਰ੍ਹਾਂ ਬਹਾਲੀ ਲਈ ਦਾਅ -ਪੇਚ ਲੜਾਉਣੇ ਸ਼ੁਰੂ ਕੀਤੇ। ਸਭ ਤੋਂ ਪਹਿਲਾ ਤਰੀਕਾ ਜਿਹੜਾ ਉਨ੍ਹਾਂ ਨੂੰ ਸੁੱਝਿਆ ਇਹ ਸੀ ਕਿ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਨੂੰ ਕਿਸੇ ਨ ਕਿਸੇ ਤਰ੍ਹਾਂ ਉਚੇਰਾ ਦਰਜਾ ਦੁਆਇਆ ਜਾਵੇ। ਇਹ ਮੰਗ ਕੀਤੀ ਗਈ ਕਿ ਗੁਰਮੁਖੀ ਲਿਪੀ ਪੰਜਾਬੀ ਸਕੂਲਾਂ ਦੀ ਪੜ੍ਹਾਈ ਦਾ ਮਾਧਿਅਮ ਹੋਣੀ ਚਾਹੀਦੀ ਹੈ। ਹਿੰਦੂਆਂ ਦੇ ਸਾਰੇ ਵਰਗਾਂ ਨੇ ਇਸ ਮੰਗ ਦਾ ਕਰੜਾ ਵਿਰੋਧ ਕੀਤਾ। ਪੰਜਾਬ ਦੇ ਉਸ ਵੇਲੇ ਦੇ ਗਵਰਨਰ ਸਰ ਚੰਦੂ ਲਾਲ ਤ੍ਰਿਵੇਦੀ ਨੂੰ ਵਿਭਿੰਨ ਹਿੰਦੂ ਸੰਸਥਾਵਾਂ ਦੇ ਪ੍ਰਤਿਨਿਧੀ ਆਗੂਆਂ ਦੀ ਇਕ ਬੈਠਕ ਸੱਦਣੀ ਪਈ। ਹਿੰਦੂਆਂ ਦੇ ਪ੍ਰਤਿਨਿਧਾਂ ਨੇ ਨ ਹੀ ਪੰਜਾਬੀ ਭਾਸ਼ਾ ਅਤੇ ਨ ਹੀ ਗੁਰਮੁਖੀ ਲਿਪੀ ਨੂੰ ਮਾਣਤਾ ਦਿੱਤੀ। ਉਸ ਵੇਲੇ ਪੰਜਾਬ ਦੀ ਵਜ਼ਾਰਤ ਦੇ ਕੁਝ ਸਮੇਂ ਲਈ ਡਾ. ਗੋਪੀ ਚੰਦ ਭਾਰਗੋ ਅਤੇ ਫੇਰ ਮਿ. ਭੀਮ ਸੈਨ ਸੱਚਰ ਆਗੂ ਰਹੇ। ਇਹ ਦੋਵੇਂ

ਪ੍ਰਤਿਦਵੰਦੀ ਹੀ ਮੁੱਖ ਮੰਤਰੀ ਬਣੇ ਰਹਿਣਾ ਚਾਹੁੰਦੇ ਸਨ। ਪੰਜਾਬ ਵਿਧਾਨ ਮੰਡਲ ਵਿਚ ਕਾਂਗਰਸ ਪਾਰਟੀ ਲਗਭਗ ਦੋ ਬਰਾਬਰ ਦੇ ਧੜਿਆਂ ਵਿਚ ਵੰਡੀ ਹੋਈ ਸੀ ਅਤੇ ਸਿੱਖ ਸਦੱਸਾਂ ਦੀ ਸਹਾਇਤਾ ਤੋਂ ਬਿਨਾਂ ਕਿਸੇ ਧੜੇ ਦੀ ਇੱਛਾ ਵੀ ਪੂਰੀ ਨਹੀਂ ਹੋ ਸਕਦੀ ਸੀ। ਸਿੱਖ ਸਹਾਇਤਾ ਸਿੱਖਾਂ ਦੀ ਮੰਗ ਦੀ ਪੂਰਤੀ ਦੇ ਇਵਜ਼ਾਨੇ ਵਿਚ ਹੀ ਮਿਲ ਸਕਦੀ ਸੀ। ਇਸ ਦਾ ਸਿੱਟਾ ਸੱਚਰ ਫਾਰਮੂਲੇ ਦੇ ਰੂਪ ਵਿਚ ਨਿਕਲਿਆ ਜਿਸ ਦੀ ਹਿਮਾਇਤ ਵਿਧਾਨ ਮੰਡਲ ਵਿਚ ਆਪਣੇ ਮੈਂਬਰਾਂ ਸਮੇਤ ਦੋਹਾਂ ਧਿਰਾਂ ਨੂੰ ਕਰਨੀ ਪਈ। ਇਸ ਫਾਰਮੂਲੇ ਅਧੀਨ, ਪੰਜਾਬ ਭਾਸ਼ਾ ਦੇ ਆਧਾਰ ਤੇ ਦੋ ਭਾਗਾਂ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਵਿਚ ਵੰਡਿਆ ਗਿਆ। ਸ਼ਰਤ ਇਹ ਰੱਖੀ ਗਈ ਕਿ ਪੰਜਾਬੀ ਜ਼ੋਨ ਵਿਚ ਬੱਚਿਆਂ ਦੀ ਪੜ੍ਹਾਈ ਦਾ ਮਾਧਿਅਮ ਮੁੱਢ ਤੋਂ ਹੀ ਗੁਰਮੁਖੀ ਲਿਪੀ ਵਿਚ ਪੰਜਾਬੀ ਹੋਵੇਗਾ ਅਤੇ ਹਿੰਦੀ ਜ਼ੋਨ ਵਿਚ ਦੇਵਨਾਗਰੀ ਲਿਪੀ ਵਿਚ ਹਿੰਦੀ। ਇਹ ਸਕੀਮ ਕੇਂਦਰੀ ਸਰਕਾਰ ਅਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਪਾਸ ਭੇਜਣੀ ਪਈ। ਰਾਸ਼ਟਰਪਤੀ ਨੇ ਇਕ ਉਪਬੰਧ ਹੋਰ ਕਰ ਦਿੱਤਾ ਕਿ ਜਿਥੇ ਇਕ ਸ਼੍ਰੇਣੀ ਵਿਚ ਘੱਟੋ ਘੱਟ ਦਸ ਬੱਚੇ ਜਾਂ ਸਾਰੇ ਸਕੂਲ ਵਿਚ ਚਾਲੀ ਬੱਚੇ ਪੰਜਾਬੀ ਜ਼ੋਨ ਵਿਚ ਹਿੰਦੀ ਵਿਚ ਅਤੇ ਹਿੰਦੀ ਜ਼ੋਨ ਵਿਚ ਪੰਜਾਬੀ ਵਿਚ ਪੜ੍ਹਨਾ ਚਾਹੁਣ, ਉਥੇ ਉਨ੍ਹਾਂ ਦੀ ਮੰਗ ਮੰਨੀ ਜਾਵੇ ਅਤੇ ਉਨ੍ਹਾਂ ਬੱਚਿਆਂ ਦੀ ਮਾਤ-ਭਾਸ਼ਾ ਸੰਬੰਧੀ ਮਾਪਿਆਂ ਦਾ ਬਿਆਨ ਅੰਤਿਮ ਸਮਝਿਆ ਜਾਵੇ। ਦੇਸ਼ ਦੀ ਵੰਡ ਪਿੱਛੋਂ ਇਹ ਫਾਰਮੂਲਾ ਸਿੱਖਾਂ ਦੀ ਪਹਿਲੀ ਜਿੱਤ ਸੀ ਕਿਉਂਕਿ ਇਸ ਫਾਰਮੂਲੇ ਰਾਹੀਂ ਅਜੇਹੀ ਭਾਸ਼ਾ ਅਤੇ ਲਿਪੀ ਨੂੰ ਮਾਣਤਾ ਅਤੇ ਮਹੱਤਤਾ ਮਿਲ ਗਈ ਜਿਸ ਨੂੰ ਕੁਝ ਵਰ੍ਹੇ ਪਹਿਲਾਂ ਪਟਿਆਲੇ ਦੀ ਸਿੱਖ ਰਿਆਸਤ ਦੇ ਕੁਝ ਭਾਗ ਤੋਂ ਛੁੱਟ ਕਦੀ ਵੀ ਸਰਕਾਰੀ ਭਾਸ਼ਾ ਹੋਣ ਦਾ ਦਰਜਾ ਪ੍ਰਾਪਤ ਨਹੀਂ ਹੋਇਆ ਸੀ।

ਪਰ ਇਸ ਨੂੰ ਕਾਫੀ ਨ ਸਮਝਿਆ ਗਿਆ ਅਤੇ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਨਾਮਕ ਜਥੇਬੰਦੀ ਦੇ ਆਗੂ ਦੇ ਰੂਪ ਵਿਚ ਮੈਦਾਨ ਵਿਚ ਕੁੱਦ ਪਿਆ। ਇਹ ਪ੍ਰਸ਼ਨ ਉਠਾਇਆ ਜਾਣ ਲਗਿਆ : ਹਿੰਦੂਆਂ ਨੇ ਹਿੰਦੁਸਤਾਨ ਲੈ ਲਿਆ ਹੈ, ਮੁਸਲਮਾਨਾਂ ਨੇ ਪਾਕਿਸਤਾਨ, ਸਿੱਖਾਂ ਨੂੰ ਕੀ ਮਿਲਿਆ ? ਇਸ ਸਵਾਲ ਤੇ ਬਕਾਇਦਾ ਅੰਦੋਲਨ ਹੋਣ ਲੱਗਾ ਅਤੇ ਅਖੀਰ ਇਸ ਨੇ ਸਿਖ ਸੂਬੇ ਦੀ ਮੰਗ ਦਾ ਰੂਪ ਧਾਰ ਲਿਆ। ਪਰ ਛੇਤੀ ਹੀ ਦਲ ਦੇ ਬੁੱਧੀਮਾਨ ਆਗੂ ਇਸ ਸਿਟੇ ਤੇ ਪਹੁੰਚ ਗਏ ਕਿ ਕਿਉਂਕਿ ਇਹ ਮੰਗ ਪ੍ਰਤੱਖ ਤੌਰ ਤੇ ਅਤਿ ਫਿਰਕੂ ਹੈ ਇਸ ਲਈ ਇਸ ਦੀ ਸਫਲਤਾ ਦੀ ਕੋਈ ਆਸ ਨਹੀਂ। ਇਹ ਮੰਗ ਫੇਰ ਇਸ ਦੇ ਵਿਰੋਧੀਆਂ ਦੇ ਕਹਿਣ ਅਨੁਸਾਰ, ਪੰਜਾਬੀ ਸੂਬੇ ਦੀ ਮੰਗ ਥੱਲੇ ਛੁਪਾ ਕੇ ਪੇਸ਼ ਕੀਤੀ ਗਈ ਕਿ ਇਸ ਨਾਂ ਦਾ ਇਕ ਨਵਾਂ ਸੂਬਾ ਬਣਾਇਆ ਜਾਵੇ ਜਿਸ ਵਿਚ ਪੰਜਾਬ ਅਤੇ ਪੈਪਸੂ ਦੇ ਅਜੇਹੇ ਇਲਾਕੇ ਸ਼ਾਮਿਲ ਕੀਤੇ ਜਾਣ ਜਿਥੇ ਜਾਂ ਤਾਂ ਸਿੱਖਾਂ ਦੀ ਬਹੁ-ਸੰਖਿਆ ਹੋਵੇ ਜਾਂ ਉਹ ਆਬਾਦੀ ਦਾ ਤਕੜਾ ਭਾਗ ਹੋਣ।

ਇਸ ਮੰਗ ਦੇ ਨਾਲ ਨਾਲ ਦੋ ਹੋਰ ਮੰਗਾਂ ਮੰਗੀਆਂ ਗਈਆਂ; ਇਕ ਤਾਂ ਸਿੱਖ ਦਲਿਤ ਸ਼੍ਰੇਣੀਆਂ, ਜਿਵੇਂ ਭੰਗੀ ਚਮਾਰ ਅਤੇ ਅਛੂਤਾਂ ਨਾਲ ਸੰਬੰਧਿਤ ਦੂਜੀਆਂ ਜਾਤਾਂ ਨਾਲ ਵੀ ਰਾਜਨੀਤਿਕ ਅਤੇ ਚੋਣਾਂ ਦੇ ਉੱਦੇਸ਼ ਲਈ ਹਿੰਦੂ ਹਰੀਜਨਾਂ ਵਾਲਾ ਸਲੂਕ ਕੀਤਾ ਜਾਵੇ। ਇਹ ਰਿਆਇਤਾਂ ਸਿੱਖ ਹਰੀਜਨਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ ਸਨ ਕਿਉਂਕਿ ਸਿੱਖ ਸਦਾ ਦਾਅਵਾ ਕਰਦੇ ਰਹੇ ਸਨ ਕਿ ਸਿੱਖੀ ਵਿਚ ਜਾਤ-ਪਾਤ ਦਾ ਕੋਈ ਭੇਦ ਨਹੀਂ ਤੇ ਹਰ ਕੋਈ ਜਿਹੜਾ ਅੰਮ੍ਰਿਤ ਛਕ ਲੈਂਦਾ ਹੈ, ਗੁਰੂ ਗੋਬਿੰਦ ਸਿੰਘ ਦੀ ਜਾਤ ਵਾਲਾ ਸੋਢੀ ਬਣ ਕੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਪਿਤਾ ਵਾਂਗ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਸਾਹਿਬ ਦੇਵਾਂ ਨੂੰ ਆਪਣੀ ਮਾਂ ਵਾਂਗ ਮੰਨਣ ਲੱਗ ਜਾਂਦਾ ਹੈ। ਇਸ ਤਰ੍ਹਾਂ ਸਾਰੇ ਅੰਮ੍ਰਿਤਧਾਰੀ ਸਿੱਖ ਭਰ੍ਹਾ ਬਣ ਜਾਂਦੇ ਹਨ। ਇਸ ਮੰਗ ਦਾ ਆਧਾਰ ਇਹ ਸੀ ਕਿ ਹਰੀਜਨ ਸਿੱਖ ਬਣਨਾ ਨਹੀਂ ਚਾਹੁੰਦੇ ਸਨ ਕਿਉਂਕਿ ਸਿੱਖ ਹੁੰਦਿਆਂ ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਨਹੀਂ ਮਿਲੇ ਸਨ। ਇਹ ਗਲ ਕਾਫੀ ਹੱਦ ਤਕ ਮੰਨੀ ਗਈ ਕਿ ਇਸ ਮਜਬੂਰੀ ਕਾਰਣ ਉੱਤਰ ਪ੍ਰਦੇਸ਼ ਦੇ ਦੋ ਲੱਖ ਹਰੀਜਨਾਂ, ਜਿਨ੍ਹਾਂ ਨੇ ਕਿਸੇ ਵੇਲੇ ਸਿੱਖੀ ਧਾਰਨ ਕਰ ਲਈ ਸੀ, ਨੇ ਸਿੱਖੀ ਨੂੰ ਤਿਆਗ ਦਿੱਤਾ ਸੀ ਕਿਉਂਕਿ ਹਿੰਦੂ ਧਰਮ ਗ੍ਰਹਿਣ ਕਰਨ ਨਾਲ ਉਹ ਵਿਸ਼ੇਸ਼ ਰਿਆਇਤਾਂ ਮਾਣ ਸਕਦੇ ਸਨ ਅਤੇ ਵਿਧਾਨ ਸਭਾਵਾਂ ਵਿਚ ਕੁਝ ਸੀਟਾਂ ਪ੍ਰਾਪਤ ਕਰ ਸਕਦੇ ਸਨ। ਕੇਂਦਰੀ ਸਰਕਾਰ ਨੇ ਇਹ ਮੰਗ ਪ੍ਰਵਾਨ ਕਰ ਲਈ। ਇਹ ਅਕਾਲੀਆਂ ਦੀ ਦੂਜੀ ਜਿੱਤ ਸੀ, ਭਾਵੇਂ ਸਨਾਤਨੀ ਸਮਝਦੇ ਸਨ ਕਿ ਇਹ ਜਿੱਤ ਸਿੱਖੀ ਦੇ ਇਕ ਬੁਨਿਆਦੀ ਅਸੂਲ ਦੀ ਬਲੀ ਦੇ ਕੇ ਪ੍ਰਾਪਤ ਕੀਤੀ ਗਈ ਹੈ।

ਦੂਜੀ ਮੰਗ ਇਹ ਸੀ ਕਿ ਜਿਥੋਂ ਤਕ ਪੰਜਾਬ ਵਿਚ ਅਤੇ ਕੇਂਦਰ ਵਿਚ ਸਰਕਾਰੀ ਨੌਕਰੀਆਂ ਦਾ ਸੰਬੰਧ ਹੈ ਸਿੱਖਾਂ ਨੂੰ ਉਨ੍ਹਾਂ ਵਿਚ ਯੋਗ ਹਿੱਸਾ ਨਹੀਂ ਮਿਲਿਆ ਹੋਇਆ। ਪਰ ਇਸ ਮੰਗ ਤੇ ਬਹੁਤਾ ਜ਼ੋਰ ਨ ਦਿੱਤਾ ਗਿਆ, ਸ਼ਾਇਦ ਹਿੰਦੂ ਪ੍ਰੈਸ ਰਾਹੀਂ ਦਿੱਤੀ ਵੰਗਾਰ ਕਰਕੇ ਸਿੱਖਾਂ ਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਨੂੰ ਪਹਿਲਾਂ ਹੀ ਉਨ੍ਹਾਂ ਦੇ ਹਿੱਸੇ ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਾਪਤ ਹਨ—ਵਿਸ਼ੇਸ਼ ਤੌਰ ਤੇ ਪੁਲਿਸ ਅਤੇ ਸੈਨਾ ਵਿਚ।

ਪਰ ਪੰਜਾਬੀ ਸੂਬੇ ਦੀ ਮੰਗ ਦਿਨੋ ਦਿਨ ਜ਼ੋਰ ਫੜਦੀ ਗਈ, ਇਥੋਂ ਤਕ ਕਿ ਜਲੂਸਾਂ ਵਿਚ, ਜਿਹੜੇ ਕਿ ਗੁਰੂ ਸਾਹਿਬਾਨ ਦੇ ਜਨਮ ਦਿਹਾੜਿਆਂ ਜਾਂ ਸ਼ਹੀਦੀ ਦਿਹਾੜਿਆਂ ਤੇ ਕੱਢੇ ਜਾਂਦੇ ਸਨ, ਇਸ ਮੰਗ ਦੇ ਹਕ ਵਿਚ ਬੜੇ ਜ਼ੋਰ ਨਾਲ ਨਾਅਰੇ ਲਾਏ ਜਾਣ ਲੱਗੇ। ਸਮੁੱਚੇ ਪੰਜਾਬ, ਇਥੋਂ ਤਕ ਕਿ ਉੱਤਰ ਪ੍ਰਦੇਸ਼ ਵਿਚ ਵੀ ਜਲਸੇ ਕੀਤੇ ਗਏ ਜਿਨ੍ਹਾਂ ਵਿਚ ਅਤਿ ਭੜਕਾਊ ਅਤੇ ਜੋਸ਼ੀਲੇ ਭਾਸ਼ਣ ਦਿੱਤੇ ਗਏ।

ਵਿਸ਼ੇਸ਼ ਤੌਰ ਤੇ ਮਾਸਟਰ ਤਾਰਾ ਸਿੰਘ ਦੁਆਰਾ ਕੀਤੀ ਨਿਖੇਧੀ ਵਧੇਰੇ ਸਖਤ ਹੁੰਦੀ ਸੀ। ਉਸ ਨੇ ਕਈ ਮੌਕਿਆਂ ਤੇ ਐਲਾਨ ਕੀਤਾ ਕਿ ਮੁਗਲਾਂ ਜੇਹੀ ਸ਼ਕਤੀਸ਼ਾਲੀ ਹਕੂਮਤ ਨੂੰ

ਢਹਿ-ਢੇਰੀ ਕਰ ਦੇਣ ਵਾਲੀ ਸਿੱਖ ਕੌਮ ਦੀਆਂ ਮੰਗਾਂ ਇਹ ਮਰੀ-ਮੁੱਕੀ ਕਾਂਗਰਸ ਕਿਵੇਂ ਠੁਕਰਾ ਸਕਦੀ ਹੈ ?

ਇਸ ਹਿੰਸਕ ਮੁਹਿੰਮ ਵਿਰੁੱਧ, ਹਿੰਦੂਆਂ ਦੇ ਰੋਸ ਦੇ ਬਾਵਜੂਦ ਅਤੇ ਇਸ ਤੱਥ ਦੇ ਬਾਵਜੂਦ ਕਿ ਪੰਦਰਾਂ ਪੰਜਾਬ ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਸੂਬੇ ਦੀ ਕਾਨੂੰਨ-ਵਿਵਸਥਾ ਅਤੇ ਸ਼ਾਂਤੀ ਭੰਗ ਹੋਣ ਦੇ ਖਤਰੇ ਵਲ ਧਿਆਨ ਦੁਆਉਣ ਵਾਲਾ ਇਕ ਕਰੜਾ ਰੋਸ ਪੱਤਰ ਪੇਸ਼ ਕੀਤਾ ਸੀ, ਪੰਜਾਬ ਸਰਕਾਰ ਕਾਰਵਾਈ ਕਰਨ ਵਿਚ ਢਿੱਲ ਦਿਖਾਉਂਦੀ ਰਹੀ। ਪਰ ਪ੍ਰਤੱਖ ਹੈ ਕਿ ਉਸ ਸਮੇਂ ਦੇ ਮੁੱਖ ਮੰਤਰੀ ਮਿ. ਸੱਚਰ ਵਿਚ ਇਸ ਮੁਹਿੰਮ ਨੂੰ ਰੋਕਣ ਲਈ ਕੋਈ ਕਦਮ ਪੁੱਟਣ ਦਾ ਹੀਆ ਹੀ ਨਹੀਂ ਸੀ।

ਪਰ ਜਦੋਂ ਸ਼ਾਂਤੀ ਭੰਗ ਹੋਣ ਦੀਆਂ ਘਟਨਾਵਾਂ ਵਾਪਰਨ ਲੱਗੀਆਂ ਤਾਂ ਉਸ ਨੂੰ ਕਾਰ-ਵਾਈ ਕਰਨੀ ਪਈ ਅਤੇ ਉਸ ਨੇ ਨਾਅਰਿਆਂ ਤੇ ਇਸ ਆਸ ਨਾਲ ਬੰਦਸ਼ ਲਾ ਦਿੱਤੀ ਕਿ ਸ਼ਾਂਤੀ ਮੁੜ ਸਥਾਪਿਤ ਹੋ ਜਾਵੇਗੀ। ਇਸ ਨੂੰ ਅਕਾਲੀਆਂ ਨੇ, ਪ੍ਰਤੱਖ ਭਾਂਤ ਆਪਣੀ ਸ਼ਕਤੀ ਅਤੇ ਸਵੈਮਾਣ ਲਈ ਵੰਗਾਰ ਸਮਝਿਆ। ਸਿੱਟੇ ਵਜੋਂ ਥਾਂ-ਥਾਂ ਤੇ ਵੱਧ ਤੋਂ ਵੱਧ ਜਲੂਸ ਕੱਢੇ ਗਏ ਅਤੇ ਨਾਅਰੇ ਹੋਰ ਵੀ ਭੜਕਾਊ ਅਤੇ ਚਣੌਤੀਪੂਰਣ ਹੋ ਗਏ। ਸਰਕਾਰ ਕੋਲ ਅਜੇਹੇ ਨਾਅਰੇ ਲਾਉਣ ਵਾਲੇ ਲੋਕਾਂ ਨੂੰ ਗਰਿਫਤਾਰ ਕਰਨ ਤੋਂ ਛੁੱਟ ਹੋਰ ਕੋਈ ਰਾਹ ਨ ਰਿਹਾ ਪਰ ਜਿੰਨੇ ਜ਼ਿਆਦਾ ਉਹ ਗਰਿਫਤਾਰ ਕਰਦੀ ਉਸ ਤੋਂ ਵੀ ਵੱਧ ਸਿੱਖ ਗਰਿਫਤਾਰੀ ਲਈ ਅੱਗੇ ਆ ਜਾਂਦੇ। ਇਥੋਂ ਤਕ ਕਿ ਉਨ੍ਹਾਂ ਦੀ ਗਿਣਤੀ ਦਸ ਹਜ਼ਾਰ ਤਕ ਅੱਪੜ ਗਈ ਜਾਂ ਸ਼ਾਇਦ ਇਸ ਤੋਂ ਵੀ ਵਧ ਗਈ। ਉਨ੍ਹੀਂ ਦਿਨੀਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਤੋਂ ਬਾਹਰ ਗਏ ਹੋਏ ਸਨ ਤੇ ਕਿਹਾ ਜਾਂਦਾ ਹੈ ਕਿ ਉਸ ਤੇ ਵਿਅੰਗ ਕਸਿਆ ਗਿਆ ਕਿ ਸਾਰੇ ਸੰਸਾਰ ਵਿਚ ਪੰਚਸ਼ੀਲ ਦਾ ਪ੍ਰਚਾਰ ਕਰਨ ਵਾਲੇ ਦੇ ਆਪਣੇ ਘਰ ਵਿਚ ਘੱਟ ਗਿਣਤੀ ਵਾਲੀ ਕੌਮ ਨੂੰ ਜੇਲਾਂ ਵਿਚ ਡੱਕਿਆ ਜਾ ਰਿਹਾ ਹੈ। ਇਸ ਗੱਲ ਦਾ ਐਲਾਨ ਤਾਂ ਨ ਕੀਤਾ ਗਿਆ ਪਰ ਦਿੱਲੀ ਵਿਚ ਇਹ ਆਮ ਪ੍ਰਭਾਵ ਸੀ ਕਿ ਉਸ ਨੇ ਪੰਜਾਬ ਸਰਕਾਰ ਨੂੰ ਉਸ ਦੀ ਕਾਰਵਾਈ ਪ੍ਰਤਿ ਆਪਣੀ ਅਸੰਮਤੀ ਭੇਜੀ ਅਤੇ ਮੁੱਖ ਮੰਤਰੀ ਨੂੰ ਹਿਦਾਇਤ ਦਿੱਤੀ ਕਿ ਗਰਿਫਤਾਰੀਆਂ ਬੰਦ ਕੀਤੀਆਂ ਜਾਣ। ਮੁੱਖ ਮੰਤਰੀ ਮਿ. ਭੀਮ ਸੈਨ ਸੱਚਰ, ਜ਼ਾਹਰ ਸੀ, ਪ੍ਰਧਾਨ ਮੰਤਰੀ ਦਾ ਨਾਉਂ ਆਪਣੀ ਕਾਰਵਾਈ ਵਿਚ ਨਹੀਂ ਲਿਆਉਣਾ ਚਾਹੁੰਦਾ ਸੀ। ਇਸ ਲਈ ਪੰਡਿਤ ਜਵਾਹਰ ਲਾਲ ਦੇ ਦੇਸ਼ ਵਾਪਸ ਆਉਣ ਵਾਲੇ ਦਿਨ ਉਸ ਨੇ ਇਕ ਬਿਆਨ ਜਾਰੀ ਕੀਤਾ ਕਿ ਪ੍ਰਧਾਨ ਮੰਤਰੀ ਦੇ ਯੂਰਪ ਦੇ ਸਫਲ ਦੌਰੇ ਤੋਂ ਮੁੜਨ ਦੀ ਖੁਸ਼ੀ ਵਿਚ ਉਸ ਨੇ ਇਸ ਬੰਦਸ਼ ਨੂੰ ਵਾਪਸ ਲੈ ਲਿਆ ਹੈ।

ਇਸ ਬੰਦਸ਼ ਦੇ ਸਮਾਪਤ ਹੋਣ ਤੋਂ ਦੋ ਦਿਨ ਪਹਿਲਾਂ ਅਜੇਹਾ ਐਲਾਨ ਕਰਨ ਕਾਰਣ ਮਿ. ਸੱਚਰ ਦਾ ਮਖੌਲ ਉੱਡ ਗਿਆ ਅਤੇ ਵਿਰੋਧੀ ਦਲ ਨੇ ਉਸ ਦੇ ਇਸ ਕਰਮ ਨੂੰ ਉਸ

ਦੀ ਕਾਇਰਤਾ ਦਸਿਆ ।

ਇਸ ਅੰਦੋਲਨ ਦੇ ਦੌਰਾਨ ਕੁਝ ਸਿੱਖ ਭਗੌੜਿਆਂ, ਜਿਨ੍ਹਾਂ ਦੀ ਬੰਦਸ਼ ਨੂੰ ਭੰਗ ਕਰਨ ਦੇ ਦੋਸ਼ ਵਿਚ ਪੁਲਿਸ ਨੂੰ ਭਾਲ ਸੀ, ਨੇ ਕੁਝ ਅਜੇਹੀਆਂ ਥਾਵਾਂ ਤੇ ਸ਼ਰਨ ਲੈ ਲਈ ਜਿਨ੍ਹਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਸੰਬੰਧਿਤ ਕਿਹਾ ਜਾਂਦਾ ਸੀ। ਕੁਝ ਪੁਲਿਸ ਦੇ ਸਿਪਾਹੀਆਂ, ਜਿਹੜੇ ਕੇ ਉਨ੍ਹਾਂ ਨੂੰ ਗਰਿਫਤਾਰ ਕਰਨਾ ਚਾਹੁੰਦੇ ਸਨ, ਨੇ ਉਨ੍ਹਾਂ ਦਾ ਪਿੱਛਾ ਕੀਤਾ। ਅਕਾਲੀਆਂ ਨੇ ਇਸ ਦਾ ਸਾਰੇ ਦੇਸ ਵਿਚ ਇਸ ਆਧਾਰ ਤੇ ਵਿਰੋਧ ਕੀਤਾ ਕਿ ਗੁਰਦਵਾਰੇ ਦੀ ਪਵਿਤਰਤਾ ਭੰਗ ਕੀਤੀ ਗਈ ਹੈ ਅਤੇ ਉਹ ਇਸ ਘਟਨਾ ਦੀ ਪੜਤਾਲ ਕਰਵਾਉਣਾ ਚਾਹੁੰਦੇ ਹਨ। ਮਿ. ਸੱਚਰ ਇਕ ਵਾਰ ਫੇਰ ਝੁਕ ਗਿਆ ਤੇ ਉਸ ਨੂੰ ਪੁਲਿਸ ਦੇ ਇਸ ਕਦਮ ਤੇ ਅੰਮ੍ਰਿਤਸਰ ਵਿਖੇ ਅਕਾਲੀਆਂ ਦੀ ਇਕ ਭਾਰੀ ਇਕੱਤਰਤਾ ਵਿਚ ਖਿਮਾ ਮੰਗਣੀ ਪਈ।

ਮੁੱਖ ਮੰਤਰੀ ਦੀ ਅਕਾਲੀਆਂ ਦੀ ਭਰੀ ਸਭਾ ਵਿਚ ਇਹ ਜ਼ਿਲਤ ਭਰੀ ਮੁਆਫ਼ੀ ਸਿੱਖਾਂ ਦੀ ਤੀਜੀ ਜਿੱਤ ਸਮਝੀ ਗਈ।

ਮਿ. ਸੱਚਰ ਦੀ ਕਮਜ਼ੋਰ ਅਤੇ ਸਿੱਖਾਂ ਨੂੰ ਰੀਝਾਉਣ ਦੀ ਨੀਤੀ ਕਾਰਣ ਉਸ ਦੀ ਕਰੜੀ ਆਲੋਚਨਾ ਹੋਈ ਪਰ ਉਹ ਪ੍ਰਤੱਖ ਰੂਪ ਵਿਚ ਬੇਬਸ ਸੀ ਕਿਉਂਕਿ ਉਸ ਨੂੰ ਤਾਂ ਕੇਂਦਰੀ ਸਰਕਾਰ ਦੀ ਹਾਈ ਕਮਾਂਡ ਦੁਆਰਾ ਨਿਰਧਾਰਿਤ ਸੇਧ ਤੇ ਚਲਣਾ ਪੈਂਦਾ ਸੀ।

ਪੰਜਾਬੀ ਸੂਬੇ ਦਾ ਅੰਦੋਲਨ ਵਧੇਰੇ ਜ਼ੋਰ ਫੜਦਾ ਗਿਆ।

ਇਸ ਅੰਦੋਲਨ ਦਾ ਆਗੂ ਨਿਰਸੰਦੇਹ ਮਾਸਟਰ ਤਾਰਾ ਸਿੰਘ ਸੀ। ਉਹ ਅਜੇਹਾ ਵਿਅਕਤੀ ਹੈ ਜਿਸ ਨੂੰ ਭਾਵੇਂ ਕੁਝ ਲੋਕ ਭੋਲਾ ਤੇ ਸਿੱਧਾ ਸਾਦਾ ਸਮਝਦੇ ਹਨ ਪਰ ਉਸ ਨੇ ਆਪਣੀ ਦ੍ਰਿੜ੍ਹਤਾ ਤੇ ਹੱਠੀ ਸੁਭਾਉ ਅਤੇ ਪੰਥ ਦੇ ਉੱਦੇਸ਼ ਪ੍ਰਤਿ ਅਹਿੱਲ ਸਮਰਪਣ ਕਾਰਣ ਆਪਣੀ ਉੱਚੀ ਥਾਂ ਬਣਾ ਲਈ ਹੈ। ਛੋਟੀ ਉਮਰ ਵਿਚ ਹੀ ਉਸ ਨੇ ਸਿੱਖੀ ਧਾਰਣ ਕਰ ਲਈ ਸੀ ਤੇ ਖ਼ਾਲਸਾ ਸਕੂਲ ਵਿਚ ਅਧਿਆਪਕ ਦੇ ਤੌਰ ਤੇ ਕੰਮ ਕਰਨਾ ਆਰੰਭ ਕਰ ਦਿੱਤਾ ਸੀ। ਪਰ ਉਸ ਨੇ ਪਿਛਲੇ ਅਧਿਆਇ ਵਿਚ ਵਰਣਿਤ ਤਹਿਰੀਕਾਂ, ਜਿਨ੍ਹਾਂ ਲਈ ਅਕਾਲੀਆਂ ਨੇ ਗੁਰਦਵਾਰਾ ਅੰਦੋਲਨ ਦੇ ਸੰਬੰਧ ਵਿਚ ਸਰਕਾਰ ਦਾ ਡਟਵਾਂ ਟਾਕਰਾ ਕੀਤਾ ਸੀ, ਵਿਚ ਪ੍ਰਸੰਸਾਯੋਗ ਭਾਗ ਪਾਇਆ ਸੀ। ਵੰਡ ਤੋਂ ਪਹਿਲਾਂ ਹੀ ਉਸ ਨੇ ਸਿੱਖਾਂ ਦੇ ਫਾਰਵਰਡ ਬਲਾਕ, ਜਿਹੜਾ ਕਿ ਅਕਾਲੀਆਂ ਲਈ ਕਹਿਣਾ ਢੁਕਵਾਂ ਹੈ, ਦੇ ਪ੍ਰਮੁੱਖ ਆਗੂ ਦੇ ਤੌਰ ਤੇ ਆਪਣੀ ਪਦਵੀ ਸਥਾਪਿਤ ਕਰ ਲਈ ਸੀ। ਜਦ ਤੋਂ ਉਸ ਨੇ ਜਨਤਕ ਜੀਵਨ ਵਿਚ ਪ੍ਰਵੇਸ਼ ਕੀਤਾ ਸੀ, ਉਸ ਦੇ ਘੋਲ ਦਾ ਨਾਅਰਾ 'ਪੰਥ' ਰਿਹਾ ਸੀ ਅਤੇ ਉਸ ਦਾ ਮੁੱਖ ਉੱਦੇਸ਼ ਇਸ ਨੂੰ ਕਾਇਮ ਰੱਖਣਾ ਸੀ। ਜਾਂ ਉਸ ਦੇ ਹੀ ਸ਼ਬਦਾਂ ਵਿਚ ਇਸ ਨੂੰ 'ਚੜ੍ਹਦੀਆਂ ਕਲਾਂ' ਵਿਚ ਰੱਖਣਾ ਸੀ। ਉਪਰੋਕਤ ਤਹਿਰੀਕਾਂ ਵਿਚ ਉਸ ਦੇ ਯਤਨ ਸਫਲ ਰਹੇ ਸਨ। ਉਸ ਦਾ ਆਦਰਸ਼ ਇਹ ਰਿਹਾ ਹੈ ਕਿ ਸਿੱਖਾਂ ਲਈ ਰਾਜਨੀਤੀ ਅਤੇ ਧਰਮ ਇਕ ਹਨ ਤੇ ਇਕ ਨੂੰ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ।

1950 ਦੇ ਨੇੜੇ ਤੇੜੇ ਉਸ ਨੇ ਦਿੱਲੀ ਵਿਚ ਮੁਜ਼ਾਹਰਾ ਕਰਨ ਦੀ ਸੋਚੀ, ਪਰ ਰਾਜ-ਧਾਨੀ ਵਿਚ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਉਸ ਵੇਲੇ ਦੇ ਭਾਰਤ ਦੇ ਗ੍ਰਿਹ ਮੰਤਰੀ ਸਵਰਗੀ ਸਰਦਾਰ ਪਟੇਲ ਦੇ ਆਦੇਸ਼ ਨਾਲ ਗਰਿਫਤਾਰ ਕਰ ਲਿਆ ਗਿਆ। ਸਿੱਖ ਕੌਮ ਵਿਚ ਬੜੀ ਚੰਗੀ ਮਾਣਤਾ ਰੱਖਣ ਦੇ ਬਾਵਜੂਦ ਉਸ ਦੀ ਗਰਿਫਤਾਰੀ ਵਿਰੁੱਧ ਕੋਈ ਦ੍ਰਿਸ਼ਟੀਗੋਚਰ ਰੋਸ ਨ ਪ੍ਰਗਟਾਇਆ ਗਿਆ ਅਤੇ ਉਸ ਨੂੰ ਉਸ ਸਮੇਂ ਤਕ ਰਿਹਾ ਨ ਕੀਤਾ ਗਿਆ ਜਦ ਤਕ ਕਿ ਸਰਦਾਰ ਨੂੰ ਇਹ ਤਸੱਲੀ ਨ ਹੋ ਗਈ ਕਿ ਉਹ ਕੋਈ ਔਕੜ ਪੈਦਾ ਨਹੀਂ ਕਰੇਗਾ। ਪਰ ਸਰਦਾਰ ਦੀ ਮ੍ਰਿਤੂ ਪਿੱਛੋਂ ਹਾਲਾਤ ਬਦਲ ਗਏ ਅਤੇ ਮਾਸਟਰ ਤਾਰਾ ਸਿੰਘ ਨੇ ਅਨੁਭਵ ਕੀਤਾ ਕਿ ਹੁਣ ਉਹ ਬਿਨਾਂ ਕਿਸੇ ਡਰ ਦੇ ਆਪਣੀ ਖੇਡ ਰਚਾਈ ਰੱਖ ਸਕਦਾ ਹੈ। ਮਾਸਟਰ ਤਾਰਾ ਸਿੰਘ ਦਲੇਰੀ ਲਈ ਮਸ਼ਹੂਰ ਸੀ। ਪਰ ਉਸ ਦੇ ਚਰਿੱਤਰ ਦੇ ਇਸ ਪੱਖ ਨੂੰ ਕੋਈ ਹੋਰ ਘਟਨਾ ਇਨਾ ਉਘਾੜ ਕੇ ਅੱਗੇ ਨ ਲਿਆਈ ਜਿਨਾ ਕਿ ਪੈਪਸੂ ਦੇ ਗੁਰਦਵਾਰਾ ਫਤਿਹਗੜ੍ਹ ਸਾਹਿਬ ਵਿਖੇ ਵਾਪਰੀ ਇਕ ਘਟਨਾ। ਇਕ ਗੁਰ-ਪੁਰਬ ਉਤੇ ਪੈਪਸੂ ਦੇ ਰਾਜ ਪ੍ਰਮੁਖ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਉਸ ਗੁਰਦਵਾਰੇ ਵਿਚ ਸੱਦਾ ਦਿੱਤਾ ਸੀ। ਜਦੋਂ ਉਹ ਉਥੇ ਆਏ ਤਾਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਬੱਚਿਆਂ ਨੂੰ, ਜਿਹੜੇ ਕਿ 17ਵੀਂ ਸਦੀ ਦੇ ਅੰਤ ਵਿਚ ਉਸ ਥਾਂ ਜੀਉਂਦੇ ਚਿਣਵਾ ਦਿੱਤੇ ਗਏ ਸਨ, ਸ਼ਰਧਾਂਜਲੀ ਵਜੋਂ ਕੁਝ ਸ਼ਬਦ ਕਹਿਣ ਲਈ ਕਿਹਾ ਗਿਆ। ਮਾਸਟਰ ਤਾਰਾ ਸਿੰਘ ਨਾਰਾਜ਼ ਹੋ ਗਏ ਅਤੇ ਮਹਾਰਾਜ ਦੇ ਰੋਕਣ ਦੇ ਬਾਵਜੂਦ ਉਨ੍ਹਾਂ ਨੇ ਜਜ਼ਬਾਤੀ ਆਵਾਜ਼ ਵਿਚ ਪੰਡਿਤ ਜਵਾਹਰ ਲਾਲ ਨੂੰ ਇਸ ਆਧਾਰ ਤੇ ਬੋਲਣਾ ਬੰਦ ਕਰਨ ਲਈ ਕਿਹਾ ਕਿ ਕਿਸੇ ਵੀ ਬਾਹਰੋਂ ਆਏ ਸੱਜਣ ਨੂੰ ਗੁਰਦਵਾਰੇ ਵਿਚ ਰਾਜਨੀਤਿਕ ਭਾਸ਼ਣ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਉਥੇ ਹਜ਼ਾਰਾਂ ਦੀ ਸੰਖਿਆ ਵਿਚ ਇਕੱਤ੍ਰਿਤ ਸਿੱਖਾਂ ਵਿਚ ਭਾਰੀ ਉਕਸਾਹਟ ਪੈਦਾ ਹੋ ਗਈ। ਪ੍ਰਧਾਨ ਮੰਤਰੀ ਨੂੰ ਚੁੱਪ ਹੋਣਾ ਪਿਆ ਅਤੇ ਉਦਾਸ ਜੇਹਾ ਹਾਸਾ ਹਸਦੇ ਉਹ ਉਥੋਂ ਤੁਰ ਆਏ। ਇਸ ਨਾਲ ਮਾਸਟਰ ਤਾਰਾ ਸਿੰਘ ਦੀ ਪ੍ਰਤਿਸ਼ਟਾ ਲੋਕਾਂ ਵਿਚ ਇਸ ਲਈ ਵਧ ਗਈ ਕਿ ਮਾਸਟਰ ਜੀ ਇੰਨੇ ਦਲੇਰ ਤੇ ਬਹਾਦਰ ਹਨ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਵੀ ਚੁਪ ਕਰਾ ਕੇ ਬਾਹਰ ਚਲੇ ਜਾਣ ਲਈ ਮਜਬੂਰ ਕਰ ਸਕਦੇ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸੰਬੰਧ ਵਿਚ ਉਸ ਨੂੰ ਇਕ ਹੋਰ ਫਤਿਹ ਪ੍ਰਾਪਤ ਹੋਈ। ਨੈਸ਼ਨਲਿਸਟ ਸਿੱਖਾਂ ਨੇ ਆਪਣੇ ਉਮੀਦਵਾਰ ਖੜੇ ਕੀਤੇ ਸਨ, ਪਰ ਚੋਣਾਂ ਵਿਚ ਉਨ੍ਹਾਂ ਦਾ ਸਫਾਇਆ ਹੋ ਗਿਆ ਅਤੇ ਮਾਸਟਰ ਤਾਰਾ ਸਿੰਘ ਦੇ ਅਨੁਯਾਈ ਭਾਰੀ ਗਿਣਤੀ ਵਿਚ ਸਫਲ ਹੋਏ। ਇਹ ਉਨ੍ਹਾਂ ਦੀ ਇਕ ਹੋਰ ਜਿੱਤ ਸੀ।

ਹੁਣ ਮਾਸਟਰ ਤਾਰਾ ਸਿੰਘ ਪੰਜਾਬੀ ਸੂਬੇ ਦੇ ਅੰਦੋਲਨ ਵਿਚ ਤਨੋ ਮਨੋ ਕੁੱਦ ਪਏ।

ਉਸ ਦੀ ਮੰਗ ਦਾ ਪੰਜਾਬ ਪ੍ਰਾਂਤ ਦੀ ਹਿੰਦੂ ਸਭਾ ਨੇ ਹੀ ਨਹੀਂ ਸਗੋਂ ਸਰਵ ਭਾਰਤੀ ਹਿੰਦੂ ਮਹਾਂ ਸਭਾ ਅਤੇ ਦੂਜੀਆਂ ਸਾਰੀਆਂ ਹਿੰਦੂ ਜਥੇਬੰਦੀਆਂ ਨੇ ਵਿਰੋਧ ਕੀਤਾ। ਜੇ ਦਿੱਲੀ ਤੋਂ ਪ੍ਰਕਾਸ਼ਿਤ ਹੋਣ ਵਾਲੇ 'ਰਿਆਸਤ' ਆਦਿ ਸਿੱਖ ਰਸਾਲਿਆਂ ਨੂੰ ਵੀ ਗਿਣਿਆ ਜਾਵੇ, ਤਾਂ ਵੀ ਇਸ ਦਾ ਵਿਰੋਧ ਕਰਨ ਵਾਲੇ ਬਹੁਤ ਸਾਰੇ ਸਿੱਖ ਆਗੂ ਵੀ ਸਨ ਜਿਨ੍ਹਾਂ ਵਿਚ ਪੈਪਸੂ ਦੇ ਸਾਬਕ ਮੁੱਖ ਮੰਤਰੀ ਸ. ਗਿਆਨ ਸਿੰਘ ਰਾੜੇਵਾਲਾ, ਸਰਦਾਰ ਊਧਮ ਸਿੰਘ ਨਾਗੋਕੇ ਅਤੇ ਸ. ਸਰਦੂਲ ਸਿੰਘ ਕਵੀਸ਼ਰ ਜਿਹੜਾ ਕਾਂਗ੍ਰਸ ਦੇ ਫਾਰਵਰਡ ਬਲਾਕ ਦਾ ਆਗੂ ਸੀ, ਵੀ ਸ਼ਾਮਿਲ ਸਨ। ਇਹ ਮੰਗ ਰਿਆਸਤਾਂ ਦੇ ਪੁਨਰ-ਸੰਗਠਨ ਕਮਿਸ਼ਨ ਅਤੇ ਪੰਜਾਬ ਮੰਤਰੀ ਮੰਡਲ ਨੇ ਠੁਕਰਾ ਦਿੱਤੀ। ਇਹ ਦੋਵੇਂ ਸੰਸਥਾਵਾਂ ਪੈਪਸੂ ਤੇ ਹਿਮਾਚਲ ਪ੍ਰਦੇਸ਼ ਨੂੰ ਪੂਰਬੀ ਪੰਜਾਬ ਵਿਚ ਮਿਲਾ ਕੇ ਮਹਾਂ ਪੰਜਾਬ ਦੀ ਸਥਾਪਨਾ ਦੇ ਹੱਕ ਵਿਚ ਸਨ। ਵਿਰੋਧੀਆਂ ਨੇ ਇਹ ਕਿਹਾ ਕਿ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਅਨੁਯਾਈ ਅਕਾਲੀਆਂ ਦੀ ਇੱਛਾ ਅਸਲ ਵਿਚ 'ਸਿੱਖ ਸਟੇਟ' ਦੀ ਪ੍ਰਾਪਤੀ ਹੈ। ਇਹੀ ਗੱਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਿ. ਸੱਚਰ ਨੇ ਮਾਸਟਰ ਤਾਰਾ ਸਿੰਘ ਨਾਲ ਆਪਣੀ ਭੇਂਟ ਪਿੱਛੋਂ ਦਿੱਤੇ ਇਕ ਸਰਕਾਰੀ ਬਿਆਨ ਵਿਚ ਕਹੀ। ਮਾਸਟਰ ਤਾਰਾ ਸਿੰਘ ਤੇ ਸਰਦਾਰ ਹੁਕਮ ਸਿੰਘ, ਜਿਹੜਾ ਪਿੱਛੋਂ ਲੋਕ ਸਭਾ ਦਾ ਡਿਪਟੀ ਸਪੀਕਰ ਬਣਿਆ, ਜੇਹੇ ਉਸ ਦੇ ਸਹਾਇਕਾਂ ਨੇ ਇਸ ਦੋਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਲਾਗਾਤਾਰ ਇਹ ਕਹਿੰਦੇ ਰਹੇ ਕਿ ਉਨ੍ਹਾਂ ਨੇ ਕਦੀ ਵੀ ਸਿੱਖ ਸਟੇਟ ਦੀ ਮੰਗ ਨਹੀਂ ਕੀਤੀ। ਪਰ ਇਹ ਇਨਕਾਰ ਵਿਰੋਧੀ ਪਾਰਟੀ ਦੁਆਰਾ ਦਿੱਤੇ ਗਏ ਲਿਖਤੀ ਸਬੂਤਾਂ, ਜਿਨ੍ਹਾਂ ਦਾ ਹਵਾਲਾ ਹੇਠਾਂ ਦਿੱਤਾ ਜਾਂਦਾ ਹੈ, ਸਾਮ੍ਹਣੇ ਬੇਕਾਰ ਹੋ ਗਿਆ।

ਇਹ ਕਿਹਾ ਗਿਆ ਕਿ ਵੱਖਰੀ ਸਿੱਖ ਸਟੇਟ ਦੀ ਲਹਿਰ ਦਾ ਮੁੱਢ ਭਾਰਤ ਦੀ ਵੰਡ ਨਾਲ ਆਰੰਭ ਹੋਇਆ। ਜਦੋਂ 1946 ਵਿਚ ਬਰਤਾਨਵੀ ਕੇਬਨਿਟ ਮਿਸ਼ਨ ਭਾਰਤ ਆਇਆ ਤਾਂ ਅਕਾਲੀ ਦਲ ਨੇ ਬਰਤਾਨਵੀ ਸਰਕਾਰ ਨੂੰ ਇਕ ਮੰਗ-ਪੱਤਰ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਨੇ ਆਪਣਾ ਅਸਲੀ ਇਰਾਦਾ ਪ੍ਰਗਟਾਇਆ। ਇਸ ਮੰਗ ਪੱਤਰ ਦੀ ਵਿਆਖਿਆ 'ਕੈਬਨਿਟ ਮਿਸ਼ਨ ਇਨ ਇੰਡੀਆ' ਨਾਮਕ ਪੁਸਤਕ, ਜਿਸ ਨੂੰ ਮੈਸਰਜ਼ ਏ. ਮੁਕਰਜੀ ਐਂਡ ਕੋ, ਕਲੱਕਤਾ ਨੇ ਪ੍ਰਕਾਸ਼ਿਤ ਕੀਤਾ ਸੀ, ਵਿਚ ਦਿੱਤੀ ਗਈ ਹੈ। ਇਸ ਮੰਗ ਪੱਤਰ ਵਿਚ ਉਨ੍ਹਾਂ ਨੇ ਆਪਣੀ ਮੰਗ ਇਸ ਤਰ੍ਹਾਂ ਪ੍ਰਗਟਾਈ ਹੈ :

> "ਸਿੱਖਾਂ ਦਾ ਵੀ ਸੁਤੰਤਰ, ਸਿੱਖ ਸਟੇਟ ਦਾ ਉਤਨਾ ਹੀ ਹੱਕ ਬਣਦਾ ਹੈ ਜਿਤਨਾ ਕਿ ਮੁਸਲਮਾਨਾਂ ਦਾ"। "ਮੁਸਲਮਾਨਾਂ ਦੀ ਪਾਕਿਸਤਾਨ ਦੀ ਮੰਗ ਉੱਨਾ ਚਿਰ ਨਹੀਂ ਮੰਨੀ ਜਾਣੀ ਚਾਹੀਦੀ ਜਿਨਾ ਚਿਰ ਕਿ ਸੁਤੰਤਰ ਪ੍ਰਭੁਸੱਤਾ ਵਾਲੀ ਸਿੱਖ ਰਿਆਸਤ ਦੀ ਮੰਗ ਨ ਮੰਨੀ ਜਾਵੇ।"

ਅਜੇਹੇ ਭਾਵ ਹੀ ਅਕਾਲੀ ਦਲ ਦਿਆਂ ਨੁਮਾਇੰਦਿਆਂ ਨੇ ਹਿੰਦੂ, ਸਿੱਖ, ਮੁਸਲਮਾਨ ਅਤੇ ਹੋਰ ਕੌਮਾਂ ਦੀ ਜਨਵਰੀ 1947 ਵਿਚ ਰਾਵਲਪਿੰਡੀ ਵਿਖੇ ਹੋਈ ਸਰਵਦਲੀ ਕਾਨਫਰੰਸ ਵਿਚ ਪ੍ਰਗਟਾਏ।

ਅਕਾਲੀ ਦਲ ਵਲੋਂ ਇਸ ਦੇ ਸਕੱਤਰ, ਗਿਆਨੀ ਕਰਤਾਰ ਸਿੰਘ ਨੇ ਕਿਹਾ: "ਸਿੱਖਾਂ ਨੂੰ ਉੱਤਰੀ ਭਾਰਤ ਵਿਚ ਸੁਤੰਤਰ ਰਾਜ ਕਾਇਮ ਕਰਨ ਦੀ ਆਗਿਆ ਦਿੱਤੀ ਜਾਵੇ।" ਇਸ ਇੱਕਤਰਤਾ ਦੇ ਹੋਰ ਵੇਰਵਿਆਂ ਲਈ 20 ਜਨਵਰੀ, 1947 ਦੇ 'ਦੀ ਟ੍ਰੀਬਿਊਨ' ਲਾਹੌਰ ਦਾ ਹਵਾਲਾ ਦਿੱਤਾ ਗਿਆ।

ਅੰਮ੍ਰਿਤਸਰ ਵਿਖੇ ਹੋਈ ਸਿੱਖ ਕੌਮ ਦੀ ਇਕ ਖੁਲ੍ਹੀ ਇੱਕਤਰਤਾ ਜਿਸ ਦੀ ਖਬਰ 19 ਜੂਨ, 1947 ਦੇ 'ਟ੍ਰੀਬਿਊਨ' ਵਿਚ ਛਪੀ, ਵਿਚ ਪਾਰਟੀ ਵਲੋਂ ਨਿਮਨ ਲਿਖਿਤ ਐਲਾਨ ਕੀਤਾ ਗਿਆ :

> "ਸਿੱਖਾਂ ਨੇ ਮੰਗ ਕੀਤੀ ਹੈ ਅਤੇ ਉਹ ਇਸ ਨੂੰ ਮੁੜ ਦੁਹਰਾਉਂਦੇ ਹਨ ਕਿ ਉਨ੍ਹਾਂ ਨੂੰ ਪੂਰਬੀ ਪੰਜਾਬ ਸਿੱਖ ਸਟੇਟ ਦੇ ਤੌਰ ਤੇ ਮਿਲਣਾ ਚਾਹੀਦਾ ਹੈ। ਸਾਰੇ ਇਲਾਕੇ ਜਿਨ੍ਹਾਂ ਵਿਚ ਘੱਟੋ ਘੱਟ 85% ਸਿੱਖ ਵਸੋਂ ਹੈ, ਇਸ ਰਾਜ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ।"

4 ਅਪ੍ਰੈਲ, 1946 ਦੇ 'ਟ੍ਰੀਬਿਊਨ' ਵਿਚ ਬਿਆਨ ਰਾਹੀਂ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ :

> "ਅਸੀਂ ਸੰਯੁਕਤ ਭਾਰਤ ਦੇ ਅੰਦਰ ਸਿੱਖ ਰਾਜ ਚਾਹੁੰਦੇ ਹਾਂ।" (ਉਸ ਸਮੇਂ ਤਕ ਪਾਕਿਸਤਾਨ ਨਹੀਂ ਬਣਿਆ ਸੀ ਅਤੇ ਭਾਰਤ ਦੀ ਵੰਡ ਦੀ ਕੋਈ ਤਜਵੀਜ ਨਹੀਂ ਸੀ)।
>
> ਆਪਣੇ ਬਿਆਨ ਨੂੰ ਸਪਸ਼ਟ ਕਰਦਿਆਂ ਮਾਸਟਰ ਜੀ ਨੇ ਕਿਹਾ : "ਅਜੇਹੀ ਸਟੇਟ ਸਿੱਖ ਪੰਥ ਦੀ ਹੋਵੇਗੀ, ਪਰ ਇਹ ਲੋਕਤੰਤਰਕ ਹੋਵੇਗੀ, ਇਹ ਇਕ ਪੁਰਖੀ ਰਾਜ ਨਹੀਂ ਹੋਵੇਗਾ।"

ਅਜੇਹਾ ਹੀ ਇਕ ਬਿਆਨ ਅਪ੍ਰੈਲ 1946 ਵਿਚ ਅੰਮ੍ਰਿਤਸਰ ਵਿਖੇ ਹੋਏ ਵਿਸਾਖੀ ਦੇ ਦੀਵਾਨ ਵਿਚ ਦਿੱਤਾ ਗਿਆ। ਇਸ ਦੀਵਾਨ ਦੀ ਕਾਰਵਾਈ 16 ਅਪ੍ਰੈਲ, 1946 ਦੇ 'ਦੀ ਟ੍ਰੀਬਿਊਨ' ਲਾਹੌਰ ਵਿਚ ਛਪੀ।

ਸਿੱਖ ਸਟੇਟ ਦੀ ਵਾਰ ਵਾਰ ਮੰਗ ਦਾ ਮੁੱਖ ਆਧਾਰ ਇਹ ਸੀ ਕਿ ਸਿੱਖ ਹਿੰਦੂ ਬਹੁਸੰਖਿਆ ਦਾ ਗਲਬਾ ਨਹੀਂ ਸਹਿ ਸਕਦੇ ਕਿਉਂਕਿ ਇਸ ਗੱਲ ਦਾ ਡਰ ਸੀ ਕਿ ਕੁਝ ਸਮਾਂ ਲੰਘਣ ਪਿੱਛੋਂ ਸਿੱਖ ਆਪਣੇ ਕੇਸ ਕਤਲ ਕਰਵਾ ਦੇਣਗੇ ਅਤੇ ਹਿੰਦੂ ਕੌਮ ਵਿਚ ਹੀ

ਰਲ-ਮਿਲ ਜਾਣਗੇ। ਉਸ ਦਾ ਡਰ ਭਾਵੇਂ ਅਤਿਕਥਨੀ ਭਰਿਆ ਸੀ ਪਰ ਉਸ ਦੀ ਬੇਚੈਨੀ ਪੂਰਣ ਤੌਰ ਤੇ ਕਾਰਣ ਰਹਿਤ ਨਹੀਂ ਸੀ ਕਿਉਂਕਿ ਮਾਸਟਰ ਤਾਰਾ ਸਿੰਘ ਨੇ ਅਵੱਸ਼ ਵੇਖ ਲਿਆ ਹੋਵੇਗਾ ਕਿ ਨਵੀਂ ਪੀੜ੍ਹੀ ਦੇ ਬਹੁਤ ਸਾਰੇ ਸਿੱਖ ਨੌਜਵਾਨ ਸੱਚਮੁਚ ਹੀ ਆਪਣੇ ਕੇਸ ਅਤੇ ਦਾੜ੍ਹੀਆਂ ਕਟਵਾ ਰਹੇ ਸਨ ਅਤੇ ਸਿੱਖ ਕੌਮ ਦੇ ਕਈ ਆਗੂ ਮੈਂਬਰਾਂ ਨੇ ਵੀ ਆਪਣੀਆਂ ਦਾੜ੍ਹੀਆਂ ਅਤੇ ਕੇਸ ਕਟਣੇ ਆਰੰਭ ਕਰ ਦਿੱਤੇ ਸਨ। ਉਨ੍ਹਾਂ ਦਾ ਡਰ ਇਸ ਸੰਬੰਧ ਵਿਚ ਕੀਤੀਆਂ ਗਈਆਂ ਭਵਿਸ਼-ਬਾਣੀਆਂ ਕਾਰਣ ਵੀ ਜ਼ਰੂਰ ਵਧਿਆ ਹੋਵੇਗਾ। ਕੋਈ ਪੰਦਰਾਂ ਵਰ੍ਹੇ ਪਹਿਲਾਂ ਪ੍ਰਸਿੱਧ ਸਪਤਾਹਿਕ 'ਰਿਆਸਤ' ਦਿੱਲੀ, ਜਿਸ ਦਾ ਮਾਲਿਕ ਤੇ ਸੰਪਾਦਕ ਕੇਸਾਧਾਰੀ ਸਿੱਖ ਸੀ, ਵਿਚ ਛਪੇ ਇਕ ਨੋਟ ਵਿਚ ਕਿਹਾ ਗਿਆ ਸੀ ਕਿ 75 ਵਰ੍ਹਿਆਂ ਪਿੱਛੋਂ ਕੋਈ ਵੀ ਕੇਸਾਧਾਰੀ ਸਿੱਖ ਵਿਖਾਈ ਨਹੀਂ ਦੇਵੇਗਾ। ਦੂਜੇ ਪ੍ਰਸਿੱਧ ਸਿੱਖ ਲੇਖਕ ਖੁਸ਼ਵੰਤ ਸਿੰਘ ਨੇ ਪਿੱਛੇ ਜਿਹੇ ਛਪੀ ਆਪਣੀ ਪੁਸਤਕ ਵਿਚ ਇਸ ਵਿਸ਼ੇ ਤੇ ਵਿਚਾਰ ਕਰਦਿਆਂ ਇਸ ਸਮੇਂ ਨੂੰ ਘਟਾ ਕੇ ਪੰਜਾਹ ਵਰ੍ਹੇ ਕਰ ਦਿੱਤਾ ਸੀ।

ਆਪਣੀ ਮੰਗ ਦੀ ਪੁਸ਼ਟਤਾ ਵਜੋਂ ਅਕਾਲੀਆਂ ਨੇ ਇਹ ਮੰਗ ਕੀਤੀ ਕਿ ਇੰਡੀਅਨ ਨੈਸ਼ਨਲ ਕਾਂਗਰਸ ਭਾਸ਼ਾਈ ਸੂਬਿਆਂ ਦੀ ਲੋੜ ਤੇ ਜ਼ੋਰ ਦਿੰਦੀ ਰਹੀ ਹੈ ਤੇ ਇਨ੍ਹਾਂ ਦੀ ਮੰਗ ਕਰਦੀ ਰਹੀ ਹੈ; ਇਸ ਲਈ ਸਰਕਾਰ ਕੋਲ ਇਸ ਨੀਤੀ ਤੋਂ ਫਿਰਨ ਦਾ ਕੋਈ ਕਾਰਣ ਨਹੀਂ। ਸ਼ਾਸਨ ਦੇ ਦ੍ਰਿਸ਼ਟੀਕੋਣ ਤੋਂ ਵੀ ਇਹ ਮੰਗ ਕੀਤੀ ਗਈ ਕਿ ਅੰਗ੍ਰੇਜ਼ੀ ਸਰਕਾਰ ਨੇ ਬੇ-ਸੁਰੇ ਢੰਗ ਨਾਲ ਅੱਡ-ਅੱਡ ਸੂਬੇ ਬਣਾ ਦਿੱਤੇ ਸਨ ਅਤੇ ਉਨ੍ਹਾਂ ਦੀ ਇਹ ਬਣਤਰ ਪੁਨਰ ਹੱਦ-ਬੰਦੀ ਅਤੇ ਪੁਨਰ ਵੰਡ ਦਾ ਇਕ ਠੋਸ ਆਧਾਰ ਹੈ। ਇਲਾਕਾਈ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਤੋਂ ਵੱਧ ਠੋਸ ਆਧਾਰ ਹੋਰ ਕੋਈ ਹੋ ਵੀ ਨਹੀਂ ਸਕਦਾ।

ਸੰਖੇਪ ਵਿਚ ਉਨ੍ਹਾਂ ਨੇ ਆਪਣੇ ਯਾਦ-ਪੱਤਰ ਵਿਚ ਨਿਮਨ ਲਿਖਤ ਦਲੀਲਾਂ ਦਿੱਤੀਆਂ :

(1) ਇਸ ਨਾਲ ਭਾਸ਼ਾ ਦਾ ਵਿਤਕਰਾ ਜਿਹੜਾ ਲੋਕਾਂ ਵਿਚ ਬੇਚੈਨੀ ਫੈਲਾਉਂਦਾ ਰਿਹਾ ਹੈ, ਹੱਲ ਹੋ ਜਾਵੇਗਾ।

(2) ਇਸ ਨਾਲ ਦੋ ਭਰਾ-ਜਾਤੀਆਂ ਵਿਚ ਵਧਦੀ ਕੁੜੱਤਣ ਜੜ੍ਹੋਂ ਪੁੱਟੀ ਜਾਵੇਗੀ।

(3) ਇਸ ਨਾਲ ਸਿੱਖਾਂ ਨੂੰ ਭਾਰੀ ਸੰਤੋਸ਼ ਪ੍ਰਾਪਤ ਹੋਵੇਗਾ ਅਤੇ ਉਹ ਸੂਬੇ ਦੀ ਉਸਾਰੀ ਵਿਚ ਪੂਰਾ ਭਾਗ ਪਾਉਣ ਦੇ ਯੋਗ ਹੋ ਜਾਣਗੇ।

(4) ਇਸ ਨਾਲ ਪੰਜਾਬੀ ਸਭਿਆਚਾਰ ਅਤੇ ਉਨ੍ਹਾਂ ਪਰੰਪਰਾਵਾਂ ਦੀ ਸੰਭਾਲ ਲਈ ਹਾਲਾਤ ਪੈਦਾ ਹੋ ਜਾਣਗੇ ਜਿਹੜੀਆਂ ਕਿ ਵਿਧਾਨ ਵਿਚ ਪ੍ਰਵਾਨਿਤ ਹਨ ਅਤੇ ਦੇਸ਼ ਲਈ ਅਤਿ ਲਾਭਦਾਇਕ ਹਨ।

(5) ਇਸ ਨਾਲ ਸਥਿਰ ਫਿਰਕੂ ਬਹੁਸੰਖਿਅਕਾਂ ਦੀ ਉਹ ਆਕ੍ਰਮਣਕਾਰੀ ਚੇਤਨਾ ਮੱਠੀ ਪੈ ਜਾਵੇਗੀ ਜਿਸ ਨਾਲ ਘੱਟ ਗਿਣਤੀਆਂ ਦੇ ਮਨਾਂ ਵਿਚ ਹੀਣਤਾ ਅਤੇ ਵਿਸ਼ਾਦ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਅਤੇ ਸਿੱਟੇ ਵਜੋਂ ਲੋਕਤੰਤਰੀ ਸੰਸਥਾਵਾਂ ਦੀ ਸੁਦ੍ਰਿੜ੍ਹ ਉੱਨਤੀ ਲਈ ਪਰਿਸਥਿਤੀਆਂ ਪੈਦਾ ਹੋ ਜਾਣਗੀਆਂ।

ਇਸ ਮੰਗ ਦੀ ਵਿਰੋਧਤਾ ਵਜੋਂ ਹਿੰਦੂਆਂ ਨੇ ਪੰਜਾਬ ਸੂਬਾਈ ਹਿੰਦੂ ਸਭਾ ਦੁਆਰਾ ਰਿਆਸਤਾਂ ਦੇ ਪੁਨਰ-ਸੰਗਠਨ ਕਮਿਸ਼ਨ ਅੱਗੇ ਪੇਸ਼ ਕੀਤੇ ਯਾਦ-ਪੱਤਰ ਵਿਚ ਨਿਮਨ ਲਿਖਤ ਦਲੀਲਾਂ ਦਿੱਤੀਆਂ :

(1) ਕਿ ਬਹੁਤੇ ਸੂਬੇ ਬਣਾਉਣੇ ਬੇਲੋੜੇ ਹਨ ਕਿਉਂਕਿ ਸੂਬਿਆਂ ਦੀ ਗਿਣਤੀ ਜਿੰਨੀ ਘੱਟ ਹੋਵੇਗੀ, ਉੱਨੇ ਹੀ ਦੇਸ਼ ਦੀ ਏਕਤਾ ਅਤੇ ਸੰਗਠਨ ਦੇ ਅਵਸਰ ਵੱਧ ਹੋਣਗੇ।

(2) ਕਿ ਪੰਜਾਬੀ ਸੂਬੇ ਦੀ ਮੰਗ ਪਿੱਛੇ, ਸਿੱਖਾਂ ਦੀ ਇਕ ਸ਼੍ਰੇਣੀ ਵਲੋਂ ਕੀਤੀ ਗਈ ਖਾਲਿਸਤਾਨ ਦੀ ਮੰਗ ਛੁਪੀ ਹੋਈ ਹੈ, ਇਸ ਲਈ ਇਹ ਮੰਗ ਪੂਰਣ ਤੌਰ ਤੇ ਫਿਰਕੂ ਹੈ।

(3) ਕਿ ਇਹ ਮੰਗ ਪੰਜਾਬ ਦੇ ਕੇਵਲ ਘੱਟ ਗਿਣਤੀ ਵਾਲੇ ਲੋਕਾਂ ਵਲੋਂ ਕੀਤੀ ਗਈ ਹੈ। ਜੇ ਇਹ ਮੰਗ ਠੀਕ ਹੀ ਪੰਜਾਬੀ ਭਾਸ਼ੀ ਸੂਬੇ ਲਈ ਹੁੰਦੀ ਤਾਂ ਇਹ ਸਾਰੇ ਪੰਜਾਬੀ ਬੋਲਣ ਵਾਲੇ ਲੋਕਾਂ ਵਲੋਂ ਹੋਣੀ ਚਾਹੀਦੀ ਸੀ ਅਤੇ ਕੇਵਲ ਸਿੱਖਾਂ ਵਲੋਂ ਹੀ ਨਹੀਂ ਜਿਹੜੇ ਕਿ ਪੰਜਾਬ ਦੀ ਵਸੋਂ ਦਾ ਕੇਵਲ 30% ਅੰਸ਼ ਹਨ। ਅਸਲ ਵਿਚ, ਸਾਰੀਆਂ ਹਿੰਦੂ ਜਥੇਬੰਦੀਆਂ, ਜਿਵੇਂ ਕਿ ਹਿੰਦੂ ਸਭਾ, ਜਨ ਸੰਘ, ਰਾਸ਼ਟਰੀ ਸੈਵਮ ਸੇਵਕ ਸੰਘ, ਰਾਮ ਰਾਜ ਪਰਿਸ਼ਦ ਅਤੇ ਸਾਰੇ ਆਰੀਆ ਸਮਾਜੀਆਂ ਨੇ ਇਸ ਮੰਗ ਦਾ ਕਰੜਾ ਵਿਰੋਧ ਕੀਤਾ ਜਿਵੇਂ ਕਿ ਅਕਤੂਬਰ 1953 ਵਿਚ ਅੰਮ੍ਰਿਤਸਰ ਵਿਖੇ ਹੋਈ ਕਾਨਫਰੰਸ ਤੋਂ ਪ੍ਰਤੱਖ ਹੈ।

(4) ਇਹ ਵੀ ਕਿਹਾ ਗਿਆ ਕਿ ਅਕਾਲੀ ਜਿਹੜੇ ਅਜੇਹੀਆਂ ਮੰਗਾਂ ਕਰ ਰਹੇ ਹਨ, ਕਾਨੂੰਨ ਵਿਵਸਥਾ ਦੀ ਬਹੁਤੀ ਪਰਵਾਹ ਨਹੀਂ ਕਰਦੇ ਅਤੇ ਉਨ੍ਹਾਂ ਦਿਆਂ ਜਲਸਿਆਂ ਅਤੇ ਜਲੂਸਾਂ ਵਿਚ ਲਾਏ ਗਏ ਨਾਅਰੇ ਇਸ ਗੱਲ ਦਾ ਸਬੂਤ ਹਨ ਕਿ ਉਨ੍ਹਾਂ ਦੀ ਵਾਸਤਵਿਕ ਇੱਛਾ ਮੰਗਾਂ ਪ੍ਰਵਾਨ ਹੁੰਦਿਆਂ ਹੀ ਹਿੰਦੂਆਂ ਨੂੰ ਬਾਹਰ ਕੱਢ ਦੇਣ ਦੀ ਹੈ।

(5) ਕਿ ਇਸ ਮੰਗ ਦਾ ਸਾਰੀ ਕੌਮ ਵੀ ਸਮਰਥਨ ਨਹੀਂ ਕਰਦੀ ਜਿਵੇਂ ਕਿ ਬਹੁਤ ਸਾਰੇ ਉੱਘੇ ਸਿੱਖਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਤੋਂ ਪ੍ਰਤੱਖ ਹੈ ਜਿਨ੍ਹਾਂ ਵਿਚ ਕੇਂਦਰੀ ਸਰਕਾਰ ਦੇ ਮੰਤਰੀ ਸਰਦਾਰ ਸਵਰਨ ਸਿੰਘ, ਸ. ਸੁਰਜੀਤ ਸਿੰਘ ਮਜੀਠੀਆ

ਉਪ-ਰੱਖਿਆ ਮੰਤਰੀ, ਸ. ਪਰਤਾਪ ਸਿੰਘ ਕੈਰੋਂ (ਪੂਰਬੀ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ), ਸ. ਗਿਆਨ ਸਿੰਘ ਰਾੜੇਵਾਲਾ ਪੂਰਬ-ਮੁਖ ਮੰਤਰੀ ਪੈਪਸੂ ਅਤੇ ਹੋਰ ਦੂਜੇ ਸ਼ਾਮਿਲ ਹਨ।

'ਪੰਜਾਬੀ ਸੂਬੇ ਲਈ ਸਬੂਤ ਪੇਸ਼ ਕਰਨਾ ਅਕਾਲੀਆਂ ਦੀ ਜੁੰਮੇਵਾਰੀ ਹੈ, ਉਨ੍ਹਾਂ ਨੇ ਇਹ ਨਹੀਂ ਦਸਿਆ ਕਿ ਪ੍ਰਚਲਿਤ ਵਿਵਸਥਾ ਨੂੰ ਕਿਉਂ ਭੰਗ ਕੀਤਾ ਜਾਵੇ। ਇਹ ਆਧਾਰ ਕਿ ਪੰਜਾਬ ਵਿਚ ਸਿੱਖਾਂ ਨਾਲ ਬਹੁਸੰਖਿਅਕ ਸ਼੍ਰੇਣੀ ਵਲੋਂ ਯੋਗ ਵਿਵਹਾਰ ਨਹੀਂ ਕੀਤਾ ਜਾਂਦਾ ਰਿਹਾ, ਫਜ਼ੂਲ ਹੈ ਕਿਉਂਕਿ ਹਿੰਦੂਆਂ ਨੇ ਤਾਂ ਸਦਾ ਸਿੱਖਾਂ ਨੂੰ ਆਪਣੀ ਕੌਮ ਦਾ ਅਟੁੱਟ ਭਾਗ ਸਮਝਿਆ ਹੈ।

(7) ਸੰਸਕ੍ਰਿਤੀ ਦੀ ਦਲੀਲ ਵੀ ਖੋਖਲੀ ਸਮਝੀ ਗਈ ਕਿਉਂਕਿ ਉਨ੍ਹਾਂ ਦੀ ਧਾਰਨਾ ਸੀ ਕਿ ਸਿੱਖਾਂ ਦੀ ਸੰਸਕ੍ਰਿਤੀ ਪੰਜਾਬ ਦੇ ਹਿੰਦੂਆਂ ਦੀ ਸੰਸਕ੍ਰਿਤੀ ਤੋਂ ਵੱਖਰੀ ਨਹੀਂ।

(8) ਭਾਸ਼ਾ ਦੀ ਦਲੀਲ ਵੀ ਰੱਦ ਕਰ ਕੇ ਇਹ ਕਿਹਾ ਗਿਆ ਕਿ ਆਂਧਰਾ ਬਾਰੇ ਹਵਾਲਾ ਜਿਹੜਾ ਸਿੱਖ ਕਈ ਵਾਰ ਦਿੰਦੇ ਹਨ, ਪੂਰਣ ਤੌਰ ਤੇ ਅਸੰਬੰਧਿਤ ਹੈ ਕਿਉਂਕਿ ਆਂਧਰਾ ਦੀ ਭਾਸ਼ਾ ਮਦਰਾਸ ਪ੍ਰੈਜ਼ੀਡੈਂਸੀ ਦਿਆਂ ਦੂਜੇ ਭਾਗਾਂ ਦੀਆਂ ਭਾਸ਼ਾਵਾਂ ਤੋਂ ਵੱਖਰੀ ਹੈ, ਜਦ ਕਿ ਪੰਜਾਬ ਦੀ ਭਾਸ਼ਾ, ਸਮੁਚੇ ਤੌਰ ਤੇ, ਸਥਾਨਕ ਭੇਦਾਂ ਨੂੰ ਛੱਡ ਕੇ ਲਗਭਗ ਉਹੀ ਹੈ। ਇਸ ਤੋਂ ਇਲਾਵਾ ਭਾਸ਼ਾ ਦਾ ਪ੍ਰਸ਼ਨ ਆਪਣੀ ਮਹੱਤਤਾ ਗੁਆ ਚੁਕਿਆ ਹੈ ਕਿਉਂਕਿ ਵੰਡ ਪਿੱਛੋਂ ਕੇਂਦਰੀ ਪੰਜਾਬ ਦੇ ਲੱਖਾਂ ਹੀ ਲੋਕ ਆ ਕੇ ਸੂਬੇ ਦੇ ਦੂਜੇ ਭਾਗਾਂ ਵਿਚ ਰਹਿਣ ਲੱਗ ਪਏ ਹਨ। ਅਸਲੀ ਅੰਤਰ ਲਿਪੀ ਦਾ ਹੈ, ਬੋਲੀ ਜਾਂਦੀ ਭਾਸ਼ਾ ਦਾ ਨਹੀਂ।

ਰਾਜਾਂ ਦੇ ਪੁਨਰ-ਸੰਗਠਨ ਕਮਿਸ਼ਨ ਨੇ ਅਕਾਲੀਆਂ ਦੀ ਧਾਰਨਾ ਨਿਮਨ ਲਿਖਿਤ ਆਧਾਰ ਤੇ ਰੱਦ ਕਰ ਦਿੱਤੀ :

"ਪੰਜਾਬੀ ਭਾਸ਼ੀ ਸੂਬੇ ਦੇ ਨਿਰਮਾਣ ਨਾਲ ਭਾਸ਼ਾ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬੀ ਅਤੇ ਹਿੰਦੀ ਦੋਹਾਂ ਦੀ ਮਾਣਤਾ ਦੇ ਵਰਤਮਾਨ ਪ੍ਰਬੰਧ ਹਟਾਏ ਨਹੀਂ ਜਾ ਸਕਦੇ ਅਤੇ ਵਿਰੋਧਤਾ ਦੇ ਸਮਾਪਤ ਹੋਣ ਦੀ ਕੋਈ ਸੰਭਾਵਨਾ ਨਹੀਂ ਅਤੇ ਕਿਉਂਕਿ ਕੋਈ ਵੀ ਵੱਡੀ ਸਮੱਸਿਆ ਹੱਲ ਨਹੀਂ ਹੋਵੇਗੀ ਇਸ ਲਈ ਦੋਵੇਂ ਹੀ ਭਾਸ਼ਾਵਾਂ ਨੂੰ ਨੁਕਸਾਨ ਪਹੁੰਚੇਗਾ।"

"ਅਸੀਂ ਹੁਣ ਉਸ ਜ਼ਰੂਰੀ ਪ੍ਰਸ਼ਨ ਵਲ ਆਉਂਦੇ ਹਾਂ ਕਿ ਕੀ ਪ੍ਰਸਤਾਵਿਤ ਸੂਬੇ ਦੇ ਲੋਕਾਂ ਦੀ ਸ਼ਾਂਤੀ ਤੇ ਸੰਤੋਸ਼ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਲੋਕਾਂ ਵਲੋਂ ਜਿਹੜੇ ਪੰਜਾਬੀ ਭਾਸ਼ੀ ਸੂਬੇ ਦੀ ਮੁਹਿੰਮ ਦੀ ਹਾਮੀ ਭਰਦੇ ਹਨ, ਅਖੌਤੀ ਹਿੰਦੀ ਭਾਸ਼ੀ ਖੇਤਰ ਦੇ ਪ੍ਰਤਿਨਿਧਾਂ ਵਲੋਂ ਪੰਜਾਬੀ ਭਾਸ਼ੀ ਖੇਤਰ ਵਿਚ ਆਰਥਿਕ ਜਾਂ ਰਾਜਨੀਤਿਕ ਅਯੋਗ ਵਰਤੋਂ ਦੀ ਕੋਈ ਸ਼ਿਕਾਇਤ ਨਹੀਂ। ਜੇ ਕੋਈ ਸ਼ਿਕਾਇਤ ਹੈ ਤਾਂ ਪਹਾੜੀ ਇਲਾਕਿਆਂ ਅਤੇ ਹਰਿਆਣਾ ਦੇ ਇਲਾਕੇ ਵਲੋਂ।"

''ਇਸ ਵਿਚ ਸ਼ੱਕ ਨਹੀਂ ਕਿ ਇਸ ਇਲਾਕੇ ਵਿਚ ਅੰਦਰੂਨੀ ਤਣਾਉ ਹੈ। ਪਰ ਇਹ ਤਣਾਉ ਫਿਰਕੂ ਵਿਰੋਧ ਕਰਕੇ ਹੈ, ਇਲਾਕਾਈ ਕਾਰਣ ਸਦਕਾ ਨਹੀਂ। ਇਸ ਦੀ ਕੋਈ ਸਭਾਵਨਾ ਨਜ਼ਰ ਨਹੀਂ ਆਉਂਦੀ ਕਿ ਪ੍ਰਸਤਾਵਿਤ ਰਾਜ ਦੇ ਨਿਰਮਾਣ ਨਾਲ ਫਿਰਕੂ ਏਕਤਾ ਅਤੇ ਸਦਭਾਵਨਾ ਵਿਚ ਵਾਧਾ ਹੋ ਜਾਵੇਗਾ।''

''ਪੰਜਾਬੀ ਭਾਸ਼ੀ ਸੂਬੇ ਦੇ ਆਗੂ ਦਲੀਲ ਦਿੰਦੇ ਹਨ ਕਿ ਇਸ ਖੇਤਰ ਵਿਚ ਵਸਦੇ ਲੋਕਾਂ ਦੀ ਬਹੁਗਿਣਤੀ ਪੰਜਾਬੀ ਭਾਸ਼ੀ ਸੂਬੇ ਦੇ ਹੱਕ ਵਿਚ ਹੈ ਅਤੇ ਵਿਰੋਧ ਕੁਝ ਇਕ ਫਿਰਕੂ ਤੱਤਾਂ ਵਲੋਂ ਹੀ ਹੁੰਦਾ ਹੈ। ਹੁਣੇ ਹੁਣੇ ਹੋਈਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸਿੱਟੇ ਸਿੱਖ ਜਨਤਾ ਦੁਆਰਾ ਇਸ ਮੰਗ ਦੇ ਸਮਰਥਨ ਦੇ ਪ੍ਰਮਾਣ ਵਜੋਂ ਪੇਸ਼ ਕੀਤੇ ਜਾਂਦੇ ਹਨ। ਦੂਜੇ ਪਾਸੇ, ਪਿਛਲੀਆਂ ਆਮ ਚੋਣਾਂ ਦੇ ਸਿੱਟੇ ਅਤੇ ਇਸ ਪਿੱਛੋਂ ਉਪ-ਚੋਣਾਂ ਦੇ ਸਿੱਟੇ ਇਸ ਵਿਚਾਰ ਦੀ ਪੁਸ਼ਟੀ ਵਿਚ ਦਿੱਤੇ ਜਾਂਦੇ ਹਨ ਕਿ ਪੰਜਾਬੀ ਭਾਸ਼ੀ ਸੂਬੇ ਦੀ ਮੰਗ ਸਿੱਖ ਕੌਮ ਵਿਚ ਫਿਰਕੂ ਤੱਤਾਂ ਤਕ ਹੀ ਸੀਮਿਤ ਹੈ।''

''ਅਸੀਂ ਉਨ੍ਹਾਂ ਲੋਕਾਂ ਦੇ ਸਾਪੇਖ ਪ੍ਰਭਾਵ ਜਾਂ ਲੋਕਪ੍ਰਿਯਤਾ ਬਾਰੇ ਕੋਈ ਵਿਚਾਰ ਵਿਅਕਤ ਨਹੀਂ ਕਰਨਾ ਚਾਹੁੰਦੇ ਜਿਹੜੇ ਪੰਜਾਬੀ ਬੋਲਦੇ ਸੂਬੇ ਦੀ ਤਹਿਰੀਕ ਦੀ ਹਿਮਾਇਤ ਜਾਂ ਵਿਰੋਧਤਾ ਕਰਦੇ ਹਨ। ਪਰ ਇਹ ਐਨ ਸਪਸ਼ਟ ਹੈ ਕਿ ਸਮਝੌਤੇ ਦਾ ਘੱਟੋ ਘੱਟ ਆਧਾਰ ਜਿਹੜਾ ਕਿ ਵਰਤਮਾਨ ਢਾਂਚੇ ਵਿਚ ਤਬਦੀਲੀ ਲਿਆਉਣ ਲਈ ਅਵੱਸ਼ਕ ਹੈ, ਜਿਥੋਂ ਤਕ ਪੰਜਾਬੀ-ਬੋਲਦੇ ਸੂਬੇ ਦੇ ਸੁਝਾਉ ਦਾ ਸੰਬੰਧ ਹੈ, ਮੌਜੂਦ ਨਹੀਂ। ਦਾਰ ਕਮਿਸ਼ਨ ਨੇ ਠੀਕ ਹੀ ਕਿਹਾ ਹੈ ਕਿ ਕੋਈ ਵੀ ਭਾਸ਼ਾਈ ਰਾਜ ਅਜੇਹੀਆਂ ਵਡੇਰੀਆਂ ਘੱਟ ਗਿਣਤੀਆਂ ਤੇ ਠੋਸਣਾ ਨਹੀਂ ਚਾਹੀਦਾ ਜਿਹੜੀਆਂ ਇਸ ਦਾ ਵਿਰੋਧ ਕਰਦੀਆਂ ਹੋਣ। ਇਸ ਵਿਸ਼ੇਸ਼ ਸੂਰਤ ਵਿਚ ਅਸੀਂ ਵਾਸਤਵ ਵਿਚ ਵੱਡੀਆਂ ਘੱਟ ਗਿਣਤੀਆਂ ਦੀਆਂ ਇਛਾਵਾਂ ਬਹੁ ਗਿਣਤੀ ਦੇ ਗਲੇ ਮੜ੍ਹ ਰਹੇ ਹੋਵਾਂਗੇ।''

''ਪੰਜਾਬੀ ਭਾਸ਼ੀ ਰਾਜ ਦਾ ਮੁਆਮਲਾ ਰੱਦ ਹੋਣ ਦਾ ਪਹਿਲਾ ਕਾਰਣ ਤਾਂ ਇਹ ਹੈ ਕਿ ਇਸ ਨੂੰ ਇਲਾਕੇ ਦੀ ਵਸੋਂ ਦੀ ਆਮ ਹਿਮਾਇਤ ਪ੍ਰਾਪਤ ਨਹੀਂ। ਦੂਜੇ, ਇਹ ਉਸ ਝਗੜੇ ਦੇ ਕਿਸੇ ਕਾਰਣ ਨੂੰ ਵੀ ਖਤਮ ਨਹੀਂ ਕਰ ਸਕਦੀ ਜਿਸ ਵਿਚੋਂ ਕਿ ਅੱਡਰੇ ਪੰਜਾਬੀ-ਬੋਲਦੇ ਸੂਬੇ ਦੀ ਮੰਗ ਨੇ ਜਨਮ ਲਿਆ। ਪ੍ਰਸਤਾਵਿਤ ਰਾਜ ਨ ਤਾਂ ਭਾਸ਼ਾ ਦੀ ਸਮੱਸਿਆ ਦਾ ਸਮਾਧਾਨ ਹੀ ਕਰ ਸਕਦਾ ਹੈ ਅਤੇ ਨ ਹੀ ਫਿਰਕੂ ਸਮੱਸਿਆ ਦਾ। ਇਹ ਅੰਦਰੂਨੀ ਤਣਾਉ, ਜਿਹੜਾ ਕਿ ਭਾਸ਼ਾਈ ਅਤੇ ਇਲਾਕਾਈ ਧੜਿਆਂ ਵਿਚ ਹੈ, ਨੂੰ ਖਤਮ ਕਰਨ ਦਾ ਥਾਂ ਵਿਦਮਾਨ ਭਾਵਨਾਵਾਂ ਨੂੰ ਵਧੇਰੇ ਭੜਕਾਵੇਗਾ।''

ਅਧਿਆਇ ੨੪

ਰੀਜਨਲ ਫਾਰਮੂਲਾ

ਰਾਜ ਪੁਨਰਗਠਨ ਕਮਿਸ਼ਨ ਦੀਆਂ ਸਿਫਾਰਸ਼ਾਂ ਪੰਜਾਬ ਸਰਕਾਰ ਅਤੇ ਕਾਂਗਰਸ ਅਸੈਂਬਲੀ ਪਾਰਟੀ ਨੇ ਸਵੀਕਾਰ ਕਰ ਲਈਆਂ। ਮੰਦੇ ਭਾਗੀਂ ਅਜੇਹਾ ਹੋਇਆ ਕਿ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਰਿਪੋਰਟ ਤੇ ਝਾਤ ਮਾਰੀ, ਤਾਂ ਉਸ ਨੇ ਕੁਝ ਸਹਿਜ ਸੁਭਾ ਆਖ ਦਿੱਤਾ ਕਿ ਕਮਿਸ਼ਨ ਦੀਆਂ ਕੁਝ ਸਿਫਾਰਸ਼ਾਂ ਨੇ ਉਸ ਨੂੰ ਅਚੰਭਿਤ ਕਰ ਦਿੱਤਾ ਹੈ ਜਿਸ ਕਰਕੇ ਉਸ ਦੀ ਭਾਰੀ ਆਲੋਚਨਾ ਹੋਣ ਲੱਗੀ। ਅਤੇ ਸਾਰੀਆਂ ਪਾਰਟੀਆਂ, ਜਿਨ੍ਹਾਂ ਨੂੰ ਉਹ ਸਿਫਾਰਸ਼ਾਂ ਠੀਕ ਨਹੀਂ ਸਨ ਬੈਠਦੀਆਂ, ਨੂੰ ਰਿਪੋਰਟ ਦੇ ਵਿਰੁੱਧ ਆਵਾਜ਼ ਉੱਚੀ ਕਰਨ ਦਾ ਅਵਸਰ ਮਿਲ ਗਿਆ। ਅਕਾਲੀਆਂ ਦਾ ਰੋਸ ਵੀ ਅਤਿ ਭੜਕਾਊ ਅਤੇ ਵਿਦ੍ਰੋਹੀ ਰੂਪ ਧਾਰਨ ਕਰ ਗਿਆ।

ਉਨ੍ਹਾਂ ਦਾ ਅੰਦੋਲਨ ਕਾਫੀ ਸਮਾਂ ਚਲਦਾ ਰਿਹਾ ਜਦੋਂ ਸ੍ਰੀ ਰਾਮ ਨਰਾਇਣ ਚੌਧਰੀ ਜਿਹੜਾ ਕਿ ਭਾਰਤ ਸੇਵਕ ਸਮਾਜ ਦਾ ਸੂਚਨਾ-ਸਕੱਤਰ ਸੀ, ਨੇ ਸਰਕਾਰ ਅਤੇ ਅਕਾਲੀਆਂ ਵਿਚਕਾਰ ਵਿਚੋਲਾ ਬਣਨ ਦਾ ਫੈਸਲਾ ਕੀਤਾ। ਉਸ ਦੇ ਯਤਨਾਂ ਰਾਹੀਂ ਹੀ ਮਾਸਟਰ ਤਾਰਾ ਸਿੰਘ ਦੀ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਭੇਂਟ ਹੋਈ। ਪੰਡਿਤ ਜਵਾਹਰ ਲਾਲ ਆਪਣੀ ਖੁਲ੍ਹ ਦਿਲੀ ਕਾਰਣ ਉਸ ਬੇਇਜ਼ਤੀ ਬਾਰੇ ਸਭ ਕੁੱਝ ਭੁੱਲ ਗਏ ਸਨ ਜਿਹੜੀ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਕੀਤੀ ਸੀ ਅਤੇ ਉਸ ਨਾਲ ਭਾਰੀ ਸ਼ਿਸ਼ਟਤਾ ਦਾ ਵਿਵਹਾਰ ਕਰਦੇ ਹੋਇਆਂ ਉਸ ਦਾ ਸ਼ਾਨਦਾਰ ਤੇ ਸ਼ਾਹੀ ਸੁਆਗਤ ਕੀਤਾ। ਉਹ ਤਾਰਾ ਸਿੰਘ ਨੂੰ ਨਿਮਰਤਾ ਨਾਲ ਜਿੱਤ ਕੇ ਖਤਮ ਕਰਨਾ ਚਾਹੁੰਦੇ ਸਨ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਦਾ ਕ੍ਰੋਧ ਅਤੇ ਜੋਸ਼ ਮੱਠਾ ਕਰ ਦਿੱਤਾ ਅਤੇ ਅਕਾਲੀਆਂਦੇ ਪ੍ਰਤਿਨਿਧਾਂ ਨਾਲ ਉਨ੍ਹਾਂ ਦੀ ਮੰਗ ਸੰਬੰਧੀ ਗੱਲਬਾਤ ਕਰਨ ਲਈ ਆਪਣੀ ਸੰਮਤੀ ਦਾ ਪ੍ਰਗਟਾਵਾ ਕੀਤਾ। ਇਸ ਅਨੁਸਾਰ ਮਾਸਟਰ ਤਾਰਾ ਸਿੰਘ ਨੇ ਇਕ ਪ੍ਰਤਿਨਿਧ ਮੰਡਲ ਦਾ ਪ੍ਰਬੰਧ ਕੀਤਾ ਜਿਸ ਵਿਚ ਉਹ ਆਪ, ਗਿਆਨੀ ਕਰਤਾਰ ਸਿੰਘ, ਸ. ਹੁਕਮ ਸਿੰਘ, ਸ. ਗਿਆਨ ਸਿੰਘ ਰਾੜੇਵਾਲਾ ਅਤੇ ਖ਼ਾਲਸਾ ਕਾਲਜ ਦਾ ਰੀਟਾਇਰਡ ਪ੍ਰਿੰਸੀਪਲ, ਸ. ਬਹਾਦਰ ਭਾਈ ਜੋਧ ਸਿੰਘ ਸ਼ਾਮਿਲ ਸਨ।

ਇਸ ਪ੍ਰਤਿਨਿਧ ਮੰਡਲ ਅਤੇ ਪ੍ਰਧਾਨ ਮੰਤਰੀ, ਗ੍ਰਿਹ ਮੰਤਰੀ ਤੇ ਮੌਲਾਨਾ ਆਜ਼ਾਦ ਵਿਚਕਾਰ ਬਹੁਤ ਸਾਰੀਆਂ ਬੈਠਕਾਂ ਹੋਈਆਂ। ਕਈ ਵਾਰੀ ਇੰਜ ਜਾਪਦਾ ਸੀ ਕਿ ਗੱਲਬਾਤ ਟੁੱਟ ਰਹੀ ਹੈ ਪਰ ਸ੍ਰੀ ਰਾਮ ਨਰਾਇਣ ਚੌਧਰੀ ਸਦਕਾ ਗੱਲਬਾਤ ਟੁੱਟਣੋਂ ਬਚ ਜਾਂਦੀ ਰਹੀ। ਇਸ ਦੌਰਾਨ ਦੋ ਮਹੱਤਵਪੂਰਣ ਘਟਨਾਵਾਂ ਵਾਪਰੀਆਂ। ਪੰਡਿਤ ਜਵਾਹਰ ਲਾਲ ਅੰਮ੍ਰਿਤਸਰ ਵਿਖੇ ਕਾਂਗਰਸ ਦੇ ਵਾਰਸ਼ਿਕ ਸਮਾਗਮ ਕਰਨ ਦੇ ਸੰਬੰਧ ਵਿਚ ਅੰਮ੍ਰਿਤਸਰ ਗਏ। ਪੰਡਿਤ ਜੀ ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਜਿਥੇ ਅਕਾਲੀਆਂ ਨੇ ਉਨ੍ਹਾਂ ਦੇ ਸ਼ਾਨਦਾਰ ਸਵਾਗਤ ਦਾ ਪ੍ਰਬੰਧ ਕੀਤਾ 'ਸੀ। ਉਨ੍ਹਾਂ ਨੂੰ ਸਰੋਪਾ ਅਤੇ ਥੈਲੀ ਭੇਟ ਕੀਤੀ ਗਈ ਜਿਸ ਦਾ ਸਿੱਟਾ ਇਹ ਹੋਇਆ ਕਿ ਉਸ ਦੇ ਦਿਲ ਵਿਚ ਹਮਦਰਦੀ ਦੀ ਭਾਵਨਾ ਜਾਗ ਪਈ।

ਦੂਜੀ ਘਟਨਾ ਹੋਰ ਵੀ ਵੱਧ ਮਹੱਤਤਾ ਵਾਲੀ ਸੀ। ਕਾਂਗਰਸ ਸੈਸ਼ਨ ਦੇ ਅਵਸਰ ਤੇ ਇਸ ਦੇ ਸਥਾਨ ਦੇ ਨੇੜੇ ਹੀ ਇਕ ਵਿਸ਼ਾਲ ਅਕਾਲੀ ਕਾਨਫਰੰਸ ਰੱਖੀ ਗਈ। ਇਸ ਵਿਚ ਕਈ ਲੱਖ ਅਕਾਲੀਆਂ ਨੇ ਭਾਗ ਲਿਆ ਜਿਹੜੇ ਇਸ ਥਾਂ ਤੇ ਜਲੂਸ ਦੀ ਸ਼ਕਲ ਵਿਚ ਅਕਾਲੀ ਆਗੂਆਂ ਦੀਆਂ ਹਿਦਾਇਤਾਂ ਅਨੁਸਾਰ ਕਿਰਪਾਨਾਂ, ਸਫਾਜੰਗ ਤੇ ਲਾਠੀਆਂ ਘੁਮਾਉਂਦੇ ਹੋਏ ਪੁੱਜੇ। ਇਹ ਇਕ ਬੇਮਿਸਾਲ ਮੁਜ਼ਾਹਰਾ ਸੀ ਤੇ ਇਸ ਨੇ ਕਾਂਗਰਸ ਦੀ ਹਾਈ ਕਮਾਂਡ ਤੇ ਡੂੰਘਾ ਅਸਰ ਕੀਤਾ। ਇਸ ਨੇ ਉਨ੍ਹਾਂ ਅੰਦਰ ਪ੍ਰਸ਼ੰਸਾ ਦੀ ਭਾਵਨਾ ਹੀ ਉਤਪੰਨ ਨ ਕੀਤੀ ਸਗੋਂ ਡਰ ਤੇ ਖਤਰੇ ਦੀਆਂ ਉਨ੍ਹਾਂ ਭਾਵਨਾਵਾਂ ਨੂੰ ਵੀ ਜਨਮ ਦਿੱਤਾ ਜਿਹੜੀਆਂ ਅਕਾਲੀਆਂ ਦੀਆਂ ਮੰਗਾਂ ਰੱਦ ਹੋਣ ਤੇ ਸਾਕਾਰ ਰੂਪ ਧਾਰਨ ਕਰ ਸਕਦੀਆਂ ਸਨ। ਇਸ ਕਰਕੇ ਕਿਸੇ ਵਿਚਕਾਰਲੇ ਰਾਹ ਦੀ ਭਾਲ ਦਾ ਨਿਸਚਾ ਕੀਤਾ ਗਿਆ। ਅਖੀਰ ਅਕਾਲੀਆਂ ਅੱਗੇ ਇਕ ਨਿਸਚਿਤ ਫਾਰਮੂਲਾ ਰਖਿਆ ਗਿਆ ਤੇ ਕੁਝ ਵਿਆਖਿਆ ਅਤੇ ਸਪਸ਼ਟੀਕਰਣ ਉਪਰੰਤ ਉਨ੍ਹਾਂ ਨੇ ਇਸ ਨੂੰ ਪ੍ਰਵਾਨ ਕਰ ਲਿਆ। ਇਹ ਫਾਰਮੂਲਾ ਨਿਮਨ ਲਿਖਿਤ ਅਨੁਸਾਰ ਸੀ :

ਪੰਜਾਬ ਰਾਜ ਵਿਚ ਰੀਜਨਲ ਕਮੇਟੀਆਂ ਦੀ ਸਕੀਮ ਦੀ ਰੂਪ-ਰੇਖਾ

1. ਸਮੁੱਚੇ ਪੁਨਰਗਠਿਤ ਪੰਜਾਬ ਰਾਜ ਲਈ ਇਕ ਹੀ ਵਿਧਾਨ ਸਭਾ ਹੋਵੇਗੀ, ਜਿਹੜੀ ਕਿ ਸਾਰੇ ਰਾਜ ਦੀ ਮਾਤਰ ਕਾਨੂੰਨ-ਘੜਨੀ ਸੰਸਥਾ ਹੋਵੇਗੀ, ਅਤੇ ਇਕ ਰਾਜਪਾਲ ਹੋਵੇਗਾ, ਜਿਸ ਦੀ ਸਲਾਹ ਤੇ ਸਹਾਇਤਾ ਲਈ ਇਕ ਮੰਤਰੀ ਮੰਡਲ ਹੋਵੇਗਾ ਤੇ ਰਾਜ-ਪ੍ਰਬੰਧ ਦੇ ਮੁਆਮਲੇ ਵਿਚ ਇਹ ਮੰਤਰੀ ਮੰਡਲ ਰਾਜ ਦੀ ਵਿਧਾਨ-ਸਭਾ ਪ੍ਰਤਿ ਉੱਤਰਦਾਈ ਹੋਵੇਗਾ।

2. ਕੁਝ ਨਿਸਚਿਤ ਕੰਮਾਂ ਦੇ ਸੰਬੰਧ ਵਿਚ ਸਰਕਾਰੀ ਕੰਮ-ਕਾਜ ਨੂੰ ਵਧੇਰੇ ਸੁਵਿਧਾ ਨਾਲ

ਚਲਾਉਣ ਲਈ, ਰਾਜ ਨੂੰ ਦੋ ਭਾਗਾਂ ਵਿਚ ਵੰਡਿਆ ਜਾਵੇਗਾ, ਜਿਨ੍ਹਾਂ ਦਾ ਨਾਉਂ ਪੰਜਾਬੀ ਭਾਸ਼ੀ ਅਤੇ ਹਿੰਦੀ ਭਾਸ਼ੀ ਇਲਾਕਾ ਹੋਵੇਗਾ।

3. ਹਰੇਕ ਇਲਾਕੇ ਲਈ ਰਾਜ ਅਸੈਂਬਲੀ ਦੀ ਇਕ ਇਲਾਕਾ ਕਮੇਟੀ ਹੋਵੇਗੀ ਜਿਸ ਵਿਚ ਹਰ ਇਕ ਇਲਾਕੇ ਨਾਲ ਸੰਬੰਧ ਰਖਦੇ ਰਾਜ ਅਸੈਂਬਲੀ ਦੇ ਸਦੱਸ, ਉਸ ਖੰਡ ਦੇ ਵਜ਼ੀਰਾਂ ਸਮੇਤ ਸ਼ਾਮਿਲ ਹੋਣਗੇ, ਪਰ ਮੁੱਖ ਮੰਤਰੀ ਸ਼ਾਮਿਲ ਨਹੀਂ ਹੋਵੇਗਾ।

4. ਨਿਸ਼ਚਿਤ ਮੁਆਮਲਿਆਂ ਸੰਬੰਧੀ ਕਾਨੂੰਨੀ ਕਾਰਜ ਇਲਾਕਾ-ਕਮੇਟੀਆਂ ਨੂੰ ਸੌਂਪਿਆ ਜਾਵੇਗਾ। ਨਿਸ਼ਚਿਤ ਵਿਸ਼ਿਆਂ ਦੇ ਸੰਬੰਧ ਵਿਚ ਇਲਾਕਾਈ ਕਮੇਟੀਆਂ ਵੀ ਕਾਨੂੰਨ ਬਣਾਉਣ ਲਈ ਜਾਂ ਆਮ ਨੀਤੀ ਦੇ ਪ੍ਰਸ਼ਨਾਂ ਦੇ ਸੰਬੰਧ ਵਿਚ, ਜਿਨ੍ਹਾਂ ਨਾਲ ਨਿਤਾ ਪ੍ਰਤਿ ਅਤੇ ਅਚਨਚੇਤ ਸੂਬਾ ਦੇ ਖਰਚਿਆਂ ਤੋਂ ਛੁੱਟ ਦੂਜੇ ਖਰਚਿਆਂ ਸੰਬੰਧੀ ਵਾਅਦੇ ਹੋਣ, ਰਾਜ ਸਰਕਾਰ ਨੂੰ ਸਿਫਾਰਸ਼ ਕਰ ਸਕੇਗੀ।

5. ਇਲਾਕਾਈ ਕਮੇਟੀ ਦੀ ਸਲਾਹ ਸਾਧਾਰਣ ਤੌਰ ਤੇ ਰਾਜ ਵਿਧਾਨ ਸਭਾ ਤੇ ਰਾਜ ਸਰਕਾਰ ਪ੍ਰਵਾਨ ਕਰੇਗੀ। ਮਤਭੇਦ ਦੀ ਸੂਰਤ ਵਿਚ ਮਾਮਲਾ ਰਾਜਪਾਲ ਨੂੰ ਭੇਜ ਦਿੱਤਾ ਜਾਵੇਗਾ ਜਿਸ ਦਾ ਨਿਰਣਾ ਅੰਤਿਮ ਤੇ ਅਨਿਵਾਰੀ ਹੋਵੇਗਾ।

6. ਰੀਜਨਲ ਕਮੇਟੀਆਂ ਨਿਮਨ ਲਿਖਿਤ ਮੁਆਮਲਿਆਂ ਬਾਬਤ ਕਾਰਜ ਕਰਨਗੀਆਂ :

(1) ਆਮ ਵਿਕਾਸ ਯੋਜਨਾਵਾਂ ਅਤੇ ਰਾਜ ਵਿਧਾਨ ਸਭਾ ਦੁਆਰਾ ਨਿਰਧਾਰਿਤ ਨੀਤੀਆਂ ਦੇ ਘੇਰੇ ਵਿਚ ਰਹਿੰਦੇ ਹੋਏ ਵਿਕਾਸ ਤੇ ਆਰਥਿਕ ਯੋਜਨਾ।

(2) ਸਥਾਨਕ ਸਵੈਸ਼ਾਸਨ, ਜਿਸ ਦਾ ਭਾਵ ਹੈ, ਨਗਰ ਨਿਗਮਾਂ, ਵਿਕਾਸ ਟ੍ਰਸਟਾਂ, ਜ਼ਿਲ੍ਹਾ ਬੋਰਡਾਂ ਤੇ ਸਥਾਨਕ ਸਵੈਸ਼ਾਸਨ ਜਾਂ ਪਿੰਡਾਂ ਦੇ ਪ੍ਰਬੰਧ ਲਈ ਜਿਨ੍ਹਾਂ ਵਿਚ ਪੰਚਾਇਤਾਂ ਵੀ ਸ਼ਾਮਿਲ ਹਨ, ਦੇ ਉੱਦੇਸ਼ਾਂ ਲਈ ਦੂਜੇ ਸਥਾਨਕ ਅਧਿਕਾਰੀਆਂ ਦੀਆਂ ਵਿਧਾਨਕ ਸ਼ਕਤੀਆਂ।

(3) ਲੋਕ ਸਵਾਸਥ ਅਤੇ ਸਫਾਈ, ਸਥਾਨਕ ਸਫਾਖਾਨੇ ਅਤੇ ਡਿਸਪੈਂਸਰੀਆਂ।

(4) ਪ੍ਰਾਇਮਰੀ ਅਤੇ ਸੈਕੰਡਰੀ ਵਿਦਿਆ।

(5) ਖੇਤੀ-ਬਾੜੀ।

(6) ਘਰੇਲੂ ਅਤੇ ਛੋਟੇ ਪੈਮਾਨੇ ਦੀਆਂ ਦਸਤਕਾਰੀਆਂ।

(7) ਪਸ਼ੂ ਧਨ ਦੀ ਸੰਭਾਲ, ਰੱਖਿਆ, ਸੁਧਾਰ ਅਤੇ ਪਸ਼ੂਆਂ ਦੀਆਂ ਬੀਮਾਰੀਆਂ ਦੀ ਰੋਕਥਾਮ; ਪਸ਼ੂ-ਚਿਕਿਤਸਾ ਸਿਖਲਾਈ ਦਾ ਪ੍ਰਬੰਧ।

(8) ਟੋਬੇ ਅਤੇ ਪਸ਼ੂਆਂ ਦੇ ਨਾਜਾਇਜ਼ ਪ੍ਰਵੇਸ਼ ਦੀ ਰੋਕ-ਥਾਮ।

(9) ਜੰਗਲੀ ਪਸ਼ੂਆਂ ਅਤੇ ਪੰਛੀਆਂ ਦੀ ਰੱਖਿਆ।

(10) ਮਛੀ-ਪਾਲਣ ।

(11) ਸਰਾਵਾਂ ਅਤੇ ਸਰਾਵਾਂ ਦੇ ਕਰਮਚਾਰੀ ।

(12) ਮੰਡੀਆਂ ਅਤੇ ਮੇਲੇ ।

(13) ਸਹਿਕਾਰੀ ਸਭਾਵਾਂ, ਅਤੇ

(14) ਦਾਨ ਅਤੇ ਦਾਨ-ਸੰਸਥਾਵਾਂ, ਦਾਨੀ ਅਤੇ ਧਰਮਾਰਥ-ਭੇਟਾਵਾਂ ਅਤੇ ਧਾਰਮਿਕ ਸੰਸਥਾਵਾਂ ।

7. ਰੀਜਨਲ ਕਮੇਟੀਆਂ ਬਣਾਉਣ ਲਈ, ਸਰਕਾਰ ਦੇ ਕੰਮ ਕਾਜ ਦੇ ਨਿਯਮਾਂ ਅਤੇ ਵਿਧਾਨ ਸਭਾ ਦੀ ਕਾਰਵਾਈ ਚਲਾਉਣ ਲਈ ਨਿਯਮਾਂ ਵਿਚ ਵਿਵਸਥਾ ਕਰਨ ਲਈ ਰਾਸ਼ਟਰਪਤੀ ਨੂੰ ਅਧਿਕਾਰ ਦੇਣ ਵਾਸਤੇ ਉੱਚਿਤ ਕੇਂਦਰੀ ਕਾਨੂੰਨ ਅਧੀਨ ਉਪਬੰਧ ਕੀਤੇ ਜਾਣਗੇ ਤਾਂ ਜੋ ਪਿਛਲੇ ਪੈਰੇ ਵਿਚ ਉਲੀਕੀਆਂ ਵਿਵਸਥਾਵਾਂ ਨੂੰ ਅਮਲੀ ਰੂਪ ਦਿੱਤਾ ਜਾਵੇ। ਰੀਜਨਲ ਕਮੇਟੀਆਂ ਦੇ ਯੋਗ ਢੰਗ ਨਾਲ ਚਲਣ ਲਈ ਕੰਮ-ਕਾਜ ਅਤੇ ਕਾਰਜ ਵਿਧੀ ਨਿਯਮਾਂ ਵਿਚ ਕੀਤੀਆਂ ਵਿਵਸਥਾਵਾਂ ਰਾਸ਼ਟਰਪਤੀ ਦੀ ਪ੍ਰਵਾਨਗੀ ਬਗੈਰ ਬਦਲੀਆਂ ਨਹੀਂ ਜਾਣਗੀਆਂ ।

8. ਪੰਜਾਬ ਰਾਜ ਵਿਚ ਹਿੰਦੀ ਅਤੇ ਪੰਜਾਬੀ ਇਲਾਕਿਆਂ ਦੀ ਹੱਦਬੰਦੀ ਰਾਜ ਸਰਕਾਰ ਦੀ ਅਤੇ ਦੂਜੀਆਂ ਸੰਬੰਧਿਤ ਧਿਰਾਂ ਦੀ ਸਲਾਹ ਨਾਲ ਕੀਤੀ ਜਾਵੇਗੀ ।

9. ਮੌਜੂਦਾ ਪੰਜਾਬ ਰਾਜ ਦੇ ਇਲਾਕੇ ਵਿਚ ਸੱਚਰ ਫਾਰਮੂਲਾ ਲਾਗੂ ਰਹੇਗਾ, ਅਤੇ ਉਸ ਇਲਾਕੇ ਵਿਚ ਜਿਹੜਾ ਹੁਣ ਪੈਪਸੂ ਰਾਜ ਵਿਚ ਆਉਂਦਾ ਹੈ, ਪ੍ਰਚਲਿਤ ਪ੍ਰਬੰਧ ਉਦੋਂ ਤਕ ਚਲਦਾ ਰਹੇਗਾ ਜਦ ਤਕ ਕਿ ਇਸ ਤੋਂ ਪਿੱਛੋਂ ਹੋਏ ਕਿਸੇ ਸਮਝੌਤੇ ਰਾਹੀਂ ਇਸ ਨੂੰ ਬਦਲ ਨਹੀਂ ਦਿੱਤਾ ਜਾਂਦਾ ।

10. ਹਰੇਕ ਰਿਜਨ ਦੀ ਸਰਕਾਰੀ ਭਾਸ਼ਾ, ਜਿਲ੍ਹਾ ਪੱਧਰ ਤੇ ਅਤੇ ਇਸ ਤੋਂ ਹੇਠਾਂ, ਸੰਬੰਧਿਤ ਇਲਾਕਾਈ ਭਾਸ਼ਾ ਹੋਵੇਗੀ ।

11. ਰਾਜ ਦੋ ਭਾਸ਼ੀ ਹੋਵੇਗਾ ਜਿਸ ਵਿਚ ਦੋਵੇਂ ਭਾਸ਼ਾਵਾਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਅਤੇ ਹਿੰਦੀ (ਦੇਵਨਾਗਰੀ ਲਿਪੀ ਵਿਚ) ਰਾਜ ਦੀਆਂ ਸਰਕਾਰੀ ਭਾਸ਼ਾਵਾਂ ਮੰਨੀਆਂ ਜਾਣਗੀਆਂ ।

12. ਪੰਜਾਬ ਸਰਕਾਰ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਦੇ ਵਿਕਾਸ ਲਈ ਦੋ ਵੱਖ ਵੱਖ ਵਿਭਾਗ ਸਥਾਪਿਤ ਕਰੇਗੀ ।

13. ਭਾਸ਼ਾਈ ਘੱਟ ਗਿਣਤੀਆਂ ਲਈ ਜਿਹੜੀਆਂ ਆਮ ਸੁਰੱਖਿਆਵਾਂ ਦਾ ਪ੍ਰਸਤਾਵ ਕੀਤਾ ਗਿਆ ਹੈ, ਉਹ ਦੂਜੇ ਰਾਜਾਂ ਵਾਂਗ, ਪੰਜਾਬ ਤੇ ਵੀ ਲਾਗੂ ਹੋਣਗੀਆਂ ।

14. ਸਾਰੀਆਂ ਇਲਾਕਾਈ ਭਾਸ਼ਾਵਾਂ ਦੀ ਉੱਨਤੀ ਤੇ ਵਿਕਾਸ ਦੀ ਨੀਤੀ ਦੇ ਅਨੁਸਾਰ ਕੇਂਦਰੀ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਸਹਾਇਤਾ ਕਰੇਗੀ।

ਇਸ ਫਾਰਮੂਲੇ ਦਾ ਨਾਂ ਪੰਜਾਬ ਰੀਜਨਲ ਫਾਰਮੂਲਾ ਪਿਆ। ਮਹਾਂ ਪੰਜਾਬ ਦੇ ਹਾਮੀ ਜਿਹੜੇ ਪੈਪਸੂ ਅਤੇ ਪੂਰਬੀ ਪੰਜਾਬ ਨਾਲ ਹਿਮਾਚਲ ਨੂੰ ਵੀ ਮਿਲਾਉਣਾ ਚਾਹੁੰਦੇ ਸਨ, ਇਸ ਫੈਸਲੇ ਨਾਲ ਸੰਤੁਸ਼ਟ ਨ ਹੋਏ। ਫੈਸਲੇ ਦੇ ਗੁਣਾਂ ਕਰਕੇ ਹੀ ਨਹੀਂ ਸਗੋਂ ਇਸ ਲਈ ਵੀ ਕਿ ਸਿੱਖਾਂ ਨਾਲ ਸਮਝੌਤਾ ਪੰਜਾਬ ਦੇ ਕਿਸੇ ਵੀ ਹਿੰਦੂ ਨੂੰ ਵਿਸ਼ਵਾਸ ਵਿਚ ਲਏ ਬਿਨਾਂ ਹੀ ਕੀਤਾ ਗਿਆ ਸੀ, ਇਥੋਂ ਤਕ ਕਿ ਮੰਗ ਕਰਨ ਤੇ ਵੀ ਫਾਰਮੂਲੇ ਦੀ ਕੋਈ ਨਕਲ ਉਦੋਂ ਤੀਕ ਉਨ੍ਹਾਂ ਨੂੰ ਨ ਦਿੱਤੀ ਗਈ ਜਦ ਤੀਕ ਕਿ ਉਨ੍ਹਾਂ ਦਾ ਇਕ ਆਗੂ ਭੁੱਖ ਹੜਤਾਲ ਤੇ ਨ ਬਹਿ ਗਿਆ।

ਮਹਾਂ ਪੰਜਾਬ ਪਾਰਟੀ ਵਲੋਂ ਇਸ ਦੇ ਲੱਛਣਾਂ ਦਾ ਵਿਰੋਧ ਨਿਮਨ ਲਿਖਿਤ ਦਲੀਲਾਂ ਤੇ ਆਧਾਰਿਤ ਸੀ :

1. ਇਹ ਰਾਸ਼ਟਰੀ ਏਕਤਾ ਨੂੰ ਭੰਗ ਕਰੇਗਾ ਅਤੇ ਇਹ ਰਾਜ ਪ੍ਰਬੰਧ ਦੀ ਵਿਵਸਥਾ ਨੂੰ ਜ਼ਿਆਦਾ ਗੁੰਝਲਦਾਰ ਬਣਾਵੇਗਾ ਅਤੇ ਇਲਾਕਾ ਪ੍ਰਸਤੀ ਤੇ ਜ਼ੋਰ ਦੇਣ ਕਰਕੇ ਨਿਖੇੜੂ ਸ਼ਕਤੀਆਂ ਨੂੰ ਸ਼ਹਿ ਦੇ ਕੇ ਏਕੇ ਦੀਆਂ ਸ਼ਕਤੀਆਂ ਦਾ ਵਿਰੋਧ ਕਰੇਗਾ।

2. ਇਹ ਸਕੀਮ ਸਰਕਾਰੀ ਕੰਮ-ਕਾਜ ਨੂੰ ਵਧੇਰੇ ਸਰਲ ਬਣਾਉਣ ਵਿਚ ਸਹਾਈ ਨਹੀਂ ਹੋਵੇਗੀ। ਜੇ ਅਜੇਹੀ ਗੱਲ ਹੁੰਦੀ ਤਾਂ ਇਸ ਸਕੀਮ ਨੂੰ ਉੱਤਰ ਪ੍ਰਦੇਸ਼ ਜੇਹੇ ਵੱਡੇ ਰਾਜਾਂ ਵਿਚ ਲਾਗੂ ਕੀਤਾ ਜਾਂਦਾ ਪੰਜਾਬ ਜੇਹੇ ਛੋਟਿਆਂ ਰਾਜਾਂ ਵਿਚ ਨਹੀਂ।

3. ਇਹ ਸਕੀਮ ਰਾਜ ਮੰਤਰੀ ਮੰਡਲ ਦੀ ਸਾਂਝੀ ਜ਼ੁੰਮੇਵਾਰੀ ਦੇ ਸਿੱਧਾਂਤ ਨੂੰ ਨਿਰਬਲ ਕਰਨ ਲਈ ਘੜੀ ਗਈ ਹੈ।

4. ਇਹ ਰਾਜਪਾਲ ਨੂੰ ਅਸਾਧਾਰਣ ਅਧਿਕਾਰ ਪ੍ਰਦਾਨ ਕਰਦੀ ਹੈ, ਜੋ ਕਿ ਸਾਰੇ ਲੋਕ ਰਾਜੀ ਸਿੱਧਾਂਤਾਂ ਦੇ ਵਿਰੁੱਧ ਹੈ, ਕਿਉਂਕਿ ਇਹ ਸਕੀਮ ਰਾਜਪਾਲ ਨੂੰ ਮੰਤਰੀ ਮੰਡਲ ਤੋਂ ਹੀ ਸੁਤੰਤਰ ਨਹੀਂ ਕਰ ਦੇਵੇਗੀ ਸਗੋਂ ਵਿਧਾਨ ਮੰਡਲ ਪ੍ਰਤਿ ਉੱਤਰ ਦਾਇਤਵ ਤੋਂ ਵੀ ਮੁਕਤ ਕਰ ਦੇਵੇਗੀ।

5. ਇਹ ਸਕੀਮ ਦੋ ਅਮਲੀ ਪੈਦਾ ਕਰੇਗੀ।

6. ਇਹ ਸਕੀਮ ਪੰਜਾਬੀ ਰਿਜਨ ਕਹੇ ਜਾਣ ਵਾਲੇ ਇਲਾਕੇ ਵਿਚ ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਜ਼ਿਲ੍ਹਾ ਪੱਧਰ ਤੇ ਅਤੇ ਇਸ ਤੋਂ ਹੇਠਾਂ ਸਰਕਾਰੀ ਭਾਸ਼ਾ ਬਣਾ ਕੇ ਭਾਸ਼ਾ-ਵਿਰੋਧ ਨੂੰ ਹੋਰ ਗੁੰਝਲਦਾਰ ਬਣਾਏਗੀ।

ਸਰਕਾਰ ਸਕਾਟਲੈਂਡ ਦੀ ਰੀਤ ਦਾ ਹਵਾਲਾ ਦੇ ਕੇ ਰੀਜਨਲ ਫਾਰਮੂਲੇ ਨੂੰ

ਨਿਆਂਇ ਯੁਕਤ ਸਿੱਧ ਕਰ ਰਹੀ ਸੀ। ਪਰ ਵਿਰੋਧੀਆਂ ਨੇ ਇਹ ਦਲੀਲ ਦਿੱਤੀ ਕਿ ਸਕਾਟਲੈਂਡ ਦੀ ਰੀਤ ਪੰਜਾਬ ਰੀਜਨਲ ਫ਼ਾਰਮੂਲੇ ਲਈ ਉਦਾਹਰਣ ਨਹੀਂ ਬਣ ਸਕਦੀ। ਉਨ੍ਹਾਂ ਦਾ ਆਧਾਰ ਇਹ ਸੀ ਕਿ ਇੰਗਲੈਂਡ ਤੇ ਸਕਾਟਲੈਂਡ ਦੋ ਭਿੰਨ-ਭਿੰਨ ਸੁਤੰਤਰ ਦੇਸ ਹਨ ਜਿਹੜੇ ਅਕਸਰ ਇਕ ਦੂਜੇ ਨਾਲ ਲੜਦੇ ਰਹਿੰਦੇ ਸਨ। ਇਸ ਤੋਂ ਉਲਟ, ਪੰਜਾਬ ਦਾ ਪੂਰਬੀ ਭਾਗ, ਪੱਛਮੀ ਜ਼ਿਲ੍ਹਿਆਂ ਨਾਲ ਪੂਰੀ ਤਰ੍ਹਾਂ ਬੱਝਿਆ ਹੋਇਆ ਹੈ ਅਤੇ ਅਖੌਤੀ ਪੰਜਾਬੀ ਜ਼ੋਨ ਦੀ ਰਾਜਨੀਤਿਕ ਤੇ ਆਰਥਿਕ ਸਥਿਤੀ ਅਖੌਤੀ ਹਿੰਦੀ-ਭਾਸ਼ੀ ਖੇਤਰ ਨਾਲ ਪੱਕੇ ਤੌਰ ਤੇ ਬੱਝੀ ਹੋਈ ਤੇ ਅਟੁੱਟ ਹੈ।

ਦੂਜੇ, 1707 ਈ. ਵਿਚ ਇੰਗਲੈਂਡ ਅਤੇ ਸਕਾਟਲੈਂਡ ਦਾ ਸੰਗਠਨ ਹੋਣ ਪਿੱਛੋਂ ਇਨ੍ਹਾਂ ਦੇਸ਼ਾਂ ਵਿਚਕਾਰ ਤੈ ਹੋਈਆਂ ਸੰਗਠਨ ਸੰਧੀ ਦੀਆਂ ਸ਼ਰਤਾਂ ਪੂਰਣ ਤੌਰ ਤੇ ਭਿੰਨ ਸਨ। ਇਸ ਸੰਧੀ ਅਨੁਸਾਰ, ਸਕਾਟਲੈਂਡ ਦੀ ਨਿਆਇ-ਵਿਵਸਥਾ ਵੱਖਰੀ ਹੋਈ। ਉਸ ਦੀ ਆਪਣੀ ਸਿਖਿਆ-ਪ੍ਰਣਾਲੀ ਤੇ ਵਿਦਿਅਕ ਵਿਰਸਾ ਅਤੇ ਆਪਣੇ ਤਨਖਾਹਦਾਰ ਨਿਆਂ-ਅਧਿਕਾਰੀਆਂ ਨੂੰ ਸ਼ੈਰਿਫ਼ਾਂ ਆਦਿ ਦੇ ਤੌਰ ਤੇ ਨਿਯੁਕਤ ਕਰਨ ਦੀ ਵਿਧੀ ਪ੍ਰਚਲਿਤ ਸੀ। ਸਕਾਟਲੈਂਡ ਦੀ ਸਟੈਂਡਿੰਗ ਕਮੇਟੀ ਕੇਵਲ ਉਸ ਕੰਮ ਨੂੰ ਅਮਲੀ ਰੂਪ ਦੇ ਸਕਦੀ ਸੀ ਜਿਹੜਾ ਸ਼ੁੱਧ ਰੂਪ ਵਿਚ ਸਕਾਟਲੈਂਡ ਨਾਲ ਸੰਬੰਧਿਤ ਹੈ ਅਤੇ ਕੇਵਲ ਉਸੇ ਕੰਮ ਨੂੰ ਜਿਹੜਾ ਬਰਤਾਨਵੀ ਸੰਸਦ ਨੇ ਇਸ ਨੂੰ ਸਪਸ਼ਟ ਤੌਰ ਤੇ ਸਪੁਰਦ ਕੀਤਾ ਹੋਵੇ ਤਾਂ ਜੋ ਇਸ ਕਮੇਟੀ ਵਿਚ ਸਮੁੱਚੀ ਪਾਰਲੀਮੈਂਟ ਦਾ ਪਾਰਟੀ-ਅਨੁਪਾਤ ਉਸੇ ਤਰ੍ਹਾਂ ਬਣਿਆ ਰਹੇ।

71 ਪਾਰਲੀਮੈਂਟ ਮੈਂਬਰਾਂ ਤੋਂ ਬਿਨਾਂ ਜਿਹੜੇ ਸਕਾਟਲੈਂਡ ਦੇ ਚੋਣ-ਖੇਤਰਾਂ ਦੀ ਪ੍ਰਤਿਨਿਧਤਾ ਕਰਦੇ ਹਨ, ਉਸ ਕਮੇਟੀ ਵਿਚ ਘੱਟ ਤੋਂ ਘੱਟ ਦਸ ਅਤੇ ਵੱਧ ਤੋਂ ਵੱਧ 15 ਹੋਰ ਚੋਣ-ਖੇਤਰਾਂ ਦੇ ਮੈਂਬਰ ਸ਼ਾਮਿਲ ਹੋ ਸਕਦੇ ਹਨ।

ਸਕਾਟਲੈਂਡ ਦੀ ਕਮੇਟੀ ਨੂੰ ਕੋਈ ਵੀ ਵਿਧਾਨਕ ਕਾਰਜ ਸੰਪਣ ਤੋਂ ਪਹਿਲਾਂ ਹਾਊਸ ਆਫ਼ ਕਾਮਨਜ਼ ਦੇ ਸਪੀਕਰ ਨੂੰ ਸਰਟੀਫ਼ਿਕੇਟ ਦੇਣਾ ਪੈਂਦਾ ਹੈ ਕਿ ਕਾਰਜ ਵਿਚਲੇ ਉਪਬੰਧਾਂ ਦਾ ਸੰਬੰਧ ਕੇਵਲ ਸਕਾਟਲੈਂਡ ਨਾਲ ਹੈ।

ਇਹ ਪ੍ਰਸਤਾਵ :

"ਕਿ ਬਿਲ ਨੂੰ ਸਕਾਟਲੈਂਡ ਦੀ ਸਟੈਂਡਿੰਗ ਕਮੇਟੀ ਦੇ ਸਪੁਰਦ ਕੀਤਾ ਜਾਵੇ" ਸਾਰੀ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਂਦਾ ਹੈ।

ਜੇ ਦਸ ਜਾਂ ਇਸ ਤੋਂ ਵੱਧ ਸਦੱਸ ਆਪਣੀਆਂ ਥਾਵਾਂ ਤੇ ਖੜੇ ਹੋ ਕੇ ਆਪਣਾ ਇਤਰਾਜ਼ ਪੇਸ਼ ਕਰਨ ਤਾਂ ਸਪੀਕਰ ਪਰੰਪਰਾ ਅਨੁਸਾਰ ਇਹ ਐਲਾਨ ਕਰਨ ਤੇ ਮਜਬੂਰ ਹੁੰਦਾ ਹੈ : "ਇਹ ਪ੍ਰਸਤਾਵ ਰੱਦ ਹੋ ਗਿਆ ਹੈ।" ਇਸ ਤੇ ਪ੍ਰਸਤਾਵ ਵਾਪਸ ਲੈ ਲਿਆ ਜਾਂਦਾ ਹੈ।

ਸਟੈਂਡਿੰਗ ਕਮੇਟੀ ਪਹਿਲੀ ਵੇਰ ਬਿਲ ਦੀਆਂ ਕੇਵਲ ਸਾਮਾਨਜ ਮੱਦਾਂ ਤੇ ਵਿਚਾਰ ਕਰ ਕੇ ਇਸ ਨੂੰ ਹਾਊਸ ਕੋਲ ਵਾਪਸ ਭੇਜ ਦਿੰਦੀ ਹੈ।

ਸਭਾ ਪਾਸ ਇਸ ਤਰ੍ਹਾਂ ਮੁੜ ਆਉਣ ਪਿੱਛੋਂ ਬਿਲ ਮੁੜ ਦੂਜੀ ਵਾਰ ਪੜ੍ਹਨ ਲਈ ਕਿਹਾ ਜਾਂਦਾ ਹੈ। ਜਦੋਂ ਅਜੇਹਾ ਹੁਕਮ ਪੜ੍ਹ ਲਿਆ ਜਾਂਦਾ ਹੈ, ਤਾਂ ਮਨਿਸਟਰ ਆਫ਼ ਦੀ ਕ੍ਰਾਊਨ ਜਿਹੜਾ ਬਿਲ ਦਾ ਇਨਚਾਰਜ ਹੁੰਦਾ ਹੈ ਇਕ ਮਤਾ ਪੇਸ਼ ਕਰਦਾ ਹੈ ''ਕਿ ਬਿਲ ਨੂੰ ਸਕਾਟਲੈਂਡ ਦੀ ਸਟੈਂਡਿੰਗ ਕਮੇਟੀ ਦੇ ਸਪੁਰਦ ਕੀਤਾ ਜਾਵੇ।'' ਇਸ ਆਰਡਰ ਵਿਚ ਸਭਾ ਦੇ ਘਟ-ਘੱਟ ਛੇ ਮੈਂਬਰ ਕਿਸੇ ਸੋਧਨ ਦਾ ਨੋਟਿਸ ਦੇ ਦੇਣ ਤਾਂ ਉਸ ਪ੍ਰਸਤਾਵ ਤੇ ਬਹਿਸ ਹੁੰਦੀ ਹੈ ਅਤੇ ਇਹ ਸਭਾ ਦੀ ਆਮ ਕਾਰਜ ਵਿਧੀ ਅਨੁਸਾਰ ਬਾਕੀ ਦੀਆਂ ਪੜ੍ਹਤਾਂ ਵਿਚੋਂ ਦੀ ਗੁਜ਼ਰਦਾ ਹੈ।

ਇਸ ਤੋਂ ਛੁੱਟ, ਸਕਾਟਲੈਂਡ ਦੀ ਆਪਣੀ ਰਾਸ਼ਟਰੀ ਭਾਸ਼ਾ ਹੈ ਜਿਸ ਨੂੰ ਸਕੌਟਿਸ਼ ਗਾਏਲਿਕ ਕਹਿੰਦੇ ਹਨ, ਪਰ ਕਿਸੇ ਅੰਗ੍ਰੇਜ਼ ਬੱਚੇ ਨੂੰ ਇਹ ਭਾਸ਼ਾ ਪੜ੍ਹਨ ਲਈ ਮਜਬੂਰ ਨਹੀਂ ਕੀਤਾ ਜਾਂਦਾ; ਨ ਹੀ ਉਥੇ ਸਕਾਟਲੈਂਡ ਦੀ ਕਿਸੇ ਇਲਾਕਾਈ ਉਪ-ਭਾਸ਼ਾ ਲਈ ਸਰਕਾਰੀ ਭਾਸ਼ਾ ਬਣਨ ਵਾਸਤੇ ਕੋਈ ਉਪਬੰਧ ਹੈ। ਦੋਵਾਂ ਦੇਸ਼ਾਂ ਵਿਚ ਮਿੱਤਰਤਾਨਾ ਸੰਬੰਧਾਂ ਦਾ ਕਾਰਣ ਭਾਸ਼ਾ ਦਾ ਲਾਜ਼ਮੀ ਨ ਹੋਣਾ ਹੈ।

ਇਸੇ ਦੌਰਾਨ, ਸਰਕਾਰ ਨੇ ਵਿਧਾਨ ਵਿਚ ਸੋਧਨ ਦਾ ਇਕ ਐਕਟ ਪਾਸ ਕੀਤਾ ਹੈ। ਇਸ ਐਕਟ ਵਿਚ ਇਹ ਫਾਰਮੂਲਾ ਅੰਤਿਕਾ ਦੇ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ ਅਤੇ ਨਿਮਨ ਲਿਖਿਤ ਦੋ ਹੋਰ ਧਾਰਾਵਾਂ ਵਧਾ ਦਿੱਤੀਆਂ ਗਈਆਂ ਹਨ।

"350ੳ. ਹਰੇਕ ਰਾਜ ਅਤੇ ਹਰੇਕ ਸਥਾਨਕ ਸਰਕਾਰੀ ਸੰਸਥਾ ਘੱਟ ਸੰਖਿਅਕਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਸਿਖਿਆ ਦੇਣ ਦੇ ਯੋਗ ਪ੍ਰਬੰਧ ਕਰਨ ਦਾ ਯਤਨ ਕਰੇਗੀ ਅਤੇ ਰਾਸ਼ਟਰਪਤੀ ਅਜੇਹੇ ਪ੍ਰਬੰਧਾਂ ਦਾ ਉਪਬੰਧ ਕਰਵਾਉਣ ਲਈ, ਲੋੜ ਅਨੁਸਾਰ ਕਿਸੇ ਵੀ ਸਰਕਾਰ ਨੂੰ ਹਿਦਾਇਤ ਜਾਰੀ ਕਰ ਸਕਦਾ ਹੈ।"

350 ਅ. ਭਾਸ਼ਾਈ ਘੱਟ ਸੰਖਿਅਕਾਂ ਲਈ ਵਿਸ਼ੇਸ਼ ਅਧਿਕਾਰੀ।

(1) ''ਰਾਸ਼ਟਰਪਤੀ ਭਾਸ਼ਾਈ ਘੱਟ ਸੰਖਿਅਕਾਂ ਲਈ ਵਿਸ਼ੇਸ਼ ਅਧਿਕਾਰੀ ਨਿਯੁਕਤ ਕਰੇਗਾ।''

(2) ''ਵਿਸ਼ੇਸ਼ ਅਧਿਕਾਰੀ ਦਾ ਇਹ ਫਰਜ਼ ਹੋਵੇਗਾ ਕਿ ਉਹ ਵਿਧਾਨ ਵਿਚ ਭਾਸ਼ਾਈ ਘੱਟ ਸੰਖਿਅਕਾਂ ਨੂੰ ਦਿੱਤੀਆਂ ਗਈਆਂ ਸੁਰੱਖਿਆਵਾਂ ਨਾਲ ਸੰਬੰਧਿਤ ਸਾਰੇ ਮਾਮਲਿਆਂ ਦੀ ਪੜਤਾਲ ਕਰ ਕੇ ਰਾਸ਼ਟਰਪਤੀ ਦੀ ਹਿਦਾਇਤ ਅਨੁਸਾਰ ਸਮੇਂ ਸਮੇਂ ਸਿਰ ਉਸ ਨੂੰ ਉਨ੍ਹਾਂ ਮਾਮਲਿਆਂ ਦੀ ਰਿਪੋਰਟ ਦੇਵੇ ਅਤੇ ਰਾਸ਼ਟਰਪਤੀ ਸੰਸਦ ਦੇ ਦੋਵੇਂ ਸਦਨਾਂ ਵਿਚ ਉਨ੍ਹਾਂ ਰਿਪੋਰਟਾਂ ਨੂੰ ਪੇਸ਼ ਕਰਵਾਏਗਾ।''

ਅਧਿਆਇ ੨੫

ਹਿੰਦੂਆਂ ਦੁਆਰਾ ਪ੍ਰਤਿ-ਅੰਦੋਲਨ

ਅਕਾਲੀਆਂ ਦੀ ਸੰਤੁਸ਼ਟੀ ਲਈ ਸਰਕਾਰ ਨੇ ਪਿਛਲੇ ਅਧਿਆਇ ਵਿਚ ਵਰਣਿਤ ਗੱਲਾਂ ਕੀਤੀਆਂ । ਪਰ, ਇਹ ਗੱਲ ਸਿੱਧ ਹੈ ਕਿ ਪੰਜਾਬ ਰੀਜਨਲ ਫਾਰਮੂਲੇ ਦੇ ਰੂਪ ਵਿਚ ਸਰਕਾਰ ਦੇ ਨਿਰਣੇ ਨੂੰ ਉਹ ਮਾਣਤਾ ਨਹੀਂ ਮਿਲੀ ਜਿਸ ਦੀ ਸਰਕਾਰ ਨੂੰ ਆਸ ਸੀ । ਅਕਾਲੀ ਆਗੂ ਇਸ ਨਾਲ ਸੰਤੁਸ਼ਟ ਹੋ ਗਏ ਭਾਵੇਂ ਉਨ੍ਹਾਂ ਦੁਆਰਾ ਦਿੱਤੀ ਗਈ ਦਲੀਲ ਇਹ ਹੈ ਕਿ ਉਨ੍ਹਾਂ ਨੇ ਦੇਸ਼ ਦੀ ਏਕਤਾ, ਅਮਨ ਅਤੇ ਰੱਖਿਆ ਸਦਕਾ ਇਹ ਫਾਰਮੂਲਾ ਪ੍ਰਵਾਨ ਕੀਤਾ ਹੈ ।

... ...

ਭਾਵੇਂ ਉਪਰਲੀ ਗੱਲ ਕਰਕੇ ਜਾਂ ਇਸ ਗੱਲ ਦੇ ਅਹਿਸਾਸ ਕਰਕੇ ਕਿ ਉਨ੍ਹਾਂ ਦੀ ਪੰਜਾਬੀ ਸੂਬੇ ਦੀ ਮੰਗ ਕਾਂਗਰਸ ਹਾਈ ਕਮਾਂਡ ਜਾਂ ਕੇਂਦਰੀ ਸਰਕਾਰ ਨੇ ਕਿਸੇ ਹਾਲਤ ਵਿਚ ਵੀ ਪ੍ਰਵਾਨ ਨਹੀਂ ਕਰਨੀ ਸੀ, ਉਹ ਹਾਲ ਦੀ ਘੜੀ ਜ਼ਰੂਰ ਸੰਤੁਸ਼ਟ ਹੋ ਗਏ ।

ਪਰ ਮਹਾਂ ਪੰਜਾਬ ਦੇ ਹਾਮੀਆਂ ਨੇ ਇਸ ਫਾਰਮੂਲੇ ਦੇ ਵੇਰਵੇ ਦੀ ਆਲੋਚਨਾ ਸੰਬੰਧੀ ਪਹਿਲੋਂ ਦਿੱਤੇ ਕਾਰਣਾਂ ਕਰਕੇ ਫਾਰਮੂਲੇ ਦੇ ਵਿਰੋਧ ਦਾ ਤੂਫਾਨ ਖੜਾ ਕਰ ਦਿੱਤਾ ।

ਇਉਂ ਪੰਜਾਬ ਵਿਚ ਜਿਹੜੀ ਅਵਸਥਾ ਪੈਦਾ ਹੋਈ, ਉਹ ਸੰਪਰਦਾਇਕ ਦ੍ਰਿਸ਼ਟੀਕੋਣ ਤੋਂ ਬੜੀ ਗੰਭੀਰ ਸੀ ਕਿਉਂਕਿ ਇਸ ਨਾਲ ਸਿੱਖਾਂ ਅਤੇ ਹਿੰਦੂਆਂ ਵਿਚਲਾ ਪਾੜਾ ਵਧ ਗਿਆ । ਇਹ ਪਾੜਾ ਲਗਭਗ ਪਿਛਲੇ ਪੰਜਾਹ ਵਰ੍ਹਿਆਂ ਤੋਂ ਲਗਾਤਾਰ ਵਧਦਾ ਜਾ ਰਿਹਾ ਹੈ ।

ਇਸ ਗੱਲ ਨੂੰ ਦੁਹਰਾਉਣ ਦੀ ਲੋੜ ਨਹੀਂ ਕਿ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਹੋਏ ਨੌਂ ਗੁਰੂ ਸਾਹਿਬਾਨ ਕੇਸ ਧਾਰਨ ਕਰਨ ਨੂੰ ਸਿੱਖ ਧਰਮ ਦਾ ਚਿੰਨ੍ਹ ਨਹੀਂ ਸਮਝਦੇ ਸਨ ਅਤੇ ਉਹ ਹਰ ਤਰ੍ਹਾਂ ਹਿੰਦੂ ਸਨ । ਉਨ੍ਹਾਂ ਦੇ ਵਿਵਾਹ ਅਤੇ ਹੋਰ ਰਸਮਾਂ ਪੁਰਾਤਨ ਹਿੰਦੂ ਰੀਤ ਅਨੁਸਾਰ ਹੁੰਦੀਆਂ ਸਨ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਅੰਤਰ-ਜਾਤੀ ਵਿਵਾਹ ਦੀ ਇਕ ਵੀ ਉਦਾਹਰਣ ਨਹੀਂ ਮਿਲਦੀ ।

ਦਸਵੇਂ ਗੁਰੂ ਗੋਬਿੰਦ ਸਿੰਘ ਨੇ ਇਕ ਨਵੀਨ ਲੀਹ ਤੋਰੀ ਅਤੇ ਸਾਧਾਰਣ ਹਿੰਦੂਆਂ ਤੋਂ ਸਿੱਖਾਂ ਨੂੰ ਵਖਰਿਆਉਣ ਵਾਲੇ ਚਿੰਨ੍ਹ ਲਾਗੂ ਕਰ ਦਿੱਤੇ। ਜਿਵੇਂ ਕਿ ਕੁਝ ਇਕ ਸਿੱਖ ਲਿਖਾਰੀਆਂ ਨੇ ਲਿਖਿਆ ਹੈ ਇਹ ਚਿੰਨ੍ਹ ਗੁਰੂ ਸਾਹਿਬ ਦੇ ਉਨ੍ਹਾਂ ਅਨੁਯਾਈਆਂ ਦਾ ਇਕ ਤਰ੍ਹਾਂ ਦਾ ਪਹਿਰਾਵਾ ਸੀ, ਜਿਨ੍ਹਾਂ ਨੂੰ ਭਰਤੀ ਕਰ ਕੇ ਗੁਰੂ ਸਾਹਿਬ ਮੁਗਲ ਸਾਮਰਾਜ ਦਾ ਹਥਿਆਰਬੰਦ ਟਾਕਰਾ ਕਰਨ ਦੀ ਪ੍ਰੇਰਣਾ ਦਿਆ ਕਰਦੇ ਸਨ।

ਪਰ ਗੁਰੂ ਸਾਹਿਬ ਨੇ ਵੀ ਕਦੀ ਨਹੀਂ ਕਿਹਾ ਸੀ ਕਿ ਉਹ ਹਿੰਦੂ ਨਹੀਂ। ਆਪਣੇ ਪਿਤਾ ਮਹਾਨ ਸ਼ਹੀਦ ਗੁਰੂ ਤੇਗ ਬਹਾਦਰ ਦੀ ਗੁਰੂ ਸਾਹਿਬ ਨੇ ਸਭ ਤੋਂ ਵੱਧ ਪ੍ਰਸ਼ੰਸਾ ਇਹ ਕਹਿ ਕੇ ਕੀਤੀ ਸੀ ਕਿ ਉਨ੍ਹਾਂ ਨੇ ਹਿੰਦੂਆਂ ਦੇ ਜਨੇਊ ਅਤੇ ਤਿਲਕ ਦੀ ਰੱਖਿਆ ਲਈ ਆਪਣੀ ਜਾਨ ਵਾਰੀ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਨੇ ਪੰਥ ਸਾਜਿਆ ਜੋ ਕਿ ਉਨ੍ਹਾਂ ਦੁਆਰਾ ਚਲਾਈ ਰਹੁ-ਰੀਤ ਨੂੰ ਮੰਨਣ ਵਾਲੇ ਸਿੱਖਾਂ ਦੀ ਸੰਗਤ ਸੀ। ਉਨ੍ਹਾਂ ਦੇ ਆਪਣੇ ਜੀਵਨ ਵਿਚ ਅਤੇ ਉਨ੍ਹਾਂ ਤੋਂ ਪਿੱਛੋਂ ਕਾਫੀ ਸਮਾਂ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਕੋਈ ਦ੍ਰਿਸ਼ਟੀਗੋਚਰ ਪਾੜਾ ਨ ਪਿਆ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਵੀ ਜਦੋਂ ਕਿ ਸਿੱਖ ਸੱਤਾ ਸਿਖਰ ਤੇ ਸੀ, ਬਾਹਰੀ ਚਿੰਨ੍ਹਾਂ ਤੋਂ ਛੁੱਟ ਸਿੱਖਾਂ ਅਤੇ ਦੂਸਰੇ ਹਿੰਦੂਆਂ ਵਿਚ ਕੋਈ ਅੰਤਰ ਨਹੀਂ ਸੀ। ਮਹਾਰਾਜ, ਅਤੇ ਉਸ ਦੇ ਸਿੱਖ ਜਰਨੈਲ ਤੇ ਦੂਸਰੇ ਅਧਿਕਾਰੀ ਹਿੰਦੂਆਂ ਦੀਆਂ ਧਾਰਮਿਕ ਅਤੇ ਹੋਰ ਰੀਤਾਂ ਮਨਾਉਂਦੇ ਸਨ। ਮਹਾਰਾਜ ਦੇ ਦੇਹਾਂਤ ਤੇ, ਇਕ ਨੂੰ ਛੱਡ ਕੇ ਉਸ ਦੀਆਂ ਸਾਰੀਆਂ ਪਤਨੀਆਂ ਪਵਿਤਰ ਹਿੰਦੂ ਸਤੀਆਂ ਦੀ ਤਰ੍ਹਾਂ ਮਹਾਰਾਜ ਦੀ ਚਿਤਾ ਵਿਚ ਸੜ ਗਈਆਂ। ਉਸ ਦੀਆਂ ਆਪਣੀਆਂ ਅਸਥੀਆਂ ਹਿੰਦੂਆਂ ਵਾਂਗ ਹਰਦੁਆਰ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ। ਦਰਬਾਰ ਸਾਹਿਬ ਦੀ ਹਦੂਦ ਵਿਚ ਵੀ ਪਰਿਕ੍ਰਮਾ ਵਿਚ ਬ੍ਰਾਹਮਣਾਂ ਨੇ ਹਿੰਦੂਆਂ ਦੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਸਨ ਅਤੇ ਦਰਬਾਰ ਸਾਹਿਬ ਵਿਚ ਆਉਣ ਵਾਲੇ ਸਿੱਖ ਅਤੇ ਹਿੰਦੂ ਉਨ੍ਹਾਂ ਦੀ ਪੂਜਾ ਕਰਿਆ ਕਰਦੇ ਸਨ। ਖੁਦ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਸੰਗਮਰਮਰ ਦਾ ਬਣਿਆ ਹੋਇਆ ਦੁਰਗਾ ਦਾ ਪੂਰਾ ਬੁੱਤ ਉਦੋਂ ਤਕ ਲਗਿਆ ਰਿਹਾ ਹੈ ਜਦੋਂ ਤਕ ਕਿ ਅਕਾਲੀਆਂ ਨੇ ਇਹ ਸਾਰੇ ਆਪਣੇ ਮੂਰਤੀ-ਖੰਡਨ ਅੰਦੋਲਨ ਚਲਾਉਣ ਵੇਲੇ ਹਟਾ ਨ ਦਿੱਤੇ।

ਇਸ ਲਹਿਰ ਨੂੰ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਨੇ ਸ਼ੁਰੂ ਕੀਤਾ ਸੀ, ਜਿਸ ਨੇ ਮੈਕਾਲਫ ਨਾਲ ਰਲ ਕੇ ਇਕ ਪੁਸਤਕ, ਜਿਸ ਵਿਚ ਉਸ ਨੇ ਸਿੱਖਾਂ ਨੂੰ ਹਿੰਦੂਆਂ ਤੋਂ ਅਲਗ ਸਿੱਧ ਕਰਨ ਦਾ ਯਤਨ ਕੀਤਾ, ਲਿਖ ਕੇ ਸਿੱਖਾਂ ਨੂੰ ਹਿੰਦੂਆਂ ਤੋਂ ਜੁਦਾ ਕਰਨ ਲਈ ਜਹਾਦ ਖੜਾ ਕਰ ਦਿੱਤਾ।

ਅਗਲਾ ਕਦਮ ਉਸ ਦੇ ਸ਼ਾਗਿਰਦ ਅਤੇ ਆਸ਼੍ਰਿਤ ਟਿੱਕਾ ਰਿਪੁਦਮਨ ਸਿੰਘ, ਜੋ ਕਿ

ਨਾਭਾ ਦੇ ਮਹਾਰਾਜ ਹੀਰਾ ਸਿੰਘ ਦਾ ਯੁਵਰਾਜ ਸੀ, ਨੇ ਚੁਕਿਆ ਜਿਸ ਨੂੰ ਆਪਣੇ ਪਿਤਾ ਦੇ ਦੇਹਾਂਤ ਉਪਰੰਤ ਗੱਦੀ ਤੇ ਬੈਠਦਿਆਂ ਹੀ ਗੱਦੀਉਂ ਲਾਹ ਕੇ ਕੋਡਾਈ ਕਨਾਲ ਵਿਖੇ ਜਲਾਵਤਨ ਕਰ ਦਿੱਤਾ ਗਿਆ ਸੀ ਜਿਥੇ ਉਸ ਦੀ ਮ੍ਰਿਤੂ ਹੋ ਗਈ। ਜਦੋਂ ਉਹ ਇੰਪੀਰੀਅਲ ਲੇਜਿਸਲੇਟਿਵ ਕੌਂਸਿਲ ਦਾ ਮੈਂਬਰ ਸੀ ਤਾਂ ਉਸ ਨੇ ਆਨੰਦ ਮੈਰੇਜ ਬਿਲ ਨਾਮਕ ਇਕ ਬਿਲ ਪੇਸ਼ ਕੀਤਾ ਜਿਸ ਦੁਆਰਾ ਹਿੰਦੂ ਰੀਤ ਤੋਂ ਵੱਖਰੀ ਰੀਤ ਨਾਲ ਕੀਤੇ ਗਏ ਸਿੱਖ ਵਿਵਾਹਾਂ ਨੂੰ ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਇਸ ਐਕਟ ਦੇ ਬਣਨ ਨਾਲ ਅਕਾਲੀ ਵਿਚਾਰਧਾਰਾ ਦੇ ਸਿੱਖਾਂ ਨੇ ਹਿੰਦੂ ਵਿਵਾਹ-ਰੀਤ ਨੂੰ ਮੂਲੋਂ ਹੀ ਤਿਲਾਂਜਲੀ ਦੇ ਦਿੱਤੀ।

....

ਹੁਣ ਸਥਿਤੀ ਇਹ ਹੈ ਕਿ ਇਕ ਪਾਸੇ ਤਾਂ ਮਹਾ ਪੰਜਾਬ ਸੰਮਤੀ, ਜਨ ਸੰਘ ਅਤੇ ਹਿੰਦੂ ਸੰਸਥਾਵਾਂ ਦੇ ਕੁਝ ਹੋਰ ਵਿਅਕਤੀ ਇਸ ਫਾਰਮੂਲੇ ਵਿਰੁੱਧ ਅੰਦੋਲਨ ਚਲਾ ਰਹੇ ਹਨ, ਪਰ ਦੂਸਰੇ ਪਾਸੇ ਅਕਾਲੀ ਆਗੂ ਕਾਂਗਰਸ ਨਾਲ ਮਿਲ ਕੇ ਆਪਣੇ ਮੰਤਵ ਨੂੰ ਸੁਦ੍ਰਿੜ੍ਹ ਬਣਾ ਰਹੇ ਹਨ।

....

ਪੰਜਾਬ ਸਰਕਾਰ, ਜਿਸ ਦਾ ਮੁੱਖ ਮੰਤਰੀ ਸਰਦਾਰ ਪਰਤਾਪ ਸਿੰਘ ਕੈਰੋਂ ਹੈ, ਅਤੇ ਕਾਂਗਰਸ ਪਾਰਟੀ ਰੀਜਨਲ ਫਾਰਮੂਲਾ ਲਾਗੂ ਕਰਨ ਵਿਚ ਅਕਾਲੀਆਂ ਦਾ ਪੱਖ ਪੂਰ ਰਹੇ ਹਨ ਜਦ ਕਿ ਪੰਜਾਬ ਦੀਆਂ ਵਿਭਿੰਨ ਹਿੰਦੂ ਜਥੇਬੰਦੀਆਂ ਹੁਣ ਵੀ ਇਸ ਦਾ ਸਖਤ ਵਿਰੋਧ ਕਰ ਰਹੀਆਂ ਹਨ। 9 ਸਤੰਬਰ ਐਤਵਾਰ ਵਾਲੇ ਦਿਨ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ ਮਿਸਟਰ ਸ਼੍ਰੀਮਾਨ ਨਾਰਾਇਣ ਦੇ ਅੰਮ੍ਰਿਤਸਰ ਵਿਖੇ ਆਗਮਨ ਤੇ ਮਹਾ ਪੰਜਾਬ ਸੰਮਤੀ ਅਤੇ ਕਾਂਗਰਸੀਆਂ ਤੇ ਅਕਾਲੀਆਂ ਵਿਚਕਾਰ ਇਕ ਗੰਭੀਰ ਝਗੜਾ ਹੋਇਆ ਜਿਸ ਦੀ ਰਿਪੋਰਟ 9 ਸਤੰਬਰ, 1956 ਦੇ "ਦੀ ਟ੍ਰੀਬਿਊਨ" ਅੰਬਾਲਾ ਵਿਚ ਯੂਨਾਈਟਿਡ ਪ੍ਰੈਸ ਆਫ ਇੰਡੀਆ ਨੇ ਦਿੱਤੀ। ਇਸ ਰਿਪੋਰਟ ਵਿਚ ਦਰਜ ਹੈ :

"ਪਲਿਸ ਨੇ ਰੇਲਵੇ ਸਟੇਸ਼ਨ ਦੇ ਅੰਦਰ ਅਤੇ ਬਾਹਰ ਕਾਂਗਰਸ ਅਤੇ ਮਹਾ ਪੰਜਾਬ ਸੰਮਤੀ ਦੇ ਸਮਰਥਕਾਂ, ਜੋ ਕਿ ਅੱਜ ਇਕ ਦੂਜੇ ਉਤੇ ਇੱਟਾਂ, ਪੱਥਰ ਅਤੇ ਬੋਤਲਾਂ ਸੁੱਟ ਰਹੇ ਸਨ, ਨੂੰ ਖਿੰਡਾਉਣ ਲਈ ਹੰਝੂ-ਗੈਸ ਅਤੇ ਲਾਠੀਆਂ ਦੀ ਵਰਤੋਂ ਕੀਤੀ। ਉਹ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ ਪ੍ਰੋਫੈਸਰ ਸ਼੍ਰੀਮਾਨ ਨਾਰਾਇਣ, ਜਿਸ ਨੇ ਫਰੰਟੀਅਰ ਮੇਲ ਦੁਆਰਾ ਪਹੁੰਚਣਾ ਸੀ, ਦਾ ਸੁਆਗਤ ਕਰਨ ਲਈ ਇਕੱਠੇ ਹੋਏ ਸਨ।"

"ਇਸ ਝਗੜੇ ਵਿਚ ਦੋਹਾਂ ਧਿਰਾਂ ਦੇ ਕਈ ਬੰਦਿਆਂ ਨੂੰ ਸੱਟਾਂ ਵੱਜੀਆਂ। ਸਿਵੱਲ ਹਸਪਤਾਲ ਤੋਂ 10 ਵਜੇ ਸਵੇਰੇ ਕੀਤੀ ਗਈ ਪੁੱਛ-ਗਿੱਛ ਤੋਂ ਪਤਾ ਲੱਗਾ ਕਿ ਮਹਾ ਪੰਜਾਬ ਸੰਮਤੀ ਦੇ ਦਸ ਬੰਦੇ ਜਿਨ੍ਹਾਂ ਦੇ ਸਰੀਰਾਂ ਤੇ 'ਕਿਰਪਾਨਾਂ' ਅਤੇ 'ਇੱਟਾਂ' ਦੇ ਜ਼ਖਮ ਸਨ,

ਹਸਪਤਾਲ ਵਿਚ ਦਾਖ਼ਿਲ ਕੀਤੇ ਗਏ ਹਨ ਅਤੇ ਚਾਰ ਬੰਦਿਆਂ ਨੂੰ ਬਾਂਹਰਲੇ ਮਰੀਜ਼ਾਂ ਦੇ ਤੌਰ ਤੇ ਦਾਖ਼ਿਲ ਕੀਤਾ ਗਿਆ ਹੈ। ਤਿੰਨ ਚਾਰ ਮਰੀਜ਼ਾਂ ਦੀ ਹਾਲਤ ਗੰਭੀਰ ਦੱਸੀ ਗਈ ਹੈ।''

''ਮਹਾ ਪੰਜਾਬ ਦੇ ਪ੍ਰਦਰਸ਼ਨਕਾਰਾਂ, ਜੋ ਕਿ ਪੁਲਿਸ ਉਤੇ ਪੱਥਰ ਬਰਸਾ ਰਹੇ ਸਨ, ਨੂੰ ਖਿੰਡਾਉਣ ਲਈ ਅਤੇ ਮਹਾ ਪੰਜਾਬ ਸੰਮਤੀ ਦੇ ਸਮਰਥਕਾਂ ਤੇ ਰੇਲਵੇ ਸਟੇਸ਼ਨ ਤੋਂ ਵਾਪਸ ਆ ਰਹੇ ਕਾਂਗਰਸੀਆਂ ਵਿਚਕਾਰ ਮੁੱਠ-ਭੇੜ ਨੂੰ ਰੋਕਣ ਲਈ ਪੁਲਿਸ ਨੂੰ ਸਰਕਟ ਹਾਊਸ ਅਤੇ ਡਾਕਖਾਨੇ ਦੇ ਨੇੜੇ ਕਈ ਵਾਰੀ ਹੰਝੂ ਗੈਸ ਅਤੇ ਲਾਠੀ-ਚਾਰਜ ਦੀ ਵਰਤੋਂ ਕਰਨੀ ਪਈ। 10 ਵਜੇ ਸਵੇਰੇ ਤਕ ਸ਼ਹਿਰ ਦੀ ਸਥਿਤੀ ਕਾਫ਼ੀ ਗੰਭੀਰ ਰਹੀ।''

''ਦੱਸਿਆ ਗਿਆ ਹੈ ਕਿ ਜਦੋਂ ਫਰੰਟੀਅਰ ਮੇਲ ਜਿਸ ਵਿਚ ਪ੍ਰੋਫੈਸਰ ਸ਼੍ਰੀਮਾਨ ਨਾਰਾਇਣ ਸਵਾਰ ਸੀ, ਸਟੇਸ਼ਨ ਦੀਆਂ ਹੱਦਾਂ ਵਿਚ ਦਾਖ਼ਿਲ ਹੋਈ, ਤਾਂ ਮਹਾ ਪੰਜਾਬ ਸੰਮਤੀ ਦੇ ਕੁਝ ਇਕ ਸਮਰਥਕਾਂ ਨੇ ਗੱਡੀ ਦੀ ਲੀਹ ਤੇ ਪੈ ਕੇ ਅਤੇ ਪੱਥਰਾਂ ਦਾ ਢੇਰ ਲਾ ਕੇ ਗੱਡੀ ਰੋਕ ਲਈ। (ਮਹਾ ਪੰਜਾਬ ਦੇ ਆਗੂਆਂ ਨੇ ਇਹ ਗੱਲ ਨਹੀਂ ਮੰਨੀ)।

''ਕਾਂਗਰਸ ਦੇ ਕਾਰਕੁਨਾਂ ਅਨੁਸਾਰ ਕੋਈ ਇਕ ਦਰਜਨ ਕਾਂਗਰਸੀ ਇਸਤਰੀ-ਕਾਰਕੁਨਾਂ ਨੂੰ ਵੀ ਸੱਟਾਂ ਲੱਗੀਆਂ।''

11 ਸਿਤੰਬਰ, 1956 ਦੇ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ ਮਹਾ ਪੰਜਾਬ ਸੰਮਤੀ ਦੇ ਸੌ ਦੇ ਕਰੀਬ ਬੰਦੇ ਗਰਿਫ਼ਤਾਰ ਕਰ ਲਏ ਗਏ। ਦੂਜੀਆਂ ਪਾਰਟੀਆਂ ਦਾ ਅਜੇ ਤਕ ਕੋਈ ਬੰਦਾ ਗਰਿਫ਼ਤਾਰ ਨਹੀਂ ਕੀਤਾ ਗਿਆ।

ਜਦ ਕਿ ਮਹਾ ਪੰਜਾਬ ਸੰਮਤੀ ਅਖੌਤੀ ਰੀਜਨਲ ਫਾਰਮੂਲੇ ਵਿਰੁੱਧ ਲੜ ਰਹੀ ਹੈ, ਆਰੀਆ ਸਮਾਜ ਨੇ ਫਾਰਮੂਲੇ ਦੀ ਇਕ ਧਾਰਾ, ਜਿਸ ਅਨੁਸਾਰ ਅਖੌਤੀ ਪੰਜਾਬੀ ਰਿਜਨ (ਜਲੰਧਰ ਡਿਵੀਜ਼ਨ) ਵਿਚ ਜ਼ਿਲ੍ਹਾ ਪੱਧਰ ਅਤੇ ਇਸ ਤੋਂ ਹੇਠਾਂ ਸਰਕਾਰੀ ਭਾਸ਼ਾ ਕੇਵਲ ਗੁਰਮੁਖੀ ਲਿਪੀ ਵਿਚ ਪੰਜਾਬੀ ਹੋਵੇਗੀ, ਦਾ ਤਕੜਾ ਵਿਰੋਧ ਪੈਦਾ ਕਰ ਦਿੱਤਾ ਹੈ। ਆਰੀਆ ਪ੍ਰਤਿਨਿਧੀ ਅਤੇ ਆਰੀਆ ਪ੍ਰਾਦੇਸ਼ਿਕ ਪ੍ਰਤਿਨਿਧੀ ਸਭਾਵਾਂ ਨੇ ਮਿਲ ਕੇ ਆਰੀਆ ਸਰਵਦੇਸ਼ਿਕ ਸਭਾ ਦੇ ਪ੍ਰਧਾਨ 80 ਸਾਲਾ ਬਿਰਧ ਸੰਨਿਆਸੀ ਸਵਾਮੀ ਆਤਮਾ ਨੰਦ ਦੀ ਪ੍ਰਧਾਨਗੀ ਵਿਚ 9 ਸਤੰਬਰ ਨੂੰ ਅੰਬਾਲਾ ਵਿਖੇ ਇਕ ਕਨਵੈਨਸ਼ਨ ਕੀਤੀ। ਉਨ੍ਹਾਂ ਨੇ ਹੇਠ ਲਿਖੀਆਂ ਮੰਗਾਂ ਕੀਤੀਆਂ ਹਨ :

1. ਸਮੁੱਚੇ ਪੰਜਾਬ ਵਿਚ ਇਕ ਭਾਸ਼ੀ ਸਕੀਮ ਲਾਗੂ ਹੋਵੇ।
2. ਸਿਖਿਆ ਸੰਸਥਾਵਾਂ ਵਿਚ ਸਿਖਿਆ ਦੇ ਮਾਧਿਅਮ ਹਿੰਦੀ ਜਾਂ ਪੰਜਾਬੀ ਦਾ ਪ੍ਰਸ਼ਨ ਵਿਦਿਆਰਥੀਆਂ ਦੀ ਮਰਜ਼ੀ ਤੇ ਛਡਿਆ ਜਾਵੇ।

3. ਹਿੰਦੀ ਜਾਂ ਪੰਜਾਬੀ ਵਿਚੋਂ ਕੋਈ ਵੀ ਕਿਸੇ ਸਟੇਜ ਤੇ ਵੀ ਲਾਜ਼ਮੀ ਦੂਸਰੀ ਭਾਸ਼ਾ ਦੇ ਤੌਰ ਤੇ ਨ ਪੜ੍ਹਾਈ ਜਾਵੇ।
4. ਹਰੇਕ ਸਰਕਾਰੀ ਪੱਧਰ ਤੇ, ਅੰਗ੍ਰੇਜ਼ੀ ਦੀ ਥਾਂ ਹਿੰਦੀ ਨੂੰ ਦਿੱਤੀ ਜਾਵੇ।
5. ਜ਼ਿਲ੍ਹਾ ਪੱਧਰ ਅਤੇ ਉਸ ਤੋਂ ਹੇਠਾਂ ਦੇ ਸਰਕਾਰੀ ਵਿਭਾਗਾਂ ਦੇ ਆਦੇਸ਼ ਅਤੇ ਨੋਟਿਸ ਹਿੰਦੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਨਿਕਲਣ।
6. ਦੋਹਾਂ ਵਿਚੋਂ ਕਿਸੇ ਵੀ ਭਾਸ਼ਾ ਵਿਚ ਸਰਕਾਰ ਨੂੰ ਅਰਜੀਆਂ ਦੇਣ ਦੀ ਖੁਲ੍ਹ ਹੋਵੇ ਅਤੇ ਜਿਸ ਭਾਸ਼ਾ ਵਿਚ ਅਰਜ਼ੀ ਹੋਵੇ, ਉਸੇ ਭਾਸ਼ਾ ਵਿਚ ਉਸ ਸੰਬੰਧੀ ਆਦੇਸ਼ ਦਿੱਤਾ ਜਵੇ।
7. ਜ਼ਿਲ੍ਹਾ ਪੱਧਰ ਦੀਆਂ ਅਤੇ ਇਸ ਤੋਂ ਹੇਠਲੀਆਂ ਅਦਾਲਤਾਂ ਅਤੇ ਜ਼ਿਲ੍ਹਾ ਪੱਧਰ ਦੇ ਜਾਂ ਇਸ ਤੋਂ ਹੇਠਲੇ ਹੋਰ ਸਰਕਾਰੀ ਦਫਤਰਾਂ ਦੇ ਕਾਗਜ਼ਾਤ ਦੋਵੇਂ ਭਾਸ਼ਾਵਾਂ ਵਿਚ ਹੋਣ।

ਪੰਜਾਬੀ ਸੂਬੇ ਦੀ ਮੰਗ

ਆਰੀਆ ਸਮਾਜੀਆਂ ਅਤੇ ਹੋਰ ਹਿੰਦੂਆਂ ਨੇ ਸਰਕਾਰ ਨੂੰ ਇਕ ਮਹੀਨੇ ਦੀ ਚੁਣੌਤੀ ਦੇ ਦਿੱਤੀ ਸੀ ਕਿ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਜਾਣ । ਮੰਗਾਂ ਨ ਮੰਨੀਆਂ ਜਾਣ ਦੀ ਸੂਰਤ ਵਿਚ ਉਨ੍ਹਾਂ ਨੇ ਲੋੜ ਅਨੁਸਾਰ ਕਾਰਵਾਈ ਕਰਨ ਦਾ ਪੱਕਾ ਨਿਸ਼ਚਾ ਕਰ ਲਿਆ ਸੀ । ਇਸ ਕਾਰਵਾਈ ਵਿਚ ਸਤਿਆਗ੍ਰਹਿ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਜਾਣਾ ਸੀ । ਸਰਕਾਰ ਅੰਦੋਲਨ ਦੇ ਸਾਹਮਣੇ ਅੰਸ਼ਿਕ ਰੂਪ ਵਿਚ ਜ਼ਰੂਰ ਝੁਕੀ, ਪਰ ਉਸ ਨੇ ਬਹੁਤੀਆਂ ਮੰਗਾਂ ਵੱਲ ਕੋਈ ਧਿਆਨ ਨ ਦਿੱਤਾ । ਸਿੱਟੇ ਵਜੋਂ ਆਰੀਆ ਸਮਾਜ ਦੀ ਅਗਵਾਈ ਵਿਚ ਹਿੰਦੂਆਂ ਨੇ ਸਤਿਆਗ੍ਰਹਿ ਸ਼ੁਰੂ ਕਰ ਦਿੱਤਾ । ਸਤਿਆਗ੍ਰਹਿ ਦਾ ਨੇਤਾ ਉਹੀ 80 ਸਾਲਾ ਸੰਨਿਆਸੀ ਸੁਆਮੀ ਆਤਮਾ ਨੰਦ ਸੀ, ਜਿਸ ਦੀ ਸਹਾਇਤਾ ਲਈ ਹੋਰ ਵੀ ਆ ਉੱਤਰੇ । ਉਹ ਆਪਣਾ ਅੰਦੋਲਨ ਸਦਭਾਵਨਾ ਪ੍ਰਤਿਨਿਧ ਮੰਡਲ ਨਾਲ ਸ਼ੁਰੂ ਕਰ ਕੇ ਚੰਡੀਗੜ੍ਹ ਪੁੱਜੇ । ਉਨ੍ਹਾਂ ਨੇ ਸਕੱਤਰੇਤ ਦੇ ਅੱਗੇ ਹਵਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਗਰਮੀ ਜਾਂ ਵਰਖਾ ਦੀ ਕੋਈ ਪਰਵਾਹ ਨ ਕਰਦੇ ਹੋਏ ਇਕ ਭਾਂਤ ਦਾ ਧਰਨਾ ਮਾਰ ਦਿੱਤਾ । ਅਧਿਕਾਰੀਆਂ ਨੇ ਇਨ੍ਹਾਂ ਸੰਨਿਆਸੀਆਂ ਦਾ ਕਾਫ਼ੀ ਆਦਰ ਮਾਣ ਕੀਤਾ ਅਤੇ ਉਹ ਉਨ੍ਹਾਂ ਨਾਲ ਗੱਲ-ਬਾਤ ਕਰਨ ਲਈ ਨੰਗੇ ਪੈਰੀਂ ਤੁਰ ਕੇ ਆਏ, ਪਰ ਕਿਉਂਕਿ ਕੋਈ ਵੀ ਸੰਤੋਸ਼ਜਨਕ ਉੱਤਰ ਨ ਦਿੱਤਾ ਗਿਆ ਇਸ ਲਈ ਸਤਿਆਗ੍ਰਹਿ ਚਲਦਾ ਰਿਹਾ । ਥੋੜ੍ਹੇ ਹੀ ਸਮੇਂ ਵਿਚ ਸਤਿਆਗ੍ਰਹਿ ਅੰਦੋਲਨ ਕਾਫ਼ੀ ਫੈਲ ਗਿਆ ਅਤੇ ਹਿੰਦੂਆਂ ਦੇ ਹਰੇਕ ਵਰਗ ਵਿਚੋਂ ਵਾਲੰਟੀਅਰ ਸ਼ਾਮਿਲ ਹੋਣ ਲੱਗ ਪਏ । ਪਰ ਉਨ੍ਹਾਂ ਵਿਚ ਕੁਝ ਇਕ ਸੱਚੇ ਸਤਿਆ-ਗ੍ਰਹੀਆਂ ਦਾ ਮਾਰਗ ਛੱਡ ਬੈਠੇ, ਜਦੋਂ ਕਿ ਉਨ੍ਹਾਂ ਨੇ ਸਕੱਤਰੇਤ ਵਿਚ ਦਾਖ਼ਲ ਹੋ ਕੇ ਕੁਝ ਇਕ ਇਤਰਾਜ਼ ਯੋਗ ਹਰਕਤਾਂ ਕੀਤੀਆਂ । ਇਸ ਗੱਲ ਨੇ ਅਧਿਕਾਰੀਆਂ ਨੂੰ ਉੱਤੇਜਿਤ ਕਰ ਦਿੱਤਾ ਅਤੇ ਪੁਲਿਸ ਤੇ ਸਤਿਆਗ੍ਰਹੀਆਂ ਵਿਚਕਾਰ ਗੰਭੀਰ ਖਿਚੋਤਾਣ ਸ਼ੁਰੂ ਹੋ ਗਈ । ਪੁਲਿਸ ਸਤਿਆਗ੍ਰਹੀਆਂ ਨੂੰ ਟਰੱਕਾਂ ਵਿਚ ਲਦ ਕੇ ਲੈ ਜਾਂਦੀ ਅਤੇ ਵੱਖ ਵੱਖ ਥਾਵਾਂ ਤੇ ਛੱਡ ਆਉਂਦੀ । ਕੁਝ ਇਕ ਵਾਲੰਟੀਅਰਾਂ ਨੂੰ ਸੱਟਾਂ ਵੀ ਵੱਜੀਆਂ ਅਤੇ ਕਈਆਂ ਨੂੰ ਤਾਂ ਗੰਭੀਰ ਚੋਟਾਂ ਲੱਗੀਆਂ । ਜਿਉਂ ਜਿਉਂ ਪੁਲਿਸ ਦਾ ਤਸ਼ੱਦਦ ਵਧਿਆ ਅੰਦੋਲਨ ਵੀ

ਜ਼ੋਰ ਫੜਦਾ ਗਿਆ, ਇਥੋਂ ਤਕ ਕਿ ਪੰਜਾਬ ਦੇ ਬਾਹਰੋਂ ਵੀ ਬਹੁਤ ਸਾਰੇ ਵਾਲੰਟੀਅਰ ਸਤਿਆਗ੍ਰਹਿ ਵਿਚ ਸ਼ਾਮਿਲ ਹੋ ਕੇ ਗਰਿਫਤਾਰੀਆਂ ਦੇਣ ਲੱਗੇ। ਗਰਿਫਤਾਰ ਹੋਏ ਵਾਲੰਟੀਅਰਾਂ ਦੀ ਸੰਖਿਆ ਹੌਲੀ ਹੌਲੀ 10,000 ਤਕ ਪਹੁੰਚ ਗਈ। ਇਸ ਦੌਰਾਨ ਫਿਰੋਜ਼ਪੁਰ ਸੈਂਟਰਲ ਜੇਲ੍ਹ ਵਿਚ ਇਕ ਗੰਭੀਰ ਦੁਰਘਟਨਾ ਹੋ ਗਈ। ਉਸ ਜੇਲ੍ਹ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਵਾਲੰਟੀਅਰ ਕੈਦ ਸਨ ਪਰ ਕੁਝ ਅਜੇਹਾ ਇਤਫਾਕ ਹੋਇਆ ਕਿ ਉਸ ਜੇਲ੍ਹ ਦੇ ਉੱਚ ਅਧਿਕਾਰੀ ਸਿੱਖ ਸਨ। ਜਾਪਦਾ ਹੈ ਉਨ੍ਹਾਂ ਦੇ ਮਨਾਂ ਵਿਚ ਸਤਿਆ-ਗ੍ਰਹੀਆਂ ਲਈ ਕੋਈ ਸਤਿਕਾਰ ਨਹੀਂ ਸੀ ਅਤੇ ਉਨ੍ਹਾਂ ਨੇ ਸਤਿਆਗ੍ਰਹੀਆਂ ਨੂੰ ਸਜ਼ਾ ਦੇ ਕੇ ਸਬਕ ਸਿਖਾਉਣ ਦੀ ਠਾਣ ਲਈ। ਸਿੱਟਾ ਇਹ ਹੋਇਆ ਕਿ ਜੇਲ੍ਹ ਵਾਰਡਰਾਂ ਨੇ ਵਾਲੰਟੀਅਰਾਂ ਨੂੰ ਸਖਤ ਮਾਰ ਕੁੱਟ ਕੀਤੀ, ਇਥੋਂ ਤਕ ਕਿ ਜਿਹੜੇ ਸਤਿਆਗ੍ਰਹੀ ਆਪਣੀਆਂ ਆਪਣੀਆਂ ਕੋਠੜੀਆਂ ਵਿਚ ਮੌਜੂਦ ਸਨ, ਉਨ੍ਹਾਂ ਨੂੰ ਵੀ ਬਾਹਰ ਕੱਢ ਕੇ ਬੁਰੀ ਤਰ੍ਹਾਂ ਕੁੱਟਿਆ। ਇਸ ਕੁੱਟ-ਮਾਰ ਦੇ ਸਿੱਟੇ ਵਜੋਂ ਉਨ੍ਹਾਂ ਵਿਚੋਂ ਇਕ ਸਤਿਆਗ੍ਰਹੀ ਚੌਧਰੀ ਸਮੇਰ ਸਿੰਘ ਕਾਲਵਸ ਹੋ ਗਿਆ। ਸਾਰੇ ਪੰਜਾਬ ਵਿਚ ਹਾਹਾਕਾਰ ਮੱਚ ਗਈ ਅਤੇ ਪੰਜਾਬ ਤੋਂ ਬਾਹਰ ਦੇ ਅਖਬਾਰਾਂ ਨੇ ਵੀ ਅਧਿਕਾਰੀਆਂ ਉੱਤੇ ਗੰਭੀਰ ਦੋਸ਼ ਲਾਏ। ਪਰ ਅੰਦੋਲਨ ਜ਼ੋਰ-ਸ਼ੋਰ ਨਾਲ ਚਲਦਾ ਰਿਹਾ। ਇਸ ਦੀ ਚਿੰਤਾ ਨ-ਕੇਵਲ ਪੰਜਾਬ ਸਰਕਾਰ ਨੂੰ ਹੀ ਹੋਈ ਸਗੋਂ ਕੇਂਦਰੀ ਸਰਕਾਰ ਨੂੰ ਵੀ ਹੋਣ ਲੱਗੀ, ਜਿਵੇਂ ਕਿ ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਹੋਰ ਮੰਤਰੀਆਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਜਿਨ੍ਹਾਂ ਵਿਚ ਵਾਲੰਟੀਅਰਾਂ ਨੂੰ ਸਤਿਆਗ੍ਰਹਿ ਬੰਦ ਕਰਨ ਦੀ ਅਪੀਲ ਕੀਤੀ ਗਈ ਸੀ ਅਤੇ ਕੁਝ ਨ ਕੁਝ ਭਰੋਸਾ ਵੀ ਦੁਆਇਆ ਗਿਆ ਸੀ ਕਿ ਸਤਿਆਗ੍ਰਹਿ ਬੰਦ ਹੋ ਜਾਣ ਤੇ ਉਨ੍ਹਾਂ ਦੀਆਂ ਮੰਗਾਂ ਵੱਲ ਲੋੜੀਂਦਾ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਦਿਨਾਂ ਵਿਚ ਅੰਦੋਲਨ ਦਾ ਆਗੂ ਮੱਧ ਪ੍ਰਦੇਸ਼ ਦੀ ਵਿਧਾਨ ਸਭਾ ਦਾ ਭੂਤਪੂਰਵ ਸਪੀਕਰ ਮਿਸਟਰ ਘਣਸ਼ਾਮ ਸਿੰਘ ਗੁਪਤਾ ਸੀ। ਉਹ ਕਾਂਗਰਸੀ ਹੈ ਜਿਸ ਕਰਕੇ ਉਸ ਦੇ ਮਨ ਵਿਚ ਕਾਂਗਰਸ ਦੀ ਸਰਕਾਰ ਪ੍ਰਤਿ ਕੁਦਰਤੀ ਹਮਦਰਦੀ ਸੀ। ਕੇਂਦਰ ਸਰਕਾਰ ਦੇ ਮੁਖੀ ਕਾਂਗਰਸ ਦੇ ਨੇਤਾਵਾਂ ਪ੍ਰਤਿ ਆਦਰ ਹੋਣ ਕਰਕੇ ਅਤੇ ਉਪਰੋਕਤ ਭਰੋਸਿਆਂ ਤੇ ਵਿਸ਼ਵਾਸ ਰੱਖਣ ਕਰਕੇ ਉਸ ਨੇ ਸਤਿਆਗ੍ਰਹਿ ਬੰਦ ਕਰਨ ਦਾ ਫੈਸਲਾ ਕਰ ਦਿੱਤਾ।

ਐਪਰ, ਖ਼ਾਲਸਾ ਕਾਲਿਜ ਦੇ ਭੂਤਪੂਰਵ ਪ੍ਰਿੰਸੀਪਲ ਸਰਦਾਰ ਬਹਾਦਰ ਜੋਧ ਸਿੰਘ ਅਤੇ ਮਿਸਟਰ ਜੈ ਚੰਦਰ ਵਿਦਿਆ ਲੰਕਾਰ ਤੇ ਆਧਾਰਿਤ ਇਕ ਸਦਭਾਵਨਾ ਕਮੇਟੀ ਨਿਯੁਕਤ ਕਰਨ ਤੋਂ ਪਹਿਲਾਂ ਕੇਂਦਰੀ ਸਰਕਾਰ ਜਾਂ ਪੰਜਾਬ ਸਰਕਾਰ ਨੇ ਰਾਊਂਡ ਟੇਬਲ ਕਾਨਫਰੰਸ ਬੁਲਾਉਣ ਜਾਂ ਅਜੇਹਾ ਹੋਰ ਕੋਈ ਕਦਮ ਨ ਚੁੱਕਿਆ, ਜਦੋਂ ਤੀਕ ਕਿ ਇਨ੍ਹਾਂ ਦੋਹਾਂ ਭੱਦਰ ਪੁਰਸ਼ਾਂ ਨੇ ਹਿੰਦੀ ਅਤੇ ਪੰਜਾਬੀ ਦੇ ਪੱਖੀਆਂ ਤੇ ਵਿਪੱਖੀਆਂ ਦੇ ਵਿਚਾਰਾਂ ਦਾ ਜਾਇਜ਼ਾ ਲੈਣ ਲਈ ਸਾਰੇ ਸੂਬੇ ਦਾ ਦੌਰਾ ਨ ਕਰ ਲਿਆ। ਉਨ੍ਹਾਂ ਨੇ ਆਪਣੀ ਰਿਪੋਰਟ ਇਕ ਸਾਲ ਤੋਂ ਵੀ

ਉੱਪਰ ਸਮੇਂ ਪਿੱਛੋਂ ਪੇਸ਼ ਕੀਤੀ। ਇਹ ਰਿਪੋਰਟ ਮਾਰਚ 1960 ਤਕ ਕਈ ਮਹੀਨੇ ਗੁਪਤ ਰੱਖੀ ਗਈ। ਇਸ ਤੋਂ ਪਿੱਛੋਂ ਪੰਜਾਬ ਸਰਕਾਰ ਦੇ ਰਾਜਪਾਲ ਮਿਸਟਰ ਐਨ. ਵੀ. ਗਾਡਗਿਲ ਦੀ ਅਧਿਅਕਸ਼ਤਾ ਅਧੀਨ ਵੱਖ ਵੱਖ ਹਿਤਾਂ ਦੇ 26 ਪ੍ਰਤਿਨਿਧਾਂ ਦੀ ਇਕ ਕਮੇਟੀ ਸਥਾਪਿਤ ਕੀਤੀ ਗਈ। ਸਦਭਾਵਨਾ ਕਮੇਟੀ ਦੇ ਮੈਂਬਰ ਇਸ ਵਡੇਰੀ ਕਮੇਟੀ ਦੇ ਵੀ ਮੈਂਬਰ ਸਨ। ਪਰ ਜਿਉਂ ਹੀ ਅਜੇਹੀ ਕਮੇਟੀ ਸਥਾਪਿਤ ਕਰਨ ਦਾ ਪ੍ਰਸਤਾਵ ਨਸ਼ਰ ਕੀਤਾ ਗਿਆ, ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਅਕਾਲੀਆਂ ਨੇ ਇਸ ਦਾ ਬਾਈਕਾਟ ਕਰਨ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਕਿਹਾ ਕਿ ਉਹ ਉਦੋਂ ਤੀਕ ਇਸ ਕਮੇਟੀ ਦਾ ਕੋਈ ਫੈਸਲਾ ਸਵੀਕਾਰ ਨਹੀਂ ਕਰਨਗੇ ਜਦੋਂ ਤੀਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਕਮੇਟੀ ਇਸ ਦੇ ਫੈਸਲੇ ਨੂੰ ਪ੍ਰਵਾਨ ਨਹੀਂ ਕਰਦੇ। ਇਸ ਲਈ ਅਕਾਲੀਆਂ ਨੇ ਇਸ ਕਮੇਟੀ ਵਿਚ ਆਪਣਾ ਕੋਈ ਪ੍ਰਤਿਨਿਧ ਨ ਭੇਜਿਆ ਪਰ ਕੁਝ ਇਕ ਗੈਰ-ਅਕਾਲੀ ਸਿੱਖ ਜ਼ਰੂਰ ਸ਼ਾਮਿਲ ਹੋ ਗਏ। ਇਸ ਕਮੇਟੀ ਦੀਆਂ ਕਈ ਬੈਠਕਾਂ ਹੋਈਆਂ, ਪਰ ਹੁਣ ਤਕ ਉਹ ਸਾਰੀਆਂ ਅਸਫਲ ਰਹੀਆਂ ਹਨ, ਕਿਉਂਕਿ ਸਿੱਖ ਅਤੇ ਹਿੰਦੂ ਪ੍ਰਤਿਨਿਧ ਕਿਸੇ ਪਰਸਪਰ ਸਮਝੌਤੇ ਤੇ ਨਹੀਂ ਪੁੱਜ ਸਕੇ। ਪੰਜਾਬ ਮੰਤਰੀ ਮੰਡਲ ਦਾ ਮੰਤਰੀ ਗਿਆਨੀ ਕਰਤਾਰ ਸਿੰਘ ਵੀ ਇਸ ਕਮੇਟੀ ਦਾ ਮੈਂਬਰ ਹੈ ਅਤੇ ਉਹ ਪੰਜਾਬੀ ਅਤੇ ਗੁਰਮੁਖੀ ਦਾ ਪੱਕਾ ਅਤੇ ਅਝੁਕ ਸਮਰਥਕ ਰਿਹਾ ਹੈ। ਕਮੇਟੀ ਨੇ ਇਸ ਸਵਾਲ ਉੱਤੇ ਵਿਚਾਰ ਕਰਨਾ ਸੀ ਕਿ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਕਿਹੜਾ ਹੋਵੇ ਅਤੇ ਕਿ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਅਤੇ ਦੇਵਨਾਗਰੀ ਅੱਖਰਾਂ ਵਿਚ ਹਿੰਦੀ ਦੋਵੇਂ ਪਹਿਲੀ ਜਮਾਤ ਤੋਂ ਪੜ੍ਹਾਈਆਂ ਜਾਣ ਜਾਂ ਕਿਸੇ ਉਚੇਰੀ ਜਮਾਤ ਤੋਂ। ਭਾਰਤ ਦੇ ਰਹਿ ਚੁਕੇ ਚੀਫ-ਜਸਟਿਸ ਡਾ. ਮਿਹਰ ਚੰਦ ਮਹਾਜਨ ਦਾ ਮੱਤ ਹੈ ਕਿ ਹਰੇਕ ਬੱਚੇ ਨੂੰ ਸ਼ੁਰੂ ਤੋਂ ਹੀ ਦੋਵੇਂ ਭਾਸ਼ਾਵਾਂ ਅਤੇ ਲਿਪੀਆਂ ਪੜ੍ਹਾਈਆਂ ਜਾਣ ਪਰੰਤੂ ਗਿਆਨੀ ਕਰਤਾਰ ਸਿੰਘ ਦੀ ਇੱਛਾ ਹੈ ਕਿ ਗੁਰਮੁਖੀ ਲਿਪੀ ਵਿਚ ਪੰਜਾਬੀ ਪਹਿਲੀ ਜਮਾਤ ਤੋਂ ਪੜ੍ਹਾਈ ਜਾਵੇ ਜਦ ਕਿ ਉਹ ਇਨੀ ਕੁ ਗੁੰਜਾਇਸ਼ ਦੇਣ ਨੂੰ ਤਿਆਰ ਹੈ ਕਿ ਦੇਵਨਾਗਰੀ ਲਿਪੀ ਵਿਚ ਹਿੰਦੀ ਦੀ ਪੜ੍ਹਾਈ ਦੂਜੀ ਜਾਂ ਤੀਜੀ ਪ੍ਰਾਇਮਰੀ ਜਮਾਤ ਤੋਂ ਸ਼ੁਰੂ ਕਰਵਾਈ ਜਾ ਸਕਦੀ ਹੈ ਪਰ ਸਿਖਿਆ ਦਾ ਮਾਧਿਅਮ ਧੁਰ ਤੀਕ ਪੰਜਾਬੀ ਰਹੇ। ਇਨ੍ਹਾਂ ਸਤਰਾਂ ਦੇ ਲਿਖਣ ਸਮੇਂ ਤਕ ਕਮੇਟੀ ਭੰਗ ਨਹੀਂ ਹੋਈ ਅਤੇ ਆਸ ਹੈ ਕਿ ਕੋਈ ਹੱਲ ਲੱਭਣ ਤਕ ਜਾਂ ਯਤਨ ਬੇਅਰਥ ਸਮਝ ਕੇ ਛੱਡ ਦੇਣ ਤਕ ਵਿਚਾਰ-ਵਟਾਂਦਰਾ ਕਰਦੀ ਰਹੇਗੀ। ਪਰ ਰਾਜਪਾਲ ਗਾਡਗਿਲ ਕੋਈ ਹੱਲ ਲੱਭਣ ਲਈ ਉਤਸੁਕ ਨਜ਼ਰ ਆਉਂਦੇ ਹਨ।"

ਇਸ ਦੌਰਾਨ ਮਾਸਟਰ ਤਾਰਾ ਸਿੰਘ ਨੇ ਇਕ ਹੋਰ ਰੋਸ ਨੂੰ ਵੀ ਹਵਾ ਦਿੱਤੀ ਹੈ ਕਿ ਸਰਕਾਰ ਸਿਖ-ਧਰਮ ਵਿਚ ਦਖ਼ਲ ਦੇ ਰਹੀ ਹੈ। ਉਨ੍ਹਾਂ ਨੇ ਦਿੱਲੀ ਜਾ ਕੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਅਤੇ ਆਪਣੇ ਇਸ ਇਰਾਦੇ ਦੀ ਘੋਸ਼ਣਾ ਕਰ ਦਿੱਤੀ ਕਿ ਉਹ ਭੁੱਖੇ ਰਹਿ

ਤੇ ਆਪਣੀ ਜਾਨ ਦੇ ਦੇਣਗੇ, ਜੇਕਰ ਸਰਕਾਰ ਨੇ ਸਿੱਖ ਧਰਮ ਵਿਚ ਦਖ਼ਲ ਨ ਦੇਣ ਦਾ ਨਿਸ਼ਚਿਤ ਅਤੇ ਅੰਤਿਮ ਫੈਸਲਾ ਨ ਲਿਆ। ਜਦੋਂ ਉਨ੍ਹਾਂ ਨੇ ਵਰਤ ਸ਼ੁਰੂ ਕੀਤਾ ਤਾਂ ਅਕਾਲੀ ਪ੍ਰੈਸ ਨੇ ਉਨ੍ਹਾਂ ਦਾ ਜ਼ੋਰਦਾਰ ਸਮਰਥਨ ਕੀਤਾ ਅਤੇ ਕਈ ਅਕਾਲੀਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਕਿ ਜੇ ਮਾਸਟਰ ਤਾਰਾ ਸਿੰਘ ਦੀ ਮੌਤ ਹੋ ਗਈ ਤਾਂ ਉਹ ਚੁੱਪ ਕਰ ਕੇ ਨਹੀਂ ਬੈਠੇ ਰਹਿਣਗੇ। ਇਸ ਦੌਰਾਨ ਨੈਸ਼ਨਲਿਸਟ ਸਿੱਖਾਂ ਦੇ ਇਕ ਪ੍ਰਤਿਨਿੱਧ ਮੰਡਲ ਨੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਉਸ ਨੂੰ ਇਸ ਗੱਲ ਤੇ ਰਾਜ਼ੀ ਕਰ ਲਿਆ ਕਿ ਉਹ ਮਾਸਟਰ ਤਾਰਾ ਸਿੰਘ ਨਾਲ ਉਸੇ ਤਰ੍ਹਾਂ ਭੇਟ ਕਰਨ ਜਿਵੇਂ ਕਿ ਮਾਸਟਰ ਜੀ ਨੇ ਜਦੋਂ ਉਹ ਪੰਜਾਬੀ ਸੂਬੇ ਲਈ ਅੰਦੋਲਨ ਚਲਾ ਰਹੇ ਸਨ, ਉਨ੍ਹਾਂ ਨਾਲ ਭੇਟ ਕੀਤੀ ਸੀ ਅਤੇ ਉਨ੍ਹਾਂ ਨੇ ਮਾਸਟਰ ਜੀ ਨੂੰ ਰੀਜਨਲ ਫਾਰਮੂਲਾ ਪ੍ਰਵਾਨ ਕਰਨ ਲਈ ਮਨਾ ਲਿਆ ਸੀ। ਪੰਡਿਤ ਜਵਾਹਰ ਲਾਲ ਨੇ ਮਾਸਟਰ ਤਾਰਾ ਸਿੰਘ ਨਾਲ ਗੱਲਬਾਤ ਕੀਤੀ ਅਤੇ ਸਾਰੀ ਸਮੱਸਿਆ ਤੇ ਉਸ ਨਾਲ ਵਿਚਾਰ-ਵਟਾਂਦਰਾ ਕੀਤਾ।

ਇਸ ਵਿਚਾਰ-ਵਟਾਂਦਰੇ ਦਾ ਸਿੱਟਾ ਇਹ ਨਿਕਲਿਆ ਕਿ ਚਾਰ ਵਿਅਕਤੀਆਂ ਦੀ ਇਕ ਕਮੇਟੀ ਬਣਾਈ ਗਈ ਜਿਸ ਵਿਚ ਦੋ ਅਕਾਲੀਆਂ ਦੇ ਅਤੇ ਦੋ ਸਰਕਾਰ ਦੇ ਪ੍ਰਤਿਨਿਧ ਸ਼ਾਮਿਲ ਸਨ। ਇਹ ਕਮੇਟੀ ਇਨ੍ਹਾਂ ਸਤਰਾਂ ਦੇ ਲਿਖਣ ਸਮੇਂ ਤਕ ਬੈਠੀ ਹੋਈ ਹੈ। ਅਕਾਲੀ ਪ੍ਰਤਿਨਿਧੀਆਂ ਨੇ ਇਕ ਗੰਭੀਰ ਮਸਲਾ ਖੜਾ ਕਰ ਦਿੱਤਾ ਕਿ ਸਿਵਲ ਪ੍ਰੋਸੀਜਰ ਕੋਡ ਅਧੀਨ ਕਮੇਟੀ ਨੂੰ ਬਹੁਤ ਸਾਰੇ ਅਧਿਕਾਰ ਮਿਲਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਮਿਸਲਾਂ ਵਿਚੋਂ ਕੋਈ ਵੀ ਦਸਤਾਵੇਜ਼ ਮੰਗਵਾਉਣ ਦਾ ਹੱਕ ਹੋਣਾ ਚਾਹੀਦਾ ਹੈ। ਅਜੇ ਤੀਕ ਕੋਈ ਅੰਤਿਮ ਫੈਸਲਾ ਨਹੀਂ ਹੋਇਆ ਅਤੇ ਕਮੇਟੀ ਅਜੇ ਤੀਕ ਵੀ ਬੈਠੀ ਹੋਈ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਵਿਸ਼ੇ ਨਾਲ ਸੰਬੰਧਿਤ ਅੰਤਿਮ ਫੈਸਲੇ ਤੇ ਪਹੁੰਚਣ ਵਲ ਇਹ ਕਮੇਟੀ ਅਜੇ ਤੀਕ ਕੋਈ ਕਦਮ ਨਹੀਂ ਚੁੱਕ ਸਕੀ ਭਾਵੇਂ ਉਕਤ ਦੋਸ਼ਾਂ ਦਾ ਸਰਕਾਰ ਜ਼ੋਰਦਾਰ ਖੰਡਨ ਕਰ ਰਹੀ ਹੈ।

ਇਸ ਸਮੇਂ ਦੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵਾਰਸ਼ਿਕ ਚੋਣਾਂ ਹੋਈਆਂ, ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਨੂੰ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਗਿਆ। ਇਹ ਗੱਲ ਉਨ੍ਹਾਂ ਉਤੇ ਗ਼ੈਬੀ ਗੋਲੇ ਵਾਂਗ ਡਿੱਗੀ, ਕਿਉਂਕਿ ਉਨ੍ਹਾ ਨੂੰ ਇਹ ਗੁਮਾਨ ਤਕ ਨਹੀਂ ਸੀ ਕਿ ਸਿੱਖ ਉਨ੍ਹਾਂ ਉਤੇ ਕਦੇ ਵੀ ਬੇ-ਪ੍ਰਤੀਤੀ ਕਰਨਗੇ। ਇਸ ਦੇ ਸਿੱਟੇ ਵਜੋਂ ਉਨ੍ਹਾਂ ਨੇ ਸਮੁੱਚੇ ਭਾਰਤ ਦਾ ਤੂਫਾਨੀ ਦੌਰਾ ਸ਼ੁਰੂ ਕਰ ਕੇ ਸਿੱਖਾਂ ਨੂੰ ਪੰਥ ਦੇ ਨਾਂ ਤੇ ਅਤੇ ਪੰਥ ਨੂੰ ਪੈਦਾ ਹੋਏ ਖਤਰੇ ਤੇ ਜ਼ੋਰ ਦੇ ਕੇ ਅਪੀਲ ਕੀਤੀ। ਆਪਣੀ ਅਪੀਲ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਸਿੱਖ ਜਨਤਾ ਦਾ ਸਮਰਥਨ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਪੰਜਾਬੀ ਸੂਬੇ ਦਾ ਨਾਅਰਾ ਮੁੜ ਬੁਲੰਦ ਕਰ ਦਿੱਤਾ ਅਤੇ ਸਿੱਖਾਂ ਨੂੰ ਵਿਸ਼ਵਾਸ ਦੁਆਇਆ ਕਿ ਜੇ ਉਹ

ਅਗਲੀਆਂ ਚੋਣਾਂ ਵਿਚ ਸਫਲ ਹੋ ਗਏ ਤਾਂ ਪੰਜਾਬੀ ਸੂਬਾ ਉਨ੍ਹਾਂ ਦੀ ਝੋਲੀ ਆ ਪਵੇਗਾ। ਇਸ ਅਪੀਲ ਦਾ ਜਨਤਾ ਤੇ ਭਾਰੀ ਅਸਰ ਪਿਆ ਜਿਸ ਦੇ ਸਿੱਟੇ ਵਜੋਂ ਮਾਸਟਰ ਤਾਰਾ ਸਿੰਘ ਦਾ ਦਲ ਸੰਪੂਰਣ ਬਹੁਸੰਮਤੀ ਨਾਲ ਜਿੱਤ ਗਿਆ ਅਤੇ ਉਨ੍ਹਾਂ ਨੂੰ ਮੁੜ ਪ੍ਰਧਾਨ ਚੁਣ ਲਿਆ ਗਿਆ।

ਐਪਰ, ਕੁਝ ਸਮੇਂ ਪਿੱਛੋਂ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਅਤੇ ਐਲਾਨ ਕਰ ਦਿੱਤਾ ਕਿ ਉਹ ਆਪਣਾ ਸਾਰਾ ਸਮਾਂ ਪੰਜਾਬੀ ਸੂਬੇ ਲਈ ਅੰਦੋਲਨ ਵਾਸਤੇ ਲਾਉਣਗੇ। ਇਸੇ ਦੌਰਾਨ ਉਹ ਪਾਕਿਸਤਾਨ ਵਿਚ ਸਥਿਤ ਸਿੱਖ ਤੀਰਥਾਂ ਦੀ ਯਾਤਰਾ ਲਈ ਵੀ ਗਏ ਅਤੇ ਲਾਹੌਰ, ਰਾਵਲਪਿੰਡੀ ਅਤੇ ਪਾਕਿਸਤਾਨ ਦੇ ਹੋਰ ਤੀਰਥ ਸਥਾਨਾਂ ਦੀ ਯਾਤਰਾ ਕੀਤੀ। ਪਾਕਿਸਤਾਨ ਦਾ ਦੌਰਾ ਕਰਦੇ ਸਮੇਂ ਉਨ੍ਹਾਂ ਨੇ ਆਪਣੇ ਭਾਸ਼ਣਾਂ ਵਿਚ ਕਿਹਾ ਕਿ ਮੁਸਲਮਾਨਾਂ ਦੀ ਪਾਕਿਸਤਾਨ ਦੀ ਮੰਗ ਜਾਇਜ਼ ਸੀ। ਉਨ੍ਹਾਂ ਨੇ ਲੋਕਾਂ ਅੱਗੇ ਉਸ ਤਸ਼ੱਦਦ ਵਾਸਤੇ ਅਫਸੋਸ ਵੀ ਪ੍ਰਗਟ ਕੀਤਾ ਜਿਹੜਾ ਵੰਡ ਸਮੇਂ ਪੂਰਬੀ ਪਾਕਿਸਤਾਨ ਵਿਚ ਸਿੱਖਾਂ ਨੇ ਮੁਸਲਮਾਨਾਂ ਤੇ ਕੀਤਾ ਸੀ। ਆਪਣੇ ਇਕ ਭਾਸ਼ਣ ਵਿਚ ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਵਿਚ ਮੇਰਾ ਘਰ ਹੈ ਅਤੇ ਭਾਵੇਂ ਸਰੀਰਕ ਤੌਰ ਤੇ ਮੈਂ ਭਾਰਤ ਵਿਚ ਰਹਿੰਦਾ ਹਾਂ, ਪਰ ਮੇਰਾ ਦਿਲ ਪਾਕਿਸਤਾਨ ਵਿਚ ਰਹਿੰਦਾ ਹੈ, ਜਿਸ ਨਾਲ ਮੇਰਾ ਸਨੇਹ ਹੈ। ਉਨ੍ਹਾਂ ਦੀ ਇਸ ਗੱਲ ਦਾ ਐਲਾਨ ਕਰਨ ਦੀ ਰਿਪੋਰਟ ਵੀ ਛਪੀ ਕਿ ਉਹ ਕਰਬਲਾ ਦੀ ਪ੍ਰਸਿੱਧ ਹਸਤੀ ਇਮਾਮ ਹੁਸੈਨ ਦੀ ਉਹ ਤਲਵਾਰ ਪਾਕਿਸਤਾਨ ਨੂੰ ਭੇਟਾ ਕਰਨਗੇ ਜਿਹੜੀ ਕਿ ਔਰੰਗਜ਼ੇਬ ਦੇ ਪੁੱਤਰ ਬਹਾਦਰਸ਼ਾਹ ਨੇ ਗੁਰੂ ਗੋਬਿੰਦ ਸਿੰਘ ਨੂੰ ਭੇਟਾ ਕੀਤੀ ਸੀ। ਸਿੱਖਾਂ ਨੇ ਇਸ ਘੋਸ਼ਣਾ ਵਿਰੁੱਧ ਭਾਰੀ ਰੋਸ ਪ੍ਰਗਟ ਕੀਤਾ ਅਤੇ ਇਤਰਾਜ਼ ਕੀਤਾ ਕਿ ਮਾਸਟਰ ਤਾਰਾ ਸਿੰਘ ਨੂੰ ਸਿੱਖਾਂ ਦੇ ਪਵਿੱਤਰਤਮ ਗੁਰਦੁਆਰਾ ਆਨੰਦਪੁਰ ਵਿਚ ਰੱਖੀ ਪਾਵਨ ਕਿਰਪਾਨ ਭੇਟਾ ਕਰਨ ਦਾ ਕੋਈ ਅਧਿਕਾਰ ਨਹੀਂ। ਪਾਕਿਸਤਾਨ ਤੋਂ ਪਰਤ ਆਉਣ ਉਪਰੰਤ ਉਨ੍ਹਾਂ ਨੇ ਪੰਜਾਬੀ ਸੂਬੇ ਲਈ ਅੰਦੋਲਨ ਹੋਰ ਵੀ ਤੇਜ਼ ਕਰ ਦਿੱਤਾ ਅਤੇ ਰਿਪੋਰਟ ਛਪੀ ਕਿ ਮਾਸਟਰ ਤਾਰਾ ਸਿੰਘ ਨੇ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਪੰਜਾਬੀ ਸੂਬਾ ਲੈਣ ਲਈ ਲੱਖਾਂ ਜਾਨਾਂ ਦੀ ਵੀ ਕੁਰਬਾਨੀ ਦੇਣੀ ਪਈ, ਤਾਂ ਵੀ ਉਹ ਇਸ ਤੋਂ ਸੰਕੋਚ ਨਹੀਂ ਕਰਨਗੇ। ਉਨ੍ਹਾਂ ਨੇ ਇਹ ਬਿਆਨ ਇਸ ਲਈ ਦਿੱਤਾ ਦੱਸਿਆ ਗਿਆ ਹੈ ਕਿਉਂਕਿ ਪੰਜਾਬ ਦੇ ਉਸ ਸਮੇਂ ਦੇ ਵਿੱਤ ਮੰਤਰੀ ਡਾ. ਗੋਪੀ ਚੰਦ ਨੇ ਐਲਾਨ ਕਰ ਦਿੱਤਾ ਸੀ ਕਿ ਪੰਜਾਬੀ ਸੂਬਾ ਉਨ੍ਹਾਂ ਦੀ ਲਾਸ਼ ਤੇ ਹੀ ਬਣੇਗਾ। ਅੰਦੋਲਨ ਲਗਾਤਾਰ ਜ਼ੋਰ ਫੜਦਾ ਗਿਆ, ਇਥੋਂ ਤੀਕ ਕਿ ਇਸ ਨਾਲ ਸੂਬੇ ਵਿਚ ਦਹਿਸ਼ਤ ਫੈਲ ਗਈ ਅਤੇ ਸਰਕਾਰ ਨੂੰ ਮਾਸਟਰ ਤਾਰਾ ਸਿੰਘ ਦੀ ਚੁਣੌਤੀ ਕਬੂਲ ਕਰਨੀ ਪੈ ਗਈ। ਮਾਸਟਰ ਜੀ ਨੂੰ 24 ਮਈ, 1960 ਵਾਲੇ ਦਿਨ ਅੰਮ੍ਰਿਤਸਰ ਵਿਖੇ ਗਰਿਫਤਾਰ ਕਰ ਕੇ ਧਰਮਸਾਲਾ ਭੇਜ ਦਿੱਤਾ ਗਿਆ ਅਤੇ ਸੈਂਕੜੇ ਹੋਰ ਅਕਾਲੀ ਵੀ ਫੜ ਲਏ ਗਏ ਜਦ ਕਿ

ਬਹੁਤ ਸਾਰੇ ਆਗੂ ਅਕਾਲੀਆਂ ਦੇ ਅਲੋਪ ਹੋ ਜਾਣ ਦੀਆਂ ਖਬਰਾਂ ਵੀ ਛਪੀਆਂ। ਪੰਜਾਬ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨੇ ਇਸ ਹਰਕਤ ਦਾ ਇਹ ਕਾਰਣ ਦਿੱਤਾ ਹੈ ਕਿ ਮਾਸਟਰ ਤਾਰਾ ਸਿੰਘ ਦੀਆਂ ਉਸ ਸਮੇਂ ਦੀਆਂ ਸਰਗਰਮੀਆਂ ਨੇ ਹਿੰਦੂ ਕੌਮ ਵਿਚ ਬੇਚੈਨੀ ਅਤੇ ਹਰਾਸ ਫੈਲਾ ਦਿੱਤਾ ਹੈ ਅਤੇ ਉਨ੍ਹਾਂ ਨੇ ਪਾਕਿਸਤਾਨ ਵਿਚ ਕੁਝ ਇਕ ਇਤਰਾਜ਼ ਯੋਗ ਗੱਲਾਂ ਕਹੀਆਂ ਹਨ। ਮਾਸਟਰ ਤਾਰਾ ਸਿੰਘ ਨੇ ਇਹ ਯੋਜਨਾ ਬਣਾਈ ਸੀ ਕਿ ਉਹ ਅੰਮ੍ਰਿਤਸਰ ਤੋਂ ਦਿੱਲੀ ਤਕ ਇਕ ਸ਼ਹੀਦੀ ਜਥੇ ਦੀ ਅਗਵਾਈ ਕਰਨਗੇ, ਜਿਹੜਾ ਰਾਹ ਵਿਚ ਸਿੱਖ ਤੀਰਥਾਂ ਦੀ ਯਾਤਰਾ ਕਰਦਾ ਹੋਇਆ ਦਿੱਲੀ ਪੁੱਜੇਗਾ ਅਤੇ 12 ਜੂਨ, 1960 ਵਾਲੇ ਦਿਨ ਦਿੱਲੀ ਵਿਚ ਕੇਸਰੀ ਬਾਣਾ ਅਤੇ ਕਾਲੀਆਂ ਪੱਗਾਂ ਪਹਿਨੀ ਅਕਾਲੀਆਂ ਦਾ ਇਕ ਭਾਰੀ ਜਲੂਸ ਕਢਿਆ ਜਾਵੇਗਾ। ਇਸੇ ਦੌਰਾਨ ਆਲ ਇੰਡੀਆ ਕਾਂਗਰਸ ਕਮੇਟੀ ਨੇ ਸਰਵਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ ਕਿ ਪੰਜਾਬੀ ਸੂਬਾ ਨਹੀਂ ਬਣਾਇਆ ਜਾਵੇਗਾ।

ਇਸ ਗੱਲ ਦੇ ਬਾਵਜੂਦ ਅਕਾਲੀਆਂ ਦਾ ਅੰਦੋਲਨ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ। ਜਿਥੋਂ ਤਕ ਦਿੱਲੀ ਦੇ ਜਲੂਸ ਦਾ ਸੰਬੰਧ ਹੈ, ਇਹ ਗੱਲ ਆਸ਼ਾ ਵਿਰੁੱਧ ਨਹੀਂ ਸੀ ਕਿ ਜਲੂਸ ਤੇ ਪਾਬੰਦੀ ਲਾ ਦਿੱਤੀ ਜਾਵੇਗੀ ਅਤੇ ਪਾਬੰਦੀ ਲਾ ਵੀ ਦਿੱਤੀ ਗਈ। ਤਾਂ ਵੀ ਦਿੱਲੀ ਦੇ ਅਕਾਲੀ ਆਗੂਆਂ ਨੇ ਪਾਬੰਦੀ ਤੋੜਨ ਦਾ ਫੈਸਲਾ ਕਰ ਲਿਆ। ਅਣਗਿਣਤ ਅਕਾਲੀ ਚਾਂਦਨੀ ਚੌਕ, ਦਿੱਲੀ ਵਿਚ ਬਣੇ ਸੀਸਗੰਜ ਗੁਰਦੁਆਰੇ ਵਿਚ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਜਲੂਸ ਦੀ ਸ਼ਕਲ ਵਿਚ ਵਾਲੰਟੀਅਰਾਂ ਦੇ ਜਥਿਆਂ ਦੀ ਅਗਵਾਈ ਕਰਨ ਦਾ ਯਤਨ ਕੀਤਾ। ਦਿੱਲੀ ਦੀ ਪੁਲਿਸ ਨੂੰ ਸਾਵਧਾਨ ਕਰ ਦਿੱਤਾ ਗਿਆ ਸੀ ਅਤੇ ਗੁਆਂਢੀ ਰਾਜਾਂ ਵਿਚੋਂ ਪੁਲਿਸ ਮੰਗਵਾ ਕੇ ਇਸ ਦੀ ਸੰਖਿਆ ਵਧਾ ਦਿੱਤੀ ਗਈ ਸੀ। ਜਿਉਂ ਹੀ ਜਥੇ ਬਾਹਰ ਨਿਕਲੇ ਕਿ ਪੁਲਿਸ ਨੇ ਉਨ੍ਹਾਂ ਨੂੰ ਗਰਿਫਤਾਰ ਕਰ ਲਿਆ, ਜਿਸ ਤੇ ਪੁਲਿਸ ਅਤੇ ਵਾਲੰਟੀਅਰਾਂ ਵਿਚਕਾਰ ਟੱਕਰ ਹੋ ਗਈ। ਜਿਵੇਂ ਕਿ ਅਖਬਾਰਾਂ ਵਿਚ ਛਪਿਆ ਇਸ ਟੱਕਰ ਵਿਚ ਸੈਂਕੜੇ ਲੋਕ ਜ਼ਖਮੀ ਹੋ ਗਏ। ਬਹੁਤ ਸਾਰੇ ਵਾਲੰਟੀਅਰਾਂ ਨੇ ਦਿੱਲੀ ਦੀ ਕੋਤਵਾਲੀ ਤੇ ਹਮਲਾ ਕਰ ਦਿੱਤਾ ਅਤੇ ਸਿਪਾਹੀਆਂ ਨੂੰ ਕੁਟਿਆ ਮਾਰਿਆ। ਸ਼ਾਮ ਦੇ ਵੇਲੇ ਕੋਤਵਾਲੀ ਦੇ ਅੱਗੇ ਦੋ ਤਿਨ ਘੰਟੇ ਜੰਮ ਕੇ ਲੜਾਈ ਹੁੰਦੀ ਰਹੀ ਜਿਸ ਵਿਚ ਸੈਂਕੜੇ ਸਿਪਾਹੀ ਤੇ ਅਕਾਲੀ ਜ਼ਖਮੀ ਹੋ ਗਏ। ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਹੰਝੂ-ਗੈਸ ਦੀ ਵਰਤੋਂ ਕੀਤੀ। ਕੁਝ ਸਮੇਂ ਲਈ ਭੀੜ ਇਧਰ ਉਧਰ ਖਿੰਡ ਗਈ ਪਰ ਛੇਤੀ ਹੀ ਪਰਤ ਕੇ ਕੋਤਵਾਲੀ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਇੱਟਾਂ-ਰੋੜੇ, ਬੋਤਲਾਂ, ਬਰਫ ਦੇ ਟੁਕੜੇ ਅਤੇ ਹੋਰ ਕਈ ਭਾਂਤ ਦੀਆਂ ਚੀਜ਼ਾਂ ਕੋਤਵਾਲੀ ਵਿਚ ਸੁੱਟੀਆਂ ਗਈਆਂ, ਜਿਸ ਨਾਲ ਬਹੁਤ ਸਾਰੇ ਬੰਦਿਆਂ ਅਤੇ ਕੁਝ ਪੁਲਿਸ ਅਫਸਰਾਂ ਨੂੰ ਸੱਟਾਂ ਵਜੀਆਂ। ਪੁਲਿਸ ਨੇ ਹੰਝੂ

ਗੈਸ ਦੀ ਵਰਤੋਂ ਕੀਤੀ ਪਰ ਭੀੜ ਨੇ ਹੰਝੂ-ਗੈਸ ਦੇ ਗੋਲੇ ਚੁੱਕ ਚੁੱਕ ਕੇ ਕੋਤਵਾਲੀ ਵਿਚ ਵਾਪਸ ਸੁੱਟ ਦਿੱਤੇ। ਕੋਤਵਾਲੀ ਤੇ ਇਕ ਹੱਥ ਗੋਲਾ ਜਿਹੜਾ ਵਿਦੇਸ਼ਾਂ ਦਾ ਬਣਿਆ ਅਤੇ ਜਿਸ ਉਤੇ ਯੂ. ਐਸ. ਏ. ਉਕਰਿਆ ਦੱਸਿਆ ਜਾਂਦਾ ਹੈ, ਵੀ ਸੁੱਟਿਆ ਗਿਆ। ਪਿਆਦਾ ਸਿਪਾਹੀਆਂ ਦੀ ਮਦਦ ਵਜੋਂ ਅਧਿਕਾਰੀਆਂ ਨੇ ਭੀੜ ਉਤੇ ਲਾਠੀ-ਚਾਰਜ ਕਰਨ ਲਈ ਘੋੜ-ਸਵਾਰ ਪੁਲਿਸ ਭੇਜੀ। ਕੁਝ ਵਾਲੰਟੀਅਰ ਸੀਸ ਗੰਜ ਗੁਰਦੁਆਰੇ ਦੀ ਛੱਤ ਤੇ ਚੜ੍ਹ ਗਏ ਅਤੇ ਉਥੋਂ ਘੋੜ-ਸਵਾਰ ਪੁਲਿਸ ਉੱਤੇ ਇੱਟਾਂ-ਰੋੜਿਆਂ ਆਦਿ ਦੀ ਵਰਖਾ ਕਰਨ ਲੱਗੇ। ਕੁਝ ਇਕ ਸਿਪਾਹੀਆਂ ਨੂੰ ਘੋੜਿਆਂ ਤੋਂ ਲਾਹ ਲਿਆ ਗਿਆ ਅਤੇ ਉਨ੍ਹਾਂ ਨੂੰ ਪਿੱਛਾ ਕਰਦੀ ਭੀੜ ਤੋਂ ਜਾਨਾਂ ਬਚਾਉਣ ਲਈ ਪੁਲਿਸ ਸਟੇਸ਼ਨ ਵਿਚ ਭੱਜ ਕੇ ਦਾਖ਼ਿਲ ਹੋਣਾ ਪਿਆ। ਭੀੜ ਨੇ ਉਨ੍ਹਾਂ ਵਰਦੀਆਂ ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਜਿਹੜੀਆਂ ਉਨ੍ਹਾਂ ਨੇ ਸਿਪਾਹੀਆਂ ਤੋਂ ਖੋਹੀਆਂ ਸਨ। ਭੀੜ ਦੀ ਅਗਵਾਈ 11 ਨਿਹੰਗ ਸਿੰਘਾਂ ਦੇ ਹੱਥਾਂ ਵਿਚ ਸੀ, ਜਿਨ੍ਹਾਂ ਨੇ ਆਪਣੀਆਂ ਤੇਗਾਂ ਧੂਹ ਲਈਆਂ ਜਦੋਂ ਉਹ ਪੁਲਿਸ ਦੇ ਘੇਰੇ ਨੂੰ ਤੋੜ ਕੇ ਅਗਾਂਹ ਵਧੇ। ਜਲੂਸ ਦੇ ਮੈਂਬਰਾਂ ਨੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਦੇ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ, ਜਿਸ ਦਾ ਮੁਰਦਾ ਵੀ ਜਲਾਇਆ ਗਿਆ, ਦੇ ਵਿਰੁੱਧ ਝੰਡੇ ਚੁੱਕੇ ਹੋਏ ਸਨ। ਸ਼ਾਮ ਦੇ ਵੇਲੇ ਪੁਲਿਸ ਨੇ ਇਕ ਸਿੱਖ ਫੜ ਕੇ ਉਸ ਕੋਲੋਂ 5 ਚਾਕੂ ਅਤੇ ਇਕ ਹੱਥ ਗੋਲਾ ਬਰਾਮਦ ਕੀਤਾ। ਇਸ ਟੱਕਰ ਵਿਚ ਬਹੁਤ ਸਾਰੇ ਸਿਪਾਹੀਆਂ ਤੋਂ ਇਲਾਵਾ ਡੀ. ਆਈ. ਜੀ. ਅਤੇ ਸੁਪਰਡੈਂਟ ਪੁਲਿਸ ਵੀ ਜ਼ਖਮੀ ਹੋਏ। ਕੁਝ ਅਕਾਲੀਆਂ ਨੂੰ ਵੀ ਸੱਟਾਂ ਵਜੀਆਂ ਅਤੇ ਉਨ੍ਹਾਂ ਵਿਚੋਂ ਇਕ ਨੂੰ ਹਸਪਤਾਲ ਲੈ ਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਇਹ ਸਭ ਕੁਝ 12 ਜੂਨ,1960 ਨੂੰ ਵਾਪਰਿਆ। ਜਿਵੇਂ ਕਿ 14 ਜੂਨ, 1960 ਦੇ ਅਖ਼ਬਾਰਾਂ ਵਿਚ ਛਪਿਆ, ਅਕਾਲੀਆਂ ਨੇ ਦਿੱਲੀ ਵਿਚ ਆਪਣਾ ਅੰਦੋਲਨ ਕੁਝ ਚਿਰ ਲਈ ਬੰਦ ਕਰ ਦਿੱਤਾ। ਦੂਜਾ ਮੋਰਚਾ ਲਾਉਣ ਦੀ ਸਲਾਹ ਬਣੀ ਪਰ ਮਾਸਟਰ ਤਾਰਾ ਸਿੰਘ ਵਲੋਂ ਹਿਦਾਇਤਾਂ ਮਿਲਣ ਤਕ ਸਥਗਿਤ ਕਰ ਦਿੱਤਾ ਗਿਆ। ਇਸੇ ਦੌਰਾਨ ਸਰਕਾਰ ਨੇ ਇਕ ਕਿਤਾਬਚਾ ਜਾਰੀ ਕੀਤਾ ਜਿਸ ਵਿਚ ਪੰਜਾਬੀ ਸੂਬੇ ਦੀ ਮੰਗ ਸੰਬੰਧੀ ਅਕਾਲੀਆਂ ਦੇ ਤਰਕ, ਰੀਜਨਲ-ਫਾਰਮੂਲੇ ਦੇ ਲਾਗੂ ਨ ਹੋਣ ਅਤੇ ਸਿੱਖਾਂ ਨਾਲ ਅਨਿਆਇ ਕਰਨ ਦੇ ਦੋਸ਼ਾਂ ਦਾ ਖੰਡਨ ਕੀਤਾ ਗਿਆ। ਕਿਤਾਬਚੇ ਵਿਚ ਲਿਖਿਆ ਹੋਇਆ ਹੈ ਕਿ ਉਪਰੋਕਤ "ਸਾਰੇ ਦੋਸ਼ ਨਿਰਾਧਾਰ ਹਨ ਅਤੇ ਇਨ੍ਹਾਂ ਦੋਸ਼ਾਂ ਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਅਤੇ ਰਾਜਨੀਤਿਕ ਕਾਰਣਾਂ ਕਰਕੇ ਪੰਜਾਬ ਦੀ ਵੰਡ ਦੇ ਵਿਚਾਰ ਦੇ ਪਸਾਰ ਲਈ ਬਾਰ ਬਾਰ ਜ਼ੋਰ ਦਿੱਤਾ ਗਿਆ ਹੈ।" ਲਾਏ ਗਏ ਦੋਸ਼ਾਂ ਦੇ ਉੱਤਰ ਵਿਚ ਕਿਹਾ ਗਿਆ ਹੈ ਕਿ "ਧਰਮ ਨਿਰਪੇਖ ਲੋਕਰਾਜੀ ਢਾਂਚੇ ਵਿਚ ਧਰਮ, ਮਤ ਜਾਂ ਸੰਪਰਦਾਇ ਦੇ ਆਧਾਰ ਤੇ ਕਿਸੇ ਨਾਗਰਿਕ ਨਾਲ ਫਰਕ ਰੱਖਣ

ਲਈ ਕੋਈ ਥਾਂ ਨਹੀਂ। ਇਸ ਲਈ ਸਿੱਖਾਂ ਨਾਲ ਜਾਣੇ-ਅਣਜਾਣੇ ਕਿਸੇ ਭਾਂਤ ਦਾ ਅਨਿਆਇ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਦੇ ਉਲਟ, ਉਨ੍ਹਾਂ ਨੂੰ ਸੁਤੰਤਰ ਵਪਾਰ, ਤਕਨੀਕੀ ਕਿੱਤਿਆਂ, ਖੇਤੀਬਾੜੀ ਅਤੇ ਸੇਵਾਵਾਂ ਰਾਹੀਂ ਤਰੱਕੀ ਦੇ ਅਣਗਿਣਤ ਅਵਸਰ ਪ੍ਰਾਪਤ ਹਨ। ਇਹ ਵੀ ਸਹੀ ਹੈ ਕਿ ਉਹ ਭਾਰਤ ਅੰਦਰ ਜੀਵਨ ਦੇ ਹਰੇਕ ਖੇਤਰ ਵਿਚ ਅਗਾਂਹ ਵਧੂ ਲੋਕਾਂ ਦੇ ਤੌਰ ਤੇ ਤਰੱਕੀ ਕਰ ਰਹੇ ਹਨ, ਕਿਉਂਕਿ ਵਿਸ਼ੇਸ਼-ਗੁਣਾਂ ਤੋਂ ਬਿਨਾਂ ਦੇਸ਼ ਵਿਚ ਕਿਤੇ ਵੀ ਹੋਰ ਕਿਸੇ ਆਧਾਰ ਤੇ ਫਰਕ ਨਹੀਂ ਕੀਤਾ ਜਾਂਦਾ। ਸਾਰਾ ਭਾਰਤ ਹੀ ਉਨ੍ਹਾਂ ਦਾ ਵਤਨ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਹਿੱਸੇ ਵਿਚ ਸੰਸਕ੍ਰਿਤਿਕ ਜਾਂ ਧਾਰਮਿਕ ਆਜ਼ਾਦੀ ਤੋਂ ਵਾਂਝਿਆਂ ਨਹੀਂ ਕੀਤਾ ਗਿਆ। ਸੋ ਉਨ੍ਹਾਂ ਨੂੰ ਸਮੁੱਚੇ ਭਾਰਤ ਵਿਚ ਹੀ ਬਿਨਾ ਕਿਸੇ ਭਾਂਤ ਦੀ ਪਾਬੰਦੀ ਤੋਂ ਵੱਧ ਤੋਂ ਵੱਧ ਉੱਨਤੀ ਕਰਨ ਦਾ ਅਵਸਰ ਪ੍ਰਾਪਤ ਹੈ। ਇਸ ਲਈ ਸਿੱਖਾਂ ਵਿਚ ਗਲਤ ਦਿਮਾਗੀ ਰੁਝਾਨ ਪੈਦਾ ਕਰਨਾ ਉਨ੍ਹਾਂ ਨੂੰ ਗੁਮਰਾਹ ਕਰ ਕੇ ਇਲਾਕਾਈ ਭਾਵਨਾ ਅਤੇ ਅਲਗ ਰਹਿਣ ਦੀ ਸੋਚ ਪੈਦਾ ਕਰਨਾ ਵਾਸਤਵਿਕ ਸਥਿਤੀ ਦੇ ਉਲਟ ਹੈ। ਇਸ ਦੇ ਉਲਟ ਇਹ ਗੱਲ ਉਨ੍ਹਾਂ ਵਿਚ ਹੀਣਤਾ ਦਾ ਅਹਿਸਾਸ ਪੈਦਾ ਕਰ ਕੇ ਅਤੇ ਉਨ੍ਹਾਂ ਦੀ ਸ਼ਕਤੀ ਅਤੇ ਸੋਮਿਆਂ ਨੂੰ ਗਲਤ ਦਿਸ਼ਾ ਵਲ ਲਾ ਕੇ ਉਨ੍ਹਾਂ ਨੂੰ ਕਮਜ਼ੋਰ ਵੀ ਕਰਦੀ ਹੈ।"

ਇਸ ਕਿਤਾਬ ਵਿਚ ਦਰਜ ਹੈ: "ਰਾਜ ਪੁਨਰਗਠਨ ਕਮਿਸ਼ਨਰ ਨੇ ਪੰਜਾਬੀ ਸੂਬੇ ਦੀ ਮੰਗ ਵੇਰਵੇ ਸਹਿਤ ਨਿਰੀਖਣ ਕਰਨ ਉਪਰੰਤ ਰੱਦ ਕਰ ਦਿੱਤੀ ਸੀ। ਰੀਜਨਲ ਫਾਰਮੂਲੇ ਵਾਲਾ ਹੱਲ ਸਿਆਣਪ, ਵਿਹਾਰਿਕਤਾ ਅਤੇ ਤਰਕ ਤੇ ਆਧਾਰਿਤ ਹੈ। ਇਸ ਲਈ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ ਨ-ਕੇਵਲ ਇਸ ਨੂੰ ਪ੍ਰਵਾਨ ਕਰ ਲਿਆ ਸੀ ਸਗੋਂ ਇਸ ਦੀ ਸ਼ਲਾਘਾ ਵੀ ਕੀਤੀ ਸੀ। ਪਰ ਸ਼ੱਕ ਹੈ ਕਿ ਇਸ ਦੇ ਪੂਰੀ ਤਰ੍ਹਾਂ ਲਾਗੂ ਹੋਣ ਦੀ ਉਡੀਕ ਕੀਤੇ ਬਿਨਾਂ ਹੀ ਜਾਂ ਮਿਲਵਰਤਣ ਦਿੱਤੇ ਬਿਨਾਂ ਹੀ ਉਨ੍ਹਾਂ ਨੇ, ਇਸ ਨੂੰ ਬਾਈਕਾਟ ਕਰਨ ਦਾ ਇਕਤਰਫਾ ਫੈਸਲਾ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਧਰਮ ਅਤੇ ਭਾਸ਼ਾ ਦੇ ਨਾਂ ਤੇ ਜੋਸ਼ ਫੈਲਾਉਣ ਦੀ ਆਪਣੀ ਪੁਰਾਣੀ ਚਾਲ ਮੁੜ ਅਪਣਾ ਲਈ।"

ਪੁਲਿਸ ਤੇ ਹਮਲਾ ਕਰਨ ਲਈ ਮੋਰਚੇ ਵਜੋਂ ਗੁਰਦਵਾਰਾ ਸੀਸ ਗੰਜ ਦੀ ਵਰਤੋਂ ਅਤੇ ਰਾਜਨੀਤਿਕ ਅਪਰਾਧੀਆਂ ਦੀ ਸੁਰੱਖਿਆ ਲਈ ਇਸ ਦੀ ਵਰਤੋਂ ਦੀ ਗੈਰ-ਅਕਾਲੀ ਸਿੱਖਾਂ ਅਤੇ ਆਮ ਜਨਤਾ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ। ਇਹ ਆਖਿਆ ਗਿਆ ਕਿ ਅਕਾਲੀਆਂ ਨੇ ਆਪਣੇ ਹਿੰਸਾਤਮਕ ਅਮਲਾਂ ਰਾਹੀਂ ਸਿੱਧ ਕਰ ਦਿੱਤਾ ਹੈ ਕਿ ਦਲ ਫਾਸਿਸਟ ਜਥੇਬੰਦੀ ਵਿਚ ਬਦਲ ਗਿਆ ਹੈ।

ਮਾਸਟਰ ਤਾਰਾ ਸਿੰਘ, ਜਿਨ੍ਹਾਂ ਨੂੰ ਕਿ ਪ੍ਰੀਵੈਨਸ਼ਨ ਐਕਟ (Prevention Act) ਅਧੀਨ ਧਰਮਸਾਲਾ ਵਿਖੇ ਨਜ਼ਰਬੰਦ ਕੀਤਾ ਗਿਆ ਹੈ, ਦਾ ਮਾਮਲਾ 14 ਜੂਨ, 1960 ਨੂੰ

ਪੰਜਾਬ ਹਾਈ ਕੋਰਟ ਦੇ ਮਿਸਟਰ ਜਸਟਿਸ ਦੁਲਟ ਦੀ ਅਧਿਅਕਸ਼ਤਾ ਅਧੀਨ ਬਣੇ ਸਲਾਹਕਾਰ ਬੋਰਡ ਦੇ ਸਾਹਮਣੇ ਪੇਸ਼ ਹੋਇਆ। ਇਹ ਮਾਮਲਾ 2 ਜੁਲਾਈ, 1960 ਤਕ ਸਥਗਿਤ ਕਰ ਦਿੱਤਾ ਗਿਆ। ਉਸ ਦਿਨ ਬੋਰਡ ਜੇਲ੍ਹ ਵਿਚ ਬੈਠੇਗਾ ਜਿਥੇ ਮਾਸਟਰ ਤਾਰਾ ਸਿੰਘ ਨਜ਼ਰਬੰਦ ਹਨ। ਮਾਸਟਰ ਤਾਰਾ ਸਿੰਘ ਨੇ ਆਪਣੇ ਮਾਮਲੇ ਦੀ ਆਪ ਵਕਾਲਤ ਕਰਨ ਲਈ ਆਗਿਆ ਦੇਣ ਵਾਸਤੇ ਦਰਖਾਸਤ ਦਿੱਤੀ ਹੈ ਅਤੇ ਬੋਰਡ ਨੇ ਉਨ੍ਹਾਂ ਦੀ ਦਰਖਾਸਤ ਪ੍ਰਵਾਨ ਕਰ ਲਈ ਹੈ। ਬੋਰਡ ਨੇ ਹੋਰ ਸੂਚਨਾ ਦੀ ਮੰਗ ਵੀ ਕੀਤੀ ਹੈ। ਜਿਹੜੇ ਕਾਰਣ ਮਾਸਟਰ ਤਾਰਾ ਸਿੰਘ ਨੂੰ ਉਨ੍ਹਾਂ ਦੀ ਗਰਿਫਤਾਰੀ ਦੇ ਦਿਨ 24 ਮਈ, 1960 ਨੂੰ ਦੱਸੇ ਗਏ ਸਨ, ਉਹ ਉਨ੍ਹਾਂ ਦੇ ਪੰਜਾਬੀ ਸੂਬੇ ਦੇ ਸਵਾਲ ਸੰਬੰਧੀ ਅਤਿਵਾਦੀ ਭਾਸ਼ਣਾਂ ਨਾਲ ਸੰਬੰਧਿਤ ਦੱਸੇ ਜਾਂਦੇ ਹਨ। ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤਕ ਹਾਈ ਕੋਰਟ ਦੁਆਰਾ ਸੁਣਵਾਈ ਦਾ ਸਿੱਟਾ ਉਪਲਬਧ ਨਹੀਂ ਸੀ।

ਅਕਾਲੀਆਂ ਦੀਆਂ ਗਰਿਫਤਾਰੀਆਂ ਜਾਰੀ ਹਨ। 13 ਜੂਨ, 1960 ਤਕ ਗਰਿਫਤਾਰ ਹੋਏ ਅਕਾਲੀਆਂ ਦੀ ਸੰਖਿਆ ਦੋ ਹਜ਼ਾਰ ਤੋਂ ਕੁਝ ਉਪਰ ਹੈ। 12 ਜੂਨ, 1960 ਨੂੰ ਅਕਾਲੀਆਂ ਦੇ ਪਹਿਲੇ ਮੋਰਚੇ ਦੀ ਅਸਫਲਤਾ ਤੋਂ ਪਿੱਛੋਂ ਉਨ੍ਹਾਂ ਨੇ ਹੋਰ ਮੋਰਚਾ ਲਾ ਦਿੱਤਾ ਹੈ ਅਤੇ ਰੋਜ਼ ਕੋਈ 12 ਅਕਾਲੀ ਸੀਸ ਗੰਜ ਗੁਰਦੁਆਰੇ ਵਿਚੋਂ ਬਾਹਰ ਆ ਕੇ ਗਰਿਫ-ਤਾਰੀਆਂ ਦਿੰਦੇ ਹਨ। ਅਕਾਲੀ ਅੰਮ੍ਰਿਤਸਰ, ਜੋ ਕਿ ਉਨ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਹੈ, ਵਿਖੇ ਦੂਸਰਾ ਮੋਰਚਾ ਲਾਉਣ ਦਾ ਵੀ ਇਰਾਦਾ ਰਖਦੇ ਹਨ। ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਤਾਪ ਸਿੰਘ ਕੈਰੋਂ ਜੋ ਕੇ ਦ੍ਰਿੜ੍ਹ ਇੱਛਾ ਵਾਲੇ ਵਿਅਕਤੀ ਕਰ ਕੇ ਜਾਣੇ ਜਾਂਦੇ ਹਨ, ਇਸ ਅੰਦੋਲਨ ਨੂੰ ਕੁਚਲ ਸੁਟੱਣ ਦਾ ਨਿਸ਼ਚਾ ਧਾਰੀ ਪ੍ਰਤੀਤ ਹੁੰਦੇ ਹਨ ਜਿਸ ਲਈ ਉਹ ਕੇਂਦਰੀ ਸਰਕਾਰ ਦੀ ਸਹਾਇਤਾ ਅਤੇ ਸਮੁੱਚੇ ਦੇਸ਼ ਦੀ ਹਮਦਰਦੀ ਤੇ ਭਰੋਸਾ ਰੱਖ ਰਹੇ ਹਨ।

ਮੁੱਖ ਮੰਤਰੀ ਨੇ 'ਲਿੰਕ' ਰਸਾਲੇ ਦੇ ਪੱਤਰ-ਪ੍ਰੇਰਕ ਨਾਲ ਹੋਈ ਇਕ ਵਿਸ਼ੇਸ਼ ਗੱਲ-ਬਾਤ ਵਿਚ ਦੱਸਿਆ ਕਿ "ਤਾਰਾ ਸਿੰਘ ਦਾ ਪੰਜਾਬੀ ਸੂਬੇ ਦਾ ਨਾਅਰਾ ਪੰਜਾਬ ਦੇ ਆਮ ਲੋਕਾਂ ਵਿਚੋਂ ਨਹੀਂ ਉਠਿਆ। ਪੰਜਾਬੀ ਭਾਸ਼ੀ ਲੋਕਾਂ ਅਤੇ ਹਿੰਦੀ ਰਿਜਨ ਵਿਚ ਵੱਸਣ ਵਾਲੇ ਹਰਿਆਣਵੀ ਭਾਸ਼ੀ ਲੋਕਾਂ ਵਿਚ ਤਕੜੀ ਸਾਂਝ ਹੈ। ਸਥਾਨਕ ਭਿੰਨਤਾ ਦੇ ਬਾਵਜੂਦ ਹਰਿਆਣਵੀ, ਮਲਵਈ ਅਤੇ ਦੁਆਬੀ ਸਭ ਪੰਜਾਬੀ ਹਨ। ਵਰਤਮਾਨ ਪੰਜਾਬ ਪੰਜਾਬੀਆਂ ਦਾ ਪੰਜਾਬ ਹੈ।"

ਆਪਣੀ ਮੇਜ਼ ਤੇ ਜ਼ੋਰ ਨਾਲ ਮੁੱਕਾ ਮਾਰਦਿਆਂ ਉਨ੍ਹਾਂ ਨੇ ਕਿਹਾ,"ਵੇਖੋ, ਮਾਸਟਰ ਤਾਰਾ ਸਿੰਘ ਪੰਜਾਬੀ ਸੂਬੇ ਦੇ ਨਾਅਰੇ ਦਾ ਆਧਾਰ ਭਾਸ਼ਾ ਨਹੀਂ ਬਣਾਉਂਦੇ। ਵਾਸਤਵ ਵਿਚ ਇਹ ਇਕ ਢਕਵੰਜ ਹੈ। ਉਹ ਅਜੇਹੇ ਨਾਅਰੇ ਸਿਰਫ ਕੇਂਦਰੀ ਸਰਕਾਰ ਅਤੇ ਦੋ ਨਾਲ ਨਾਲ ਵਸਦੀਆਂ ਕੌਮਾਂ ਨੂੰ ਡਰਾਉਣ ਲਈ ਲਾਉਂਦੇ ਹਨ। ਪੰਜਾਬ ਕਿਉਂਕਿ ਸਰਹੱਦੀ ਰਾਜ

ਹੈ, ਇਸ ਲਈ ਮਾਸਟਰ ਜੀ ਕੇਂਦਰ ਉਤੇ ਜ਼ੋਰ ਪਾਉਣ ਦਾ ਯਤਨ ਕਰ ਰਹੇ ਸਨ ਕਿ ਉਨ੍ਹਾਂ ਨੂੰ ਸਿੱਖਾਂ ਦਾ ਪ੍ਰਤਿਨਿਧ ਸਵੀਕਾਰ ਕੀਤਾ ਜਾਵੇ। ਸ਼ਾਇਦ ਉਹ ਆਪਣੇ ਨਾਅਰੇ ਸੰਬੰਧੀ ਆਪ ਵੀ ਗੰਭੀਰ ਨਹੀਂ। ਉਹ ਸਿਰਫ਼ ਦੂਜਿਆਂ ਨੂੰ ਡਰਾਉਣਾ ਚਾਹੁੰਦੇ ਹਨ। ਕਿਸੇ ਵੀ ਸੂਰਤ ਵਿਚ, ਪੰਜਾਬ ਵਿਚ ਅਸਥਿਰਤਾ ਜਾਂ ਅਸੁਰੱਖਿਆ ਜਾਂ ਗੈਰ-ਕਾਨੂੰਨੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।''

ਮੁੱਖ ਮੰਤਰੀ ਨੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਇਹ ਕੋਈ ਇਤਫ਼ਾਕੀਆ ਗੱਲ ਨਹੀਂ ਕਿ ਮਾਸਟਰ ਤਾਰਾ ਸਿੰਘ ਪਾੜੂ ਅਤੇ ਸੰਪਰਦਾਇਕ ਨਾਅਰੇ ਰਾਸ਼ਟਰੀ ਜੀਵਨ ਦੇ ਅਤਿਅੰਤ ਸਕੰਟਮਈ ਸਮੇਂ ਵਿਚ ਲਾ ਰਹੇ ਹਨ। ''ਖਿਮਾ ਕਰਨਾ ਜੇ ਮੈਂ ਆਖਾਂ ਕਿ ਅਕਾਲੀ ਆਗੂ ਸੌਦੇਬਾਜ਼ੀ ਕਰ ਰਿਹਾ ਹੈ, ਉਸ ਦੁਕਾਨਦਾਰ ਵਾਂਗ ਜੋ ਸਦਾ ਆਪਣੇ ਗਾਹਕਾਂ ਨੂੰ ਉਸ ਸਮੇਂ ਸਭ ਤੋਂ ਵੱਧ ਮੁੱਛਣ ਦਾ ਯਤਨ ਕਰਦਾ ਹੈ ਜਦੋਂ ਉਹ ਸੰਕਟ ਵਿਚ ਫਸੇ ਹੋਣ।''

ਸਰਦਾਰ ਪਰਤਾਪ ਸਿੰਘ ਕੈਰੋਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਪਛੱਮੀ ਪੰਜਾਬ ਵਿਚੋਂ ਆਏ ਅਤੇ ਨਿਹਿਤ ਹਿਤ ਰੱਖਣ ਵਾਲੇ ਹੋਰ ਸਿੱਖਾਂ ਦੀ ਮੰਗ ਦੱਸਿਆ। ''ਕਿਉਂਕਿ ਪੰਜਾਬ ਦੇ ਵਰਤਮਾਨ ਮੰਤਰੀ-ਮੰਡਲ ਦਾ ਦ੍ਰਿਸ਼ਟੀਕੋਣ ਕਿਰਤੀ-ਕ੍ਰਿਸਾਣ ਪੱਖੀ ਹੈ ਅਤੇ ਉਹ ਉਦਯੋਗਿਕ ਵਿਕਾਸ ਨੂੰ ਉਤਸਾਹਿਤ ਕਰਦਾ ਹੈ, ਇਹ ਹਿਤ ਸਾਨੂੰ ਮਜਬੂਰ ਕਰਨਾ ਚਾਹੁੰਦੇ ਹਨ ਕਿ ਅਸੀਂ ਉਨ੍ਹਾਂ ਸਾਹਮਣੇ ਝੁੱਕ ਜਾਈਏ।''

ਇਸੇ ਦੌਰਾਨ ਰਾਜਧਾਨੀ ਵਿਚ ਵਾਪਰੀ ਇਕ ਅਜੀਬ ਘਟਨਾ ਨੇ ਹਲਚਲ ਮਚਾ ਦਿੱਤੀ। ਪ੍ਰੈਸ ਵਿਚ ਇਹ ਰਿਪੋਰਟ ਛਪੀ ਕਿ ਦੋ ਮੁਸਲਮਾਨ ਨੌਜਵਾਨ ਵਿਦਿਆਰਥੀ ਪਾਕਿਸਤਾਨੋਂ ਦਿੱਲੀ ਆਏ ਅਤੇ ਸੀਸਗੰਜ ਗੁਰਦੁਆਰੇ ਵਿਚ ਅਕਾਲੀਆਂ ਦੇ ਮਹਿਮਾਨ ਬਣ ਕੇ ਠਹਿਰੇ। ਇਹ ਵੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਕੋਲ ਅਕਾਲੀਆਂ ਦੇ ਨਾਂ ਪਾਕਿਸਤਾਨੀ ਅਧਿਕਾਰੀਆਂ ਦੀਆਂ ਕੁਝ ਚਿੱਠੀਆਂ ਸਨ ਅਤੇ ਦਿੱਲੀ ਦੀ ਪੁਲਿਸ ਇਨ੍ਹਾਂ ਭੇਦ ਭਰੇ ਯਾਤਰੀਆਂ ਦੀ ਪੁੱਛ-ਪੜਤਾਲ ਕਰ ਰਹੀ ਹੈ। ਇਸ ਪੁੱਛ-ਪੜਤਾਲ ਦਾ ਸਿੱਟਾ ਅਜੇ ਪਤਾ ਨਹੀਂ ਲੱਗਿਆ ਪਰ ਇਹ ਘਟਨਾ ਅਵੱਸ਼ ਹੀ ਲੋਕ-ਮਨਾਂ ਅਤੇ ਕੇਂਦਰੀ ਸਰਕਾਰ ਉਤੇ ਅਜੇਹਾ ਅਸਰ ਪਾਵੇਗੀ, ਜਿਹੜਾ ਹੋਰ ਭਾਵੇਂ ਕਿਹੋ ਜੇਹਾ ਵੀ ਹੋਵੇ, ਉਨ੍ਹਾਂ ਸਿੱਖਾਂ ਦੇ ਹਿਤਾਂ ਵਿਚ ਨਹੀਂ ਹੋਵੇਗਾ ਜਿਨ੍ਹਾਂ ਦੀ ਵਰਤਮਾਨ ਭਾਰਤ ਸਰਕਾਰ ਪ੍ਰਤਿ ਵਫ਼ਾਦਾਰੀ ਨੂੰ ਮਾਸਟਰ ਤਾਰਾ ਸਿੰਘ ਦੇ ਕਥਨਾਂ ਨੇ ਪਹਿਲਾਂ ਹੀ ਹਿਲਾ ਦਿੱਤਾ ਹੈ।

ਪਿਛੇ ਜੇਹੇ ਮਿਸਟਰ ਵੀਰੇਂਦਰ ਐਮ. ਐਲ. ਏ. ਸੰਪਾਦਕ, ਰੋਜ਼ਾਨਾ ਪ੍ਰਤਾਪ, ਜਾਲੰਧਰ ਦੀ ਅਗਵਾਈ ਵਿਚ ਆਰੀਆ ਸਮਾਜੀ ਅਤੇ ਸਨਾਤਨੀ ਹਿੰਦੂਆਂ ਦਾ ਇਕ ਪਤਿਨਿਧੀ ਮੰਡਲ ਪੰਜਾਬ ਵਿਚ ਅਕਾਲੀਆਂ ਦੁਆਰਾ ਪੈਦਾ ਕੀਤੇ ਹਾਲਾਤ ਬਾਰੇ ਜਾਣਕਾਰੀ ਦੇਣ ਲਈ ਪੰਡਿਤ ਜਵਾਹਰ ਲਾਲ ਨੂੰ ਮਿਲਿਆ। ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨੇ

ਪ੍ਰਤਿਨਿਧੀਆਂ ਨੂੰ ਵਿਸ਼ਵਾਸ ਦੁਆਇਆ ਹੈ ਕਿ ਕਿਸੇ ਹਾਲਤ ਵਿਚ ਵੀ ਦੇਸ਼ ਪੰਜਾਬੀ ਸੂਬੇ ਦੀ ਮੰਗ ਸਵੀਕਾਰ ਨਹੀਂ ਕਰੇਗਾ।

ਇਕ ਵਾਰੀ ਫੇਰ 24 ਜੂਨ, 1960 ਵਾਲੇ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨੇ ਨਵੀਂ ਦਿੱਲੀ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਸਮੇਂ ਕਿਹਾ ਸੀ ਕਿ ਪੰਜਾਬ ਰਾਜ ਇਤਨਾ ਵੱਡਾ ਨਹੀਂ ਕਿ ਉਸ ਦੇ ਮੁੜ ਟੁਕੜੇ ਕਰ ਦਿੱਤੇ ਜਾਣ ਅਤੇ ਹੋਰ ਭਾਵੇਂ ਜੋ ਮਰਜ਼ੀ ਕਿਹਾ ਜਾਵੇ, ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਅੰਦੋਲਨ ਸੰਪਰਦਾਇਕ ਸੋਚ ਦਾ ਸਿੱਟਾ ਹੈ। ਆਪਣੀ ਗੱਲ ਜਾਰੀ ਰਖਦੇ ਹੋਏ ਪੰਡਿਤ ਜੀ ਨੇ ਪੰਜਾਬੀ ਸੂਬੇ ਲਈ ਅਕਾਲੀ ਅੰਦੋਲਨ ਨੂੰ 'ਦੁਰਚਿੰਤਨ' ਦਾ ਸਿੱਟਾ ਦਸਿਆ ਅਤੇ ਕਿਹਾ ਕਿ ਪੰਜਾਬ ਦੀ ਵੰਡ ਆਰਥਿਕ ਅਤੇ ਰਾਜਨੀਤਿਕ ਦੋਹਾਂ ਦ੍ਰਿਸ਼ਟੀਕੋਣਾਂ ਤੋਂ, ਪੰਜਾਬ ਲਈ ਮੰਦਭਾਗੀ ਸਾਬਤ ਹੋਵੇਗੀ।

ਹਿੰਦੋਸਤਾਨ ਟਾਈਮਜ਼, ਨਵੀਂ ਦਿੱਲੀ,
25 ਜੂਨ, 1960

ਸਿੱਖਾਂ ਦਾ ਭਵਿੱਖ

ਸਿੱਖ ਭਾਰਤ ਦੀ ਕੁੱਲ ਵਸੋਂ ਦੇ ਇਕ ਪ੍ਰਤਿਸ਼ਤ ਤੋਂ ਬਹੁਤ ਵੱਧ ਨਹੀਂ। ਪਰ ਸਰਕਾਰ ਅਤੇ ਲੋਕਾਂ ਵਿਚ ਉਨ੍ਹਾਂ ਦੀ ਮਹੱਤਤਾ ਅਤੇ ਰਸੂਖ ਉਨ੍ਹਾਂ ਦੀ ਗਿਣਤੀ ਨਾਲੋਂ ਕਿਤੇ ਵੱਧ ਹੈ। ਇਸ ਦੇ ਕਈ ਕਾਰਣ ਹਨ। ਪਹਿਲਾ ਕਾਰਣ ਤਾਂ ਇਹ ਹੈ ਕਿ ਉਹ ਪੰਜਾਬ ਦੇ ਸਭ ਤੋਂ ਪਿਛਲੇਰੇ ਹਾਕਿਮ ਰਹੇ ਹਨ। ਇਸ ਵਿਚ ਉਹ ਪ੍ਰਤਿਸ਼ਠਾ ਵੀ ਸ਼ਾਮਿਲ ਹੈ ਜਿਹੜੀ ਉਨ੍ਹਾਂ ਨੇ ਬਰਤਾਨਵੀ ਸਰਕਾਰ ਦੇ 1857 ਦੇ ਵਿਦਰੋਹ ਨੂੰ ਕੁਚਲਣ ਵਿਚ ਸਹਾਇਕ ਹੋਣ ਦੇ ਨਾਤੇ ਪ੍ਰਾਪਤ ਕੀਤੀ ਅਤੇ ਜਿਸ ਵਿਚ ਉਨ੍ਹਾਂ ਨੂੰ ਬਰਤਾਨੀਆ ਦੀ ਭਾਰਤੀ ਸੈਨਾ ਦੇ ਉੱਤਮ ਯੋਧੇ ਹੋਣ ਦੀ ਵਿਲੱਖਣਤਾ ਮਿਲੀ। ਸੈਨਾ ਵਿਚ ਉਨ੍ਹਾਂ ਦੀ ਵਰਤਮਾਨ ਗਿਣਤੀ ਵੀ ਉਨ੍ਹਾਂ ਦੀ ਜਨਸੰਖਿਆ ਦੇ ਅਨੁਪਾਤ ਤੋਂ ਬਹੁਤ ਜ਼ਿਆਦਾ ਹੈ। ਉਹ ਭਾਰਤ ਦੀ ਸਭ ਤੋਂ ਉੱਤਮ ਜਥੇਬੰਦ ਜਾਤੀ ਵੀ ਹੈ। ਉਨ੍ਹਾਂ ਦਿਆਂ ਵਰਤਮਾਨ ਆਗੂਆਂ ਵਿਚ ਭਾਰੀ ਮਤ-ਭੇਦ ਹੋਣ ਦੇ ਬਾਵਜੂਦ, ਉਹ ਬੜੀ ਤੇਜ਼ੀ ਨਾਲ ਇਕਮਿਕ ਹੋ ਸਕਦੇ ਹਨ, ਜਦੋਂ ਅਤੇ ਜਿਥੇ ਵੀ ਉਨ੍ਹਾਂ ਦੇ ਹਿਤ ਇਸ ਦੀ ਮੰਗ ਕਰਦੇ ਹੋਣ। ਉਨ੍ਹਾਂ ਦੀ ਆਪਣੇ ਧਰਮ ਲਈ ਕੁਰਬਾਨੀ ਦੇਣ ਅਤੇ ਤਸੀਹੇ ਸਹਿਣ ਦੀ ਪਰੰਪਰਾ ਹੁਣ ਵੀ ਉਨ੍ਹਾਂ ਨੂੰ ਅਜੇਹੇ ਸਾਹਸਪੂਰਣ ਕਰਨਾਮਿਆਂ ਲਈ ਪ੍ਰੇਰਦੀ ਹੈ ਜਿਹੜੇ ਕੁਰਬਾਨੀ, ਵਿਰੋਧ ਅਤੇ ਸਹਿਨਸ਼ੀਲਤਾ ਦੀ ਅਦੁੱਤੀ ਉਦਾਹਰਣ ਹੁੰਦੇ ਹਨ। ਇਸ ਸ਼ਕਤੀ ਦਾ ਬਹੁਤ ਸਾਰਾ ਪ੍ਰਮਾਣ ਪਹਿਲਾਂ ਵਰਣਿਤ ਉਨ੍ਹਾਂ ਦੇ ਕਈ ਮੋਰਚਿਆਂ ਤੋਂ ਮਿਲ ਜਾਂਦਾ ਹੈ। ਇਸ ਤੋਂ ਇਲਾਵਾ 1925 ਵਿਚ ਸਿੱਖ ਗੁਰਦੁਆਰਾ ਕਾਨੂੰਨ ਦਾ ਪਾਸ ਹੋਣਾ ਅਤੇ ਇਸ ਦਾ 1945 ਵਿਚ ਸੰਸ਼ੋਧਨ ਹੋਣਾ ਉਨ੍ਹਾਂ ਦੇ ਕੇਂਦਰੀ ਬੋਰਡ ਲਈ ਬਹੁਤ ਲਾਭਕਾਰੀ ਸਿੱਧ ਹੋਇਆ ਹੈ ਤੇ ਇਸ ਨੇ ਉਨ੍ਹਾਂ ਦੀ ਕੌਮੀ ਜਥੇਬੰਦੀ ਨੂੰ ਸਰਕਾਰੀ ਆਧਾਰ ਪ੍ਰਦਾਨ ਕਰ ਕੇ ਪੱਕੇ ਪੈਰਾਂ ਤੇ ਖੜਾ ਕਰ ਦਿੱਤਾ ਹੈ। ਇਹ ਕੇਂਦਰੀ ਬੋਰਡ ਜਾਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੜੀ ਆਮ ਤੌਰ ਤੇ ਐਸ. ਜੀ. ਪੀ. ਸੀ. ਦੇ ਨਾਂ ਨਾਲ ਪ੍ਰਸਿੱਧ ਹੈ, ਇਕ ਕਾਨੂੰਨੀ ਸੰਸਥਾ ਹੈ ਜਿਹੜੀ ਹਰ ਧਰਮ ਅਤੇ ਸ਼੍ਰੇਣੀ ਦਿਆਂ ਸਿੱਖਾਂ ਰਾਹੀਂ ਚੁਣੀ ਜਾਂਦੀ ਹੈ ਅਤੇ ਜਿਸ ਵਿਚ ਸਿੱਖ ਰਾਜਿਆਂ ਦੇ ਨਾਮਜ਼ਦ ਕੀਤੇ ਵੀਹ ਮੈਂਬਰ ਵੀ ਸ਼ਾਮਿਲ ਹੁੰਦੇ ਹਨ। ਇਸ ਦਾ ਸੈਂਕੜੇ ਮਹੱਤਵਪੂਰਣ ਗੁਰਦੁਆਰਿਆਂ ਤੇ ਪੂਰਣ

ਨਿਯੰਤ੍ਰਣ ਹੈ ਅਤੇ ਇਨ੍ਹਾਂ ਗੁਰਦਵਾਰਿਆਂ ਨਾਲ ਜੁੜੀ ਸੰਪੱਤੀ ਤੋਂ ਲਗ ਭਗ ਵੀਹ ਲੱਖ ਰੁਪਏ ਵਾਰਸ਼ਿਕ ਦੀ ਆਮਦਨ ਇਕੱਤਰ ਹੁੰਦੀ ਹੈ। ਜਿਥੋਂ ਤਕ ਉਨ੍ਹਾਂ ਦੇ ਧਾਰਮਿਕ ਮੁਆ-ਮਲਿਆਂ ਅਤੇ ਜਥੇਬੰਦੀਆਂ ਦਾ ਸੰਬੰਧ ਹੈ, ਅਜੇਹਾ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਰਾਜ ਵਿਚ ਆਪਣਾ ਉਪ-ਰਾਜ ਸਥਾਪਿਤ ਕਰ ਲਿਆ ਹੈ। ਇਸ ਨੇ ਉਨ੍ਹਾਂ ਦੇ ਕੇਂਦਰੀ ਬੋਰਡ ਨੂੰ ਸੈਂਕੜੇ ਪ੍ਰਚਾਰਕ ਨਿਯੁਕਤ ਕਰਨ ਦੇ ਯੋਗ ਬਣਾ ਦਿੱਤਾ ਹੈ ਜਿਹੜੇ ਕੇਵਲ ਧਾਰਮਿਕ ਬਾਣੀ ਦਾ ਜਾਪ ਕਰਨ ਵਾਲੇ ਹੀ ਨਹੀਂ ਸਗੋਂ ਵਾਸਤਵਿਕ ਰੂਪ ਵਿਚ ਉਨ੍ਹਾਂ ਦੇ ਰਾਜਨੀਤਿਕ ਏਜੰਟ ਹੁੰਦੇ ਹਨ। ਉਹ ਕੇਵਲ ਸਿੱਖ ਧਾਰਮਿਕ ਵਿਚਾਰਾਂ ਦਾ ਪ੍ਰਚਾਰ ਹੀ ਨਹੀਂ ਕਰਦੇ ਸਗੋਂ ਕੌਮ ਨੂੰ ਇਕ-ਮੁੱਠ ਵੀ ਕਰਦੇ ਹਨ ਤੇ ਉਨ੍ਹਾਂ ਦੇ ਸਮਾਜਕ ਅਤੇ ਰਾਜਨੀਤਿਕ ਹਿਤਾਂ ਦੀ ਨਿਗਰਾਨੀ ਵੀ ਕਰਦੇ ਹਨ। ਉਹ ਭਾਰਤ ਵਿਚ ਵਰਤਮਾਨ ਸਮੇਂ ਦੇ ਜੋਰਦਾਰ ਅਤੇ ਪ੍ਰਭਾਵਸ਼ਾਲੀ ਪ੍ਰਚਾਰਕ ਹਨ। ਸਿੱਖ ਆਧੁਨਿਕ ਵਿਦਿਆ ਦੀ ਮਹੱਤਤਾ ਬਾਰੇ ਵੀ ਉੱਨੇ ਹੀ ਜਾਗ੍ਰਿਤ ਰਹੇ ਹਨ। ਸਮੁੱਚੇ ਪੰਜਾਬ ਵਿਚ ਉਨ੍ਹਾਂ ਦੇ ਕਈ ਡਿਗਰੀ ਕਾਲਿਜ ਅਤੇ ਬਹੁਤ ਸਾਰੇ ਹਾਈ ਸਕੂਲ ਹਨ। ਲੋਕ ਸੇਵਾਵਾਂ ਦਾ ਕੋਈ ਅਜੇਹਾ ਵਿਭਾਗ ਨਹੀਂ ਅਤੇ ਨਾ ਹੀ ਲੋਕ ਜੀਵਨ ਦਾ ਕੋਈ ਅਜੇਹਾ ਪੱਖ ਹੈ ਜਿਸ ਵਿਚ ਸਿੱਖ ਕੋਈ ਮਹੱਤਵਪੂਰਣ ਹਿੱਸਾ ਲੈ ਕੇ ਆਪਣੀ ਹੋਂਦ ਦਾ ਦੂਜਿਆਂ ਨੂੰ ਅਨੁਭਵ ਨ ਕਰਾ ਦਿੰਦੇ ਹੋਣ। ਸਿੱਖਾਂ ਦੀ ਸ਼ਕਤੀ ਅਤੇ ਮਹੱਤਤਾ ਕੇਵਲ ਸਰਕਾਰ ਅਤੇ ਆਮ ਲੋਕ ਹੀ ਨਹੀਂ ਮੰਨਦੇ ਸਗੋਂ ਇੰਡੀਅਨ ਨੇਸ਼ਨਲ ਕਾਂਗਰਸ ਵੀ ਉਤਨਾ ਹੀ ਸਵੀਕਾਰ ਕਰਦੀ ਹੈ ਕਿਉਂਕਿ ਇਹ ਉਨ੍ਹਾਂ ਦੀਆਂ ਰਾਸ਼ਟਰੀ ਉੱਦੇਸ਼ ਲਈ ਕੀਤੀਆਂ ਸਾਹਸਪੂਰਣ ਕੁਰਬਾਨੀਆਂ ਤੋਂ ਅਤਿ ਪ੍ਰਭਾਵਿਤ ਹੈ। ਇਸ ਗੱਲ ਦਾ ਇਸ ਸਚਾਈ ਤੋਂ ਪਤਾ ਲਗਦਾ ਹੈ ਕਿ ਕਾਂਗਰਸ ਆਪਣੇ ਰਾਸ਼ਟਰੀ ਝੰਡੇ ਵਿਚ ਉਨ੍ਹਾਂ ਦਾ ਰੰਗ ਸ਼ਾਮਿਲ ਕਰਨ ਲਈ ਅਤੇ 1929 ਵਿਚ ਸਿੱਖਾਂ ਨੂੰ ਇਹ ਭਰੋਸਾ ਦੇਣ ਲਈ ਮਜਬੂਰ ਹੋ ਗਈ ਸੀ ਕਿ ਕੋਈ ਵੀ ਵਿਧਾਨਿਕ ਮੁਹਾਇਦਾ ਉਨ੍ਹਾਂ ਦੇ ਆਗੂਆਂ ਨਾਲ ਸਲਾਹ ਕਰਨ ਤੋਂ ਬਿਨਾਂ ਨਹੀਂ ਕੀਤਾ ਜਾਵੇਗਾ। ਇਹ ਗੱਲ ਦਸੰਬਰ 1929 ਵਿਚ ਹੋਈ।

ਇਹ ਹੈ ਵਰਤਮਾਨ ਸਮੇਂ ਦਾ ਖ਼ਾਲਸਾ। ਜੇ ਸਿੱਖ ਅਠਾਰ੍ਹਵੀਂ ਸਦੀ ਦੇ ਮੱਧ ਵਿਚ ਇਸ ਤੋਂ ਅੱਧੇ ਵਿਰਕ੍ਹ ਹੁੰਦੇ ਅਤੇ ਅੱਜ ਨਾਲੋਂ ਅੱਧੇ ਵੀ ਜਥੇਬੰਦ ਹੁੰਦੇ, ਤਾਂ ਉਹ ਰਣਜੀਤ ਸਿੰਘ ਉਦੇ ਤੋਂ ਪੰਜਾਹ ਵਰ੍ਹੇ ਪਹਿਲਾਂ ਹੀ ਆਸਾਨੀ ਨਾਲ ਇਕ ਤਕੜੀ ਸਿੱਖ ਸਲਤਨਤ ਕਾਇਮ ਕਰ ਲੈਂਦੇ ਅਤੇ ਰਣਜੀਤ ਸਿੰਘ ਦੀ ਸ਼ਕਤੀ ਦਸ ਗੁਣਾ ਵਧੇਰੇ ਹੁੰਦੀ। ਇਸ ਤੋਂ ਇਲਾਵਾ ਸਿੱਖ ਹੁਣ ਤਕ ਵੀ ਪੰਜਾਬ ਅਤੇ ਸਰਹੱਦੀ ਸੂਬੇ ਉਤੇ ਰਾਜ ਕਰਦੇ ਹੁੰਦੇ। ਖ਼ਾਲਸੇ ਵਿਚ ਜਾਗ੍ਰਿਤ ਕੋਈ ਇਕ ਸਦੀ ਪਿੱਛੋਂ ਆਈ ਹੈ।

ਉਨ੍ਹਾਂ ਦਾ ਭਵਿੱਖ ਕੀ ਹੈ ? ਇਹ ਕਿਸੇ ਹਾਲਤ ਵਿਚ ਨਿਰਾਸ਼ਾਜਨਕ ਨਹੀਂ ਸਮਝਣਾ ਚਾਹੀਦਾ। ਸਾਰੀਆਂ ਗੱਲਾਂ ਵਿਚਾਰਦਿਆਂ ਇਹ ਸਪਸ਼ਟ ਹੈ ਕਿ ਖ਼ਾਲਸੇ ਦੇ ਉੱਤਮ ਦਿਨ

ਬੀਤ ਚੁੱਕੇ ਹਨ। ਵਰਤਮਾਨ ਲੋਕਤੰਤਰ[1] ਦੇ ਯੁਗ ਵਿਚ ਉਨ੍ਹਾਂ ਦੀ ਇਕ ਵੱਡੀ ਘਾਟ ਇਹ ਹੈ ਕਿ ਬਾਕੀਆਂ ਨਾਲੋਂ ਉਹ ਗਿਣਤੀ ਵਿਚ ਘੱਟ ਹਨ। ਭਾਜੜ ਦੇ ਸਮੇਂ ਵਿਚ ਜਦੋਂ ਬਾਕਾਇਦਾ ਸਰਕਾਰ ਦੀ ਹੋਂਦ ਸਮਾਪਤ ਹੋ ਜਾਂਦੀ ਸੀ, ਇਕ ਤੇਜ਼ ਰਫਤਾਰ ਘੋੜਾ ਅਤੇ ਤਲਵਾਰ ਉਨ੍ਹਾਂ ਲਈ ਬਹੁਤ ਲਾਭਕਾਰੀ ਹੁੰਦੇ ਸਨ ਅਤੇ ਗੁਰੂ ਦੀ ਪ੍ਰੇਰਨਾ ਅਧੀਨ, ਇਕ ਸਿੱਖ ਸਵਾ ਲੱਖ ਮੁਸਲਮਾਨਾਂ ਲਈ ਕਾਫੀ ਹੁੰਦਾ ਸੀ, ਪਰ ਸ਼ਾਂਤੀ ਦੇ ਦਿਨਾ ਵਿਚ ਤਕੜੀ ਅਤੇ ਵਿਧਾਨਿਕ ਸਰਕਾਰ ਅਧੀਨ, ਇਕ ਸਿੱਖ ਭਾਵੇਂ ਕਿੰਨਾ ਵੀ ਬਹਾਦਰ ਹੋਵੇ, ਕੇਵਲ ਇਕ ਹੀ ਵੋਟ ਦੇ ਸਕਦਾ ਹੈ ਅਤੇ ਇਸ ਦੀ ਸ਼ਕਤੀ ਆਪਣੇ ਪਿੰਡ ਦੇ ਕਿਸੇ ਸਾਧਾਰਣ ਆਦਮੀ ਤੋਂ ਕਿਸੇ ਤਰ੍ਹਾਂ ਵੀ ਵੋਟ ਦੇਣ ਲਈ ਚੰਗੇਰੀ ਨਹੀਂ। ਇਹ ਸੰਭਵ ਨਹੀਂ ਜਾਪਦਾ ਕਿ ਅੱਗੇ ਨੂੰ ਮੌਜੂਦਾ ਪ੍ਰਕਾਰ ਦੀ ਸਰਕਾਰ ਦੀ ਥਾਂ ਕੋਈ ਅਜੇਹੀ ਸਰਕਾਰ ਹੋਂਦ ਵਿਚ ਆਵੇ ਜੋ ਇਸ ਤਰ੍ਹਾਂ ਸੰਵਿਧਾਨਿਕ ਅਤੇ ਸ਼ਕਤੀਸ਼ਾਲੀ ਨ ਹੋਵੇ। ਇਸ ਦੇ ਨਤੀਜੇ ਵਜੋਂ ਖ਼ਾਲਸੇ ਲਈ ਤਲਵਾਰ ਦੇ ਜ਼ੋਰ ਨਾਲ ਆਪਣਾ ਰਾਜ ਕਾਇਮ ਕਰਨ ਦੀ ਸੰਭਾਵਨਾ ਲਗ ਭਗ ਖਤਮ ਹੈ।

ਨ ਹੀ ਸਿੱਖ ਆਪਣੀ ਸੰਖਿਆ ਵਿਚ ਕੋਈ ਪ੍ਰਭਾਵਸ਼ਾਲੀ ਵਾਧਾ ਕਰ ਸਕਦੇ ਹਨ। ਵਸੋਂ ਵਿਚੋਂ ਕੁਦਰਤੀ ਵਾਧਾ ਬਹੁਤ ਜ਼ਿਆਦਾ ਨਹੀਂ ਹੋ ਸਕਦਾ ਅਤੇ ਉਨ੍ਹਾਂ ਦਾ ਤੁਲਨਾਤਮਕ ਅਨੁਪਾਤ ਫੇਰ ਵੀ ਉਹੀ ਰਹੇਗਾ। ਜਿਥੋਂ ਤਕ ਧਰਮ-ਬਦਲੀ ਦਾ ਸੰਬੰਧ ਹੈ ਉਨ੍ਹਾਂ ਦੀ ਭਰਤੀ ਦਾ ਕੇਵਲ ਇਕੋ ਆਧਾਰ ਹਿੰਦੂ ਕੌਮ, ਵਿਸ਼ੇਸ਼ ਤੌਰ ਤੇ ਅਖੌਤੀ ਛੋਟੀਆਂ ਜਾਤੀਆਂ ਹਨ ਅਤੇ ਸਿੱਖਾਂ ਨੇ ਕੁਝ ਭਰਤੀ ਪਛੜੀਆਂ ਸ਼੍ਰੇਣੀਆਂ ਵਿਚੋਂ ਕੀਤੀ ਵੀ ਹੈ। ਹਿੰਦੂ ਉਨ੍ਹਾਂ ਦੀਆਂ ਸਰਗਰਮੀਆਂ ਸਹਿਣ ਕਰਦੇ ਰਹੇ ਹਨ ਕਿਉਂਕਿ ਉਨ੍ਹਾਂ ਨੇ ਕਦੇ ਵੀ ਸਿੱਖਾਂ ਨੂੰ ਹਿੰਦੂਆਂ ਤੋਂ ਅੱਡ ਨਹੀਂ ਸਮਝਿਆ। ਅਸਲ ਵਿਚ ਕੁਝ ਉੱਘੇ ਹਿੰਦੂ ਵੀ ਹਿੰਦੂਆਂ ਦੀਆਂ ਪਛੜੀਆਂ ਸ਼੍ਰੇਣੀਆਂ ਨੂੰ ਸਿੱਖ ਬਣਾਉਣ ਵਿਚ ਸਿੱਖਾਂ ਦੀ ਮਾਇਕ ਸਹਾਇਤਾ ਕਰਦੇ ਰਹੇ ਹਨ। ਪਰ ਪਿੱਛੇ ਜੇਹੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਰਸਮੀ ਤੌਰ ਤੇ ਵੀ ਐਲਾਨ ਕਰ ਦਿੱਤਾ ਕਿ ਸਿੱਖ ਹਿੰਦੂ ਨਹੀਂ। ਇਸ ਲਈ ਹਿੰਦੂ ਜਥੇਬੰਦੀਆਂ ਚੌਕਸ ਹੋ ਗਈਆਂ ਅਤੇ ਹਰੇਕ ਨੇ ਆਪਣੇ ਜਾਤੀ ਹੱਕਾਂ ਤੇ ਹਰ ਪ੍ਰਕਾਰ ਦੇ ਹੱਲਿਆਂ ਨੂੰ ਰੋਕਣ ਲਈ ਅਮਲੀ ਕਦਮ ਚੁੱਕੇ। ਬਹੁਤੀਆਂ ਥਾਵਾਂ ਤੇ ਧਰਮ ਬਦਲ ਚੁੱਕੇ ਲੋਕਾਂ ਦਾ ਧਰਮ ਦੁਬਾਰਾ ਬਦਲਵਾਇਆ ਗਿਆ। ਕੁਝ ਵਧੇਰੇ ਜੋਸ਼ੀਲੇ ਸਿੱਖ ਪ੍ਰਚਾਰਕਾਂ ਦੇ ਖੁਲ੍ਹੇ ਆਮ ਬਿਆਨਾਂ ਕਿ ਉਹ ਹਿੰਦੂ ਨਹੀਂ ਹਨ ਦਾ ਸਿੱਟਾ ਇਹ ਹੋ ਸਕਦਾ

1. ਇਹ ਮਈ 1946 ਵਿਚ ਬਰਤਾਨਵੀ ਕੇਬਨਿਟ ਮਿਸ਼ਨ ਦੁਆਰਾ ਦਿੱਤੇ ਗਏ ਐਵਾਰਡ ਤੋਂ ਸਪੱਸ਼ਟ ਹੈ, ਜਿਸ ਅਨੁਸਾਰ ਪ੍ਰਸਤਾਵਿਤ ਸੰਵਿਧਾਨ ਸਭਾ ਵਿੱਚ ਸਿੱਖਾਂ ਨੂੰ ਕੁਲ 385 ਸੀਟਾਂ ਵਿਚੋਂ ਕੇਵਲ ਚਾਰ ਸੀਟਾਂ ਮਿਲਣਗੀਆਂ। ਇਹ ਗੱਲ ਸਿੱਖਾਂ ਨੂੰ ਅਮਲੀ ਰੂਪ ਵਿਚ ਭਾਰਤ ਦੇ ਰਾਜਨੀਤਿਕ ਖੇਤਰ ਵਿਚੋਂ ਬਾਹਰ ਕੱਢ ਦੇਂਦੀ ਹੈ; ਭਾਵੇਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਲਈ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਿਲ ਵਿਚ ਉਨ੍ਹਾਂ ਲਈ ਇਕ ਥਾਂ ਰਾਖਵੀਂ ਕੀਤੀ ਗਈ ਹੈ।

ਹੈ ਕਿ ਸਿੱਖਾਂ ਦਾ ਆਪਣੀ ਗਿਣਤੀ ਵਿਚ ਵਾਧਾ ਕਰਨ ਦਾ ਇਹ ਇਕੋ ਇਕ ਸੋਮਾ ਵੀ ਬੰਦ ਹੋ ਜਾਵੇ। ਪਹਿਲਾਂ ਪਹਿਲ ਬਹੁਤ ਸਾਰੇ ਹਿੰਦੂ, ਇਥੋਂ ਤਕ ਕਿ ਉੱਚੀਆਂ ਜਾਤਾਂ ਦੇ ਵੀ, ਸਿੱਖ ਗੁਰੂਆਂ ਪ੍ਰਤਿ ਸਤਿਕਾਰ ਵਜੋਂ ਤੇ ਇਹ ਵਿਸ਼ਵਾਸ ਕਰਦਿਆਂ ਕਿ ਉਹ ਹਿੰਦੂ ਹੀ ਸਨ ਅਤੇ ਉਨ੍ਹਾਂ ਨੇ ਹਿੰਦੂਆਂ ਦੀ ਭਾਰੀ ਸੇਵਾ ਕੀਤੀ ਹੈ, ਇਸ ਗੱਲ ਦਾ ਬੁਰਾ ਨਹੀਂ ਮੰਨਦੇ ਸਨ ਜੇ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਕੇਸ ਰੱਖ ਲੈਂਦਾ ਤੇ ਆਪਣੇ ਆਪ ਨੂੰ ਸਿੱਖ ਕਹਿਣ ਲੱਗ ਜਾਂਦਾ ਅਤੇ ਕਈ ਹਾਲਤਾਂ ਵਿਚ ਤਾਂ ਉਨ੍ਹਾਂ ਨੇ ਵਾਸਤਵਿਕ ਰੂਪ ਵਿਚ ਇਸ ਨੂੰ ਉਤਸਾਹਿਤ ਵੀ ਕੀਤਾ। ਹੁਣ ਉਹ ਆਪਣੇ ਘਰਾਂ ਵਿਚ ਅਜੇਹਾ ਦੁਫੇੜ ਪਾਉਣ ਤੋਂ ਸੰਕੋਚ ਕਰਨਗੇ ਅਤੇ ਆਪਣੇ ਕਿਸੇ ਵੀ ਬੱਚੇ ਨੂੰ ਸਿੱਖ ਬਣਨ ਤੋਂ ਉਸੇ ਤਰ੍ਹਾਂ ਵਰਜਣਗੇ ਜਿਸ ਤਰ੍ਹਾਂ ਕਿ ਉਸ ਦੇ ਕਿਸੇ ਹੋਰ ਧਰਮ ਵਿਚ ਜਾਣ ਤੋਂ।[1] ਇਕ ਹੋਰ ਲਾਭ ਜਿਹੜਾ ਸਿੱਖਾਂ ਨੂੰ ਪ੍ਰਾਪਤ ਸੀ ਕਿਰਪਾਨ ਰੱਖਣ ਦਾ ਸੀ ਜਿਹੜੀ ਕੋਈ ਵੀ ਹਿੰਦੂ ਜਾਂ ਮੁਸਲਮਾਨ ਲਸੰਸ ਤੋਂ ਬਗੈਰ ਨਹੀਂ ਰੱਖ ਸਕਦਾ ਸੀ। ਨੌਜਵਾਨ ਤਬਕੇ ਲਈ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਸਤੇ ਇਹ ਗੱਲ ਭਾਰੀ ਖਿੱਚ ਰਖਦੀ ਸੀ। ਪਰ ਕੁਝ ਸਾਲ ਪਹਿਲਾਂ ਇਹ ਰਿਆਇਤ ਸਮਾਪਤ ਕਰ ਦਿੱਤੀ ਗਈ ਅਤੇ ਹੁਣ ਸਾਰੇ ਪੰਜਾਬੀ ਸਿੱਖਾਂ ਵਾਂਗ ਹੀ ਕਿਰਪਾਨ ਰੱਖ ਸਕਦੇ ਹਨ ਤੇ ਹਰ ਥਾਂ ਲੈ ਜਾ ਸਕਦੇ ਹਨ।

ਸਿੱਖਾਂ ਦੇ ਹੱਕ ਵਿਚ ਇਕ ਹੋਰ ਵੱਡਾ ਨੁਕਤਾ ਸੈਨਾ ਵਿਚ ਭਰਤੀ ਦਾ ਸੀ ਕਿਉਂਕਿ ਕੇਵਲ ਅਖੌਤੀ ਵੀਰ ਜਾਤੀਆਂ ਦੇ ਮੈਂਬਰ ਹੀ ਇਸ ਮੰਤਵ ਲਈ ਸਵੀਕਾਰ ਕੀਤੇ ਜਾਂਦੇ ਸਨ। ਇਸ ਨਿਖੇੜੇ ਨੇ ਸਿੱਖਾਂ ਦਾ ਪੱਖ ਪੂਰਿਆ ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਜੱਟ ਹਨ ਜੋ ਕਿ ਪ੍ਰਸਿੱਧ ਲੜਾਕਾ ਕਬੀਲਾ ਜਾਣਿਆ ਜਾਂਦਾ ਹੈ। ਪਰ ਪਿੱਛੇ ਜੇਹੇ ਇਹ ਪਾਬੰਦੀ ਵੀ ਸਰਕਾਰੀ ਤੌਰ ਤੇ ਖਤਮ ਕਰ ਦਿੱਤੀ ਗਈ ਹੈ। ਸਰ ਚਾਰਲਸ (Sir Charles Ogilvie) ਨੇ ਭਾਰਤ ਦੇ ਰੱਖਿਆ ਸਕੱਤਰ ਦੇ ਤੌਰ ਤੇ, ਕੇਂਦਰੀ ਵਿਧਾਨ ਸਭਾ ਵਿਚ ਇਕ ਪ੍ਰਸ਼ਨ ਦਾ ਉੱਤਰ ਦਿੰਦਿਆਂ ਐਲਾਨ ਕੀਤਾ ਕਿ ਸਰਕਾਰ ਅਜੇਹਾ ਕੋਈ ਭਿੰਨ-ਭੇਦ ਪ੍ਰਵਾਨ ਨਹੀਂ ਕਰਦੀ ਅਤੇ ਇਹ ਨਿਰੋਲ ਰਾਜਨੀਤਿਕਾਂ ਦੀ ਘੜਤ ਹੈ।

ਇਸ ਤਰ੍ਹਾਂ ਇਹ ਜਾਪਦਾ ਹੈ ਕਿ ਸਿੱਖ ਕਈ ਲਾਭਾਂ ਤੋਂ ਵਾਂਝੇ ਰਹਿ ਗਏ ਹਨ। ਇਸ ਨੁਕਸਾਨ ਤੋਂ ਇਲਾਵਾ ਸਿੱਖ ਕੌਮ ਦੇ ਸਾਮ੍ਹਣੇ ਠੋਸ ਖਤਰੇ ਦੇ ਵੀ ਕਾਫੀ ਚਿੰਨ੍ਹ ਹਨ ਜਿਵੇਂ ਕਿ ਹਰ ਜਾਤੀ ਨੂੰ ਘੱਟ-ਵੱਧ ਰੂਪ ਵਿਚ ਅਜੇਹੇ ਖਤਰੇ ਪੇਸ਼ ਹਨ। ਇਹ ਖਤਰਾ

---

1. 1880 ਤੋਂ 1940 ਤਕ ਦੇ 60 ਸਾਲਾਂ ਵਿਚਕਾਰ ਪੰਜਾਬ ਵਿਚ ਸਿੱਖ ਆਬਾਦੀ ਦੁੱਗਣੀ ਹੋ ਗਈ। ਅਜੇਹਾ ਹਿੰਦੂਆਂ ਵਿਚੋਂ ਧਰਮ-ਬਦਲੀ ਕਾਰਣ ਹੋਇਆ ਸੀ। ਪਰ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਅੱਗੇ ਨੂੰ ਇਹ ਰਫਤਾਰ ਜਾਰੀ ਰਹੇਗੀ।

ਸਾਡੇ ਨੌਜਵਾਨ ਵਰਗ ਵਿਚ ਧਰਮ, ਵਿਸ਼ੇਸ਼ ਕਰਕੇ ਧਰਮ ਦਿਆਂ ਚਿਨ੍ਹਾਂ ਵੱਲ ਵਧ ਰਹੀ ਅਣਗਹਿਲੀ ਦਾ ਹੈ। ਜਿਥੇ ਹਿੰਦੂ ਯੁਵਕ ਪਵਿਤਰ ਜਨੇਊ ਪਹਿਨਣ ਤੋਂ ਸੰਕੋਚ ਕਰਦੇ ਹਨ ਉਥੇ ਸਿੱਖ ਯੁਵਕਾਂ ਵਿਚ ਵੀ ਇਹ ਭਾਵਨਾ ਵਧ ਰਹੀ ਹੈ ਕਿ ਸਿੱਖੀ ਦੇ ਚਿਨ੍ਹਾਂ ਵਿਚ ਕੋਈ ਆਂਤਰਿਕ ਪਵਿਤਰਤਾ ਨਹੀਂ ਹੈ ਸਗੋਂ ਉਹ ਤਾਂ ਕੇਵਲ ਉਸ ਵਰਦੀ ਦੇ ਹੀ ਹਿੱਸੇ ਹਨ ਜਿਹੜੀ ਕਿ ਦਸਵੇਂ ਗੁਰੂ ਸਾਹਿਬ ਨੇ ਆਪਣੇ ਯੋਧੇ ਅਨੁਯਾਈਆਂ ਲਈ ਨਿਯਤ ਕੀਤੀ ਸੀ। ਬਹੁਤ ਸਾਰੇ ਸਿੱਖ ਲੇਖਕਾਂ ਨੇ ਵੀ ਇਹ ਵਿਚਾਰ ਪ੍ਰਗਟਾਇਆ ਹੈ। ਇਸ ਵਿਚਾਰ ਦੇ ਪਸਾਰ ਵਿਚ ਖ਼ਤਰਾ ਹੋਇਆ ਹੈ।

ਪਰ ਭਾਰਤ ਦੇ ਰਾਜਨੀਤਿਕ ਸੰਵਿਧਾਨ ਵਿਚ ਇਸ ਬਲਵਾਨ ਖ਼ਤਰੇ ਤੋਂ ਰੱਖਿਆ ਦੀ ਵਿਵਸਥਾ ਕੀਤੀ ਗਈ ਹੈ। ਬੁਨਿਆਦੀ ਤੌਰ ਤੇ ਇਹ ਫਿਰਕੂ ਭੇਦਾਂ ਤੇ ਆਧਾਰਿਤ ਹੈ, ਜਿਨ੍ਹਾਂ ਵਿਚ ਫਿਰਕੂ ਤੌਰ ਤੇ ਚੋਣ ਹਲਕੇ ਰੱਖੇ ਹੋਏ ਹਨ, ਫਿਰਕੂ ਆਧਾਰ ਤੇ ਵਿਧਾਨ ਮੰਡਲਾਂ ਵਿਚ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ ਅਤੇ ਲੋਕ ਸੇਵਾਵਾਂ ਵਿਚ ਇਥੋਂ ਤਕ ਕਿ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਿਆਂ ਲਈ ਫਿਰਕਿਆਂ ਦੇ ਆਧਾਰ ਤੇ ਪ੍ਰਤਿਸ਼ਤਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ। ਇਹ ਵਖਰੇਵੇਂ ਭਾਵੇਂ ਦੇਸ਼ ਵਿਚ ਰਾਸ਼ਟਰਵਾਦ ਦੇ ਪਸਾਰ ਲਈ ਅਤਿ ਘਾਤਕ ਹਨ, ਪਰ ਫਿਰਕਾਪ੍ਰਸਤੀ ਅਤੇ ਫਿਰਕੇ ਦੇ ਚਿੰਨ੍ਹਾਂ ਦੇ ਤਕੜੇ ਰੱਖਿਅਕ ਹਨ ਕਿਉਂਕਿ ਉਹ ਕਈ ਸੰਸਾਰਕ (ਪਦਾਰਥਕ) ਲਾਭਾਂ ਵਿਸ਼ੇਸ਼ ਕਰਕੇ ਲੋਕ ਸੇਵਾਵਾਂ ਵਿਚ ਭਰਤੀ ਦਾ ਭਰੋਸਾ ਦੁਆਉਂਦੇ ਹਨ।

ਇਸ ਤੋਂ ਇਲਾਵਾ ਸਿੱਖ ਆਗੂ ਆਧੁਨਿਕ ਵਿਚਾਰਧਾਰਾ ਦੀ ਪਰਵਿਰਤੀ ਅਤੇ ਆ ਰਹੇ ਖ਼ਤਰੇ ਬਾਰੇ ਚੇਤੰਨ ਹਨ। ਇਸ ਲਈ ਉਹ ਆਪਣਾ ਸੰਗਠਨ ਪਕੇਰਾ ਕਰਨ ਅਤੇ ਗਿਣਤੀ ਤੇ ਰਾਜਨੀਤੀ ਦੋਹਾਂ ਪੱਖਾਂ ਤੋਂ ਆਪਣੀ ਸ਼ਕਤੀ ਨੂੰ ਵਧਾਉਣ ਦਾ ਹਰ ਹੀਲਾ ਵਰਤ ਰਹੇ ਹਨ। ਉਹ ਸਿੱਖ ਨੌਜਵਾਨਾਂ ਨੂੰ ਅਧਰਮਤਾ ਤੋਂ ਰੋਕਣ ਲਈ ਅਤੇ ਨਵੀਂ ਭਰਤੀ ਕਰਨ ਲਈ ਸਿੱਖ ਧਰਮ ਦੇ ਵਿਚਾਰਾਂ ਦੇ ਪ੍ਰਚਾਰ ਵਾਸਤੇ ਅੰਗ੍ਰੇਜ਼ੀ ਅਤੇ ਗੁਰਮੁਖੀ ਵਿਚ ਬਹੁਤ ਸਾਹਿਤ ਪੈਦਾ ਕਰ ਰਹੇ ਹਨ। ਉਹ ਇਹ ਅਨੁਭਵ ਕਰਦੇ ਜਾਪਦੇ ਹਨ ਕਿ ਜੇ ਉਨ੍ਹਾਂ ਦਾ ਪ੍ਰਚਾਰ ਢਿੱਲਾ ਪੈ ਗਿਆ ਤਾਂ ਸਿੱਖਾਂ ਦੇ ਹਿੰਦੂਆਂ ਵਿਚ ਮੁੜ ਅਭੇਦ ਹੋ ਜਾਣ ਦਾ ਖ਼ਤਰਾ ਹੈ। ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਅਤੇ ਬੰਦਾ ਬਹਾਦਰ ਸਮੇਤ ਉਸ ਦੇ ਅਨੁਯਾਈਆਂ ਦੇ ਕਤਲ ਪਿੱਛੋਂ ਸਿੱਖਾਂ ਦਾ ਪ੍ਰਚਾਰ ਸਮਾਪਤ ਹੋ ਗਿਆ ਜਿਸ ਦਾ ਸਿੱਟਾ ਇਹ ਹੋਇਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖੀ ਪਰੰਪਰਾਗਤ ਹਿੰਦੂ ਧਰਮ ਬਣ ਕੇ ਰਹਿ ਗਈ ਸੀ ਅਤੇ ਸਿੱਖਾਂ ਤੇ ਰਾਜਨੀਤਿਕ ਪ੍ਰਭੁਤਾ ਦੇ ਬਾਵਜੂਦ ਬ੍ਰਾਹਮਣ ਪੁਜਾਰੀਆਂ ਦਾ ਪੂਰਣ ਨਿਯੰਤ੍ਰਣ ਹੋ ਗਿਆ ਸੀ। ਅਜੇਹੀ ਸੰਭਾਵਨਾ ਨੂੰ ਰੋਕਣ ਲਈ ਹੀ ਸਿੱਖ ਆਗੂ ਹਰ ਪ੍ਰਕਾਰ ਦੇ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਦੇ ਯਤਨ ਅਜਾਈਂ ਨਹੀਂ ਗਏ। ਉਨ੍ਹਾਂ ਨੇ ਆਪਣੀ ਕੌਮ ਨੂੰ ਨ ਕੇਵਲ ਸੰਗਠਿਤ ਹੀ ਰਖਿਆ ਸਗੋਂ ਆਪਣੀ ਵਸੋਂ

ਵਿਚ ਕਾਫੀ ਵਾਧਾ ਕਰਨ ਵਿਚ ਵੀ ਸਫਲ ਹੋਏ ਹਨ ਜਿਹੜੀ ਕਿ ਹੁਣ ਸਿੱਖ ਸੱਤਾ ਦੀ ਸਰਵਉਚਤਾ ਦੇ ਦਿਨਾਂ ਨਾਲੋਂ ਕਿਤੇ ਵੱਧ ਹੈ।

ਰਾਜਨੀਤਿਕ ਖੇਤਰ ਵਿਚ ਉਨ੍ਹਾਂ ਨੇ ਸਪਸ਼ਟ ਕਾਰਣਾਂ ਕਰਕੇ ਆਪਣੇ ਬਜ਼ੁਰਗਾਂ ਜਿਹੜੇ ਕਿਸੇ ਵੀ ਪ੍ਰਕਾਰ ਦੀਆਂ ਭੇਟਾਵਾਂ ਜਾਂ ਪਦਵੀਆਂ ਮੁਸਲਮਾਨ ਰਾਜਿਆਂ ਤੋਂ ਸਵੀਕਾਰ ਕਰਨ ਤੋਂ ਨਾਂਹ ਕਰ ਦਿੰਦੇ ਸਨ ਦੀ ਬੁੱਧੀਮਾਨ ਨੀਤੀ ਤਿਆਗ ਦਿੱਤੀ ਹੈ, ਇਥੋਂ ਤਕ ਕਿ ਉਨ੍ਹਾਂ ਨੇ ਇਕ ਮੁਸਲਮਾਨ ਰਾਜੇ ਨੂੰ ਇਹ ਕਹਿਣ ਤੇ ਮਜਬੂਰ ਕਰ ਦਿੱਤਾ, "ਅਜ਼ੀ ਕੌਮ ਬੂਏ ਪਾਦਸ਼ਾਹੀ ਮੀਆਇਦ" ਭਾਵ ਇਸ ਕੌਮ ਵਿਚੋਂ ਪ੍ਰਭੂਸੱਤਾ ਦੀ ਬੋ ਆਉਂਦੀ ਹੈ। ਉਨ੍ਹਾਂ ਨੇ ਪੂਰੀ ਤਰ੍ਹਾਂ ਭਾਂਪ ਲਿਆ ਹੈ ਕਿ ਉਹ ਦਿਨ ਮੁੜ ਕੇ ਨਹੀਂ ਆ ਸਕਦੇ ਤੇ ਉਨ੍ਹਾਂ ਦੀ ਸੁਰੱਖਿਅਤਾ ਅਤੇ ਭਲਾਈ ਹੁਣ ਸ਼ਕਤੀ-ਪ੍ਰਾਪਤੀ ਦੀ ਨੀਤੀ ਤੇ ਨਿਰਭਰ ਹੈ। ਇਸ ਲਈ ਉਹ ਲੋਕ ਸੇਵਾ ਜਾਂ ਸਰਕਾਰੀ ਪ੍ਰਬੰਧ ਵਿਚ ਕੋਈ ਵੀ ਚੰਗੀ ਅਸਾਮੀ ਜਾਂ ਸ਼ਕਤੀਸਾਲੀ ਥਾਂ ਜਿਹੜੀ ਉਹ ਪ੍ਰਾਪਤ ਕਰ ਸਕਦੇ ਹਨ, ਨੂੰ ਪ੍ਰਾਪਤ ਕਰਨ ਦਾ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਵਿਧਾਨ ਸਭਾਵਾਂ ਵਿਚ ਜਾਂ ਲੋਕ ਸੇਵਾਵਾਂ ਵਿਚ ਹਿੰਦੂਆਂ ਨੂੰ ਕੋਈ ਵਿਸ਼ੇਸ਼ ਰਿਆਇਤਾਂ ਪ੍ਰਾਪਤ ਨਹੀਂ। ਦੂਸਰੇ ਪਾਸੇ ਸਿੱਖਾਂ ਨੂੰ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਰਿਆਇਤਾਂ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਨਾਲ ਉਨ੍ਹਾਂ ਦੇ ਆਗੂ ਕੌਮੀ ਜਥੇਬੰਦੀਆਂ ਅਤੇ ਸਰਕਾਰ ਦੋਹਾਂ ਦੀਆਂ ਨਜ਼ਰਾਂ ਵਿਚ ਉਠੇ ਰਹਿਣ ਦਾ ਯਤਨ ਕਰਦੇ ਰਹਿੰਦੇ ਹਨ।

ਆਪਣੇ ਹਾਲਾਤ ਦਾ ਸੁਧਾਰ ਕਰਦੇ ਹੋਏ ਅਤੇ ਬਰਤਾਨਵੀ ਭਾਰਤ ਵਿਚ ਆਪਣੀ ਸ਼ਕਤੀ ਇਕੱਤਰ ਕਰਦੇ ਹੋਏ ਉਨ੍ਹਾਂ ਨੇ ਸਿੱਖ ਰਿਆਸਤਾਂ ਦੀ ਸਥਿਤੀ ਨੂੰ ਅੱਖੋਂ ਉਹਲੇ ਨਹੀਂ ਕੀਤਾ। ਗੱਲਬਾਤ ਰਾਹੀਂ ਜਾਂ ਹੋਰ ਢੰਗਾਂ ਨਾਲ ਉਨ੍ਹਾਂ ਨੇ ਇਨ੍ਹਾਂ ਰਿਆਸਤਾਂ ਵਿਚ ਸਿੱਖਾਂ ਲਈ ਸਰਵੋਤਮ ਥਾਂ ਬਣਾਉਣ ਅਤੇ ਰਿਆਸਤਾਂ ਦੇ ਰਾਜ ਪ੍ਰਬੰਧ ਨੂੰ ਵਿਲੱਖਣ ਸਿੱਖ ਰੰਗਤ ਦੇਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਹੈ।

ਹਿੰਦੂਆਂ ਨਾਲ ਗੱਲਬਾਤ ਵਿਚ, ਉਨ੍ਹਾਂ ਨੇ ਆਪਣੇ ਆਪ ਨੂੰ ਚੰਗੇ ਸੌਦੇਬਾਜ ਸਿੱਧ ਕੀਤਾ ਹੈ ਅਤੇ ਆਮ ਤੌਰ ਤੇ ਆਪਣੇ ਮੰਤਵਾਂ ਵਿਚ ਸਫਲ ਹੋਏ ਹਨ। ਇਕ ਮਨ ਭਾਉਂਦਾ ਅਤੇ ਸਦਾ ਅਸਰਦਾਰ ਹਥਿਆਰ ਜਿਹੜਾ ਉਨ੍ਹਾਂ ਨੇ ਆਪਣੇ ਹਿਤਾਂ ਦੀ ਜਿੱਤ ਲਈ ਵਰਤਿਆ ਹੈ ਉਹ ਪ੍ਰਤੱਖ ਜਾਂ ਪਰੋਖ ਰੂਪ ਵਿਚ ਮੁਸਲਮਾਨਾਂ ਨਾਲ ਮਿਲ ਜਾਣ ਦੀ ਧਮਕੀ ਹੈ ਜੇਕਰ ਹਿੰਦੂ ਉਨ੍ਹਾਂ ਦੀਆਂ ਮੰਗਾਂ ਨ ਮੰਨਣ। ਉਨ੍ਹਾਂ ਵਿਚੋਂ ਕੁਝ ਨੇ ਮੁਸਲਮਾਨਾਂ ਨਾਲ ਗੱਲਬਾਤ ਵਿਚ ਇਸੇ ਹਥਿਆਰ ਦੀ ਵਰਤੋਂ ਕਰ ਕੇ ਕੁਝ ਸਫਲਤਾ ਪ੍ਰਾਪਤ ਕੀਤੀ ਹੈ।

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਭਾਵੇਂ ਸਿੱਖਾਂ ਨੂੰ ਪੰਜਾਬ ਵਿਚ ਪ੍ਰਭੂਸੱਤਾ ਮੁੜ ਪ੍ਰਾਪਤ ਕਰਨ ਦੀ ਕੋਈ ਆਸ ਨਹੀਂ ਪਰ ਉਹ ਇਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਘੱਟ ਗਿਣਤੀ ਹਨ ਅਤੇ ਬਣੇ ਰਹਿਣਗੇ, ਜਿਨ੍ਹਾਂ ਦੀ ਆਪਣੇ ਪ੍ਰਾਂਤ ਵਿਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਪ੍ਰਭਾਵਕਾਰੀ ਆਵਾਜ਼ ਹੋਵੇਗੀ। ਆਉਣ ਵਾਲੇ ਮੁਆਮਲਿਆਂ ਵਿਚ ਵੀ

ਇਸ ਵੇਲੇ ਸਿੱਖ ਆਗੂਆਂ ਦਾ ਮੁੱਖ ਉੱਦੇਸ਼ ਆਪਣੀ ਕੌਮ ਨੂੰ ਗਿਣਤੀ ਦੇ ਪੱਖੋਂ ਅਤੇ ਰਾਜਨੀਤਿਕ ਤੌਰ ਤੇ ਇੰਨੀ ਤਕੜੀ ਬਣਾਉਣਾ ਹੈ ਕਿ ਪੰਜਾਬ ਦੀਆਂ ਹਿੰਦੂ ਅਤੇ ਮੁਸਲਮਾਨ ਦੋਵੇਂ ਕੌਮਾਂ ਇਮਦਾਦ ਲਈ ਉਨ੍ਹਾਂ ਵੱਲ ਝਾਕਣ। ਇਹ ਐਨ ਸੰਭਵ ਹੈ ਕਿ ਜੇ ਉਹ ਆਪਣੀ ਨੀਤੀ ਦੀ ਠੀਕ ਵਰਤੋਂ ਕਰਨ ਅਤੇ ਵਿਧਾਨ ਦਾ ਫਿਰਕੂ ਆਧਾਰ ਚਲਦਾ ਰਹੇ ਤਾਂ ਪੰਜਾਬ ਦੇ ਅਗਾਮੀ ਹਾਲਾਤ ਵਿਚ ਸਿੱਖਾਂ ਦੀ ਆਵਾਜ਼ ਫੈਸਲਾਕੁਨ ਤੱਤ ਹੋਵੇਗੀ।[1]

ਇਹ ਅਧਿਆਇ 1946 ਵਿਚ ਲਿਖਿਆ ਗਿਆ ਸੀ। ਉਸ ਪਿੱਛੋਂ ਬਹੁਤ ਸਾਰੀਆਂ ਖੂਨੀ ਘਟਨਾਵਾਂ ਵਾਪਰ ਚੁੱਕੀਆਂ ਹਨ। ਇਹ ਜ਼ਰੂਰੀ ਨਹੀਂ ਕਿ ਜੋ ਉਸ ਵੇਲੇ ਖਿਸ ਸਿਰਲੇਖ ਹੇਠਾਂ ਲਿਖਿਆ ਗਿਆ ਸੀ ਉਸ ਵਿਚ ਤਬਦੀਲੀਆਂ ਕੀਤੀਆਂ ਜਾਣ ਪਰ ਕਿਉਂਕਿ ਕੁਝ ਵਿਸ਼ੇਸ਼ ਰਾਜਨੀਤਿਕ ਤਬਦੀਲੀਆਂ ਆਈਆਂ ਹਨ ਇਸ ਲਈ ਨਿਮਨਲਿਖਤ ਸ਼ਬਦ ਕਹਿਣੇ ਜ਼ਰੂਰੀ ਹਨ।

ਪ੍ਰਥਮ ਗੱਲ ਤਾਂ ਇਹ ਹੈ ਕਿ ਕੇਸਧਾਰੀ ਸਿੱਖੀ ਤੋਂ ਪਤਿਤ ਹੋ ਜਾਣ ਦੇ ਖਤਰੇ ਵਿਰੁੱਧ ਸੁਰੱਖਿਆ ਖਤਮ ਹੋ ਗਈ ਹੈ। ਇਸ ਸੁਰੱਖਿਆ ਦਾ ਇਸ ਅਧਿਆਇ ਵਿਚ ਹਵਾਲਾ ਦਿੱਤਾ ਗਿਆ ਹੈ। ਸਿੱਖ ਰਹਿਤ ਦੀ ਪਾਲਨਾ ਕਰਨ ਦੀ ਚਿੰਤਾ ਜਿਹੜੀ ਚੋਣ ਹਲਕਿਆਂ ਵਿਚ ਸੰਪਰਦਾਇਕ ਭਿੰਨ-ਭੇਦਾਂ ਅਤੇ ਫਿਰਕੂ ਆਧਾਰ ਤੇ ਸੀਟਾਂ ਰਾਖਵੀਆਂ ਕਰਨ ਕਾਰਣ ਸੀ, ਛੇਤੀ ਹੀ ਘਟ ਜਾਣ ਦੀ ਸੰਭਾਵਨਾ ਹੈ ਕਿਉਂਕਿ ਫਿਰਕੂ ਆਧਾਰ ਤੇ ਚੋਣ ਹਲਕੇ ਅਤੇ ਰਾਖਵੀਆਂ ਸੀਟਾਂ ਭਾਰਤੀ ਸੰਘ ਦੇ ਸੰਵਿਧਾਨ ਵਿਚ ਸਮਾਪਤ ਕਰ ਦਿੱਤੀਆਂ ਗਈਆਂ ਹਨ। ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਰਾਸ਼ਟਰਵਾਦ ਦੀ ਭਾਵਨਾ ਜਿਹੜੀ ਦੇਸ਼ ਵਿਚ ਵਧ ਰਹੀ ਹੈ ਸਿੱਖਾਂ ਨੂੰ ਪ੍ਰਭਾਵਿਤ ਕਰੇਗੀ ਅਤੇ ਦੇਸ਼ ਭਗਤੀ ਤੇ ਰਾਸ਼ਟਰੀ ਭਲਾਈ ਦੀਆਂ ਭਾਵਨਾਵਾਂ ਕਿਸੇ ਹੱਦ ਤਕ ਨੇੜ ਭਵਿੱਖ ਵਿਚ ਸੰਪਰਦਾਇਕ ਮਨੋਭਾਵਾਂ ਨੂੰ ਦਬਾਉਣਗੀਆਂ।

ਜਿਥੋਂ ਤਕ ਸਿੱਖ ਕੌਮ ਦੀ ਰਾਜਨੀਤਿਕ ਸਥਿਤੀ ਦਾ ਸੰਬੰਧ ਹੈ, ਇਹ ਸਪਸ਼ਟ ਹੈ ਕਿ ਉਹ ਭਾਰੀ ਘਾਟੇ ਵਿਚ ਰਹੇ ਹਨ। ਦੂਜੀਆਂ ਰਿਆਸਤਾਂ ਵਾਂਗ, ਉਨ੍ਹਾਂ ਦੀਆਂ ਸਾਰੀਆਂ ਰਿਆਸਤਾਂ ਸਮਾਪਤ ਹੋ ਗਈਆਂ ਹਨ ਅਤੇ ਪੈਪਸੂ ਦੇ ਪੰਜਾਬ ਵਿਚ ਮਿਲ ਜਾਣ ਨਾਲ, ਰਾਜ ਪ੍ਰਮੁਖ ਅਤੇ ਉਪ ਰਾਜ ਪ੍ਰਮੁਖ ਦੀਆਂ ਪਦਵੀਆਂ ਵੀ ਖਤਮ ਹੋ ਜਾਣਗੀਆਂ। ਇਸ ਦਾ ਸਪਸ਼ਟ ਅਰਥ ਇਹ ਹੈ ਕਿ ਸਾਰੀ ਰਾਜਨੀਤਿਕ ਸੱਤਾ ਜਿਸ ਦੀ ਪ੍ਰਾਪਤੀ ਦੀ ਸਿੱਖ ਆਸ ਕਰ ਸਕੇ ਹਨ, ਦੂਜੀਆਂ ਜਾਤੀਆਂ ਨਾਲ ਮਿਲ ਕੇ, ਵਿਧਾਨ ਸਭਾਵਾਂ ਵਿਚ ਭਾਗ

---

1. ਇਹ ਭਵਿੱਖਬਾਣੀ 1945 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਪਿੱਛੋਂ ਹੋਈਆਂ ਪਾਰਟੀਆਂ ਦੀਆਂ ਸੰਧੀਆਂ ਨੇ ਪੂਰੀ ਤਰ੍ਹਾਂ ਸਿਧ ਕਰ ਦਿੱਤੀ ਹੈ। ਮੁਸਲਮ ਲੀਗ ਅਤੇ ਕਾਂਗਰਸ ਅਤੇ ਯੂਨੀਅਨਿਸਟ ਪਾਰਟੀ ਦੀ ਸੰਯੁਕਤ ਸ਼ਕਤੀ ਦਾ ਸੰਤੁਲਨ ਸਿੱਖਾਂ ਦੇ ਹੱਥਾਂ ਵਿਚ ਆ ਗਿਆ ਹੈ।

ਲੈ ਕੇ, ਅਤੇ ਪੰਜਾਬ ਮੰਤਰੀ-ਮੰਡਲ ਵਿਚ ਸੀਟਾਂ ਪ੍ਰਾਪਤ ਕਰ ਕੇ ਹਾਸਲ ਹੋ ਸਕਦੀ ਹੈ। ਜਿਥੋਂ ਤਕ ਪੰਜਾਬ ਮੰਤਰੀ-ਮੰਡਲ ਦਾ ਸੰਬੰਧ ਹੈ, ਉਨ੍ਹਾਂ ਨੂੰ ਹਿੰਦੂਆਂ ਨਾਲ ਸਮਾਨਤਾ ਪ੍ਰਾਪਤ ਹੈ ਤੇ ਭਾਵੇਂ ਕਈ ਥਾਵਾਂ ਤੇ ਇਨ੍ਹਾਂ ਰਿਆਇਤਾਂ ਬਾਰੇ ਰੋਸ ਪ੍ਰਗਟਾਇਆ ਗਿਆ ਹੈ, ਤਾਂ ਵੀ ਅਜੇਹੀ ਕੋਈ ਸੰਭਾਵਨਾ ਨਹੀਂ ਕਿ ਇਹ ਅਨੁਪਾਤ ਨੇੜ ਭਵਿੱਖ ਵਿਚ ਬਦਲੇ।

ਇਸ ਲਈ ਅਕਾਲੀਆਂ ਨੇ ਰਾਜਨੀਤੀ ਛੱਡ ਕੇ ਲਗਭਗ ਸਮੂਹਕ ਰੂਪ ਵਿਚ ਕਾਂਗਰਸ ਵਿਚ ਸ਼ਾਮਿਲ ਹੋਣ ਦਾ ਨਿਰਣਾ ਕਰ ਲਿਆ ਹੈ। ਸਰਦਾਰ ਗਿਆਨ ਸਿੰਘ ਰਾੜੇਵਾਲਾ ਨੇ ਆਪਣੇ ਅਨੁਯਾਈਆਂ ਸਮੇਤ ਬਿਨਾਂ ਸ਼ਰਤ ਤੋਂ ਕਾਂਗਰਸ ਵਿਚ ਸ਼ਾਮਿਲ ਹੋਣ ਦੀ ਪਹਿਲ ਕੀਤੀ। ਉਸ ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀਆਂ ਨੇ ਬੁਰਾ ਭਲਾ ਕਿਹਾ ਅਤੇ ਗਦਾਰ ਤਕ ਦੱਸਿਆ। ਪਰ ਇਹ ਦਿਲਚਸਪੀ ਭਰੀ ਗੱਲ ਹੈ ਕਿ ਮਾਸਟਰ ਤਾਰਾ ਸਿੰਘ ਦੇ ਅਨੁਯਾਈਆਂ ਨੇ, ਭਾਵੇਂ ਉਸ ਨੇ ਆਪ ਨਹੀਂ, ਉਸ ਗਦਾਰ ਦੀ ਅਗਵਾਈ ਨੂੰ ਅਪਣਾਇਆ। ਸਰਦਾਰ ਗਿਆਨ ਸਿੰਘ ਰਾੜੇਵਾਲਾ ਵਿਰੁੱਧ ਉਨ੍ਹਾਂ ਦਾ ਅੰਦੋਲਨ ਕੁਦਰਤੀ-ਤੌਰ ਤੇ ਮੱਠਾ ਪੈ ਗਿਆ। ਅਕਾਲੀਆਂ ਦਾ ਯਤਨ ਇਹ ਸੀ ਕਿ ਉਨ੍ਹਾਂ ਨੂੰ ਅਕਾਲੀ ਦਲ ਦੀ ਮੈਂਬਰੀ ਤੋਂ ਅਸਤੀਫ਼ਾ ਦਿੱਤੇ ਬਿਨਾਂ ਕਾਂਗਰਸ ਵਿਚ ਸ਼ਾਮਿਲ ਹੋਣ ਦੀ ਆਗਿਆ ਦਿੱਤੀ ਜਾਵੇ। ਇਸ ਸਥਿਤੀ ਨੂੰ ਪ੍ਰਤੱਖ ਰੂਪ ਵਿਚ ਇਸ ਆਧਾਰ ਤੇ ਮੰਨ ਲਿਆ ਗਿਆ ਜਾਪਦਾ ਹੈ ਕਿ ਸ਼ਿਰੋਮਣੀ ਅਕਾਲੀ ਦਲ ਦੀ ਐਗਜ਼ੈਕਟਿਵ ਕਮੇਟੀ ਨੇ ਇਕ ਮਤਾ ਪਾਸ ਕੀਤਾ। ਇਸ ਮਤੇ ਦੀ ਪ੍ਰੋੜ੍ਹਤਾ ਬਹੁਤ ਸਾਰੇ ਮੁਖੀ ਸਿੱਖਾਂ ਦੀ 2 ਅਕਤੂਬਰ 1956 ਨੂੰ ਅੰਮ੍ਰਿਤਸਰ ਵਿਖੇ ਹੋਈ ਇੱਕਤਰਤਾ ਵਿਚ ਕੀਤੀ ਗਈ। ਇਸ ਰਾਹੀਂ ਸਪਸ਼ਟ ਐਲਾਨ ਕੀਤਾ ਗਿਆ ਕਿ ਸ਼ਿਰੋਮਣੀ ਅਕਾਲੀ ਦਲ ਰਾਜਨੀਤੀ ਦਾ ਖੇਤਰ ਛੱਡ ਕੇ ਕੇਵਲ ਵਿਦਿਅਕ, ਸੰਸਕ੍ਰਿਤਕ, ਧਾਰਮਿਕ ਅਤੇ ਆਰਥਿਕ ਮੁਆਮਲਿਆਂ ਤਕ ਆਪਣੀਆਂ ਸਰਗਰਮੀਆਂ ਸੀਮਿਤ ਰੱਖੇਗਾ।

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸਿੱਖਾਂ ਦਾ ਇਕ ਸੁਤੰਤਰ ਕੌਮ ਦੇ ਰੂਪ ਵਿਚ ਕੋਈ ਰਾਜਨੀਤਕ ਭਵਿੱਖ ਨਹੀਂ ਹੈ।

ਪਰ ਉਨ੍ਹਾਂ ਦੇ ਨਿਰਾਸ਼ ਹੋਣ ਦਾ ਕੋਈ ਕਾਰਣ ਨਹੀਂ। ਜੇ ਪੰਜਾਬ ਵਿਧਾਨ ਸਭਾ ਦਾ ਪਿਛਲਾ ਅਨੁਭਵ ਇਸ ਗੱਲ ਦਾ ਕੋਈ ਸੰਕੇਤ ਹੈ ਕਿ ਭਵਿੱਖ ਵਿਚ ਕੀ ਵਾਪਰ ਸਕਦਾ ਹੈ, ਤਾਂ ਸਿੱਖ ਸੰਗਠਿਤ ਹੋ ਕੇ ਰਾਜ ਦੇ ਮੁਆਮਲਿਆਂ ਵਿਚ ਮਹੱਤਵਪੂਰਣ ਭਾਗ ਅਦਾ ਕਰ ਸਕਦੇ ਹਨ। ਇਉਂ ਜਾਪਦਾ ਹੈ ਕਿ ਪਰਸਪਰ ਵਿਰੋਧਤਾਵਾਂ ਦੋਵੇਂ ਸਦਨਾਂ ਦਿਆਂ ਹਿੰਦੂ ਮੈਂਬਰਾਂ ਨੂੰ ਲਗਭਗ ਬਰਾਬਰ ਦੋ ਭਾਗਾਂ ਵਿਚ ਵੰਡ ਕੇ ਰੱਖਣਗੀਆਂ। ਜੇ ਅਜੇਹੀ ਗੱਲ ਵਾਪਰਦੀ ਹੈ ਤਾਂ ਸਿੱਖ ਇਸ ਦਾ ਲਾਭ ਉਠਾ ਸਕਦੇ ਹਨ ਜਿਸ ਤਰ੍ਹਾਂ ਕਿ ਉਹ ਪਹਿਲਾਂ ਵੀ ਉਠਾਉਂਦੇ ਰਹੇ ਹਨ।

ਇਹ ਉਹ ਢੰਗ ਹੈ ਜਿਸ ਨਾਲ ਉਹ ਅਜੇ ਵੀ ਰਾਜ ਵਿਚ ਕਾਫੀ ਸੱਤਾ ਪ੍ਰਾਪਤ ਕਰ ਸਕਦੇ ਹਨ।

ਜਿਥੋਂ ਤਕ ਕੇਂਦਰ ਵਿਚ ਉਨ੍ਹਾਂ ਦੀ ਸਥਿਤੀ ਦਾ ਸੰਬੰਧ ਹੈ ਉਨ੍ਹਾਂ ਨੇ ਕੇਂਦਰੀ ਸਰਕਾਰ ਵਿਚ ਮਹੱਤਵਪੂਰਣ ਥਾਵਾਂ ਪ੍ਰਾਪਤ ਕਰ ਲਈਆਂ ਹਨ। ਪਹਿਲਾਂ ਰੱਖਿਆ ਮੰਤਰੀ ਸ. ਬਲਦੇਵ ਸਿੰਘ ਸਿੱਖ ਸੀ। ਵਰਤਮਾਨ ਉਪ ਰੱਖਿਆ ਮੰਤਰੀ ਸ. ਸੁਰਜੀਤ ਸਿੰਘ ਮਜੀਠੀਆ ਵੀ ਸਿੱਖ ਹੈ। ਲੋਕ-ਕਾਰਜ ਅਤੇ ਨਿਰਮਾਣ ਮੰਤਰੀ ਸ. ਸਵਰਨ ਸਿੰਘ ਵੀ ਸਿੱਖ ਹੈ। ਭਾਵੇਂ ਸੰਸਦ ਵਿਚ ਸਿੱਖਾਂ ਦੀ ਗਿਣਤੀ ਨਾਮ ਮਾਤਰ ਹੈ ਤਾਂ ਵੀ ਸਰਕਾਰ ਨੇ ਲੋਕ ਸਭਾ ਦਾ ਉੱਪ ਅਧਿਅਕਸ਼ ਇਕ ਸਿੱਖ ਸਰਦਾਰ ਹੁਕਮ ਸਿੰਘ ਨੂੰ ਬਣਾਇਆ ਹੈ।

ਇਹ ਸੰਭਵ ਹੈ ਕਿ ਕੇਂਦਰ ਦੀ ਸਰਕਾਰ ਵਿਚ ਸਿੱਖਾਂ ਦੀ ਸ਼ਕਤੀ ਵੀ ਘਟਾਈ ਨਹੀਂ ਜਾਵੇਗੀ। ਇਹ ਨਿਰਸੰਦੇਹ ਸਿੱਖ ਕੌਮ ਦਾ ਸਰਕਾਰ ਨੂੰ ਦਿਲੀ ਸਹਿਯੋਗ ਅਤੇ ਉਨ੍ਹਾਂ ਦੀ ਸੰਵਿਧਾਨ ਪ੍ਰਤਿ ਵਫ਼ਾਦਾਰੀ ਤੇ ਨਿਰਭਰ ਕਰਦਾ ਹੈ। ਇਹ ਐਨ ਸੰਭਵ ਹੈ ਕਿ ਉਨ੍ਹਾਂ ਵਲੋਂ ਕੋਈ ਵੀ ਫਿਰਕੂ ਭੜਕਾਹਟ ਉਨ੍ਹਾਂ ਵਿਰੁੱਧ ਵੀ ਕੋਈ ਫਿਰਕੂ ਪ੍ਰਤਿਕਰਮ ਪੈਦਾ ਕਰੇ ਅਤੇ ਕੇਂਦਰੀ ਸਰਕਾਰ ਦਾ ਰੰਗ ਢੰਗ ਵੀ ਬਦਲ ਜਾਵੇ। ਉਸ ਅਵਸਥਾ ਵਿਚ ਜੇ ਕੋਈ ਤਕੜੀ ਆਵਾਜ਼ ਉਨ੍ਹਾਂ ਵਿਰੁੱਧ ਉਠ ਖੜੀ ਹੋਵੇ ਕਿ ਸਿੱਖਾਂ ਨੂੰ ਸਰਕਾਰ ਵਿਚ ਉਨ੍ਹਾਂ ਦੇ ਹੱਕ ਤੋਂ ਵੱਧ ਭਾਗ ਦਿੱਤਾ ਗਿਆ ਹੈ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਦੀ ਪ੍ਰਤਿਨਿਧਤਾ ਘਟਾਉਣੀ ਹੀ ਪਵੇ।

ਜਿੰਨਾ ਚਿਰ ਉਹ ਕੇਂਦਰੀ ਸਰਕਾਰ ਦੇ ਨਾਲ ਚਲਣਗੇ ਤੇ ਫਿਰਕੂ ਝਗੜਿਆਂ ਤੋਂ ਸੰਕੋਚ ਕਰਨਗੇ ਉਨ੍ਹਾਂ ਨੂੰ ਕੋਈ ਖਤਰਾ ਨਹੀਂ। ਉਨ੍ਹਾਂ ਨੂੰ ਪੂਰਣ ਤੌਰ ਤੇ ਚੇਤੰਨ ਹੋਣਾ ਚਾਹੀਦਾ ਹੈ ਕਿ ਭਾਰਤੀ ਸੰਘ ਵਿਚ ਉਨ੍ਹਾਂ ਦੀ ਵਸੋਂ ਇਕ ਪ੍ਰਤਿਸ਼ਤ ਤੋਂ ਵੱਧ ਨਹੀਂ ਜਦ ਕਿ ਮੁਸਲਮਾਨ ਅਤੇ ਈਸਾਈ, ਹਿੰਦੂਆਂ ਦੀ ਗੱਲ ਛੱਡੋ, ਸਿੱਖਾਂ ਨਾਲੋਂ ਗਿਣਤੀ ਵਿਚ ਕਿਤੇ ਵੱਧ ਹਨ; ਅਤੇ ਜੇ ਸੰਪਰਦਾਇਕ ਗਿਣਤੀ ਨੂੰ ਉੱਚ-ਨਿਯੁਕਤੀਆਂ ਕਰਨ ਲਈ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਤਾਂ ਸਾਰੀਆਂ ਦੂਜੀਆਂ ਜਾਤੀਆਂ ਲਈ ਵੀ ਆਪਣਾ ਹੱਕ ਮੰਗਣਾ ਜਾਇਜ਼ ਹੋਵੇਗਾ।

ਸਿੱਖਾਂ ਦੇ ਧਾਰਮਿਕ ਗ੍ਰੰਥ

ਸਿੱਖ ਸਿੱਧਾਂਤਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ ਜ਼ਰੂਰੀ ਜਾਪਦਾ ਹੈ ਕਿ ਸਿੱਖ ਧਾਰਮਿਕ ਗ੍ਰੰਥਾਂ ਬਾਰੇ ਕੁਝ ਸ਼ਬਦ ਕਹੇ ਜਾਣ।

ਸਿੱਖਾਂ ਦੇ ਪਵਿੱਤਰ ਗ੍ਰੰਥ ਦੋ ਹਨ, ਆਦਿ ਗ੍ਰੰਥ ਅਤੇ ਦਸਮ ਗ੍ਰੰਥ। ਦਸਮ ਗ੍ਰੰਥ ਨੂੰ ਦਸਵੇਂ ਪਾਤਸ਼ਾਹ ਦਾ ਗ੍ਰੰਥ ਵੀ ਕਹਿੰਦੇ ਹਨ।

ਆਦਿ ਗ੍ਰੰਥ ਦਾ ਵਧੇਰੇ ਸਤਿਕਾਰ ਕੀਤਾ ਜਾਂਦਾ ਹੈ। ਇਸ ਦਾ ਪਾਠ ਬਹੁਤ ਪ੍ਰਚਲਿਤ ਹੈ ਕਿਉਂਕਿ ਇਸ ਨੂੰ ਸਿੱਖਾਂ ਦੀ ਅੰਜੀਲ ਹੀ ਸਮਝਿਆ ਜਾਂਦਾ ਹੈ। ਇਸ ਗ੍ਰੰਥ ਦੇ ਸੰਬੰਧ ਵਿਚ ਨਿਮਨ ਲਿਖਤ ਨੁਕਤੇ ਧਿਆਨ ਯੋਗ ਹਨ :

1. **ਕਰਤ੍ਰਿਤਵ :** ਗੁਰੂ ਗ੍ਰੰਥ ਸਾਹਿਬ ਵਿਚ ਛੱਤੀ ਲੇਖਕਾਂ ਦੀਆਂ ਰਚਨਾਵਾਂ ਸ਼ਾਮਿਲ ਹਨ ਜਿਨ੍ਹਾਂ ਦਾ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ :

(ੳ) ਸੱਤ ਸਿੱਖ ਗੁਰੂ ਸਾਹਿਬਾਨ। ਤਿੰਨ ਅਰਥਾਤ ਛੇਵੇਂ ਸੱਤਵੇਂ ਅਤੇ ਅੱਠਵੇਂ ਨੇ ਕੁਝ ਨਹੀਂ ਲਿਖਿਆ, ਅਤੇ ਦਸਵੇਂ ਨੇ ਕੇਵਲ ਇਕ ਤੁਕ ਲਿਖੀ ਹੈ ਜਿਸ ਦੇ ਮੂਲ ਲੇਖਕ ਬਾਰੇ ਸ਼ੰਕਾ ਹੈ।[1]

(ਅ) ਚੌਦਾਂ ਭਗਤ ਜਾਂ ਸੰਤ, ਜਿਨ੍ਹਾਂ ਵਿਚੋਂ ਇਕ, ਫਰੀਦ, ਮੁਸਲਮਾਨ ਸੀ, ਜੇ, ਅਸੀਂ ਕਬੀਰ ਨੂੰ ਜਿਹੜਾ ਭਾਵੇਂ ਮੁਸਲਮਾਨ ਮਾਪਿਆਂ ਤੋਂ ਪੈਦਾ ਹੋਇਆ, ਧਰਮ ਵਜੋਂ ਹਿੰਦੂ ਮੰਨ ਲਈਏ। ਬਾਕੀਆਂ ਵਿਚੋਂ ਚਾਰ ਜੈ ਦੇਵ, ਤ੍ਰਿਲੋਚਨ ਸੂਰਦਾਸ ਅਤੇ ਰਾਮਾਨੰਦ ਬ੍ਰਾਹਮਣ ਸਨ, ਇਕ ਪੀਪਾ ਰਾਜਾ ਸੀ, ਭੀਖਨ ਤੇ ਬੇਣੀ ਦੋ ਦੀ ਜਾਤ ਦਾ ਕੋਈ ਪਤਾ ਨਹੀਂ, ਧੰਨਾ ਜੱਟ ਸੀ ਅਤੇ ਬਾਕੀ

---

1. ਡਾ: ਟ੍ਰੰਪ ਲਿਖਦਾ ਹੈ ਕਿ ਇਹ ਸਤਰ ਗੁਰੂ ਗੋਬਿੰਦ ਸਿੰਘ ਦੇ ਆਪਣੇ ਪਿਤਾ ਦੇ ਉਸ ਪੱਤਰ ਦੇ ਉੱਤਰ ਵਿਚ ਹੈ ਜਿਹੜਾ ਉਨ੍ਹਾਂ ਨੇ ਬੰਦੀਖਾਨੇ ਵਿਚੋਂ ਲਿਖਿਆ ਦੱਸਿਆ ਜਾਂਦਾ ਹੈ। ਮੁਨਸ਼ੀ ਮੋਹਨ ਲਾਲ ਵੀ ਇਸ ਤੁਕ ਦਾ ਹਵਾਲਾ ਦਿੰਦਾ ਹੈ। ਵੇਖੋ ਉਸ ਦੀ ਪੁਸਤਕ ਤਾਰੀਖ-ਏ ਰਣਜੀਤ ਸਿੰਘ ਪੰਨਾ-69

ਚਾਰ ਸੂਦਰ ਸ੍ਰੇਣੀ ਵਿਚੋਂ ਸਨ। ਨਾਮਦੇਵ ਜੁਲਾਹਾ ਸੀ, ਸੈਨ ਨਾਈ ਸੀ, ਸਦਨਾ ਕਸਾਈ ਅਤੇ ਰਵੀਦਾਸ ਮੋਚੀ ਸੀ।

(ੲ) ਪੰਦਰਾਂ ਭੱਟ[1] ਜੋ ਕਿ ਸਾਰੇ ਦੇ ਸਾਰੇ ਬ੍ਰਾਹਮਣ[2] ਸਨ ਜਿਨ੍ਹਾਂ ਦੀਆਂ ਪਹਿਲੇ ਪੰਜ ਗੁਰੂਆਂ ਸੰਬੰਧੀ ਵਾਰਾਂ ਪੰਜਵੇਂ ਗੁਰੂ ਸਾਹਿਬ ਨੇ ਆਪ ਦਰਜ ਕੀਤੀਆਂ (ਇਸ ਤਰ੍ਹਾਂ ਇਹ ਪਤਾ ਲਗਦਾ ਹੈ ਕਿ ਗ੍ਰੰਥ ਸਾਹਿਬ ਦੇ 75 ਪ੍ਰਤਿਸ਼ਤ ਰਚਨਹਾਰ ਧਰਮ ਅਤੇ ਜਨਮ ਵਜੋਂ ਹਿੰਦੂ ਸਨ, ਜੇ ਗੁਰੂ ਸਾਹਿਬਾਨ ਨੂੰ ਵੀ ਸਿੱਖ ਹੀ ਸਮਝ ਲਿਆ ਜਾਵੇ ਤੇ ਹਿੰਦੂ ਨ ਮੰਨਿਆ ਜਾਵੇ)।

II ਸੰਪਾਦਨ : ਸੰਪਾਦਨ ਦਾ ਕੰਮ ਪੰਜਵੇਂ ਗੁਰੂ ਅਰਜਨ ਸਾਹਿਬ ਨੇ ਕੀਤਾ ਜਿਨ੍ਹਾਂ ਨੇ ਪਹਿਲੇ ਤਿੰਨ ਗੁਰੂਆਂ ਦੀਆਂ ਰਚਨਾਵਾਂ, ਤੀਜੇ ਗੁਰੂ ਸਾਹਿਬ ਦੇ ਸਪੁੱਤਰ ਮੋਹਨ ਤੋਂ ਪ੍ਰਾਪਤ ਕੀਤੀਆਂ ਅਤੇ ਭਗਤਾਂ ਦੀਆਂ ਰਚਨਾਵਾਂ ਵਿਚੋਂ ਚੋਣ ਕਰ ਕੇ ਉਨ੍ਹਾਂ ਨੂੰ ਆਪਣੀਆਂ ਤੇ ਆਪਣੇ ਪਿਤਾ ਦੀਆਂ ਲਿਖਤਾਂ ਨਾਲ ਮਿਲਾ ਕੇ ਇਕ ਪੁਸਤਕ ਵਿਚ ਇਕੱਠਾ ਕਰ ਲਿਆ ਜਿਸ ਨਾਲ ਭੱਟਾਂ ਦੀਆਂ ਵਾਰਾਂ ਵੀ ਜੋੜ ਦਿੱਤੀਆਂ ਗਈਆਂ। ਸਾਰੇ ਗੁਰੂ ਸਾਹਿਬਾਨ ਦਾ ਕਾਵਿਕ ਨਾਂ ਨਾਨਕ[3] ਹੋਣ ਕਰਕੇ, ਉਨ੍ਹਾਂ ਨੇ ਇਕ ਗੁਰੂ ਦੀ ਦੂਜੇ ਗੁਰੂ ਤੋਂ ਬਾਣੀ ਦਾ ਨਿਖੇੜ ਕਰਨ ਲਈ ਮਹਲਾ 2 ਜਾਂ ਦੂਜਾ ਆਦਿ ਹਰੇਕ ਗੁਰੂ ਸਾਹਿਬ ਦੀ ਰਚਨਾ ਨਾਲ ਲਿਖ ਦਿੱਤਾ। ਇਸ ਤੋਂ ਬਿਨਾਂ ਹਰੇਕ ਸ਼ਬਦ ਨਾਲ ਉਸ ਰਾਗ ਦਾ ਨਾਂ ਵੀ ਲਿਖ ਦਿੱਤਾ ਜਿਸ ਵਿਚ ਉਹ ਸ਼ਬਦ ਠੀਕ ਢੰਗ ਨਾਲ ਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਅੱਡ ਅੱਡ ਭਗਤੀ ਦੀਆਂ ਰਚਨਾਵਾਂ ਨਾਲ ਉਨ੍ਹਾਂ ਦੇ ਲੇਖਕਾਂ ਦੇ ਨਾਉਂ ਵੀ ਉਚਿਤ ਰਾਗਾਂ ਦੇ ਨਾਵਾਂ ਸਮੇਤ ਲਿਖ ਦਿੱਤੇ ਗਏ।[4] ਆਦਿ ਗ੍ਰੰਥ ਦੀ ਪਹਿਲੀ ਬੀੜ ਕਰਤਾਰ ਪੁਰ ਦੇ ਸੋਢੀਆਂ ਦੇ

---

1. ਉਹ ਹਨ ਭਲਉ, ਭੀਖਾ, ਦਾਸ, ਗੰਗਾ, ਹਰਿਬੰਸ, ਟੱਲ, ਜਲਪ, ਕਲ, ਕਲਸ, ਕਲਸ਼ਾਰ, ਕੀਰਤ, ਮਥਰਾ, ਨਲ, ਰਦ ਤੇ ਸੱਲ।

2. 'ਪੰਥ ਪ੍ਰਕਾਸ਼' ਦੇ ਲੇਖਕ ਅਨੁਸਾਰ।

3. ਸਿੱਖਾਂ ਅੰਦਰ ਇਹ ਧਾਰਨਾ ਬਣੀ ਹੋਈ ਹੈ ਕਿ ਗੁਰੂ ਨਾਨਕ ਦੇ ਉਤਰ-ਅਧਿਕਾਰੀਆਂ ਅੰਦਰ ਇਕੋ ਜੋਤ ਦਾ ਪ੍ਰਕਾਸ਼ ਸੀ, ਇਸ ਲਈ ਭਾਵੇਂ ਸਰੀਰਕ ਤੌਰ ਤੇ ਉਹ ਵੱਖਰੇ ਸਨ, ਆਤਮਿਕ ਤੌਰ ਤੇ ਉਹ ਸਾਰੇ ਪਹਿਲੇ ਗੁਰੂ ਦਾ ਹੀ ਰੂਪ ਸਨ। ਦਬਿਸਤਾਨ ਦੇ ਕਰਤਾ ਮੋਹਸਿਨ ਫਾਨੀ ਨੂੰ ਲਿਖੇ ਪੱਤਰਾਂ ਵਿਚ ਛੇਵੇਂ ਗੁਰੂ ਹਰਿ ਗੋਬਿੰਦ ਆਪਣੇ ਦਸਖਤਾਂ ਦੇ ਤੌਰ ਤੇ ਨਾਨਕ ਲਿਖਦੇ ਸਨ।

4. ਟ੍ਰੰਪ ਇਨ੍ਹਾਂ ਭਗਤਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੇਖੇ ਜਾਣ ਤੇ ਦੁਖ ਮਨਾਉਂਦਾ ਹੈ। ਉਸ ਨੂੰ 'ਪੰਥ ਪ੍ਰਕਾਸ਼' ਦੇ ਲੇਖਕ ਦੁਆਰਾ ਵਰਣਿਤ ਪਰੰਪਰਾਵਾਂ ਤੋਂ ਕੁਝ ਦਿਲਾਸਾ ਜ਼ਰੂਰ ਮਿਲਿਆ ਹੋਵੇਗਾ ਕਿ ਆਦਿ ਗ੍ਰੰਥ ਦੇ ਭਗਤਾਂ ਦੇ ਨਾਂ ਚੜ੍ਹੀ ਬਾਣੀ ਅਸਲ ਵਿਚ ਗੁਰੂ ਅਰਜਨ ਦੇਵ ਨੇ ਆਪ ਰਚੀ ਸੀ।

ਕਬਜ਼ੇ ਵਿਚ ਹੈ ਜਿਸ ਦੇ ਦਰਸ਼ਨ ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਚੜ੍ਹਾ ਕੇ ਕੀਤੇ ਜਾ ਸਕਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ 1831 ਈ. ਵਿਚ ਇਸ ਨੂੰ ਲਾਹੌਰ ਮੰਗਵਾ ਲਿਆ ਸੀ ਅਤੇ ਇਸ ਦੇ ਰੱਖਿਅਕਾਂ ਦੇ ਨਾਂ 50,000 ਰੁਪਏ ਦੀ ਜਾਗੀਰ ਲਗਵਾ ਦਿੱਤੀ ਸੀ।

III ਭਾਸ਼ਾ : ਆਦਿ ਗ੍ਰੰਥ ਦੀ ਭਾਸ਼ਾ ਭਾਰਤ ਵਿਚ ਪ੍ਰਚਲਿਤ ਲਗਭਗ ਸਾਰੀਆਂ ਆਰੀਅਨ ਭਾਸ਼ਾਵਾਂ ਦਾ ਮਿਸ਼ਰਣ ਹੈ। ਇਸ ਵਿਚ ਕਈ ਸ਼ਲੋਕ ਅਜੇਹੇ ਹਨ ਜਿਹੜੇ ਸੰਸਕ੍ਰਿਤ ਨਾਲ ਬਹੁਤ ਮਿਲਦੇ ਜੁਲਦੇ ਹਨ, ਉਦਾਹਰਣ ਲਈ, ਗੀਤਾ ਗੋਵਿੰਦ ਦੇ ਲੇਖਕ ਜੈ ਦੇਵ ਦੀਆਂ ਰਚਨਾਵਾਂ ਵੇਖੋ। ਇਕ ਜਾਂ ਦੋ ਪੈਰੇ ਸ਼ੁੱਧ ਫ਼ਾਰਸੀ ਵਿਚ ਹਨ, ਜਿਹੜੇ ਭਾਵੇਂ ਅਰਥ ਭਰਪੂਰ ਹਨ ਪਰ ਭਾਸ਼ਾ ਦੀ ਉੱਤਮਤਾ ਦਾ ਦਾਵਾ ਨਹੀਂ ਕਰ ਸਕਦੇ। ਨਾਮ ਦੇਵ ਤੇ ਤ੍ਰਿਲੋਚਨ ਦੀਆਂ ਕਿਰਤਾਂ, ਜਿਹੜੇ ਦੱਖਣੀ ਇਲਾਕੇ ਨਾਲ ਸੰਬੰਧਿਤ ਸਨ, ਉਤੇ ਮਰਾਠੀ ਦਾ ਕਾਫੀ ਪ੍ਰਭਾਵ ਹੈ।

ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਬਾਣੀ ਦੀ ਭਾਸ਼ਾ ਹਿੰਦੀ ਹੈ, ਜਿਹੜੀ ਜਾਂ ਤਾਂ ਉਸ ਸਮੇਂ ਵਰਤੀ ਜਾਂਦੀ ਸ਼ੁੱਧ ਹਿੰਦੀ ਹੈ, ਜਿਵੇਂ ਰਾਮਾਨੰਦ ਤੇ ਕਬੀਰ ਦੀਆਂ ਕਿਰਤਾਂ ਵਿਚ ਮਿਲਦੀ ਹੈ, ਜਾਂ ਇਸ ਦਾ ਵਿਗੜਿਆ ਹੋਇਆ ਰੂਪ ਜਿਸ ਨੂੰ ਆਧੁਨਿਕ ਪੰਜਾਬੀ ਦੀ ਨੇੜੇ ਦੀ ਪੂਰਵ ਗਾਮਨੀ ਕਿਹਾ ਜਾਣਾ ਚਾਹੀਦਾ ਹੈ।[1]

ਸਮੁੱਚੇ ਆਦਿ ਗ੍ਰੰਥ ਦੀ ਧੁਨੀ ਆਪਣੇ ਸਾਰੇ ਵੇਰਵਿਆਂ ਵਿਚ ਹਿੰਦੂ ਹੈ :

1. ਅਲੰਕਾਰ ਤੇ ਲੋਕੋਕਤੀਆਂ ਆਮ ਕਰ ਕੇ ਉਹ ਹਨ ਜਿਹੜੀਆਂ ਉਪਨਿਸ਼ਦਾਂ ਵਿਚ ਜਾਂ ਵੇਦਾਂਤ ਦਰਸ਼ਨ ਦੀਆਂ ਅਧਿਕ ਆਧੁਨਿਕ ਕਿਰਤਾਂ ਵਿਚ ਮੌਜੂਦ ਹਨ।
2. ਮਿਥਿਹਾਸਕ ਹਵਾਲੇ ਸਾਰੇ ਦੇ ਸਾਰੇ ਹਰ ਥਾਂ-ਪੁਰਾਨਾਂ ਵਿਚੋਂ ਲਏ ਗਏ ਹਨ। ਸਾਮੀ ਮਿਥਿਹਾਸ ਦੇ ਪਾਤਰਾਂ ਦਾ ਕਿਤੇ ਵਰਣਨ ਨਹੀਂ ਕੀਤਾ ਸਿਵਾਇ ਉਸ ਥਾਂ ਦੇ ਜਿਥੇ ਕਿ ਸੰਬੰਧਿਤ ਵਿਅਕਤੀ ਮੁਸਲਮਾਨ ਹੋਵੇ।

---

1. ਇਹ ਗੱਲ ਧਿਆਨ ਯੋਗ ਹੈ ਕਿ ਲਗ ਭਗ ਸਾਰੇ ਦੇ ਸਾਰੇ ਭਗਤਾਂ, ਭਾਵੇਂ ਉਹ ਬੰਗਾਲ ਵਿਚ ਰਹਿੰਦੇ ਸਨ ਜਾਂ ਮਹਾਰਾਸ਼ਟਰ ਵਿਚ ਜਾਂ ਪੰਜਾਬ ਦੇ ਉਤਲੇ ਭਾਗ ਵਿਚ, ਨੇ ਆਪਣੀਆਂ ਰਚਨਾਵਾਂ ਉਨ੍ਹਾਂ ਦਿਨਾਂ ਦੀ ਹਿੰਦੀ ਵਿਚ ਕੀਤੀਆਂ। ਹਿੰਦੀ ਜਾਂ ਹਿੰਦਵੀਂ ਜਿਵੇਂ ਕਿ ਟ੍ਰੰਪ ਪੁਰਾਣੀ ਹਿੰਦੀ ਨੂੰ ਕਹਿੰਦਾ ਹੈ ਭਾਰਤ ਦੀ ਹਰ ਥਾਂ ਬੋਲੀ ਜਾਣ ਵਾਲੀ ਭਾਸ਼ਾ ਜਾਪਦੀ ਹੈ ਜਾਂ ਘੱਟੋ ਘੱਟ ਪਿਛਲੇ ਸਮਿਆਂ ਵਿਚ ਜਿਹੜੀ ਥਾਂ ਸੰਸਕ੍ਰਿਤ ਨੇ ਮੱਲੀ ਸੀ ਅਤੇ ਵਰਤਮਾਨ ਸਮਿਆਂ ਵਿਚ ਅੰਗ੍ਰੇਜ਼ੀ ਨੇ ਮੱਲੀ ਹੈ, ਉਹੀ ਥਾਂ ਇਸ ਦੀ ਜਾਪਦੀ ਹੈ।

ਕੋਈ ਵੀ ਵਿਅਕਤੀ ਜਿਹੜਾ ਬਹੁਤ ਸ੍ਰੋਤਿਆਂ ਨਾਲ ਸੰਪਰਕ ਜੋੜਨਾ ਚਾਹੁੰਦਾ ਸੀ, ਹਿੰਦੀ ਹੀ ਵਰਤਦਾ ਸੀ। ਇਸ ਤੱਥ ਬਾਰੇ ਟ੍ਰੰਪ ਨੇ ਲਿਖਿਆ ਹੈ। ਇਹ ਵੀ ਧਿਆਨ ਯੋਗ ਹੈ ਕਿ ਦੱਖਣ ਅਤੇ ਪੰਜਾਬ ਆਦਿ ਦੀਆਂ ਪੁਰਾਤਨ ਉਪ-ਭਾਖਾਵਾਂ ਉਨ੍ਹਾਂ ਦੀਆਂ ਵਰਤਮਾਨ ਉੱਤਰ-ਅਧਿਕਾਰੀ ਭਾਸ਼ਾਵਾਂ ਨਾਲੋਂ ਹਿੰਦੀ ਨਾਲ ਬਹੁਤ ਜ਼ਿਆਦਾ ਮਿਲਦੀਆਂ ਜੁਲਦੀਆਂ ਸਨ।

3. ਪਰਮਾਤਮਾ ਦੇ ਨਾਉਂ ਲਗਭਗ ਉਹੀ ਹਨ ਜਿਹੜੇ ਹਿੰਦੂ ਵਰਤਦੇ ਹਨ ਭਾਵੇਂ ਅੱਲ੍ਹਾ ਅਤੇ ਖੁਦਾ ਵੀ ਸਮੇਂ ਸਮੇਂ ਵਰਤੇ ਗਏ ਹਨ।
4. ਛੰਦ, ਬਿਨਾਂ ਕਿਸੇ ਛੋਟ ਤੋਂ, ਉਹੀ ਹਨ ਜਿਹੜੇ ਹਿੰਦੀ ਕਵੀਆਂ ਨੇ ਵਰਤੇ। ਇਥੋਂ ਤਕ ਕਿ ਫਾਰਸੀ ਛੰਦ ਵੀ ਉਸ ਛੰਦ ਵਿਚ ਲਿਖਿਆ ਹੈ ਜਿਹੜਾ ਫਾਰਸੀ ਨਾਲੋਂ ਹਿੰਦੀ ਵਧੇਰੇ ਹੈ ।

IV **ਵਸਤੂ** : ਆਦਿ ਗ੍ਰੰਥ ਦੇ ਵਿਸ਼ੇ-ਵਸਤੂ ਦਾ ਨਿਰੀਖਣ ਕਰਨਾ ਉਸ ਸਮੇਂ ਦੀ ਸਿੱਖੀ ਦਾ ਨਿਰੀਖਣ ਕਰਨਾ ਹੈ ਜਿਹੜੀ ਅੰਤਿਮ ਗੁਰੂ ਸਾਹਿਬ ਦੀਆਂ ਨਵੀਆਂ ਧਾਰਨਾਵਾਂ ਦੁਆਰਾ ਸੰਸ਼ੋਧਨ ਕਰਨ ਤੋਂ ਪਹਿਲਾਂ ਹੋਂਦ ਵਿਚ ਸੀ। ਕਿਉਂਕਿ ਮੈਂ ਅਗਲੇ ਅਧਿਆਇ ਵਿਚ ਕੁਝ ਵੇਰਵੇ ਸਹਿਤ ਇਸ ਵਿਸ਼ੇ ਤੇ ਵਿਚਾਰ ਕਰਨਾ ਚਾਹੁੰਦਾ ਹਾਂ, ਇਸ ਲਈ ਇਥੇ ਮੈਂ ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਭਾਗਾਂ ਦਾ ਜ਼ਿਕਰ ਕਰਨਾ ਹੀ ਕਾਫੀ ਸਮਝਦਾ ਹਾਂ । ਉਹ ਨਿਮਨ ਲਿਖਤ ਹਨ :

1. ਗੁਰੂ ਨਾਨਕ ਸਾਹਿਬ ਦਾ 'ਜਪੁਜੀ' ਸਾਹਿਬ ਇਕ ਭਗਤੀ ਦੀ ਰਚਨਾ ਹੈ ਜਿਸ ਦਾ ਪਾਠ ਸਵੇਰ ਦੇ ਵੇਲੇ ਕੀਤਾ ਜਾਂਦਾ ਹੈ।
2. 'ਸੋਦਰ' ਵਿਚ ਆਦਿ ਗ੍ਰੰਥ ਦੀ ਬੀੜ ਵਿਚੋਂ ਬਾਣੀ ਲਈ ਗਈ ਹੈ ਜਿਸ ਦਾ ਪਾਠ ਸੰਧਿਆ ਵੇਲੇ ਕੀਤਾ ਜਾਂਦਾ ਹੈ।
3. 'ਸੋ ਪੁਰਖ' ਦਾ ਪਾਠ ਵੀ ਸੰਧਿਆ ਵੇਲੇ ਕੀਤਾ ਜਾਂਦਾ ਹੈ।
4. 'ਸੋਹਿਲਾ' ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।
5. ਆਦਿ ਗ੍ਰੰਥ ਦਾ ਵਰਗੀਕਰਣ ਰਾਗਾਂ ਅਤੇ ਸ਼ਬਦਾਂ ਅਨੁਸਾਰ ਕੀਤਾ ਗਿਆ ਹੈ।
6. ਅੰਤ ਵਿਚ ਕਈ ਕਿਸਮ ਦੀਆਂ ਭੋਗ ਦੀਆਂ ਬਾਣੀਆਂ ਸ਼ਾਮਿਲ ਹਨ ਤੇ ਕੁਝ ਬਾਣੀ ਗੁਰੂ ਸਾਹਿਬਾਨ ਦੀ ਹੈ ਅਤੇ ਕੁਝ ਕਬੀਰ, ਫਰੀਦ ਅਤੇ ਬ੍ਰਾਹਮਣ ਭੱਟਾਂ ਦੀਆਂ ਵਾਰਾਂ ਹਨ।
7. ਰਾਗਮਾਲਾ : ਸਾਰੇ ਰਾਗ ਤੇ ਰਾਗਨੀਆਂ ਦੀ ਗਿਣਤੀ ਕਰ ਕੇ ਦੱਸੀ ਹੈ[1] ।

V **ਵਿਸ਼ੇ-ਵਸਤੂ ਦਾ ਅਸਲਾ** : ਆਦਿ ਗ੍ਰੰਥ ਦਾ ਮੁੱਖ ਭਾਗ ਸਰਵਸ਼ਕਤੀਮਾਨ

---

1. ਇਸ ਗੱਲ ਤੇ ਸਿੱਖਾਂ ਵਿਚਕਾਰ ਭਾਰੀ ਮਤ-ਭੇਦ ਹੈ ਕਿ ਕੀ ਰਾਗ ਮਾਲਾ ਆਦਿ ਗ੍ਰੰਥ ਦਾ ਜ਼ਰੂਰੀ ਭਾਗ ਹੈ। ਅੱਜ ਵੀ ਇਸ ਨੁਕਤੇ ਤੇ ਮਤ-ਭੇਦ ਹੈ, ਪਰ ਸਾਰੇ ਅਖੰਡ ਪਾਠਾਂ ਵਿਚ, ਜਿਨ੍ਹਾਂ ਵਿਚ ਮੈਂ ਸ਼ਾਮਿਲ ਹੋਇਆ ਹਾਂ, ਰਾਗ ਮਾਲਾ ਦਾ ਪਾਠ ਆਦਿ ਗ੍ਰੰਥ ਸਾਹਿਬ ਦੇ ਦੂਜੇ ਭਾਗਾਂ ਵਾਂਗ ਹੀ ਕੀਤਾ ਗਿਆ ਹੈ।

ਪਰਮਾਤਮਾ ਅਤੇ ਗੁਰੂ ਦੀ ਉਸਤਤ ਦੇ ਸ਼ਬਦਾਂ ਦਾ ਹੈ ਜਾਂ ਅਜੇਹੀਆਂ ਪ੍ਰਾਰਥਨਾਵਾਂ[1] ਹਨ ਜਿਨ੍ਹਾਂ ਵਿਚ ਕੁਝ ਵਿਵਾਦਪੂਰਣ ਬੰਦ ਜਾਂ ਸਿੱਧੇ ਉਪਦੇਸ਼ ਜਾਂ ਧਾਰਮਿਕ ਭਾਸ਼ਣ ਹਨ, ਉਸ ਵਿਚ ਕਿਸੇ ਵਿਸ਼ੇਸ਼ ਵਿਸ਼ੇ ਦਾ ਵਿਵੇਚਨ ਨਹੀਂ ਤੇ ਗੁਰੂ ਸਾਹਿਬਾਨ ਦੀਆਂ ਕਰਾਮਾਤਾਂ ਜਾਂ ਉਨ੍ਹਾਂ ਦੀਆਂ ਜੀਵਨੀਆਂ ਦੀਆਂ ਕੋਈ ਸਾਖੀਆਂ ਨਹੀਂ। ਇਸ ਲਈ ਆਦਿ ਗ੍ਰੰਥ ਦੇ ਵਿਸ਼ੇ ਦਾ ਸੁਭਾਵ ਕਿਸੇ ਦ੍ਰਿੜ੍ਹ ਵਰਗੀਕਰਣ, ਜਿਹੜਾ ਕਿਸੇ ਜਾਤੀ ਜਾਂ ਵਿਸ਼ੇ ਦੀ ਦਰਸਾਈ ਗਈ ਸਮਾਨਤਾ ਤੇ ਆਧਾਰਿਤ ਹੋਵੇ, ਦੀ ਪਾਲਣਾ ਨਹੀਂ ਕਰਦਾ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਟ੍ਰੰਪ ਆਦਿ ਗ੍ਰੰਥ ਵਿਚ ਇਸੇ ਨਿਯਮ ਅਤੇ ਵਰਗੀਕਰਣ ਦੀ ਘਾਟ ਦੀ ਸ਼ਿਕਾਇਤ ਕਰਦਾ ਹੈ। ਗੁਰੂ ਸਾਹਿਬਾਨ ਦੀਆਂ ਸਦਾਚਾਰ ਸੰਬੰਧੀ ਸਿਖਿਆਵਾਂ ਅਤੇ ਉਨ੍ਹਾਂ ਦੇ ਸਿੱਧਾਂਤ ਅਤੇ ਵਿਸ਼ਵਾਸ ਸਾਰੇ ਆਦਿ ਗ੍ਰੰਥ ਵਿਚ ਖਿੰਡੇ ਪਏ ਹਨ ਅਤੇ ਸਾਰੇ ਆਦਿ ਗ੍ਰੰਥ ਦੇ ਧਿਆਨ ਪੂਰਵਕ ਅਧਿਐਨ ਨਾਲ ਹੀ ਇਕੱਤਰ ਕੀਤੇ ਜਾ ਸਕਦੇ ਹਨ। ਮੈਨੂੰ ਗ੍ਰੰਥ ਸਾਹਿਬ ਦਾ ਢਾਂਚਾ ਹੋਰ ਕਿਸੇ ਗ੍ਰੰਥ ਨਾਲੋਂ ਰਿਗ ਵੇਦ ਨਾਲ ਬਹੁਤਾ ਮਿਲਦਾ ਜੁਲਦਾ ਵਿਖਾਈ ਦਿੰਦਾ ਹੈ, ਅੰਤਰ ਕੇਵਲ ਇਹ ਜਾਪਦਾ ਹੈ ਕਿ ਜਿਥੇ ਵੇਦਾਂ ਵਿਚ ਆਮ ਕਰ ਕੇ ਇਕ ਬੰਦ ਵਿਚ ਇਕੋ ਵਿਸ਼ਾ ਹੈ, ਉਥੇ ਗ੍ਰੰਥ ਸਾਹਿਬ ਦੇ ਇਕੋ ਬੰਦ ਵਿਚ ਵੀ ਕੋਈ ਇਕ ਵਿਸ਼ਾ ਨਹੀਂ ਲਿਆ ਗਿਆ। ਇਸ ਲਈ ਉਹ ਸਭ ਕੁਝ ਜੋ ਗੁਰੂ ਸਾਹਿਬਾਨ ਕਹਿੰਦੇ ਹਨ, ਪ੍ਰੋਖ ਰੂਪ ਵਿਚ ਅਤੇ ਸੰਕੇਤਾਂ ਵਿਚ ਕਿਹਾ ਗਿਆ ਹੈ। ਉਹ ਆਪਣੀਆਂ ਧਾਰਨਾਵਾਂ ਤੇ ਜ਼ੋਰ ਨਹੀਂ ਦਿੰਦੇ ਅਤੇ ਨ ਹੀ ਉਨ੍ਹਾਂ ਦੀ ਵਿਆਖਿਆ ਕਰਦੇ ਹਨ ਸਗੋਂ ਉਸ ਦੇ ਅਰਥ ਕੱਢਣ ਦਾ ਕੰਮ ਪਾਠਕ ਤੇ ਹੀ ਛੱਡ ਦਿੰਦੇ ਹਨ। ਬਹੁਤ ਸਾਰੇ ਲੇਖਕਾਂ ਦਾ ਸੰਗ੍ਰਹਿ ਹੋਣ ਕਰਕੇ, ਧਾਰਨਾਵਾਂ ਜਾਂ ਧਰਮ-ਵਿਦਿਆ ਦੇ ਸਿੱਧਾਂਤਾਂ ਦੀ ਇਕਸਾਰਤਾ ਦੀ ਆਸ ਨਹੀਂ ਕੀਤੀ ਜਾ ਸਕਦੀ। ਇਥੋਂ ਤਕ ਕਿ ਇਕ ਹੀ ਕਰਤਾ ਦੀਆਂ ਰਚਨਾਵਾਂ ਵੀ ਪ੍ਰਤੱਖ ਆਪਾ ਵਿਰੋਧ ਤੋਂ ਮੁਕਤ ਨਹੀਂ ਹਨ। ਉਦਾਹਰਣ ਲਈ ਉਸ ਵਿਚ ਦਵੈਤਵਾਦ ਅਤੇ ਅਦਵੈਤਵਾਦ ਦੇ ਅੰਤਰ ਦੀ ਕੋਈ ਵਿਆਖਿਆ ਨਹੀਂ ਹੈ।

ਸਿੱਖਾਂ ਦੀ ਦੂਜੀ ਧਾਰਮਿਕ ਪੁਸਤਕ, ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਦਸਮ ਪਾਤਸ਼ਾਹ ਦਾ ਗ੍ਰੰਥ ਹੈ। ਇਹ ਫੁਟਕਲ ਸੰਗ੍ਰਹਿ ਹੈ ਅਤੇ ਇਸ ਦਾ ਕੇਵਲ ਇਕ ਭਾਗ ਹੀ ਗੁਰੂ ਜੀ ਦੀ ਰਚਨਾ ਹੈ। ਬਾਕੀ ਸਾਰਾ ਬਹੁਤ ਸਾਰੇ ਹਿੰਦੀ ਕਵੀਆਂ ਦਾ ਲਿਖਿਆ ਹੈ,

---

1. ਡਾ. ਟ੍ਰੰਪ ਕਹਿੰਦਾ ਹੈ, "ਆਦਿ ਗ੍ਰੰਥ ਵਿਚ ਪਰਮਾਤਮਾ ਦੀ ਪ੍ਰਾਰਥਨਾ ਦਾ ਜ਼ਿਕਰ ਨਹੀਂ ਆਉਂਦਾ" (ਪੰਨਾ cx)। ਇਹ ਕਥਨ ਨਿਰਾਧਾਰ ਹੈ ਅਤੇ ਗ੍ਰੰਥ ਸਾਹਿਬ ਵਿਚ ਸੈਂਕੜੇ ਪ੍ਰਾਰਥਨਾਵਾਂ ਦਰਜ ਹਨ। ਇਹ ਮੈਕਸ ਮੂਲਰ ਦੁਆਰਾ ਟ੍ਰੰਪ ਬਾਰੇ ਦੱਸੀ ਐਡਰੋਸਕੀ ਦਾ ਪ੍ਰਮਾਣ ਹੈ। *Auld Lang Syne*, ਪੰਨਾ 69

ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੀ ਸੇਵਾ ਵਿਚ ਰਖਿਆ ਹੋਇਆ ਸੀ। ਇਹ ਸੰਗ੍ਰਹਿ ਗੁਰੂ ਸਾਹਿਬ ਲਈ ਬਹੁਤੀ ਵਡਿਆਈ ਦੀ ਗੱਲ ਨਹੀਂ ਕਿਉਂਕਿ ਇਸ ਦਾ ਬਹੁਤਾ ਭਾਗ, ਗੁਰੂ ਸਾਹਿਬ ਦੀਆਂ ਆਪਣੀਆਂ ਰਚਨਾਵਾਂ ਛੱਡ ਕੇ, ਛੱਡਿਆ ਜਾ ਸਕਦਾ ਸੀ। ਇਹ ਗ੍ਰੰਥ ਸਭਨਾਂ ਸਿੱਖਾਂ ਵਿਚ ਜ਼ਿਆਦਾ ਸਤਿਕਾਰਿਆ ਨਹੀਂ ਜਾਂਦਾ ਜਿਹੜੇ ਇਸ ਦੀਆਂ ਬਹੁਤੀਆਂ ਰਚਨਾਵਾਂ ਨੂੰ ਮਿਲਾਵਟ ਵਾਲਾ ਸਮਝਦੇ ਹਨ।

ਪਰ ਇਸ ਦੇ ਸਾਹਿਤਿਕ ਅਤੇ ਕਾਵਿਕ ਗੁਣ ਮਹਾਨ ਹਨ ਅਤੇ ਇਸ ਦੇ ਕੁਝ ਭਾਗ ਹਿੰਦੀ ਦੀ ਬਿਆਨੀਆਂ ਅਤੇ ਬੀਰ ਰਸੀ ਕਵਿਤਾ ਵਿਚ ਉੱਚੀ ਥਾਂ ਦੇ ਹੱਕਦਾਰ ਹਨ।

ਇਸ ਤੋਂ ਇਲਾਵਾ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਕਾਰਜਾਂ ਵਿਚ ਹਿੰਦੂ ਧਰਮ-ਸਿੱਧਾਂਤਾਂ, ਮਿਥਿਹਾਸ, ਦਰਸ਼ਨ, ਇਤਿਹਾਸ ਅਤੇ ਸਾਹਿੱਤ ਦੇ ਅਸਰ ਦਰਸਾਉਣ ਦੀ ਅਤਿ ਉੱਤਮ ਅਨੁਕ੍ਰਮਣਿਕਾ ਦਾ ਕੰਮ ਦਿੰਦਾ ਹੈ, ਅਤੇ ਇਸ ਲਈ ਇਸ ਦੇ ਵਿਸ਼ੇ-ਵਸਤੂ ਦੀ ਸੰਖੇਪ ਰੂਪ-ਰੇਖਾ ਦੱਸਣੀ ਇਥੇ ਕੁਥਾਈਂ ਨਹੀਂ ਹੋਵੇਗੀ।

ਪ੍ਰਤੱਖ ਰੂਪ ਵਿਚ ਇਹ ਕਈ ਭਿੰਨ-ਭਿੰਨ ਆਕਾਰਾਂ ਦੀਆਂ ਪੁਸਤਕਾਂ ਦਾ ਸੰਗ੍ਰਹਿ ਹੈ। ਅਤੇ ਇਨ੍ਹਾਂ ਵਿਚ ਨਿਭਾਏ ਵਿਸ਼ੇ ਉੱਨੇ ਹੀ ਭਿੰਨ ਜਾਪਦੇ ਹਨ। ਪਰ ਸਾਰੇ ਸੰਗ੍ਰਹਿ ਦਾ ਮੁੱਖ ਵਿਸ਼ਾ ਜਾਂ ਤਾਂ ਹੋਰ ਸਾਰੇ ਪੂਜਾ ਦੇ ਪਦਾਰਥਾਂ ਨੂੰ ਛੱਡ ਕੇ ਭਗਵਾਨ ਦੀ ਮਹਿਮਾ ਹੈ ਜਾਂ ਸ਼ਸਤਰ ਦੀ ਮਹਿਮਾ ਹੈ ਜਿਸ ਦਾ ਉੱਦੇਸ਼ ਸਿੱਖਾਂ ਨੂੰ ਬਹਾਦਰੀ ਨਾਲ ਲੜਨ ਲਈ ਉਤਸਾਹਿਤ ਕਰਨਾ ਹੈ। ਪੁਰਾਨਾਂ ਦੇ ਮਿਥਿਹਾਸਿਕ ਨਾਇਕਾਂ ਦਿਆਂ ਕਾਰਨਾਮਿਆਂ ਦੇ ਵਰਣਨ ਦਾ ਇਕੋ ਇਕ ਇਹੀ ਉੱਦੇਸ਼ ਹੈ—ਜੰਗ ਲਈ ਉਤੇਜਿਤ ਕਰਨਾ ਅਤੇ ਸਰੀਰਕ ਸ਼ਕਤੀ ਅਤੇ ਸਾਹਸ ਦਾ ਗੁਣਗਾਣ ਕਰਨਾ। ਇਸਤਰੀਆਂ ਦੇ ਚਲਿੱਤਰਾਂ ਦੀਆਂ ਕਹਾਣੀਆਂ ਵੀ ਇਸੇ ਉੱਦੇਸ਼ ਨੂੰ ਅੱਗੇ ਰੱਖ ਕੇ ਲਿਖੀਆਂ ਜਾਪਦੀਆਂ ਹਨ, ਕਿ ਸਿੱਖਾਂ ਨੂੰ ਉਨ੍ਹਾਂ ਦੇ ਜਾਲ ਵਿਚ ਫਸਣ ਤੋਂ ਬਚਾਇਆ ਜਾਵੇ। ਇਸ ਗ੍ਰੰਥ ਦਾ ਵਿਸ਼ੇ-ਵਸਤੂ ਨਿਮਨ ਲਿਖਤ ਅਨੁਸਾਰ ਹੈ :

1. **ਜਾਪ ਸਾਹਿਬ:** ਸਿੱਖਾਂ ਦੀ ਸਵੇਰ ਦੀ ਪ੍ਰਾਰਥਨਾ ਗੁਰੂ ਨਾਨਕ ਦੇ ਜਪੁਜੀ ਵਾਂਗੂ ਹੈ। ਇਹ ਛੋਟੀ ਜਿਹੀ ਜੋਸ਼ੀਲੀ ਕਵਿਤਾ ਹੈ ਜਿਹੜੀ ਸੰਸਕ੍ਰਿਤ ਭਾਸ਼ਾ ਵਿਚ ਹੈ ਭਾਵੇਂ ਤੋਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਫਾਰਸੀ ਅਤੇ ਪੰਜਾਬੀ ਦੇ ਆਮ ਵਰਤੋਂ ਵਾਲੇ ਸ਼ਬਦ ਵੀ ਵਰਤੇ ਗਏ ਹਨ। ਇਸ ਨੂੰ ਗੁਰੂ ਸਾਹਿਬ ਦੀ ਆਪਣੀ ਰਚਨਾ ਸਮਝਿਆ ਜਾਂਦਾ ਹੈ।
2. **ਅਕਾਲ ਉਸਤਤ :** ਅਕਾਲ ਦੀ ਉਸਤਤ ਇਸ ਦਾ ਪਾਠ ਸਵੇਰ ਵੇਲੇ ਕੀਤਾ ਜਾਂਦਾ ਹੈ।
3. **ਬਚਿਤ੍ਰ ਨਾਟਕ :** ਗੁਰੂ ਗੋਬਿੰਦ ਸਿੰਘ ਦੀ ਆਪਣੀ ਰਚਨਾ ਹੈ, ਜਿਸ ਵਿਚ ਉਨ੍ਹਾਂ

ਦੇ ਪਰਿਵਾਰ, ਉਨ੍ਹਾਂ ਦੇ ਸੁਧਾਰ ਦੇ ਮਿਸ਼ਨ ਅਤੇ ਉਨ੍ਹਾਂ ਦੀਆਂ ਪਹਾੜੀ ਰਾਜਿਆਂ ਅਤੇ ਸ਼ਾਹੀ ਫੌਜਾਂ ਨਾਲ ਲੜਾਈਆਂ ਦਾ ਹਾਲ ਦਰਜ ਹੈ । ਗੁਰੂ ਸਾਹਿਬ ਦੁਆਰਾ ਦਿੱਤਾ ਆਪਣੇ ਪੂਰਵ ਜਨਮ ਦਾ ਹਾਲ ਅਤੇ ਉਹ ਪਰਿਸਥਿਤੀਆਂ ਜਿਨ੍ਹਾਂ ਕਾਰਣ ਉਨ੍ਹਾਂ ਨੇ ਅਵਤਾਰ ਧਾਰਿਆ, ਪੁਰਾਨਾਂ ਦੀ ਕਹਾਣੀ ਜਾਪਦਾ ਹੈ, ਅਤੇ ਇਸ ਦੇ ਸਾਰੇ ਵੇਰਵੇ ਹਿੰਦੂ ਮਿਥਿਹਾਸ ਦੇ ਰੰਗ ਵਿਚ ਰੰਗੇ ਹੋਏ ਹਨ ।[1]

4. **ਚੰਡੀ ਚਰਿੱਤਰ:** ਸੰਸਕ੍ਰਿਤ ਵਿਚੋਂ ਅਨੁਵਾਦ। ਕਈਆਂ ਲਿਖਾਰੀਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਇਹ ਅਨੁਵਾਦ ਆਪ ਕੀਤਾ ਸੀ । ਦੁਰਗਾ ਦੀਆਂ ਰਾਖਸ਼ਾਂ ਨਾਲ ਲੜਾਈਆਂ ਮਹਾਂ ਕਾਵਿ ਵਿਚ ਬਿਆਨ ਕੀਤੀਆਂ ਗਈਆਂ ਹਨ ਜਿਸ ਦੀ ਉਦਾਹਰਣ ਹਿੰਦੀ ਸਾਹਿੱਤ ਵਿਚ ਨਹੀਂ ਮਿਲਦੀ । ਜਿਹੜੇ ਦੈਂਤ ਮਾਰੇ ਗਏ ਉਨ੍ਹਾਂ ਦੇ ਨਾਉਂ ਨਿਮਨ ਲਿਖਤ ਹਨ :

ਮਧੂ, ਕੈਟਭ, ਮਹਿਖਾਸੁਰ, ਧੂਮਰ ਲੋਚਨ, ਚੰਡ, ਮੁੰਡ, ਰਕਤ ਬੀਜ, ਨਿਸੁੰਭ ਅਤੇ ਸੁੰਭ ।

ਚੰਡੀ ਚਰਿੱਤਰ ਦੂਸਰਾ ਭਾਗ 'ਚੰਡੀ ਕੀ ਵਾਰ' ਹੈ । ਇਹ ਪੰਜਾਬੀ ਵਿਚ ਹੈ ਤੇ ਅਸਲ ਵਿਚ ਇਸ ਸੰਗ੍ਰਹਿ ਵਿਚ ਇਹ ਹੀ ਕੇਵਲ ਪੰਜਾਬੀ ਰਚਨਾ ਹੈ ਕਿਉਂਕਿ ਬਾਕੀ ਸਭ ਰਚਨਾਵਾਂ ਲਗਭਗ ਹਿੰਦੀ ਵਿਚ ਹਨ ।

5. **ਗਿਆਨ ਪ੍ਰਬੋਧ** : ਮਹਾਭਾਰਤ ਵਿਚੋਂ ਲਿਆ ਗਿਆ ਹੈ, ਪਰਮਾਤਮਾ ਦੀ ਉਸਤਤ ਵਿਚ ਲਿਖਿਆ ਗਿਆ ਹੈ, ਹਿੰਦੂਆਂ ਦੇ ਪ੍ਰਾਚੀਨ ਇਤਿਹਾਸ ਵਿਚੋਂ ਉਦਾਹਰਣਾਂ ਦਿੱਤੀਆਂ ਹਨ ।

6. **ਚੌਪਈਆ** : ਇਸ ਵਿਚ ਸ਼ਿਵ ਦੇ ਚੌਬੀ ਅਵਤਾਰਾਂ ਦਾ ਵਰਣਨ ਹੈ ।

7. **ਸ਼ਬਦ ਹਜ਼ਾਰਾ** : ਗੁਰੂ ਸਾਹਿਬ ਦੇ ਆਪਣੇ ਰਚੇ ਹੋਏ ਦਸ ਸ਼ਬਦ ਜਿਹੜੇ ਪਰਮਾਤਮਾ ਦੀ ਪ੍ਰਸ਼ੰਸਾ ਅਤੇ ਨਿੱਕੇ ਨਿੱਕੇ ਦੇਵੀ ਦੇਵਤਿਆਂ ਤੇ ਸੰਤਾਂ ਦੀ ਪੂਜਾ ਦੀ ਨਿਖੇਧੀ ਕਰਦੇ ਹਨ ।

8. **ਬੱਤੀ ਸਵੱਯਏ** : ਬੱਤੀ ਬੰਦ ਜਿਹੜੇ ਗੁਰੂ ਜੀ ਨੇ ਆਪ ਰਚੇ ਹਨ । ਇਹ ਬੁੱਤ ਪੂਜਾ, ਪਾਖੰਡ ਅਤੇ ਸੰਪ੍ਰਦਾਇਕ ਵਿਰੋਧਤਾਵਾਂ ਅਤੇ ਹਠਧਰਮੀ ਦੀ ਨਿਖੇਧੀ ਕਰਦੇ ਹਨ । ਪੁਰਾਨ ਅਤੇ ਕੁਰਾਨ ਦੀ ਨਾਮ ਨਿਹਾਦ ਭਗਤੀ ਦੀ ਬਜਾਏ ਪ੍ਰਭੂ-ਪ੍ਰੇਮ ਤੇ ਜ਼ੋਰ ਦਿੰਦੇ ਹਨ ।

---

1. ਕਨਿੰਘਮ ਲਿਖਦਾ ਹੈ, "ਕੇਵਲ ਆਰੰਭਿਕ ਕਵਿਤਾ ਹੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ ।" 'ਹਿਸਟਰੀ ਆਫ ਦਿ ਸਿਖਸ', ਦੂਜਾ ਸੰਸਕਰਣ, ਅੰਤਿਕਾ XVIII

9. **ਸ਼ਸਤਰ ਨਾਮ ਮਾਲਾ** : ਉਨ੍ਹੀਂ ਦਿਨੀ ਯੁੱਧ ਵਿਚ ਵਰਤੇ ਜਾਣ ਵਾਲੇ ਹਥਿਆਰਾਂ ਦਾ ਵਰਣਨ ਹੈ ।

10. **ਇਸਤ੍ਰੀ ਚਰਿੱਤਰ** : ਇਹ 404 ਕਥਾਵਾਂ ਵਿਚ ਵਰਣਿਤ ਹੈ ਜੋ ਕਿ ਗ੍ਰੰਥ ਦਾ ਅੱਧਾ ਭਾਗ ਬਣ ਜਾਂਦੀਆਂ ਹਨ ।

11. **ਜ਼ਫ਼ਰ-ਨਾਮਾ** : ਔਰੰਗਜ਼ੇਬ ਦੇ ਨਾਂ ਫਾਰਸੀ ਵਿਚ ਲਿਖਿਆ ਪੱਤਰ ।

12. **ਹਿਕਾਇਆਤ** : ਇਹ ਗਿਣਤੀ ਵਿਚ ਬਾਰਾਂ ਹਨ ਅਤੇ ਫਾਰਸੀ ਕਵਿਤਾ ਵਿਚ ਮਸਨਵੀ ਨਮੂਨੇ ਦੀਆਂ 866 ਤੁਕਾਂ ਵਿਚ ਲਿਖੀਆਂ ਹੋਈਆਂ ਹਨ ।

ਦਸਮ ਗ੍ਰੰਥ ਆਦਿ ਗ੍ਰੰਥ ਵਾਂਗ ਹੀ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੋਇਆ ਹੈ, ਪਰ ਦੂਜੇ ਪੱਖਾਂ ਤੋਂ ਇਹ ਗ੍ਰੰਥ ਆਦਿ ਗ੍ਰੰਥ ਤੋਂ ਪੂਰਣ ਭਾਂਤ ਵਖਰਾ ਹੈ । ਜਿਵੇਂ ਧਰਮ ਦੇ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਨੇ ਨਵੀਆਂ ਲੀਹਾਂ ਪਾਈਆਂ ਇਸੇ ਤਰ੍ਹਾਂ ਆਪਣੀ ਕਵਿਤਾ ਵਿਚ ਵੀ ਉਨ੍ਹਾਂ ਨੇ ਨਵੀਂ ਲੀਹ ਉਲੀਕੀ, ਇਥੋਂ ਤਕ ਕਿ ਉਨ੍ਹਾਂ ਨੇ ਨਾਨਕ ਦਾ ਨਾਉਂ ਲਿਖਣਾ ਵੀ ਬੰਦ ਕਰ ਦਿੱਤਾ ਜਿਸ ਨੂੰ ਕਿ ਪਹਿਲੇ ਗੁਰੂ ਸਾਹਿਬ ਦੇ ਸਾਰੇ ਉੱਤਰ-ਅਧਿਕਾਰੀਆਂ ਨੇ ਆਪਣੀਆਂ ਰਚਨਾਵਾਂ ਲਈ ਅਪਣਾ ਲਿਆ ਸੀ ।

ਕੀ ਸਿੱਖੀ ਮਿਸ਼ਰਤ ਧਰਮ ਹੈ ?

ਸਿੱਖ ਧਰਮ ਦੇ ਵਿਸ਼ੇਸ਼ ਗੁਣਾਂ ਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਅਵੱਸ਼ਕ ਹੈ ਕਿ ਪ੍ਰਚਲਿਤ ਧਾਰਨਾ, ਕਿ ਸਿੱਖੀ ਹਿੰਦੂ ਧਰਮ ਅਤੇ ਇਸਲਾਮੀ ਧਰਮ ਦਾ ਮਿਸ਼ਰਣ ਹੈ, ਦਾ ਖੰਡਨ ਕੀਤਾ ਜਾਵੇ। ਕਨਿੰਘਮ ਨੇ ਕੋਈ ਸੱਠ ਵਰ੍ਹੇ ਪਹਿਲਾਂ ਇਉਂ ਲਿਖਿਆ ਸੀ ਕਿ ਉਹ ਨਵ-ਧਰਮੀ ਹਨ ਜਿਨ੍ਹਾਂ ਉਤੇ ਬ੍ਰਹਮਾ ਅਤੇ ਮੁਹੰਮਦ ਦੋਹਾਂ ਦੀ ਛਾਪ ਹੈ ਅਤੇ ਇਹ ਕਥਨ ਉਸ ਸਮੇਂ ਤੋਂ ਪਿਛੋਂ ਸਿੱਖ ਧਰਮ ਬਾਰੇ ਲਿਖਣ ਵਾਲੇ ਲੇਖਕਾਂ ਨੇ ਕਈ ਵਾਰ ਦੁਹਰਾਇਆ ਹੈ। ਇਥੋਂ ਤਕ ਕਿ ਮੋਨੀਅਰ ਵਿਲੀਅਮ ਜਿਸ ਦਾ ਗਿਆਨ ਚੰਗੇਰਾ ਹੋਣਾ ਚਾਹੀਦਾ ਸੀ, ਵੀ ਸਿੱਖ ਧਰਮ ਦੇ ਆਸਤਿਕ ਚਰਿੱਤਰ ਤੇ ਇਸਲਾਮ ਦਾ ਪ੍ਰਭਾਵ ਮੜ੍ਹਣ ਦੀ ਆਪਣੀ ਲਾਲਸਾ ਛੱਡ ਨਹੀਂ ਸਕਿਆ। ਸਵਰਗਵਾਸੀ ਬੋਡੇਨ ਪ੍ਰੋਫੈਸਰ ਲਿਖਦਾ ਹੈ, ''ਗੁਰੂ ਨਾਨਕ ਉਤੇ ਇਸਲਾਮ ਦਾ ਇਤਨਾ ਕੁ ਪ੍ਰਭਾਵ ਜ਼ਰੂਰ ਸੀ ਕਿ ਉਸ ਨੇ ਮੂਰਤੀ-ਪੂਜਾ ਦਾ ਖੰਡਨ ਕੀਤਾ।''

ਇਹ ਇਕ ਦਮ ਮੰਨ ਲੈਣਾ ਚਾਹੀਦਾ ਹੈ ਕਿ ਸਿੱਖ ਧਰਮ ਦੇ ਆਗਮਨ ਵਿਚ ਇਸਲਾਮ ਦਾ ਕੋਈ ਨ ਕੋਈ ਯੋਗਦਾਨ ਜ਼ਰੂਰ ਹੈ। ਅਸਲ ਵਿਚ, ਜੇ ਇਸਲਾਮ ਨੇ ਭਾਰਤ ਦੀਆਂ ਸਰਹੱਦਾਂ ਅੰਦਰ ਪੈਰ ਨ ਪਾਇਆ ਹੁੰਦਾ ਤਾਂ ਜਾਂ ਤਾਂ ਸਿੱਖ ਧਰਮ ਹੋਂਦ ਵਿਚ ਹੀ ਨ ਆਉਂਦਾ ਤੇ ਜਾਂ ਫਿਰ ਘੱਟੋ ਘੱਟ ਇਸ ਦਾ ਇਹ ਸਰੂਪ ਨ ਹੁੰਦਾ। ਪਰ ਇਸ ਦਾ ਭਾਵ ਇਹ ਨਹੀਂ ਕਿ ਸਿੱਖ ਧਰਮ ਉੱਤੇ ਇਸਲਾਮ ਦਾ ਕਿਸੇ ਹੱਦ ਤਕ ਪ੍ਰਭਾਵ ਹੈ। ਇਸ ਦੇ ਉਲਟ ਇਹ ਤਾਂ ਹਿੰਦੂਆਂ ਦੇ ਇਸਲਾਮ ਵਿਰੁੱਧ ਪ੍ਰਤਿਕਰਮ ਦਾ ਪ੍ਰਤੀਕ ਹੈ।

ਇਹ ਜ਼ਰੂਰ ਮੰਨਣਾ ਪਵੇਗਾ ਕਿ ਇਸਲਾਮ ਦੇ ਪ੍ਰਭਾਵ ਨੇ ਹਿੰਦੂ ਕੌਮ ਦੀਆਂ ਨੀਹਾਂ ਨੂੰ ਜੜੋਂ ਝੰਜੋੜ ਦਿੱਤਾ ਤੇ ਇਸ ਦੀ ਵਿਚਾਰਧਾਰਾ ਤੇ ਕਰਮਾਂ ਨੂੰ ਅਥਾਹ ਪ੍ਰੇਰਨਾ ਦਿੱਤੀ। ਪਰ ਇਹ ਉਸੇ ਤਰ੍ਹਾਂ ਸੀ ਜਿਵੇਂ ਸ਼ਕਤੀਸ਼ਾਲੀ ਸ਼ਤਰੂ ਦੇ ਹਮਲਾ ਕਰਨ ਤੇ ਹੀ ਫੌਜਾਂ ਇਕੱਤਰ ਕੀਤੀਆਂ ਜਾਣ, ਹਮਲਾਵਰ ਦੇ ਪ੍ਰਚੰਡ ਆਕ੍ਰਮਣ ਤੋਂ ਆਪਣੀ ਰੱਖਿਆ ਕਰਨ ਲਈ ਅਸਲੇਖਾਨੇ ਅਤੇ ਤੋਪਖਾਨੇ ਖੋਲ੍ਹੇ ਜਾਣ। ਹਥਿਆਰ ਤੇ ਗੋਲਾ ਬਾਰੂਦ ਸਭ ਤੁਹਾਡੇ ਹਨ ਅਤੇ ਸਦਾ ਤੁਹਾਡੇ ਕੋਲ ਹੀ ਰਹੇ ਹਨ, ਪਰ ਇਹ ਸ਼ਤਰੂ ਦਾ ਆਗਮਨ ਹੀ ਹੈ

ਜਿਹੜਾ ਉਨ੍ਹਾਂ ਨੂੰ ਬਾਹਰ ਕਢਵਾਉਂਦਾ ਹੈ ਤੇ ਆਪਣੇ ਪਰਿਵਾਰਾਂ ਤੇ ਘਰਾਂ ਦੀ ਰੱਖਿਆ ਲਈ ਉਨ੍ਹਾਂ ਦੀ ਵਰਤੋਂ ਕਰਵਾਉਂਦਾ ਹੈ। ਚੌਦਵੀਂ ਅਤੇ ਪੰਦਰਵੀਂ ਸਦੀ ਦੇ ਹਿੰਦੂਆਂ ਦੀਆਂ ਧਾਰਮਿਕ ਕਾਰਵਾਈਆਂ ਅਤੇ ਉਨ੍ਹਾਂ ਰਾਜਨੀਤਿਕ ਜਦੋਜਹਿਦਾਂ ਵਿਚ ਸਿਖਿਆਦਾਇਕ ਸਮਾਨਤਾ ਹੈ ਜਿਹੜੀਆਂ ਉਨ੍ਹਾਂ ਨੇ ਆਪਣੇ ਆਪ ਨੂੰ ਵਿਨਾਸ਼ ਤੋਂ ਬਚਾਣ ਲਈ ਕੀਤੀਆਂ। ਮੈਦਾਨੀ ਇਲਾਕੇ ਵਿਚੋਂ ਕੱਢੇ ਜਾਣ ਪਿਛੋਂ ਉਹ ਰਾਜਪੂਤਾਨੇ ਦੇ ਵੀਰਾਨਿਆਂ ਅਤੇ ਮਾਰੂਥਲਾਂ ਵਿਚ, ਅਤੇ ਉੱਤਰ ਤੇ ਦੱਖਣ ਦੀਆਂ ਪਹਾੜੀਆਂ ਵਿਚ ਜਾ ਨਿਕਲੇ ਤੇ ਆਪਣੀ ਜਦੋਜਹਿਦ ਉਸ ਸਮੇਂ ਤਕ ਚਾਲੂ ਰੱਖੀ ਜਦ ਤਕ ਕਿ ਉਨ੍ਹਾਂ ਨੇ ਆਪਣੇ ਜੇਤੂਆਂ ਨੂੰ ਹਰਾ ਨ ਦਿੱਤਾ। ਇਸੇ ਤਰ੍ਹਾਂ ਧਾਰਮਿਕ ਜਦੋਜਹਿਦ ਵਿਚ ਹਿੰਦੂ ਧਰਮ ਦੀਆਂ ਸੀਮਾਵਰਤੀ ਸੁਰੱਖਿਆ ਚੌਕੀਆਂ ਅਥਵਾ ਨੀਵੀਆਂ ਸ਼੍ਰੇਣੀਆਂ ਦੇ ਹਿੰਦੂ ਵਿਸ਼ਵਾਸ ਅਤੇ ਰਸਮ ਰਿਵਾਜ ਪਹਿਲੇ ਹੱਲੇ ਵਿਚ ਹੀ ਇਸਲਾਮ ਨੇ ਹਥਿਆ ਲਏ ਸਨ ਤੇ ਉਨ੍ਹਾਂ ਦੇ ਰੱਖਿਅਕਾਂ ਨੂੰ ਇਕ-ਇਕ ਕਰ ਕੇ ਤਬਾਹ ਕਰ ਦਿੱਤਾ ਸੀ।[1] ਇਹ ਇਕ ਦਮ ਭਾਂਪ ਲਿਆ ਗਿਆ ਕਿ ਅਜੇਹੇ ਵਿਸ਼ਵਾਸ ਰੂਅੱਸਬੀ ਮੁਸਲਮਾਨਾਂ ਦੇ ਬੁਤ-ਸ਼ਿਕਨ ਧਰਮ ਦੇ ਮੁਕਾਬਲੇ ਵਿਚ ਤਗ ਨਹੀਂ ਸਕਦੇ। ਹਿੰਦੂਆਂ ਨੂੰ ਸਿਰ ਤੇ ਖਲੋਤੀ ਤਬਾਹੀ ਤੋਂ ਬਚਾਉਣ ਲਈ ਦੋ ਢੰਗ ਵਰਤੇ ਗਏ। ਬ੍ਰਾਹਮਣਾਂ ਨੇ ਸਮਾਜਕ ਵਿਵਸਥਾ ਮਜ਼ਬੂਤ ਕਰ ਕੇ ਧਰਮ ਦੀਆਂ ਦੀਵਾਰਾਂ ਪਿੱਛੇ ਜਾ ਸ਼ਰਨ ਲਈ। ਜਿਹੜੇ ਬਾਹਰ ਰਹਿ ਗਏ, ਉਹ ਖਤਮ ਹੋ ਗਏ। ਜਿਹੜੇ ਉਸ ਗੜ੍ਹੀ ਵਿਚ ਦਾਖ਼ਿਲ ਕਰ ਲਏ ਗਏ ਉਹ ਹਰੇਕ ਅਜੇਹੀ ਵਸਤ ਸਮੇਤ ਜਿਹੜੀ ਉਨ੍ਹਾਂ ਨੂੰ ਪਿਆਰੀ ਸੀ, ਭਾਵੇਂ ਉਹ ਜਰੀ ਸੀ ਜਾਂ ਗੋਟਾ-ਕਿਨਾਰੀ, ਬਚ ਗਏ। ਦੂਜਾ ਢੰਗ ਕਮਜ਼ੋਰੀਆਂ ਨੂੰ ਖਤਮ ਕਰਨਾ, ਜ਼ੰਗ ਲੱਗੀਆਂ ਪੁਰਾਣੀਆਂ ਤਲਵਾਰਾਂ ਅਤੇ ਗਲੇ-ਸੜੇ ਵਿਸ਼ਵਾਸਾਂ ਦੇ ਟੁੱਟੇ ਹਥਿਆਰਾਂ ਅਤੇ ਭ੍ਰਸ਼ਟ ਰਸਮਾਂ-ਰਿਵਾਜਾਂ ਨੂੰ ਤਿਆਗਣਾ ਅਤੇ ਖੁਲ੍ਹੇ ਮੈਦਾਨਾਂ ਵਿਚ ਚਮਕਦੀਆਂ ਤਲਵਾਰਾਂ ਤੇ ਬਲਵਾਨ ਮਰਦਊ, ਸਦਾਚਾਰਕ ਤੇ ਦਾਰਸ਼ਨਿਕ ਹਿੰਦੂ ਧਰਮ ਦੇ ਤ੍ਰੈ ਪੱਖੀ ਆਸਤਿਕ ਸਿੱਧਾਂਤਾਂ ਨਾਲ ਲੜਨਾ ਸੀ। ਇਹੀ ਢੰਗ ਸੀ ਜਿਹੜਾ ਗੁਰੂ ਨਾਨਕ ਤੇ ਉਨ੍ਹਾਂ ਦੇ ਅਨੁਯਾਈਆਂ ਨੇ ਅਪਣਾਇਆ।

ਹਿੰਦੂ ਧਰਮ ਤੇ ਇਸਲਾਮ ਦਾ ਅਸਰ ਇਸੇ ਰੂਪ ਵਿਚ ਹੋਇਆ। ਨਹੀਂ ਤਾਂ, ਜਿਵੇਂ ਗੁਰੂ ਨਾਨਕ ਦੀ ਜੀਵਨੀ ਦਾ ਇਕ ਪ੍ਰਸਿੱਧ ਲੇਖਕ ਲਿਖਦਾ ਹੈ, ਇਸਲਾਮ ਦੇ ਸਿੱਧਾਂਤਾਂ ਦਾ ਗੁਰੂ ਨਾਨਕ ਦੇ ਸਿੱਧਾਂਤਾਂ ਦੇ ਨਿਰਮਾਣ ਵਿਚ ਉਤਨਾ ਹੀ ਅਖੌਤੀ ਹਿੱਸਾ ਸੀ ਜਿਤਨਾ ਕਿ ਬਾਬਰ ਦੀਆਂ ਫੌਜਾਂ ਦਾ ਰਾਜਪੂਤਾਂ ਦੀ ਫੌਜ ਦੀ ਸਿਰਜਣਾ ਵਿਚ ਜਿਨ੍ਹਾਂ ਨੇ ਰਾਣਾ ਸਾਂਗਾ ਦੀ ਅਗਵਾਈ ਵਿਚ ਭਾਰਤ ਦੀ ਸਰਵੋਚ ਮੱਤਾ ਨਾਲ ਟਾਕਰਾ ਕੀਤਾ।[2] ਇਕ ਚੀਜ਼ ਦੂਸਰੀ ਦੇ ਪ੍ਰਤਿਕਰਮ ਦਾ ਫਲ ਸੀ ਪਰ ਉਸ ਦਾ ਅੰਸ਼ ਨਹੀਂ ਸੀ।

1. ਪੰਜਾਬ ਵਿਚ, ਨੀਵੀਆਂ ਸ਼੍ਰੇਣੀਆਂ ਵਿਸ਼ੇਸ਼ ਕਰਕੇ ਅਤੇ ਸਤਲੁਜ ਦੇ ਉੱਤਰ ਦੀ ਕਿਰਸਾਣੀ ਵੀ, ਸਾਰੀ ਦੀ ਸਾਰੀ ਮੁਸਲਮਾਨ ਹੈ। [ਅਨੁਵਾਦਕ]
2. ਮੂਲਕ ਰਾਜ ਭੱਲਾ—'ਨਾਨਕ ਚਰਿੱਤਰ' (ਦੂਜਾ ਸੰਸਕਰਣ)।

ਸਿੱਖ ਧਰਮ ਵਿਚ ਅਖੌਤੀ ਇਸਲਾਮੀ ਤੱਤ ਦਾ ਨਿਰੀਖਣ ਸਿੱਖ ਧਰਮ ਦੇ ਇਸਲਾਮ-ਦਾ ਰਿਣੀ ਹੋਣ ਦੇ ਵਿਚਾਰ ਦੇ ਥੋਥੇਪਣ ਨੂੰ ਉਘਾੜ ਦੇਂਦਾ ਹੈ। ਸਿੱਖ ਧਰਮ ਦਾ ਸਭ ਤੋਂ ਜ਼ਰੂਰੀ ਅੰਗ ਇਕੀਸ਼ਵਰਵਾਦ ਹੈ ਜਿਸ ਨੂੰ ਇਸਲਾਮ ਦੇ ਪ੍ਰਭਾਵ ਨਾਲ ਜੋੜਿਆ ਜਾਂਦਾ ਹੈ ਅਤੇ ਸਰਸਰੀ ਨਜ਼ਰੇ ਇੰਜ ਜਾਪਦਾ ਹੈ ਜਿਵੇਂ ਕਿ ਗੁਰੂ ਨਾਨਕ ਨੇ ਇਕੀਸ਼ਵਰਵਾਦ ਦਾ ਸਿੱਧਾਂਤ ਕੁਰਾਨ ਸ਼ਰੀਫ ਤੋਂ ਲਿਆ ਹੋਵੇ। ਪਰ ਨਿਮਨ ਲਿਖਤ ਗੱਲਾਂ ਪ੍ਰਗਟ ਕਰਦੀਆਂ ਹਨ ਕਿ ਅਜੇਹੀ ਧਾਰਨਾ ਉੱਕਾ ਹੀ ਨਿਰਮੂਲ ਹੈ :

1. ਗੁਰੂ ਨਾਨਕ ਨੂੰ ਕਿਸੇ ਮੁਸਲਮਾਨ ਅਧਿਆਪਕ ਨੇ ਨਹਾ ਪੜ੍ਹਾਇਆ। ਉਹ ਫਾਰਸੀ ਬਹੁਤ ਘੱਟ ਜਾਣਦੇ ਸਨ ਤੇ ਅਰਬੀ ਤਾਂ ਉਨ੍ਹਾਂ ਨੂੰ ਬਿਲਕੁਲ ਨਹੀਂ ਆਉਂਦੀ ਸੀ।[1]

2. ਗੁਰੂ ਸਾਹਿਬ ਦਾ ਰੱਬ ਦਾ ਸੰਕਲਪ ਇਸਲਾਮ ਦੇ ਦਿੱਤੇ ਸੰਕਲਪ ਨਾਲੋਂ ਪੂਰਣ ਤੌਰ ਤੇ ਭਿੰਨ ਹੈ। ਇਸਲਾਮ ਦਾ ਰੱਬ ਸੱਤਵੇਂ ਅਸਮਾਨ ਵਿਚ ਰਹਿੰਦਾ ਮੰਨਿਆ ਜਾਂਦਾ ਹੈ, ਘੱਟੋ ਘੱਟ ਉਹ ਉਸ ਦੀ ਮਨਪਸੰਦ ਥਾਂ ਸਮਝੀ ਜਾਂਦੀ ਹੈ ਜਿਥੇ ਮੁਹੰਮਦ ਆਪਣੇ ਮਰਾਜ ਵਿਚ ਉਸ ਨੂੰ ਮਿਲਿਆ ਦਸਿਆ ਜਾਂਦਾ ਹੈ। ਗੁਰੂ ਨਾਨਕ ਦਾ ਪਰਮਾਤਮਾ ਸਰਬਵਿਆਪਕ ਹੈ। ਰੱਬ ਦੇ ਕਿਸੇ ਮਨਭਾਉਂਦੀ ਥਾਂ ਤੇ ਨਿਵਾਸ ਕਰਨ ਦਾ ਵਿਚਾਰ ਗੁਰੂ ਨਾਨਕ ਦੀਆਂ ਸਿਖਿਆਵਾਂ ਵਿਚੋਂ ਪੂਰਣ ਤੌਰ ਤੇ ਲੋਪ ਹੈ। ਦੂਸਰੇ ਮੁਸਲਮਾਨਾਂ ਦਾ ਰੱਬ ਸੁਭਾਵ ਵਜੋਂ ਮਾਨਵ ਰੂਪੀ ਹੈ। ਗੁਰੂ ਨਾਨਕ ਦਾ ਰੱਬ ਬਾਰੇ ਵਿਚਾਰ ਵਧੇਰੇ ਸਰਬਵਿਆਪੀ ਹੈ।

3. ਇਹ ਮੰਨ ਲੈਣਾ ਗਲਤ ਹੈ ਕਿ ਇਸਲਾਮ ਹੀ ਸੀ ਜਿਸ ਨੇ ਹਿੰਦੂਆਂ ਨੂੰ ਸਿਖਾਇਆ ਕਿ ਰੱਬ ਇਕ ਹੈ। ਹਿੰਦੂਆਂ ਨੂੰ ਰੱਬ ਦੀ ਏਕਤਾ ਦੇ ਸਿੱਧਾਂਤ ਦਾ ਮੁਹੰਮਦ, ਈਸਾ, ਜਾਂ ਮਸੀਹ ਦੇ ਜਨਮ ਤੋਂ ਬਹੁਤ ਪਹਿਲਾਂ ਗਿਆਨ ਸੀ।[2]

4. ਗੁਰੂ ਨਾਨਕ ਹਿੰਦੂ ਮਿਥਿਹਾਸ ਦੇ ਛੋਟੇ ਮੋਟੇ ਦੇਵੀ ਦੇਵਤਿਆਂ ਦੀ ਹੋਂਦ ਤੋਂ ਉੱਕਾ ਹੀ ਮੁਨਕਰ ਨਹੀਂ। ਉਹ ਕੇਵਲ ਛੋਟੇ ਮੋਟੇ ਦੇਵਤਿਆਂ ਦੀ ਪੂਜਾ ਦੀ ਥਾਂ ਇਕ ਸਰਬਸ਼ਕਤੀਮਾਨ ਰੱਬ ਦੀ ਪੂਜਾ ਤੇ ਜ਼ੋਰ ਦਿੰਦੇ ਹਨ।

---

1. MS. Or. 187 (British Museum) ਵਿਚ ਦਰਜ ਹੈ ਕਿ ਗੁਰੂ ਨਾਨਕ ਨੇ ਅਲਿਫ ਅੱਖਰ, ਜਿਹੜਾ ਕਿ ਰੱਬ ਦੀ ਏਕਤਾ ਦਾ ਚਿੰਨ੍ਹ ਹੈ, ਤੋਂ ਛੁੱਟ ਹੋਰ ਕੁਝ ਨ ਸਿਖਿਆ।

2. ਭਾਵੇਂ ਇਸ ਗੱਲ ਨੂੰ, ਜਿਸ ਤੋਂ ਕੋਈ ਵੀ ਸਿਆਣਾ ਆਦਮੀ ਇਨਕਾਰ ਨਹੀਂ ਕਰਦਾ, ਸਾਬਤ ਕਰਨ ਦੀ ਲੋੜ ਨਹੀਂ ਤਾਂ ਵੀ ਵੇਦਾਂ ਦੇ ਸੂਤਰਾਂ ਦੇ ਨਿਮਨ ਹਵਾਲੇ ਦਿੱਤੇ ਜਾਂਦੇ ਹਨ :
ਰਿਗ ਵੇਦ —I, 164, 46; III, 20, 3; VI, 41, 18; VIII, 8, 1; X, 81,2; X, 81, 3; ਯਜੁਰ ਵੇਦ—22, 1, ਅਥਰਵ ਵੇਦ : XIII, 4, 4, 5; XIII, 4, 14, 21, ਆਦਿ।

5. ਉਹ ਨਿਸਚਿਤ ਰੂਪ ਵਿਚ ਅਵਤਾਰਵਾਦ ਦਾ ਖੰਡਨ ਨਹੀਂ ਕਰਦੇ ਭਾਵੇਂ ਉਹ ਅਵਤਾਰਾਂ ਨੂੰ ਰੱਬ ਦੇ ਬਰਾਬਰ ਦਾ ਨਹੀਂ ਸਮਝਦੇ ।[1]

6. ਮੈਂ ਇਕੱਲਾ ਹੀ ਇਸ ਸਿੱਧਾਂਤ ਨੂੰ ਰੱਦ ਕਰਨ ਵਾਲਾ ਨਹੀਂ ਕਿ ਸਿੱਖ ਧਰਮ ਇਸਲਾਮ ਤੋਂ ਪ੍ਰਭਾਵਿਤ ਹੈ ਸਗੋਂ ਇਹ ਗੱਲ ਬਹੁਤ ਸਾਰੇ ਯੂਰਪੀ ਲੇਖਕਾਂ ਨੇ ਵੀ ਸਿੱਧ ਕੀਤੀ ਹੈ। ਡਾ. ਟ੍ਰੰਪ ਉਕਤ ਬਿਆਨ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਨਾਨਕ ਦਾ ਰੱਬ ਦਾ ਸੰਕਲਪ ਇਕੇਸ਼ਵਰਵਾਦ ਨਾਲੋਂ ਵਧੇਰੇ ਸਰਬਈਸ਼ਵਰਵਾਦ ਵਾਲਾ ਹੈ ਅਤੇ ਉਹ ਕਹਿੰਦਾ ਹੈ ਕਿ "ਗੁਰੂ ਨਾਨਕ ਨੂੰ ਰੱਬ ਬਾਰੇ ਹਿੰਦੂ ਅਤੇ ਮੁਸਲਮਾਨ ਸੰਕਲਪਾਂ ਨੂੰ ਇਕ ਕਰਨ ਦੀ ਕੋਸ਼ਿਸ਼ ਕਰਦਾ ਵਿਖਾਉਣਾ ਗਲਤੀ ਹੈ। ਗੁਰੂ ਨਾਨਕ ਆਪਣੇ ਸਾਰੇ ਵਿਚਾਰਾਂ ਅਨੁਸਾਰ ਪੂਰਣ ਤੌਰ ਤੇ ਹਿੰਦੂ ਰਹੇ।" ਮੈਲਕਮ ਕਹਿੰਦਾ ਹੈ, "ਭਾਵੇਂ ਸਿੱਖ ਧਰਮ ਹਿੰਦੂਆਂ ਦੀ ਵਰਤਮਾਨ ਪੂਜਾ-ਵਿਧੀ ਤੋਂ ਕਾਫੀ ਭਿੰਨ ਹੈ, ਪਰ ਇਸ ਨੂੰ ਹਿੰਦੂ ਕੌਮ ਦੁਆਰਾ ਮੁੱਢ ਤੋਂ ਅਪਣਾਏ ਗਏ ਪਵਿੱਤਰ ਅਤੇ ਸਾਧਾਰਣ ਧਰਮ ਨਾਲ ਕਾਫੀ ਸਮਰੂਪਤਾ ਰਖਦਾ ਸਮਝਿਆ ਜਾਂਦਾ ਹੈ। ਗੋਰਡਨ 'ਦਿ ਸਿਖਸ' ਵਿਚ ਲਿਖਦਾ ਹੈ, "ਸਿੱਖ ਧਰਮ ਨੇ ਆਪਣੀਆਂ ਜੜ੍ਹਾਂ ਪੂਰਣ ਤੌਰ ਤੇ ਧਾਰਮਿਕ ਅਭਿਲਾਖਾਵਾਂ ਵਿਚ ਲਾਈਆਂ। ਇਹ ਬ੍ਰਾਹਮਣਵਾਦ ਦੇ ਜਬਰ ਵਿਰੁੱਧ ਵਿਦਰੋਹ ਸੀ। ਉਸ ਪ੍ਰਣਾਲੀ ਨੂੰ ਪਰ੍ਹਾਂ ਸੁੱਟ ਕੇ ਗੁਰੂ ਨਾਨਕ ਤੇ ਉਸ ਦੇ ਅਨੁਯਾਈਆਂ ਨੇ ਸੁਭਾਵਿਕ ਤੌਰ ਤੇ ਆਪਣੇ ਪੂਰਵਜਾਂ ਦੇ ਪ੍ਰਾਚੀਨ ਆਸਤਿਕ ਧਰਮ ਨੂੰ ਅਪਣਾਇਆ ਹੈ।" (ਪੰਨਾ 20)।

ਹੁਣ ਅਸੀਂ ਮੂਰਤੀ-ਪੂਜਾ ਵਲ ਆਉਂਦੇ ਹਾਂ ਜਿਹੜੀ ਮੋਨੀਅਰ ਵਿਲੀਅਮ ਦੇ ਕਥਨ ਅਨੁਸਾਰ ਗੁਰੂ ਨਾਨਕ ਨੇ ਮੁਸਲਮਾਨਾਂ ਦੇ ਪ੍ਰਭਾਵ ਹੇਠ ਰੱਦ ਕੀਤੀ। ਮੈਂ ਇਸ ਗੱਲ ਤੋਂ ਮੁਨਕਰ ਨਹੀਂ ਕਿ ਇਸਲਾਮ ਦਾ ਇਸ ਨਾਲ ਕੋਈ ਸੰਬੰਧ ਹੋਵੇਗਾ, ਪਰ ਅਵੱਸ਼ ਹੀ ਇਹ ਇਸਲਾਮ ਨਹੀਂ ਸੀ ਜਿਸ ਨੇ ਗੁਰੂ ਨਾਨਕ ਨੂੰ ਜਾਂ ਕਿਸੇ ਹੋਰ ਹਿੰਦੂ ਸੁਧਾਰਕ ਨੂੰ ਮੂਰਤੀ-ਪੂਜਾ ਦੀ ਨਿਰਮੂਲਤਾ ਦਾ ਗਿਆਨ ਕਰਵਾਇਆ। ਇਹ ਇਕ ਪ੍ਰਵਾਨਿਤ ਤੱਥ ਹੈ ਕਿ ਪ੍ਰਾਚੀਨ ਹਿੰਦੂਆਂ ਨੂੰ ਮੂਰਤੀ-ਪੂਜਾ ਦਾ ਕੋਈ ਪਤਾ ਨਹੀਂ ਸੀ। ਵੇਦਾਂ ਵਿਚ ਇਸ ਦਾ ਨਾਂ-ਨਿਸ਼ਾਨ ਨਹੀਂ ਮਿਲਦਾ। ਦਾਰਸ਼ਨਿਕ ਹਿੰਦੂ ਧਰਮ ਵਿਚ ਇਸ ਲਈ ਕੋਈ ਥਾਂ ਨਹੀਂ। ਜੈਨੀਆਂ ਨੇ ਇਸ ਨੂੰ ਹਿੰਦੂਆਂ ਤੇ ਠੋਸਿਆ ਤੇ ਫੇਰ ਇਹ ਹਿੰਦੂ ਧਰਮ ਨਾਲ ਬੱਝ ਗਈ। ਫੇਰ ਵੀ ਮਹਾਨ ਵਿਚਾਰਵਾਨ ਆਗੂਆਂ ਜਿਵੇਂ ਰਾਮਾਨੁਜ ਨੇ ਇਸ ਨੂੰ ਭਗਤੀ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ ਤੇ ਹਨੇਰੇ ਵਿਚ ਰਹਿੰਦੇ ਲੋਕਾਂ ਲਈ ਹੋਂਦ ਵਿਚ

---

1. ਵੇਖੋ ਬਾਰਨਟ ਦਾ 'ਹਿੰਦੂਇਜ਼ਮ', ਪੰਨਾ 38

ਰਖਿਆ ।[1] ਵੈਸ਼ਨਵਵਾਦ ਵੀ "ਮੂਰਤੀ-ਪੂਜਾ ਵਿਰੁੱਧ ਖਲੋ ਸਕਦਾ ਸੀ", ਤੇ ਕਬੀਰ ਜਿਹੜਾ ਇਕ ਮਹਾਨ ਵੈਸ਼ਨਵ ਆਗੂ ਸੀ, ਮੂਰਤੀ-ਪੂਜਾ ਦਾ ਕੱਟੜ ਵਿਰੋਧੀ ਸੀ, ਅਤੇ "ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਮੂਰਤੀ-ਪੂਜਾ-ਵਿਰੋਧੀ ਪੰਥ ਜਿਹੜਾ ਕਬੀਰ ਨੇ ਚਲਾਇਆ ਵੈਸ਼ਨਵਵਾਦ ਵਿਚੋਂ ਪੈਦਾ ਹੋਇਆ ।"[2] ਗੁਰੂ ਨਾਨਕ ਨੇ ਇਹ ਸੰਕੇਤ ਕਬੀਰ ਤੋਂ ਪ੍ਰਾਪਤ ਕੀਤਾ ਜਾਂ ਉਨ੍ਹਾਂ ਦੀ ਆਪਣੀ ਮੌਲਿਕ ਅਤੇ ਬਲਵਾਨ ਬੁੱਧੀ ਨੇ ਉਨ੍ਹਾਂ ਨੂੰ ਪ੍ਰੇਰਿਆ, ਅਤੇ ਉਨ੍ਹਾਂ ਨੇ "ਉਸ ਕੌਮ ਨੂੰ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਜਿਹੜੀ ਅਸਲ ਪ੍ਰਕਾਰ ਦੀ ਪੂਜਾ ਛੱਡ ਕੇ ਮੂਰਤੀ-ਪੂਜਾ ਕਰਨ ਲੱਗ ਪਈ ਸੀ। ਗੁਰੂ ਨਾਨਕ ਨੂੰ ਹਿੰਦੂ ਧਰਮ ਦਾ ਨਾਸ਼ਕ ਸਮਝਣ ਦੀ ਬਜਾਏ ਸੁਧਾਰਕ ਸਮਝਣਾ ਵਧੇਰੇ ਠੀਕ ਜਾਪਦਾ ਹੈ ।"[3]

ਇਸਲਾਮੀ-ਪ੍ਰਭਾਵ ਦੇ ਸਿੱਧਾਂਤ ਦਾ ਅਗਲਾ ਤੇ ਅੰਤਿਮ ਥੈਮੂ, ਗੁਰੂ ਨਾਨਕ ਦੁਆਰਾ ਜਾਤ-ਪਾਤ ਦੀ ਨਿਖੇਧੀ ਹੈ। ਪ੍ਰਥਮ ਸਥਾਨ ਤੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ "ਇਸ ਗੱਲ ਲਈ ਝਗੜਾ ਕਰਨ ਦਾ ਕੋਈ ਆਧਾਰ ਨਹੀਂ ਕਿ ਗੁਰੂ ਨਾਨਕ ਨੇ ਜਾਤ-ਪਾਤ ਮੁਕੰਮਲ ਤੌਰ ਤੇ ਖਤਮ ਕਰ ਦਿੱਤੀ ।"[4] ਉਨ੍ਹਾਂ ਦਾ ਆਪਣਾ ਵਿਆਹ ਜਾਤ-ਪਾਤ ਦੇ ਨਿਯਮਾਂ ਅਨੁਸਾਰ ਹੋਇਆ, ਉਨ੍ਹਾਂ ਦਾ ਪੁੱਤਰ ਜਾਤ-ਪਾਤ ਦੇ ਨਿਯਮਾਂ ਅਨੁਸਾਰ ਵਿਆਹਿਆ ਗਿਆ ਅਤੇ ਉਨ੍ਹਾਂ ਨੇ ਆਪਣੇ ਅਨੁਯਾਈਆਂ ਵਿਚੋਂ ਕਿਸੇ ਨੂੰ ਵੀ ਕਦੀ ਖਾਣ-ਪੀਣ ਜਾਂ ਵਧੇਰੇ ਮਹਤੱਵਪੂਰਣ ਮਾਮਲੇ ਵਿਆਹ ਦੀ ਗੱਲ ਵਿਚ ਜਾਤ-ਪਾਤ ਦਾ ਭੇਦ ਤਿਆਗਣ ਲਈ ਨਹੀਂ ਕਿਹਾ। ਉਨ੍ਹਾਂ ਨੇ ਜੋ ਕੁਝ ਜਾਤ-ਪਾਤ ਵਿਰੁੱਧ ਕਿਹਾ, ਉਹ ਇਹ ਸੀ ਕਿ ਕਿਸੇ ਨੂੰ ਉੱਚੀ ਜਾਤ ਵਿਚੋਂ ਹੋਣ ਕਾਰਣ ਪਰਮਾਤਮਾ ਵਲੋਂ ਵਿਸ਼ੇਸ਼ ਮਿਹਰ ਦੀ ਆਸ ਨਹੀਂ ਕਰਨੀ ਚਾਹੀਦੀ, ਕਿ "ਪਰਮਾਤਮਾ ਤੁਹਾਡੀ ਜਾਤ ਦੀ ਨਹੀਂ, ਤੁਹਾਡੇ ਕਰਮਾਂ ਦੀ ਪਰਵਾਹ ਕਰਦਾ ਹੈ।" ਇਹ ਉਹ ਸਥਿਤੀ ਹੈ ਜਿਸ ਤੋਂ ਹਿੰਦੂ ਵੀ ਕਦੀ ਮੁਨਕਰ ਨਹੀਂ ਹੋਏ। ਹੰਕਾਰੀ ਤੋਂ ਹੰਕਾਰੀ ਬ੍ਰਾਹਮਣ ਨੇ ਵੀ ਕਦੀ ਦਾਅਵਾ ਨਹੀਂ ਕੀਤਾ ਕਿ ਅਗਲੇ ਜਨਮ ਵਿਚ ਉਸ ਦੀ ਕਿਸਮਤ ਚੰਗੇਰੀ ਹੋਵੇਗੀ ਕਿਉਂਕਿ ਉਹ ਹੁਣ ਬ੍ਰਾਹਮਣ ਹੈ। ਜਿਸ ਗੱਲ ਦਾ ਉਹ ਦਾਅਵਾ ਕਰਦਾ ਹੈ ਉਹ ਇਹ ਹੈ ਕਿ ਉਸ ਦੀ ਵਰਤਮਾਨ ਉੱਤਮ ਸਥਿਤੀ ਉਸ ਦੇ ਪੂਰਵ ਜਨਮ ਜਾਂ ਜਨਮਾਂ ਵਿਚ ਕੀਤੇ ਚੰਗੇ ਕੰਮਾਂ ਕਾਰਣ ਹੈ, ਅਤੇ ਉਹ ਇਸ ਜਨਮ ਵਿਚ ਆਪਣੀ ਕੌਮ ਦੀ ਸਮਾਜਕ ਜਥੇਬੰਦੀ ਵਿਚ ਕੁਝ ਵਿਸ਼ੇਸ਼ ਅਧਿਕਾਰਾਂ ਦੀ ਮੰਗ

---

1. ਹਿੰਦੂ ਮੂਰਤੀਆਂ ਦੀ ਪੂਜਾ ਨਹੀਂ ਕਰਦੇ, ਇਨ੍ਹਾਂ ਚਿਨ੍ਹਾਂ ਦੇ ਆਧਾਰ ਤੋਂ ਦੂਰ ਜਿਨ੍ਹਾਂ ਅੱਗੇ ਉਹ ਸਰਬਸ਼ਕਤੀਮਾਨ ਪਰਮਾਤਮਾ ਦੇ ਚਿੰਨ੍ਹਾਤਮਕ ਪ੍ਰਤਿਨਿਧਾਂ ਦੇ ਤੌਰ ਤੇ ਝੁਕਦੇ ਹਨ (ਮੈਲਕਮ) ।
2. ਮੋਨੀਅਰ ਵਿਲੀਅਮ :— ਪ੍ਰੋ. ਵਿਲਸਨ ਆਪਣੇ ਆਕਸਫੋਰਡ ਵਿਆਖਿਆਨਾਂ ਵਿਚ ਪੁਰਾਤਨ ਹਿੰਦੂਆਂ ਬਾਰੇ ਬੋਲਦਾ ਦਸਦਾ ਹੈ "ਏਥੇ ਕੋਈ ਬੁਤ ਅਤੇ ਕੋਈ ਪੂਜਾ ਦੇ ਦਿਸਦੇ ਆਕਾਰ ਨਜ਼ਰ ਨਹੀਂ ਆਉਂਦੇ ।" ਐਲਫਿਨਸਟੋਨ ਦਾ ਆਪਣੇ ਇਤਿਹਾਸ ਵਿਚ ਦਿੱਤਾ ਹਵਾਲਾ ਜਿਲਦ 1, ਪੰਨਾ 73 ।
3. ਸਰ ਜਾਨ ਮੈਲਕਮ
4. ਮੈਲਕਮ

ਕਰ ਸਕਦਾ ਹੈ। ਗੁਰੂ ਨਾਨਕ ਇਸ ਤੋਂ ਥੋੜਾ ਅੱਗੇ ਗਏ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕੋਈ ਜਾਤ ਵੀ ਆਪਣੇ ਆਪ ਵਿਚ ਦੂਜੀ ਜਾਤ ਤੋਂ ਵਧੀਆ ਜਾਂ ਘਟੀਆ ਨਹੀਂ। ਇਹੀ ਸਥਿਤੀ ਹਿੰਦੂਆਂ ਦੀਆਂ ਧਾਰਮਿਕ ਪੁਸਤਕਾਂ ਨੇ ਅਪਣਾਈ ਹੈ। ਮੰਨੂ ਲਿਖਦਾ ਹੈ, "ਆਪਣੇ ਗੁਣ, ਕਰਮ ਅਤੇ ਸੁਭਾਵ ਕਾਰਣ ਇਕ ਬ੍ਰਾਹਮਣ ਸੂਦਰ ਬਣ ਸਕਦਾ ਹੈ, ਜਦ ਕਿ ਇਕ ਸੂਦਰ ਬ੍ਰਾਹਮਣ ਦੀ ਪਦਵੀ ਤਕ ਪਹੁੰਚ ਸਕਦਾ ਹੈ ਆਦਿ।"[1] ਇਹੀ ਅਸੂਲ ਅਪਸਤੰਬ ਸੂਤਰਾਂ ਵਿਚ ਦਿੱਤਾ ਹੋਇਆ ਹੈ ਜਿਹੜੇ ਦਸਦੇ ਹਨ ਕਿ ਨੇਕੀ ਰਾਹੀਂ ਕੋਈ ਮਨੁੱਖ ਉੱਚੇ ਤੋਂ ਉੱਚੇ ਵਰਨ ਵਿਚ ਦਾਖ਼ਿਲ ਹੋ ਸਕਦਾ ਹੈ ਅਤੇ ਬੁਰਾਈ ਨਾਲ ਉਹ ਨੀਵੇਂ ਤੋਂ ਨੀਵੇਂ ਵਰਨ ਜਾਂ ਜਾਤ ਤਕ ਡਿੱਗ ਸਕਦਾ ਹੈ।

ਗੁਰੂ ਨਾਨਕ ਜਾਤਾਂ ਵਿਰੁੱਧ ਪ੍ਰਚਾਰ ਕਰਨ ਵਾਲੇ ਹਿੰਦੂਆਂ ਵਿਚੋਂ ਪ੍ਰਥਮ ਵੀ ਨਹੀਂ ਸਨ। ਬੁੱਧ ਪਹਿਲਾ ਹਿੰਦੂ ਸੀ ਜਿਸ ਨੇ ਈਸਾਈ ਮਤ ਤੋਂ ਬਹੁਤ ਪਹਿਲਾਂ ਤੇ ਇਸਲਾਮ ਦੇ ਜਨਮ ਤੋਂ ਹਜ਼ਾਰ ਵਰ੍ਹੇ ਤੋਂ ਵੱਧ ਸਮਾਂ ਪਹਿਲਾਂ, ਵਰਨ ਦੀ ਅਸਲੀ ਪਰੀਖਿਆ ਨੂੰ ਪੁਨਰ ਅਸਥਾਪਿਤ ਕੀਤਾ ਸੀ ਅਤੇ ਜਾਤੀ ਵਿਵਸਥਾ ਦੇ ਨਕਲੀ ਧਾਗੇ ਨੂੰ ਤੋੜ ਕੇ, ਆਪਣੀ ਸਮਾਨਤਾ, ਸੁਤੰਤਰਤਾ ਤੇ ਭਰਾਤਰੀਅਤਾ ਦੀ ਸਿਖਿਆ ਦਾ ਪ੍ਰਚਾਰ ਕੀਤਾ ਸੀ। ਪੁਰਾਨਾਂ ਨੇ ਜਾਤ-ਪਾਤ ਦੇ ਭੇਦਾਂ ਨੂੰ ਭੰਡਣ ਵਿਚ ਬੁੱਧ ਦੀ ਪੈਰਵੀ ਕੀਤੀ। ਪੁਰਾਨ ਸਾਰੇ ਪੜ੍ਹ ਸਕਦੇ ਸਨ, ਅਤੇ ਉਨ੍ਹਾਂ ਵਿਚਲੀ ਭਗਤੀ ਦੀ ਸਿਖਿਆ ਰਾਜਕੁਮਾਰਾਂ ਤੇ ਕਿਰਸਾਣਾਂ, ਬ੍ਰਾਹਮਣਾਂ ਅਤੇ ਚੰਡਾਲਾਂ ਲਈ ਬਰਾਬਰ ਹੈ।[2] ਭਗਤੀ ਮਤ ਦਾ ਲੋਕਤੰਤਰ ਸੁਭਾਵ ਸਾਨੂੰ ਇਕ ਹੋਰ ਪ੍ਰਕਿਰਿਆ ਬਾਰੇ ਸੋਚਣ ਲਈ ਪ੍ਰੇਰਦਾ ਹੈ ਜਿਹੜਾ, ਜਿਥੋਂ ਤਕ ਕਿ ਮੈਨੂੰ ਗਿਆਨ ਹੈ, ਕਿਸੇ ਯੂਰਪੀ ਲੇਖਕ ਦੇ ਧਿਆਨ ਵਿਚ ਨਹੀਂ ਆਇਆ, ਮੇਰਾ ਭਾਵ ਭਗਤਾਂ ਜਾਂ ਸਾਧੂਆਂ ਦੇ ਪੁਜਾਰੀਆਂ ਦੀ ਵਿਰੋਧਤਾ ਤੋਂ ਹੈ। ਏਸ਼ੀਆ ਵਿਚ ਸਾਧੂ ਸਦਾ ਪੁਜਾਰੀਆਂ ਨਾਲ ਲੜਦੇ ਰਹੇ ਹਨ। ਸਾਧੂ ਮਨ ਦੀ ਸਵੱਛਤਾ, ਦਾਨ-ਪੁੰਨ, ਨਿਮਰਤਾ, ਸ਼ਰਧਾ ਅਤੇ ਰੱਬ ਨਾਲ ਪ੍ਰੇਮ ਨੂੰ ਮੰਨਦੇ ਹਨ ਜਦ ਕਿ ਪੁਜਾਰੀ ਵੱਧ ਜਾਂ ਘੱਟ ਬਨਾਉਟੀ ਧਰਮ ਦੀ ਜਕੜ ਵਿਚ ਬੱਝੇ ਰਹਿੰਦੇ ਹਨ ਅਤੇ ਕਿਸੇ ਧਰਮ ਸਿਧਾਂਤ ਨੂੰ ਜਾਂ ਆਪਣੇ ਵਿਸ਼ਵਾਸ ਦੀ ਕਿਸੇ ਰਹੁ-ਰੀਤ ਨੂੰ ਭੰਗ ਹੁੰਦਾ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ।[3] ਦਸਿਆ ਜਾਂਦਾ ਹੈ ਕਿ

---

1. ਮੰਨੂ, x, 65

2. ਇਸ ਨੇ ਜਾਤ-ਪਾਤ ਤੇ ਵੀ ਵਿਜੇ ਪ੍ਰਾਪ ਤੀ, ਕਿਉਂਕਿ ਰਾਮ ਜਾਂ ਕ੍ਰਿਸ਼ਨ ਪ੍ਰਤਿ ਉਤਸ਼ਾਹ ਭਰਿਆ ਪ੍ਰੇਮ ਸਿੱਧਾਂਤਕ ਤੌਰ ਤੇ ਮਨੁੱਖੀ ਜੀਵਾਂ ਅੰਦਰ ਬਾਕੀ ਸਾਰੇ ਸਮਾਜਕ ਬੰਧਨਾਂ ਨਾਲੋਂ ਏਕਤਾ ਦਾ ਤਕੜਾ ਬੰਧਨ ਸੀ, ਅਤੇ ਇਹ ਪ੍ਰੇਮ ਪਦਵੀ ਦੇ ਭੇਦਾਂ ਜਾਂ ਹਿਤਾਂ ਦੀਆਂ ਵਿਰੋਧਤਾਈਆਂ ਦੇ ਪ੍ਰਤਿਕੂਲ ਸੀ —ਮੋਨੀਅਰ ਵਿਲੀਅਮ : ਬ੍ਰਹਮ ਐਂਡ ਹਿੰਦੂ (ਪੰਨਾ 63, 64)।

3. ਯੂਰਪ ਵਿਚ ਵੀ ਪੋਪ ਨੇ Manichaeism ਅਤੇ Gnosticism (ਅਧਿਆਤਮਕ ਗਿਆਨਵਾਦ ਫਿਟਕਾਰ ਪਾਈ—Prof. Oman, *Mystics etc. of India*, (p. 8).

ਮੁਸਲਮਾਨਾਂ ਨੇ ਰੂੜ੍ਹੀਗਤ ਵਿਸ਼ਵਾਸਾਂ ਤੋਂ ਥਿੜਕਣ ਦੇ ਦੋਸ਼ ਵਿਚ ਮਨਸੂਰ ਨੂੰ ਸੂਲੀ ਟੰਗ ਦਿੱਤਾ ਸੀ ਅਤੇ ਸ਼ਮਸ ਤਬਰੇਜ਼ ਦੀ ਜਿਉਂਦਿਆਂ ਖੱਲ ਉਧੇੜ ਦਿੱਤੀ ਸੀ। ਉਸ ਨੇ ਆਪਣੀਆਂ ਕਵਿਤਾਵਾਂ ਵਿਚ ਮੁਸਲਮਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ 'ਨਾ ਤਰਸਾਓ ਯਾਹੂਦੀ ਅਮ ਨਾ ਗਬਰੇ ਨੇ ਮੁਸਲਮਾਨਮ'। ਖੁਸਰੋ ਇਕ ਵਿਸ਼ਾਲ ਹਿਰਦੇ ਵਾਲੇ ਸਾਮੰਤ[1] ਅਧੀਨ ਰਹਿੰਦਾ ਸੀ ਅਤੇ ਇਸ ਲਈ ਮੁੱਲਾਂ ਦਾ ਦਲੇਰੀ ਨਾਲ ਵਿਰੋਧ ਕਰ ਸਕਦਾ ਸੀ ਅਤੇ ਮੁਸਲਮਾਨੀ ਜਾਂ ਇਸਲਾਮ ਪ੍ਰਤਿ ਆਪਣੀ ਘਿਰਣਾ ਖੁੱਲ੍ਹੇ ਆਮ ਜਤਾ ਸਕਦਾ ਸੀ। ਇਸ ਲਈ ਉਹ ਲਿਖਦਾ ਹੈ 'ਕਾਫਿਰ-ਏ-ਇਸ਼ਕਮ ਮੁਸਲਮਾਨੀ ਮਰਾਦਰਕਾਰ ਨੇਸਤ'।

ਗੁਰੂ ਨਾਨਕ ਭਗਤ ਜਾਂ ਦਰਵੇਸ਼ ਸਨ ਅਤੇ ਆਪਣੇ ਮਤ ਦੀ ਪਰੰਪਰਾ ਪ੍ਰਤਿ ਸੱਚਾ ਹੋਣ ਕਰਕੇ ਉਨ੍ਹਾਂ ਨੂੰ ਪੁਜਾਰੀਆਂ ਦੇ ਜਾਤ-ਪਾਤ ਦੇ ਨਿਯਮਾਂ ਪ੍ਰਤਿ ਬਹੁਤੀ ਸ਼ਰਧਾ ਨਹੀਂ ਹੋ ਸਕਦੀ ਸੀ।

ਗੁਰੂ ਨਾਨਕ ਆਧੁਨਿਕ ਵਿਅਕਤੀਆਂ ਵਿਚੋਂ ਵੀ ਪਹਿਲੇ ਵਿਅਕਤੀ ਨਹੀਂ ਸਨ ਜਿਨ੍ਹਾਂ ਨੇ ਜਾਤ-ਪਾਤ ਦੀ ਕਰੜਾਈ ਵਿਰੁੱਧ ਆਪਣੀ ਆਵਾਜ਼ ਉੱਚੀ ਕੀਤੀ ਹੋਵੇ। ਦੱਖਣੀ ਮਰਾਠੀ ਪ੍ਰਦੇਸ਼ ਦਾ ਇਕ ਸੁਧਾਰਕ ਬਸਵਾ, ਜਿਹੜਾ ਲਗਭਗ 1250 ਈ. ਵਿਚ ਪ੍ਰਸਿੱਧ ਹੋਇਆ, ਇਸ ਮਸਲੇ ਤੇ ਪਹਿਲਾਂ ਹੀ ਆਕ੍ਰਮਣ ਕਰ ਚੁੱਕਿਆ ਸੀ। "ਭਾਵੇਂ ਉਹ ਆਪ ਬ੍ਰਾਹਮਣ ਸੀ ਪਰ ਉਸ ਨੇ ਬ੍ਰਾਹਮਣਾਂ ਦੇ ਵਡੱਪਣ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਜਾਤ-ਪਾਤ ਦੇ ਭੇਦਾਂ ਨੂੰ ਮਿਟਾਉਣ ਦਾ ਪੂਰਾ ਯਤਨ ਕੀਤਾ।"[2] ਉਸ ਪਿਛੋਂ ਰਾਮਾਨੰਦ ਜਿਹੜਾ ਇਕ ਬ੍ਰਾਹਮਣ ਸੀ, ਨੇ ਉੱਚੀਆਂ ਜਾਤਾਂ ਦੇ ਲੋਕਾਂ ਤੋਂ ਲੈ ਕੇ ਨਿਮਨਤਮ ਜਾਤਾਂ ਦੇ ਲੋਕਾਂ ਨੂੰ ਆਪਣੇ ਅਨੁਯਾਈ ਬਣਾਇਆ। ਉਸ ਦੇ ਦੋ ਅਤਿ ਪ੍ਰਸਿੱਧ ਅਨੁਯਾਈਆਂ ਵਿਚੋਂ, ਇਕ ਕਬੀਰ ਜੁਲਾਹਾ ਸੀ ਤੇ ਦੂਜਾ ਰਵੀਦਾਸ ਮੋਚੀ ਸੀ।

ਕਬੀਰ ਕਿਉਂਕਿ ਆਪ ਇਕ ਜੁਲਾਹਾ ਸੀ, ਇਸ ਲਈ ਜਾਤ-ਪਾਤ ਦੇ ਜਬਰ ਦੀ ਹਮਾਇਤ ਨਹੀਂ ਸੀ ਕਰ ਸਕਦਾ ਅਤੇ ਜਾਤ-ਪਾਤ ਦੀ ਉਸ ਦੁਆਰਾ ਕੀਤੀ ਨਿਖੇਧੀ ਅਤਿ ਤੀਖਣ ਅਤੇ ਮਾਰੂ ਹੈ ਕਿਉਂਕਿ ਉਸ ਦੀ ਆਪਣੀ ਜਾਤ ਨੀਵੀਂ ਸੀ। ਗੁਰੂ ਨਾਨਕ ਉੱਚੀ ਜਾਤ ਦੇ ਖੱਤਰੀ ਸਨ ਪਰ ਕਿਉਂਕਿ ਉਨ੍ਹਾਂ ਨੇ ਧਾਰਮਿਕ ਗੁਰੂ ਦਾ ਕਾਰਜ ਸੰਭਾਲਿਆ ਸੀ, ਉਹ ਬ੍ਰਾਹਮਣਾਂ ਦੀ ਸਰੇਸ਼ਠਤਾ ਨੂੰ ਕਿਸੇ ਤਰ੍ਹਾਂ ਵੀ ਠੀਕ ਨਹੀਂ ਸਮਝ ਸਕਦੇ ਸਨ ਭਾਵੇਂ ਉਹ ਵਧੇਰੇ ਨੈਤਿਕ ਅਤੇ ਉਚੇਰੀ ਮਾਨਵੀ ਅਤੇ ਲੋਕਤੰਤਰਕ ਪ੍ਰੇਰਨਾ ਤੋਂ ਪ੍ਰਭਾਵਿਤ ਨ ਵੀ ਹੋਏ ਹੁੰਦੇ। ਇਹ ਗੱਲ ਧਿਆਨ ਯੋਗ ਹੈ ਕਿ ਭਾਵੇਂ ਉਹ ਮੰਨਦੇ ਸਨ ਕਿ ਉਹ ਜਾਤ-ਪਾਤ ਦੇ ਵਿਰੁੱਧ ਹਨ ਤਾਂ ਵੀ ਸਿੱਖ ਇਸ ਨੂੰ ਅਮਲੀ ਜੀਵਨ ਵਿਚੋਂ ਛੇਕ ਨਹੀਂ

1. ਅਲਾ-ਉਦ-ਦੀਨ ਖਿਲਜੀ (1296-1316) ਕਿਹਾ ਕਰਦਾ ਸੀ ਕਿ ਸਰਕਾਰ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਜੋ ਕਿ ਨਿਜੀ ਜੀਵਨ ਦਾ ਇਕ ਜੀ ਪਰਛਾਵਾਂ ਹੈ। ਫਰਿਸ਼ਤਾ (ਐਡ. ਡਬਲਯੂ. ਟਾਮਸ ਦਾ ਦਿੱਤਾ ਹਵਾਲਾ, ਪੰਨਾ 87)।

2. ਡਾ. ਜੇ. ਐਨ. ਭੱਟਾਚਾਰੀਆ, ਹਿੰਦੂ ਕਾਸਟਸ ਐਂਡ ਸੈਕਟਸ, ਪੰਨਾ 435

ਸੋਕੇ। ਗੁਰੂ ਸਾਹਿਬਾਨ ਆਪਣੇ ਅਮਲ ਵਿਚ ਜਾਤ-ਪਾਤ ਨੂੰ ਤਿਆਗ ਨਹੀਂ ਸਕੇ। ਕੁਛ ਚਿਰ ਪਹਿਲਾਂ ਜਾਤ-ਪਾਤ ਦੇ ਭੇਦਾਂ ਨੂੰ ਪੰਜਾਬ ਸਰਕਾਰ ਰਾਹੀਂ ਪਾਸ ਕੀਤੇ ਕੁਝ ਭੂਮੀ ਸੰਬੰਧੀ ਕਾਨੂੰਨਾਂ ਤੋਂ ਤਕੜਾ ਅਤੇ ਸਥਾਈ ਬਲ ਪ੍ਰਾਪਤ ਹੋਇਆ ਹੈ, ਵਿਸ਼ੇਸ਼ ਤੌਰ ਤੇ 'ਪੰਜਾਬ ਭੂਮੀ ਇੰਤਕਾਲ ਐਕਟ' (Punjab Alienation of Land Act), ਜੋ ਵਿਸ਼ੇਸ਼ ਜਾਤਾਂ ਵਿਚ ਜਨਮੇ ਮੈਂਬਰਾਂ ਨੂੰ ਖਾਸ ਰਿਆਇਤਾਂ ਦਿੰਦੇ ਹਨ। ਦੂਜੇ ਸਿੱਖ ਇਨ੍ਹਾਂ ਭੇਦਾਂ ਵਿਰੁੱਧ ਸ਼ਿਕਾਇਤ ਕਰਦੇ ਹਨ। ਅੰਮ੍ਰਿਤ ਛਕਣ ਵੇਲੇ ਸਾਰੇ ਸਿੱਖਾਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਤੋਂ ਪਿਛੋਂ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੋਵੇਗਾ ਅਤੇ ਤੁਹਾਡੀ ਮਾਤਾ ਸਾਹਿਬ ਦੇਵਾਂ ਤੇ ਤੁਹਾਡੀ ਜਾਤ ਸੋਢੀ ਹੋਵੇਗੀ। ਉਹ ਮੰਗ ਕਰਦੇ ਹਨ ਕਿ ਫੇਰ ਕਿਉਂ ਉਨ੍ਹਾਂ ਨੂੰ ਉਨ੍ਹਾਂ ਲਾਭਾਂ ਤੋਂ ਵਾਂਝਿਆਂ ਰਖਿਆ ਜਾਵੇ ਜਿਹੜੇ ਕੁਝ ਜਾਤਾਂ ਦੇ ਲੋਕ ਜਿਵੇਂ ਜੱਟ ਅਤੇ ਹੋਰ ਜਾਤਾਂ ਕਈ ਤਰ੍ਹਾਂ ਦੀ ਸੰਪੱਤੀ ਦੀ ਪ੍ਰਾਪਤੀ ਅਤੇ ਵਰਤੋਂ ਸੰਬੰਧੀ ਮਾਣਦੇ ਹਨ। ਗੈਰ ਜੱਟ ਸਿੱਖ ਜੱਟਾਂ ਦੀ ਚੜ੍ਹਤ, ਜਿਹੜੀ ਸਿੱਖਾਂ ਵਿਚ ਨਿਤ ਵਧਦੀ ਜਾ ਰਹੀ ਹੈ, ਪ੍ਰਤਿ ਭਾਰੀ ਰੋਸ ਪ੍ਰਗਟ ਕਰਦੇ ਹਨ ਜਿਵੇਂ ਕਿ ਉਨ੍ਹਾਂ ਦੇ ਅਖਬਾਰਾਂ ਵਿਚ ਛਪੀਆਂ ਖਬਰਾਂ ਤੋਂ ਪ੍ਰਤੀਤ ਹੁੰਦਾ ਹੈ।

ਉਪਰੋਕਤ ਟਿਪਣੀ ਤੋਂ ਇਹ ਪ੍ਰਤੀਤ ਹੋਵੇਗਾ ਕਿ ਗੁਰੂ ਨਾਨਕ ਦੁਆਰਾ ਸੁਧਾਰੇ ਗਏ ਢਾਂਚੇ ਦਾ ਇਸਲਾਮ ਨਾਲ ਦੂਰ ਦਾ ਵੀ ਵਾਸਤਾ ਨਹੀਂ। ਟਾਮਸ ਦੇ ਕਥਨ ਅਨੁਸਾਰ, "ਹਿੰਦੂਆਂ ਨੇ ਇਸਲਾਮ ਤੋਂ ਕੁਝ ਵੀ ਸਿੱਧੇ ਤੌਰ ਤੇ ਨਹੀਂ ਲਿਆ।" ਜਦ ਵੀ ਦੋਵਾਂ ਧਰਮਾਂ ਨੂੰ ਮਿਲਾਉਣ ਦਾ ਕੋਈ ਯਤਨ ਕੀਤਾ ਗਿਆ, ਤਾਂ ਇਸਲਾਮ ਦੀ ਮੂਲ ਆਤਮਾ ਵੱਖਰੀ ਹੀ ਰਹੀ। ਮੁਹੰਮਦ ਅਤੇ ਕੁਰਾਨ ਸ਼ਰੀਫ ਦੀ ਆਤਮਾ ਦੀ ਕੋਈ ਦੇਣ ਨਹੀਂ। ਪੈਗੰਬਰ ਦੀ ਸ਼ਖਸੀਅਤ ਨੇ ਕਦੇ ਵੀ ਖਿੱਚ ਨਹੀਂ ਪਾਈ। ਇਸ ਤਰ੍ਹਾਂ ਪੈਗੰਬਰ ਦਾ ਮਿਸ਼ਨ ਭਾਰਤ ਵਿਚ ਅਸਫਲ ਹੋਇਆ ਮੰਨਣਾ ਪਵੇਗਾ। ਇਕ ਮੁਕੰਮਲ ਸਾਮੀ ਅਤੇ ਗੈਰ-ਦਾਰਸ਼ਨਿਕ ਧਰਮ ਉਸ ਵਿਵਸਥਾ ਤੇ ਕੋਈ ਪ੍ਰਭਾਵ ਨਹੀਂ ਪਾ ਸਕਦਾ ਸੀ ਜਿਹੜੀ ਦਰਸ਼ਨ ਵਿਚ ਖੁਭੀ ਹੋਈ ਹੋਵੇ ਤੇ ਹਰ ਪ੍ਰਕਾਰ ਦੇ ਚਿੰਤਨ ਨਾਲ ਭਰਪੂਰ ਹੋਵੇ।[1]

ਜੋ ਕੁਝ ਉਪਰ ਕਿਹਾ ਗਿਆ ਹੈ ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਵੇਂ ਸਿੱਖ ਧਰਮ ਇਸਲਾਮ ਕਾਰਣ ਹੋਂਦ ਵਿਚ ਆਇਆ ਪਰ ਉਸ ਨੇ ਇਸ ਤੋਂ ਕੁਝ ਨਹੀਂ ਪ੍ਰਾਪਤ ਕੀਤਾ। ਇਸ ਤੋਂ ਉਲਟ, ਇਹ ਹਿੰਦੂ ਧਰਮ ਦੀ ਪੁਨਰ-ਸੁਰਜੀਤੀ ਦਾ ਇਕ ਪੜਾ ਹੈ ਤੇ ਇਸ ਦੇ ਫਲਸਰੂਪ ਇਸ ਨੇ ਅਸਲੀ ਹਿੰਦੂ ਧਰਮ ਦੇ ਸਾਰੇ ਜ਼ਰੂਰੀ ਅੰਗ ਅਪਣਾਈ ਰੱਖੇ।

ਸਿੱਖਾਂ ਵਿਚ ਜਾਤ-ਪਾਤ ਦੇ ਪ੍ਰਸ਼ਨ ਤੇ ਇਕ ਸਿੱਖ ਸਪਤਾਹਿਕ (ਮੌਜੀ, ਲਾਹੌਰ) ਦੀ ਦਿਤੀ ਟੂਕ ਦਿਲਚਸਪੀ ਭਰੀ ਹੈ:

---

1. ਐਫ. ਏ. ਟਾਮਸ ਦਾ Le Bas ਇਨਾਮੀ ਲੇਖ 'ਮਯੂਚਲ ਇਨਫਲੂਐਂਸ ਆਫ ਮੁਹੰਮਡਨਜ਼ ਐਂਡ ਹਿੰਦੂਜ਼ ਇਨ ਇੰਡੀਆ' (ਪੰਨਾ 97)।

"ਸਿੰਘ ਸਭਾ ਲਹਿਰ ਦੇ ਆਗੂਆਂ ਨੇ ਸਿੱਖਾਂ ਅੰਦਰ ਅਜੇਹੇ ਸਮੇਂ ਜਾਗ੍ਰਿਤੀ ਪੈਦਾ ਕੀਤੀ ਜਦੋਂ ਸਿੱਖੀ ਤੇ ਚੌਹਾਂ ਪਾਸਿਆਂ ਤੋਂ ਹਮਲਾ ਹੋ ਰਿਹਾ ਸੀ। ਜੇ ਇਹ ਲਹਿਰ ਆਰੰਭ ਨ ਹੁੰਦੀ ਤਾਂ ਪੰਜਾਬ ਦੀ ਦੂਜੀ ਸਭ ਤੋਂ ਵੱਡੀ ਘੱਟ ਗਿਣਤੀ (ਸਿੱਖ) ਅੱਜ ਕਿਤੇ ਵੀ ਵਿਖਾਈ ਨ ਦਿੰਦੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਲਹਿਰ ਦੇ ਆਗੂ ਉਹ ਸਨ ਜਿਹੜੇ ਅੰਗ੍ਰੇਜ਼ਾਂ ਦੇ ਇਸ਼ਾਰੇ ਤੇ ਨਚਦੇ ਸਨ ਤੇ ਜਿਥੇ ਉਨ੍ਹਾਂ ਨੇ ਸਿੱਖਾਂ ਦਾ ਧਿਆਨ ਸਿੱਖੀ ਦੇ ਸਹੀ ਸਿਧਾਂਤਾਂ ਵਲ ਖਿੱਚਿਆ, ਉਥੇ ਉਨ੍ਹਾਂ ਨੇ ਸਿੱਖਾਂ ਨੂੰ ਪ੍ਰਥਮ ਦਰਜੇ ਦੀ ਟੋਡੀਆਂ ਦੀ ਸ਼੍ਰੇਣੀ ਵਿਚ ਬਦਲ ਦਿੱਤਾ।"

ਨ-ਮਿਲਵਰਤਨ ਦੀ ਲਹਿਰ ਦੇ ਆਰੰਭ ਤੋਂ ਪਹਿਲਾਂ, ਅੰਗ੍ਰੇਜ਼ੀ ਸਰਕਾਰ ਸਿੱਖਾਂ ਨੂੰ ਆਪਣਾ ਸੱਜਾ ਹੱਥ ਸਮਝਿਆ ਕਰਦੀ ਸੀ ਅਤੇ ਇਹੀ ਸੱਜਾ ਹੱਥ ਸੀ ਜਿਸ ਨੇ 1857 ਦੇ ਵਿਦਰੋਹ ਨੂੰ ਕੁਚਲਿਆ ਤੇ ਭਾਰਤ ਵਿਚ ਪੱਕੇ ਤੌਰ ਤੇ ਅੰਗ੍ਰੇਜ਼ੀ ਸਰਕਾਰ ਦੀ ਸਥਾਪਨਾ ਕੀਤੀ।

ਜੇ ਇਸ ਅੰਦੋਲਨ ਦੇ ਆਗੂ ਬਰਤਾਨੀਆ ਦੇ ਅਧਿਕਾਰੀਆਂ ਦੇ ਪੁਜਾਰੀ ਹੋਣ ਦੀ ਥਾਂ ਸੁਤੰਤਰਤਾ ਅੰਦੋਲਨ, ਜਿਹੜਾ ਗੁਰੂ ਗੋਬਿੰਦ ਸਿੰਘ ਨੇ ਆਰੰਭ ਕੀਤਾ ਸੀ, ਦਾ ਝੰਡਾ ਚੁਕਦੇ ਤਾਂ ਪੰਜਾਬ ਦਾ ਇਤਿਹਾਸ ਭਿੰਨ ਪ੍ਰਕਾਰ ਦਾ ਹੁੰਦਾ। ਜੇਕਰ ਸਿੱਖ ਅਜੇਹਾ ਕਰਦੇ ਤਾਂ ਉਹ ਕੇਵਲ ਆਪਣੇ ਹੀ ਹੱਕਾਂ ਦੀ ਰਾਖੀ ਕਰਨ ਦੇ ਯੋਗ ਹੋਣ ਤੋਂ ਬਿਨਾਂ ਦੂਜਿਆਂ ਦੀ ਵੀ ਸੇਵਾ ਕਰ ਸਕਦੇ। ਹਰ ਗੱਲ ਲਈ ਹਾਕਮਾਂ ਵਲ ਝਾਕਣ ਦੀ ਭੈੜੀ ਆਦਤ ਸਾਡੇ ਅੰਦਰ ਇਸ ਅੰਦੋਲਨ ਦੇ ਆਗੂਆਂ ਨੇ ਹੀ ਪੈਦਾ ਕੀਤੀ। ਇਹੀ ਬੁਰਾਈ ਸੀ ਜਿਸ ਨੇ ਸਾਨੂੰ ਉਸ ਵੇਲੇ ਦੀ ਬਦਨਾਮ ਸਥਿਤੀ ਤਕ ਪਹੁੰਚਾਇਆ। ਇਸ ਨੁਕਸ ਦੇ ਬਾਵਜੂਦ ਸਿੰਘ ਸਭਾ ਅੰਦੋਲਨ ਨੇ ਸਿੱਖਾਂ ਨੂੰ ਸੰਗਠਿਤ ਕੌਮ ਬਣਨ ਦੇ ਯੋਗ ਬਣਾਇਆ ਤੇ ਉਹ ਜਾਗ੍ਰਿਤੀ ਜਿਸ ਨੇ 1920 ਤੋਂ ਪਿਛੋਂ ਅਕਾਲੀ ਅੰਦੋਲਨ ਚਲਾਇਆ, ਸਿੰਘ ਸਭਾ ਅੰਦੋਲਨ ਦਾ ਹੀ ਫਲ ਸੀ।

ਸਿੰਘ ਸਭਾ ਅੰਦੋਲਨ ਆਪਣੇ ਜੋਬਨ ਤੇ ਸੀ ਜਦੋਂ ਪੰਜਾਬ ਭੂਮੀ ਇੰਤਕਾਲ ਐਕਟ ਦੀ ਲਾਅਨਤ ਠੋਸੀ ਗਈ, ਜਿਸ ਦੇ ਸਿੱਟੇ ਵਜੋਂ ਸਿੱਖ, ਜਿਹੜੇ ਆਪਣੀ ਜਥੇਬੰਦੀ ਰਾਹੀਂ ਇਥੇ ਕ੍ਰਾਂਤੀਕਾਰੀ ਸ਼ਕਤੀ ਬਣਨ ਦੇ ਯੋਗ ਸਨ, ਜੱਟ ਤੇ ਗੈਰ ਜੱਟ ਵਿਚ ਵੰਡੇ ਗਏ। ਸਿੱਖਾਂ ਨੇ ਇਸ ਕਾਨੂੰਨ ਦੀਆਂ ਉਲਝਣਾਂ ਨ ਸਮਝੀਆਂ ਪਰ ਜਦੋਂ ਇਸ ਕਾਨੂੰਨ ਦੇ ਸਿੱਟੇ ਸਾਮ੍ਹਣੇ ਆਉਣ ਲੱਗੇ ਤਾਂ ਸਿੱਖਾਂ ਨੂੰ ਇਸ ਕਾਨੂੰਨ ਦਾ ਅਸਲੀ ਆਸ਼ਾ ਸਮਝ ਵਿਚ ਆਇਆ। ਇਸ ਕਾਨੂੰਨ ਨੇ ਸਿੱਖਾਂ ਅੰਦਰ ਜਾਤ-ਪਾਤ ਦੀ ਭਾਵਨਾ ਮੁੜ ਪੈਦਾ ਕਰ ਦਿੱਤੀ ਅਤੇ ਆਰੰਭ ਵਾਂਗ ਇਕ ਮੁੱਠ ਹੋਣ ਦੀ ਥਾਂ ਸਿੱਖਾਂ ਨੂੰ ਭਿੰਨ-ਭਿੰਨ ਧੜਿਆਂ ਵਿਚ ਵੰਡ ਦਿੱਤਾ।

ਇਸ ਗੱਲ ਤੋਂ ਮੁਨਕਰ ਹੋਣ ਦਾ ਕੋਈ ਲਾਭ ਨਹੀਂ ਕਿ ਸਿੱਖਾਂ ਵਿਚ ਜਾਤ-ਪਾਤ ਦੀ ਬੁਰਾਈ ਅਫਸੋਸਨਾਕ ਹੱਦ ਤਕ ਧਸੀ ਹੋਈ ਹੈ ਅਤੇ ਇਸ ਸਮੇਂ ਅਜੇਹੇ ਲੋਕਾਂ ਦੀ

ਸਿੱਖਾਂ ਵਿਚ ਭਾਰੀ ਸੰਖਿਆ ਹੈ ਜਿਹੜੇ ਵਰਨ-ਆਸ਼੍ਰਮ ਧਰਮ ਨੂੰ ਮੰਨਣ ਵਾਲੇ ਹਿੰਦੂਆਂ ਦੀ ਤਰ੍ਹਾਂ ਆਪਣੀਆਂ ਹਿੰਦੂ ਜਾਤਾਂ ਵਿਚ ਅਭਿਮਾਨ ਮਹਿਸੂਸ ਕਰਦੇ ਹਨ। ਇਨ੍ਹਾਂ ਲੋਕਾਂ ਨੇ ਵਖਰੀਆਂ ਜਾਤ-ਬਰਾਦਰੀਆਂ ਕਾਇਮ ਕਰ ਲਈਆਂ ਹਨ ਅਤੇ ਇਹ ਧੜੇ ਜਾਤ-ਪਾਤ ਦੇ ਵਿਰੋਧਾਂ ਤੋਂ ਲਾਭ ਉਠਾ ਕੇ ਵਾਤਾਵਰਣ ਨੂੰ ਕੇਵਲ ਵਿਗਾੜ ਹੀ ਨਹੀਂ ਰਹੇ ਸਗੋਂ ਸਾਡੀਆਂ ਸ਼੍ਰੇਣੀਆਂ ਵਿਚਲਾ ਪਾੜਾ ਚੌੜਾ ਕਰ ਰਹੇ ਹਨ ਜਿਸ ਨੂੰ ਘਟਾਉਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਇਸ ਸ਼੍ਰੇਣੀ ਦੇ ਲੋਕ ਇਨ੍ਹਾਂ ਜਾਤ-ਬਰਾਦਰੀਆਂ ਵਿਚ ਬੱਝ ਕੇ ਚੋਖਾ ਧਨ ਕਮਾ ਰਹੇ ਹਨ ਅਤੇ ਜਦ ਕਿ ਕਿਸੇ ਨੇ ਉਨ੍ਹਾਂ ਦੀ ਰੱਤੀ ਭਰ ਵੀ ਪਰਵਾਹ ਨ ਕੀਤੀ ਹੁੰਦੀ, ਹੁਣ, ਇਨ੍ਹਾਂ ਮਜ਼ਬੀ ਜਥੇਬੰਦੀਆਂ ਕਾਰਣ, ਉਹ ਮਹਾਨ ਨਾਇਕ ਬਣ ਗਏ ਹਨ, ਇਥੋਂ ਤਕ ਕਿ ਕੁਝ ਗੁਰਦਵਾਰਿਆਂ ਦੇ ਨਾਂ ਵੀ ਇਨ੍ਹਾਂ ਜਾਤਾਂ ਦੇ ਨਾਵਾਂ ਤੇ ਰੱਖੇ ਗਏ ਹਨ, ਅਤੇ ਸਿੱਖ ਧਰਮ ਜਿਸ ਨੇ ਹਿੰਦੂ ਜਾਤ-ਪਾਤ ਵਿਰੁੱਧ ਯੁੱਧ ਕਰਨ ਤੋਂ ਪਿਛੋਂ ਇਕ ਸੰਗਠਿਤ ਕੌਮ ਦੀ ਨੀਂਹ ਰੱਖੀ ਸੀ ਹੁਣ ਭਿੰਨ-ਭਿੰਨ ਧੜਿਆਂ ਵਿਚ ਵੰਡਿਆ ਹੋਇਆ ਹੈ। ਸਿੱਖ ਵਸੋਂ ਦਾ ਜੱਟ ਅੰਸ਼ ਕਿਉਂਕਿ ਬਹੁਸੰਖਿਆ ਵਿਚ ਹੈ ਤੇ ਭੂਮੀ ਇੰਤਕਾਲ ਐਕਟ ਅਧੀਨ ਇਹ ਲਾਹੇਵੰਦ ਅਵਸਥਾ ਵਿਚ ਹੈ, ਇਸ-ਲਈ ਇਹ ਗੈਰ ਜੱਟਾਂ ਨਾਲੋਂ ਆਪਣੇ ਆਪ ਨੂੰ ਚੰਗੇਰੀ ਸਥਿਤੀ ਵਿਚ ਖਿਆਲ ਕਰਦਾ ਹੈ ਤੇ ਪੰਜਾਬ ਦੇ ਉਨ੍ਹਾਂ ਭਾਗਾਂ ਵਿਚ ਜਿਥੇ ਸਿੱਖ ਜੱਟਾਂ ਦੀਆਂ ਵੱਡੀਆਂ ਵੱਡੀਆਂ ਜਾਇਦਾਦਾਂ ਹਨ, ਉਥੇ ਗੈਰ-ਜੱਟ ਸਿੱਖਾਂ ਨਾਲ ਅਜੇਹਾ ਦੁਰ ਵਿਵਹਾਰ ਕੀਤਾ ਜਾਂਦਾ ਹੈ ਜੇਹਾ ਕਿ ਉੱਤਰ ਪ੍ਰਦੇਸ਼ ਵਿਚ ਵੱਡੇ ਭੂਪਤੀ ਆਪਣੇ ਮੁਜਾਰਿਆਂ ਤੇ ਨੌਕਰਾਂ ਨਾਲ ਕਰਦੇ ਹਨ। ਇਹ ਸਿੱਖ ਜੱਟ ਆਪਣੇ ਗੈਰ-ਸਿੱਖ ਭਰਾਵਾਂ ਵਲ ਨਫਰਤ ਦੀਆਂ ਨਜ਼ਰਾਂ ਨਾਲ ਤਕਦੇ ਹਨ ਅਤੇ ਉਨ੍ਹਾਂ ਨੂੰ ਕਮੀਨ ਕਹਿੰਦੇ ਹਨ ਜਿਸ ਦਾ ਭਾਵ ਹੈ ਇਕ ਨਿਕੰਮਾਂ ਜਾਂ ਗਿਰਿਆ ਹੋਇਆ ਵਿਅਕਤੀ। ਉਦਾਹਰਣ ਲਈ ਜੇ ਕੋਈ ਲੋਹਾਰ, ਤਰਖਾਣ, ਕਲਾਲ ਜਾਂ ਸੁਨਿਆਰ ਸਿੱਖ ਉੱਚੀ ਪਦਵੀ ਤੇ ਅਪੜ ਜਾਂਦਾ ਹੈ ਤਾਂ ਵੀ ਨੀਵੇਂ ਤੋਂ ਨੀਵਾਂ ਜੱਟ ਉਸ ਨਾਲ 'ਕਮੀਨ' ਵਾਲਾ ਵਿਵਹਾਰ ਕਰੇਗਾ ਜੇਕਰ ਉਹ ਜਾਂ ਉਸ ਦੇ ਬਜ਼ੁਰਗ ਜੱਟਾਂ ਦੀ ਵਸੋਂ ਵਿਚ ਰਹਿੰਦੇ ਹੋਣ।

ਸਿੱਖ ਜੱਟਾਂ ਦੀ ਇਹ ਨੀਚ ਮਨੋਵ੍ਰਿਤੀ ਹੈ ਜਿਸ ਨੇ ਗੈਰ-ਜੱਟ ਸਿੱਖਾਂ ਨੂੰ ਪਿੰਡ ਛੱਡ ਕੇ ਸ਼ਹਿਰਾਂ ਵਿਚ ਵਸਣ ਤੇ ਮਜਬੂਰ ਕੀਤਾ। ਜੇ ਸਿੱਖ ਆਗੂ ਸਿੱਖ ਜੱਟਾਂ ਦੀ ਇਸ ਮਨੋਵ੍ਰਿਤੀ ਨੂੰ ਬਦਲਣ ਵਿਚ ਅਸਫਲ ਰਹੇ ਤਾਂ ਗੈਰ-ਜੱਟ ਸਿੱਖ ਪਿੰਡਾਂ ਵਿਚੋਂ ਲੋਪ ਹੋ ਜਾਣਗੇ। ਸਿੱਖ ਧਰਮ ਅਤੇ ਸਾਧਾਰਣ ਹਿੰਦੂ ਧਰਮ ਵਿਚ ਬਹੁਤ ਸਾਰੇ ਸਾਂਝੇ ਲੱਛਣ ਹੋਣ ਦੇ ਬਾਵਜੂਦ ਕਈ ਅਜੇਹੀਆਂ ਗੱਲਾਂ ਹਨ ਜਿਹੜੀਆਂ ਸਿੱਖ ਧਰਮ ਨੂੰ ਜਨ-ਸਾਧਾਰਣ ਦੇ ਹਿੰਦੂ ਧਰਮ ਤੋਂ ਨਿਖੇੜਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਅਗਲੀ ਅੰਤਿਕਾ ਵਿਚ ਕੀਤਾ ਗਿਆ ਹੈ।

ਅੰਤਿਕਾ ੩

ਸਿੱਖ ਧਰਮ ਦੀਆਂ ਵਿਸ਼ੇਸ਼ਤਾਵਾਂ

ਗੁਰੂ ਨਾਨਕ ਦੇ ਧਰਮ ਦੀ ਪ੍ਰਮੁੱਖ ਵਿਸ਼ੇਸ਼ਤਾ, ਜਿਸ ਕਾਰਣ ਇਹ ਧਰਮ ਵਿਕਰਿਤ ਭਾਂਤ ਦੇ ਹਿੰਦੂ ਧਰਮ ਤੋਂ ਨਿਆਰਾ ਹੋਇਆ, ਪਰਮਾਤਮਾ ਦੀ ਏਕਤਾ ਦਾ ਸਿੱਧਾਂਤ ਸੀ। ਪਰਮਾਤਮਾ ਦੇ ਮੁੱਖ-ਗੁਣ ਆਦਿ ਗ੍ਰੰਥ ਦੇ ਮੂਲ ਮੰਤਰ ਵਿਚ ਦਿੱਤੇ ਗਏ ਹਨ ਜੋ ਇਸ ਪ੍ਰਕਾਰ ਹੈ :

> ੧ਓ, ਸਤਿਨਾਮੁ, ਕਰਤਾਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ,
> ਸੈਭੰ, ਗੁਰ ਪ੍ਰਸਾਦਿ, ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ

ਇਸ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇ ਰੱਬ ਦਾ ਸੰਕਲਪ ਉਹੀ ਸੀ ਜਿਹੜਾ ਹਿੰਦੂਆਂ ਦੀਆਂ ਧਾਰਮਿਕ ਪੁਸਤਕਾਂ ਵਿਚ ਮੰਨਿਆ ਗਿਆ ਹੈ। ਸ਼ਬਦਾਂਸ਼ ਓਮ ਦਾ ਵਾਧਾ ਸਾਰੇ ਪਾਠ ਤੇ, ਰੂਪ ਦੇ ਪੱਖੋਂ ਵੀ ਤੇ ਭਾਵ ਦੇ ਪੱਖੋਂ ਵੀ, ਹਿੰਦੂ ਹੋਣ ਦੀ ਛਾਪ ਲਾਉਂਦਾ ਹੈ। ਇਹ ਵੀ ਮੰਨਣਾ ਪਵੇਗਾ ਕਿ ਰੱਬ ਦੀ ਏਕਤਾ ਦਾ ਸੰਕਲਪ ਹਿੰਦੂਆਂ ਲਈ ਅਨੋਖਾ ਨਹੀਂ ਸੀ। ਫੇਰ ਵੀ ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਪੰਜਾਬ ਵਿਚ ਰੱਬ ਦੀ ਏਕਤਾ ਦਾ ਪ੍ਰਚਾਰ ਕੀਤਾ। ਇਸ ਤੋਂ ਪਹਿਲਾਂ ਇਹ ਵਿਚਾਰ ਸਦੀਆਂ ਤੋਂ ਭਾਰਤ ਦੇ ਇਸ ਭਾਗ ਵਿਚ ਅਮਲੀ ਤੌਰ ਤੇ ਵਿਸਰ ਚੁੱਕਾ ਸੀ।

ਇਕ ਪੱਖੋਂ ਗੁਰੂ ਨਾਨਕ ਕਬੀਰ ਤੇ ਹੋਰ ਹਿੰਦੂ ਸੁਧਾਰਕਾਂ ਨੂੰ ਮਾਤ ਪਾ ਗਏ। ਕਿਉਂਕਿ ਹਿੰਦੂਆਂ ਨੇ ਰੱਬੀ ਅਵਤਾਰ ਦਾ ਸਿੱਧਾਂਤ ਜੈਨੀਆਂ ਤੋਂ ਲਿਆ ਸੀ, ਇਸ ਲਈ ਕਿਸੇ ਹਿੰਦੂ ਆਗੂ ਨੇ ਇਸ ਤੇ ਕਿੰਤੂ ਕਰਨ ਦੀ ਦਲੇਰੀ ਨਹੀਂ ਵਿਖਾਈ ਸੀ। ਸਭ ਨੇ ਰਾਮ ਤੇ ਕ੍ਰਿਸ਼ਨ ਦੀ ਰੱਬੀ ਅਵਤਾਰ ਵਜੋਂ ਭਗਤੀ ਕੀਤੀ ਸੀ। ਗੁਰੂ ਨਾਨਕ ਨੇ ਉਨ੍ਹਾਂ ਦੇ ਦੇਵੀਪਣ ਨੂੰ ਵੰਗਾਰ ਦੇਣ ਦਾ ਸਾਹਸ ਕੀਤਾ ਤੇ ਉਨ੍ਹਾਂ ਨੂੰ ਨਾਸ਼ਵਾਨਾਂ ਦੀ ਪੱਧਰ ਤੇ ਲੈ ਆਂਦਾ ਅਤੇ ਐਲਾਨ ਕੀਤਾ ਕਿ ਸਰਬਸ਼ਕਤੀਮਾਨ ਜਿਸ ਨੇ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਤੇ ਉਸ ਤੇ ਨਿਯੰਤ੍ਰਣ ਕਰਦਾ ਹੈ, ਰਾਵਣ ਅਤੇ ਕੰਸ[1] ਜੇਹੇ ਦੁਸ਼ਟਾਂ ਦਾ ਨਾਸ਼ ਕਰਨ ਲਈ ਮਨੁੱਖੀ ਰੂਪ ਧਾਰਨ ਕਰ ਕੇ ਆਪਣੀ ਮਹਾਨਤਾ ਵਿਚ ਕੋਈ ਵਾਧਾ ਨਹੀਂ ਕਰ

---

1. ਰਾਗ ਆਸਾ ਮਹਲਾ ੧

ਸਕਦਾ। ਗੁਰੂ ਗੋਬਿੰਦ ਸਿੰਘ ਇਸ ਤੋਂ ਵੀ ਅੱਗੇ ਵਧੇ ਅਤੇ ਉਨ੍ਹਾਂ ਨੇ ਕਿਹਾ :

ਕਿਤੇ ਕ੍ਰਿਸ਼ਨ ਸੋ ਕੀਟ ਕੋਟੇ ਬਨਾਏ।
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥
ਮਹਾਂ ਦੀਨ ਕੇਤੇ ਪ੍ਰਿਥੀ ਮਾਂਝ ਹੂਏ।
ਸਮੈਂ ਆਪਨੀ ਆਪਨੀ ਅੰਤ ਮੂਏ।[1]

ਇਹ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਗੁਰੂ ਨਾਨਕ ਦਾ ਰੱਬ ਬਾਰੇ ਵਿਚਾਰ ਸਰਬ-ਵਿਆਪੀ ਸੀ, ਇਸਲਾਮ ਦੇ ਵਿਚਾਰ ਵਾਂਗ ਪੂਰਣ ਤੌਰ ਤੇ ਈਸ਼ਵਰਵਾਦੀ ਨਹੀਂ ਸੀ। ਟ੍ਰੰਪ ਲਿਖਦਾ ਹੈ, "ਅਸੀਂ ਆਦਿ ਗ੍ਰੰਥ ਵਿਚ ਇਕ ਸਮਸਤ ਅਤੇ ਉੱਤਮ ਪ੍ਰਕਾਰ ਦੇ ਸਰਬ-ਈਸ਼ਵਰਵਾਦ ਦਾ ਭੇਦ ਵੇਖ ਸਕਦੇ ਹਾਂ। ਸਮਸਤ ਸਰਬ-ਈਸ਼ਵਰਵਾਦ ਸਾਰੀਆਂ ਵਸਤਾਂ ਨੂੰ ਰੱਬ ਵਿਚ ਅਭੇਦ ਕਰਦਾ ਹੈ, ਅਤੇ ਸ੍ਰਿਸ਼ਟੀ ਦੇ ਭਿੰਨ-ਭਿੰਨ ਰੂਪ ਇਸ ਦਾ ਵਿਸਤਾਰ ਹੀ ਸਮਝੇ ਜਾਂਦੇ ਹਨ; ਦੂਜੇ ਪਾਸੇ ਉੱਤਮ ਸਰਬ-ਈਸ਼ਵਰਵਾਦ ਪਰਮ ਅਤੇ ਸੀਮਾ ਬੱਧ ਵਿਚ ਭੇਦ ਕਰਦਾ ਹੈ ਤੇ ਈਸਵਰਵਾਦ ਦੇ ਨੇੜੇ ਪਹੁੰਚ ਜਾਂਦਾ ਹੈ। ਭਾਵੇਂ ਰੱਬ ਸਾਰੀਆਂ ਵਸਤਾਂ ਆਪਣੇ ਵਿਚੋਂ ਉਤਪੰਨ ਕਰਦਾ ਹੈ ਤੇ ਸਭ ਵਿਚ ਵਿਆਪਕ ਹੈ ਤਾਂ ਵੀ ਉਹ ਜੀਵਾਂ ਤੋਂ ਵੱਖ ਰਹਿੰਦਾ ਹੋਇਆ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਿਵੇਂ ਕੰਵਲ ਦਾ ਫੁੱਲ ਜਲ ਤੋਂ।"[2]

ਅਗਲਾ ਮਹਤੱਵਪੂਰਣ ਨੁਕਤਾ ਜਿਸ ਸੰਬੰਧੀ ਅਸੀਂ ਸਾਧਾਰਣ ਹਿੰਦੂ ਧਰਮ ਅਤੇ ਸਿੱਖ ਧਰਮ ਵਿਚ ਕੁਝ ਅੰਤਰ ਵੇਖਦੇ ਹਾਂ ਅਤੇ ਜਿਹੜਾ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਵਿਚ ਮੌਜੂਦ ਹੈ, ਮੂਰਤੀ ਪੂਜਾ ਦੀ ਅਣਹੋਂਦ ਦਾ ਹੈ। ਇਹ ਸੱਚ ਹੈ ਕਿ ਪੰਜਾਬ ਵਿਚ ਮੂਰਤੀ ਪੂਜਕਾਂ ਵਿਚ ਲਗਭਗ ਉਹ ਸਾਰੇ ਲੋਕ ਵੀ ਸ਼ਾਮਿਲ ਹਨ ਜਿਹੜੇ ਆਪਣੇ ਆਪ ਨੂੰ ਸਿੱਖ ਕਹਿੰਦੇ ਹਨ, ਤਾਂ ਵੀ ਸਿੱਖ ਧਰਮ ਦੀ ਭਾਵਨਾ ਮੂਰਤੀ ਪੂਜਾ ਦੇ ਵਿਰੁੱਧ ਹੈ। ਆਦਿ ਗ੍ਰੰਥ ਅਤੇ ਦਸਮ ਗ੍ਰੰਥ ਵਿਚ ਅਜੇਹੇ ਸੈਂਕੜੇ ਬੰਦ ਹਨ ਜਿਨ੍ਹਾਂ ਵਿਚ ਅਤਿ ਕਰੜੇ ਸ਼ਬਦਾਂ ਵਿਚ ਮੂਰਤੀ ਪੂਜਾ ਦੀ ਨਿਖੇਧੀ ਕੀਤੀ ਗਈ ਹੈ। ਮੈਂ ਕਿਸੇ ਹੋਰ ਥਾਂ ਸੰਕੇਤ ਕੀਤਾ ਹੈ ਕਿ ਗੁਰੂ ਸਾਹਿਬਾਨ ਹਿੰਦੂ ਦੇਵ-ਕੁਲ ਦੇ ਭਿੰਨ-ਭਿੰਨ ਦੇਵੀ ਦੇਵਤਿਆਂ ਦੀ ਹੋਂਦ ਤੋਂ ਮੁਨਕਰ ਨਹੀਂ ਹਨ, ਪਰ ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਦੇਵੀ-ਦੇਵਤਿਆਂ ਦੀ ਪੂਜਾ ਦੀ ਕਦੀ ਆਗਿਆ ਨਹੀਂ ਦਿੱਤੀ। ਟ੍ਰੰਪ ਦਾ ਬਿਆਨ ਕਿ ਗੁਰੂ ਨਾਨਕ ਨੇ ਕਦੀ ਵੀ ਦੂਜੇ ਦੇਵਤਿਆਂ ਦੀ ਪੂਜਾ ਤੋਂ ਨਹੀਂ ਰੋਕਿਆ, ਇਸ ਦੇ ਸਿੱਟੇ ਵਜੋਂ ਸਹੀ ਨਹੀਂ ਮੰਨਿਆ ਜਾ ਸਕਦਾ। ਰੱਬ ਤੋਂ ਛੁੱਟ ਹੋਰ ਕਿਸੇ ਇਸ਼ਟ ਦੀ ਪੂਜਾ ਦੀ

---

1. ਬਚਿਤ੍ਰ ਨਾਟਕ।
2. ਟ੍ਰੰਪ ਦਾ 'ਆਦਿ ਗ੍ਰੰਥ'

ਮਨਾਹੀ ਅਤਿ ਮਹੱਤਵਪੂਰਣ ਨੁਕਤਾ ਸੀ ਜਿਸ ਨੇ ਵਾਸਤਵ ਵਿਚ ਸਿੱਖ ਧਰਮ ਨੂੰ ਸੁਧਾਰਕ ਜਾਂ ਪੁਨਰ ਉੱਥਾਨਕਾਰੀ ਧਰਮ ਦਾ ਸੁਭਾਵ ਪ੍ਰਦਾਨ ਕੀਤਾ। ਮੈਨੂੰ ਹੈਰਾਨੀ ਹੁੰਦੀ ਹੈ ਕਿ ਵਿਪੱਖੀ ਉਗਾਹੀਆਂ ਦੀ ਭਰਮਾਰ ਦੇ ਬਾਵਜੂਦ ਡਾ. ਟ੍ਰੰਪ ਕਿਸ ਤਰ੍ਹਾਂ ਅਜੇਹਾ ਬਿਆਨ ਦੇ ਗਿਆ। ਗੁਰੂ ਨਾਨਕ ਦੇਵ ਲਿਖਦੇ ਹਨ:

"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।"[1] ਅੱਗੇ ਲਿਖਦੇ ਹਨ,
"ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।"[2]

ਪਰ ਇਹ ਅਜੀਬ ਗੱਲ ਹੈ ਕਿ ਇਨ੍ਹਾਂ ਹਦਾਇਤਾਂ ਦੇ ਬਾਵਜੂਦ ਮੂਰਤੀ ਪੂਜਾ ਸਿੱਖਾਂ ਵਿਚ ਆਮ ਹੀ ਨਹੀਂ[3] ਸਗੋਂ ਪੂਜਾ ਦੀ ਇਕ ਅਜੀਬ ਵਿਧੀ ਜਿਸ ਨੂੰ ਗੁਰੂ ਨਾਨਕ ਸੋਚ ਵੀ ਨਹੀਂ ਸਕਦੇ ਸਨ, ਉਨ੍ਹਾਂ ਨੇ ਅਪਣਾ ਲਈ ਹੈ। ਮੇਰਾ ਭਾਵ ਆਦਿ ਗ੍ਰੰਥ ਦੀ ਪੂਜਾ ਤੋਂ ਹੈ। ਇਸ ਵਿਚ ਸ਼ੱਕ ਨਹੀਂ ਕਿ ਇਸ ਕੌਮ ਦੀ ਸੂਝਵਾਨ ਸ਼੍ਰੇਣੀ ਆਪਣੇ ਪਵਿੱਤਰ ਗ੍ਰੰਥ ਅੱਗੇ ਕੇਵਲ ਸਤਿਕਾਰ ਦੇ ਚਿੰਨ੍ਹ ਵਜੋਂ ਸਿਰ ਨਿਵਾਉਂਦੀ ਹੈ, ਪਰ ਜਨ-ਸਾਧਾਰਣ ਵਿਚ ਆਦਿ ਗ੍ਰੰਥ ਦੀ ਲਗਭਗ ਉਸੇ ਤਰ੍ਹਾਂ ਪੂਜਾ ਹੁੰਦੀ ਹੈ ਜਿਵੇਂ ਸਭ ਤੋਂ ਉੱਤਮ ਮੂਰਤੀ ਦੀ ਹਿੰਦੂਆਂ ਦੇ ਪੱਕੇ ਮੂਰਤੀ-ਪੂਜਕਾਂ ਦੁਆਰਾ ਕਦੀ ਪੂਜਾ ਹੁੰਦੀ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਤੇ ਸਿੱਖਾਂ ਦੇ ਹੋਰ ਧਾਰਮਿਕ ਸਥਾਨਾਂ ਤੇ ਇਥੋਂ ਤਕ ਕਿ ਆਮ ਗੁਰਦਵਾਰਿਆਂ ਵਿਚ ਵੀ ਪੂਜਾ ਦੀ ਉਹੀ ਵਿਧੀ ਅਪਣਾਈ ਜਾਂਦੀ ਹੈ ਜਿਹੜੀ ਮਥਰਾ ਤੇ ਬਿੰਦਰਾਬਨ ਦੇ ਮੰਦਰਾਂ ਵਿਚ ਹਿੰਦੂ ਮੂਰਤੀਆਂ ਸੰਬੰਧੀ। ਉਹੀ ਧੂਫ ਤੇ ਬੱਤੀ, ਉਸੇ ਤਰ੍ਹਾਂ ਦੀ ਆਰਤੀ ਤੇ ਉਹੀ ਸੰਖ ਵਜਾਉਣਾ ਆਦਿ ਹਿੰਦੂ ਮੰਦਰਾਂ ਵਾਂਗ ਸਿੱਖ ਗੁਰਦਵਾਰਿਆਂ ਵਿਚ ਭੀ ਚਲਦਾ ਹੈ। ਫੇਰ ਵੀ ਇਹ ਮੰਨਣਾ ਪਵੇਗਾ ਕਿ ਸਿੱਖ ਆਦਿ ਗ੍ਰੰਥ ਦਾ ਉਸ ਭਾਂਤ ਦੈਵੀਕਰਣ ਨਹੀਂ ਕਰਦੇ ਜਿਸ ਤਰ੍ਹਾਂ ਹਿੰਦੂ ਆਪਣੀਆਂ ਮੂਰਤੀਆਂ ਦਾ। ਆਦਿ ਗ੍ਰੰਥ ਦੀ ਪੂਜਾ ਸਾਰੇ ਵੇਰਵਿਆਂ ਵਿਚ ਮੂਰਤੀ ਪੂਜਾ ਦੇ ਸਮਾਨ ਨਹੀਂ ਅਤੇ ਆਦਿ ਗ੍ਰੰਥ ਦੀ ਇਸ ਭਾਂਤ ਦੀ ਮੂਰਤੀ ਪੂਜਾ ਵਿਰੁੱਧ ਆਵਾਜ਼ ਬੁਲੰਦ ਹੋ ਚੁੱਕੀ ਹੈ।

ਗੁਰੂ ਗੋਬਿੰਦ ਸਿੰਘ ਦੇ ਸੋਧਨ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇ ਆਰੰਭ ਕੀਤੇ ਸਿੱਖ ਧਰਮ ਦਾ ਤੀਜਾ ਲੱਛਣ ਹੈ—ਰੂਪ ਨੂੰ ਪੂਰਣ ਤੌਰ ਤੇ ਅੱਖੋਂ ਉਹਲੇ ਕਰਨਾ। ਗੁਰੂ

---

1. ਸੋਰਠ ਮਹਲਾ ੧
2. ਉਪਰਲਿਖਤ।
3. ਹੁਣ ਤਕ ਦਰਬਾਰ ਸਾਹਿਬ ਦੇ ਸਰੋਵਰ ਦੁਆਲੇ ਦੀਆਂ ਖੁਲ੍ਹੀਆਂ ਥਾਵਾਂ ਬ੍ਰਾਹਮਣਾਂ ਨੇ ਰੋਕੀਆਂ ਹੋਈਆਂ ਸਨ ਤੇ ਹਰ ਥਾਂ ਧਾਰਮਿਕ ਮੂਰਤੀਆਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨੂੰ ਦਰਬਾਰ ਸਾਹਿਬ ਵਿਚ ਆਉਣ ਵਾਲੇ ਯਾਤਰੀ ਪੂਜਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਦੇ ਚੌਗਾਣ ਵਿਚ ਦੁਰਗਾ ਦਾ ਇਕ ਛੋਟਾ ਜੇਹਾ ਮੰਦਰ ਸੀ ਜਿਸ ਵਿਚ ਦੁਰਗਾ ਦੀ ਸੁੰਦਰ ਆਦਮਕੱਦ ਮੂਰਤੀ ਲੱਗੀ ਹੋਈ ਸੀ। ਇਹ ਸਾਰੀਆਂ ਮੂਰਤੀਆਂ 1922 ਦੇ ਸਾਲ ਵਿਚ ਸਿੱਖ ਸੁਧਾਰ ਦੀ ਸਰਗਰਮੀ ਲਹਿਰ ਸਮੇਂ ਹਟਾ ਦਿੱਤੀਆਂ ਗਈਆਂ ਸਨ।

ਨਾਨਕ ਨੇ ਸਭ ਤੋਂ ਵੱਧ ਵਿਰੋਧ ਉਨ੍ਹਾਂ ਲੋਕਾਂ ਦਾ ਕੀਤਾ ਜਿਹੜੇ ਧਰਮ ਦੇ ਬਾਹਰੀ ਭੇਖਾਂ ਨੂੰ ਵਧੇਰੇ ਮਹੱਤਤਾ ਦਿੰਦੇ ਹਨ ਤੇ ਜਿਸ ਧਰਮ ਤੇ ਚਲਦੇ ਹਨ ਉਸ ਦੀ ਆਤਮਿਕ ਗਹਿਰਾਈ ਵਿਚ ਨਹੀਂ ਉਤਰਦੇ। ਗੁਰੂ ਨਾਨਕ, ਜਿਥੋਂ ਤਕ ਧਰਮ ਦੇ ਅਸਲੀ ਤੱਤਾਂ ਦਾ ਸੰਬੰਧ ਸੀ, ਹਰ ਧਰਮ ਦਾ ਸਤਿਕਾਰ ਕਰਦੇ ਸਨ। ਉਹ ਅਜੇਹੇ ਧਰਮ ਨੂੰ ਵੀ ਚੰਗਾ ਨਹੀਂ ਸਮਝਦੇ ਸਨ ਜਿਸ ਦੇ ਸ਼ਰਧਾਲੂ ਕੇਵਲ ਬਾਹਰੀ ਭੇਖਾਂ ਤਕ ਹੀ ਆਪਣੇ ਆਪ ਨੂੰ ਸੀਮਿਤ ਕਰ ਲੈਣ। ਹਿੰਦੂਆਂ ਦੀ ਸੰਧਿਆ, ਮੁਸਲਮਾਨਾਂ ਦੀ ਨਮਾਜ਼, ਜੈਨੀਆਂ ਦੇ ਸੰਕੋਚ, ਕੋਈ ਵੀ ਉਨ੍ਹਾਂ ਨੂੰ ਪਸੰਦ ਨਹੀਂ ਸਨ, ਜੇਕਰ ਉਨ੍ਹਾਂ ਪਿਛੇ ਸ਼ੁੱਧ ਹਿਰਦਾ, ਦਾਨੀ ਸੁਭਾਵ, ਦਿਆਲੂ ਮਨ ਤੇ ਪਰਮਾਤਮਾ ਲਈ ਸੱਚਾ ਪਿਆਰ ਨ ਹੋਵੇ। ਸਿੱਖ ਧਰਮ ਦਾ ਇਹ ਸੁੰਦਰ ਲੱਛਣ ਉਦੋਂ ਅਲੋਪ ਹੋ ਗਿਆ ਜਦੋਂ ਹਾਲਾਤ ਦੇ ਹੱਥੋਂ ਮਜਬੂਰ ਹੋ ਕੇ ਦਸਵੇਂ ਗੁਰੂ ਨੇ ਸਿੱਖ ਧਰਮ ਨੂੰ ਇਕ ਰਾਜਸੀ ਸੰਸਥਾ ਵਿਚ ਬਦਲ ਦਿੱਤਾ। ਉਨ੍ਹਾਂ ਅਧੀਨ ਸਿੱਖੀ ਵਿਚ ਕੁਝ ਧਾਰਮਿਕ ਰੀਤੀਆਂ ਉਹੀ ਥਾਂ ਮਲਣ ਲਗੀਆਂ ਜਿਹੜਾ ਮੁਸਲਮਾਨਾਂ ਵਿਚ ਸੁੰਨਤ ਨੂੰ, ਹਿੰਦੂਆਂ ਵਿਚ ਜਨੇਊ ਨੂੰ ਤੇ ਈਸਾਈਆਂ ਵਿਚ ਧਰਮ-ਪ੍ਰਵੇਸ਼ ਕਰਨ ਦੀ ਰੀਤੀ ਨੂੰ ਹਾਸਲ ਹੈ। ਗੁਰੂ ਗੋਬਿੰਦ ਸਿੰਘ ਦੇ ਸਾਜੇ ਧਰਮ ਵਿਚ ਕੋਈ ਉਸ ਸਮੇਂ ਤਕ ਸਿੱਖ ਨਹੀਂ ਸੀ ਅਖਵਾ ਸਕਦਾ, ਜਦ ਤਕ ਉਹ ਆਪਣੇ ਕੇਸ ਅਤੇ ਦਾੜ੍ਹੀ ਉਸਤਰੇ ਜਾਂ ਕੈਂਚੀ ਤੋਂ ਅਛੋਹ ਨਹੀਂ ਸੀ ਰਖਦਾ, ਛੋਟੀਆਂ-ਛੋਟੀਆਂ ਧਾਰਮਿਕ ਰੀਤੀਆਂ ਦੀ ਤਾਂ ਗੱਲ ਹੀ ਕੀ ਕਰਨੀ ਹੈ। ਆਮ ਵੇਖਣ ਵਿਚ ਆਇਆ ਹੈ ਕਿ ਤਤ ਖਾਲਸੇ ਕਿਸੇ ਸਿੱਖ ਦੇ ਕੇਸ ਕਤਲ ਕਰਾਣ ਤੇ ਝਗੜਾ ਪਾ ਬਹਿੰਦੇ ਹਨ ਅਤੇ ਪ੍ਰਚਾਰਕ ਗੁਰੂਆਂ ਦੀਆਂ ਆਤਮਿਕ-ਉੱਥਾਨ ਕਰਨ ਵਾਲੀਆਂ ਅਸਲ ਸਿਖਿਆਵਾਂ ਦੀ ਥਾਂ ਕੇਵਲ ਕੇਸ ਰਖਣ ਦੇ ਪ੍ਰਚਾਰ ਤੇ ਹੀ ਵਧੇਰੇ ਜ਼ੋਰ ਦਿੰਦੇ ਹਨ।[1]

ਸਿੱਖ ਧਰਮ ਦਾ ਚੌਥਾ ਅਤੇ ਅੰਤਿਮ ਵਿਸ਼ੇਸ਼ ਲੱਛਣ 'ਨਾਮ ਸਿਮਰਨ' ਦੀ ਸਿੱਖਿਆ ਤੇ ਭਾਰੀ ਜ਼ੋਰ ਦੇਣਾ ਹੈ। ਇਸ ਦਾ ਭਾਵ ਹੈ ਪਰਮਾਤਮਾ ਦੇ ਕਿਸੇ ਨਾਉਂ ਦਾ ਬਾਰ-ਬਾਰ ਜਾਪ ਕਰਨਾ ਅਤੇ ਚਾਹੇ ਇਹ ਇਸ ਗੱਲ ਨੂੰ ਸੋਚਦਿਆਂ ਕਿ ਸਿੱਖ ਧਰਮ ਰੱਬੀ ਅਵਤਾਰ ਵਿਚ ਵਿਸ਼ਵਾਸ ਨਹੀਂ ਕਰਦਾ, ਅਜੀਬ ਤਾਂ ਲੱਗੇਗਾ, ਪਰ ਆਦਿ ਗ੍ਰੰਥ ਵਿਚ ਪਰਮਾਤਮਾ ਦਾ ਹਰਮਨ ਪਿਆਰਾ ਨਾਂ ਰਾਮ ਹੈ। ਇਹ 'ਨਾਮ' ਦਾ ਸਿੱਧਾਂਤ ਮੂਲ ਰੂਪ ਵਿਚ ਵੈਸ਼ਨਵਵਾਦ ਵਿਚੋਂ ਲਿਆ ਗਿਆ ਸੀ ਪਰੰਤੂ ਸਿੱਖ ਧਰਮ ਵਿਚ ਇਸ ਨੂੰ ਮੁਕਤੀ ਦੇ ਸਾਧਨ ਲਈ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਯੱਗਾਂ, ਦਾਨ-ਪੁੰਨ ਦੇਣਾ, ਇਥੋਂ ਤਕ ਕਿ ਗਿਆਨ

---

1. ਮੈਂ ਸਿੱਖਾਂ ਨਾਲ, ਉਨ੍ਹਾਂ ਦੇ ਸਿੱਖੀ ਦੇ ਚਿੰਨ੍ਹਾਂ ਨੂੰ ਕਾਇਮ ਰੱਖਣ ਦੇ ਜਤਨਾਂ ਲਈ ਪੂਰੀ ਹਮਦਰਦੀ ਕਰਦਾ ਹਾਂ, ਕਿਉਂਕਿ ਨਹੀਂ ਤਾਂ ਉਹ ਇਕ ਮਹਾਨ ਕੌਮ ਦੇ ਤੌਰ ਤੇ ਆਪਣਾ ਵਿਅਕਤਿਤ੍ਵ ਗੁਆਚਣ ਦੇ ਖਤਰੇ ਵਿਚ ਪੈ ਜਾਣਗੇ। ਫੇਰ ਵੀ ਇਹ ਪ੍ਰਤਖ ਹੈ ਕਿ ਸ਼ੁਧ ਅਧਿਆਤਮਕ ਦ੍ਰਿਸ਼ਟੀਕੋਣ ਦੇ ਪੱਖੋਂ ਸਿੱਖੀ ਨੂੰ, ਜਿਵੇਂ ਕਿ ਦਸਵੇਂ ਗੁਰੂ ਦੁਆਰਾ ਇਸ ਦਾ ਸੰਸ਼ੋਧਨ ਹੋਇਆ, ਚਿੰਨ੍ਹਾਂ ਤੇ ਰਹੁ ਰੀਤਾਂ ਦੇ ਉਪਰੋਂ ਠੋਸਣ ਕਾਰਣ ਭਾਰੀ ਹਾਨੀ ਹੋਈ ਹੈ ਜਿਸ ਦੀ ਦੂਜੇ ਧਰਮਾਂ ਦੇ ਸੰਬੰਧ ਵਿਚ ਗੁਰੂ ਨਾਨਕ ਅਤੇ ਉਸ ਦੇ ਉੱਤਰ-ਅਧਿਕਾਰੀਆਂ ਨੇ ਸਖ਼ਤ ਆਲੋਚਨਾ ਕੀਤੀ ਹੈ।

ਦੀ ਪ੍ਰਾਪਤੀ ਨੂੰ ਵੀ ਨਾਮ ਸਿਮਰਨ ਤੋਂ ਨੀਵਾਂ ਦਸਿਆ ਗਿਆ ਹੈ।

ਲਗਭਗ ਇਹੀ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਸਿੱਖ ਧਰਮ ਨੂੰ ਹਿੰਦੂਆਂ ਦੇ ਦੂਜੇ ਮਤਾਂ ਤੋਂ ਨਿਆਰਾ ਕਰਦੀਆਂ ਹਨ। ਸਮਾਜਕ ਸ਼ਾਸਨ-ਵਿਧੀ ਵਿਚ ਵੀ ਹਿੰਦੂ ਧਰਮ ਅਤੇ ਸਿੱਖ ਧਰਮ ਵਿਚ ਅਜੇਹੇ ਇਤਨੇ ਘੱਟ ਭੇਦ ਹਨ ਕਿ ਇਕ ਓਪਰੇ ਬੰਦੇ ਲਈ ਇਕ ਨੂੰ ਦੂਜੇ ਤੋਂ ਅੱਡਰਾ ਸਮਝਣਾ ਕੋਈ ਸੌਖੀ ਗੱਲ ਨਹੀਂ। ਪਰ ਤਾਂ ਵੀ ਇਹ ਕਿਹਾ ਜਾ ਸਕਦਾ ਹੈ ਕਿ ਆਮ ਨਜ਼ਰ ਵਿਚ ਸਿੱਖ ਇਕ ਮਾਮੂਲੀ ਹਿੰਦੂ ਨਾਲੋਂ ਬਹੁਤ ਭਿੰਨ ਹੁੰਦਾ ਹੈ। ਆਮ ਤੌਰ ਤੇ ਲੰਮਾ ਤੇ ਸੁੱਣਖਾ, ਲੰਮੇ ਵਾਲਾਂ ਵਾਲਾ ਤੇ ਬੜੀ ਸੰਭਾਲ ਨਾਲ ਰੱਖੀ ਲੰਮੀ ਦਾੜ੍ਹੀ ਕਾਰਣ ਉਸ ਨੂੰ ਹਿੰਦੂਆਂ ਦੇ ਭਾਰੀ ਇੱਕਠ ਵਿਚੋਂ ਵੀ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਉਹ ਕਦੀ ਵੀ ਪੱਗ ਤੋਂ ਬਿਨਾਂ ਬਾਹਰ ਨਹੀਂ ਨਿਕਲਦਾ ਕਿਉਂਕਿ ਟੋਪੀ ਤੇ ਟੋਪ ਦੀ ਵਰਤੋਂ ਦੀ ਉਸ ਲਈ ਸਖਤ ਮਨਾਹੀ ਹੈ। ਉਸ ਦਾ ਖਾਣਾ-ਪੀਣਾ ਹਿੰਦੂਆਂ ਨਾਲ ਮਿਲਦਾ-ਜੁਲਦਾ ਹੈ ਸਿਵਾਏ ਇਸ ਦੇ ਕਿ ਉਹ ਆਮ ਤੌਰ ਤੇ ਮਾਸਾਹਾਰੀ ਹਿੰਦੂ ਹੈ ਤੇ ਚੌਕੇ ਦੀ ਛੂਤ-ਛਾਤ ਦਾ ਵੀ ਇੰਨਾ ਪਾਬੰਦ ਨਹੀਂ ਹੁੰਦਾ। ਉਹ ਆਮ ਤੌਰ ਤੇ ਤਮਾਕੂ ਪੀਣ ਤੋਂ ਪਰਹੇਜ ਕਰਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਇਸ ਦੀ ਸਖਤ ਮਨਾਹੀ ਕੀਤੀ ਸੀ। ਭਾਵੇਂ ਸਿੱਖਾਂ ਵਿਚ ਕੋਈ ਵੈਸ਼ਨੂੰ ਨਹੀਂ ਪਰ ਉਹ ਉਸ ਸਮੇਂ ਤਕ ਮਾਸ ਨਹੀਂ ਖਾਂਦੇ ਜਦ ਤਕ ਪਸ਼ੂ ਨੂੰ ਤਲਵਾਰ ਦੇ ਇਕੋ ਝਟਕੇ ਨਾਲ ਨਹੀਂ ਮਾਰਿਆ ਜਾਂਦਾ ਜਾਂ ਮੁਰਗੇ ਦੀ ਗਰਦਨ ਨੂੰ ਇਕੋ ਝਟਕੇ ਨਾਲ ਮਰੋੜ ਕੇ ਮਾਰਿਆ ਨਹੀਂ ਜਾਂਦਾ। ਗਊ ਸਿੱਖਾਂ ਲਈ ਉੱਨੀ ਹੀ ਪਵਿੱਤਰ ਹੈ ਜਿੰਨੀ ਹਿੰਦੂਆਂ ਲਈ ਪਰ ਸੂਰ ਲਈ ਕੋਈ ਧਾਰਮਿਕ ਪਾਬੰਦੀ ਨਹੀਂ ਜਿਸ ਦੇ ਅਸਲ ਵਿਚ ਉਹ ਵਿਸ਼ੇਸ਼ ਤੌਰ ਤੇ ਸ਼ੌਕੀਨ ਹਨ। ਸ਼ਾਇਦ ਇਹ ਗੱਲ ਉਨ੍ਹਾਂ ਦੀ ਮੁਸਲਮਾਨਾਂ ਪ੍ਰਤਿ ਪੁਰਾਤਨ ਘ੍ਰਿਣਾ ਦੀ ਨਿਸ਼ਾਨੀ ਹੈ।

ਹਿੰਦੂਆਂ ਤੇ ਸਿੱਖਾਂ ਦੀ ਸਮਾਜਕ ਅਤੇ ਸ਼ਾਸਨ ਵਿਵਸਥਾ ਵਿਚ ਜ਼ਿਆਦਾ ਅੰਤਰ ਨਹੀਂ ਹੈ। ਪਰੰਤੂ ਸਿੱਖ ਖਾਣ, ਪੀਣ ਤੇ ਵਿਆਹ ਸ਼ਾਦੀਆਂ ਦੇ ਮੁਆਮਲਿਆਂ ਵਿਚ ਧਾਰਮਿਕ ਪਾਬੰਦੀਆਂ ਨੂੰ ਮੰਨਣ ਵਿਚ ਉੱਨੇ ਸਖਤ ਨਹੀਂ ਹਨ। ਨੀਵੀਆਂ ਸ਼੍ਰੇਣੀਆਂ ਵਿਚ (ਤੇ ਸਿੱਖਾਂ ਦੀ ਬਹੁਸੰਖਿਆ ਉਨ੍ਹਾਂ ਸ਼੍ਰੇਣੀਆਂ ਵਿਚੋਂ ਹੈ ਜਿਨ੍ਹਾਂ ਨੂੰ ਨੀਵੀਆਂ ਸ਼੍ਰੇਣੀਆਂ ਸਮਝਿਆ ਜਾਂਦਾ ਹੈ) ਇਹ ਪਾਬੰਦੀਆਂ ਵਾਸਤਵਿਕ ਰੂਪ ਵਿਚ ਬਹੁਤ ਢਿੱਲੀਆਂ ਪੈ ਚੁੱਕੀਆਂ ਹਨ। ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਅਜੇ ਵੀ ਹਿੰਦੂਆਂ ਵਾਂਗ ਗੈਰ ਹਿੰਦੂਆਂ ਵਿਚ ਮਿਲਣਾ-ਜੁਲਣਾ ਪਸੰਦ ਨਹੀਂ ਕਰਦੇ ਅਤੇ ਇਹ ਧਰਮ ਕੇਵਲ ਨਾਮ-ਮਾਤਰ ਹੀ ਸੁਧੀਕਾਰੀ ਧਰਮ ਹੈ।[1]

1. ਗੁਰੂ ਗੋਬਿੰਦ ਸਿੰਘ ਨੇ ਕੁਝ ਮਿਹਤਰਾਂ ਦੀ ਵੀ ਧਰਮ-ਬਦਲੀ ਕੀਤੀ। ਪਰ ਪੁਰਾਤਨਵਾਦੀਆਂ ਦੀ ਕੱਟੜਤਾ ਉਹ ਵੀ ਨ ਤੋੜ ਸਕੇ। ਇਹ ਨਵੇਂ ਧਰਮ-ਬਦਲੀ ਕਰਨ ਵਾਲੇ ਮਨੁੱਖ ਅਜੇ ਤਕ ਵੀ ਹਿੰਦੂਆਂ ਜਾਂ ਸਿੱਖਾਂ ਦਾ ਅਟੁੱਟ ਅੰਗ ਨਹੀਂ ਬਣ ਸਕੇ। ਪਰ ਸੰਪਰਦਾਇਕ ਰੋਕਾਂ ਦੇ ਪ੍ਰਭਾਵ ਹੇਠਾਂ ਛੂਤ-ਛਾਤ ਦੀ ਬੀਮਾਰੀ ਘਟਦੀ ਜਾਪਦੀ ਹੈ।

ਸਿਖ ਵੈਦਿਕ ਰਸਮ ਰਿਵਾਜਾਂ ਦੇ ਕਟੱੜ ਪਾਬੰਦ ਨਹੀਂ। ਜਨੇਊ ਉਨ੍ਹਾਂ ਲਈ ਕੋਈ ਜ਼ਰੂਰੀ ਨਹੀਂ, ਇਹ ਆਰੰਭਿਕ ਰਸਮ ਅੰਮ੍ਰਿਤ ਛਕਣ ਦੀ ਰਸਮ ਨੇ ਲੈ ਲਈ ਹੈ ਜਿਸ ਦਾ ਵਰਣਨ ਇਕ ਹੋਰ ਥਾਂ ਕੀਤਾ ਜਾ ਚੁੱਕਿਆ ਹੈ। ਪਿੱਛੇ ਜੇਹੇ ਸਿੱਖਾਂ ਵਿਚ ਸੁਤੰਤਰ-ਵਿਵਾਹ-ਰਸਮ ਲਈ ਇਕ ਭਾਰੀ ਅੰਦੋਲਨ ਉਠਿਆ ਸੀ। ਇਸ ਅੰਦੋਲਨ ਦਾ ਸਿੱਟਾ ਆਨੰਦ ਵਿਵਾਹ ਬਿਲ ਸੀ ਜਿਹੜਾ ਸੁਪਰੀਮ ਕੌਂਸਿਲ ਵਿਚ ਮਹਾਰਾਜਾ ਨਾਭਾ (ਉਸ ਵੇਲੇ ਟਿੱਕਾ ਸਾਹਿਬ) ਦਵਾਰਾ ਪੇਸ਼ ਕੀਤਾ ਗਿਆ ਸੀ ਤੇ 1909 ਵਿਚ ਕਾਨੂੰਨ ਦੇ ਰੂਪ ਵਿਚ ਪਾਸ ਕਰ ਦਿੱਤਾ ਗਿਆ ਸੀ।[1]

ਇਸ ਰਿਵਾਜ ਅਨੁਸਾਰ ਵਿਵਾਹ ਦੀ ਰਸਮ ਵਿਚ ਬ੍ਰਾਹਮਣਾਂ ਅਤੇ ਵੈਦਿਕ ਸੂਤਰਾਂ ਦੀ ਕੋਈ ਲੋੜ ਨਹੀਂ। ਨ ਹੀ ਗਣੇਸ਼ ਜਾਂ ਗ੍ਰਿਹਾਂ ਦੀ ਪੂਜਾ ਦੀ ਲੋੜ ਹੈ। ਦੂਲ੍ਹਾ ਅਤੇ ਦੁਲ੍ਹਣ ਇਕ ਦੂਜੇ ਤੋਂ ਘੱਟ ਸ਼ਰਮਾਉਂਦੇ ਹਨ ਅਤੇ ਵੈਦਿਕ ਵਿਵਾਹ ਅਨੁਸਾਰ ਅੱਗ ਦੇ ਦੁਆਲੇ ਲਾਵਾਂ ਲੈਣ ਦੀ ਥਾਂ ਦੋਵੇਂ ਆਦਿ ਗ੍ਰੰਥ ਦੁਆਲੇ ਲਾਵਾਂ ਲੈਂਦੇ ਹਨ ਜਿਸ ਦਾ ਪ੍ਰਕਾਸ਼ ਕੀਤਾ ਗਿਆ ਹੁੰਦਾ ਹੈ। ਕੁਝ ਸਲੋਕ ਆਦਿ ਗ੍ਰੰਥ ਵਿਚੋਂ ਪੜ੍ਹੇ ਜਾਂਦੇ ਹਨ ਅਤੇ ਭਾਵੇਂ ਮੂਲ ਰੂਪ ਵਿਚ ਉਨ੍ਹਾਂ ਦੇ ਪਾਠ ਦਾ ਭਾਵ ਅਲੰਕਾਰਕ ਢੰਗ ਵਿਚ ਸਰਬਸ਼ਕਤੀਮਾਨ ਨਾਲ ਮਨੁੱਖੀ

---

1. ਇਸ ਐਕਟ ਦੀਆਂ ਧਾਰਾਵਾਂ ਇਸ ਪ੍ਰਕਾਰ ਹਨ :

ਕਿਉਂਕਿ ਵਿਵਾਹ ਦੇ ਰਿਵਾਜ ਦੀ ਪ੍ਰਮਾਣਿਕਤਾ ਸੰਬੰਧੀ ਸ਼ੰਕਿਆਂ ਨੂੰ ਦੂਰ ਕਰਨਾ ਉਪਯੋਗੀ ਹੈ ਜਿਹੜਾ ਕਿ ਸਿੱਖਾਂ ਵਿਚ 'ਆਨੰਦ' ਦੇ ਨਾਂ ਨਾਲ ਆਮ ਪ੍ਰਚਲਿਤ ਹੈ, ਇਸ ਲਈ ਇਹ ਐਕਟ ਬਣਾਇਆ ਜਾਂਦਾ ਹੈ :

ਸੰਖੇਪ ਨਾਂ ਅਤੇ ਖੇਤਰ	(1) ਇਸ ਐਕਟ ਨੂੰ ਆਨੰਦ ਵਿਵਾਹ ਕਾਨੂੰਨ, 1909 ਕਿਹਾ ਜਾਵੇਗਾ, ਅਤੇ
ਆਨੰਦ ਵਿਆਹ ਦੀ ਪ੍ਰਮਾਣਿਕਤਾ	(2) ਸਾਰੇ ਵਿਵਾਹ ਜਿਹੜੇ ਸਿੱਖ ਵਿਵਾਹ ਪ੍ਰਥਾ ਅਨੁਸਾਰ, ਜਿਸ ਨੂੰ ਆਨੰਦ ਕਹਿੰਦੇ ਹਨ, ਹੋਏ ਹਨ ਜਾਂ ਅੱਗੋਂ ਨੂੰ ਹੋਣਗੇ ਕਾਨੂੰਨ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੇ ਮਨਾਏ ਜਾਣ ਦੀ ਮਿਤੀ ਤੋਂ ਹੀ ਕਾਨੂੰਨੀ ਤੇ ਪ੍ਰਮਾਣਿਕ ਸਮਝੇ ਜਾਣਗੇ।
ਕੁਝ ਵਿਸ਼ੇਸ਼ ਵਿਵਾਹਾਂ ਦੀ ਕਾਨੂੰਨ ਵੱਲੋਂ ਛੋਟ	(3) ਇਸ ਕਾਨੂੰਨ ਦੀ ਕੋਈ ਧਾਰਾ ਨਹੀਂ ਲਾਗੂ ਹੋਵੇਗੀ— (ੳ) ਉਨ੍ਹਾਂ ਵਿਅਕਤੀਆਂ ਦੀ ਕਿਸੇ ਸ਼ਾਦੀ ਤੇ ਜਿਹੜੇ ਸਿੱਖ ਧਰਮ ਨੂੰ ਮੰਨਦੇ ਨ ਹੋਣ, ਅਤੇ (ਅ) ਕੋਈ ਵੀ ਸ਼ਾਦੀ ਜਿਹੜੀ ਅਦਾਲਤੀ ਤੌਰ ਤੇ ਰੱਦ ਕਰ ਦਿੱਤੀ ਗਈ ਹੋਵੇ।
ਉਨ੍ਹਾਂ ਵਿਵਾਹਾਂ ਦੀ ਪ੍ਰਮਾਣਿਕਤਾ ਜਿਹੜੇ ਦੂਜੇ ਰਿਵਾਜਾਂ ਅਨੁਸਾਰ ਹੋਏ ਹੋਣ	(4) ਇਸ ਕਾਨੂੰਨ ਦੀ ਕੋਈ ਧਾਰਾ ਉਸ ਵਿਵਾਹ ਦੀ ਪ੍ਰਮਾਣਿਕਤਾ ਤੇ ਪ੍ਰਭਾਵ ਨਹੀਂ ਪਾਵੇਗੀ ਜਿਹੜਾ ਕਿਸੇ ਹੋਰ ਰਿਵਾਜ ਅਨੁਸਾਰ, ਜੋ ਸਿੱਖਾਂ ਵਿਚ ਪ੍ਰਚਲਿਤ ਹੋਵੇ, ਕੀਤਾ ਗਿਆ ਹੋਵੇ।
ਮਨਾਹੀ ਦੇ ਖੇਤਰਾਂ ਵਿਚ ਕੀਤੀਆਂ ਸ਼ਾਦੀਆਂ ਦੀ ਅਪ੍ਰਮਾਣਿਕਤਾ	(5) ਇਸ ਕਾਨੂੰਨ ਦੀ ਕੋਈ ਧਾਰਾ ਉਸ ਸ਼ਾਦੀ ਨੂੰ ਪ੍ਰਮਾਣਿਕਤਾ ਨਹੀਂ ਦੇਵੇਗੀ ਜਿਹੜੀ ਉਨ੍ਹਾਂ ਵਿਅਕਤੀਆਂ ਵਿਚਕਾਰ ਹੋਵੇ ਜਿਹੜੇ ਇਕ ਦੂਜੇ ਨਾਲ ਉਸ ਦਰਜੇ ਤਕ ਗੋਤੀ ਸੰਬੰਧ ਜਾਂ ਵਿਹਾਰ ਰਖਦੇ ਹੋਣ ਜਿਹੜਾ ਸਿੱਖਾਂ ਦੇ ਰਸਮੀ ਕਾਨੂੰਨ ਅਨੁਸਾਰ ਇਸ ਵਿਵਾਹ ਨੂੰ ਗੈਰਕਾਨੂੰਨੀ ਸਮਝਦਾ ਹੋਵੇ।

ਆਤਮਾ ਦਾ ਮੇਲ ਦਰਸਾਉਣਾ ਹੁੰਦਾ ਸੀ, ਪਰ ਉਨ੍ਹਾਂ ਤੋਂ ਦੂਲ੍ਹਾ ਤੇ ਦੂਲ੍ਹਨ ਦੇ ਮੇਲ ਨੂੰ ਧਾਰਮਿਕਤਾ ਪ੍ਰਦਾਨ ਕਰਨ ਦਾ ਕੰਮ ਵੀ ਲਿਆ ਜਾਂਦਾ ਹੈ। ਇਹ ਰਿਵਾਜ ਪਹਿਲਾਂ-ਪਹਿਲਾਂ ਕੇਵਲ ਛੋਟੀਆਂ ਸ਼੍ਰੇਣੀਆਂ ਵਿਚ ਵਿਧਵਾ ਵਿਵਾਹਾਂ ਲਈ ਅਤੇ ਅਜੇਹੇ ਹੀ ਬੇਕਾਇਦਾ ਸੰਬੰਧਾਂ ਲਈ ਵਰਤਿਆ ਜਾਂਦਾ ਸੀ ਪਰੰਤੂ ਜਦ ਤੋਂ ਸਿੱਖਾਂ ਵਿਚ ਵੱਖਰਤਾ ਦੀ ਰੁਚੀ ਆਈ ਹੈ, ਇਹ ਰਿਵਾਜ ਉੱਚੀਆਂ ਸ਼੍ਰੇਣੀਆਂ ਵਿਚ ਵੀ ਪ੍ਰਚਲਿਤ ਹੁੰਦਾ ਜਾ ਰਿਹਾ ਹੈ।

ਸਿੱਖਾਂ ਦੇ ਤਿਉਹਾਰ ਲਗਭਗ ਉਹੀ ਹਨ ਜਿਨ੍ਹਾਂ ਨੂੰ ਹਿੰਦੂ ਮਨਾਉਂਦੇ ਹਨ। ਪਰ ਸਿੱਖਾਂ ਨੇ ਹਿੰਦੂ ਤਿਉਹਾਰ ਹੋਲੀ ਵਿਚ ਇਕ ਹੋਰ ਛੁੱਟੀ 'ਹੋਲਾ ਮਹੱਲਾ' ਵੀ ਵਧਾਈ ਹੈ ਜਿਹੜਾ ਹੋਲੀ ਦੀਆਂ ਰੰਗਰਲੀਆਂ ਦੇ ਅੱਗਲੇ ਦਿਨ ਪਿੱਛੋਂ ਆਉਂਦਾ ਹੈ। ਸਿੱਖ ਆਪਣੇ ਗੁਰੂਆਂ ਦੇ ਜਨਮ ਦਿਨਾਂ ਅਤੇ ਜੋਤੀ-ਜੋਤ ਸਮਾਉਣ ਦੇ ਪੁਰਬਾਂ ਨੂੰ ਵੀ ਮਨਾਉਂਦੇ ਹਨ।

ਪਰ ਸਿੱਖਾਂ ਦੀ ਮੁੱਖ ਵਿਲੱਖਣਤਾ ਉਨ੍ਹਾਂ ਦੀ ਬੀਰ ਰੁਚੀ ਹੈ। ਆਰੰਭ ਵਿਚ ਸਿੱਖ ਪੰਜਾਬ ਦੇ ਸਾਧਾਰਣ ਕਿਰਸਾਣ ਹੀ ਸਨ ਪਰ ਉਨ੍ਹਾਂ ਨੂੰ ਦਸਵੇਂ ਗੁਰੂ ਸਾਹਿਬ ਨੇ ਅਜੇਹੇ ਜੋਧਿਆਂ ਤੇ ਸੂਰਬੀਰਾਂ ਵਿਚ ਬਦਲ ਦਿੱਤਾ ਜਿਹੜੇ ਸ਼ੇਰ ਨੂੰ ਉਸ ਦੇ ਆਪਣੇ ਘੁਰਨੇ ਵਿਚ ਬੈਠੇ ਨੂੰ ਲਲਕਾਰ ਸਕਦੇ ਸਨ ਤੇ ਜਾਬਰ ਔਰੰਗਜ਼ੇਬ ਨੂੰ ਉਸ ਦੇ ਆਪਣੇ ਦਰਬਾਰ ਵਿਚ ਚਣੌਤੀ ਦੇ ਸਕਦੇ ਸਨ।[1]

---

1. ਦਯਾ ਸਿੰਘ ਗੁਰੂ ਸਾਹਿਬ ਦਾ ਪੱਤਰ ਲੈ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਗਿਆ। ਉਸ ਨੇ ਨ ਆਪਣਾ ਸਿਰ ਝੁਕਾਇਆ ਅਤੇ ਨ ਆਦਾਬ ਵਜੋਂ ਕੋਈ ਸ਼ਬਦ ਬੋਲਿਆ। ਉਸ ਨੇ ਕੇਵਲ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਿਹ ਕਹਿ ਕੇ ਪੱਤਰ ਸ਼ਹਿਨਸ਼ਾਹ ਨੂੰ ਪਕੜਾ ਦਿੱਤਾ।

    1740 ਦੇ ਨੇੜੇ ਤੇੜੇ ਮੱਸਾ ਰੰਘੜ ਜਿਹੜਾ ਅੰਮ੍ਰਿਤਸਰ ਵਿਚ ਇਕ ਮੁਗ਼ਲ ਅਧਿਕਾਰੀ ਸੀ, ਨੇ ਹਰਿਮੰਦਰ ਸਾਹਿਬ ਦੇ ਪਵਿੱਤਰ ਗੁਰਦਵਾਰੇ ਨੂੰ ਆਪਣੇ ਐਸ਼ਵਰਜ ਸਥਾਨ ਵਿਚ ਬਦਲ ਲਿਆ ਤੇ ਉਸ ਦੇ ਘੇਰੇ ਵਿਚ ਨਾਚ-ਮੰਡਲੀਆਂ ਰਚਾਉਣ ਲੱਗ ਪਿਆ। ਉਸ ਨੇ ਉਸ ਸਥਾਨ ਨੂੰ ਤਮਾਕੂ ਪੀ ਪੀ ਕੇ ਅਤੇ ਪਵਿੱਤਰ ਫਰਸ਼ਾਂ ਤੇ ਥੁੱਕ-ਥੁੱਕ ਕੇ ਹੋਰ ਵੀ ਭ੍ਰਿਸ਼ਟ ਕਰ ਦਿੱਤਾ। ਉਨ੍ਹਾਂ ਦੇ ਸਭ ਤੋਂ ਪਵਿੱਤਰ ਸਥਾਨ ਦੀ ਇਸ ਬੇਹੁਰਮਤੀ ਦੀ ਖਬਰ ਇਕ ਸਿੱਖ ਦੁਆਰਾ ਮਹਿਤਾਬ ਸਿੰਘ (ਮੀਰਾਂਕੋਟ ਦਾ ਜੱਟ) ਅਤੇ ਸੁਖਾ ਸਿੰਘ (ਮਾੜੀ ਕੰਬੋ ਦਾ ਇਕ ਤਰਖਾਣ) ਦੇ ਕੰਨਾਂ ਵਿਚ ਪਈ। ਇਹ ਦੋ ਵਿਅਕਤੀ ਉਨ੍ਹਾਂ ਸਿੱਖਾਂ ਵਿਚੋਂ ਸਨ ਜਿਹੜੇ ਉਸ ਵੇਲੇ ਬੀਕਾਨੇਰ ਵਿਚ ਅਗਿਆਤਵਾਸ ਸਨ: "ਤੂੰ ਮੰਦਰ ਦੀ ਬੇਹੁਰਮਤੀ ਹੁੰਦੀ ਵੇਖ ਕੇ ਕਿਵੇਂ ਜੀਉਂਦਾ ਰਿਹਾ?" ਖਬਰ ਲਿਆਉਣ ਵਾਲੇ ਤੋਂ ਉਨ੍ਹਾਂ ਨੇ ਪੁਛਿਆ ਅਤੇ ਉਹ ਕਮਰਕੱਸੇ ਕਰ ਕੇ ਤੁਰੰਤ ਅੰਮ੍ਰਿਤਸਰ ਨੂੰ ਚਲ ਪਏ। ਮੁਸਲਮਾਨਾਂ ਦਾ ਭੇਸ ਬਣਾ ਕੇ ਉਨ੍ਹਾਂ ਨੇ ਦੋ ਬੋਰੇ ਠੀਕਰੀਆਂ ਦੇ ਭਰ ਲਏ ਜਿਨ੍ਹਾਂ ਨੂੰ ਉਨ੍ਹਾਂ ਨੇ ਘਸਾ ਕੇ ਸਿੱਕਿਆਂ ਵਾਂਗੂੰ ਗੋਲ ਕਰ ਲਿਆ ਸੀ ਅਤੇ ਮੱਸੇ ਦੇ ਸਾਮ੍ਹਣੇ ਆਪਣਾ ਲਗਾਨ ਤਾਰਨ ਦੇ ਬਹਾਨੇ ਪੇਸ਼ ਹੋਏ। ਜਿਸ ਵੇਲੇ ਇਕ ਨੇ ਉਸ ਨੂੰ ਗੱਲੀਂ ਲਾਇਆ ਹੋਇਆ ਸੀ ਤਾਂ ਦੂਜੇ ਨੇ ਆਪਣੀ ਕਿਰਪਾਨ ਨਾਲ ਉਸ ਜ਼ਾਲਮ ਦਾ ਸਿਰ ਲਾਹ ਦਿੱਤਾ। ਇਸ ਤੋਂ ਪਹਿਲਾਂ ਕਿ ਦਰਬਾਰੀ ਹੈਰਾਨੀ ਦੀ ਦਸ਼ਾ ਵਿਚੋਂ ਨਿਕਲ ਸਕਦੇ, ਇਹ ਸੂਰਮੇ ਘੋੜਿਆਂ ਤੇ ਚੜ੍ਹ ਕੇ ਸ਼ਹਿਰ ਵਿਚੋਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਗਏ। ਅਜੇਹਾ ਯਥਾ ਸ਼ਬਦ ਗੁਰੂ ਗੋਬਿੰਦ ਸਿੰਘ ਦਾ ਵਿਸ਼ਵਾਸ ਠੀਕ ਉਤਰਦਾ ਸੀ, ਜਿਹੜੇ ਅਕਸਰ ਕਿਹਾ ਕਰਦੇ ਸਨ ਕਿ ਉਨ੍ਹਾਂ ਦੀਆਂ ਚਿੜੀਆਂ ਬਾਜ਼ਾਂ ਨਾਲ ਲੜਨਗੀਆਂ ਤੇ ਇਕੱਲਾ ਸਿੱਖ ਸਵਾ ਲੱਖ ਨੂੰ ਵੰਗਾਰੇਗਾ।

ਕੋਈ ਇਕ ਸਦੀ ਪਹਿਲਾਂ ਕਨਿੰਘਮ ਨੇ ਲਿਖਿਆ ਸੀ, "ਸਾਰੇ ਸਿੱਖਾਂ ਵਿਚ ਕੋਈ ਸਜੀਵ ਆਤਮਾ ਨਿਵਾਸ ਕਰਦੀ ਹੈ ਅਤੇ ਉਨ੍ਹਾਂ ਦੀ ਆਤਮਾ ਤੇ ਪਏ ਗੁਰੂ ਗੋਬਿੰਦ ਸਿੰਘ ਦੇ ਪ੍ਰਭਾਵ ਨੇ ਨ ਕੇਵਲ ਉਨ੍ਹਾਂ ਦੇ ਹਿਰਦਿਆਂ ਨੂੰ ਬਦਲ ਕੇ ਚੜ੍ਹਦੀ ਕਲਾ ਵਿਚ ਲਿਆਂਦਾ ਹੈ, ਸਗੋਂ ਉਨ੍ਹਾਂ ਨੂੰ ਸਰੀਰਕ ਤੌਰ ਤੇ ਵੀ ਬਲਵਾਨ ਬਣਾਇਆ ਹੈ। ਉਨ੍ਹਾਂ ਦੀ ਨੁਹਾਰ ਅਤੇ ਚਿਹਰਾ-ਮੁਹਰਾ ਵੀ ਬਦਲ ਗਏ ਹਨ। ਨ ਸਿਰਫ ਇਕ ਸਿੱਖ ਸਰਦਾਰ ਆਪਣੀ ਸ਼ਾਹਾਨਾ ਸ਼ਖ਼ਸੀਅਤ ਅਤੇ ਖੁਲ੍ਹੀ-ਡੁਲ੍ਹੀ ਅਤੇ ਮਰਦਊ ਸ਼ਕਲ ਨਾਲ ਵੇਖਣ ਵਾਲੇ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਸਿੱਖ ਧਾਰਮਿਕ ਆਗੂ ਵੀ ਆਪਣੇ ਉੱਚੇ ਦਰਜੇ ਦੇ ਅਧਿਆਤਮਕ ਚਿੰਤਨ ਦਾ ਸੰਕੇਤ ਦਿੰਦਾ ਹੈ ਜੋ ਕਿ ਉਸ ਦੀ ਆਤਮਾ ਦੀ ਉੱਚਤਾ ਅਤੇ ਪਰਮਾਤਮਾ ਦੀ ਨਿਕਟਤਾ ਦਾ ਲਖਾਇਕ ਹੈ। ਸਿੱਖਾਂ ਦੀ ਸਰੀਰਕ ਵਿਲੱਖਣਤਾ ਅਤੇ ਉਨ੍ਹਾਂ ਦੇ ਮਹਾਨ ਸੈਨਿਕ ਗੁਣ ਉਨ੍ਹਾਂ ਐਂਗਲੋ-ਸਿੱਖ ਯੁੱਧਾਂ ਵਿਚ ਚਮਕੇ ਜੋ ਉੱਨੀਵੀਂ ਸਦੀ ਦੇ ਮੱਧ ਸਮੇਂ ਵਿਚ ਹੋਏ। ਕਿਸੇ ਹੋਰ ਭਾਰਤੀ ਸੈਨਾ ਦੇ ਮੁਕਾਬਲੇ ਤੇ ਅੰਗ੍ਰੇਜ਼ੀ ਫੌਜਾਂ ਨੂੰ ਇਤਨੇ ਜਾਨ ਦੇ ਲਾਲੇ ਨਹੀਂ ਸਨ ਪਏ ਜਿੰਨੇ ਕਿ ਫਿਰੋਜ਼ਸ਼ਾਹ ਦੇ ਸਥਾਨ ਤੇ ਖ਼ਾਲਸਾ ਫੌਜ ਦਾ ਮੁਕਾਬਲਾ ਕਰਦੇ ਹੋਇਆਂ ਪਏ ਸਨ, ਵਿਸ਼ੇਸ਼ ਕਰਕੇ ਜਦੋਂ ਕਿ ਉਨ੍ਹਾਂ ਦੀ ਗਿਣਤੀ ਅੰਗ੍ਰੇਜ਼ੀ ਫੌਜ ਨਾਲੋਂ ਨਾਮ-ਮਾਤਰ ਹੀ ਵੱਧ ਸੀ। ਭਾਵੇਂ ਲੜਾਈ ਦਾ ਸਿੱਟਾ ਅੰਗ੍ਰੇਜ਼ਾਂ ਦੀ ਜਿੱਤ ਵਿਚ ਹੀ ਨਿਕਲਿਆ, ਤਾਂ ਵੀ ਇਸ ਸੰਬੰਧ ਵਿਚ ਮਤਭੇਦ ਹੈ ਕਿ ਲੜਾਈ ਦਾ ਸਿੱਟਾ ਕੀ ਹੁੰਦਾ ਜੇਕਰ ਸਿੱਖ ਸੈਨਾਵਾਂ ਦੇ ਕਮਾਂਡਰਾਂ ਦੀ ਇੰਨੀ ਕੁ ਯੋਗਤਾ ਹੁੰਦੀ ਕਿ ਉਹ ਉਨ੍ਹਾਂ ਦੇ ਗੁਣਾਂ ਦਾ ਪੂਰਾ ਪੂਰਾ ਲਾਭ ਉਠਾ ਸਕਦੇ।"[1]

"ਸਿੱਖਾਂ ਨਾਲੋਂ ਵੱਧ ਦ੍ਰਿੜ੍ਹਤਾ ਅਤੇ ਸਾਹਸ ਨਾਲ ਸਾਡੇ ਵਿਰੁਧ ਅਤੇ ਇਤਨੀ ਵਫ਼ਾਦਾਰੀ ਤੇ ਬਹਾਦਰੀ ਨਾਲ ਸਾਡੇ ਪੱਖ ਵਿਚ ਕੋਈ ਨਹੀਂ ਲੜਿਆ।"[2]

ਅੱਜ ਕਲ੍ਹ ਵੀ ਸਿੱਖ ਭਾਰਤ ਦੀ ਸਭ ਤੋਂ ਉੱਤਮ ਲੜਾਕੀ ਕੌਮ ਹਨ। ਬ੍ਰਿਟਿਸ਼ ਇੰਡੀਅਨ ਆਰਮੀ ਦਾ ਪ੍ਰਮੁੱਖ ਭਾਗ ਸਿੱਖ ਹਨ। ਜਨਰਲ ਗੋਰਡਨ ਲਿਖਦਾ ਹੈ, "ਜਦੋਂ ਘੋਰ ਯੁੱਧ ਹੁੰਦਾ ਹੈ ਤਾਂ ਸਿੱਖ ਸਭ ਤੋਂ ਮੂਹਰੇ ਹੁੰਦੇ ਹਨ ਅਤੇ ਇਉਂ ਉਨ੍ਹਾਂ ਨੇ ਦ੍ਰਿੜ੍ਹ ਵਫ਼ਾਦਾਰੀ, ਸਿਰੜ੍ਹ ਆਤਮਾ ਅਤੇ ਨਿਡੱਰ ਬਹਾਦਰੀ ਦੀ ਆਪਣੀ ਅਮਰ ਵਿਰਾਸਤ ਨੂੰ ਕਾਇਮ ਰਖਿਆ ਹੈ।"

---

1. ਸਰ ਜੀ. ਗਫ਼ (G. Gough) ਅਤੇ ਆਰਥਰ ਆਈਨਜ਼ (Arthur Innes), 'ਦਿ ਸਿਖਸ ਐਂਡ ਦਿ ਸਿੱਖ ਵਾਰਜ਼' (ਪੰਨਾ 42)।
2. ਜਨਰਲ ਸਰ ਜਾਨ ਜੇ. ਐਚ. ਗੋਰਡਨ ਕੇ. ਸੀ. ਬੀ. 'ਦਿ ਸਿਖਸ' (ਪੰਨਾ 3)।

ਪੁਸਤਕਾਵਲੀ

ਇਸ ਪੁਸਤਕ ਦੇ ਤਿਆਰ ਕਰਨ ਵਿਚ ਨਿਮਨ-ਲਿਖਤ ਪੁਸਤਕਾਂ ਅਤੇ ਹੱਥ-ਲਿਖਤਾਂ ਤੋਂ ਸਹਾਇਤਾ ਲਈ ਗਈ ਹੈ ਤੇ ਹਵਾਲੇ ਦਿੱਤੇ ਗਏ ਹਨ।

1. ਆਦਿ ਗ੍ਰੰਥ (ਗੁਰਮੁਖੀ) ਗੁਰੂ ਅਰਜਨ ਦੇਵ ਦੁਆਰਾ ਸੰਪਾਦਿਤ (1590 ਈ: ਦੇ ਨੇੜੇ ਤੇੜੇ)। ਵੇਖੋ ਅੰਤਿਕਾ ੧।

2. ਗੁਰੂ ਨਾਨਕ ਦੇਵ ਦੀ ਜਨਮ ਸਾਖੀ (ਗੁਰਮੁਖੀ) ਜਿਸ ਦੇ ਕਰਤਾ ਦਾ ਪਤਾ ਨਹੀਂ (1590 ਦੇ ਨੇੜੇ ਤੇੜੇ)। ਇੰਡੀਆ ਆਫ਼ਿਸ ਕਾਪੀ ਦੀ ਦੂਜੀ ਛਾਪ ਜਿਸ ਨੂੰ ਟ੍ਰੰਪ ਨੇ ਵਰਤਿਆ, ਜੋ ਸਭ ਤੋਂ ਪੁਰਾਣੀ ਸਮਝੀ ਜਾਂਦੀ ਹੈ ਅਤੇ ਜਿਸ ਦਾ ਸੰਪਾਦਨ 1886 ਈ: ਵਿਚ ਮੈਕਾਲਿਫ ਨੇ ਕੀਤਾ।

3. ਭਾਈ ਗੁਰਦਾਸ ਭੱਲਾ ਕ੍ਰਿਤ ਗੁਰਮੁਖੀ ਵਿਚ ਵਾਰਾਂ (1600 ਈ: ਦੇ ਨੇੜੇ ਤੇੜੇ)। ਭਾਈ ਗੁਰਦਾਸ ਪੰਜਵੇਂ ਗੁਰੂ ਸਾਹਿਬ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੇ ਆਦਿ ਗ੍ਰੰਥ ਦੀ ਬੀੜ ਲਿਖੀ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਉਤੇ ਅਤੇ ਸਦਾਚਾਰਕ ਤੇ ਧਾਰਮਿਕ ਸਿਖਿਆ ਦੀਆਂ ਵਾਰਾਂ ਦਰਜ ਹਨ। (ਮੁਫ਼ੀਦੇ ਆਮ ਪ੍ਰੈਸ, ਲਾਹੌਰ)।

4. ਤਾਰੀਖ਼ੇ ਫਰਿਸ਼ਤਾ (ਫ਼ਾਰਸੀ) ਕ੍ਰਿਤ ਮੁਹੰਮਦ ਕਾਸਿਮ ਫਰਿਸ਼ਤਾ (1612 ਈ: ਦੇ ਨੇੜੇ ਤੇੜੇ)। ਜਾਨ ਬ੍ਰਿਗਜ਼ ਦੁਆਰਾ ਸੰਪਾਦਿਤ (ਗੌਰਮਿੰਟ ਕਾਲਿਜ ਪ੍ਰੈਸ, ਬੰਬਈ, 1831)।

5. ਦਬਿਸਤਾਨੇ ਮਜ਼ਾਹਿਬ (ਫ਼ਾਰਸੀ) ਕ੍ਰਿਤ ਮੋਹਸਿਨ ਫ਼ਾਨੀ (1645 ਈ:) । ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦਾ ਸਮਕਾਲੀ (1292 ਹਿਜਰੀ ਵਿਚ ਛਪੇ ਬੰਬਈ ਸੰਸਕਰਣ ਦੀ ਸਹਾਇਤਾ ਲਈ)।

6. ਰਹਿਤ ਨਾਮਾ (ਅੰਗ੍ਰੇਜ਼ੀ) ਕ੍ਰਿਤ ਪ੍ਰਹਿਲਾਦ ਰਾਏ (1695 ਈ:?)। ਭਦੌੜ ਦੇ ਸਰਦਾਰ ਅਤਰ ਸਿੰਘ ਨੇ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ। (ਅਲਬਰਟ ਪ੍ਰੈਸ, 1876)।

7. ਰਹਿਤ ਨਾਮਾ (ਅੰਗ੍ਰੇਜ਼ੀ) ਕ੍ਰਿਤ ਨੰਦ ਲਾਲ। (1625 ਈ:?)।ਨੰਦ ਲਾਲ ਦਸਮ ਗੁਰੂ ਗੋਬਿੰਦ ਸਿੰਘ ਦੇ ਮਾਮਾ ਸਨ।

8. ਬਚਿਤ੍ਰ ਨਾਟਕ (ਗੁਰਮੁਖੀ) ਕ੍ਰਿਤ ਗੁਰੂ ਗੋਬਿੰਦ ਸਿੰਘ (1705 ਈ: ਦੇ ਨੇੜੇ ਤੇੜੇ)। ਵੇਖੋ ਅੰਤਿਕਾ ੧।

9. ਤਾਰੀਖ਼ੇ ਇਰਾਦਤ ਖ਼ਾਂ, ਹੱਥਲਿਖਤ 1816, Rieu. ਬ੍ਰਿਟਿਸ਼ ਮਿਊਜ਼ੀਅਮ (ਫ਼ਾਰਸੀ) ਕ੍ਰਿਤ ਮਿਰਜ਼ਾ ਮੁਬਾਰਕ ਅੱਲਾ ਵਜ਼ੀਹ ਉਰਫ਼ ਇਰਾਦਤ ਖ਼ਾਂ। (1712 ਦੇ ਨੇੜੇ ਤੇੜੇ)। ਕਰਤਾ ਲੋਹਗੜ੍ਹ ਦੇ ਘੇਰੇ ਵੇਲੇ ਬਾਦਸ਼ਾਹ ਦੇ ਨਾਲ ਸੀ। ਹੱਥਲਿਖਤ 1126 ਹਿ: ਵਿਚ ਤਿਆਰ ਹੋਈ।

10. ਅਰਲੀ ਰਿਕਾਰਡਜ਼ ਆਫ਼ ਬ੍ਰਿਟਿਸ਼ ਇੰਡੀਆ (ਅੰਗ੍ਰੇਜ਼ੀ) ਕ੍ਰਿਤ ਜੇ. ਟੀ. ਵ੍ਹੀਲਰ। ਇਸ ਪੁਸਤਕ ਵਿਚ ਦਿੱਲੀ ਤੋਂ ਉਨ੍ਹਾਂ ਬਰਤਾਨਵੀ ਸਫ਼ੀਰਾਂ ਦਾ ਭੇਜਿਆ ਮਾਰਚ 10,

1716 ਦਾ ਇਕ ਖਤ ਦਰਜ ਹੈ ਜਿਨ੍ਹਾਂ ਨੇ ਬੰਦਾ ਬਹਾਦਰ ਅਤੇ ਉਸ ਦੇ 780 ਸਾਥੀਆਂ ਦਾ ਕਤਲ ਅੱਖੀਂ ਵੇਖਿਆ ਸੀ ।

11. ਗੁਰ ਬਿਲਾਸ (ਗੁਰਮੁਖੀ) ਕ੍ਰਿਤ ਭਗਤ ਸਿੰਘ (1718 ਈ:) । ਕਰਤਾ ਦਸਮੇਸ਼ ਜੀ ਦੇ ਸਮਕਾਲੀ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਿਸ਼ ਸੀ ।

12. ਇਬਰਤ ਨਾਮਾ (ਫ਼ਾਰਸੀ) ਹੱਥਲਿਖਤ, 1935, Rieu ਅਤੇ ਤਾਰੀਖ਼ੇ ਫ਼ਰੁੱਖਸੀਯਰ ਹੱਥਲਿਖਤ 2, 245 Rieu. (ਫ਼ਾਰਸੀ) ਕ੍ਰਿਤ ਮੁਹੰਮਦ ਕਾਸਿਮ (1719 ਈ: ਦੇ ਨੇੜੇ ਤੇੜੇ) । ਕਰਤਾ ਜੋ ਕਿ ਲਾਹੌਰ ਦੇ ਨਾਇਬ ਨਾਜ਼ਮ ਆਰਫ਼ ਬੇਗ ਖ਼ਾਂ ਦਾ ਕਰਮਚਾਰੀ ਸੀ, ਨੇ ਗੁਰਦਾਸਪੁਰ ਦਾ ਘੇਰਾ ਅਤੇ ਬੰਦੇ ਦੀ ਗਰਿਫ਼ਤਾਰੀ ਅੱਖੀਂ ਵੇਖੀ ਸੀ । ਹੱਥਲਿਖਤ ਦੀ ਮਿਤੀ 1134 ਹਿਜਰੀ ।

13. ਮੁੰਤਖਿਬ-ਉਲ-ਬਾਬ (ਹੱਥਲਿਖਤ 6573-6575 Rieu) (ਫ਼ਾਰਸੀ) ਕ੍ਰਿਤ ਮਿਰਜ਼ਾ ਹਾਸ਼ਮ ਖ਼ਾਫ਼ੀ ਖ਼ਾਂ । (1720 ਈ: ਦੇ ਨੇੜੇ ਤੇੜੇ) । ਬ੍ਰਿਟਿਸ਼ ਮਿਊਜ਼ੀਅਮ ਵਿਚ ਇਹ ਹੱਥਲਿਖਤ ਹੈਦਰਾਬਾਦ ਦੇ ਨਵਾਬ ਸਮਸਮ-ਉਲ-ਮੁਲਕ ਸ਼ਾਹ ਨਵਾਜ਼ ਖ਼ਾਂ ਦੀ ਲਾਇਬ੍ਰੇਰੀ ਵਿਚੋਂ ਆਈ ਅਤੇ ਇਸ ਦੀ ਮਿਤੀ 1196 ਹਿਜਰੀ ਹੈ ।

14. ਤਾਰੀਖ਼ੇ ਮੁਹੰਮਦ ਸ਼ਾਹੀ (ਹੱਥਲਿਖਤ 1826 Rieu) (ਫ਼ਾਰਸੀ) ਕ੍ਰਿਤ ਖ਼ੁਸ਼ਾਲ ਚੰਦ । (1730 ਈ: ਦੇ ਨੇੜੇ ਤੇੜੇ) । ਬੰਦੇ ਦਾ ਸਮਕਾਲੀ ਸੀ ਪਰ ਉਸ ਦਾ ਸਿੱਖਾਂ ਦਾ ਇਤਿਹਾਸ ਬਹੁਤ ਮਾਮੂਲੀ ਜੇਹਾ ਹੈ । ਇਹ ਹੱਥਲਿਖਤ ਅਲਵਰ ਸਟੇਟ ਲਾਇਬ੍ਰੇਰੀ ਵਿਚੋਂ ਬ੍ਰਿਟਿਸ਼ ਮਿਊਜ਼ੀਅਮ ਵਿਚ ਆਈ ।

15. ਮਆਸਿਰ-ਉਲ-ਉਮਰਾ (ਫ਼ਾਰਸੀ) ਕ੍ਰਿਤ ਨਵਾਬ ਸ਼ਾਹ ਨਵਾਜ਼ ਖ਼ਾਂ (1744-49 ਈ:) । ਏਸ਼ੀਆਟਿਕ ਸੋਸਾਇਟੀ ਆਫ ਕਲਕੱਤਾ ਦੁਆਰਾ ਪ੍ਰਕਾਸ਼ਿਤ (1888-1891) ।

16. ਸੀਅਰ-ਉਲ-ਮੁਤਾਖਰੀਨ (ਫ਼ਾਰਸੀ) ਕ੍ਰਿਤ ਸੱਯਦ ਗੁਲਾਮ ਹੁਸੈਨ ਖ਼ਾਂ (1780 ਈ: ਦੇ ਨੇੜੇ ਤੇੜੇ) । ਇਹ ਪੁਸਤਕ ਵਾਰਨ ਹੇਸਟਿੰਗਜ਼ ਦੀ ਸਰਪ੍ਰਸਤੀ ਹੇਠ ਲਿਖੀ ਗਈ । ਇਸ ਵਿਚ ਦਿੱਤਾ ਸਿੱਖਾਂ ਦਾ ਤਜ਼ਕਰਾ ਖ਼ਾਫ਼ੀ ਖ਼ਾਂ ਦੀ ਨਕਲ ਪ੍ਰਤੀਤ ਹੁੰਦਾ ਹੈ । (ਨਵਲਕਿਸ਼ੋਰ ਪ੍ਰੈਸ ਦੁਆਰਾ ਪ੍ਰਕਾਸ਼ਿਤ ਸੰਸਕਰਣ) ।

17. ਟ੍ਰੈਵਲਜ਼ ਆਫ ਤੇਗ ਬਹਾਦਰ (ਅੰਗ੍ਰੇਜ਼ੀ) ਕ੍ਰਿਤ ਸੱਯਦ ਗੁਲਾਮ ਹੁਸੈਨ ਖ਼ਾਂ । (1780 ਈ: ਦੇ ਨੇੜੇ ਤੇੜੇ) । ਸ. ਅਤਰ ਸਿੰਘ ਭਦੌੜ ਨੇ ਗੁਰਮੁਖੀ ਵਿਚੋਂ ਅਨੁਵਾਦ ਕੀਤਾ (1876) । ਇਸ ਦਾ ਮੌਲਿਕ ਖਰੜਾ 1780 ਈ: ਤੋਂ ਪਹਿਲਾਂ ਦਾ ਨਹੀਂ ਹੋ ਸਕਦਾ ਕਿਉਂਕਿ ਇਸ ਵਿਚ ਲੌਹਰ ਦੀ ਤਬਾਹੀ (1754) ਦਰਜ ਹੈ ਅਤੇ ਬਰਤਾਨਵੀ ਇਲਾਕੇ ਦਾ ਜ਼ਿਕਰ ਹੈ ।

18. ਰਿਸਾਲਾ-ਏ-ਨਾਨਕ ਸ਼ਾਹ (ਹੱਥਲਿਖਤ Bodln.) (ਫ਼ਾਰਸੀ) ਕ੍ਰਿਤ ਬੁੱਧ ਸਿੰਘ (1784 ਈ:) । ਇਸ ਦਾ ਕਰਤਾ ਮੇਜਰ ਜੇਮਜ਼ ਬ੍ਰਾਊਨ ਦਾ ਕਰਮਚਾਰੀ ਸੀ ਅਤੇ ਇਹ ਪੁਸਤਕ ਉਸ ਨੇ ਆਪਣੇ ਮਾਲਕ ਦੇ ਕਹਿਣ ਤੇ ਲਿਖੀ । ਇਸ ਵਿਚ ਦਿੱਤੇ ਵੇਰਵੇ ਪੂਰੀ ਤਰ੍ਹਾਂ ਸਹੀ ਨਹੀਂ ।

19. ਵੀਰ ਹਕੀਕਤ ਰਾਏ (ਗੁਰਮੁਖੀ) ਕ੍ਰਿਤ ਅਗਰਾ (1790 ਈ:)। ਇਹ ਕਵੀ ਹਕੀਕਤ ਦੀ ਸ਼ਹੀਦੀ ਦਾ ਚਸ਼ਮਦੀਦ ਗਵਾਹ ਲਗਦਾ ਹੈ।

20. ਏ ਜਰਨੀ ਫ੍ਰਾਮ ਬੰਗਾਲ ਟੂ ਇੰਗਲੈਂਡ, 2 ਜਿਲਦਾ (ਅੰਗ੍ਰੇਜ਼ੀ) ਕ੍ਰਿਤ ਜਾਰਜ ਫਾਸਟਰ (1798 ਈ:)। ਲੰਦਨ ਤੋਂ ਛਪ ਕੇ ਪ੍ਰਕਾਸ਼ਿਤ ਹੋਈ।

21. ਮੇਮਾਇਰਜ਼ ਆਫ ਜਾਰਜ ਟਾਮਸ (ਅੰਗ੍ਰੇਜ਼ੀ) ਕ੍ਰਿਤ ਵਿਲੀਅਮ ਫ੍ਰੈਂਕਲਿਨ (1803ਈ:)। ਕਲਕੱਤੇ ਤੋਂ ਪ੍ਰਕਾਸ਼ਿਤ ਹੋਈ।

22. ਏ ਸਕੈਚ ਆਫ ਦਿ ਸਿਖਸ (ਅੰਗ੍ਰੇਜ਼ੀ) ਕ੍ਰਿਤ ਸਰ ਜਾਨ ਮੈਲਕਮ (1805 ਈ:)। ਮੈਲਕਮ ਨੇ ਆਪਣੀ ਪੁਸਤਕ ਦਾ ਆਧਾਰ ਬਖਤ ਮਲ ਦੇ ਖ਼ਾਲਸਾ ਨਾਮਾ ਨੂੰ ਬਣਾਇਆ। ਵੇਖੋ ਅਮਰ ਪ੍ਰੈਸ ਬਨਾਰਸ ਦੁਆਰਾ ਪ੍ਰਕਾਸ਼ਿਤ ਸੰਸਕਰਣ।

23. ਹਿਸਟਰੀ ਆਫ ਦਿ ਸਿਖਸ (ਹੱਥਲਿਖਤ Or 187 ਬ੍ਰਿਟਿਸ਼ ਮਿਊਜ਼ੀਅਮ) (ਫਾਰਸੀ) ਕਰਤਾ ਦਾ ਨਾਂ ਅਗਿਆਤ ਹੈ। (1811 ਈ:)। ਜਨਰਲ ਓਸਟਰਲੋਨੀ, ਜਿਸ ਦੇ ਆਖਣ ਤੇ ਇਹ ਪੁਸਤਕ ਲਿਖੀ ਗਈ, ਦੇ ਪੇਸ਼ਕਾਰ ਬੂਟੀ ਸ਼ਾਹ ਦੀ ਲਿਖੀ ਜਾਪਦੀ ਹੈ। ਵੇਖੋ ਗਿਆਨ ਸਿੰਘ ਕ੍ਰਿਤ ਪੰਥ ਪ੍ਰਕਾਸ਼।

24. ਤਾਰੀਖ਼ੇ ਮਹਾਰਾਜਾ ਰਣਜੀਤ ਸਿੰਘ (ਹੱਥਲਿਖਤ, ਰਾਇਲ ਏਸ਼ੀਆਟਿਕ ਸੋਸਾਇਟੀ) (ਫਾਰਸੀ) ਕ੍ਰਿਤ ਮੁਨਸ਼ੀ ਸੋਹਨ ਲਾਲ। (1831 ਈ:)। ਸੋਹਨ ਲਾਲ ਰਣਜੀਤ ਸਿੰਘ ਦਾ ਦਰਬਾਰੀ ਇਤਿਹਾਸਕਾਰ ਸੀ। ਇਹ ਹੱਥਲਿਖਤ 1931 ਈ: ਵਿਚ ਸਰ ਵੇਡ (Wade) ਨੂੰ ਪੇਸ਼ ਕੀਤੀ ਗਈ। "ਕਈ ਹੋਰ ਪ੍ਰਮਾਣਿਕ ਇਤਿਹਾਸਕਾਰਾਂ ਨਾਲ ਮੁਕਾਬਲਾ ਕਰਨ ਅਤੇ ਸਿੱਖਾਂ ਵਿਚਕਾਰ ਬਿਤਾਏ ਆਪਣੇ 17 ਵਰ੍ਹਿਆਂ ਦੇ ਜੀਵਨ ਵਿਚ ਇਸ ਦੀ ਦਰੁਸਤੀ ਬਾਰੇ ਕੀਤੀ ਪੜਤਾਲ ਦੇ ਆਧਾਰ ਤੇ ਇਸ ਵਿਚ ਦਿੱਤੀਆਂ ਤਾਰੀਖ਼ਾਂ ਅਤੇ ਘਟਨਾਵਾਂ ਦੇ ਵਿਵਰਣ ਬਾਰੇ ਮੈਂ ਆਖ ਸਕਦਾ ਹਾਂ ਕਿ ਇਹ ਉਕਤ ਦੋਹਾਂ ਗੱਲਾਂ ਵਿਚ ਰਣਜੀਤ ਸਿੰਘ ਦੇ ਮਹਾਨ ਜੀਵਨ ਦਾ ਸੱਚਾ ਅਤੇ ਸਹੀ ਵਿਵਰਣ ਹੈ।" ਵੇਡ ਨੇ ਆਪਣੀ ਉਪਰੋਕਤ ਰਾਏ ਇਸ ਦੇ ਮੁੱਖ ਟਾਈਟਲ ਤੇ ਦਿੱਤੀ ਹੈ। ਇਹ ਗੱਲ ਅਫਸੋਸਜਨਕ ਹੈ ਕਿ ਇਸ ਵਿਚ ਵਰਣਿਤ ਸਿੱਖਾਂ ਦੇ ਮੁਢਲੇ ਇਤਿਹਾਸ ਬਾਬਤ ਇਹ ਗੱਲ ਨਹੀਂ ਕਹੀ ਜਾ ਸਕਦੀ।

25. ਓਰੀਜਨ ਆਫ ਦਿ ਸਿੱਖ ਪਾਵਰ (ਅੰਗ੍ਰੇਜ਼ੀ) ਕ੍ਰਿਤ ਐਚ.ਟੀ. ਪ੍ਰਿੰਸਪ (1834 ਈ:)। ਪਹਿਲਾ ਸੰਸਕਰਣ ਕਲਕੱਤਾ ਤੋਂ ਪ੍ਰਕਾਸ਼ਿਤ ਹੋਇਆ। 1897 ਦਾ ਲਾਹੌਰ ਸੰਸਕਰਣ ਵੇਖੋ। ਇਹ ਪੁਸਤਕ ਵੇਡ ਅਤੇ ਮਰੇ (Murray) ਦੀਆਂ ਰਿਪੋਰਟਾਂ ਤੇ ਆਧਾਰਿਤ ਹੈ। ਮਰੇ ਨੇ ਅੰਮ੍ਰਿਤਸਰ ਵਿਚ ਅੰਗ੍ਰੇਜ਼ੀ ਨਾਮਨਿਗਾਰ, ਖੁਸ਼ਬਖ਼ਤ ਰਾਏ ਦੀ ਡਾਇਰੀ ਨੂੰ ਆਪਣੀ ਰਿਪੋਰਟ ਦਾ ਆਧਾਰ ਬਣਾਇਆ।

26. ਟ੍ਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ (ਅੰਗ੍ਰੇਜ਼ੀ) ਕ੍ਰਿਤ ਬੈਰਨ ਚਾਰਲਸ ਹਿਊਗਲ (Baron Charles Hugel) (1836 ਈ:)। ਵੇਖੋ ਟੀ.ਬੀ. ਜਰਵਿਸ, ਐਫ.ਆਰ. ਐਸ. (ਲੰਡਨ) ਕ੍ਰਿਤ ਅਨੁਵਾਦ (1845)।

27. ਕੋਰਟ ਐਂਡ ਕੈਂਪ ਆਫ ਰਣਜੀਤ ਸਿੰਘ (ਅੰਗ੍ਰੇਜ਼ੀ) ਕ੍ਰਿਤ ਡਬਲਯੂ.ਜੀ. ਓਸਬਰਨ (1840 ਈ:)। ਕਰਤਾ ਲਾਰਡ ਆਕਲੈਂਡ ਦਾ ਮਿਲਟਰੀ ਸੈਕਟਰੀ ਸੀ ਜਿਸ ਨੇ 1838 ਵਿਚ ਪੰਜਾਬ ਦੀ ਯਾਤਰਾ ਕੀਤੀ।

28. ਸ੍ਰੀ ਗੁਰੂ ਸੂਰਜ ਪ੍ਰਕਾਸ਼ (ਗੁਰਮੁਖੀ) ਕ੍ਰਿਤ ਸੰਤੋਖ ਸਿੰਘ (1834 ਈ:)। ਇਹ ਪੁਸਤਕ ਪਿੱਛੇ ਜੇਹੇ ਜੁੱਬਲ ਦੇ ਮਹਾਰਾਣਾ ਪਦਮ ਚੰਦਰ ਦੀ ਸਰਪ੍ਰਸਤੀ ਹੇਠ ਲਾਹੌਰ ਤੋਂ ਪ੍ਰਕਾਸ਼ਿਤ ਹੋਈ। ਇਹ ਪੁਸਤਕ 6 ਜਿਲਦਾਂ ਵਿਚ ਹੈ ਜਿਸ ਦੇ ਕੋਈ ਤਿੰਨ ਹਜ਼ਾਰ ਤੋਂ ਵੱਧ ਸਫੇ ਹਨ। ਇਸ ਵਿਚ 1747 ਈ: ਤਕ ਦਾ ਹਾਲ ਦਰਜ ਹੈ ਜਦੋਂ ਦਸਮ ਗੁਰੂ ਸਾਹਿਬ ਦੀ ਪਤਨੀ ਮਾਤਾ ਸਾਹਿਬ ਦੇਵਾਂ ਦਿੱਲੀ ਵਿਚ ਜੋਤੀ ਜੋਤ ਸਮਾਈ।

29. ਦਿ ਪੰਜਾਬ (ਅੰਗ੍ਰੇਜ਼ੀ) ਕ੍ਰਿਤ ਸਟੀਨਬੈਚ (ਲੈਫਟੀਨੈਂਟ ਕਰਨਲ) (1845 ਈ:)। ਕਰਤਾ 9 ਵਰ੍ਹੇ ਸਿੱਖ ਸੈਨਾ ਵਿਚ ਕਰਮਚਾਰੀ ਰਿਹਾ। ਇਹ ਪੁਸਤਕ ਪ੍ਰਿੰਸਪ, ਥਾਰਨਟਨ ਅਤੇ ਵਾਨ ਹਿਊਗਲ ਤੇ ਆਧਾਰਿਤ ਹੈ। ਮੁਢਲੇ ਇਤਿਹਾਸ ਦਾ ਬਹੁਤ ਘੱਟ ਜ਼ਿਕਰ ਹੈ। ਦੂਸਰਾ ਸੰਸਕਰਣ, 1846।

30. ਹਿਸਟਰੀ ਆਫ ਦਿ ਸਿਖਸ(ਅੰਗ੍ਰੇਜ਼ੀ)ਕ੍ਰਿਤ ਡਬਲਯੂ.ਐਲ. ਮੈਗ੍ਰਗਰ(1856 ਈ:)। ਇਸ ਵਿਚ ਪੂਰਾ ਵੇਰਵਾ ਦਿੱਤਾ ਹੋਇਆ ਹੈ ਜਿਹੜਾ ਕਿ ਬਹੁਤਾ ਠੀਕ ਨਹੀਂ।

31. ਹਿਸਟਰੀ ਆਫ ਦਿ ਸਿਖਸ (ਅੰਗ੍ਰੇਜ਼ੀ) ਕ੍ਰਿਤ ਜੇ. ਡੀ. ਕਨਿੰਘਮ (1848 ਈ:)। ਇਹ ਅੰਗ੍ਰੇਜ਼ਾਂ ਦੁਆਰਾ ਲਿਖੇ ਸਿੱਖ-ਇਤਿਹਾਸਾਂ ਵਿਚੋਂ ਸਰਵੋਤਮ ਹੈ। ਦੂਸਰੇ ਸੰਸਕਰਣ, 1853 ਦਾ ਹਵਾਲਾ ਦਿੱਤਾ ਗਿਆ ਹੈ।

32. ਤਾਰੀਖ਼ੇ ਪੰਜਾਬ (ਹੱਥਲਿਖਤ, ਇੰਡੀਆ ਆਫਿਸ ਨੰ: 503 Ethe) (ਫਾਰਸੀ) ਕ੍ਰਿਤ ਗੁਲਾਮ ਮਹੀ-ਉਦ-ਦੀਨ ਉਰਫ ਬੂਟੀ ਸ਼ਾਹ (1848 ਈ:)। ਇਹ ਬ੍ਰਿਟਿਸ਼ ਮਿਊਜ਼ੀਅਮ ਦੀ ਹੱਥਲਿਖਤ Or 187 ਦਾ ਵਧਾਇਆ ਸੰਸਕਰਣ ਪ੍ਰਤੀਤ ਹੁੰਦਾ ਹੈ।

33. ਤਰੀਖੇ ਪੰਜਾਬ (ਫਾਰਸੀ) ਕ੍ਰਿਤ ਅਬਦੁਲ ਕਰੀਮ (1850 ਈ:)। ਇਸ ਵਿਚ ਐਂਗਲੋ ਸਿੱਖ ਲੜਾਈਆਂ ਦਾ ਹੀ ਹਾਲ ਦਰਜ ਹੈ।

34, ਥਰਟੀ-ਫਾਈਵ ਈਅਰਜ਼ ਇਨ ਦਿ ਈਸਟ (ਅੰਗ੍ਰੇਜ਼ੀ) ਕ੍ਰਿਤ ਜੇ. ਐਮ. ਹੋਨਿਗ-ਬਰਗਰ (1852 ਈ:)। ਕਰਤਾ ਲੰਮਾ ਸਮਾਂ ਲਾਹੌਰ ਦੇ ਦਰਬਾਰ ਦਾ ਡਾਕਟਰ ਰਿਹਾ।

35. ਇਬਰਤ ਨਾਮਾ (ਹੱਥਲਿਖਤ ਇੰਡੀਆ ਆਫਿਸ ਨੰ: 504) (ਫਾਰਸੀ) ਕ੍ਰਿਤ ਅਲੀ-ਉਦ-ਦੀਨ (1854 ਈ:)। ਜਿਵੇਂ ਕਿ ਅੰਦਰਲੀ ਗਵਾਹੀ ਤੋਂ ਸਿੱਧ ਹੈ, ਇਹ ਪੁਸਤਕ ਰਣਜੀਤ ਸਿੰਘ ਦੇ ਕਾਲ ਵਿਚ ਲਿਖੀ ਗਈ। ਖੈਰ-ਉਦ-ਦੀਨ ਦੀ ਪੁਸਤਕ ਤੇ ਆਧਾਰਿਤ ਹੈ। ਵੇਖੋ ਪਤਿ 10 ਅਤੇ 52।

36. ਤਾਰੀਖ਼ੇ ਪੰਜਾਬ (ਹਿੰਦੁਸਤਾਨੀ) ਕ੍ਰਿਤ ਕਨ੍ਹੀਆ ਲਾਲ (1877 ਈ:) ਗੁਰੂ ਨਾਨਕ ਤੋਂ ਗਦਰ ਤਕ । ਇਸ ਪੁਸਤਕ ਵਿਚ ਖੋਜ ਦੀ ਬਹੁਤੀ ਝਲਕ ਨਹੀਂ ਪੈਂਦੀ ।

37. ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਗਿਆਨ ਸਿੰਘ ਗਿਆਨੀ (1880 ਈ:) । ਸਿੱਖ ਧਰਮ ਅਤੇ ਇਤਿਹਾਸ ਦੀਆਂ ਅਨੇਕ ਗੁਰਮੁਖੀ ਦੀਆਂ ਪੁਸਤਕਾਂ ਤੇ ਆਧਾਰਿਤ ਹੈ । ਇਸੇ ਕਰਤਾ ਦੀ ਸ਼ਮਸ਼ੀਰੇ-ਖ਼ਾਲਸਾ (ਹਿੰਦੁਸਤਾਨੀ) ਵੀ ਵੇਖੋ ।

38. ਜ਼ਿਲ੍ਹਾ ਅੰਮ੍ਰਿਤਸਰ ਦਾ ਗਜ਼ਟੀਅਰ (1883-84 ਈ:) ।

39. ਸਿੱਖਾਂ ਦੇ ਰਾਜ ਦੀ ਵਿਥਿਆ (ਅੰਗ੍ਰੇਜ਼ੀ) ਕ੍ਰਿਤ ਐੱਚ ਕੋਰਟ (1888 ਈ:)। ਪੰਜਾਬੀ ਵਿਚੋਂ ਅਨੁਵਾਦਿਤ, ਅੰਗ੍ਰੇਜ਼ ਸਿਖਿਆਰਥੀਆਂ ਲਈ ਪੰਜਾਬੀ ਦੀ ਪਾਠ-ਪੁਸਤਕ ।

40. ਹਿਸਟਰੀ ਆਫ ਦਿ ਪੰਜਾਬ (ਅੰਗ੍ਰੇਜ਼ੀ) ਕ੍ਰਿਤ ਸੱਯਦ ਮੁਹੰਮਦ ਲਤੀਫ (1891 ਈ:)। ਭਾਰਤੀ ਲੇਖਕਾਂ ਦੁਆਰਾ ਲਿਖੇ ਸਿੱਖ ਇਤਿਹਾਸਾਂ ਵਿਚੋਂ ਉੱਤਮਤਮ ਪੁਸਤਕ ਜਿਸ ਵਿਚ ਮੁੱਢ ਤੋਂ ਲੈ ਕੇ ਹੁਣ ਤਕ ਦਾ ਇਤਿਹਾਸ ਦਰਜ ਹੈ ।

41. ਸ਼ਹੀਦ ਗੰਜ (ਹਿੰਦੁਸਤਾਨੀ) ਕ੍ਰਿਤ ਮੁਲਕ ਰਾਜ ਭੱਲਾ (1895 ਈ :) । ਉਰਦੂ ਵਿਚ ਹਿੰਦੂ ਸ਼ਹੀਦਾਂ ਤੇ ਇਕੋ ਇਕ ਪੁਸਤਕ ।

42. ਦਿ ਸਿਖਸ ਐਂਡ ਸਿੱਖ ਵਾਰਜ਼ (ਅੰਗ੍ਰੇਜ਼ੀ) ਕ੍ਰਿਤ ਸਰ ਜੀ. ਗਫ ਅਤੇ ਏ.ਡੀ. ਇਨਿਸ (1897 ਈ:) । ਮੁਢਲਾ ਇਤਿਹਾਸ ਸਿਰਫ ਛੋਹਿਆ ਹੀ ਗਿਆ ਹੈ । ਲੜਾਈਆਂ ਦਾ ਵਿਵਰਣ ਵੇਰਵੇ ਸਹਿਤ ਹੈ।

43. ਨਾਨਕ ਚਰਿੱਤਰ (ਹਿੰਦੁਸਤਾਨੀ) ਕ੍ਰਿਤ ਮੁਲਕ ਰਾਜ ਭੱਲਾ (1904 ਈ:) । ਗੁਰੂ ਨਾਨਕ ਦੀ ਉਰਦੂ ਵਿਚ ਉੱਤਮ ਜੀਵਨੀ । ਖੋਜ ਅਤੇ ਚਿੰਤਨ ਭਰਪੂਰ ।

44. ਦਿ ਸਿਖਸ (ਅੰਗ੍ਰੇਜ਼ੀ) ਕ੍ਰਿਤ ਸਰ ਜੇ. ਜੇ. ਐਚ. ਗੋਰਡਨ (1904 ਈ:)। ਨ ਤਾਂ ਖੋਜ ਭਰਪੂਰ ਹੈ ਤੇ ਨ ਹੀ ਵੇਰਵੇ ਸਹਿਤ ਪਰ ਦਿਲਚਸਪ ਹੈ ।

45. ਬੰਦਾ ਬਹਾਦਰ (ਗੁਰਮੁਖੀ) (1907 ਈ:) । ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਹਿਸਟੋਰੀਕਲ ਰਿਸਰਚ ਸੋਸਾਇਟੀ ਦੁਆਰਾ ਪ੍ਰਕਾਸ਼ਿਤ। ਗੁਰਮੁਖੀ ਵਿਚ ਵਿਗਿਆਨਕ ਲੀਹਾਂ ਤੇ ਲਿਖੀ ਇਕੋ ਇਕ ਪੁਸਤਕ ।

ਉਪਰਲੀਆਂ ਇਤਿਹਾਸਕ ਪੁਸਤਕਾਂ ਤੋਂ ਇਲਾਵਾ ਨਿਮਨ ਲਿਖਤ ਪੁਸਤਕਾਂ ਦੀ ਸਹਾਇਤਾ ਵੀ ਲਈ ਗਈ ਹੈ :

1. ਬ੍ਰਹਮਨਿਜ਼ਮ ਐਂਡ ਹਿੰਦੂਇਜ਼ਮ —ਮੋਨੀਅਰ ਵਿਲੀਅਮਜ਼
2. ਹਿੰਦੂਇਜ਼ਮ —ਬਾਰਨਟ
3. ਰਿਲੀਜਨਜ਼ ਆਫ ਇੰਡੀਆ —ਬਾਰਥ
4. ਰਿਲੀਜਨਜ਼ ਆਫ ਇੰਡੀਆ —ਹੌਪਕਿਨਜ਼
5. ਆਲਡ ਲੈਂਗ ਸਾਇਨ —ਮੈਕਸਮੂਲਰ

6. ਹਿੰਦੂ ਕਾਸਟਸ ਐਂਡ ਸੈਕਟਸ —ਜੇ.ਐਨ. ਭਟਾਚਾਰੀਆ
7. ਮਿਸਟਿਕਸ ਐਟਸਟਰਾ ਆਫ ਇੰਡੀਆ —ਓਮਨ
8. ਮਿਊਚਲ ਇਨਫਲੁਐਂਸ ਆਫ ਮੁਹੰਮਡਨਜ਼ ਐਂਡ ਹਿੰਦੂਜ਼ —ਐਫ. ਡਬਲਯੂ. ਟਾਮਸ
9. ਦਿ ਟ੍ਰਾਂਸਲੇਸ਼ਨ ਆਫ ਦਿ ਆਦਿ ਗ੍ਰੰਥ —ਟ੍ਰੰਪ
10. ਗੁਰਮਤ ਪ੍ਰਭਾਕਰ (ਗੁਰਮੁਖੀ) —ਕਾਹਨ ਸਿੰਘ
11. ਵਿਵਾਹ ਸੰਸਕਾਰ ਭਾਗ (ਗੁਰਮੁਖੀ) —ਕਰਨਲ ਜਵਾਲਾ ਸਿੰਘ (ਮੈਨੇਜਰ ਗੋਲਡਨ ਟੈਂਪਲ ਅੰਮ੍ਰਿਤਸਰ)

ਇਸ ਪੁਸਤਕ ਦਾ ਦੂਸਰਾ ਸੰਸਕਰਣ ਛਪਣ ਤੋਂ ਪਹਿਲਾਂ ਕਰਤਾ ਨੇ ਸਿੱਖ ਇਤਿਹਾਸ ਅਤੇ ਧਰਮ ਦੀਆਂ ਹੇਠ ਲਿਖੀਆਂ ਪੁਸਤਕਾਂ ਪੜ੍ਹੀਆਂ ਜੋ ਕਿ ਕੁਝ ਚਿਰ ਪਹਿਲੋਂ ਪ੍ਰਕਾਸ਼ਿਤ ਹੋਈਆਂ ਸਨ :

1. ਸਿਖਿਜ਼ਮ —ਪ੍ਰੋ: ਤੇਜਾ ਸਿੰਘ
2. ਐਸੇਜ਼ ਇਨ ਸਿਖਿਜ਼ਮ ,,
3. ਸਾਮ ਆਫ ਪੀਸ ,,
4. ਫਿਲਾਸਫੀ ਆਫ ਸਿਖਿਜ਼ਮ —ਡਾ: ਸ਼ੇਰ ਸਿੰਘ
5. ਬੰਦਾ ਸਿੰਘ ਬਹਾਦਰ —ਪ੍ਰੋ: ਗੰਡਾ ਸਿੰਘ
6. ਟੈੱਨ ਮਾਸਟਰਜ਼ —ਪ੍ਰੋ: ਪੂਰਨ ਸਿੰਘ
7. ਸਪਿਰਟ ਬਾਰਨ ਪੀਪਲ ,,
8. ਮੈਸੇਜ ਆਫ ਸਿਖਿਜ਼ਮ ,,
9. ਐਵੋਲਿਊਸ਼ਨ ਆਫ ਖ਼ਾਲਸਾ —ਬੈਨਰਜੀ
10. ਮਹਾਰਾਜਾ ਰਣਜੀਤ ਸਿੰਘ —ਗ੍ਰਿਫਿਨ
11. ਜੰਗ ਨਾਮਾ —ਕਾਜ਼ੀ ਨੂਰ ਮੁਹੰਮਦ
12. ਮਿਰੇਕਲ ਆਫ ਸਿਖਿਜ਼ਮ —ਸਰ ਜੋਗਿੰਦਰ ਸਿੰਘ
13. ਸਿੱਖ ਸ਼ੈਰੋਮਨੀਜ਼
14. ਗ੍ਰੰਥ ਆਫ ਰਿਸਪੌਨਸੀਬਿਲਟੀ ਇਨ ਸਿਖਿਜ਼ਮ —ਪ੍ਰੋ: ਤੇਜਾ ਸਿੰਘ